ਕਾਮਰੇਡ ਮਖਣ ਸਿੰਘ ਤਰਸਿੱਕਾ (ਜੰਡਿਆਲਾ) : ਸਪੀਕਰ ਸਾਹਿਬ, ਇਸ ਸਾਲ ਦੇ ਬਜਟ ਸੈਸ਼ਨ ਵਿਚ 24 ਫਰਵਰੀ, 1965 ਨੂੰ ਜਦੋਂ ਕਿ ਮੈਂ ਜੇਲ੍ਹ ਵਿਚ ਸੀ, ਮੇਰੀ ਗੈਰ ਹਾਜ਼ਰੀ ਵਿਚ ਮੈਂਬਰ ਸਹਿਬਾਨ ਨੂੰ ਮਾਲਮ ਹੀ ਹੋਵੇਗਾ ਕਿ ਸਰਕਾਰ ਨੇ ਮੇਰੇ ਉਪਰ ਇਲਜ਼ਾਮ ਲਗਾਏ ਸੀ ਜਿਨ੍ਹਾਂ ਨੂੰ ਕਿ ਮੈਂ ਝੂਠੇ ਅਤੇ ਕੋਰੇ ਗ਼ਲਤ ਸਮਝਦਾ ਹਾਂ। ਇਥੋਂ ਜਦੋਂ ਸਰਕਾਰ ਤੋਂ ਪੁਛਿਆ ਗਿਆ ਕਿ ਮੈਨੂੰ ਕਿਸ ਦੋਸ਼ ਵਿਚ ਫੜਿਆ ਗਿਆ ਹੈ ਤਾਂ ਜਵਾਬ ਇਹ ਦਿੱਤਾ ਗਿਆ ਸੀ ਕਿ ਕਾਮਰੇਡ ਤਰਸਿੱਕਾ ਅਤੇ ਹੋਰ ਇਸ ਤਰ੍ਹਾਂ ਦੇ ਇਨ੍ਹਾਂ ਸਾਥੀਆਂ ਨੂੰ ਇਸ ਦੋਸ਼ ਵਿਚ ਫੜਿਆ ਗਿਆ ਹੈ ਕਿ ਉਹ ਐਂਟੀ ਨੈਸ਼ਨਲ ਹਨ ਅਤੇ ਪ੍ਰੋਚਾਈਨੀਜ਼ ਹਨ। ਇਸੇ ਕਰਕੇ ਹੀ ਉਨ੍ਹਾਂ ਨੂੰ ਨਜ਼ਰ ਬੰਦ ਕੀਤਾ ਗਿਆ ਹੈ। ਮੈਂ ਪੁਛਦਾ ਹਾਂ ਕਿ ਮੇਰੇ ਵਰਗਿਆਂ 'ਤੇ ਐਂਟੀ ਨੈਸ਼ਨਲ ਦਾ ਦੋਸ਼ ਲਾਉਣਾ, ਗ਼ਦਾਰੀ ਦਾ ਦੋਸ਼ ਲਾਉਣਾ ਇਸ ਤੋਂ ਵੱਡਾ ਹੋਰ ਕੋਈ ਝੂਠ ਨਹੀਂ ਜੋ ਇਸ ਹਾਊਸ ਵਿਚ ਬੋਲਿਆ ਗਿਆ.....

ਮੈਂ ਕਹਿੰਦਾ ਹਾਂ ਕਿ ਜੇ ਇਸ ਵਿਚ ਰਤੀ ਭਰ ਵੀ ਸਚਾਈ ਹੈ, ਤਾਂ ਤਸੀਂ ਚੌਰਾਹੇ ਤੇ ਖੜ੍ਹਾ ਕਰਕੇ ਗੋਲੀ ਮਾਰ ਸਕਦੇ ਹੋ, ਮੈਂ ਬੜੀ ਖੁਸ਼ੀ ਨਾਲ ਗੋਲੀ ਖਾਣ ਨੂੰ ਤਿਆਰ ਹਾਂ। ਲੇਕਿਨ ਸਪੀਕਰ ਸਾਹਿਬ, ਮੈਂ ਤਹਾਡੀ ਵਸਾਤਤ ਨਾਲ ਸਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਬਾਰ ਸੁਪਰੀਮ ਕੋਰਟ ਨੇ ਆਪਣਾ ਵਰਡਿਕਟ ਦਿੱਤਾ ਸੀ, ਔਰ ਕਿਹਾ ਸੀ ਕਿ ......

"Makhan Singh Tarsikka is a patriot having in his record more than 14 years'detention and imprisonment fighting for National Independence during British regime and well being of the people."

This fact has been admitted by the State Government.

ਇਹ ਸੁਪਰੀਮ ਕੋਰਟ ਨੇ ਵਰਡਿਕਟ ਦਿਤਾ ਸੀ ਕਿ ਮੇਰੀ ਨਜ਼ਰਬੰਦੀ ਬਿਲਕੁਲ ਗ਼ਲਤ ਹੈ, ਔਰ ਜਿਹੜੇ ਚਾਰਜਿਜ਼ ਲਗਾਏ ਗਏ ਹਨ, ਉਹ ਬੇਸਲੈਸ ਹਨ, ਅਤੇ ਫੈਬਰੀਕੇਟਿਡ ਹਨ। ਹੁਣ ਜਿਹੜੇ ਚਾਰਜਿਜ਼ ਲਾਏ ਗਏ ਹਨ, ਉਹ ਵੀ ਉਸੇ ਤਰ੍ਹਾਂ ਦੇ ਹਨ, ਔਰ ਮੈਂ ਸਮਝਦਾ ਹਾਂ ਕਿ ਇਸ ਗੌਰਮਿੰਟ ਨੇ ਇਹ ਚਾਰਜ ਲਗਾ ਕੇ ਦੇਸ਼ ਦੇ ਸੁਪਰੀਮ ਕੋਰਟ ਦੇ ਫੈਸਲੇ ਦੀ ਹੱਤਕ ਕੀਤੀ ਹੈ।

[ਕਾਮਰੇਡ ਮੱਖਣ ਸਿੰਘ ਤਰਸਿੱਕਾ]

ਪਿਛਲੀ ਬਾਰ ਜਦ ਮੈਂ ਨਜ਼ਰਬੰਦ ਹੋਇਆ ਸੀ ਤਾਂ ਮੇਰੇ ਤੇ ਇਹੋ ਹੀ ਚਾਰਜਿਜ਼ ਸਨ ਕਿ ਇਸਦੀ ਐਕਟੀਵਿਟੀਜ਼ ਪ੍ਰੋ—ਚਾਈਨਾ ਹਨ, ਲੇਕਿਨ ਸੁਪਰੀਮ ਕੋਰਟ ਨੇ ਇਹ ਫੈਸਲਾ ਦਿੱਤਾ ਔਰ ਕਿਹਾ ਕਿ ਕਾਮਰੇਡ ਤਰਸਿਕਾ ਦੀ ਲਾਈਫ ਹਿਸਟਰੀ ਦੱਸਦੀ ਹੈ ਕਿ ਇਹ ਬਰਾਬਰ ਨੇਸ਼ਨਲਿਸਟ ਰਿਹਾ ਹੈ ਔਰ ਇਹ ਚਾਰਜਿਜ਼ ਗ਼ਲਤ ਹਨ ਕਿ ਉਹ ਦੇਸ਼ ਧ੍ਰੋਹੀ ਹੈ ਉਸ ਤੋਂ ਬਾਅਦ ਮੈਨੂੰ ਰਿਹਾ ਕਰ ਦਿੱਤਾ ਗਿਆ ਸੀ ।

ਸ੍ਰੀ ਸਪੀਕਰ : ਕਾਮਰੇਡ ਤਰਸਿਕਾ, ਤੁਹਾਡੀ ਕੰਟ੍ਰਾਡਿਕਸ਼ਨ ਆ ਗਈ : ਹੁਣ ਐਕਸ—ਪਲੇਨੇਸ਼ਨ ਬਹੁਤ ਲੰਬਾ ਹੋ ਰਿਹਾ ਹੈ । (Addressing Comrade Tarsikka) (Hon. Member's contradiction has come. His explanation is getting very long.) (Interruptions)

ਬਾਬੂ ਬਚਨ ਸਿੰਘ : ਸਪੀਕਰ ਸਾਹਿਬ, ਇਹ ਤਾਂ ਮਿਸਟਰ ਤਰਸਿਕਾ ਨੇ ਪਿਛਲੀ ਡਿਟੈਨਸ਼ਨ ਬਾਰੇ ਕਿਹਾ ਹੈ, ਲੇਕਿਨ ਹੁਣ ਦਾ ਇਲਜ਼ਾਮ ਜਿਹੜਾ ਹੈ, ਉਸ ਦੇ ਮੁਤਾਲਿਕ ਸੁਣ ਲੈਣਾ ਚਾਹੀਦਾ ਹੈ

ਕਾਮਰੇਡ ਮੱਖਣ ਸਿੰਘ ਤਰਸਿੱਕਾ : ਸਪੀਕਰ ਸਾਹਿਬ, ਇਸ ਦਫਾ ਜਦੋਂ; ਮੈਨੂੰ ਗਿਰਫਤਾਰ ਕੀਤਾ ਗਿਆ ਤਾਂ ਮੈਨੂੰ ਪ੍ਰੋਚਾਈਨੀਜ਼ ਕਹਿ ਕੇ ਦੋਸ਼ ਲਗਾਇਆ ਗਿਆ । ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਇਕ ਪੋਸਟਰ ਕੱਢਿਆ ਜਿਸ ਵਿਚ ਚਾਰਜਿਜ਼ ਮੈਨਸ਼ਨ ਕੀਤੇ ਗਏ ਜਿਹੜੇ ਕਿ ਸਾਰੇ ਦੇ ਸਾਰੇ ਗ਼ਲਤ ਸਨ । 19 ਮਾਰਚ ਨੂੰ ਜਿਸ ਵੇਲੇ ਸ੍ਰੀ ਪ੍ਰਬੋਧ ਚੰਦਰ ਜੀ ਸਪੀਕਰ ਸਨ, ਮੈਂ ਕਾਮਰੇਡ ਜੋਸ਼ ਨੂੰ ਲਿਖ ਕੇ ਭੇਜਿਆ ਸੀ ਕਿ ਜਿਹੜੇ ਇਲਜ਼ਾਮ ਸਾਡੇ ਤੇ ਲਗਾਏ ਹਨ, ਉਹ ਝੂਠੇ ਹਨ ਜੇ ਉਸ ਦੇ ਵਿਚ ਕੋਈ ਸਚਾਈ ਹੋਵੇ ਤਾਂ ਮੈਨੂੰ ਗੋਲੀ ਮਾਰ ਦਿਉ । ਇਹ ਲੈਟਰ ਮੈਂਬਰਾਂ ਦੇ ਸਾਹਮਣੇ ਵੀ ਪੇਸ਼ ਹੋਇਆ । ਉਸ ਤੋਂ ਬਾਅਦ ਜਦ ਪਾਕਿਸਤਾਨ ਨੇ ਕਛ ਤੇ ਹਮਲਾ ਕੀਤਾ ਮੈਂ ਉਸ ਵੇਲੇ ਵੀ ਪਾਕਿਸਤਾਨ ਨੂੰ ਕਡੈਮ ਕਰਦਿਆਂ ਇਕ ਚਿਠੀ ਲਿਖੀ ਔਰ ਗੌਰਮਿੰਟ ਨੂੰ ਆਪਣੀ ਅਤੇ ਆਪਣੀ ਪਾਰਟੀ ਦੀ ਸੇਵਾਵਾਂ ਪੇਸ਼ ਕੀਤੀਆਂ । ਜਦ ਕਸ਼ਮੀਰ ਵਿਚ ਘੁਸਪੈਠੀਏ ਦਾਖਿਲ ਹੋਏ ਉਸ ਵਕਤ ਵੀ ਮੈਂ ਇਨਫਿਲਟਰੇਟਰਜ਼ ਦੀ ਨਿਖੇਦੀ ਕੀਤੀ, ਇਹੋ ਹੀ ਨਹੀਂ, ਮੈਂ ਲਿਖਿਆ ਕਿ ਕਸ਼ਮੀਰ ਹਿੰਦੁਸਤਾਨ ਦਾ ਅਟੁਟ ਅੰਗ ਹੈ, ਮੈਂ ਨਾਲ ਹੀ ਆਪਣੀਆਂ ਔਰ ਆਪਣੇ ਸਾਥੀਆਂ ਦੀਆਂ ਸੇਵਾਵਾਂ ਪੇਸ਼ ਕੀਤੀਆਂ ਕਿ ਕਸ਼ਮੀਰ ਦੀ ਰਾਖੀ ਲਈ ਅਸੀਂ ਹਾਜ਼ਰ ਹਾਂ । ਮੈਂ ਹੋਮ ਮਨਿਸਟਰ ਨੂੰ ਲਿਖਿਆ ਕਿ ਤੁਸੀਂ ਸਾਡੀਆਂ ਯੋਗ ਸੇਵਾਵਾਂ ਲਉ, ਅਸੀਂ ਪੇਸ਼ ਕਰਦੇ ਹਾਂ ।

ਇਸੇ ਤਰ੍ਹਾਂ ਜਦ ਸਿਕਮ ਤੇ ਚੀਨ ਨੇ ਅਲਟੀਮੇਟਮ ਦਿਤਾ ਤਾਂ ਵੀ ਮੈਂ ਚਿਠੀ ਲਿਖੀ ਕਿ ਚਾਇਨਾ ਨੇ ਅਲਟੀਮੇਟਮ ਦੇ ਕੇ ਸਾਰੇ ਸੰਸਾਰ ਦੀ ਕਮਿਉਨਿਸਟ ਤਹਿਰੀਕ ਨਾਲ ਗਦਾਰੀ ਕੀਤੀ ਹੈ । ਜਦ ਪਾਕਿਸਤਾਨ ਨੇ ਹਮਲਾ ਕੀਤਾ ਉਸ ਵੇਲੇ ਵੀ ਮੈਂ ਕਿਹਾ ਕਿ ਸਾਡੇ ਦੇਸ਼ ਤੇ ਜਿਹੜਾ ਹਮਲਾ ਪਾਕਿਸਤਾਨ ਨੇ ਕੀਤਾ ਉਹ ਇਕ ਬੜੀ ਭਾਰੀ ਟ੍ਰੈਚਰੀ ਹੈ, ਮੈਂ ਗੌਰਮਿੰਟ ਦੇ ਨਾਲ ਹਾਂ ਦੇਸ਼ ਦੇ ਨਾਲ ਹਾਂ, ਸਾਨੂੰ ਮੌਕਾ ਦਿਉ, ਮੈਂ ਆਪਣੀਆਂ ਸੇਵਾਵਾਂ ਆਫਰ ਕਰਦਾ ਹਾਂ । ਸਪੀਕਰ ਸਾਹਿਬ, ਮੈਂ ਸਾਫ ਲਫਜ਼ਾਂ ਵਿਚ ਲਿਖਿਆ ਹੈ, ਚਾਇਨਾ ਸਾਡਾ ਸ਼ਤਰੂ ਹੈ, ਪਾਕਿਸਤਾਨ ਸਾਡਾ ਸ਼ਤਰੂ ਹੈ, ਔਰ ਆਪਣੇ ਦੇਸ਼ ਦੀ ਰਾਖੀ ਕਰਨਾ ਸਾਡਾ ਪਹਿਲਾ ਫਰਜ਼ ਹੈ । ਹਰ ਦੇਸ਼ ਵਾਸੀ ਦਾ ਆਪਣੇ ਦੇਸ਼ ਦੀ ਰਖਿਆ ਕਰਨਾ ਅਵਲ ਫਰਜ਼ ਹੈ । ਦੇਸ਼ ਦੀ ਰਖਿਆ ਲਈ ਸਾਡੇ ਦਿਲਾਂ ਵਿਚ ਜਜ਼ਬਾ ਹੈ, ਸਾਨੂੰ ਆਪਣੇ ਦੇਸ਼ ਨਾਲ ਪਿਆਰ ਹੈ , ਕੋਈ ਵੀ ਹਮਲਾਵਰ ਸਾਡਾ ਸ਼ਤਰੂ ਹੈ, ਭਾਵੇਂ ਉਹ ਚਾਇਨਾ ਹੈ, ਜਾਂ ਪਾਕਿਸਤਾਨ, ਹਰ ਹਮਲਾਵਰ ਸਾਡਾ ਦੁਸ਼ਮਨ ਹੈ ।

ਇਹ ਤਾਂ ਹਨ ਸਾਡੀਆਂ ਚਿੱਠੀਆਂ ਔਰ ਜਿਹੜੇ ਚਾਰਜਿਜ਼ ਜਾਂ ਇਲਜ਼ਾਮ ਇਸ ਗੌਰਮਿੰਟ ਨੇ ਲਗਾਏ ਹਨ, ਉਹ ਬਿਲਕੁਲ ਇਸ ਸਪਿਰਿਟ ਦੇ ਖਿਲਾਫ ਹਨ ਔਰ ਬਿਲਕੁਲ ਝੂਠੇ ਹਨ । ਇਹ ਸਾਰੇ ਇਲਜ਼ਾਮ ਸੁਪਰੀਮ ਕੋਰਟ ਦੇ ਵਰਡਿਕਟ ਦੇ ਖਿਲਾਫ ਹਨ, ਝੂਠੇ ਹਨ, ਇਨ੍ਹਾਂ ਨੂੰ ਵਾਪਸ ਲੈਣਾ ਚਾਹੀਦਾ ਹੈ ।

ਬਾਬੂ ਅਜੀਤ ਕੁਮਾਰ : ਸਪੀਕਰ ਸਾਹਿਬ, ਏਜੰਡੇ ਵਿਚ ਕੁਐਸਚਨ ਆਵਰ ਸੀ.....

ਸ੍ਰੀ ਸਪੀਕਰ : ਤੁਸੀਂ ਹਰ ਵੇਲੇ ਖੜੇ ਹੋ ਜਾਂਦੇ ਹੋ ਇਹ ਠੀਕ ਨਹੀਂ । ਬਿਜ਼ਨੈਸ ਐਡ-ਵਾਈਜਰੀ ਕਮੇਟੀ ਦੀ ਰਿਪੋਰਟ ਵਿਚ ਇਹ ਫੈਸਲਾ ਹੋਇਆ ਸੀ ਕਿ ਅੱਜ ਕਐਸਚਨ ਆਵਰ ਨਹੀਂ ਹੋਵੇਗਾ । (The hon. Member gets up every time to speak. This is not proper. According to the report of the Business Advisory Committee the Question Hour has been dispensed with for today.)

ਬਾਬੂ ਅਜੀਤ ਕੁਮਾਰ : ਮੇਰੇ ਕੋਲ ਅਜੰਡੇ ਦੀ ਕਾਪੀ ਹੈ, ਜਿਸ ਵਿਚ ਕੁਐਸਚਨ ਆਵਰ ਦਿੱਤਾ ਹੋਇਆ ਹੈ । ਔਰ ਤੁਸੀਂ ਕਿਹਾ ਸੀ ਕਿ ਕਲ ਇਹ ਰੈਜ਼ੋਲਿਊਸ਼ਨ ਨਹੀਂ ਆਏਗਾ.....

ਸ੍ਰੀ ਸਪੀਕਰ : ਬਾਬੂ ਅਜੀਤ ਕੁਮਾਰ, ਅਜੇ ਬਿਜ਼ਨੈਸ ਖਤਮ ਨਹੀਂ ਹੋਇਆ, ਐਸਾ ਮੇਰਾ ਖ਼ਿਆਲ ਹੈ । ਬਿਜਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ 10 ਵਜੇ ਫਿਰ ਬੁਲਾਈ ਹੈ; ਸ਼ਾਇਦ ਸੈਸ਼ਨ ਚਲੇਗਾ ਔਰ ਤਹਾਨੂੰ ਮੌਕਾ ਮਿਲੇਗਾ । (Addressing Babu Ajit Kumar) The whole of the business has not been completed yet. The meeting of the Business Advisory Committee has again been called for today at 10 a.m. It is possible that the Session will be extended further and the hon. Member will get opprtunity to speak on the subject.)

RESOLUTION RE. WITHDRAWAL OF INDIA FROM THE COMMONWEALTH

Comrade Shamsher Singh Josh (Rupar) : Sir, I beg to move—

> That this House recommends to the Government to draw the attention of the Union Government to the general feeling among the people of the State that in view of the anti-Indian role of the British Government in the recent Indo-Pakistan conflict, India should quit the Commonwealth.

ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਪ੍ਰਸਤਾਵ ਰਾਹੀਂ ਸੂਬੇ ਦੀ ਆਵਾਜ਼ ਨੂੰ ਔਰ ਅੱਜ ਜਿਹੜਾ ਕਿ ਜਮਹੂਰੀ ਨਾਹਰਾ ਹੈ, ਉਸ ਨੂੰ ਹਾਊਸ ਵਿਚ ਰਖ ਰਿਹਾ ਹਾਂ। ਅਤੇ ਇਹ ਪ੍ਰਤੀਤ ਕਰ ਰਿਹਾ ਹਾਂ ਕਿ ਨਾ ਸਿਰਫ ਇਸ ਸੂਬੇ ਵਿਚ ਸਗੋਂ ਸਾਰੇ ਮੁਲਕ ਵਿਚ ਇਕ ਨੈਸ਼ਨਲ ਇੰਪਾਰਟੈਂਸ ਅਖਤਿਆਰ ਕਰ ਗਿਆ ਹੈ । ਆਜ਼ਾਦੀ ਦੀ ਲੜਾਈ ਵੇਲੇ ਕਰੋੜਾਂ ਲੋਕਾਂ ਦੇ ਜਜ਼ਬਾਤ ਹੁੰਦੇ ਹਨ, ਜਿਨ੍ਹਾਂ ਕਰਕੇ ਅਸੀਂ ਆਜ਼ਾਦੀ ਪ੍ਰਾਪਤ ਕੀਤੀ ਸੀ । ਉਨ੍ਹਾਂ ਜਜ਼ਬਾਤ ਨੂੰ ਦੁਨੀਆਂ ਦੀ ਕੋਈ ਤਾਕਤ ਰੋਕ ਨਹੀਂ ਸਕੀ । ਇਸੇ ਤਰ੍ਹਾਂ ਪਾਕਿਸਤਾਨ ਦੇ ਨਾਲ ਜਿਹੜੀ ਲੜਾਈ ਹਿੰਦੁਸਤਾਨ ਨੇ ਲੜੀ ਹੈ, ਉਸ ਦੇ ਫਲ ਸਰੂਪ ਦੇਸ਼ ਵਾਸੀਆਂ ਦੇ ਅੰਦਰ ਇਕ ਨੇਸ਼ਨਲ ਨਾਹਰਾ ਪੈਦਾ ਹੋਇਆ ਹੈ । ਉਹ ਇਹ ਕਿ ਇਸ ਲੜਾਈ ਵਿਚ ਐਂਗਲੋ ਅਮਰੀਕਨ ਬਲਾਕ ਨੇ ਜੋ ਰੋਲ ਪਲੇ ਕੀਤਾ ਹੈ, ਉਸ ਨਾਲ ਸਾਡੇ ਨੇਸ਼ਨਲ ਇੰਟ੍ਰਸਟ ਨੂੰ ਬੜਾ ਭਾਰੀ ਧੱਕਾ ਲੱਗਿਆ ਹੈ ।

(ਕਾਮਰੇਡ ਸ਼ਮਸ਼ੇਰ ਸਿੰਘ ਜੋਸ਼)

ਅਜ ਹਿਦੁਸਤਾਨ ਦੇ ਸਾਰੇ ਹਿੱਸਿਆਂ ਵਿਚ ਇਹ ਆਵਾਜ਼ ਉਠ ਰਹੀ ਹੈ, ਕਿ ਸਾਡੇ ਮੁਲਕ ਨੂੰ ਬਰਤਾਨਵੀ ਕਾਮਨਵੈਲਥ ਵਿਚੋਂ ਨਿਕਲ ਆਉਣਾ ਚਾਹੀਦਾ ਹੈ । ਇਹ ਨੈਸ਼ਨਲ ਕੁਐਸਚਨ ਹੀ ਨਹੀਂ ਬਲਕਿ it has become a slogan of dire necessity and it has become a necessity for our country at this moment.

ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਸਾਡਾ ਮੁਲਕ ਜਦੋਂ ਆਜ਼ਾਦ ਹੋਇਆ ਤਾਂ ਦੋ ਚਾਰ ਸਾਲ ਇਹ ਐਂਗਲੋ ਅਮਰੀਕਨ ਬਲਾਕ ਦੇ ਤਕਰੀਬਨ ਪਾਕਿਸਤਾਨ ਦੀ ਤਰ੍ਹਾਂ ਹੀ ਉਨ੍ਹਾਂ ਦੇ ਇਸ਼ਾਰੇ ਤੇ ਉਨ੍ਹਾਂ ਦੀ ਨੀਤੀ ਤੇ ਹੀ ਚਲਦਾ ਰਿਹਾ । ਪਰ ਸੰਨ 1952-53 ਵਿਚ ਸਾਡੇ ਮੁਲਕ ਦੀ ਸਰਕਾਰ ਨੇ ਆਪਣੀ ਬੈਰੂਨੀ ਨੀਤੀ ਤੇ ਉਨ੍ਹਾਂ ਨਾਲ ਕੁਝ ਨਖੇੜ ਕੀਤਾ ਅਤੇ ਆਪਣੀ ਫਾਰਿਨ ਪਾਲਿਸੀ ਦੇ ਦੋ ਪਲੈਂਕ ਬਣਾਏ ਇਕ ਨਾਨ ਐਲਾਈਨਮੈਂਟ ਦੀ ਅਸੀਂ ਨੀਤੀ ਰਖੀ ਕਿ ਦੁਨੀਆ ਦੇ ਖੇਤਰ ਵਿਚ ਅਸੀਂ ਕਿਸੇ ਧੜੇ ਵਿਚ ਸ਼ਾਮਲ ਨਹੀਂ ਹੋਵਾਂਗੇ, ਅਸੀਂ ਦੁਨੀਆਂ ਵਿਚ ਅਮਨ ਦਾ ਕਾਜ਼ ਮਜ਼ਬੂਤ ਕਰਾਂਗੇ, ਗੁਲਾਮ ਲੋਕਾਂ ਦੀ ਆਜ਼ਾਦੀ ਦਾ ਸਾਥ ਦਿਆਂਗੇ, । ਇਹ ਸਾਡੀ ਬਦੇਸ਼ ਨੀਤੀ ਦਾ ਇਕ ਕਲੈਸ਼ ਸੀ ਜਿਹੜਾ ਪੰਡਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਹੇਠਾਂ ਸਾਡੇ ਮੁਲਕ ਦੀ ਸਰਕਾਰ ਨੇ ਅਪਣਾਇਆ ਅਤੇ ਅਸੀਂ ਉਸ ਤੇ ਚਲਦੇ ਆ ਰਹੇ ਹਾਂ । ਅਸੀਂ ਆਪਣੇ ਮੁਲਕ ਦੇ ਅੰਦਰ ਇੰਡੀਪੈਂਡੈਂਟ ਇਕਨਾਮਿਕ ਡੀਵੈਲਪਮੈਂਟ, ਆਰਥਕ ਵਿਕਾਸ ਕਰਾਂਗੇ ਅਤੇ ਆਪਣੇ ਮਲਕ ਦੀ ਇਕਾਨਮੀ ਨੂੰ ਚੰਗਾ ਕਰਾਂਗੇ । ਮਾਨਯੋਗ ਸਪੀਕਰ ਸਾਹਿਬ, ਆਜ਼ਾਦੀ ਤੋਂ ਪਹਿਲੇ ਸਾਲਾਂ ਵਿਚ ਬਰਤਾਨਵੀ ਰਾਜ ਨੇ ਸਾਡੇ ਮੁਲਕ ਨੂੰ ਡੀਵੈਲਪ ਨਹੀਂ ਹੋਣ ਦਿੱਤਾ, ਸਾਡੇ ਮੁਲਕ ਨੂੰ ਇਕ ਐਗਰੀਕਲਚਰਲ ਮੁਲਕ ਬਣਾ ਕੇ ਰਖਿਆ ਅਤੇ ਜਿਹੜੀ ਉਨ੍ਹਾਂ ਦੇ ਮਲਕ ਨੂੰ ਰਾ ਮਟਰੀਅਲ ਦੀ ਲੋੜ ਹੁੰਦੀ ਸੀ ਉਹ ਏਥੋਂ ਲੈਂਦੇ ਸਨ । ਉਨ੍ਹਾਂ ਨੇ ਸਾਡੇ ਮੁਲਕ ਦੀ ਇੰਡਸਟਰੀਅਲ ਡੀਵੈਲਪਮੈਂਟ ਨਹੀਂ ਹਣ ਦਿਤੀ । ਸਾਡਾ ਮੁਲਕ ਇੰਡਸਟਰੀਅਲ ਤੌਰ ਤੇ ਬੈਕਵਰਡ ਸੀ । ਅਸੀਂ ਕੇਵਲ ਐਗਰੀਕਲਚਰ ਤੇ ਹੀ ਨਿਰਭਰ ਸੀ । (At this stage the Deputy Speaker entered the Chamber and there were cheers.)

ਮਾਨਯੋਗ ਸਪੀਕਰ ਸਾਹਿਬ, ਸਾਡੇ ਮਲਕ ਦੇ ਅੰਦਰ ਇੰਡਸਟਰੀਅਲ ਖੇਤਰ ਦੇ ਅੰਦਰ ਤਰਕੀ ਅਤੇ ਨਾਨ ਐਲਾਈਨਮੈਂਟ ਦੀ ਪਾਲਿਸੀ ਹੈ । ਪਰ ਅਸੀਂ ਬਰਿਟਿਸ਼ ਕਾਮਨ ਵੈਲਥ ਦੇ ਮੈਂਬਰ ਚਲੇ ਆ ਰਹੇ ਹਾਂ ਜਿਸ ਦਿਨ ਤੋਂ ਸਾਡਾ ਮੁਲਕ ਆਜ਼ਾਦ ਹੋਇਆ ਹੈ । ਇਕ ਪਾਸੇ ਅਸੀਂ ਕਹਿੰਦੇ ਹਾਂ ਕਿ ਅਸੀਂ ਨਾਨ ਐਲਾਈਨਡ ਹਾਂ, ਇੰਟਰਨੈਸ਼ਨਲੀ ਕਿਸੇ ਗੁਟ ਨਾਲ ਬਝੇ ਹੋਏ ਨਹੀਂ । ਦੂਸਰੇ ਪਾਸੇ ਅਸੀਂ ਬਰਿਟਿਸ਼ ਕਾਮਨਵੈਲਥ ਆਫ ਨੇਸ਼ਨਜ਼ ਦੇ ਮੰਬਰ ਚਲੇ ਆ ਰਹੇ ਹਾਂ ।

Shri Mohan Lal : On a point of Order, Mr. Speaker. My point of order is that while speaking on this resolution we will not be within our rights to criticise the foreign policy which is the subject matter of the Union Government and not the State Government.

I can believe that a reference can undoubtedly be made to the policy factually, as it is. But to pass aspersions directly or indirectly in relation to the foreign policy would be thoroughly outside our jurisdiction and irrelevant.

I would therefore, request you, Mr. Speaker, to restrain any hon. Member from making adverse comments on our foreign policy when he trespasses while making a factual reference thereto.

Comrade Ram Chandra : Mr. Speaker, I differ from the sentiments expressed by my hon. Friend, Shri Mohan Lal in this regard. Once this question or resolution has been admitted, permission has been given to say whatever we like. I may or may not support the resolution in its present form and that would be quite a different thing. Therefore, I would suggest that the opportunity given to the hon. Members to speak out their mind should not be curbed.

Mr. Speaker : The hon. Members will see working of the resolution, which refers to the feelings of the people of our country in view of certain facts. But I do agree with Shri Mohan Lal that it does not lie within our jurisdiction to make any adverse comments on the foreign policy. Of course the hon. Members can make references to the current foreign policy and lay emphasis on their views without adversly commenting on the foreign policy.

ਸਰਦਾਰ ਕੁਲਬੀਰ ਸਿੰਘ : ਜਿੱਥੋਂ ਤਕ ਇਸ ਮਾਮਲੇ ਦਾ ਤਅਲੁਕ ਹੈ ਅਗਰ ਅਸੀਂ ਫਰੀਲੀ ਆਪਣੇ ਵਿਊਜ਼ ਐਕਸਪਰੈਸ ਨਹੀਂ ਕਰ ਸਕਦੇ ਤਾਂ ਇਸ ਡਿਸਕਸ਼ਨ ਦਾ ਕੋਈ ਫਾਇਦਾ ਨਹੀਂ ।

ਸ਼੍ਰੀ ਸਪੀਕਰ : ਸਰਦਾਰ ਕੁਲਬੀਰ ਸਿੰਘ ਜੀ, ਮੈਂ ਆਪਣੀ ਆਬਜ਼ਰਵੇਸ਼ਨ ਦੇ ਦਿੱਤੀ ਹੈ । ਨੋ ਕਮੈਂਟਸ ਪਲੀਜ਼ । (Addressing Sardar Kulbir Singh) : (I have made my observation. No comments please.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਆਪਣੀ ਭਾਰਤ ਸਰਕਾਰ ਦੀ ਪਾਲਿਸੀ ਦਸਦਾ ਹਾਂ In relation to commonwealth we have decided certain path of non-alignment.

ਸ਼੍ਰੀ ਸਪੀਕਰ : ਕਾਮਰੇਡ ਜੋਸ਼, ਕਮੈਂਟ ਐਵਾਇਡ ਕਰਕੇ ਆਪਣੀ ਬਾਤ ਕਹਿ ਦਿਉ । (Comrade Josh may please have his say by avoiding any comments on it.)

Comrade Shamsher Singh Josh: I am speaking. It is part of my speech on the Resolution. ਮੈਂ ਸਮਝਦਾ ਹਾਂ ਕਿ ਮੈਨੂੰ ਇਸ ਦੇ ਵਿਚ ਕੰਟਰਾਡਿਕਸ਼ਨ ਨਜ਼ਰ ਆ ਰਹੀ ਹੈ। ਅਸੀਂ ਡਿਸਾਈਡ ਕਰ ਲਿਆ ਹੈ ਕਿ ਅਸੀਂ ਉਸ ਪਾਲਿਸੀ ਤੇ ਚਲਣਾ ਹੈ । ਅਸੀਂ ਕਾਮਨਵੈਲਥ ਦੇ ਮੈਂਬਰ ਵੀ ਹਾਂ । ਅੰਗਰੇਜ਼ ਸਾਡੇ ਵਰੀ ਅਯੂਬ ਦੇ ਡਿਕਟੇਟਰੀ ਰਾਜ ਦੀ ਹਮਾਇਤ ਕਰ ਰਹੇ ਹਨ । ਆਜ਼ਾਦੀ ਤੋਂ ਬਾਅਦ ਬਰਤਾਨੀਆ ਦੀ ਸਰਕਾਰ ਹਿੰਦੁਸਤਾਨ ਦੀ ਹਰ ਪੁਆਇੰਟ ਤੇ ਮੁਖਾਲਫਤ ਕਰਦੀ ਰਹੀ ਹੈ । ਮੈਨੂੰ ਇਸ ਵਿਚ ਕੰਟਰਾਡਿਕਸ਼ਨ ਨਜ਼ਰ ਆਉਂਦੀ ਹੈ । ਜਿਹੜਾ ਰੈਜ਼ੋਲਿਸ਼ਉਨ ਅਸੀਂ ਦੇ ਰਹੇ ਹਾਂ ਇਹ ਸਾਡੀ ਰਾਏ ਨੂੰ ਹੋਰ ਸਾਫ ਕਰੇਗਾ । ਸਾਡੀ ਪਾਲਿਸੀ ਨੂੰ ਹੋਰ ਅੱਗੇ ਲਿਆਏਗਾ । ਇਸ ਲਈ ਇਹ ਬੜਾ ਜ਼ਰੂਰੀ ਹੈ ।

मुख्य मन्त्री : स्पीकर साहिब, मैं आपके जरिये हाउस से यह दरखास्त करना चाहता हूँ कि हमारे देश की जो फारिन पालिसी है, वह किसी एक पार्टी की पालिसी

(मुख्य मन्त्री)

नहीं है। वह इंट्रनेशनल फारिन पालिसी है। उसके मुताबिक पार्लियामेंट वकतन फवकतन उसको मन्जूर करती है। जहां तक मैंबरान के अपने व्यूज का ताल्लुक है, कोई सैंटीमेंट है तो इस बात को मद्दे नजर रखा जाए कि ऐसी बात न कही जाए जिससे नैशनल फारिन पालिसी पर डाइरैक्टली या इन्डाइरैक्टली कोई हरफ आये। जहा तक सारे देश के सैंटीमेंट का ताल्लुक है उसके बारे में कहना हरेक भाई को हक है। तमाम मैंबरान अपनी तकरीरें करते हुए, अपने विचारें धारा पेश करते हुए इस बात को पूरी तरह मद्दे-नजर रखें कि कोई ऐसी बात न कही जाए जिससे हमारे देश की नेशनल सेल्फ रिस्पैक्ट को धक्का लगे जिसे सारे हिन्दुस्तान का नेशाल पालिसी जो इत्तफाक राए से पास हुई है उसे डाइरेक्टली या इन्डाइरैक्टली नुकसान पहुंचने की तववको हो।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਕਹਿ ਰਿਹਾ ਸੀ ਕਿ ਸਾਡੇ ਮੁਲਕ ਦੀ ਇੰਡੀਪੈਂਡੈਂਟ ਇਕਨਾਮਿਕ ਡੀਵੈਲਪਮੈਂਟ ਦੀ ਪਾਲਿਸੀ ਹੈ । ਆਜ਼ਾਦੀ ਮਿਲਣ ਤੋਂ ਬਾਅਦ ਅਸੀਂ ਇਹ ਫੈਸਲਾ ਕੀਤਾ ਕਿ ਜੇਕਰ ਆਰਥਕ ਤੌਰ ਤੇ ਸੈਲਫ ਰਿਲਾਇੰਟ, ਸੈਲਫ ਸਫੀਸ਼ੈਂਟ ਅਤੇ ਸੈਲਫ ਡੀਪੈਂਡੈਂਟ ਕੰਟਰੀ ਨਹੀਂ ਬਣਾਂਗੇ ਤਾਂ ਅਸੀਂ ਕਿਸੇ ਤਰ੍ਹਾਂ ਇਸ ਦੁਨੀਆਂ ਵਿਚ ਮਾਨ ਭਰਿਆ ਥਾਂ ਨਹੀਂ ਲੈ ਸਕਦੇ । ਇੰਡੀਪੈਂਡੈਂਟ ਇਕਨਾਮਿਕ ਡੀਵੈਲਪਮੈਂਟ ਸਾਡੇ ਮੁਲਕ ਦੀ ਪਾਲਿਸੀ ਹੈ । ਇਸ ਦੇ ਰਸਤੇ ਵਿਚ ਐਂਗਲੋ ਅਮੈਰਿਕਨ ਬਲਾਕ ਲਗਾਤਾਰ ਰੋੜੇ ਪਾਉਂਦਾ ਰਿਹਾ । ਬਰਤਾਨੀਆਂ ਨੂੰ ਸਾਨੂੰ ਆਜ਼ਾਦੀ ਮਜਬੂਰ ਹੋ ਕੇ ਦੇਣੀ ਪਈ । ਹਿੰਦੁਸਤਾਨ ਦੇ ਲੋਕਾਂ ਨੇ ਆਜ਼ਾਦ ਹਿੰਦ ਫੌਜ ਬਣਾਈ, ਉਸ ਵੇਲੇ ਇਸ ਮੁਲਕ ਦੇ ਸਿਆਸੀ ਹਾਲਾਤ ਅਸੇ ਸਨ, ਸਮੰਦਰੀ ਬੇੜੇ ਦੇ ਜਹਾਜ਼ੀਆਂ ਦੀ ਬਗਾਵਤ ਹੋਈ, ਸਾਰੇ ਰਲ ਮਿਲ ਕੇ ਖੜੇ ਹੋਏ ਅਤੇ ਮੁਲਕ ਦੀ ਆਜ਼ਾਦੀ ਹਾਸਲ ਕੀਤੀ । ਇਹ ਕਾਰਨ ਸਨ ਜਿਨ੍ਹਾਂ ਨਾਲ ਸਾਡਾ ਮੁਲਕ ਆਜ਼ਾਦ ਹੋਇਆ । ਸਾਡਾ ਮੁਲਕ ਅੰਗਰੇਜ਼ਾਂ ਦੇ ਰਹਿਮ ਨਾਲ ਆਜ਼ਾਦ ਨਹੀਂ ਹੋਇਆ । ਜਦੋਂ ਉਹ ਸਾਡੇ ਮੁਲਕ ਨੂੰ ਛੱਡਣ ਲਗੇ ਤਾਂ ਉਨ੍ਹਾਂ ਨੇ ਅਸੀ ਚਾਲ ਚਲੀ ਕਿ ਇਸ ਮੁਲਕ ਨੂੰ ਤਕੜਾ ਨਾਂ ਹੋਣ ਦੇਈਏ, ਆਰਥਕ ਤੌਰ ਤੇ ਅਤੇ ਸਿਆਸੀ ਤੌਰ ਤੇ ਤਕੜਾ ਨਾ ਹੋਣ ਦੇਈਏ । ਜਾਣ ਲਗਿਆਂ ਉਨ੍ਹਾਂ ਨੇ ਸਾਡੇ ਮੁਲਕ ਦੇ ਦੋ ਟੁਕੜੇ ਕਰ ਦਿੱਤੇ । ਉਨ੍ਹਾਂ ਨੇ ਪਾਕਿਸਤਾਨ ਅਤੇ ਹਿੰਦੁਸਤਾਨ ਦੋ ਨਵੇਂ ਮੁਲਕ ਬਣਾ ਦਿੱਤੇ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਆਰਥਕ ਨੀਤੀ ਨੂੰ ਜਾਰੀ ਰਖਿਆ ਇਕਨਾਮਿਕ ਐਕਸਪਲਾਇਟੇਸ਼ਨ ਜਿਹੜੇ ਉਹ ਹਿੰਦੁਸਤਾਨ ਦੇ ਕੁਝ ਮਨਾਪੋਲਿਟਸਟ ਸਰਮਾਏਦਾਰਾਂ ਨਾਲ ਰਲ ਕੇ ਕਰ ਰਹੇ ਸਨ ਉਸ ਨੂੰ ਜਾਰੀ ਰਖਣ ਲਈ ਉਨ੍ਹਾਂ ਨੇ ਇਹੋ ਜਿਹੇ ਸਬੰਧ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰਖੀਆਂ ਜਿਸ ਵਿਚ ਹਿੰਦੁਸਤਾਨ ਦੀ ਇਕਨਾਮਿਕ ਡੀਵੈਲਪਮੈਂਟ ਨਾ ਹੋ ਸਕੇ । ਇਸ ਦੇ ਕਈ ਸਬੂਤ ਹਨ । ਆਜ਼ਾਦੀ ਤੋਂ ਬਾਅਦ 18 ਸਾਲ ਦਾ ਸਮਾਂ ਸਾਡੇ ਮੁਲਕ ਨੂੰ ਆਪਣੇ ਪੈਰਾਂ ਤੇ ਖੜਾ ਹੋਣ ਲਗਾ ਹੈ, ਇਸ ਦਾ ਸਬੂਤ ਹੈ :

(At this stage Deputy Speaker occupied the Chair)

ਇਹ ਪੰਡਤ ਨਹਿਰੂ ਦੀ ਪਾਲਿਸੀ ਸੀ ਜਿਸ ਨਾਲ ਇਹ ਸਾਡਾ ਦੇਸ਼ ਇਨਡੀਪੈਂਡੈਂਟ ਇਕ-ਨਾਮਿਕ ਡਿਵੈਲਪਮੈਂਟ ਦੇ ਰਸਤੇ ਤੇ ਪਿਆ ਅਤੇ ਇਤਨਾ ਮਜ਼ਬੂਤ ਹੋ ਗਿਆ ਕਿ ਹੁਣ ਜਦ ਸਾਡੇ ਦੇਸ਼ ਤੇ ਪਾਕਿਸਤਾਨ ਨੇ ਹਮਲਾ ਕੀਤਾ ਤਾਂ ਅਸੀਂ ਉਸਦਾ ਦੰਦਾਂਸ਼ਿਕਨ ਜਵਾਬ ਦਿੱਤਾ ਤੇ ਸਾਡੀ ਜਿਤ ਹੋਈ । ਇਸ ਜਿਤ ਲਈ ਜਿੱਥੇ ਸਾਡੇ ਬਹਾਦਰ ਆਰਮੀ ਜ਼ਿਮੇਵਾਰ ਹੈ ਉਥੇ ਇਹ ਵੀ ਗੱਲ ਹੈ ਕਿ ਸਾਡੀ ਇਕਾਨਮੀ ਸਟੈਬਲਾਈਜ਼ ਹੋ ਗਈ ਸੀ, ਅਸੀਂ ਆਪਣੇ ਪੈਰਾਂ ਤੇ ਖੜੇ ਹੋ ਗਏ ਸੀ, ਆਰਮਾਮੈਂਟਸ ਸਾਡੇ ਮੁਲਕ ਵਿਚ ਬਣਦੇ ਸੀ ਅਤੇ ਅਸੀਂ ਇਕ ਡਿਵੈਲਪਡ ਕੰਟਰੀ ਬਣ ਗਏ ਸੀ ।

ਜਦੋਂ ਤੋਂ ਅਸੀਂ ਆਜ਼ਾਦ ਹੋਏ ਹਾਂ ਐਂਗਲੋ ਅਮਰੀਕਨ ਬਲਾਕ ਇਹ ਸਿਰ ਤੜ ਕੋਸ਼ਿਸ਼ ਕਰਦਾ ਰਿਹਾ ਹੈ ਕਿ ਸਾਡਾ ਮੁਲਕ ਡਿਵੈਲਪ ਨਾ ਕਰੇ ਅਤੇ ਅਸੀਂ ਉਨ੍ਹਾਂ ਤੇ ਡਿਪੈਂਡ ਕਰਦੇ ਰਹੀਏ। ਮੇਰੇ ਕੋਲ ਇਸ ਸਬੰਧ ਵਿਚ ਮਿਸਾਲਾਂ ਤਾਂ ਕਈ ਹਨ ਪਰ ਮੈਂ ਇਕ ਹੀ ਮਿਸਾਲ ਦਿੰਦਾ ਹਾਂ। ਡਿਪਟੀ ਸਪੀਕਰ ਸਾਹਿਬਾ, ਆਪਨੂੰ ਪਤਾ ਹੈ ਕਿ ਆਜ਼ਾਦ ਹੋਣ ਤੋਂ ਬਾਅਦ ਜਦੋਂ ਅਸੀਂ ਦੇਸ਼ ਵਿਚ ਪਬਲਿਕ ਸੈਕਟਰ ਵਿਚ ਲੋਹੇ ਦੀ ਹੈਵੀ ਇਨਡਸਟਰੀ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬਰਤਾਨੀਆਂ ਤੇ ਅਮਰੀਕਾ ਨੇ ਸਾਨੂੰ ਮਦਦ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਸਾਨੂੰ ਇਹ ਗੱਲ ਕਹੀ ਕਿ ਜਿਹੜਾ ਮਾਲ ਚਾਹੀਦਾ ਹੈ ਉਹ ਬਣਿਆ ਦੇ ਬਣਾਇਆ ਦੇਵਾਂਗੇ ਪਰ ਹੈਵੀ ਇਨਡਸਟਰੀ ਲਈ ਇਮਦਾਦ ਨਹੀਂ ਦੇ ਸਕਦੇ। ਫਿਰ ਜਦ ਰੂਸ ਨੇ ਭਿਲਾਈ ਵਿਚ ਪਹਿਲਾ ਲੋਹੇ ਦਾ ਕਾਰਖਾਨਾ ਬਨਾਉਣ ਲਈ ਟੈਕਨੀਕਲ ਤੇ ਮਾਲੀ ਇਮਦਾਦ ਦੇਣ ਦਾ ਐਲਾਨ ਕਰ ਦਿੱਤਾ ਤਾਂ ਇਨ੍ਹਾਂ ਬਗਲੇ ਭਗਤਾ ਦੀਆਂ ਅੱਖਾਂ ਖੁਲ੍ਹੀਆਂ। ਮੈਂ ਕਹਿੰਦਾ ਹਾਂ ਕਿ ਜੇਕਰ ਦੁਨੀਆਂ ਦੇ ਨਕਸ਼ੇ ਤੇ ਸੋਸ਼ਲਿਸਟ ਦੇਸ਼ ਰੂਸ ਨਾ ਹੁੰਦਾ ਤਾਂ ਆਜ਼ਾਦੀ ਮਿਲਣ ਤੋਂ ਬਾਅਦ ਇਹ ਐਂਗਲੋ ਅਮਰੀਕਨ ਬਲਾਕ ਸਾਨੂੰ ਕਦਾਚਿਤ ਡਿਵੈਲਪ ਨਾ ਹੋਣ ਦਿੰਦਾ ਅਤੇ ਅੰਗਰੇਜ਼ ਸਾਨੂੰ ਉਸੇ ਤਰ੍ਹਾਂ ਇਕਨਾਮੀਕਲੀ ਐਕਸਪਲਾਇਟ ਕਰਦੇ ਰਹਿੰਦੇ ਜਿਸ ਤਰ੍ਹਾਂ ਸਾਨੂੰ ਬਤੌਰ ਡਿਪੈਂਡੈਂਟ ਮੁਲਕ ਦੇ ਕਰਦੇ ਚਲੇ ਆ ਰਹੇ ਸੀ। ਜਦੋਂ ਰੂਸ ਨੇ ਕਿਹਾ ਕਿ ਉਹ ਪਬਲਿਕ ਸੈਕਟਰ ਵਿਚ ਲੋਹੇ ਦਾ ਕਾਰਖਾਨਾ ਦੇ ਦੇਵੇਗਾ ਤਾਂ ਅੰਗਰੇਜ਼ਾਂ ਨੇ ਵੀ ਕਿਹਾ ਕਿ ਦੁਰਗਾਪੁਰ ਵਿਚ ਕਾਰਖਾਨਾ ਲਗਾ ਦੇਣਗੇ, ਜਰਮਨੀ ਨੇ ਵੀ ਰੂੜਕੇਲਾ ਵਿਚ ਲਗਾਣ ਦਾ ਵਾਹਦਾ ਕੀਤਾ ਤੇ ਅਮਰੀਕਾ ਨੇ ਕਿਹਾ ਕਿ ਉਹ ਬੁਖਾਰੋ ਵਿਚ ਸਟੀਲ ਦਾ ਕਾਰਖਾਨਾ ਲਗਾ ਦੇਵੇਗਾ। ਪਰ ਕੁਝ ਸਮੇਂ ਬਾਅਦ ਅਮਰੀਕਾ ਆਪਣੇ ਵਾਹਦੇ ਤੋਂ ਮੁੱਕਰ ਗਿਆ। ਜਿਸ ਵੇਲੇ ਰੂਸ ਨੇ ਉਥੇ ਲਈ ਵੀ ਮਦਦ ਦੇਣ ਦੀ ਇਛਾ ਜ਼ਾਹਰ ਕੀਤੀ ਤਾਂ ਫਿਰ ਹੁਣ ਅਮਰੀਕਾ ਵਾਲੇ ਮੰਨ ਰਹੇ ਹਨ। ਇਸ ਮਸ਼ੀਨਰੀ ਦੇ ਯੁਗ ਵਿਚ ਸਟੀਲ ਬੁਨਿਆਦੀ ਚੀਜ਼ ਹੈ ਅਤੇ ਜੇਕਰ ਸਟੀਲ ਦੇ ਕਾਰਖਾਨੇ ਨਹੀਂ ਲਗਦੇ ਤਾਂ ਸਾਡਾ ਮੁਲਕ ਅੱਗੇ ਨਹੀਂ ਵਧ ਸਕਦਾ। ਕਈ ਪਰਾਜੈਕਟਸ ਐਸੇ ਹਨ ਜਿਨ੍ਹਾਂ ਨੂੰ ਐਂਗਲੋ ਅਮਰੀਕਨ ਬਲਾਕ ਨਹੀਂ ਚਾਹੁੰਦਾ ਕਿ ਸਾਡੇ ਡਿਵੈਲਪ ਹੋ ਜਾਣ ਕਿਉਂਕਿ ਉਨ੍ਹਾਂ ਦੀ ਆਪਣੀ ਇੰਡਸਟਰੀ ਨੂੰ ਨੁਕਸਾਨ ਪੁਜਦਾ ਹੈ। ਉਹ ਇੰਗਲੈਂਡ ਜੋ ਵਰਕਸ਼ਾਪ ਆਫ ਦੀ ਵਰਲਡ ਬਣ ਕੇ ਰਹਿਣਾ ਚਾਹੁੰਦਾ ਹੈ ਕਦ ਬਰਦਾਸ਼ਤ ਕਰਦਾ ਹੈ ਕਿ ਸਾਡੀ ਇੰਡਸਟਰੀ ਡਿਵੈਲਪ ਹੋਵੇ। ਉਨ੍ਹਾਂ ਦੇ ਨਾਲ ਸਾਡੇ ਦੇਸ਼ ਦੇ ਕੁਝ ਮਨਾਪਲਿਸਟ ਵੀ ਮਿਲੇ ਹੋਏ ਹਨ ਤੇ ਬਰਤਾਨੀਆਂ ਦੀਆਂ ਫਰਮਾਂ ਨਾਲ ਉਨ੍ਹਾਂ ਨੇ ਭਾਈਵਾਲੀ ਪਾਈ ਹੋਈ ਹੈ। ਹਿੰਦੂ ਅਖਬਾਰ ਜੋ ਇਕ ਵਡਾ ਅਖਬਾਰ ਹੈ ਇਸ ਬਾਰੇ ਲਿਖਦਾ ਹੈ :

"Britain and the United States are not keen that India should become self-sufficient in regard to the establishment of four ordinance factories for which they promised assistance nearly two years ago".

The Khetri copper project, alloy steel project, the zinc smelter project, the expansion of cooking coal producing mines—all these critical areas—the imperialist policy has been nothing short of deliberate sabotage".

ਨਾ ਸਿਰਫ ਉਨ੍ਹਾਂ ਨੇ ਸਾਨੂੰ ਇਕਨਾਮੀਕਲੀ ਡਿਵੈਲਪ ਹੋਣ ਲਈ ਸਹਾਇਤਾ ਦਿੱਤੀ ਬਲਕਿ ਮੈਂ ਇਹ ਚਾਰਜ ਵੀ ਲਗਾਂਦਾ ਹਾਂ ਕਿ ਉਨ੍ਹਾਂ ਸਾਡੀ ਇਨਡੀਪੈਂਡੈਂਟ ਇਕਨਾਮਿਕ ਡਿਵੈਲਪਮੈਂਟ ਨੂੰ ਸੈਬਟਾਜ ਕੀਤਾ ਹੈ। ਇਸ ਲਈ ਅੱਜ ਜਦ ਕਿ ਕਾਮਨ ਵੈਲਥ ਸਾਡਾ ਲਿੰਕ ਹੈ ਉਸ ਮੁਲਕ ਨਾਲ ਜੋ ਸਾਡੀ ਡਿਵੈਲਪਮੈਂਟ ਨਹੀਂ ਹੋਣ ਦਿੰਦਾ ਤੇ ਹਰ ਮਾਮਲੇ ਤੇ ਸਾਨੂੰ ਨੀਚਾ ਦਿਖਾਣ ਦਾ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਜਤਨ ਕਰਦਾ ਹੈ ਤਾਂ ਹੁਣ ਸਮਾਂ ਆ ਗਿਆ ਹੈ ਕਿ ਹਿੰਦ ਸਰਕਾਰ ਸੋਚੇ ਕਿ ਆਇਆ ਅਸੀਂ ਉਨ੍ਹਾਂ ਦੇ ਨਾਲ ਇਨ੍ਹਾਂ ਹਾਲਾਤ ਵਿਚ ਕੋਈ ਰਿਸ਼ਤਾ ਰਖਣਾ ਹੈ ਜਾਂ ਨਹੀਂ । ਦੂਜੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ : it is one of the unfulfilled pledges that our national leaders took.

ਡਿਪਟੀ ਸਪੀਕਰ ਸਾਹਿਬਾ, ਆਪਨੂੰ ਯਾਦ ਹੋਵੇਗਾ ਕਿਉਂਕਿ ਤੁਸੀਂ ਬੜੇ ਪੁਰਾਣੇ ਦੇਸ਼ ਭਗਤ ਹੋ ਤੇ ਤੁਸੀਂ ਬੜੀ ਭਾਰੀ ਕੁਰਬਾਨੀ ਕੀਤੀ ਹੋਈ ਹੈ ਕਿ 1928 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਵਿਦਇਨ ਦੀ ਬ੍ਰਿਟਿਸ਼ ਕਾਮਨਵੈਲਥ ਦੇਸ਼ ਲਈ ਡੂਮੀਨੀਅਨ ਸਟੇਟਸ ਦਾ ਮਤਾ ਪਾਸ ਕੀਤਾ ਸੀ । ਆਜ਼ਾਦੀ ਦੀ ਲੜਾਈ ਤੇਜ਼ ਹੁੰਦੀ ਗਈ ਅਤੇ ਉਸ ਦੇ ਇਕ ਸਾਲ ਦੇ ਅਦਰ ਅੰਦਰ ਯਾਨੀ 1929 ਵਿਚ ਰਾਵੀ ਦੇ ਕੰਢੇ ਪੰਡਤ ਨਹਿਰੂ ਨੇ ਝੰਡਾ ਲਹਿਰਾ ਕੇ ਕੰਪਲੀਟ ਇੰਡੀਪੈਂਡੈਂਸ ਦਾ ਮਤਾ ਪੇਸ਼ ਕੀਤਾ ਅਤੇ ਰਾਵੀ ਦੇ ਕੰਢੇ ਖੜੇ ਹੋ ਕੇ ਸਾਰੀ ਕੌਮ ਨੇ ਪਲੈਜ ਲਈ ਕਿ ਆਜ਼ਾਦ ਹੋ ਜਾਵਾਂਗੇ ਤਾਂ ਬ੍ਰਿਟਿਸ਼ ਕਾਮਨ ਵੈਲਥ ਨਾਲ ਕੋਈ ਤਲਕ ਨਹੀਂ ਰਖਾਂਗੇ ਤੇ ਇਸ ਤੋਂ ਬਾਹਰ ਨਿਕਲਾਂਗੇ । ਮੈਂ ਅੱਜ ਕਹਿਣਾ ਚਾਹੁੰਦਾ ਹਾਂ ਕਿ ਅਤੇ ਨੈਸ਼ਨਲ ਲੀਡਰਸ਼ਿਪ ਤੇ ਇਹ ਚਾਰਜ ਲਗਾਂਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਹਰ ਖੇਤਰਾਂ ਵਿਚ ਜੋ ਕੌਮੀ ਲੜਾਈ ਦੇ ਸਮੇਂ ਪਲੈਜਜ਼ ਲਏ ਸਨ ਉਨ੍ਹਾਂ ਨੂੰ ਪੂਰਾ ਨਹੀਂ ਕੀਤਾ ਅਤੇ ਇਹ ਵੀ ਇਕ ਪਲੈਜ ਸੀ ਕਾਮਨ ਵੈਲਥ ਵਿਚੋਂ ਨਿਕਲਣ ਦਾ ਜਿਸ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ ਤੇ ਜੋ ਪੂਰਾ ਕਰਨਾ ਚਾਹੀਦਾ ਹੈ......

पंडित मोहन लाल : आन ए प्वायंट आफ आर्डर, सर। अभी अभी जो मैंबर साहिब बोल रहे थे उन्होंने यह बात कही है कि वह नैशनल लीडरशिप पर यह चार्ज लगाते हैं। इससे पहले भी उन्होंने यही बात कही थी । मैंने यह बात पहले भी आपके ध्यान में लाई थी कि नैशनल पालिसी गवर्नमेंट आफ इण्डिया के स्कोप में आती है और उसको हम यहां डायरेक्टली या इन्डायरेक्टली डिसकस नहीं कर सकते। अब फिर मैं यह कहना चाहता हूँ कि मैम्बर साहिब जो बात हमारे विधान सभा के स्कोप में न हो उसे ज़ेरे बहस नहीं ले सकते। इसलिये मैं अर्ज करता हूँ कि यह जो इनके रिमार्क्स हैं। This should be expunged from the proceedings.

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : ਆਨ ਏ ਪੁਆਇੰਟ ਆਫ ਆਰਡਰ, ਸਰ । ਪੰਡਤ ਜੀ ਬੜੇ ਸਿਆਣੇ ਤੇ ਤਜਰਬੇਕਾਰ ਮੈਂਬਰ ਹਨ ਅਤੇ ਉਨ੍ਹਾਂ ਨੇ ਜੋ ਸਵਾਲ ਉਠਾਇਆ ਹੈ ਉਹ ਉਨ੍ਹਾਂ ਨੂੰ ਉਠਾਣਾ ਨਹੀਂ ਚਾਹੀਦਾ ਸੀ, ਸਵਾਲ ਇਹ ਹੈ ਕਿ ਜਦ ਕੌਮੀ ਮੂਵਮੈਂਟ ਚਲੀ ਤਾਂ ਇਕ ਨੈਸ਼ਨਲ ਪਾਲਿਸੀ ਐਡਾਪਟ ਕੀਤੀ ਗਈ । ਜੇਕਰ ਉਸ ਪਾਲਿਸੀ ਤੇ ਚਲਣ ਵਿਚ ਉਹ ਲੀਡਰਸ਼ਿਪ ਕਤਾਹੀ ਕਰਦੀ ਹੈ ਤਾਂ ਕੀ ਉਸ ਸਰਕਾਰ ਨੂੰ ਅਸੀਂ ਡਿਸਕਸ ਨਹੀਂ ਕਰ ਸਕਦੇ ?

उपाध्यक्षा : देखिए, जो बात भी यहां कही जाती है उसके एक एक नुक्ता को सारी दुनिया के लोग देखते हैं। मैं अभी बाहर से आ रही हूँ और जो कुछ मैंने वहां देखा उससे बड़ा ताज्जुब हूआ । मैं दोनों तरफ से कहना चाहती हूँ कि मुनासिब होगा अगर वह ज़रा पाबंदी से बोलेंगे क्योंकि देश इस वक्त बड़े नाज़क दौर से गुज़र रहा है ।

(The hon. Members should know that whatever they say here is heard and watched by the whole of the world outside. I have just come back from abroad and what I saw there surprised me. I appeal to both sides of the House that they should speak with some restraint because our Country is passing through a very critical period.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬਾ, ਮੈਂ ਜਜ਼ਬਾਤ ਦਾ ਇਹਤਰਾਮ ਕਰਦਾ ਕਰਦਾ ਹਾਂ ਅਤੇ ਤੁਸੀਂ ਬਾਹਰ ਜਾਕੇ ਸਾਡੇ ਦੇਸ਼ ਦਾ ਬੜਾ ਮਾਣ ਵਧਾ ਕੇ ਆਏ ਹੋ । ਮੈਂ ਇਹ ਕਹਿ ਰਿਹਾ ਸੀ ਕਿ ਸਾਡੀ ਇਹ ਜੋ ਕੌਮੀ ਪਲੈਜ ਸੀ ਉਸਨੂੰ ਪੂਰਾ ਕਰਨਾ ਚਾਹੀਦਾ ਹੈ । ਪਿਛਲੇ 16/17 ਸਾਲ ਤੋਂ ਇਹ ਮਾਮਲਾ......

ਡਿਪਟੀ ਸਪੀਕਰ : ਮੈਂ ਅਰਜ਼ ਕਰਨਾ ਚਾਹੁੰਦੀ ਹਾਂ ਕਿ ਤੁਸੀਂ ਹਮੇਸ਼ਾਂ ਸਮਝ ਲਿਆ ਕਰੋ ਕਿ ਯੂ ਆਰ ਪਾਰਟ ਐਂਡ ਪਾਰਸਲ ਆਫ ਦਿਸ ਕੰਟਰੀ । ਜੇਕਰ ਤੁਸੀਂ ਨੈਸ਼ਨਲ ਲੀਡਸ਼ਿਪ ਨੂੰ ਅੰਡਰ ਡਿਸਕਸ਼ਨ ਨਾ ਲਿਆਉ ਤਾਂ ਚੰਗਾ ਹੋਵੇਗਾ । ਤੁਸੀਂ ਇਹ ਕਹੋ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ ਕਰਨਾ ਚਾਹੀਦਾ ਅਤੇ ਕਿਸ ਤਰ੍ਹਾਂ ਸਾਡੀ ਆਜ਼ਾਦੀ ਕਾਇਮ ਰਹਿ ਸਕਦੀ ਹੈ । (I would advise the hon. Member to always consider himself as part and parcel of this country. It would be better if he avoids discussing the national leadership. He should rather state what we should do and what should not do under the circumstances and how we can maintain our liberty.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬਾ, ਮੈਂ ਕਮਿਉਨਿਸਟ ਪਾਰਟੀ ਦੇ ਟਿਕਟ ਤੇ ਇਲੈਕਸ਼ਨ ਲੜ ਕੇ ਆਇਆ ਹਾਂ ਅਤੇ ਮੋਹਨ ਲਾਲ ਵਰਗੇ ਕਈ ਮੈਂਬਰਾਂ ਦੀਆਂ ਸਿਰ ਤੋੜ ਕੋਸ਼ਿਸ਼ਾਂ ਦੇ ਬਾਵਜੂਦ ਜਿਤ ਕੇ ਇਸ ਹਾਊਸ ਵਿਚ ਆਇਆ ਹਾਂ (ਵਿਘਨ) ਉਸ ਵਕਤ ਇਨ੍ਹਾਂ ਦਾ ਗੁਰੂ ਸਰਦਾਰ ਪਰਤਾਪ ਸਿੰਘ ਵੀ ਜ਼ਿੰਦਾ ਸੀ......(ਸ਼ੋਰ) ਮੈਂ ਆਪਣੀ ਪਾਰਟੀ ਦੀ ਇਸ ਪਾਲਿਸੀ ਤੇ ਵੋਟ ਲੈ ਕੇ ਹਾਊਸ ਵਿਚ ਆਇਆ ਹਾਂ ਤੇ ਮੈਨੂੰ ਹੱਕ ਹੈ ਕਿ ਮੈਂ ਆਪਣੇ ਵੋਟਰਾਂ ਦਾ ਵਿਊ ਇਥੇ ਰਖਾਂ......

ਸ਼੍ਰੀ ਮੋਹਨ ਲਾਲ : ਪਰ ਤੁਸੀਂ ਆਪਣੇ ਸਕੋਪ ਤੋਂ ਬਾਹਰ ਨਹੀਂ ਜਾ ਸਕਦੇ ਅਤੇ ਜੋ ਸਕੋਪ ਵਿਧਾਨ ਸਭਾ ਦਾ ਹੈ ਅਤੇ ਉਸਦੇ ਅੰਦਰ ਰਹਿ ਕੇ ਹੀ ਬੋਲ ਸਕਦੇ ਹੋ । ਇਹ ਮਾਮਲਾ ਸੈਂਟਰਲ ਗੌਰਮਿੰਟ ਦਾ ਹੈ......

ਡਿਪਟੀ ਸਪੀਕਰ : ਪੰਡਤ ਜੀ, ਤੁਸੀਂ ਬੜੇ ਦਾਨਾ ਆਦਮੀ ਹੋ ਤੁਸੀਂ ਬਗੈਰ ਇਜਾਜ਼ਤ ਦੇ ਹੀ ਬੋਲਣਾ ਸ਼ੁਰੂ ਕਰ ਦਿੱਤਾ ਹੈ । ਜੋਸ਼ ਸਾਹਿਬ, ਤੁਸੀਂ ਉਹ ਗੱਲ ਕਰੋ ਜੋ ਸਾਡੇ ਸਕੋਪ ਵਿਚ ਆਉਂਦੀ ਹੈ । ਇਧਰ ਉਧਰ ਦੀਆਂ ਗੱਲਾਂ ਨਾ ਕਰੋ । (The hon. Member Shri Mohan Lal is an old parliamentarian but still he has started speaking without permission. I would request Comrade Shamsher Singh Josh to say only those things which come under our scope. He should not bring in extraneous matters.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬਾ, ਪੰਡਤ ਮੋਹਨ ਲਾਲ, ਐਕਸ ਹੋਮ ਮਨਿਸਟਰ ਸਾਹਿਬ, ਮੈਨੂੰ ਲਗਾਤਾਰ ਇਨਟਰਪਟ ਕਰ ਰਹੇ ਹਨ । ਮੈਨੂੰ ਨਜ਼ਰ ਆਉਂਦਾ ਹੈ ਕਿ ਇਨ੍ਹਾਂ ਨੂੰ ਬਿਰਿਟਿਸ਼ ਐਂਬੈਸੀ ਦਾ ਕੋਈ ਆਦਮੀ ਅੱਜ ਮਿਲਿਆ ਹੋਵੇਗਾ। ਇਸੇ ਕਰਕੇ ਉਨ੍ਹਾਂ ਦੀ ਮਦਦ ਕਰ ਰਹੇ ਹਨ । (ਵਿਘਨ) (ਸ਼ੋਰ)

(At this stage there was a heated exchange of words between Comrade Shamsher Singh Josh and Shri Mohan Lal which were not audible at the Reporters' table.)

ਬਾਬੂ ਬਚਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਡਿਪਟੀ ਸਪੀਕਰ ਸਾਹਿਬਾ, ਹੁਣੇ ਹਾਊਸ ਵਿਚ ਪੰਡਤ ਮੋਹਨ ਲਾਲ, ਐਕਸ ਹੋਮ ਮਨਿਸਟਰ ਸਾਹਿਬ ਨੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੂੰ ਗਾਲੀਆਂ ਕਢੀਆਂ ਹਨ ।

(ਕੁਝ ਆਵਾਜ਼ਾਂ : ਕਿਹੜੀਆਂ ਗਾਲੀਆਂ ਕਢੀਆਂ ਹਨ ?)

ਉਨ੍ਹਾਂ ਨੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੂੰ ਫੂਲਿਸ਼ ਕਿਹਾ ਹੈ ਅਤੇ ਹੋਰ ਵੀ ਗਾਲੀਆਂ ਕਢੀਆਂ ਹਨ । ਜਿਹੜੀਆਂ ਪੰਡਤ ਮੋਹਨ ਲਾਲ ਨੇ ਗਾਲਾਂ ਕੱਢੀਆਂ ਹਨ ਉਹ ਹਾਊਸ ਨੂੰ ਦੱਸਦੇ ਹੋਏ ਮੇਰੇ ਮੂੰਹ ਤੇ ਚੰਗੀਆਂ ਨਹੀਂ ਲਗਦੀਆਂ ਹਨ, ਪੰਡਤ ਮੋਹਨ ਲਾਲ ਬੜੇ ਤਜਰਬੇਕਾਰ ਮੈਂਬਰ ਹਨ ਅਤੇ ਬੜੇ ਜ਼ਿੰਮੇਵਾਰ ਅਹੁਦੇ ਤੇ ਰਹੇ ਹਨ । ਅਗਰ ਹਾਊਸ ਵਿਚ ਇਸ ਕਿਸਮ ਦੇ ਅਲਫਾਜ਼ ਇਸਤੇਮਾਲ ਹੋਏ ਤਾਂ ਹਾਊਸ ਵਿਚ ਬਹੁਤ ਤਲਖੀ ਪੈਦਾ ਹੋ ਜਾਵੇਗੀ । ਮੈਂ ਆਪ ਨੂੰ ਬੇਨਤੀ ਕਰਦਾ ਹਾਂ ਕਿ ਆਪ ਪੰਡਤ ਮੋਹਨ ਲਾਲ ਨੂੰ ਲਫਜ਼ ਵਾਪਸ ਲੈਣ ਲਈ ਕਹੋ ਤਾਂਕਿ ਹਾਊਸ ਦੀ ਕਾਰਵਾਈ ਕੂਲ ਵਾਤਾਵਰਨ ਵਿਚ ਚਲ ਸਕੇ ।

ਸਰਦਾਰ ਅਜਮੇਰ ਸਿੰਘ (ਯੋਜਨਾ ਤੇ ਸਥਾਨਕ ਸਾਸ਼ਨ ਮੰਤਰੀ) : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਹੁਣੇ ਹੁਣੇ ਹਾਊਸ ਵਿਚ ਦੋ ਮੈਂਬਰਾਂ ਦੇ ਦਰਮਿਆਨ ਜਿਹੜੀ ਗਰਮਾ ਗਰਮੀ ਹੋਈ ਹੈ, ਬਹੁਤ ਸਾਰੇ ਆਨਰੇਬਲ ਮੈਂਬਰਾਂ ਨੂੰ ਇਹ ਗੱਲਾਂ ਸੁਣਾਈ ਨਹੀਂ ਦਿੱਤੀਆਂ ਹੋਣਗੀਆਂ ਜੋ ਕੁਝ ਹਾਊਸ ਵਿਚ ਹੋਇਆ ਹੈ ਉਹ ਨਿਹਾਇਤ ਕਾਬਲੇ ਅਫਸੋਸ ਹੈ । ਪੰਡਤ ਮੋਹਨ ਲਾਲ ਨੇ ਜਿਹੜੇ ਲਫਜ਼ ਕਹੇ ਹਨ in the legal courts these words are not considered objectionable, when you say "what you say is absurd and foolish".

(Interruptions from the Opposition) I am so near, I have heard it. On the other hand Comrade Josh has used more objectionable remarks saying "that you have been the agent of imperialism". To make such personal allegation does not behove at all in this House. So, my submission, Madam, Deputy Speaker, is that the hon. Member should be asked not to repeat such things. We are discussing a very delicate problem of the country. I do not know why this Resolution has been brought on the Agenda. It would have been better if no discussion had been allowed on this Resolution. Any way, we should make speeches keeping in view the situation of our country *vis-a-vis* the whole world and the Pakistan and India-China situation. We should not try to harm the interest of our own country. We should appeal to the good sense of the Members not to repeat such things.

उपाध्यक्षा : मैंने बाबू बचन सिंह और सरदार अजमेर सिंह के प्वायंट आफ आर्डर सुन लिये हैं। हाउस में अनपार्लियामेंटरी शब्द किसी भी आनरेबल मैंबर को बोलने नहीं चाहिए। अगर माननीय मैम्बरों ने हार्ड लफ्ज़ कहे हैं तो वह वापस ले लें। मुनासिब तो यही है कि हाउस की डिगनिटी को रखते हुए हाउस की कार्यवाही होनी चाहिए। (I have carefully listened to the points of order raised by Baboo Bachan Singh and Sardar Ajmer Singh. As a matter of fact no hon. Member in the House should use unparliamentary words or expressions and if the hon. Members concerned have used any such harsh language, they should withdraw it. It is only proper that the dignity of the House should be maintained and business transacted.)

लाला रुलिया राम : आन ए प्वायंट आफ आर्डर, मैडम। आपने माननीय मैम्बरों को लफ्ज़ वापस लेने के लिये कहा है, लफ्ज़ वापस लेने का कोई फायदा नहीं है। इसके विरुद्ध ऐक्शन लेना चाहिए।

Deputy Speaker : Kindly wind up now.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : I have just now moved the resolution. ਮੈਂ ਇਸ ਰੈਜ਼ਲਿਊਸ਼ਨ ਤੇ ਅਜੇ ਆਪਣੇ ਖ਼ਿਆਲਾਤ ਹਾਊਸ ਵਿਚ ਰਖਣਾ ਚਾਹੁੰਦਾ ਹਾਂ। ਹਾਊਸ ਦੇ ਕੁਝ ਮੈਂਬਰਾਂ ਨੂੰ ਸਾਡੇ ਵਿਚਾਰਾਂ ਦੇ ਨਾਲ ਸਹਿਮਤਿ ਨਹੀਂ ਹੈ। ਉਨ੍ਹਾਂ ਨੂੰ ਵੀ ਆਪਣੇ ਵਿਚਾਰ ਪ੍ਰਗਟ ਕਰਨ ਲਈ ਮੌਕਾ ਮਿਲੇਗਾ। ਉਹ ਆਪਣੇ ਵਿਚਾਰ ਹਾਊਸ ਵਿਚ ਰਖਣਗੇ। ਅਸੀਂ ਗੌਰਮਿਟ ਦੀ ਨੀਤੀ ਦੇ ਨਾਲ ਸਹਿਮਤ ਨਹੀਂ ਹਾਂ ਇਸੇ ਕਰਕੇ ਅਸੀਂ ਆਪੋਜ਼ੀਸ਼ਨ ਦੇ ਬੈਂਚਾਂ ਉਤੇ ਬੈਠੇ ਹੋਏ ਹਾਂ ਅਤੇ ਸਰਕਾਰ ਦੀ ਨੀਤੀ ਨੂੰ ਵਾਜਿਬ ਤੌਰ ਤੇ ਕ੍ਰਿਟੀਸਾਈਜ਼ ਕਰ ਰਹੇ ਹਾਂ।

Deputy Speaker . The hon. Members should first withdraw the harsh words.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬਾ, ਮੈਂ ਕੋਈ ਹਾਰਸ਼ ਲਫਜ਼ ਕਿਸੇ ਮੈਂਬਰ ਦੇ ਖਿਲਾਫ ਨਹੀਂ ਕਹੇ। ਅਗਰ ਪੰਡਤ ਮੋਹਨ ਲਾਲ ਲਫਜ਼ ਵਾਪਸ ਨਾ ਲੈਣ ਤਾਂ ਵੀ ਕੋਈ ਗੱਲ ਨਹੀਂ। I ignore it. ਪਬਲਿਕ ਨੇ ਹੀ ਇਨ੍ਹਾਂ ਨੂੰ ਇਗਨੋਰ ਕਰ ਦਿੱਤਾ ਸੀ। ਇਸੇ ਕਰਕੇ ਮਨਿਸਟਰਸ਼ਿਪ ਤੋਂ ਹਟਾ ਦਿਤੇ ਗਏ ਅਤੇ ਇਥੇ ਆ ਕੇ ਬੈਠੇ ਹਨ......

Deputy Speaker : Order please. I am not going to allow it.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬਾ, ਸਾਡੀ ਸਰਕਾਰ ਨੂੰ ਕਾਮਨਵੈਲਥ ਤੋਂ ਸਬੰਧ ਤੋੜ ਲੈਣੇ ਚਾਹੀਦੇ ਹਨ। ਸਾਡੇ ਮੁਲਕ ਦੇ ਨਾਲ ਬ੍ਰਿਟੇਨ ਦਾ ਰਵਈਆ 1947 ਤੋਂ ਵਿਰੋਧੀ ਰਿਹਾ ਹੈ। ਕਸ਼ਮੀਰ ਦੀ ਸਮੱਸਿਆ ਹੀ ਲੈ ਲਉ। ਪਾਕਿਸਤਾਨ ਨੇ ਬ੍ਰਿਟੇਨ ਦੇ ਨਾਲ ਗੱਲ ਬਾਤ ਕਰਕੇ ਹੀ ਕਸ਼ਮੀਰ ਉਤੇ ਹਮਲਾ ਕੀਤਾ ਸੀ। ਪਾਕਿਸਤਾਨ ਨੇ ਕਸ਼ਮੀਰ ਦਾ 1/3 ਹਿੱਸਾ ਨਾਜਾਇਜ਼ ਤੌਰ ਤੇ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਅਮਰੀਕਾ ਅਤੇ ਬ੍ਰਿਟੇਨ ਨੇ ਉਸੇ ਵੇਲੇ ਪਾਕਿਸਤਾਨ ਦੀ ਮਦਦ ਕੀਤੀ ਅਤੇ ਪਾਕਿਸਤਾਨ ਨੂੰ ਸੂਟ ਕਰਨ ਵਾਲੀ ਸੀਜ਼ ਫਾਇਰ ਕਰਾ ਦਿੱਤੀ। ਇਹ ਮਾਮਲਾ Security Council ਵਿਚ ਪੇਸ਼ ਹੋਇਆ ਸੀ। ਉਥੇ ਇਹ ਮਾਮਲਾ 18 ਸਾਲਾਂ ਤੋਂ ਚਲ ਰਿਹਾ ਹੈ। ਅਮਰੀਕਾ ਅਤੇ ਬ੍ਰਿਟਿਸ਼ ਸਰਕਾਰ ਦੀ ਕੋਸ਼ਿਸ਼ ਹੈ ਕਿ ਇਸ ਮਾਮਲੇ ਤੇ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਯੂ. ਐਨ. ਓ. ਵਿਚ ਵਿਚਾਰ ਕੀਤਾ ਜਾਵੇ । ਅਤੇ ਇਸ ਦਾ ਫੈਸਲਾ ਯੂ. ਐਨ. ਓ. ਵਿਚ ਕੀਤਾ ਜਾਵੇ । ਮੈਂ ਇਸ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਸ਼ਮੀਰ ਦੇ ਲੋਕਾਂ ਨੇ ਜਨਰਲ ਇਲੈਕਸ਼ਨਾਂ ਦੇ ਰਾਹੀਂ ਅਤੇ ਹੋਰ ਤਰੀਕਿਆਂ ਦੇ ਰਾਹੀਂ ਹਿੰਦੁਸਤਾਨ ਦੇ ਨਾਲ ਸ਼ਾਮਲ ਹੋ ਜਾਣ ਦਾ ਫੈਸਲਾ ਕਰ ਦਿਤਾ ਹੋਇਆ ਹੈ । ਇਸ ਫੈਸਲੇ ਨੂੰ ਕੋਈ ਵੀ ਬਦਲ ਨਹੀਂ ਸਕਦਾ । ਪਰ ਬਰਤਾਨੀਆਂ ਅਤੇ ਅਮਰੀਕਾ ਇਸ ਫੈਸਲੇ ਨੂੰ ਯੂ. ਐਨ. ਓ. ਵਿਚ ਬਦਲਾਉਣਾ ਚਾਹੁੰਦੇ ਹਨ । ਇਹ ਪਾਕਿਸਤਾਨ ਦੀ ਨਾਜਾਇਜ਼ ਤੌਰ ਤੇ 18 ਸਾਲਾਂ ਤੋਂ ਲਗਾਤਾਰ ਮਦਦ ਕਰ ਰਹੀ ਹੈ । ਇਸ ਦੇ ਬਾਰੇ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਅਮਰੀਕਾ ਅਤੇ ਬ੍ਰਿਟੇਨ ਨੇ ਸਾਡੇ ਖਿਲਾਫ ਬਹੁਤ ਸਟੈਪਸ ਉਠਾਏ ਹਨ ।

ਡਿਪਟੀ ਸਪੀਕਰ ਸਾਹਿਬਾ, ਕੁਝ ਮਹੀਨੇ ਹੋਏ ਇਨ੍ਹਾਂ ਨੇ ਰਨ ਕਛ ਦਾ ਝਗੜਾ ਖੜ੍ਹਾ ਕਰ ਦਿੱਤਾ । ਇਸ ਝਗੜੇ ਦੇ ਬਾਅਦ ਜਿਹੜਾ ਫੈਸਲਾ ਹੋਇਆ ਉਸ ਦੇ ਰਾਹੀਂ ਪਾਕਿਸਤਾਨ ਨੇ 3500 ਮੁਰੱਬਾ ਮੀਲ ਸਾਡੇ ਕੋਲੋਂ ਹਥਿਆਣ ਦਾ ਮੁਤਾਲਬਾ ਕੀਤਾ । ਉਥੇ ਇੰਟਰਨੈਸ਼ਨਲ ਬਾਰਡਰ ਲਾਈਨ ਦੀ ਕੋਈ ਪਰਵਾਹ ਨਹੀਂ ਕੀਤੀ । ਇਹ ਸਾਡਾ ਹਿੱਸਾ ਸੀ । ਉਸ ਦੇ ਬਾਰੇ ਸਾਲਿਸ ਕਮੀਸ਼ਨ ਬਣਾਉਣ ਦੀ ਕੋਸ਼ਿਸ਼ ਕੀਤੀ ਤਾਕਿ ਉਥੇ ਇਸ ਝਗੜੇ ਦਾ ਫੈਸਲਾ ਹੋਵੇ ਜਦੋਂ ਕਿ ਇਸ ਝਗੜੇ ਦਾ ਫੈਸਲਾ ਦੋਨਾਂ ਮੁਲਕਾਂ ਨੂੰ ਆਪਸ ਵਿਚ ਬੈਠ ਕੇ ਕਰਨਾ ਚਾਹੀਦਾ ਹੈ । ਇਨ੍ਹਾਂ ਦੋਨਾਂ ਮਲਕਾਂ ਨੇ ਪਾਕਿਸਤਾਨ ਦੀ ਮਦਦ ਕਰ ਕੇ ਇਕ ਨਵਾਂ ਝਗੜਾ ਖੜ੍ਹਾ ਕਰਾ ਦਿੱਤਾ । ਇਨ੍ਹਾਂ ਦੀ ਸ਼ਰਾਰਤ ਦੇ ਕਾਰਨ ਪਾਕਿਸਤਾਨ ਇਸ ਇਲਾਕੇ ਨੂੰ ਆਪਣਾ ਇਲਾਕਾ ਸਮਝ ਰਿਹਾ ਹੈ । ਅਜੇ ਇਸ ਸਮਸਿਆ ਦੇ ਬਾਰੇ ਸੋਚਿਆ ਜਾ ਰਿਹਾ ਸੀ ਕਿ ਪਾਕਿਸਤਾਨ ਨੇ ਇਨ੍ਹਾਂ ਦੀ ਸ਼ਹਿ ਦੇ ਨਾਲ ਕਸ਼ਮੀਰ ਵਿਚ ਇਨਫਿਲਟਰੇਟਰਜ਼ ਭੇਜਣੇ ਸ਼ੁਰੂ ਕਰ ਦਿੱਤੇ । ਇਸ ਲੜਾਈ ਦੇ ਪਹਿਲਾਂ ਹੀ ਬ੍ਰਿਟੇਨ ਅਤੇ ਅਮਰੀਕਾ ਦੇ ਪ੍ਰੈਸ ਕੌਰਸਪੌਂਡੈਂਟਸ ਕਸ਼ਮੀਰ ਦੀ ਵੈਲੀ ਵਿਚ ਚਲੇ ਗਏ । ਇਸ ਤੋਂ ਸਾਫ ਨਜ਼ਰ ਆਉਂਦਾ ਸੀ ਕਿ ਇਸ ਸਾਜਿਸ਼ ਵਿਚ ਇਨ੍ਹਾਂ ਦੋਨਾ ਮੁਲਕਾਂ ਦਾ ਹੱਥ ਹੈ । ਇਸ ਦੇ ਅਲਾਵਾ ਸ਼ੇਖ ਅਬਦੁਲਾ ਨੂੰ ਉਲਟੀ ਪੱਟੀ ਪੜ੍ਹਾਉਣ ਦੀ ਕੋਸ਼ਿਸ਼ ਕੀਤੀ । ਉਸ ਤੋਂ ਕੁਝ ਮਹੀਨੇ ਪਹਿਲਾਂ ਅਬਦੁਲਾ ਨੇ ਬਾਹਰ ਜਾ ਕੇ ਚੀਨ ਦੇ ਬਦੇਸ਼ ਮੰਤਰੀ ਅਤੇ ਪਾਕਿਸਤਾਨ ਦੇ ਉਚ ਅਧਿਕਾਰੀਆਂ ਦੇ ਨਾਲ ਸਾਜਸ਼ ਕੀਤੀ ਸੀ । ਇਸ ਸਾਜਿਸ਼ ਵਿਚ ਬ੍ਰਿਟੇਨ ਦਾ ਪੂਰਾ ਪੂਰਾ ਹੱਥ ਸੀ । ਕਿਉਂਕਿ ਕਸ਼ਮੀਰ ਵਿਚ ਲੜਾਈ ਹੋਣ ਤੋਂ ਪਹਿਲਾਂ ਹੀ ਆਪਣੇ ਪ੍ਰੈਸ ਕੋਰਸਪੋਂਡੈਂਟਸ ਭੇਜੇ ਸਨ । ਉਨ੍ਹਾਂ ਨੂੰ ਇਸ ਹਮਲੇ ਦੀ ਪੂਰੀ ਪੂਰੀ ਜਾਣਕਾਰੀ ਸੀ । ਪਾਕਿਸਤਾਨ ਨੇ ਹਿੰਦੁਸਤਾਨ ਉਤੇ ਹਮਲਾ ਕੀਤਾ । ਅਸੀਂ ਉਸ ਹਮਲੇ ਦੇ ਜਵਾਬ ਦੇਣ ਲਈ ਲਾਹੌਰ ਖੇਤਰ ਵਿਚ ਆਪਣੀਆਂ ਫੌਜਾ ਭੇਜੀਆਂ ।

ਉਸ ਦੇ ਬਾਅਦ ਸਾਡੀਆਂ ਫੌਜਾਂ ਲਾਹੌਰ ਸੈਕਟਰ ਵਿਚ ਅੱਗੇ ਵਧੀਆਂ । ਫਿਰ ਵੀ ਬਰਤਾਨਵੀ ਸਰਕਾਰ ਦਾ ਰਵਈਆ ਅਤੇ ਅਮਰੀਕੀ ਸਰਕਾਰ ਦਾ ਰਵਈਆ ਅਜਿਹਾ ਰਿਹਾ ਹੈ ਕਿ ਇੰਡੀਆ ਅਤੇ ਪਾਕਿਸਤਾਨ ਨੂੰ ਅਗ੍ਰੈਸ਼ਨ ਦੇ ਮਾਮਲੇ ਵਿਚ ਇਕੁਏਟ ਕਰਨ ਦੇ ਜਤਨ ਕੀਤੇ ਗਏ । ਕਈ ਵਾਰ ਬਰਤਾਨਵੀ ਅਖਬਾਰਾਂ ਨੇ ਇੰਡੀਆ ਨੂੰ ਅਗ੍ਰੈਸਰ ਠਹਿਰਾਇਆ । ਐਨਾ ਹੀ ਨਹੀਂ । ਯੂ. ਥਾਂਟ ਵੀ ਐਂਗਲੋ ਅਮਰੀਕਨ ਬਲਾਕ ਦੇ ਇਸ਼ਾਰੇ ਤੇ ਚਲ ਰਿਹਾ ਹੈ, ਉਨ੍ਹਾਂ ਦੇ ਹੱਥਾਂ ਵਿਚ ਨੱਚ ਰਿਹਾ ਹੈ ਉਸ ਨੇ ਸੀਜ਼ ਫਾਇਰ ਦੇ ਫੈਸਲੇ ਨੂੰ ਤੋੜ ਮਰੋੜ ਕੇ ਲਾਗੂ ਕਰਨ ਦੀ ਕੋਸ਼ਿਸ਼ ਕੀਤੀ । ਔਬਜ਼ਰਵਰਜ਼ ਦੇ ਇਕ ਗਰੁਪ ਦੀ ਥਾਂ ਤੇ ਦੋ ਗਰੁਪ ਬਣਾ ਦਿੱਤੇ ਗਏ । ਲਗਾਤਾਰ ਇਹ ਕੋਸ਼ਿਸ਼ ਹੁੰਦੀ ਰਹੀ ਕਿ ਸੀਜ਼ ਫਾਇਰ ਦੀ ਇੰਪਲੀਮੈਂਟੇਸ਼ਨ ਪਾਕਿਸਤਾਨ ਦੇ ਐਡਵਾਂਟੇਜ ਵਾਸਤੇ ਅਤੇ ਹਿੰਦੁਸਤਾਨ ਦੇ ਡਿਸ-ਐਡਵਾਂਟੇਜ ਵਾਸਤੇ ਕੀਤੀ ਜਾਏ । ਹੁਣ ਵੀ ਇਹੋ ਸਾਜ਼ਸ਼ਾਂ ਹੋ ਰਹੀਆਂ ਹਨ । ਲਗਾਤਾਰ ਇਹ ਕੋਸ਼ਿਸ਼ ਹੁੰਦੀ ਰਹੀ ਹੈ । To crown all ਹਾਲਾਤ ਇਥੋਂ ਤਕ ਹੋ ਗਏ ਕਿ ਸਿਕਿਰਿਊਟੀ ਕੌਂਸਿਲ ਜਿਹੜੀ ਕਿ ਐਂਗਲੋ-ਅਮਰੀਕਨ ਬਲਾਕ ਨਾਲ ਡਾਮੀਨੇਟਿਡ ਹੈ, ਉਥੋਂ ਜਦੋਂ ਭੁਟੋ ਦੀ ਬਦਕਲਾਮੀ ਦੀ

ਵਜ੍ਹਾ ਕਰਕੇ as a protest ਹਿੰਦੁਸਤਾਨ ਦੇ ਨੁਮਾਇੰਦੇ ਵਾਕ ਆਊਟ ਕਰ ਗਏ ਤਾਂ ਨਾ ਅਮਰੀਕਾ ਅਤੇ ਨਾ ਹੀ ਬਰਤਾਨੀਆਂ ਕਿਸੇ ਮੁਲਕ ਦੇ ਪ੍ਰਤੀਨਿਧੀਆਂ ਨੇ ਇਹ ਮਹਿਸੂਸ ਨਹੀਂ ਕੀਤਾ, ਕਿ ਹਿੰਦੁਸਤਾਨ ਜਿਹੜਾ ਵੱਡਾ ਮੁਲਕ ਵਾਕ ਆਊਟ ਕਰ ਕੇ ਜਾ ਰਿਹਾ ਹੈ ਤਾਂ ਕਾਰਵਾਈ ਨੂੰ ਸਥਗਿਤ ਕਰ ਦਿੱਤਾ ਜਾਵੇ । ਕਿਸੇ ਨੇ ਭੁੱਟੋ ਨੂੰ ਨਹੀਂ ਕਿਹਾ ਕਿ ਉਹ ਆਪਣੇ ਸ਼ਬਦ ਵਿਦਡਰਾ ਕਰੇ । ਉਹ ਸੋਵੀਅਟ ਰਸ਼ੀਆ ਸੀ ਜਿਸ ਨੇ ਦੂਸਰੇ ਦਿਨ ਕਿਹਾ ਕਿ ਇੰਡੀਆ ਦੀ ਪਾਰਟੀਸਿਪੇਸ਼ਨ ਦੇ ਬਿਨਾ ਸੀਜ਼ ਫਾਇਰ ਦੀ ਇੰਪਲੀਮੈਂਟੇਸ਼ਨ ਡਿਸਕਸ ਨਹੀਂ ਕੀਤੀ ਜਾ ਸਕਦੀ, ਨਹੀਂ ਕਰਨੀ ਚਾਹੀਦੀ । ਰਸ਼ੀਆ ਨੇ ਇਹ ਵੀ ਕਿਹਾ ਕਿ ਬੈਠਕ ਵਿਚ ਕੇਵਲ ਸੀਜ਼ ਫਾਇਰ ਦੀ ਇੰਪਲੀਮੈਂਟੇਂਸ਼ਨ ਦੇ ਬਾਰੇ ਹੀ ਵਿਚਾਰ ਹੋ ਸਕਦਾ ਹੈ ਕਸ਼ਮੀਰ ਸਮੱਸਿਆ ਉਪਰ ਨਹੀਂ ਹੋਣਾ ਚਾਹੀਦਾ । ਇਸ ਦੇ ਉਲਟ ਸਿਕਿਉਰਟੀ ਕੌਂਸਲ ਵਿਚ ਬਰਤਾਨਵੀ ਅਤੇ ਅਮਰੀਕੀ ਪ੍ਰਤੀਨਿਧੀਆਂ ਦੀ ਲਗਾਤਾਰ ਇਹੋ ਕੋਸ਼ਿਸ਼ ਰਹੀ ਹੈ ਕਿ ਕਸ਼ਮੀਰ ਦੀ ਸਮੱਸਿਆ U.N.O. ਵਿਚ ਪੇਸ਼ ਕੀਤੀ ਜਾਏ ਅਤੇ ਕਸ਼ਮੀਰ ਨੂੰ ਕਿਸੇ ਨਾ ਕਿਸੇ ਤਰ੍ਹਾਂ ਪਾਕਿਸਤਾਨ ਦੇ ਹਵਾਲੇ ਕੀਤਾ ਜਾਵੇ । ਇਹ ਚੀਜ਼ ਪਾਕਿਸਤਾਨ ਚਾਹੁੰਦਾ ਹੈ । ਇਹ ਚੀਜ਼ ਪਾਕਿਸਤਾਨ ਦੇ ਹਿਤ ਵਿਚ ਹੈ ਅਤੇ ਹਿੰਦੁਸਤਾਨ ਦੇ ਹਿਤਾਂ ਦੇ ਖਿਲਾਫ ਹੈ ।

ਡਿਪਟੀ ਸਪੀਕਰ ਸਾਹਿਬਾ, 1947 ਤੋਂ ਲੈ ਕੇ ਅੱਜ ਤਕ ਦੇ ਪੌਲੀਟੀਕਲ ਵਾਕਿਆਤ ਮੈਂ ਗਿਣ ਕੇ ਹਾਊਸ ਵਿਚ ਦੱਸੇ ਹਨ । ਇਨ੍ਹਾਂ ਤੋਂ ਜ਼ਾਹਰ ਹੁੰਦਾ ਹੈ ਕਿ ਐਂਗਲੋ ਅਮਰੀਕੀ ਬਲਾਕ ਹਮੇਸ਼ਾ ਸਾਡੀ ਵਿਰੋਧਤਾ ਕਰਦਾ ਰਿਹਾ ਹੈ । ਹਿੰਦੁਸਤਾਨ ਨੂੰ ਹਾਰਮ ਪਹੁੰਚਾਉਣ ਲਈ ਉਨ੍ਹਾਂ ਨੇ ਪਾਕਿਸਤਾਨ ਨੂੰ ਆਰਮ ਕੀਤਾ ਹੈ । Pakistan has fought with the teeth of America and Britain.

(At this stage Shri Ram Saran Chand Mital, a member of the Panel of Chairmen, occupied the Chair.)

ਪਾਕਿਸਤਾਨ ਅਮਰੀਕੀ ਅਤੇ ਬਰਤਾਨਵੀ ਹਥਿਆਰਾਂ ਨਾਲ ਸਾਡੇ ਨਾਲ ਲੜਿਆ ਹੈ । ਅਮਰੀਕਾ ਵਾਲਿਆਂ ਨੇ ਪਹਿਲੇ ਉਸ ਨਾਲ ਆਰਮ ਪੈਕਟ ਕੀਤਾ, ਫਿਰ ਉਸ ਨੂੰ ਸੀਟੋ ਅਤੇ ਸੈਂਟੋ ਦਾ ਮੈਂਬਰ ਬਣਾਇਆ । ਹੁਣ ਵੀ ਜਦੋਂ ਪਾਕਿਸਤਾਨ ਨਾਲ ਹਿੰਦੁਸਤਾਨ ਦਾ ਕਨਫਲਿਕਟ ਚਲ ਰਿਹਾ ਸੀ ਤਾਂ ਸਾਨੂੰ ਉਨ੍ਹਾਂ ਨੇ ਆਰਮਜ਼ ਏਡ ਦੇਣੀ ਬੰਦ ਕਰ ਦਿੱਤੀ ਪਰ ਟਰਕੀ ਅਤੇ ਈਰਾਨ ਦੇ ਰਾਹੀਂ ਬਰਤਾਨਵੀ ਆਰਮਜ਼ ਪਾਕਿਸਤਾਨ ਵਿਚ ਬਾਕਾਇਦਾ ਆਉਂਦੇ ਰਹੇ ਜੇਕਰ ਲੜਾਈ ਜਾਰੀ ਰਹਿੰਦੀ ਤਾਂ ਫਿਰ ਵੀ ਉਨ੍ਹਾਂ ਨੂੰ ਆਰਮਜ਼ ਦੀ ਸਪਲਾਈ ਸਾਡੇ ਨੌਜਵਾਨਾਂ ਨੂੰ ਸ਼ਹੀਦ ਕਰਨ ਲਈ, ਪਿੰਡਾਂ ਨੂੰ ਬਰਬਾਦ ਕਰਨ ਲਈ ਅਤੇ ਸ਼ਹਿਰਾਂ ਨੂੰ ਤਬਾਹ ਕਰਨ ਲਈ ਜਾਰੀ ਰਹਿਣੀ ਸੀ । ਉਹ ਹਥਿਆਰ ਸਾਡੇ ਖਿਲਾਫ ਇਸਤੇਮਾਲ ਕੀਤੇ ਜਾਣੇ ਸਨ । ਰਣ ਕੱਛ ਅਤੇ ਕਸ਼ਮੀਰ ਵਿਚ ਸਾਡੀਆਂ ਐਨੀਆਂ ਕੁਰਬਾਨੀਆਂ ਦੇਣ ਦੇ ਬਾਅਦ ਸਾਨੂੰ ਹੈਰਾਨੀ ਹੁੰਦੀ ਹੈ ਕਿ ਕਈ ਹਜ਼ਾਰ ਮੀਲ ਰਕਬਾ ਸਾਡਾ ਪਾਕਿਸਤਾਨ ਦੇ ਪਾਸ ਹੈ । ਇਹ ਰਕਬਾ ਉਸ ਨੇ ਐਂਗਲੋ-ਅਮਰੀਕਨ ਬਲਾਕ ਦੀ ਸ਼ਹਿ ਦੇ ਨਾਲ ਹਾਸਲ ਕੀਤਾ ਹੈ । ਜੇਕਰ ਇਨ੍ਹਾਂ ਹਾਲਾਤ ਦੇ ਹੁੰਦਿਆਂ ਵੀ ਸਾਡਾ ਦੇਸ਼ ਨਹੀਂ ਸੋਚੇਗਾ ਕਿ ਅਸੀਂ ਕਿਥੇ ਖੜੇ ਹਾਂ ਕਿਧਰ ਅਸਾਂ ਜਾਣਾ ਹੈ, ਕੌਣ ਸਾਡਾ ਦੋਸਤ ਹੈ ਅਤੇ ਕੌਣ ਸਾਡਾ ਦੁਸ਼ਮਣ ਹੈ ਤਾਂ ਫਿਰ ਅਸੀਂ ਆਉਣ ਵਾਲੇ ਭਿਆਨਕ ਦਿਨਾਂ ਦਾ ਮੁਕਾਬਲਾ ਨਹੀਂ ਕਰ ਸਕਾਂਗੇ । ਅਮਰੀਕਾ ਨਹੀਂ ਚਾਹੁੰਦਾ ਕਿ ਸਾਡਾ ਦੇਸ਼ ਤਗੜਾ ਹੋਵੇ, ਬਰਤਾਨੀਆ ਵੀ ਨਹੀਂ ਚਾਹੁੰਦਾ ਕਿ ਅਸੀਂ ਸਲਫ ਸਫੀਸ਼ੈਂਟ ਹੋ ਸਕੀਏ । ਚੀਨ, ਜਿਸ ਦੇ ਨਾਲ ਸਾਡੀ ਬਾਰਡਰ ਲਗਦੀ ਹੈ, ਵੀ ਨਹੀਂ ਚਾਹੁੰਦਾ ਕਿ ਹਿੰਦੁਸਤਾਨ ਏਸ਼ੀਆ ਦਾ ਇਕ ਪਾਵਰਫੁਲ ਦੇਸ਼ ਬਣ ਸਕੇ, ਸ਼ਕਤੀਸ਼ਾਲੀ ਮਲਕ ਬਣ ਕੇ ਜਾਂ ਅਸੀਂ ਆਪਣੇ ਪੈਰਾਂ ਤੇ ਵੀ ਖੜੇ ਸਕੀਏ । ਜੇਕਰ ਕੋਈ ਦੇਸ਼ ਇਹ ਗੱਲ ਚਾਹੁੰਦਾ ਹੈ ਕਿ ਹਿੰਦੁਸਤਾਨ ਤਗੜਾ ਹੋਵੇ ਤਾਂ ਉਹ ਮੈਂ ਸਮਝਦਾ ਹਾਂ ਕਿ ਰੂਸ ਸਭ ਤੋਂ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਅੱਗੇ ਹੈ ਜੋ ਇਹ ਗੱਲ ਚਾਹੁੰਦਾ ਹੈ । ਇਸ ਲਈ ਅੱਜ ਇਸ ਗੱਲ ਦੀ ਬੜੀ ਸਖ਼ਤ ਲੋੜ ਹੈ ਕਿ ਪੁਰਾਣੀ ਪਾਲਿਸੀ ਨੂੰ ਖਤਮ ਕਰਕੇ ਨਵੇਂ ਰਸਤੇ ਨੂੰ ਅਪਨਾਇਆ ਜਾਵੇ । ਆਪਣੇ ਦੋਸਤਾਂ ਨਾਲ ਤਲੁਕਾਤ ਹੋਰ ਚੰਗੇ ਕੀਤੇ ਜਾਣ ਤਿੱਖੇ ਕੀਤੇ ਜਾਣ, ਦੁਸ਼ਮਣਾ ਨਾਲੋਂ ਮੂੰਹ ਮੋੜਿਆ ਜਾਵੇ ਤਾਂ ਜੋ ਸਾਡੇ ਦੁਸ਼ਮਨ ਜਿਹੜੇ ਸਾਨੂੰ ਹੈਰਸ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਇੰਜੋੜ ਸਕੀਏ । ਅਜਿਹੇ ਰਸਤੇ ਨੂੰ ਅਪਨਾਉਣ ਦੀ ਅੱਜ ਸਖਤ ਲੋੜ ਹੈ ।

Mr. Chairman : You have taken enough time. Please wind up now.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਇਕ ਗੱਲ ਹੋਰ ਮੈਂ ਹੋਰ ਵਿਦੇਸ਼ੀ ਤੇਲ ਕੰਪਨੀਆ ਦੇ ਬਾਰੇ ਕਰਨੀ ਚਾਹੁੰਦਾ ਹਾ । ਤਿੰਨ ਤਾਂ ਸਾਡੇ ਦੇਸ਼ ਵਿਚ ਵਿਦੇਸ਼ੀ ਤੇਲ ਕੰਪਨੀਆਂ ਹਨ। ਅਤੇ ਇਨ੍ਹਾਂ ਦੇ ਇਲਾਵਾ 600 ਕਰੋੜ ਰੁਪਿਆ ਬਰਤਾਨੀਆ ਦਾ ਹਿੰਦੁਸਤਾਨ ਵਿਚ ਲਗਾ ਹੋਇਆ ਹੈ । 600 ਕਰੋੜ ਰੁਪਏ ਦੇ ਬਰਤਾਨਵੀ ਸਰਮਾਏ ਨਾਲ ਸਾਡੇ ਦੇਸ਼ ਵਿਚ ਕਈ ਕਾਰਖਾਨੇ ਲਗੇ ਹੋਏ ਹਨ ਅਤੇ ਕਈ ਬਿਰਲੇ ਅਤੇ ਟਾਟੇ ਜਿਹੇ ਆਦਮੀ ਉਨ੍ਹਾਂ ਨਾਲ ਮਿਲਕੇ ਹਿੰਦੁਸਤਾਨ ਵਿਚ ਸਾਂਝਾ ਕਾਰੋਬਾਰ ਕਰ ਰਹੇ ਹਨ । ਉਹ ਸਾਰੇ ਚਾਹੁੰਦੇ ਹਨ ਕਿ ਹਿੰਦੁਸਤਾਨ ਕਾਮਨ ਵੈਲਥ ਵਿਚ ਰਹੇ । ਜਦੋਂ ਤੋਂ ਕਾਮਨ ਵੈਲਥ ਦੀ ਲਹਿਰ ਚਲੀ ਹੈ ਉਸ ਵੇਲੇ ਤੋਂ ਹੀ ਬਰਤਾਨਵੀ ਸਰਕਾਰ ਉਨ੍ਹਾਂ ਵੱਡੇ ਵੱਡੇ ਆਦਮੀਆਂ ਦੀ ਰਾਹੀਂ ਹਿੰਦਸਤਾਨ ਵਿਚ ਸਿਆਸੀ ਲੀਡਰਾਂ ਨੂੰ ਕੁਰਪਟ ਕਰ ਰਹੀ ਹੈ । ਉਹ ਲੋਕ ਇਹੋ ਆਵਾਜ਼ ਉਠਾਉਂਦੇ ਹਨ ਕਿ ਕਾਮਨ ਵੈਲਥ ਨੂੰ ਨਾ ਛਡੋ । ਉਨ੍ਹਾਂ ਦੇ ਰਾਹੀਂ ਬਰਤਾਨਵੀਂ ਸਰਕਾਰ ਪੋਲੀਟੀਸ਼ਨਜ਼ ਨੂੰ ਖਰੀਦਣ ਦੀ ਕੋਸ਼ਿਸ਼ ਕਰ ਰਹੀ ਹੈ । ਉਨ੍ਹਾਂ ਨੂੰ ਬਰਾਈਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਹਿੰਦੁਸ-ਤਾਨ ਵਿਚ ਇਸ ਵੇਲੇ ਤਿੰਨ ਵਦੇਸ਼ੀ ਤੇਲ ਕਪਨੀਆਂ ਹਨ । ਕਾਲਟੈਕਸ ਐਸੋ, ਅਤੇ ਬਰਮਾ ਸ਼ੈਲ, ਜਿਹੜੀਆਂ ਹਿੰਦੁਸਤਾਨ ਵਿਚ ਤੇਲ ਦਿੰਦੀਆਂ ਹਨ । ਪਹਿਲੀ ਗੱਲ ਤਾਂ ਇਹ ਹੈ ਕਿ ਇਹ ਤੇਲ ਮੰਹਿਗਾ ਦਿੰਦੀਆਂ ਹਨ । ਦੂਸਰੀ ਗੱਲ ਇਹ ਹੈ ਕਿ ਇਨ੍ਹਾਂ ਨੇ ਸਾਡੀ ਡੀਫੈਂਸ ਫਾਈਟ ਨੂੰ ਸੋਬੋਟੇਜ ਕੀਤਾ ਹੈ । ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾ ਕਿ Every single drop of diesel oil, which was used by our planes, was Russian oil, because our army men refused even to touch British or American oil.

ਸਾਡੀਆਂ ਫੌਜਾਂ ਨੇ ਇਨਕਾਰ ਕਰ ਦਿੱਤਾ ਕਿ ਅਸਾਂ ਬਰਤਾਨਵੀ ਤੇਲ ਅਤੇ ਅਮਰੀਕੀ ਤੇਲ ਹੱਥ ਨਹੀਂ ਲਗਾਉਣਾ । ਕਿਉਂਕਿ ਜਦੋਂ ਸਾਡੇ ਪਲੇਨਜ਼ ਇਨ੍ਹਾਂ ਕੰਪਨੀਆਂ ਦਾ ਤੇਲ ਇਸਤੇਮਾਲ ਕੀਤਾ ਤਾਂ ਉਨ੍ਹਾਂ ਨੇ ਤੇਲ ਵਿਚ ਗੰਧਕ ਮਿਲਾ ਕੇ ਦਿੱਤੀ ਜਿਸ ਦਾ ਨਤੀਜਾ ਇਹ ਹੋਇਆ ਕਿ ਸਾਡੇ ਜਹਾਜ਼ ਬਿਗੜ ਗਏ, ਖਰਾਬ ਹੋ ਗਏ, ਪੈਰੇਲਾਈਜ਼ ਹੋ ਗਏ । ਬਾਅਦ ਵਿਚ ਸਾਡੇ ਜਵਾਨਾਂ ਨੇ ਫੈਸਲਾ ਕੀਤਾ ਕਿ ਅਸੀਂ ਬਰਤਾਨੀਆਂ ਅਤੇ ਅਮਰੀਕਾ ਦੀਆਂ ਕੰਪਨੀਆਂ ਦਵਾਰਾ ਦਿੱਤੇ ਹੋਏ ਤੇਲ ਨੂੰ ਹੱਥ ਨਹੀਂ ਲਗਾਉਣਾ । ਉਨ੍ਹਾਂ ਨੇ ਇਹ ਫੈਸਲਾ ਕੀਤਾ ਕਿ that British or American oil will not be used in the defence preparations, but only Russian oil will be used.

ਮੈਂ ਕਹਿੰਦਾ ਹਾਂ ਕਿ ਜੇਕਰ ਇੰਡੀਅਨ ਆਇਲ ਕਾਰਪੋਰੇਸ਼ਨ ਨਾ ਹੁੰਦੀ ਜਿਹੜੀ ਕਿ ਨੈਸ਼ਨਲ ਕਨਸਰਨ ਹੈ ਤਾਂ ਸਾਡੇ ਦੇਸ਼ ਵਿਚ ਤੇਲ ਦਾ ਕਾਲ ਪੈ ਜਾਂਦਾ । ਬੜੀ ਹੈਰਾਨੀ ਦੀ ਗੱਲ ਹੈ ਕਿ ਪਿਛਲੇ ਮਾਰਚ ਤੱਕ ਸਾਡੀ ਸਰਕਾਰ ਦੀ ਪਾਲਿਸੀ ਬਰਤਾਨਵੀ ਅਤੇ ਅਮਰੀਕੀ ਤੇਲ ਨੂੰ ਤਰਜੀਹ

ਦੇਣ ਦੀ ਰਹੀ । ਰਸ਼ੀਅਨ ਆਇਲ ਨਾ ਲੈਣ ਦੀ ਪਾਲਿਸੀ ਰਖੀ ਹਾਲਾਂਕਿ ਰਸ਼ੀਅਨ ਆਇਲ ਸਾਨੂੰ ਰੁਪਏ ਬਦਲੇ ਮਿਲਦਾ ਹੈ ਅਤੇ ਅਮਰੀਕੀ ਤੇ ਬਰਤਾਨਵੀ ਤੇਲ ਡਾਲਰ ਅਤੇ ਪਾਊਂਡ ਦੀ ਪੇਮੈਂਟ ਵਿਚ ਮਿਲਦਾ ਹੈ । ਜੇਕਰ ਅਸੀਂ ਰਸ਼ੀਅਨ ਖਰੀਦੀਏ ਤਾਂ 50 ਕਰੋੜ ਰੁਪਏ ਵਿਦੇਸ਼ੀ ਮੁਦਰਾ ਦਾ ਸਾਨੂੰ ਸਾਲਾਨਾ ਲਾਭ ਹੁੰਦਾ ਹੈ । ਪਿਛਲੇ ਮਾਰਚ ਵਿਚ ਪਾਲਿਸੀ ਬਦਲੀ । ਰਸ਼ੀਅਨ ਆਇਲ ਚੀਪਰ ਆਇਲ ਹੈ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਸਰਕਾਰ ਨੂੰ ਆਪਣੀ ਨੀਤੀ ਬਦਲਕੇ ਇੰਡੀਅਨ ਆਇਲ ਕਾਰਪੋਰੇਸ਼ਨ ਨੂੰ ਤਕੜੇ ਕਰਨ ਦੀ ਜ਼ਰੂਰਤ ਹੈ । ਐਂਗਲੋ ਅਮਰੀਕਨ ਬਲਾਕ ਦੀ ਇਹ ਕੋਸ਼ਿਸ਼ ਹੈ ਕਿ ਇੰਡੀਆ ਨੂੰ ਡਿਸਮੈਂਬਰ ਕੀਤਾ ਜਾਵੇ, ਟੁਕੜੇ ਟੁਕੜੇ ਕਰ ਦਿੱਤਾ ਜਾਵੇ ਜਿਸ ਤਰ੍ਹਾਂ ਕਿ ਉਨ੍ਹਾਂ ਨੇ ਕੋਰੀਆ ਵਿਚ ਕੀਤਾ ਹੈ ਅਤੇ ਵੀਤਨਾਮ ਵਿਚ ਕੀਤਾ ਹੈ । ਹਿੰਦੁਸਤਾਨ ਵਿਚ ਵੀ ਸ਼ੇਖ ਅਬਦੁਲੇ ਨੂੰ ਪੋਸ਼ੀਦਾ ਤੌਰ ਤੇ ਫਾਈਨੈਂਸ ਕਰਦੇ ਰਹੇ । ਆਜ਼ਾਦ ਕਸ਼ਮੀਰ ਦਾ ਨਾਅਰਾ ਵੀ ਉਨ੍ਹਾਂ ਨੇ ਹੀ ਲਗਵਾਇਆ । ਨਾਗਾਲੈਂਡ ਵਿਚ ਜਿਹੜੀਆਂ ਅਮਰੀਕਨ ਮਿਸ਼ਨਰੀਜ਼ ਹਨ ਅਤੇ ਆਸਾਮ ਵਿਚ ਬ੍ਰਿਟਿਸ਼ ਟੀ ਪਲਾਂਟਰਜ਼ ਹਨ ਇਹ ਸਭ ਫਿਜ਼ੋ ਨੂੰ ਆਜ਼ਾਦ ਨਾਗਾਲੈਂਡ ਲਈ ਸ਼ਹਿ ਦਿੰਦੇ ਹਨ । ਫਿਜ਼ੋ ਦਾ ਇਹ ਪਹਿਲਾ ਸਹਾਰਾ ਹਨ । They are a source of information, source of help and source of encourgement to Phizo who is demanding the independence of Nagaland.

ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਾਲਾਤ ਅਜਿਹੇ ਹਨ ਕਿ ਸਾਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੀ ਲੋੜ ਹੈ, ਇੰਡੀਪੈਂਡੈਂਟਲੀ ਖੜ੍ਹੇ ਹੋਣ ਦੀ ਜ਼ਰੂਰਤ ਹੈ ਅਤੇ ਆਪਣੇ ਦੇਸ਼ ਨੂੰ ਮਜ਼ਬੂਤ ਕਰਨ ਦੀ ਲੋੜ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਇਹ ਪ੍ਰਸਤਾਵ ਪੇਸ਼ ਕਰਨਾ ਚਾਹੁੰਦਾ ਹਾਂ ਕਿ ਹਾਊਸ ਇਸ ਨੂੰ ਪਾਸ ਕਰਕੇ ਗੌਰਮਿੰਟ ਆਫ ਇੰਡੀਆ ਨੂੰ ਭੇਜੇ ਅਤੇ ਉਹ ਇਨ੍ਹਾਂ ਹਾਲਾਤ ਦੀ ਰੋਸ਼ਨੀ ਵਿਚ ਜਲਦੀ ਹੀ ਕਦਮ ਉਠਾ ਸਕੇ ।

Shri Ram Saran Chand Mital (Chairman) : Motion moved—

That this House recommends to the Government to draw the attention of the Union Government to the general feeling among the people of the State that in view of the anti-Indian role of the Britisth Government in the recent India-Pakistan conflict, India should quit the Commonwealth.

Sardar Gurnam Singh (Raikot) : Sir, I beg to move—

1. In line 4. *between* "feeling" and "among" *insert* "of resentment".

2. In line 5, *delete* "that".

3. In lines 7-8 *for* the sign and words, "India should quit the Commonwealth" *substitute* "and requests the Union Government to convey this resentment to the British Government which is also a member of the Common-wealth".

ਚੇਅਰਮੈਨ ਸਾਹਿਬ, ਮੇਰੇ ਸੈਂਟੀਮੈਂਟਸ ਹੂਬਹੂ ਉਹੀ ਹਨ ਜਿਹੜੇ ਕਿ ਜੋਸ਼ ਸਾਹਿਬ ਨੇ ਬ੍ਰਿਟਿਸ਼ ਦੇ ਬਾਰੇ ਵਿਚ, ਯੂਨਾਈਟਿਡ ਕਿੰਗਡਮ ਦੇ ਬਾਰੇ ਵਿਚ ਪ੍ਰਗਟ ਕੀਤੇ ਹਨ । ਮਗਰ ਮੈਂ ਸਮਝਦਾ ਹਾਂ ਕਿ ਕੋਈ ਰੈਜ਼ੋਲਿਊਸ਼ਨ ਜਿਹੜਾ ਇਸ ਹਾਊਸ ਵਿਚੋਂ ਜਾਵੇ, ਉਹ ਮਾਕੂਲ ਹੋਣਾ ਚਾਹੀਦਾ ਹੈ ਔਰ ਲਾਜੀਕਲ ਹੋਣਾ ਚਾਹੀਦਾ ਹੈ । ਮੈਂ ਉਮੀਦ ਕਰਦਾ ਹਾਂ ਕਿ ਜੋਸ਼

[ਸਰਦਾਰ ਗੁਰਨਾਮ ਸਿੰਘ]

ਸਾਹਿਬ ਇਹ ਨਹੀਂ ਸਮਝਣਗੇ ਕਿ ਜੋ ਕੁਝ ਮੈਂ ਕਹਿ ਰਿਹਾ ਹਾਂ ਕਿਸੇ ਹੋਰ ਨੀਅਤ ਨਾਲ ਕਹਿ ਰਿਹਾ ਹਾਂ ਕਿ ਸ਼ਾਇਦ ਬ੍ਰਿਟਿਸ਼ ਇੰਪੀਰੀਅਲਿਜ਼ਮ ਜਾਂ ਅਮਰੀਕਾ ਦਾ ਏਜੰਟ ਹਾਂ । ਮੈਂ ਇਸ ਲਈ ਕਹਿੰਦਾ ਹਾਂ ਕਿ ਜਿਹੜਾ ਕਾਮਨਵੈਲਥ ਨੂੰ ਛੱਡਣ ਦਾ ਸਵਾਲ ਹੈ, ਇਹ ਪਾਲਿਸੀ ਸੈਂਟਰਲ ਗੌਰਮਿੰਟ ਦੀ ਪਾਲਿਸੀ ਹੈ । ਅਸੀਂ ਇਥੋਂ ਉਨ੍ਹਾਂ ਨੂੰ ਕੁਝ ਨਹੀਂ ਕਹਿ ਸਕਦੇ ਕਿ ਕੀ ਪਾਲਿਸੀ ਐਡਾਪਟ ਕਰਨ । ਇਸ ਬਾਰੇ ਬਹੁਤ ਸਾਰੀਆਂ ਗੱਲਾ ਮੈਂ ਕਹਿ ਸਕਦਾ ਹਾਂ ਪਰ ਉਹ ਮੈਂ ਕਹਿਣਾ ਚਾਹੁੰਦਾ ਨਹੀਂ । ਇਲਸਟ੍ਰੇਟ ਕਰਨ ਵਾਸਤੇ ਇਕੋ ਹੀ ਚੀਜ਼ ਤੁਹਾਡੇ ਨੋਟਿਸ ਵਿਚ ਲਿਆਉਂਦਾ ਹਾਂ ਕਿ ਹੁਣੇ ਹੀ—ਬਾਵਜੂਦ ਇਸ ਰਵੱਈਏ ਦੇ—ਸਾਡੀ ਸੈਂਟਰ ਦੀ ਸਰਕਾਰ ਨੇ ਇਕ ਇੰਟਰੈਸਟ ਫਰੀ ਲੋਨ ਯੂਨਾਈਟਿਡ ਕਿੰਗਡਮ ਤੋਂ ਐਕਸੈਪਟ ਕੀਤਾ ਹੈ । ਇਸੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਥੇ ਸਾਨੂੰ ਉਸ ਪਾਲਿਸੀ ਦੇ ਸਵਾਲ ਵਿਚ ਨਹੀਂ ਪੈਣਾ ਚਾਹੀਦਾ । ਜੋ ਪਾਲਿਸੀ ਸੈਂਟਰ ਦੀ ਹੈ ਸਾਨੂੰ ਉਸ ਵਿਚ ਦਖਲ ਨਹੀਂ ਦੇਣਾ ਚਾਹੀਦਾ । ਇਸ ਲਈ ਜਿਹੜੀ ਮੈਂ ਅਮੈਂਡਮੈਂਟ ਦਿੱਤੀ ਹੈ ਇਹ ਇਸ ਵਿਚ ਜ਼ਰੂਰੀ ਹੈ ।

ਦੂਜੀ ਬੁਨਿਆਦੀ ਚੀਜ਼, ਚੇਅਰਮੈਨ ਸਾਹਿਬ, ਇਹ ਹੈ ਕਿ ਬਰਤਾਨੀਆ ਯੂਨਾਈਟਿਡ ਕਿੰਗਡਮ ਹੈ, ਕਾਮਨਵੈਲਥ ਨਹੀਂ । ਕਾਮਨਵੈਲਥ ਤਾਂ 40–50 ਮੁਲਕਾਂ ਦੀ ਹੈ—ਐਫਰੋ ਏਸ਼ੀਅਨ ਕੰਟਰੀਜ਼ ਦੀ ਹੈ ਔਰ ਉਸ ਵਿਚ ਮਲੇਸ਼ੀਆ ਵੀ ਇਕ ਮਲਕ ਹੈ ਜਿਸ ਨੇ ਸਾਨੂੰ ਰੀਸੈਂਟਲੀ ਬੜੀ ਸਟਰਾਂਗਲੀ, ਬੜੇ ਜ਼ੋਰ ਨਾਲ ਸਿਕਿਉਰਟੀ ਕੌਂਸਲ ਵਿਚ ਔਰ ਯੂਨਾਈਟਿਡ ਨੇਸ਼ਂਜ ਵਿਚ ਸਪੋਰਟ ਕੀਤਾ ਹੈ । ਮੈਂ ਇਹ ਸਮਝਦਾ ਹਾਂ ਕਿ ਇਸ ਵਿਚ ਵੀ ਕਈ ਨਾਜ਼ਕ ਕਿੰਪਲੀਕੇਸ਼ਨਜ਼ ਇਨਵਾਲਵਡ ਹਨ—ਜੇ ਇਹ ਕਿਹਾ ਗਿਆ ਹੁੰਦਾ ਕਿ ਬ੍ਰਿਟੇਨ ਨੂੰ ਕਾਮਨਵੈਲਥ ਵਿਚੋਂ ਕਢਿਆ ਜਾਵੇ ਕਿਉਂਕਿ ਉਸਦਾ ਰਵਈਆ ਠੀਕ ਨਹੀਂ ਤਾਂ ਇਕ ਹੋਰ ਚੀਜ਼ ਸੀ । ਲੇਕਿਨ ਇਸ ਕਰਕੇ ਕਾਮਨਵੈਲਥ ਨੂੰ ਛੱਡ ਦੇਣਾ ਕਿਉਂਕਿ ਉਸ ਬਾਡੀ ਦੇ ਵਿਚ ਇਕ ਮੁਲਕ ਦਾ ਰਵੱਈਆ ਸਾਡੇ ਬਰਖਿਲਾਫ ਹੈ, ਮੈਂ ਸਮਝਦਾ ਹਾਂ ਕਿ ਜਾਇਜ਼ ਨਹੀਂ । ਕਿਉਂਕਿ ਜਿਵੇਂ ਮੈਂ ਪਹਿਲਾਂ ਅਰਜ਼ ਕੀਤੀ ਹੈ, ਕਾਮਨਵੈਲਥ ਤਾਂ ਇਕ ਬਾਡੀ ਆਫ ਨੇਸ਼ਨਜ਼ ਹੈ, ਜਿਸ ਵਿਚ 40-50 ਮੁਲਕ ਹਨ । ਅਸੀਂ ਕਿਉਂ ਇਸ ਤੋਂ ਆਪਣਾ ਨਾਤਾ ਤੋੜੀਏ ? ਅਸੀਂ ਕਾਮਨਵੈਲਥ ਦੀਆਂ ਮੀਟਿੰਗਾਂ ਵਿਚ, ਉਸ ਦੀਆਂ ਕਾਨਫਰੰਸਾਂ ਵਿਚ ਬ੍ਰਿਟਿਸ਼ ਗੌਰਮੈਂਟ ਨਾਲ ਇਸ ਸਵਾਲ ਨੂੰ ਲੈ ਸਕਦੇ ਹਾਂ ਕਿ ਤੁਸਾਂ ਕੀ ਕਰ ਰਹੇ ਹੋ ? ਇਹ ਠੀਕ ਹੈ, ਕੋਈ ਇਸ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਮੌਜੂਦਾ ਝਗੜੇ ਵਿਚ, ਮੌਜੂਦਾ ਲੜਾਈ ਵਿਚ ਜਿਹੜੀ ਪਾਕਿਸਤਾਨ ਨਾਲ ਸਾਨੂੰ ਕਰਨੀ ਪਈ, ਬ੍ਰਿਟਿਸ਼ ਪਰੈਸ ਨੇ, ਬ੍ਰਿਟਿਸ਼ ਗੌਰਮਿੰਟ ਨੇ, ਬ੍ਰਿਟਿਸ਼ ਪ੍ਰਾਈਮ ਮਨਿਸਟਰ ਨੇ ਇਸ ਨਾਜ਼ੁਕ ਮਰਹਲੇ ਤੇ ਇਕ ਪਾਰਸ਼ਲ ਐਟੀਚਡ ਲਿਆ, ਹਿੰਦੁਸਤਾਨ ਦੇ ਖਿਲਾਫ ਦੂਜੀ ਪਾਰਟੀ ਦਾ ਪੱਖ ਲਿਆ ਜਿਸ ਨੂੰ ਅੱਜ ਹਿੰਦੁਸਤਾਨ ਦੇ ਹਰ ਆਦਮੀ ਨੇ ਕਨਡੈਮ ਕੀਤਾ ਹੈ । ਸਾਨੂੰ ਉਨ੍ਹਾਂ ਦੇ ਇਸ ਐਟੀਚੂਡ ਨੂੰ ਕਨਡੈਮ ਕਰਦਿਆਂ ਹੋਇਆਂ ਆਪਣੀ ਰੀਜ਼ੈਂਟਮੈਂਟ ਜ਼ਾਹਿਰ ਕਰਨੀ ਚਾਹੀਦੀ ਹੈ ਔਰ ਸੈਂਟਰਲ ਗੌਰਮਿੰਟ ਨੂੰ ਇਹ ਰਿਕਮੈਂਡ ਕਰਨਾ ਚਾਹੀਦਾ ਹੈ ਕਿ ਹਿੰਦੁਸਤਾਨ ਦੇ ਲੋਕਾਂ ਦੀ ਇਹ ਰੀਜ਼ੈਂਟਮੈਂਟ ਬ੍ਰਿਟਿਸ਼ ਗੌਰਮਿੰਟ ਨੂੰ ਕਨਵੇ ਕੀਤੀ ਜਾਵੇ ਕਿ ਉਸ ਨੇ ਬਤੌਰ ਕਾਮਨਵੈਲਥ ਦਾ ਇਕ ਲੀਡਿੰਗ ਮੈਂਬਰ ਹੋਦੇ ਇਸ ਮੌਕੇ ਉਤੇ ਕੋਈ ਅੱਛਾ ਪਾਰਟ ਪਲੇ ਨਹੀਂ ਕੀਤਾ ਜਿਹੜਾ ਇਕ ਪਾਰਟੀ ਦਾ ਪੱਖ ਲੈ ਕੇ ਪਾਰਸ਼ਲ ਹੋਣ ਦਾ ਸਬੂਤ ਦਿੱਤਾ ਹੈ । ਅਗਰ ਅੰਗਰੇਜ਼ ਹਿੰਦੁਸਤਾਨ ਔਰ ਪਾਕਿਸਤਾਨ ਵਿਚਕਾਰ ਕੋਈ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕਰਦੇ ਤਦ ਤਾਂ ਸਮਝ ਵਿਚ ਆ ਸਕਦਾ ਸੀ ਪਰ ਉਹ ਕੋਈ ਸਮਝੌਤਾ ਨਹੀਂ ਕਰਾ ਸਕੇ ਬਲਕਿ ਇਸ ਤੋਂ ਉਲਟ ਪਾਰਟੀਜ਼ਨ ਦਾ ਪਾਰਟ ਲਿਆ ਜਿਹੜਾ ਕਿ ਉਨ੍ਹਾਂ ਨੂੰ ਕਾਮਨਵੈਲਥ ਦਾ ਮੈਂਬਰ ਹੋਣ ਦੇ ਨਾਤੇ ਨਹੀਂ ਸੀ ਲੈਣਾ ਚਾਹੀਦਾ। ਇਸ ਲਈ, ਮੈਂ ਗੌਰਮੈਂਟ ਨੂੰ ਕਹਾਂਗਾਂ ਔਰ ਮੂਵਰ ਸਾਹਿਬ ਨੂੰ ਵੀ ਕਹਾਂਗਾ ਕਿ ਇਹ ਜਿਹੜੀ ਮੈਂ ਅਮੈਂਡਮੈਂਟ ਦਿੱਤੀ ਹੈ, ਇਹ ਮਾਕੂਲ ਹੈ, ਦਰੁਸਤ ਹੈ, ਜੇ ਇਸ ਨੂੰ ਮੰਨ ਲਿਆ ਜਾਵੇ ਤਾਂ ਬਹੁਤ ਹੀ ਅਛੀ ਗਲ ਹੋਵੇਗੀ ।

ਚੇਅਰਮੈਨ ਸਾਹਿਬ, ਮੈਂ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਦੋਹਾਂ ਪਾਸਿਆਂ ਦੇ ਬੈਂਚਿਜ਼ ਨੂੰ ਇਹ ਅਪੀਲ ਕਰਾਂਗਾ ਕਿ ਇਹ ਮੇਰੀ ਅਮੈਂਡਮੈਂਟ ਮੰਨ ਲੈਣੀ ਚਾਹੀਦੀ ਹੈ ਕਿਉਂਕਿ ਇਹ ਲਾਜੀਕਲ ਹੈ । ਅਸੀਂ ਆਪਣੀ ਰੀਜ਼ੈਂਟਮੈਂਟ ਯੂ. ਕੇ. ਦੀ ਗੌਰਮਿੰਟ ਨੂੰ ਭੇਜ ਸਕਦੇ ਹਾਂ ਮਗਰ ਉਸ ਬਾਡੀ ਵਿਚੋਂ ਭਜ ਜਾਣਾ ਜਿੱਥੇ ਹੋਰ ਵੀ 40–50 ਮੁਲਕ ਹੋਣ ਦਰੁਸਤ ਗੱਲ ਨਹੀਂ । ਜਿੱਥੋਂ ਤਕ ਅਮਰੀਕਾ ਦਾ ਤਅਲੁਕ ਹੈ, ਇਸ ਦੇਸ਼ ਬਾਰੇ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਉਸਦੀ ਇਸ ਰੈਜ਼ੋਲਿਊਸ਼ਨ ਨਾਲ ਰੈਲੇਵੈਂਸੀ ਨਹੀਂ । ਇਸ ਲਈ ਬਿਹਤਰ ਇਹੋ ਹੈ ਕਿ ਇਸ ਵੇਲੇ ਅਮਰੀਕਾ ਵਲ, ਇਸ ਰੈਜ਼ੋਲਿਊਸ਼ਨ ਨੂੰ ਡਿਸਕਸ ਕਰਦਿਆਂ, ਨਾ ਜਾਈਏ । ਇਹ ਕੋਈ ਚੰਗੀ ਗੱਲ ਨਹੀਂ । ਇਨ੍ਹਾਂ ਸ਼ਬਦਾ ਨਾਲ ਮੈਂ ਆਪਣੀ ਅਮੈਂਡਮੈਂਟ ਹਾਊਸ ਅੱਗੇ ਪੇਸ਼ ਕਰਦਾ ਹਾਂ ।

Mr. Chairman ; Motion moved—

In lines 4, *between* "feeling'' and "among" *insert* "of resentment''.

In line 5, *delete* "that."

In line 7-8 *for* the sign and words "India should quit the commonwealth" *substitute* "and requests the Union Government to convey this resentment to the British Government which is also a member of the commonwealth."

श्रीमती चन्द्रावती (खाद्य तथा प्रदाय उप मन्त्री) : चेयरमैन साहिब, यह जो कामरेड जोश ने रेज़ोल्यूशन पेश किया इस पर मैं अपने विचार रखना चाहती हूँ। हमें कामनवेल्थ में रहना चाहिए या नहीं रहना चाहिए, इस बारे में क्या निर्णय हो इस चीज़ को तो हमें अपने नेताओं पर छोड़ देना चाहिए लेकिन आज इस अवसर पर, चेयरमैन साहिब, ग्रेट ब्रिटेन का जो रवैया है मैं उसकी तस्वीर खेंचना चाहती हूँ।

सब से पहले तो मैं हमारे ऊपर जो ग्रेट ब्रिटेन का फिज़िकल असर है उसकी बात करती हूँ। सदियों से उसने हमारे ऊपर एक ऐसा असर डाला, एक ऐसी मैंटेलिटी पैदा की कि हमें एक रिएक्शनरी तरीके पर सोचने के लिये विवश किया और आज भी हम कुछ कुछ उसी तरीके से सोचते हैं। मैं यह समझती हूँ कि उस मैनटेलिटी के साथ जब तक हम किसी तरह का भी सम्बन्ध कायम रखेंगे, अपने अन्दर से उसे दूर नहीं कर सकेंगे.......(प्रशंसा) मैं समझती हूँ कि हमारे यहां, हमारे देश में एक ऐसी क्लास है जो अपने बच्चों को इंग्लैंड में पढ़ाने के लिये भेजते हैं और ऐसा करने में बड़े गौरव का अनुभव करते हैं। मैं एक मिसाल आपको देती हूँ। मुझे मिसिज़ ठिंडानी के एक लेख की याद आ गई है जो कि ट्रिब्यून में आया था। उसमें उन्होंने लिखा था कि कोई भी गोरी चमड़ी का आदमी, चाहे वह कितना ही छोटा है, हमारे मुल्क के अन्दर किसी भी बड़े से बड़े आदमी, अमीर से अमीर आदमी के मकान में चला जाए तो वहां पर उसे ड्राइंग रूम में जगह मिल जाती है, उसका वहां पर अच्छी तरह से स्वागत होता है चाहे वही आदमी बाहर जाकर हमारे देश के खिलाफ कितना ही ज़हर क्यों न उगले। इसी प्रकार उन्होंने यह भी लिखा कि जब कभी यहां पर कोई एमबैसेडर अपनी गली सड़ी चीज़ों को, अपने पहने हुए कपड़ों को फरनीचर की आर्टिकल्ज़ को

[खाद्य तथा प्रदाय उप मन्त्री]

नीलाम करता है तो उनको भी हम बड़ी खुशी से लेते हैं और इस शान से रखते हैं कि फलां एमबसेडर गया और हम ने ये चीज़ें नीलामी में खरीदीं। तो चेयरमैन साहिब, हमारे देश में एक इस किस्म की मैनटैलिटी वाली क्लास पैदा हो गई है। जब तक हम उस क्लास को नहीं मिटाते, जब तक उस मनटेलिटी को दूर नहीं किया जाता तब तक हम सही मायनों में बरतानिया का बाईकाट नहीं कर पायेंगे। इस लिये सब से पहली बात तो यह है कि उस मैनटेलिटी को दूर करना है।

इसके अलावा, जैसा कि जोश साहिब ने कहा, बरतानिया की सदियों से यह पालिसी रही कि "डिवाईड दी पीपल एंड रूल दी कन्टरी"। लेकिन जब हिन्दुस्तान के लोगों ने आज़ादी का नारा लगाया तो उसने अपनी उस पालिसी को बदल दिया। तब से उसने यह पालिसी अपना ली कि "डिवाईड दी कन्टरी एंड रूल दी पीपल"। उसने इस पालिसी का सब से पहला वार हिन्दुस्तान पर किया। हिन्दुस्तान उसकी इस पालिसी का शिकार बना जबकि "टू नेशंज थ्यूरी" के आधार पर उसने हमारे देश के दो टुकड़े कर दिए। उस वक्त मैं स्टूडेंट थी। उस वक्त पढ़ा था, उसकी तलाश तो मैं इस वक्त नहीं कर सकी लेकिन एक किताब थी 'Mission with Mountbaton'। उसमें लिखा था कि हिन्दुस्तान पर कई सालों तक इनवेडर्ज़ के हमले हुए, कितने नए धर्म उसके अन्दर आए, कितने लोगों ने उस पर आक्रमण किये, कितने लोगों ने यहां के लोगों पर अत्याचार किये पर हिन्दुस्तान कभी मरा नहीं, हिन्दुस्तान की कभी हार नहीं हुई। लेकिन जब हिन्दुस्तान के टुकड़े हुए तो हिन्दुस्तान की डिफीट हुई, हिन्दुस्तान की हार हुई और उसी माऊंटबेटन ने हिन्दुस्तान के साथ सब से बड़ा धोखा किया। इसके टुकड़े करके हिन्दुस्तान और पास्कि-स्तान बनाकर इतनी समस्याएं खड़ी कर दीं, जिनका अभी तक हल नहीं हो पाया। आज तक यहां हर हिन्दु और मुसलमान का झगड़ा खत्म नहीं हुआ। आज भी हमारे दोनों देशों में लोग एक दूसरे के साथ लड़ने को तैयार हैं और अंग्रेज़ अब भी पूरी तरह से इसी बात को सोचते हैं कि कैसे इन मसलों को भड़काया जाए, कैसे इस आग को हवा दी जाए। वैसे जो आग 1947 में भड़की थी उसको ब्रतानिया ठंडी नहीं होने देना चाहता है। ऐसे देश को, जिसका काम ही हमारे खिलाफ बातें करने का हो, हमारा नुकसान करने का हो उसे हम मित्र कहें तो मैं समझती हूं कि इस से बढ़ कर धोखा और क्या हो सकता है।

चेयरमन साहिब, मैं इस मौके पर आपको थोड़ी सी इतिहास की बात बताती हूँ। हम लोग हिटलर को बुरा समझते हैं—इसलिये बुरा समझते हैं कि उसने गैस chamber, में हज़ारों यहूदियों को मरवा दिया। लेकिन अंग्रेज़ों ने आपके साथ क्या कुछ नहीं किया ? उन्होंने हिन्दुस्तान की आत्मा का हनन किया, हिन्दुस्तानियों को कुत्ते कहा और अपनी क्लबों के बाहर यह लिख दिया कि यहां पर हिन्दुस्तानी नहीं आ सकते, होटलों के बाहर लिख दिया कि यहां पर हिन्दुस्तानी नहीं आ सकते। इससे और ज्यादा वह हम को और क्या मार सकते थे। अंग्रेज़ जब यहां पर राज करते रहे हैं तो उस वक्त जो वह हम पर अत्याचार करते रहे थे उसको क्या हम भूल सकते हैं। फिर आज दक्षिणी अफरीका में क्या हो रहा है। मैं कहती हूँ कि बरतानिया की गवर्नमेंट ने और उसके नुमायन्दों ने जहां वह दुनिया में राज्य करते रहे हैं और वहां पर जो अत्याचार करते रहे हैं

उनके साथ हिटलर के अत्याचारों का जो वह यहूदियों के साथ करता रहा है मुकाबिला नहीं किया जा सकता । हिटलर के अत्याचार पीछे रह जाते हैं लेकिन उसके खिलाफ इनका प्रापेगंडा बहुत रहा है जिस करके इन द्वारा किये गए अत्याचार छिपे रह गए हुए हैं। इनका सारे संसार में प्रापेगंडा इतना ज़ोर का रहा है जिसकी वजह से इनकी जो मोहन शक्ति लोगों पर अपना जादू करती रही है इसके कारण इनके अत्याचार भी उनकी आंखों में अत्याचार न रहे । और वह अगर हमें जहर भी देना चाहते थे तो वह शुगर पिलज़ की शक्ल में देते रहे और उनकी गोरी चमड़ी के जादू में आकर हम में इनफिरियारेटी कम्पलेक्स सा पैदा हो गया हुआ था और हम उनको एक तरह से सुप्पर हियूमन से समझने लगे थे । यह सारी बातें हैं जो मैं आपके सामने कहना चाहती हूँ।

चेयरमैन साहिब, मैं आपकी बात सही मानती हूँ कि यह ठीक है कि इस प्रस्ताव के साथ अमेरिका का कोई सम्बन्ध नहीं है लेकिन इसके साथ ही मैं आपसे पूछती हूँ कि वियट नाम में क्या हो रहा है क्या वहां पर भी अंग्रेज का हाथ नहीं है? कांगो में वह क्या नहीं करते रहे । हर जगह पर उनका किसी न किसी शक्ल में हाथ रहा है। फिर उसके बावजूद भी वह कहते हैं कि हिटलर ने बहुत अत्याचार किये थे। लेकिन मैं कहती हूँ कि ग्रेट ब्रिटन के हुकमरानों द्वारा किये गए जितने अत्याचार इस धरती पर देखने में आते हैं उतने न किसी ने कहीं कभी किये हैं और न आगे कोई कर सकेगा । आज भी आप देख लें कि दक्षिणी अफरीका में वह क्या कर रहे हैं और मिस्टर समिथ रोडेश्या में क्या कर रहा है जहां पर इनसानों को ब्लैक एलीफेंट कह कर निकाल दिया जाता है और उन्हें रास्तों पर भी नहीं चलने दिया जाता । फिर इन तमाम चीज़ों के होते हुए भी यह कहा जाता है कि वह हिन्दुस्तान के मित्र हैं लेकिन मैं कहती हूँ कि न पहले कभी वह हमारे मित्र रहे हैं और न ही रह सकते हैं। मिस्टर चर्चल ने अपनी जीवनी में लिखा था कि जब वह हिन्दुस्तान में फौज में भरती होकर आया था तो बंगलौर में रहा था। उसका यह तजुरुबा है कि हिन्दुस्तान आराम में रहने के लिये सबसे अच्छी जगह है क्योंकि वहां पर हर काम के लिये अलग नौकर मिल जाता है, यानी कपड़े सम्भालने के लिये अलग मिल जाता है, जूते उठाने के लिये अलग मिल जाता है इसी तरह से हरेक काम के लिये वहां अलग अलग आदमी होते हैं। यहां तक कि valet सम्भालने के लिये भी अलग आदमी हैं। जब वह ऐसे देश को छोड़ने पर मजबूर कर दिये गए तो उनसे इस देश की कभी भी मदद करने की उम्मीद नहीं की जा सकती । हममें से जो वहां जा कर पढ़ते हैं अगर यह समझते हैं कि वह हमारी मदद करेंगे तो यह उनकी भूल होगी ।

चेयरमैन साहिब, मैं एक बात और कहना चाहती हूं जो हमारे ट्रिब्यून अखबार में छपी थी जो गोबलज़ के झूठ को भी मात कर देती है। जब पिछले दिनों में अम्बाला में बम्ब पड़ा था तो अमेरिका के अखबार ने यह खबर निकाली थी कि उस दिन अम्बाला में हिन्दुस्तान के 25 हवाईजहाज़ नष्ट हो गए थे । इससे आप अन्दाज़ा लगा सकते हैं कि जितनी झूठी खबरें वह हमारे बारे में निकालते हैं। इसके बारे में ट्रिब्यून

[खाद्य तथा प्रदाय उप मन्त्री]

ने लिखा था कि यह खबरें वहां का प्रेस कहां से लेता है तो उसने यह भी बताया था कि उन्होंने यहां अपने प्रेस को रिपोर्टस भेजने के लिये एक लड़की रखी हुई है जो पहले से ज़ीरो ज़ीरो ज़ीरो की फिगरज़ तैयार करके रखती है और जो भी खबर यहां के किसी अखबार में छपे उसके साथ वह अंक ज़ीरो फैक्टस के साथ लगा कर भेज देती है। इस तरह से उनकी खबरें तैयार हो जाती हैं। आप ही बताइये कि गोबलज़ के झूठ में और इनके झूठ में क्या फर्क रह गया है। इन चीज़ों के बावजूद यह कहते हैं गोबलज़ ज्यादा झूठें बोलने वाला था। इसलिये मैं कहती हूँ कि हमारे कई लोगों को जो गोरी चमड़ी की एलयोरमेंट है उसे इनको छोड़ देना चाहिए और जो रीयेलेटीज़ है उनको मानने के लिये तैयार हो जाना चाहिए। कि कौन हमारे मित्र ह और कौन शत्रु हैं। (घंटी की आवाज़) बस चेयरमैन साहब, एक बात और कह कर मैं खत्म कर दूंगी। और हाउस का ज्यादा समय नहीं लूंगी। आपने देखा होगा कि जब भी इनको मौका मिलता है यह कश्मीर का हऊआ दिखाने लगते हैं और जो आग यह यहां पर हिन्दुस्तान के दो टुकड़े करके पाकिस्तान और हिन्दुस्तान बना कर आग लगा गये थे उसको यह सदा धधकते देखना चाहते हैं। फिर यह बात किस से छुपी हुई है कि अमेरिका में और कई दूसरी जगहों पर यह सलेवज़ की ट्रेड करते रहे हैं और उन लोगों से यह जिस तरह का बरताव किया करते थे तो वह किस से छुपा हुआ है। अगर कोई सलेव किसी के पास से भाग जाता था तो यह उसको पकड़ कर फिर उसके मालिक के पास पहुंचा देते थे। इसके बावजूद यह कहते हैं कि अंग्रेज़ कौम एक सवेलाईज़ड कौम है क्या इसी को सिवलीज़ेशन कहते हैं कि एक महाद्वीप से दूसरे महाद्वीप में सलेव लेजा कर उनकी ट्रेड की जाये। चेयरमैन साहिब, जो अंग्रेज़ इस बारे में करते रहे हैं और जो इस बारे में संसार का इतिहास बतलाता है क्या हम उस को भूल सकते हैं। अगर हम इस इतिहास को भूलने की कोशिश करेंगे तो हमें इससे बड़ी हानि उठानी पड़ेगी। मैं नहीं कहती कि हमें कामनवेल्थ को छोड़ देना चाहिए। इस बारे में तो गवर्नमेंट आफ इण्डिया के जो हमारे नेता है वह सोच कर फैसला कर सकते हैं लेकिन यह बात हमें ज़रूर याद रखनी चाहिए कि हमारे दिमागों में जो यह मैंटेलिटी बन गई है या बनती जा रही है कि हमने अगर अपने बच्चों को पढ़ाना है तो हम उन्हें इंगलैंड में भेजना मुनासिब समझते हैं या अगर कोई इलाज कराना है तो हम चाहते हैं कि इंगलैण्ड में जा कर कराएं ऐसा जो लोग महसूस करते हैं उनका ऐसा सोचना देश के हित में नहीं है और यह एक गलत चीज़ है। क्या हमारे देश में उनके बच्चों को पढ़ाने के लिये मास्टर नहीं हैं? और क्या बीमारियों के इलाज कराने के लिये हमारे अपने देश में डाक्टर नहीं हैं? कम अज़ कम हमें अपने बच्चों को पढ़ाने के लिये इंगलैण्ड में तो नहीं भेजना चाहिए। अगर बाहर भेजना ही है तो और भी तो छोटे छोटे मुल्क हैं जहां यह सारी सुविधाएं मिल सकती हैं। बेशक वहां जाए लेकिन बरतानिया में नहीं जाना चाहिए।

इस सिलसिले में मैं एक बात और कह कर, चेयरमेन साहिब, बैठ जाऊंगी। जब हम देश की आज़ादी की लड़ाई लड़ रहे थे तो यह अंग्रेज़ यहां पर हिन्दुओं और मुसलमानों

में नित्य झगड़े कराते रहते थे और जब हमारे जलूस निकलते थे तो यह उन पर लाठियां और गोलियां चलवा देते थे और निहत्थे लोगों को पीटा और मारा जाता था और उन पर तरह तरह के अत्याचार किये जाते थे । क्या हम यह सब बातें भूल गये हैं। अब फिर यही लोग पाकिस्तान और हिन्दुस्तान को लड़ाते हैं और इसके साथ ही कहते हैं कि हम सब के दोस्त हैं । आज सब लोगों को पता चल गया है कि यह किस तरीके से दोस्ती निभाते हैं या निभाते चले आए हैं।

श्री मोहन लाल (बटाला) : चेयरमैन साहिब, इस रैज़ोल्यूशन के दो हिस्से हैं। पहला हिस्सा तो यह है कि इंडिया और पाकिस्तान के कन्फलिक्ट में जो इन्गलस्तान का वतीरा रहा है उसके मुतअल्लिक इस हाउस के और पंजाब के लोगों के फीलिंग्ज़ कनवे किये जायें और दूसरा हिस्सा यह है कि हम रिकमैंड करें कि गवर्नमेंट आफ इंडिया कौमनवैल्थ से नाता तोड़ ले ।

जहां तक पहले हिस्से का ताल्लुक है, इसके मुतअल्लिक पंजाब की दो राएँ नहीं हो सकतीं, उस रोल के मुतअल्लिक जो इस झगड़े में इँगलिस्तान और अमरीका ने हिन्दुस्तान के खिलाफ और पाकिस्तान के हक में प्ले किया । बल्कि इससे पहले भी खास तौर पर कश्मीर के मामले में इनका जो रोल रहा उसके बारे में रहा यहां पर दो राएँ नहीं हो सकतीं । शुरू से लेकर इनका वतीरा हिन्दुस्तान के खिलाफ और पाकिस्तान के हक में रहा है । इसका तफसील में जिक्र मैं बाद में करूँगा ।

जहां तक दूसरे हिस्से का ताल्लुक है मैं सरदार गुरनाम सिंह जी से ऐग्री करता हूँ कि यह बात इस सभा की जूरिसडिक्शन से बाहर है । हमें अपनी हद में ही महदूद रहना चाहिए । हां जो हमारे फीलिंग्ज़ हैं—और वह बहुत वाजया फीलिंग्ज़ हैं—उनको कनवे करना हमारा हक बनता है और हमें यह बहुत मज़बूती के साथ ऊपर तक पहुंचाने चाहिएं । लेकिन अपने दायरे से बाहर जाकर हम मदाखलत करें इसका हमें हक नहीं पहुंचता और न ही यह मुनासब होगा । इसी लिये मैंने शुरू में ही कहा है कि मैं इस बारे में सरदार गुरनाम सिंह जी से इत्तफाक करता हूँ कि कौमनवैल्थ से हम अपना रिश्ता तोड़ें या कायम रखें यह हमारे दायरे की बात नहीं है और इसमें सिर्फ आज के यही हालात ही नहीं आते, उनका यही वतीरा नहीं आता और भी इन्टरनैशनल पालिटिक्स की बातें इसमें इनवोल्वड हैं जोकि हमारे दायरे से बाहर की हैं। हमारा यहां पर बैठ कर, महदूद से नालेज के साथ अपने आपको इनटरनेशनल ऐटमासफियर के ऐक्सपर्टस ज़ाहिर करना नामुनासिब होगा । यहां पर इनटरनैशनल एफेयर्ज़ डिस्कस नहीं होते उनकी जांच पड़ताल यहां पर नहीं होती और न ही हम उन से वाकफियत रखते हैं इसलिये इस बारे में कोई ऐडवाइस देना नामुनासिब होगा । इस बारे में अगर हम नुक्ताचीनी करें और हिन्द सरकार पर हम अपनी राय ठोसें तो यह ठीक नहीं होगा । अभी सरदार गुरनाम सिंह जी ने एक बड़ी वाज़ेह बात कही थी कि कामनवेल्थ में सिर्फ ब्रिटेन ही नहीं है और भी बीस इक्कीस मुल्क इसमें हैं, ब्रिटेन के ही हाथ में सारी बात नहीं है हां यह बात ज़रूर है कि वह कामनवैल्थ का एक सीनियर मैम्बर है, मगर

[श्री मोहन लाल]

तो मैं अर्ज़ कर रहा था कि जो हथियार ट्र्की या इरान पाकिस्तान को दे रहे हैं वह उन देशों के अपने बनाये हुए नहीं हैं। वह तो बर्तानिया ने ही उन्हें दिये हुए थे और आज बर्तानिया चाहता है कि पाकिस्तान हिन्दुस्तान से लड़े ताकि यह एक कमज़ोर देश बना रहे । यह भारत को एक शक्तिशाली देश बनता नहीं देख सकता। यह चाहता है कि हिन्दुस्तान जो एक जमहूरी मुल्क है यह कमज़ोर हो क्योंकि अगर यह ताकतवर बन गया तो इसके सामराज्यवाद को खतरा पैदा हो जायेगा । यह सब इस सरकार की गलत पालिसियों की वजह से हो रहा है । जब यह देश आज़ाद हुआ था

[चौधरी नेत राम]

तो बर्तानिया ने हमारे देश का 44 अरब रुपया देना था लेकिन इनकी गल्त पालिसियों की वजह से वह सारे का सारा इसने खत्म कर दिया। उसमें से इसने 22 अरब रुपये तो उसे मुआफ ही कर दिये और बाकी के 22 अरब रुपये के लिपस्टिक और पाऊडर मंगवा मंगवा कर खत्म कर दिये । एक तरफ तो यह सरकार इस तरह अरबों रुपये देश की जनता के तबाह कर रही है और दूसरी तरफ आप देखें कि जो हमारे गरीब कर्मचारी हैं उनको दो वक्त रोटी ही नसीब नहीं हो रही । आप असैंबली के क्लर्कों और रिपोर्टरों को ही देखिए । यह बेचारे 24, 24 घंटे काम करते हैं लेकिन इनको इतनी तनखाहें नहीं मिलतीं जिनसे यह अपना और अपने बाल बच्चों का पेट पाल सकें। इनको किसी तरह की कोई सुविधा नहीं दी जाती मगर दिन रात यहां काम करते रहते हैं। इनको न तो कोई ओवर टाइम ही मिलता है और न ही कोई ज्यादा देर तक काम करने का किसी भी शक्ल में इवज़ाना मिलता है । यह सब सरकार की गल्त नीतियां हैं जिनकी वजह से देश दिन बदिन कमज़ोर होता चला जा रहा है । इसलिये मैं हाउस से अपील करता हूँ कि वह इस रेज़ोल्यूशन को पास कर दे और सैंटर की सरकार को ज़ोर देकर कहे कि वह कामनवेल्थ में से निकल जाए।

ਸਰਦਾਰ ਗੁਰਦਰਸ਼ਨ ਸਿੰਘ (ਨਾਭਾ) : ਚੇਅਰਮੈਨ ਸਾਹਿਬ, ਜਿਹੜਾ ਰੈਜ਼ੋਲਿਊਸ਼ਨ ਹਾਊਸ ਵਿਚ ਮੂਵ ਕੀਤਾ ਗਿਆ ਹੈ ਜਿੱਥੋਂ ਤਕ ਉਸ ਦੇ ਇਸ ਪੋਰਸ਼ਨ ਦਾ ਤਾਲਕ ਹੈ —

This House recommends to the Government to draw the attention of the Union Government to the general feeling. . . . . .

ਮੈਂ ਤਾਂ ਇਹ ਕਹਾਂਗਾ ਕਿ ਪੰਜਾਬ ਦੇ ਲੋਕਾਂ ਦੀਆਂ ਸਟਰਾਂਗ ਫੀਲਿੰਗਜ਼ ਅਤੇ ਸਟਰਾਂਗ ਰੀਜ਼ੈਂਮੈਂਟ ਨੂੰ ਮੁਖ ਰਖਦੇ ਹੋਏ ਸਾਨੂੰ ਹਿੰਦੁਸਤਾਨ ਦੀ ਸਰਕਾਰ ਨੂੰ ਰੀਕਮੈਂਡ ਕਰਨਾ ਚਾਹੀਦਾ ਹੈ ਕਿ ਅੰਗਰੇਜ਼ ਸਰਕਾਰ ਦਾ ਪਾਕਿਸਤਾਨ ਅਤੇ ਹਿੰਦੁਸਤਾਨ ਦੀ ਮੌਜੂਦਾ ਜੰਗ ਵਿਚ ਜੋ ਪਾਰਟੀਜ਼ਨ ਐਟੀਚੂਡ ਰਿਹਾ ਹੈ, ਉਸ ਬਾਰੇ ਸਾਡੀ ਰੀਜ਼ੈਂਟਮੈਂਟ ਸ਼ੋ ਕਰਨ ਲਈ ਕੋਈ ਮੁਨਾਸਬ ਐਕਸ਼ਨ ਲਵੇ । ਜੇ ਇਨ੍ਹਾਂ ਦਾ ਰੈਜ਼ੂਲੀਊਸ਼ਨ ਇਥੋਂ ਤਕ ਹੀ ਮਹਿਦੂਦ ਹੁੰਦਾ ਤਾਂ ਮੈਂ ਇਨ੍ਹਾਂ ਦੇ ਨਾਲ ਸਹਿਮਤ ਹੋ ਸਕਦਾ ਸੀ । ਪਰ ਇਨ੍ਹਾਂ ਨੇ ਆਪਣੇ ਰੈਜ਼ੋਲੀਊਸ਼ਨ ਦੇ ਦੂਜੇ ਹਿੱਸੇ ਵਿਚ ਇਹ ਰੀਕਮੈਂਡ ਕੀਤਾ ਹੈ ਕਿ ਸਾਨੂੰ ਕਾਮਨਵੈਲਥ ਨੂੰ ਕੁਇਟ ਕਰ ਦੇਣਾ ਚਾਹੀਦਾ ਹੈ ਮੈਂ ਇਸ ਬਾਰੇ ਵਿਚ ਇਨ੍ਹਾਂ ਨਾਲ ਸਹਿਮਤ ਨਹੀਂ ਹੋ ਸਕਦਾ । ਇਸ ਦਾ ਕਾਰਨ ਇਹ ਹੈ ਕਿ ਪੰਜਾਬ ਦੀ ਜਨਤਾ ਨੇ ਜੋ ਇਸ ਜੰਗ ਵਿਚ ਜੋਸ਼ ਦਿਖਾਇਆ ਹੈ ਅੌਰ ਜੋ ਇਸ ਦੇ ਇਸ ਵੇਲੇ ਜਜ਼ਬਾਤ ਹਨ, ਇਹ ਰੈਜ਼ੋਲੀਊਸ਼ਨ ਉਨ੍ਹਾਂ ਦੇ ਮੁਤਾਬਕ ਨਹੀਂ ਹੈ।ਉਨ੍ਹਾਂ ਜਜ਼ਬਾਤ ਦੇ ਮੁਤਾਬਕ ਸਾਨੂੰ ਕਾਮਨਵੈਲਥ ਨਹੀਂ ਛੋੜਨੀ ਨਹੀਂ ਚਾਹੀਦੀ ਸਗੋਂ ਅੰਗਰੇਜ਼ ਹਕੂਮਤ ਨੂੰ ਉਸ ਵਿਚੋਂ ਕੱਢ ਦੇਣਾ ਚਾਹੀਦਾ ਹੈ । ਤੁਸੀਂ ਦੇਖੋ ਕਿ ਕਾਮਨਵੈਲਥ ਦੀ ਕੰਪੋ-ਜ਼ੀਸ਼ਨ ਕੀ ਹੈ ਅੌਰ ਇਸ ਦੇ ਮੈਂਬਰ ਕਿਹੜੇ ਕਿਹੜੇ ਦੇਸ਼ ਹਨ । ਚੇਅਰਮੈਨ ਸਾਹਿਬ, ਜੇ ਅਸੀਂ ਇਸ ਦੀ ਕੰਪੋਜ਼ੀਸ਼ਨ ਦੇਖੀਏ ਤਾਂ ਪਤਾ ਲਗਦਾ ਹੈ ਕਿ ਇਸ ਦੇ 17 ਮੈਂਬਰਾਂ ਵਿਚੋਂ ਬਰਿਟਨ, ਕਨੇਡਾ, ਆਸਟਰੇਲੀਆ ਅਤੇ ਨੀਊਜ਼ੀਲੈਂਡ ਚਾਰ ਵਾਈਟ ਰੇਸ ਕੰਟਰੀਜ਼ ਹਨ ਅੌਰ ਬਾਕੀ ਦੇ ਇੰਡੀਆ ਪਾਕਿਸਤਾਨ, ਘਾਨਾ, ਸਿੰਘਾਪੁਰ, ਮਲੇਸ਼ੀਆ, ਨਾਈਜੇਰੀਆ, ਟਾਂਗਾ ਨੀਕਾ, ਆਦਿ ਏਸ਼ੀਆ ਅਤੇ ਅਫਰੀਕਾ ਦੇ ਦੇਸ਼ ਹਨ ।

ਇਹ ਇਨ੍ਹਾਂ ਦਾ ਇਕ ਕਾਮਨ ਫੋਰੱਮ ਹੈ । ਕਿਹਾ ਜਾਂਦਾ ਸੀ ਕਿ ਬ੍ਰਿਟਿਸ਼ ਐਂਪਾਇਰ ਉਹ ਹੈ ਜਿੱਥੇ ਸੂਰਜ ਨਹੀਂ ਛੁਪਦਾ । ਇਸ ਮੁਲਕ ਨੂੰ ਇਸ ਗੱਲ ਦਾ ਫਖਰ ਹੈ, ਮਾਨ ਹੈ ਕਿ ਇਸ

ਬ੍ਰਿਟਿਸ਼ ਐਂਪਾਇਰ ਦਾ ਸੂਰਜ ਸਦਾ ਲਈ ਡੁਬੋ ਦਿੱਤਾ ਹੈ। ਫਿਰ ਤੁਸੀਂ ਜਾਣਦੇ ਹੋ ਕਿ ਬ੍ਰਿਟਿਸ਼ ਕਾਮਨਵੈਲਥ ਦੀ ਹੈਡ ਕਵੀਨ ਹੁੰਦੀ ਹੈ ਮਗਰ ਸਾਡੇ ਜਿਹੇ ਇਕ ਪੂਰੀ ਤਰ੍ਹਾਂ ਆਜ਼ਾਦ ਰਿਪਬਲਿਕ ਨੂੰ ਵੀ ਉਸ ਨੂੰ ਬਤੌਰ ਮੈਂਬਰ ਦੇ ਐਕਸੈਪਟ ਕਰਨਾ ਪਿਆ । ਮੈਂ ਕਹਿੰਦਾ ਹਾਂ ਕਿ ਸਾਨੂੰ ਇਸ ਗੱਲ ਦਾ ਮਾਨ ਹੈ ਕਿ ਅਸੀਂ ਬ੍ਰਿਟਿਸ਼ ਐਂਪਾਇਰ ਦਾ ਸੂਰਜ ਡੁਬੋ ਦਿੱਤਾ ਤੇ ਹੁਣ ਜੇ ਅਸੀਂ ਇਸ ਗੱਲ ਦਾ ਮਾਨ ਪ੍ਰਾਪਤ ਕਰੀਏ ਕਿ ਕਾਮਨਵੈਲਥ ਵਿਚੋਂ ਅਸੀਂ ਅੰਗਰੇਜ਼ਾਂ ਨੂੰ ਬਾਹਰ ਕਢਿਆ ਤਾਂ ਹੀ ਅਸੀਂ ਠੀਕ ਤਰ੍ਹਾਂ ਨਾਲ ਇਸ ਮੁਲਕ ਦੇ ਲੋਕਾਂ ਦੀ ਤਰਜਮਾਨੀ ਕਰ ਸਕਾਂਗੇ । ਇਸ ਲਈ ਕਿ ਜੋ ਕਾਮਨਵੈਲਥ ਦਾ ਲੀਡਰ ਕਹਾਉਂਦਾ ਸੀ ਉਸ ਨੇ ਪਾਰਟੀਜ਼ਨ ਐਟੀਚੂਡ ਅਡਾਪਟ ਕੀਤਾ ।

A Voice: Impossible.

ਸਰਦਾਰ ਗੁਰਦਰਸ਼ਨ ਸਿੰਘ : Word 'impossible' is found in the dictionary of fools.

(ਵਿਘਨ) ਕੀ ਸ਼ੋਰ ਮਚਾਉਂਦੇ ਹੋ, ਬੁਜ਼ਦਿਲੀ ਦਿਖਾਉਂਦੇ ਹੋ, ਤੁਸੀਂ ।

Mr. Chairman : You can settle this outside the House.

ਸਰਦਾਰ ਗੁਰਦਰਸ਼ਨ ਸਿੰਘ : ਇਹ ਡਰਦੇ ਹਨ ਕਿ ਜੇ ਚੀਨ ਨੇ ਸਾਡੇ ਤੇ ਹਮਲਾ ਕੀਤਾ ਤਾਂ ਕਿਤੇ ਫਿਰ ਪਹਿਲਾਂ ਵਾਂਗ ਬ੍ਰਿਟੇਨ ਅਤੇ ਅਮਰੀਕਾ ਸਾਡੀ ਮਦਦ ਨਾ ਕਰਨ ।

ਕਾਮਰੇਡ ਜੰਗੀਰ ਸਿੰਘ ਜੋਗਾ : On a point of order, Sir. ਮੈਂ ਪੁਛਦਾ ਹਾਂ ਕਿ ਜਦੋਂ ਮੁਲਕ ਆਜ਼ਾਦੀ ਦੀ ਲੜਾਈ ਲੜ ਰਿਹਾ ਸੀ ਤਾਂ ਇਨ੍ਹਾਂ ਦੇ ਬਜ਼ੁਰਗ ਕੀ ਕਰਦੇ ਸਨ ਅਤੇ ਇਹ ਆਪ ਕੀ ਕਰਦੇ ਸਨ ?

ਸਰਦਾਰ ਗੁਰਦਰਸ਼ਨ ਸਿੰਘ : ਚੇਅਰਮੈਨ ਸਾਹਿਬ, ਨੌਜਵਾਨ ਹੀ ਮੁਲਕ ਦੇ ਜਜ਼ਬਾਤ ਦੱਸਦੇ ਹਨ । ਇਹ ਸਰਹਦ ਤੇ ਨਹੀਂ ਗਏ ਇਨ੍ਹਾਂ ਨੂੰ ਨਹੀਂ ਪਤਾ ਕਿ ਨੌਜਵਾਨ ਅਫਸਰ ਅਤੇ ਸਿਪਾਹੀ ਹੀ ਇਸ ਜੰਗ ਵਿਚ ਮੁਲਕ ਲਈ ਸ਼ਹੀਦ ਹੋਏ ਹਨ । ਉਹ ਲੈਫਟੀਨੈਂਟ ਅਤੇ ਕੈਪਟਨ......

Mr. Chairman : Let us not go into that question.

ਸਰਦਾਰ ਗੁਰਦਰਸ਼ਨ ਸਿੰਘ : ਚੇਅਰਮੈਨ ਸਾਹਿਬ, ਕਈ ਲੋਕਾਂ ਦਾ ਤਰੀਕਾ ਹੁੰਦਾ ਹੈ ਕਿ ਜਿਸ ਚੀਜ਼ ਨੂੰ ਬਦਲ ਨਾ ਸਕਣ ਉਥੋਂ ਉਹ ਵਾਕ ਆਊਟ ਕਰ ਜਾਂਦੇ ਹਨ । ਮੈਂ ਇਸ ਨਜ਼ਰੀਏ ਦਾ ਨਹੀਂ ਹਾਂ । ਮੈਂ ਕਹਿੰਦਾ ਹਾਂ ਕਿ ਜਦ ਸਾਡੇ ਵਿਯੂ ਵਿਚ ਸਚਾਈ ਹੈ ਤਾਂ ਅਸੀਂ ਅਫਰੀਕੀ ਏਸ਼ੀਆਈ ਦੇਸ਼ ਕੋਸ਼ਿਸ਼ ਕਰੀਏ ਅਤੇ ਬ੍ਰਿਟੇਨ ਨੂੰ ਕਾਮਨਵੈਲਥ ਵਿਚੋਂ ਕਢੀਏ ਅਤੇ ਕਾਮਨਵੈਲਥ ਦਾ ਹੈਡ ਕੁਆਰਟਰ ਇੰਡੀਆ ਵਿਚ ਜਾਂ ਕਿਸੇ ਏਸ਼ੀਅਨ ਕੰਟਰੀ ਵਿਚ ਰਖੀਏ । ਅਗਰ ਪਾਪੂਲੇਸ਼ਨ ਦੇ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਹਿੰਦੁਸਤਾਨ ਦੀ ਪਾਪੂਲੇਸ਼ਨ ਕਾਮਨਵੈਲਥ ਦੀ ਕੁਲ ਪਾਪੂਲੇਸ਼ਨ ਦਾ 60 ਪ੍ਰਤੀਸ਼ਤ ਹੈ । ਤਾਂ ਕਿਉਂ ਨਾ 60 ਪ੍ਰਤੀਸ਼ਤ ਲੋਕਾਂ ਦੀ ਆਵਾਜ਼ ਸੁਣੀ ਜਾਵੇ । ਪਿਛਲਾ ਜਦੋਂ ਰੈਜ਼ੋਲੂਸ਼ਨ ਆਇਆ ਸੀ ਤਾਂ ਮੈਂ ਕਿਹਾ ਸੀ ਕਿ ਬ੍ਰਿਟਨ ਦਾ ਅਗਰ ਪਿਛਲਾ ਇਤਿਹਾਸ ਦੇਖਿਆ ਜਾਵੇ ਤਾਂ ਉਸ ਨੇ ਡੀਵਾਈਡ ਐਂਡ ਰੂਲ ਦੀ ਪਾਲਿਸੀ ਤੇ ਅਮਲ ਕੀਤਾ ਹੈ । ਅੱਜ ਵੀ ਉਸਦੀ ਇਹੋ ਕੋਸ਼ਿਸ਼ ਹੈ । ਜਦੋਂ ਇਨ੍ਹਾਂ ਨੇ ਦੇਖਿਆ ਕਿ ਹੁਣ ਹਿੰਦੁਸਤਾਨ ਨੂੰ ਸੰਭਾਲਣਾ ਮੁਸ਼ਕਿਲ ਹੈ ਤਾਂ ਇਥੇ ਫੁਟ ਪਾ ਦਿੱਤੀ । ਫਿਰ ਦੋ ਟੋਟੇ ਬਣਾਏ । ਇੰਗਲਿਸ਼ ਸਰਕਾਰ ਅਤੇ ਪ੍ਰੈਸ ਨੇ ਹੁਣ ਵੀ ਬੜਾ ਪਾਰਟੀਜ਼ਨ ਐਟੀਚੂਡ ਅਪਣਾਇਆ । ਅਗਰ ਅਸੀਂ ਕਾਮਨਵੈਲਥ ਛਡਾਂਗੇ ਤਾਂ ਇਹ ਸਾਡੀ ਕਮਜ਼ੋਰੀ ਹੋਵੇਗੀ, ਲੋਕਾਂ ਦੇ ਜਜ਼ਬਾਤ ਦੀ ਸਹੀ ਤਰਜਮਾਨੀ ਤਾਂ ਤਦ ਹੋਵੇਗੀ ਅਗਰ ਅਸੀਂ ਬ੍ਰਿਟਿਨ ਨੂੰ ਇਸ ਵਿਚੋਂ ਕਢ ਦੇਈਏ ਅਤੇ ਆਪ ਨਾ ਨਿਕਲੀਏ ।

ਸਰਦਾਰ ਅਜਾਇਬ ਸਿੰਘ ਸੰਧੂ : (ਮੁਰਿੰਡਾ, ਐਸ. ਸੀ.) : ਚੇਅਰਮੈਨ ਸਾਹਿਬ, ਜੋ ਮਤਾ ਕਾਮਰੇਡ ਜੋਸ਼ ਨੇ ਹਾਊਸ ਵਿਚ ਪੇਸ਼ ਕੀਤਾ ਹੈ ਮੈਂ ਇਸ ਦੀ ਪੂਰੀ ਪ੍ਰੋੜਤਾ ਕਰਨ ਲਈ ਖੜਾ ਹੋਇਆ ਹਾਂ। ਨਾਲ ਹੀ ਜੋ ਜਜ਼ਬਾਤ ਹੁਣ ਸਰਦਾਰ ਗੁਰਦਰਸ਼ਨ ਸਿੰਘ ਨੇ ਪੇਸ਼ ਕੀਤੇ ਹਨ ਉਨ੍ਹਾਂ ਦੀ ਮੁਖਾਲ-ਫਤ ਕਰਦਾ ਹਾਂ । ਇਨ੍ਹਾਂ ਨੇ ਕਿਹਾ ਕਿ ਨਾ ਸਿਰਫ ਸਾਨੂੰ ਕਾਮਨਵੈਲਥ ਵਿਚ ਰਹਿਣਾ ਚਾਹੀਦਾ ਹੈ ਬਲਕਿ ਉਸ ਵਿਚੋਂ ਬ੍ਰਿਟੇਨ ਨੂੰ ਕਢਣਾ ਚਾਹੀਦਾ ਹੈ । ਤਹਾਨੂੰ ਉਨ੍ਹਾਂ ਦੀ ਜ਼ਹਿਨੀਅਤ ਦਾ ਪਤਾ ਹੈ। ਉਨ੍ਹਾਂ ਨੇ ਇਸ ਮੁਲਕ ਤੇ ਦੋ ਸੌ ਸਾਲ ਰਾਜ ਕੀਤਾ ਅਤੇ ਸਾਨੂੰ ਗੁਲਾਮ ਰਖ ਕੇ ਬਾਅਦ ਵਿਚ ਪਾਰਟੀਸ਼ਨ ਕਰਕੇ ਇਕ ਬੜੀ ਗੰਦੀ ਜ਼ਹਿਨੀਅਤ ਦਾ ਸਬੂਤ ਦਿੱਤਾ । ਜਾਂਦੇ ਹੋਏ ਐਸੇ ਮਸਲੇ ਪੈਦਾ ਕਰ ਗਏ ਕਿ ਇਹ ਦੋ ਦੇਸ਼ ਆਪਸ ਵਿਚ ਚੰਗੀ ਤਰ੍ਹਾਂ ਰਹਿ ਨਾ ਸਕਣ । ਜਿਵੇਂ ਕਿ ਕਸ਼ਮੀਰ ਦਾ ਮਸਲਾ ਹੈ । ਇਨ੍ਹਾਂ ਨਾਲ ਉਹ ਸਾਨੂੰ ਆਪਸ ਵਿਚ ਪਾੜਨ ਵਿਚ ਕਾਮਯਾਬ ਹੋਏ । ਜਾਂਦੇ ਹੋਏ ਲੰਗੜੀ ਆਜ਼ਾਦੀ ਦੇ ਕੇ ਗਏ । ਇਸੇ ਲਈ ਕਾਮਨਵੈਲਥ ਬਣਾਈ । ਅਸੀਂ ਇਸ ਵਿਚ ਇਸ ਲਈ ਸ਼ਾਮਲ ਹੋਏ ਕਿ ਸਾਨੂੰ ਭਰਾਵਾਂ ਵਾਲਾ ਸਲੂਕ ਮਿਲੇਗਾ ਮਗਰ ਪਿਛਲੇ 18 ਸਾਲਾਂ ਦਾ ਇਤਿਹਾਸ ਦੱਸਦਾ ਹੈ ਕਿ ਸਾਡੇ ਉਹ ਮੁਖਾਲਫ ਹੀ ਰਹੇ ਅਤੇ ਜਦ ਵੀ ਮੌਕਾ ਮਿਲਿਆ ਅੰਗਰੇਜ਼ਾਂ ਨੇ ਹਿਦੁਸਤਾਨ ਦੀ ਪਿਠ ਵਿਚ ਛੁਰਾ ਘੋਂਪਿਆ । ਮੈਂ ਕਹਿੰਦਾ ਹਾਂ ਕਿ ਅਗਰ ਸਾਡੀ ਮਦੱਦ ਨਹੀਂ ਸੀ ਕਰ ਸਕਦੇ ਤਾਂ ਘਟੋ ਘਟ ਨੀਉਟਰਲ ਤਾਂ ਰਹਿੰਦੇ । ਇਹ ਜੋ ਹੁਣੇ ਜੰਗ ਹੋਈ ਇਹ ਵੀ ਐਂਗਲੋ ਅਮਰੀਕਨ ਬਲਾਕ ਦੇ ਇਸ਼ਾਰੇ ਤੇ ਹੋਈ ਇਸ ਲਈ ਕਿ ਉਹ ਚਾਹੁੰਦੇ ਹਨ ਕਿ ਹਿੰਦੁਸਤਾਨ ਤਰੱਕੀ ਨਾ ਕਰ ਸਕੇ । ਉਹ ਚਾਹੁੰਦੇ ਹਨ ਕਿ ਅਸੀਂ ਉਨ੍ਹਾਂ ਵਲ ਵੇਖਦੇ ਰਹੀਏ ਤੇ ਉਨ੍ਹਾਂ ਦੇ ਗੁਲਾਮ ਬਣੇ ਰਹੀਏ । ਇਨ੍ਹਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਬੜੀ ਹੈਰਾਨੀ ਹੋਈ ਕਿ ਇਹ ਕਿਸ ਤਰ੍ਹਾਂ ਪਾਟੇ ਖਾਂ ਬਣੇ ਫਿਰਦੇ ਹਨ ਕਿ ਇੰਗਲਸਤਾਨ ਨੂੰ ਕਾਮਨਵੈਲਥ ਵਿਚੋਂ ਕਢ ਦਿਉ । ਕੁਝ ਦੋਸਤਾਂ ਨੇ ਕਿਹਾ ਕਿ ਸਾਨੂੰ ਰੀਜ਼ੈਂਟਮੈਂਟ ਸ਼ੋ ਕਰਨੀ ਚਾਹੀਦੀ ਹੈ। ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਲੋਕਾਂ ਦਾ ਇਹ ਫੀਲਿੰਗ ਹੈ ਕਿ ਸਾਨੂੰ ਕਾਮਨਵੈਲਥ ਵਿਚ ਨਹੀਂ ਰਹਿਣਾ ਚਾਹੀਦਾ । ਪਾਟੇ ਖਾਂ ਬਣਕੇ ਤੁਸੀਂ ਉਨ੍ਹਾਂ ਨੂੰ ਕਢ ਨਹੀਂ ਸਕਦੇ । ਉਨ੍ਹਾਂ ਦੀ ਹਾਲੇ ਵੀ ਪਾਲਿਸੀ ਇਹੀ ਹੈ ਕਿ ਦੂਜੇ ਮੁਲਕਾਂ ਨੂੰ ਆਪਣੇ ਸ਼ਿਕੰਜੇ ਵਿਚ ਰਖ ਸਕਣ । ਮਗਰ ਇਸ ਪਾਕਿਸਤਾਨ ਅਤੇ ਹਿੰਦੁਸਤਾਨ ਦੀ ਜੰਗ ਦੇ ਦੌਰਾਨ ਜੋ ਨਾਪਾਕ ਰੋਲ ਇੰਗਲੈਂਡ ਨੇ ਅਦਾ ਕੀਤਾ ਹੈ ਉਹ ਭਲਾਉਣ ਵਾਲਾ ਨਹੀਂ ਹੈ । ਅੱਜ ਵਕਤ ਹੈ ਜਦ ਸਾਨੂੰ ਇਸ ਮੁਲਕ ਦੇ ਦੋਸਤਾਂ ਅਤੇ ਦੁਸ਼ਮਨਾਂ ਦੀ ਪਿਛਾਣ ਕਰਨੀ ਚਾਹੀਦੀ ਹੈ । ਕੀ ਅੰਗਰੇਜ਼ਾਂ ਨੇ ਕਿਸੇ ਮਸਲੇ ਵਿਚ ਸਾਡੀ ਮਦੱਦ ਕੀਤੀ ਹੈ ? ਸੀਕਿਉਰਿਟੀ ਕੌਂਸਲ ਵਿਚ ਜਦ ਵੀ ਕਸ਼ਮੀਰ ਦਾ ਮਸਲਾ ਆਉਂਦਾ ਰਿਹਾ ਹੈ ਤਾਂ ਇਹ ਐਂਗਲੋ ਅਮਰੀਕਨ ਬਲਾਕ ਹੀ ਹੁੰਦਾ ਸੀ ਜੋ ਸਾਨੂੰ ਠੇਸ ਪਹੁੰਚਾਉਂਦਾ ਰਿਹਾ ਹੈ । ਅਸੀਂ ਉਨ੍ਹਾਂ ਨੂੰ ਖੁਸ਼ ਕਰਨ ਲਈ ਕੀ ਕੁਝ ਨਹੀਂ ਕੀਤਾ, ਦੋਸਤੀ ਦਾ ਹੱਥ ਹੀ ਨਹੀਂ ਸਾਰਾ ਸ਼ਰੀਰ ਹੀ ਉਨ੍ਹਾਂ ਦੇ ਹਵਾਲੇ ਕਰ ਦਿੱਤਾ ।

ਲੇਕਿਨ ਉਹ ਨਹੀਂ ਕਰਦੇ। ਮੈਂ ਇਹ ਸਮਝਦਾ ਹਾਂ ਕਿ ਸਾਨੂੰ ਕਿਸੇ ਕਿਸਮ ਦੇ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ ਅਤੇ ਕਾਮਨਵੈਲਥ ਨੂੰ ਕਵਿਟ ਕਰਨਾ ਚਾਹੀਦਾ ਹੈ । ਕਾਫੀ ਖਰਚਾ ਸਾਨੂੰ ਕਾਮਨਵੈਲਥ ਵਿਚ ਰਹਿ ਕੇ ਬਰਦਾਸ਼ਤ ਕਰਨਾ ਪੈਂਦਾ ਹੈ ਇਹ ਇਕ ਘਾਟੇ ਵਾਲਾ ਸੌਦਾ ਹੈ ਇਸ ਲਈ ਇਸ ਕਾਮਨਵੈਲਥ ਨੂੰ ਕਵਿਟ ਕਰਨਾ ਚਾਹੀਦਾ ਹੈ । (ਵਿਘਨ) ਸਰਦਾਰ ਗੁਰਦਰਸ਼ਨ ਸਿੰਘ ਹੋਰਾਂ ਦੇ ਭਾਵੇਂ ਇਹ ਵਿਚਾਰ ਨਾ ਹੋਣ ਅਤੇ ਉਹ ਸਮਝਦੇ ਹੋਣ ਕਿ ਇਨ੍ਹਾਂ ਕਾਮਨਵੈਲਥ ਵਿਚ ਰਹਿਣਾ ਚਾਹੀਦਾ ਹੈ ਅਤੇ ਇਹ ਵੀ ਦਿਲੋਂ ਤਾਂ ਇਹ ਚਾਹੁੰਦੇ ਹਨ ਕਿ ਕਾਮਨਵੈਲਥ ਵਿਚ ਨਹੀਂ ਰਹਿਣਾ ਚਾਹੀਦਾ ਪਰ ਇਨ੍ਹਾਂ ਨੂੰ ਜਿਹੜਾ ਹੁਕਮਨਾਮਾ ਆਪਣੇ ਲੀਡਰ ਤੋਂ ਮਿਲ ਗਿਆ ਹੈ ਉਸ ਨੂੰ ਇਹ ਨਿਭਾਈ ਜਾਣਗੇ ਭਾਵੇਂ ਇਨ੍ਹਾਂ ਦੇ ਨਿਜੀ ਵਿਚਾਰ ਸਾਡੇ ਨਾਲ ਮੇਲ ਖਾਂਦੇ ਹੀ ਕਿਉਂ ਨਾ ਹੋਣ । ਇਸ ਲਈ ਸਾਨੂੰ ਇਹ ਰੈਜ਼ੂਲੇਸ਼ਨ ਪਾਸ ਕਰਕੇ ਹਿੰਦ ਸਰਕਾਰ ਪਾਸ ਭੇਜ ਦੇਣਾ ਚਾਹੀਦਾ ਹੈ

ਕਿ ਸਾਨੂੰ ਕਾਮਨਵੈਲਥ ਦੇ ਨਾਲ ਨਹੀਂ ਰਹਿਣਾ ਚਾਹੀਦਾ, ਇਸ ਨੂੰ ਛੱਡ ਦੇਣਾ ਚਾਹੀਦਾ ਹੈ । (ਵਿਘਨ) ।

ਸਰਦਾਰ ਗੁਰਦਰਸ਼ਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਦੀ ਆਨਰੇਬਲ ਮੈਂਬਰ ਡਯੂਰਿੰਗ ਦੀ ਕੋਰਸ ਆਫ ਹਿਜ਼ ਸਪੀਚ ਇਹ ਕਿਹਾ ਹੈ ਕਿ ਸਾਡੇ ਲੀਡਰ ਨੇ ਕੋਈ ਹਕਮਨਾਮਾ ਦਿੱਤਾ ਹੈ । ਸਾਨੂੰ ਤਾਂ ਕਈ ਹੁਕਮਨਾਮਾ ਨਹੀਂ ਦਿੱਤਾ ਗਿਆ ਪਰ ਤੁਸੀਂ ਅਪੋਜ਼ੀਸ਼ਨ ਦੇ ਲੀਡਰ ਦੇ ਹੁਕਮਨਾਮੇ ਤੋਂ ਇਨਕਾਰ ਨਹੀਂ ਕਰ ਸਕਦੇ ਜਿਨ੍ਹਾਂ ਨੇ ਕਿ ਆਪ ਇਸ ਰੈਜ਼ੂਲੇਸ਼ਨ ਵਿਚ ਅਮੈਂਡਮੈਂਟ ਦਿੱਤੀ ਹੋਈ ਹੈ । (ਵਿਘਨ)

12.20 p.m.

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਹੋਰ ਗੱਲਾਂ ਵਿਚ ਨਹੀ ਪੈਣਾ ਚਾਹੁੰਦਾ ਪਰ ਇੰਨੀ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਰੀਸੈਂਟ ਜੰਗ ਵਿਚ ਜਿਨ੍ਹਾਂ ਮੁਲਕਾਂ ਨੇ ਸਾਡੇ ਨਾਲ ਡਟ ਕੇ ਸਾਥ ਦਿੱਤਾ ਹੈ, ਜਿਨ੍ਹਾਂ ਮੁਲਕਾਂ ਨੇ ਸਾਡੇ ਨਾਲ ਦੋਸਤੀ ਦਾ ਹੱਥ ਵਟਾਇਆ ਹੈ ਉਨ੍ਹਾਂ ਦੀ ਕਦਰ ਕਰਨ ਦੀ ਸਾਨੂੰ ਲੋੜ ਹੈ ਅਤੇ ਜਿਨ੍ਹਾਂ ਮੁਲਕਾਂ ਨੇ ਆਸਤੀਨ ਦਾ ਸਪ ਬਣ ਕੇ ਡਸਿਆ ਹੈ ਅਤੇ ਸਾਡੀ ਆਜ਼ਾਦੀ ਨੂੰ ਖਤਰਾ ਪਾ ਦਿੱਤਾ ਹੈ ਜਿਸ ਤਰ੍ਹਾਂ ਅਮਰੀਕਾ ਅਤੇ ਇੰਗਲੈਂਡ ਅਤੇ ਹੋਰ ਕਾਮਨਵੈਲਥ ਕੰਟਰੀਜ਼ ਨੇ ਉਨ੍ਹਾਂ ਨਾਲੋਂ ਸਾਨੂੰ ਆਪਣੇ ਮੁਲਕੀ ਸਬੰਧ ਤੋੜ ਦੇਣੇ ਚਾਹੀਦੇ ਹਨ ਅਤੇ ਕਾਮਨਵੈਲਥ ਵਿਚੋਂ ਸਾਨੂੰ ਨਿਕਲ ਜਾਣਾ ਚਾਹੀਦਾ ਹੈ । ਦੂਜੇ ਪਾਸੇ ਜਿਹੜੇ ਸੋਸ਼ਲਿਸਟ ਮੁਲਕ ਹਨ ਜਿਵੇਂ ਕਿ ਰੂਸ ਹੈ ਜਿਸ ਨੇ ਸਾਡੀ ਮਦਦ ਕੀਤੀ ਹੈ ਉਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ । ਜੇਕਰ ਅੱਜ ਸਾਡੇ ਨਾਲ ਰੂਸ ਵਰਗੇ ਸੋਸ਼ਲਿਸਟ ਮੁਲਕ ਨਾ ਹੁੰਦੇ ਤਾਂ ਅੰਗਰੇਜ਼ਾਂ ਅਤੇ ਅਮਰੀਕਾ ਨੇ ਪਾਕਿਸਤਾਨ ਅਤੇ ਹਿੰਦੁਸਤਾਨ ਦੀ ਜੰਗ ਵਿਚ ਜਿਹੜਾ ਨਾਪਾਕ ਰੋਲ ਅਦਾ ਕੀਤਾ ਹੈ ਇਸ ਰਾਹੀਂ ਸਾਨੂੰ ਹੋਰ ਵੱਡੀ ਸਟ ਮਾਰੀ ਜਾਂਦੀ । ਉਨ੍ਹਾਂ ਨੇ ਆਪਣੇ ਘਰ ਬੈਠ ਕੇ ਪਰਦੇ ਪਿੱਛੇ ਹੀ ਸਾਡੇ ਮੁਲਕ ਦੇ ਖਿਲਾਫ ਇਕ ਵੱਡੀ ਨਾਪਾਕ ਸਾਜਿਸ਼ ਕੀਤੀ ਅਤੇ ਇਹ ਅੱਜ ਜੰਗ ਵੇਲੇ ਸਾਡੇ ਸਾਹਮਣੇ ਆਈ । ਇਸ ਲਈ ਸਾਨੂੰ ਇਸ ਸਮੇਂ ਰੂਸ ਵਰਗੇ ਸੋਸ਼ਲਿਸਟ ਦੇਸ਼ਾਂ ਨਾਲ ਦੋਸਤੀ ਕਾਇਮ ਕਰਨੀ ਚਾਹੀਦੀ ਹੈ । ਜਿਨ੍ਹਾਂ ਨੇ ਕਿ ਹਰ ਆੜੇ ਵਕਤ ਤੇ ਸਾਡੀ ਮਦਦ ਕੀਤੀ ਇਨ੍ਹਾਂ ਅੰਗਰੇਜ਼ਾਂ ਨੇ ਜਿਨ੍ਹਾਂ ਨੇ ਸਾਨੂੰ 200 ਸਾਲ ਤਕ ਗੁਲਾਮ ਰਖਿਆ ਅਤੇ ਹੁਣ ਤਕ ਸਾਨੂੰ ਨੀਵਿਆਂ ਕਰਨ ਲਈ ਅਤੇ ਸਾਡੀ ਨਿਰਾਦਰੀ ਕਰਨ ਲਈ ਹਰ ਵਕਤ ਤਾਕ ਵਿਚ ਰਹਿੰਦੇ ਹਨ । ਇਨ੍ਹਾਂ ਤੇ ਹੁਣ ਅੱਗੋਂ ਤੋਂ ਇਤਬਾਰ ਕਰਨ ਦੀ ਲੋੜ ਨਹੀਂ । ਪਰਤਿਆਏ ਹੋਏ ਨੂੰ ਹੋਰ ਨਹੀਂ ਪਰਤਿਆਣਾ ਚਾਹੀਦਾ । ਸਾਨੂੰ ਚਾਹੀਦਾ ਹੈ ਕਿ ਇਸ ਮਤੇ ਨੂੰ ਸਰਵ ਸੰਮਤੀ ਨਾਲ ਪਾਸ ਕਰ ਦੇਈਏ ਕਿ ਸਾਨੂੰ ਕਾਮਨਵੈਲਥ ਤੋਂ ਨਿਕਲ ਜਾਣਾ ਹੈ । ਅਤੇ ਜਿਹੜੇ ਦੇਸ਼ ਸਾਡੀ ਹਰ ਵਕਤ ਮਦੱਦ ਕਰਦੇ ਨੇ ਉਨ੍ਹਾਂ ਨਾਲ ਦੋਸਤੀ ਪਾਣੀ ਚਾਹੀਦੀ ਹੈ । ਮੈਂ ਇਨੰਾ ਕਹਿ ਕੇ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ।

ਸਰਦਾਰ ਬਲਵੰਤ ਸਿੰਘ (ਸੁਲਤਾਨਪੁਰ) : ਇਹ ਜਿਹੜਾ ਰੈਜ਼ੂਲੇਸ਼ਨ ਚੇਅਰਮੈਨ ਸਾਹਿਬ, ਇਸ ਸਮੇਂ ਪੇਸ਼ ਹੈ ਇਸ ਦੀ ਆਬਜੈਕਟਿਵ ਸਟਡੀ ਦੀ ਲੋੜ ਹੈ । ਇਸ ਲਈ ਕਿਸੇ ਜਜ਼ਬਾਤ ਦੀ ਰੌ ਵਿਚ ਨਹੀਂ ਪੈਣਾ ਚਾਹੀਦਾ । ਜੋ ਦੋਸਤ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਪਾਕਿਸਤਾਨ ਦੀ ਮਦੱਦ ਇਮਪੀਰੀਲਿਸਟ ਤਾਕਤਾਂ ਨੇ ਕੀਤੀ ਹੈ ਅਤੇ ਕਈ ਥਾਵਾਂ ਤੇ ਕੀਤੀ ਹੈ ਇਸ ਲਈ ਕਾਮਨਵੈਲਥ ਨੂੰ ਸਾਨੂੰ ਕਵਿਟ ਕਰ ਦੇਣਾ ਚਾਹੀਦਾ ਹੈ, ਉਨ੍ਹਾਂ ਦੀ ਸੋਚ ਮੁਨਾਸਿਬ ਨਹੀਂ । ਇਸ ਨੂੰ ਸੋਚਣਾ ਚਾਹੀਦਾ ਹੈ ਕਿ ਕੀ ਹਾਲਤ ਹੈ । ਜਿਹੜੇ ਆਰਗੂਮੈਂਟ ਮੇਰੇ ਇਕ ਮਿਤਰ ਨੇ ਕਾਮਨਵੈਲਥ ਨੂੰ ਕਵਿਟ ਕਰਨ ਦੇ ਦਿੱਤੇ ਹਨ ਉਹ ਠੀਕ ਨਹੀਂ । ਹਰ ਇਕ ਦੇਸ਼ ਦੀ ਆਪਣੀ ਫਾਰਨ ਪਾਲਿਸੀ ਹੁੰਦੀ ਹੈ ਅਤੇ ਸੈਲਫਿਸ਼ ਇਨਟ੍ਰੈਸਟ ਹੁੰਦੇ ਹਨ ਅਤੇ ਉਹ ਕਾਮਨਵੈਲਥ ਵਿਚ ਰਹਿੰਦਾ ਹੋਇਆ ਵੀ ਆਪਣੇ ਆਪ

[ਸਰਦਾਰ ਬਲਵੰਤ ਸਿੰਘ]

ਵਿਚ ਇੰਡੀਪੈਂਡੈਂਟ ਹੁੰਦਾ ਹੈ । ਕਾਮਨਵੈਲਥ ਇਕ ਤਰ੍ਹਾਂ ਦਾ ਬਹੁਤ ਸਾਰਿਆਂ ਮੁਲਕਾਂ ਦਾ ਆਪੋ ਵਿਚ ਲਿਕ ਪੈਦਾ ਕਰਦਾ ਹੈ । ਪਰ ਇਸ ਦੇ ਨਾਲ ਹੀ ਜਿਹੜੀ ਕਿਸੇ ਮੁਲਕ ਦੀ ਫਾਰਨ ਪਾਲਿਸੀ ਹੈ ਉਸ ਤੇ ਕੋਈ ਕਿਸੇ ਕਿਸਮ ਦੀ ਰਿਸਟ੍ਰਿਕਸ਼ਨ ਨਹੀਂ ਅਤੇ ਇਸ ਦੇ ਸਾਰੇ ਮੈਂਬਰ ਸਾਵਰਨ ਇੰਡੀਪੈਂਡੈਂਟ ਸਟੇਟਸ ਹਨ । ਇਸ ਲਈ ਕਾਮਨਵੈਲਥ ਵਿਚ ਰਹਿ ਕੇ ਹਰ ਇਕ ਦੇਸ਼ ਦੀ ਆਪਣੀ ਇੰਡੀਪੈਂਡੈਂਟ ਸਾਵਰਨ ਕਾਨਸਟੀਚਿਊਸ਼ਨ ਹੈ ਇਸ ਲਈ ਇਸ ਪਹਿਲੂ ਨੂੰ ਸਾਹਮਣੇ ਰਖ ਕੇ ਇਸ ਗੱਲ ਤੇ ਵਿਚਾਰ ਕਰਨਾ ਚਾਹੀਦਾ ਸੀ ਕਿ ਅਸੀਂ ਕਾਮਨਵੈਲਥ ਤੋਂ ਅਲਗ ਹੋ ਜਾਈਏ ਕਿ ਨਹੀਂ ਫਿਰ ਇਕ ਗੱਲ ਹੋਰ ਹੈ ਕਿ ਕਾਮਨਵੈਲਥ ਦਾ ਕੋਈ ਪ੍ਰੋਵੀਜ਼ਨ ਕਿਸੇ ਦੇਸ਼ ਦੀ ਫਾਰਨ ਪਾਲਿਸੀ ਜਾਂ ਇੰਟਰਨਲ ਪਾਲਿਸੀ ਨੂੰ ਸਬਜੁਗੇਟ ਨਹੀਂ ਕਰਦਾ । ਫਿਰ ਤੁਹਾਨੂੰ ਯਾਦ ਹੋਵੇਗਾ ਕਿ ਜਦ ਅੰਗਰੇਜ਼ਾਂ ਦੀ ਲਤ ਸਵੇਜ਼ ਵਿਚ ਫਸੀ ਸੀ ਤਾਂ ਹਿੰਦੁਸਤਾਨ ਨੇ ਨੰਗੇ ਤੌਰ ਤੇ ਇਜਿਪਟ ਦੀ ਮਦੱਦ ਕੀਤੀ ਅੰਗਰੇਜ਼ਾਂ ਦੇ ਖਿਲਾਫ । ਹਾਲਾਂਕਿ ਦੋਵੇਂ ਦੇਸ਼ ਕਾਮਨਵੈਲਥ ਦੇ ਮੈਂਬਰ ਸਨ ਇਸ ਲਈ ਇਹ ਸਾਫ ਹੈ ਕਿ ਸਾਡੀ ਫਾਰਨ ਪਾਲਿਸੀ ਜਾਂ ਇੰਟਰਨਲ ਪਾਲੇਸੀ ਕਦੇ ਵੀ ਕਾਮਨਵੈਲਥ ਦੇ ਤਹਿਤ ਨਹੀਂ ਰਹੀ ਅਤੇ ਨਾ ਹੀ ਇਸ ਤਰ੍ਹਾਂ ਦਾ ਕੋਈ ਪ੍ਰੋਵੀਜ਼ਨ ਹੈ । ਕਾਮਨਵੈਲਥ ਤਾਂ ਇਕ ਲਿੰਕ ਹੈ ਕਲੋਨੀਅਲ ਮੁਲਕਾਂ ਦਾ ਅਤੇ ਇਸ ਵਿਚ ਐਫਰੋ ਏਸ਼ੀਅਨ ਕੰਟਰੀਜ਼ ਦੀ ਮੈਜਾਰਟੀ ਹੈ । ਇਹ ਇਕ ਫੋਰਮ ਹੈ ਜਿਥੇ ਕਿ ਦੂਜੇ ਮੁਲਕਾਂ ਨੂੰ ਅਸੀਂ ਆਪਣੇ ਆਇਡੀਆਜ਼ ਨਾਲ ਇਨਫਲੂਅੰਸ ਕਰ ਸਕਦੇ ਹਾਂ । ਇਹ ਜਿਹੜਾ ਫੋਰਮ ਕਾਮਨਵੈਲਥ ਦਾ ਹੈ ਇਸ ਰਾਹੀਂ ਅਸੀਂ ਬਾਕੀ ਦੇ ਮੁਲਕਾਂ ਨੂੰ ਆਪਣੇ ਹਮ ਖ਼ਿਆਲ ਬਣਾ ਸਕਦੇ ਹਾਂ ਇਸ ਲਈ ਇਨ੍ਹਾਂ ਗੱਲਾਂ ਤੋਂ ਉਤਾਂਹ ਉਠਣਾ ਚਾਹੀਦਾ ਹੈ ।

ਦੂਜੀ ਬੇਨਤੀ ਇਹ ਹੈ ਕਿ ਜਿਹੜੀ ਅਮੈਂਡਮੈਂਟ ਲੀਡਰ ਆਫ ਦੀ ਅਪੋਜ਼ੀਸ਼ਨ ਵਲੋਂ ਦਿੱਤੀ ਗਈ ਹੈ ਮੈਂ ਚੇਅਰਮੈਨ ਸਾਹਿਬ, ਉਸ ਨਾਲ ਇਤਫਾਕ ਰਖਦਾ ਹਾਂ । ਕਿ ਸਾਨੂੰ ਕਾਮਨਵੈਲਥ ਤੋਂ ਕਵਿਟ ਨਹੀਂ ਕਰਨਾ ਚਾਹੀਦਾ ਪਰ ਸਾਨੂੰ ਆਪਣੇ ਜਜ਼ਬਾਤ ਦਾ ਇਜ਼ਹਾਰ ਕਰਨਾ ਚਾਹੀਦਾ ਹੈ । ਬ੍ਰਿਟੇਨ ਵੀ ਇਸ ਕਾਮਨਵੈਲਥ ਦਾ ਇਕ ਮੈਂਬਰ ਹੈ ਅਤੇ ਸੀਨੀਅਰ ਮੈਂਬਰ ਹੈ ਅਤੇ ਹੁਣ ਵੇਖਣਾ ਇਹ ਹੈ ਕਿ ਜੇਕਰ ਦੋ ਕਾਮਨਵੈਲਥ ਦੇ ਮੈਂਬਰਾਂ ਦੇ ਵਿਚਕਾਰ ਕੋਈ ਝਗੜਾ ਹੋ ਜਾਵੇ ਤਾਂ ਕਿਸ ਤਰ੍ਹਾਂ ਦਾ ਰੋਲ ਦੂਜਿਆਂ ਨੂੰ ਇਖਤਿਆਰ ਕਰਨਾ ਚਾਹੀਦਾ ਹੈ । ਹੁਣ ਜਿਵੇਂ ਕਿ ਪਾਕਿਸਤਾਨ ਅਤੇ ਹਿੰਦੁਸਤਾਨ ਦਾ ਆਪਸ ਵਿਚ ਝਗੜਾ ਹੋਇਆ ਤਾਂ ਇੰਗਲੈਂਡ ਅਤੇ ਹੋਰ ਕੰਟਰੀਜ਼ ਨੇ ਜਿਹੜੀਆਂ ਕਿ ਕਾਮਨਵੈਲਥ ਦੀਆਂ ਮੈਂਬਰ ਸਨ ਨੰਗੇ ਹੋਕੇ ਪਾਕਿਸਤਾਨ ਨੂੰ ਆਰਮਜ਼ ਦਿੱਤੇ ਅਤੇ ਹੋਰ ਜੰਗੀ ਸਾਮਾਨ ਦਿੱਤਾ । ਫਿਰ ਦੂਜੇ ਪਾਸੇ ਯੂ. ਐਨ. ਓ. ਵਿਚ ਪਾਕਿਸਤਾਨ ਵਲੋਂ ਇੰਡੀਆ ਨੂੰ ਇੰਡੀਅਨ ਡਾਗ ਕਹਿ ਕੇ ਸਦਿਆ ਗਿਆ ਪਰ ਨਾ ਇਸ ਤਰ੍ਹਾਂ ਕਰਨ ਤੋਂ ਕਾਮਨਵੈਲਥ ਨੇ ਰੋਕਿਆ ਨਾ ਯੂ. ਐਨ. ਓ. ਨੇ । ਹਾਲਾਂਕਿ ਚਾਹੀਦਾ ਸੀ ਰੋਕਣਾ ਅਤੇ ਐਕਸ਼ਨ ਲੈਣਾ ਕਿ ਕਾਮਨਵੈਲਥ ਦਾ ਇਕ ਮੈਂਬਰ ਦੂਜੇ ਮੈਂਬਰ ਤੇ ਉਠ ਕੇ ਇਸ ਤਰ੍ਹਾਂ ਦਾ ਗਲਤ ਇਲਜ਼ਾਮ ਲਗਾਵੇ ਇਸ ਲਈ ਇਹ ਗੱਲ ਵਿਚਾਰ ਕਰਨ ਵਾਲੀ ਹੈ ਕਿ ਇਸ ਹਾਲਤ ਵਿਚ ਜਿੱਥੇ ਕਿ ਝਗੜਾ ਦੋ ਕਾਮਨਵੈਲਥ ਦੇ ਮੈਂਬਰਾਂ ਵਿਚਕਾਰ ਹੋਵੇ ਕਾਮਨਵੈਲਥ ਦੇ ਬਾਕੀ ਮੈਂਬਰ ਦੇਸ਼ਾਂ ਦਾ ਕੀ ਰੋਲ ਹੋਵੇ । ਇਸ ਲਈ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਫਿਰ ਇਹ ਵੀ ਵੇਖਣਾ ਹੈ ਕਿ ਵਰਲਡ ਪਾਲੇਟਿਕਸ ਵਿਚ ਕਾਮਨਵੈਲਥ ਦਾ ਕੀ ਹਿੱਸਾ ਹੈ । ਜਦ ਚੀਨ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਸੀ (The hon. Member Sardar Balwant Singh was still in possession of the House when the next item on the list of Business was taken up.)

ANNUAL ACCOUNTS OF THE PEPSU ROAD TRANSPORT CORPORATION FOR THE YEAR 1962-63 TOGETHER WITH FINANCIAL REVIEW AND AUDIT REPORT

Mr. Chairman (Sardar Gurnam Singh) : The House will now resume discussion on the motion—

> "That the Annual Accounts of the Pepsu Road Transport Corporation for the year 1962-63 together with the financial review and Audit Report laid on the Table of the House on the 15th September, 1964, be discussed."

The hon. Member Comrade Gurbaksh Singh was on his legs last time. He may resume his speech.

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ (ਨਿਹਾਲਸਿੰਘ ਵਾਲਾ) : ਪਿਛਲੇ ਦਿਨੀਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਐਨੂਅਲ ਅਕਾਊਂਟਸ ਤੇ ਬਹਿਸ ਹੋ ਰਹੀ ਸੀ । ਮੈਂ ਜ਼ਿਕਰ ਕਰ ਰਿਹਾ ਸਾਂ ਕਿ ਪੈਪਸੂ ਦੀ ਦਜੀ ਪੰਜ ਸਾਲਾ ਪਲਾਨ ਵੇਲੇ ਇਸ ਗੱਲ ਦਾ ਫੈਸਲਾ ਕਰ ਲਿਆ ਗਿਆ ਸੀ ਕਿ—

(ਇਸ ਸਮੇਂ ਸ੍ਰੀ ਰੂਪ ਸਿੰਘ ਫੂਲ, ਪੈਨਲ ਆਫ਼ ਚੇਅਰਮੈਨ ਦੇ ਮੈਂਬਰ, ਨੇ ਕੁਰਸੀ ਸੰਭਾਲੀ)

ਪੈਪਸੂ ਰੋਡ ਟ੍ਰਾਂਸਪੋਰਟ ਨੂੰ ਨੇਸ਼ਨਲਾਈਜ਼ ਕਰ ਲਿਆ ਜ਼ਾਵੇਗਾ ਅਤੇ ਇਹ ਕੰਮ ਪਲਾਨ ਦੇ ਪਹਿਲੇ ਤਿੰਨ ਸਾਲਾਂ ਵਿਚ ਮੁਕਾ ਲਿਆ ਜਾਵੇਗਾ ਪਰ ਅੱਜ ਅਸੀਂ ਵੇਖਦੇ ਹਾਂ ਕਿ ਪੈਪਸੂ ਸਰਕਾਰ ਦੇ ਜੋ ਪੰਜ ਸਾਲਾ ਪਲਾਨ ਦੇ ਪ੍ਰੋਗਰਾਮ ਸਨ ਕਿ ਰੋਡ ਟ੍ਰਾਂਸਪੋਰਟ ਨੂੰ ਨੇਸ਼ਨਲਾਈਜ਼ ਕਰਨਾ ਹੈ ਉਸ ਸਮੇਂ ਦੀ ਸਰਕਾਰ ਨੇ ਭਾਵੇਂ ਉਹ ਕੈਰੋਂ ਸਰਕਾਰ ਸੀ ਜਾਂ ਰਾਮ ਕਿਸ਼ਨ ਸਰਕਾਰ ਹੈ ਕੋਈ ਧਿਆਨ ਨਹੀਂ ਦਿੱਤਾ । ਉਸ ਪੈਪਸੂ ਸਰਕਾਰ ਦੇ ਫੈਸਲੇ ਅਨੁਸਾਰ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਨੂੰ ਉਦੋਂ ਹੀ ਨੇਸ਼ਨਲਾਈਜ਼ ਕਰ ਲੈਣਾ ਚਾਹੀਦਾ ਸੀ । ਪੈਪਸੂ ਦੇ ਪੰਜਾਬ ਵਿਚ ਮਰਜ ਹੋਣ ਤੋਂ ਪਹਿਲਾਂ ਦਾ ਜਿਹੜਾ ਫੈਸਲਾ ਸੀ ਉਸ ਨੂੰ ਅੱਜ ਤਕ ਪੂਰੇ ਤੌਰ ਤੇ ਲਾਗੂ ਨਹੀਂ ਕੀਤਾ ਗਿਆ । (ਵਿਘਨ)

ਚੀਫ਼ ਪਾਰਲੀਮੈਂਟਰੀ ਸੈਕਟਰੀ : ਆਨਰੇਬਲ ਮੈਂਬਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਨਸ਼ਨਲਾ-ਇਜ਼ੇਸ਼ਨ ਦਾ ਕੰਮ 1969 ਵਿਚ ਕੰਪਲੀਟ ਹੋ ਜਾਵੇਗਾ । (ਵਿਘਨ)

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : ਚੇਅਰਮੈਨ ਸਾਹਿਬ, ਮੈਨੂੰ ਬੜੀ ਹੈਰਾਨੀ ਹੋਈ ਹੈ ਕਿ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ, ਪੈਪਸੂ ਦੇ ਹੁੰਦੇ ਹੋਏ, ਖਾਸ ਤੌਰ ਤੇ ਪਟਿਆਲੇ ਸ਼ਹਿਰ ਦੇ ਜੰਮ ਪਲ ਹੁੰਦੇ ਹੋਏ ਵੀ ਸਾਰੇ ਹਾਲਾਤ ਤੋਂ ਕਤਅਨ ਨਾਵਾਕਫ ਹਨ । ਜਿਹੜੀ 5 ਸਾਲਾ ਯੋਜਨਾ ਪੈਪਸੂ ਦੀ ਸਰਕਾਰ ਨੇ 1956 ਦੇ ਵਿਚ ਬਣਾਈ ਸੀ, ਉਸਦਾ ਇਕ ਹਵਾਲਾ ਮੈਂ ਪਿਛਲੀ ਦਫਾ, ਬੋਲਦਿਆਂ ਹੋਇਆਂ ਦਿੱਤਾ ਸੀ । ਉਸ ਵਿਚ ਇਹ ਦਸਿਆ ਗਿਆ ਸੀ ਕਿ ਤਿੰਨ ਸਾਲ ਤਕ ਯਾਨੀ 1959 ਤਕ ਪੈਪਸੂ ਰੋਡਵੇਜ਼ ਨੈਸ਼ਨਲਾਈਜ਼ ਕਰ ਲਈ ਜਾਵੇਗੀ ਪਰ ਅੱਜ ਇਹ ਕਹਿੰਦੇ ਹਨ ਕਿ 1969 ਤਾਈਂ ਕਰਨਾ ਹੈ, ਕੋਈ ਪਤਾ ਨਹੀਂ ਚਲਦਾ ਕਿ ਇਨ੍ਹਾਂ ਦਾ ਮੰਤਵ ਕੀ ਹੈ । ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਹੁਣ ਦੀ ਸਰਕਾਰ ਹੁਣ ਇਸ ਗੱਲ ਤੋਂ ਬਰੀ ਨਹੀਂ ਹੋ ਸਕਦੀ ਕਿ ਇਹ ਪੈਪਸੂ ਸਰਕਾਰ ਨੇ ਕਰਨਾ ਸੀ । ਮੈਂ ਕਹਿੰਦਾ ਹਾਂ ਕਿ ਇਸ ਸਰਕਾਰ ਦੀ ਇਹ ਨੀਤੀ ਹੈ ਕਿ ਅਜੇ ਇਸ ਪਾਸੇ ਕੋਈ ਧਿਆਨ ਹੀ ਨਾ ਦਿੱਤਾ ਜਾਵੇ । ਕਿਉਂਕਿ ਇਹ ਸਰਕਾਰ ਚੰਦ ਇਕ ਕੰਪਨੀਆਂ ਨਾਲ ਮਿਲੀ ਹੋਈ ਹੈ । ਇਹ ਚੰਦ

[ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ]

ਰਜਿਸਟਰਡ ਕੰਪਨੀਆਂ ਨੂੰ ਉਨ੍ਹਾਂ ਦੀ ਮਨਾਪਲੀ ਕਾਇਮ ਕਰਨ ਲਈ ਇਸ ਤਰ੍ਹਾਂ ਦਾ ਯਤਨ ਕਰਦੀ ਚਲੀ ਆ ਰਹੀ ਹੈ, ਜਿਸ ਤਰ੍ਹਾਂ ਕਾਮਰੇਡ ਸਰਕਾਰ ਤੋਂ ਪਹਿਲਾਂ ਕੈਰੋਂ ਸਰਕਾਰ ਕਰਦੀ ਚਲੀ ਆਉਂਦੀ ਸੀ । ਅੱਜ ਸਭ ਤੋਂ ਵੱਡੀ ਜ਼ਰੂਰਤ ਇਸ ਗੱਲ ਦੀ ਹੈ ਕਿ ਜਿਹੜੇ ਪੰਜ ਸਾਲਾ ਪਲੈਨ ਦੇ ਟੀਚੇ ਹਨ ਉਨ੍ਹਾਂ ਨੂੰ ਫੂਲੀ ਅਮਲ ਵਿਚ ਲਿਆਂਦਾ ਜਾਵੇ । ਹੁਣ ਇਹ 1969 ਵਿਚ ਕਹਿੰਦੇ ਹਨ । ਫੇਰ ਇਹ 1972 ਵਿਚ ਕਹਿਣ ਲੱਗ ਜਾਣਗੇ । ਇਸ ਤਰ੍ਹਾਂ ਇਹ ਊਠ ਦੇ ਬੁਲ੍ਹ ਵਾਂਗ ਇਸ ਸਵਾਲ ਨੇ ਲਮਕਦਾ ਹੀ ਰਹਿਣਾ ਹੈ । ਮੈਂ ਕਹਿੰਦਾ ਹਾਂ ਬੜੀ ਦੇਰ ਹੋ ਗਈ ਹੈ । ਇਸ ਮੁਆਮਲੇ ਨੂੰ ਖਟੇ ਪਿਆਂ ਇਹ ਹੋਰ ਲਮਕਾਉਣਾ ਨਹੀਂ ਚਾਹੀਦਾ । ਇਸ ਦਾ ਕੋਈ ਨਾ ਕੋਈ ਹਲ ਤੁਰੰਤ ਲਭਣਾ ਚਾਹੀਦਾ ਹੈ ।

ਪਿਛਲੇ ਦਿਨਾਂ ਵਿਚ ਪੰਜਾਬ ਸਰਕਾਰ ਨੇ ਨੈਸ਼ਨਲਾਈਜ਼ੇਸ਼ਨ ਦੇ ਅਸੂਲ ਨੂੰ ਮਦੇ ਨਜ਼ਰ ਰਖਦੇ ਹੋਏ ਪੈਪਸੂ ਦੇ ਹਲਕਿਆਂ ਵਿਚ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਰਾਹੀਂ ਕੁਝ ਰੂਟਸ ਨੂੰ ਆਪਣੇ ਹੱਥ ਵਿਚ ਲਿਆ ਸੀ ਪਰ ਇਸ ਸਬੰਧ ਵਿਚ ਸਰਕਾਰ ਨੇ ਬੜੀ ਨਰਮ ਦਿਲੀ ਨਾਲ ਕੰਮ ਲਿਆ ਹੈ । ਮੈਂ ਕਹਿੰਦਾ ਹਾਂ ਕਿ ਜੇ ਇਕ ਅਸੂਲ ਨੂੰ ਮੰਨ ਕੇ ਉਨ੍ਹਾਂ ਨੇ ਕੋਈ ਕੰਮ ਆਪਣੇ ਹੱਥ ਵਿਚ ਲਿਆ ਸੀ ਤਾਂ ਉਨ੍ਹਾਂ ਨੂੰ ਇਸ ਬਾਰੇ ਬਕਾਇਦਾ ਕੰਮ ਕਰਨਾ ਚਾਹੀਦਾ ਸੀ । ਪਰ ਸਰਕਾਰ ਨੇ ਇਹੋ ਜੇਹੀ ਮਸ਼ੀਨਰੀ ਬਣਾਈ ਹੈ ਜਿਹੜੀ ਇਸ ਤਰ੍ਹਾਂ ਦੇ ਕੰਮ ਕਰਦੀ ਹੈ ਜਿਸ ਦੇ ਨਾਲ ਨੈਸ਼ਨਲਾਈਜ਼ੇਸ਼ਨ ਦੀ ਸਕੀਮ ਕਦੇ ਵੀ ਸਿਰੇ ਨਹੀਂ ਲੱਗ ਸਕਦੀ । ਇਹ ਸਾਰੀ ਚੀਜ਼ ਪੈਪਸੂ ਰੋਡ ਟ੍ਰਾਂਸਪੋਰਟ ਦਾ ਅੱਜ ਤਾਈਂ ਦਾ ਇਤਿਹਾਸ ਸਾਨੂੰ ਸਾਫ ਦਸਦਾ ਹੈ ਕਿ ਜਨਰਲ ਮੈਨੇਜਰ ਦੀ ਟ੍ਰਾਂਸਪੋਰਟ ਕੋਆਪਰੇਟਰਜ਼ ਨਾਲ ਮਿਲੀ ਭਗਤ ਹੈ, ਇਹ ਉਨ੍ਹਾਂ ਦੇ ਇਸ਼ਾਰਿਆਂ ਤੇ ਕੰਮ ਕਰਦੇ ਹਨ, ਇਹੋ ਵਜਾਹ ਹੈ ਕਿ ਇਸ ਪਾਸੇ ਕੋਈ ਸ਼ਲਾਘਾ-ਯੋਗ ਕਦਮ ਨਹੀਂ ਚੁਕੇ ਗਏ । ਮੈਂ ਇਸ ਸਬੰਧ ਵਿਚ ਇਕ ਦੋ ਮਿਸਾਲਾਂ ਆਪਦੇ ਸਾਹਮਣੇ ਪੇਸ਼ ਕਰਨੀਆਂ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਜਨਰਲ ਮੈਨੇਜਰ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਖੇਲ੍ਹਦਾ ਹੈ ।

ਪੈਪਸੂ ਮੋਟਰ ਟ੍ਰਾਂਸਪੋਰਟ ਕਾਰਪੋਰੇਸ਼ਨ ਨੇ ਇਹ ਫੈਸਲਾ ਕੀਤਾ ਸੀ ਕਿ ਜਿਹੜਾ ਬਠਿੰਡੇ ਵਿਚ ਨਵਾਂ ਟਰਾਂਸਪੋਰਟ ਦਾ ਡੀਪੂ ਬਨਾਉਣਾ ਹੈ ਉਸ ਵਿਚ ਲੇ–ਲੈਂਡ ਮਾਰਕੇ ਦੀਆਂ ਗੱਡੀਆਂ ਚਲਾਈਆਂ ਜਾਣ । ਪਰ ਅਜੇ ਤਕ ਇਹ ਡੀਪੂ ਹੀ ਨਹੀਂ ਚਾਲੂ ਕੀਤਾ ਗਿਆ, ਬਾਵਜੂਦ ਇਸ ਗੱਲ ਦੇ ਕਿ ਲੇ–ਲੈਂਡ ਫਰਮ ਨੇ ਇਹ ਵਿਸ਼ਵਾਸ਼ ਦਿਲਾਇਆ ਸੀ ਕਿ ਉਹ 40 ਨਵੀਆਂ ਗੱਡੀਆਂ ਦੇਣ ਨੂੰ ਤਿਆਰ ਹਨ ਅਤੇ 20 ਪੁਰਾਣੀਆਂ ਗੱਡੀਆਂ ਦੇਣ ਨੂੰ ਤਿਆਰ ਹਨ । ਪਰ ਡੀਪੂ ਇਸ ਲਈ ਚਾਲੂ ਨਹੀਂ ਕੀਤਾ ਗਿਆ ਕਿਉਂਕਿ ਜਨਰਲ ਮੈਨੇਜਰ ਇਹ ਗੱਲ ਜਾਣਦਾ ਹੈ ਕਿ ਜੇ ਬਠਿੰਡੇ ਵਿਚ ਲੇ–ਲੈਂਡ ਕਾਰਪੋਰੇਸ਼ਨ ਦਾ ਡੀਪੂ ਬਣ ਗਿਆ ਤਾਂ ਪਰਾਈਵੇਟ ਮੋਟਰ ਟ੍ਰਾਂਸਪੋਰਟ ਨਾਲ ਗਠ–ਜੋੜ ਕਰਕੇ ਜੋ ਉਹ ਪੈਸੇ ਲੈਂਦਾ ਹੈ ਉਹ ਬੰਦ ਹੋ ਜਾਣਗੇ । ਇਸ ਲਈ ਮੈਂ ਸਰਕਾਰ ਪਾਸ ਇਹ ਅਰਜ਼ ਕਰਾਂਗਾ ਕਿ ਬਠਿੰਡੇ ਵਿਚ ਲੇ ਲੈਂਡ ਡੀਪੂ ਫੌਰਨ ਚਾਲੂ ਕੀਤਾ ਜਾਵੇ ਅਤੇ ਜਿਨ੍ਹਾਂ ਰੂਟਾਂ ਤੇ ਪਬਲਿਕ ਬਸ ਸਰਵਿਸ ਰਜਿਸਟਰਡ ਵਗੈਰਾ ਦੀਆਂ ਗਡੀਆਂ ਚਲਦੀਆਂ ਹਨ, ਉਨ੍ਹਾਂ ਨੂੰ ਤੁਰੰਤ ਬੰਦ ਕਰਕੇ ਪਬਲਿਕ ਰੋਡ ਟ੍ਰਾਂਸਪੋਰਟ ਦੀਆਂ ਗੱਡੀਆਂ ਚਾਲੂ ਕੀਤੀਆਂ ਜਾਣ ।

ਪੀ. ਟੀ. ਏ. ਨੇ ਇਕ ਰੂਟ ਪਬਲਿਕ ਰੋਡ ਟਰਾਂਸਪੋਰਟ ਤੋਂ ਲੈ ਕੇ ਸਰਹੰਦ ਚਨਾਰਥਲ ਦਾ ਮਨਜ਼ੂਰ ਕੀਤਾ ਸੀ ਜਿਹੜਾ ਅਜੇ ਤਕ ਚਾਲੂ ਨਹੀਂ ਕੀਤਾ ਗਿਆ ਲਮਕਦਾ ਹੀ ਚਲਿਆ ਆ ਰਿਹਾ ਹੈ । ਇਸਦੀ ਵਜਾਹ ਇਹ ਹੈ ਕਿ ਜਨਰਲ ਮੈਨੇਜਰ ਸਾਹਿਬ ਨਹੀਂ ਚਾਹੁੰਦੇ ਕਿ ਇਹ ਚਾਲੂ ਕੀਤਾ ਜਾਵੇ ।

ਚੇਅਰਮੈਨ ਸਾਹਿਬ, ਇਕ ਗੱਲ ਹੋਰ ਜਿਹੜੀ ਮੈਂ ਕਹਿਣੀ ਚਾਹੁੰਦਾ ਹਾਂ ਉਹ ਇਹ ਕਿ ਸਰਕਾਰ ਨੂੰ ਡੀਜ਼ਿਲ ਆਇਲ ਦੇ ਆਪਣੇ ਪੰਪ ਬਠਿੰਡਾ, ਲੁਧਿਆਣਾ, ਹਿਸਾਰ ਆਦਿ ਵਿਚ ਲਾਉਣੇ ਚਾਹੀਦੇ ਨੇ ।

ਬਠਿੰਡੇ ਵਿਚ ਇਕ ਆਈ. ਓ. ਸੀ. ਵਾਲੇ ਆਪਣਾ ਪੰਪ ਲਾਉਣ ਨੂੰ ਤਿਆਰ ਵੀ ਸੀ, ਉਨ੍ਹਾਂ ਨੇ ਪੈਪਸੂ ਰੋਡ ਟਰਾਂਸਪੋਰਟ ਨਾਲ ਰਲ ਕੇ ਜ਼ਮੀਨ ਵੀ ਖਰੀਦੀ ਸੀ, ਪਰ ਇਤਨਾ ਕਰਨ ਦੇ ਬਾਵਜੂਦ ਵੀ ਉਨ੍ਹਾਂ ਨੂੰ ਪੈਟਰੋਲ ਪੰਪ ਲਾਉਣ ਦੀ ਆਗਿਆ ਨਹੀਂ ਦਿੱਤੀ ਗਈ ।

(ਇਕ ਮਾਨਯੋਗ ਮੈਂਬਰ : ਕੋਰਮ ਨਹੀਂ ਹੈ ਜੀ)। (ਘੰਟੀ ਵਜਾਈ ਗਈ ਅਤੇ ਕੋਰਮ ਹੋ ਜਾਣ ਤੇ ਕਾਰਵਾਈ ਸ਼ੁਰੂ ਕੀਤੀ ਗਈ ।)

ਮੈਂ ਚੇਅਰਮੈਨ ਸਾਹਿਬ, ਅਰਜ਼ ਕਰ ਰਿਹਾ ਸੀ ਕਿ ਸਰਕਾਰ ਨੂੰ ਜਦੋਂ ਪ੍ਰਾਈਵੇਟ ਫਰਮਾਂ ਆਪਣੇ ਪੰਪ ਲਾਉਣ ਵਾਸਤੇ ਕਹਿੰਦੀਆਂ ਹਨ ਤਾਂ ਇਹ ਕਿਉਂ ਨਹੀਂ ਮੰਨਦੇ ? ਪਰ ਅਸਲ ਗੱਲ ਇਹ ਹੈ ਕਿ ਉਹ ਲੋਕ ਜਿਹੜੇ ਇਸ ਮੁਆਮਲੇ ਨੂੰ ਐਡਮਨਿਸਟਰ ਕਰਦੇ ਹਨ । ਜਦੋਂ ਆਪਣਾ ਇੰਟਰੈਸਟ ਦੇਖਦੇ ਹਨ ਤਾਂ ਉਕਾ ਹੀ ਏਧਰ ਕੋਈ ਧਿਆਨ ਨਹੀਂ ਦਿੰਦੇ । ਪਿਛਲੇ ਸਾਲ ਇਸ ਹਾਊਸ ਵਿਚ ਵੀ ਇਕ ਸਵਾਲ ਉਠਾਇਆ ਗਿਆ ਸੀ ਕਿ ਜਿਹੜੇ ਪ੍ਰਾਈਵੇਟ ਤੇਲ ਦੇਣ ਵਾਲੇ ਪੰਪ ਹਨ ਉਹ ਕਿਵੇਂ ਇਨ੍ਹਾਂ ਨਾਲ ਮਿਲਕੇ ਬੇਈਮਾਨੀਆਂ ਕਰਦੇ ਸਨ, ਇਹ ਗੱਲਾਂ ਵੀ ਉਦੋਂ ਉਭਰ ਆਈਆਂ ਸਨ । ਇਸ ਲਈ ਕਾਰਪੋਰੇਸ਼ਨ ਨੂੰ, ਜਿਹੜੀ ਕਿ ਦਿਨੋਂ ਦਿਨ ਬਦਨਾਮ ਹੋ ਰਹੀ ਹੈ, ਆਪਣੇ ਤੇਲ ਦੇ ਡੀਪੂ ਖੋਲ੍ਹਣੇ ਚਾਹੀਦੇ ਹਨ ਅਤੇ ਜਿਹੜੇ ਜਿਹੜੇ ਐਡਮਨਿਸਟਰੇਟਰ ਹਨ ਉਨ੍ਹਾਂ ਨੂੰ ਆਪਣਾ ਰਵਈਆ ਹੁਣ ਬਦਲ ਲੈਣਾ ਚਾਹੀਦਾ ਹੈ ।

ਇਸ ਦੇ ਨਾਲ ਹੀ ਮੈਂ ਟ੍ਰਾਂਸਪੋਰਟ ਮਨਿਸਟਰ ਅੱਗੇ ਇਕ ਗੱਲ ਹੋਰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਪੈਪਸੂ ਟ੍ਰਾਂਸਪੋਰਟ ਨੇ ਸਪੇਅਰ ਪਾਰਟਸ ਖਰੀਦਣ ਲਈ 18 ਲਖ ਰੁਪੈ ਦਾ ਅੰਦਾਜ਼ਾ ਲਗਾਇਆ ਹੈ । ਜੇ ਇਹ ਸਪੇਅਰ ਪਾਰਟਸ ਖੁਲ੍ਹੇ ਮਾਰਕਿਟ ਵਿਚੋਂ ਖਰੀਦੇ ਜਾਣ, ਜਿਵੇਂ ਕਿ ਖਰੀਦੇ ਜਾਣਗੇ ਤਾਂ ਸਰਕਾਰ ਨੂੰ 18 ਲੱਖ ਦਾ 18 ਲੱਖ ਰੁਪਿਆ ਦੇਣਾ ਪਏਗਾ । ਲੇਕਿਨ ਜੇ ਆਲ ਇੰਡੀਆ ਮੈਨੂੰਫੈਕਚਰਰ ਐਸੋਸੀਏਸ਼ਨ ਦੇ ਕੋਲੋਂ ਇਹ ਪਾਰਟਸ ਖਰੀਦੇ ਜਾਣ ਤਾਂ ਉਸ ਵਿਚ ਸਾਢੇ ਚਾਰ ਲੱਖ ਰੁਪਿਆ ਸੇਵ ਹੋ ਸਕਦਾ ਹੈ ਕਿਉਂਕਿ ਉਸ ਨੇ 25 ਪਰਸੈਂਟ ਕਮੀਸ਼ਨ ਉਨ੍ਹਾਂ ਕੰਪਨੀਆਂ ਨੂੰ ਦੇਣ ਦਾ ਇਲਾਨ ਕੀਤਾ ਹੈ, ਜਿਸਦੀ 25 ਜਾਂ 25 ਤੋਂ ਵੱਧ ਗਡੀਆਂ ਚਲਦੀਆਂ ਹਨ, ਕਿਉਂਕਿ ਪੈਪਸੂ ਰੋਡਵੇਜ਼ ਦੀਆਂ ਬਹੁਤ ਸਾਰੀਆਂ ਗਡੀਆਂ ਚਲਦੀਆਂ ਹਨ, ਇਸ ਕਰਕੇ ਇਸਨੂੰ ਆਸਾਨੀ ਨਾਲ ਕਮੀਸ਼ਨ ਮਿਲ ਸਕਦੀ ਹੈ, ਔਰ ਲੱਖਾਂ ਦਾ ਫਾਇਦਾ ਹੋ ਸਕਦਾ ਹੈ । ਪਰ ਇਹ ਫਾਇਦਾ ਪੈਪਸੂ ਰੋਡਵੇਜ਼ ਨੂੰ ਨਹੀਂ ਹੋਣ ਲੱਗਾ ਕਿਉਂਕਿ ਜਨਰਲ ਮੈਨੇਜਰ ਨੇ ਕਾਨਟਰੇਕਟਰਸ ਦੇ ਰਾਹੀਂ ਆਪਣੀ ਹਿੱਸਾ ਪਤੀ ਕਰਨੀ ਹੈ, ਉਹ ਨਹੀਂ ਮਿਲੇਗੀ ਜੇ ਇਹ ਪਾਰਟਸ ਆਲ ਇੰਡੀਆ ਮੈਨੂਫੈਕਚਰਰ ਐਸੋਸ਼ੀਏਸ਼ਨ ਕੋਲੋਂ ਖਰੀਦੇ ਗਏ । ਚੇਅਰਮੈਨ ਸਾਹਿਬ, ਮੈਂ ਗੌਰਮਿੰਟ ਦੀ ਤਵਜੁਹ ਇਸ ਪੁਆਇੰਟ ਵਲ ਦਿਵਾਉਂਦਾ ਹਾਂ ਕਿ ਜੇ ਇਹ ਰੁਪਿਆ ਬਚਾਉਣਾ ਚਾਹੁੰਦੀ ਹੈ, ਤਾਂ ਇਸ ਪਾਸੇ ਸੋਚਣਾ ਪਏਗਾ ।

ਇਸੇ ਤਰ੍ਹਾਂ ਮੇਰੀ ਇਹ ਵੀ ਸਜੈਸ਼ਨ ਹੈ ਕਿ ਜੇ ਪੈਪਸੂ ਟ੍ਰਾਂਸਪੋਰਟ ਕਾਰਪੋਰੇਸ਼ਨ ਆਪਣੀਆਂ ਵਰਕਸ਼ਾਪ ਲਗਾ ਕੇ ਖਰਾਦ ਵਗੈਰਾ ਲਗਾ ਲਵੇ ਤਾਂ ਇਸ ਤਰ੍ਹਾਂ ਇਹ ਆਪਣਾ ਘਾਟਾ ਪੂਰਾ ਕਰ ਸਕਦੀ ਹੈ ਕਿਉਂਕਿ ਬਹੁਤ ਸਾਰੀਆਂ ਚੀਜ਼ਾਂ ਜਿਹੜੀ ਕਿ ਇਹ ਆਪ ਬਣਾ ਸਕਦੀ ਹੈ, ਬਾਹਰਲੀਆਂ ਫਰਮਾਂ ਤੋਂ ਖਰੀਦਦੀ ਹੈ ।

ਜਿੱਥੋਂ ਤਕ ਮੈਨੇਜਮੈਂਟ ਦਾ ਤਾਲੁਕ ਹੈ, ਮੈਂ ਸਮਝਦਾ ਹਾਂ ਕਿ ਉਹ ਅਜਿਹੇ ਬੰਦਿਆਂ ਦੇ ਹੱਥ ਵਿਚ ਹੋਣਾ ਚਾਹੀਦਾ ਹੈ, ਜਿਨ੍ਹਾਂ ਦਾ ਇਹ ਖ਼ਿਆਲ ਹੋਵੇ ਕਿ ਹਿੰਦੁਸਤਾਨ ਦਾ ਸਰਮਾਇਆ ਪ੍ਰਾਈਵੇਟ

[ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ]

ਸੈਕਟਰ ਤੋਂ ਕੱਢ ਕੇ ਪਬਲਿਕ ਸੈਕਟਰ ਵਿਚ ਲਿਆਉਣਾ ਹੈ । ਇਸ ਲਈ ਟ੍ਰਾਂਸਪੋਰਟ ਮਨਿਸਟਰ ਅੱਗੇ ਮੈਂ ਮੰਗ ਕਰਾਂਗਾ ਕਿ ਕੋਈ ਚੰਗਾ ਜਨਰਲ ਮੈਨੇਜਰ ਉਥੇ ਲਗਾਉਣਾ ਚਾਹੀਦਾ ਹੈ ।

ਮੈਨੇਜਮੈਂਟ ਦਾ ਔਰ ਉਸ ਤੇ ਕਰਮਚਾਰੀਆਂ ਦਾ ਸਲੂਕ ਘਿਉ–ਖਿਚੜੀ ਵਰਗਾ ਹੋਣਾ ਚਾਹੀਦਾ ਹੈ । ਪਰ ਇਹ ਹੈ ਨਹੀਂ । ਦੇਖਣ ਵਿਚ ਇਹੋ ਹੀ ਆਇਆ ਹੈ । ਜਿਵੇਂ ਕਿ ਪਿਛਲੇ ਸਮਾਗਮ ਵਿਚ ਕਾਮਰੇਡ ਭੌਰਾ ਨੇ ਇਕ ਸਵਾਲ ਪੁਛਿਆ ਸੀ ਕਿ ਕੀ ਮੈਨੇਜਮੈਂਟ ਨੇ ਪੈਪਸੂ ਰੋਡਵੇਜ਼ ਟ੍ਰਾਂਸਪੋਰਟ ਯੂਨੀਅਨ, ਪਟਿਆਲਾ ਨੂੰ ਰਿਕਾਗਨਾਈਜ਼ ਕਰ ਲਿਆ ਹੈ ? ਲੇਕਿਨ ਉਸਦਾ ਜਵਾਬ ਮਿਲਿਆ ਸੀ ਕਿ ਨਹੀਂ, ਕੀਤ ਹੈ । ਮੇਰੇ ਕੋਲ ਰਿਪੋਰਟ ਹੈ :

"Review on the Annual Report on the working of the Industrial Disputes Act, 1947, in the Punjab During the year 1963".

ਇਸਦੀ ਪ੍ਰੋਸੀਡਿੰਗਜ਼ ਦੇ ਪਾਰਟ (4) ਵਿਚ ਜ਼ਿਕਰ ਹੈ ਕਿ:

"The State Evaluation and Implementation Committee was re-constituted for one year in 1963 but no meeting of this Committee was held during this year. Six managements recognised the unions of their workers during this year under report particulars of which are given below:—

Serial No.	Name of the Management	Name of the Union recognised
1.	M/s Pepsu Road Transport Corporation, Patiala.	Pepsu Road Transport Corporation Workers Union Patiala.

ਮੈਂ ਇਹ ਕੋਟ ਕਰਕੇ ਇਹ ਗੱਲ ਦਸਣੀ ਚਾਹੁੰਦਾ ਹਾਂ ਕਿ ਸਦਨ ਵਿਚ ਤਾਂ ਸਰਕਾਰ ਜਵਾਬ ਦਿੰਦੀ ਹੈ, ਕਿ ਰੀਕਗਨਾਈਜ਼ ਨਹੀਂ ਕੀਤਾ ਔਰ ਇਸ ਰਿਪੋਰਟ ਵਿਚ ਦਰਜ ਹੈ ਕਿ ਕਰ ਲਿਆ ਹੈ । ਲੇਕਿਨ 'ਨਾ' ਕਰਨ ਦਾ ਮਤਲਬ ਇਹ ਹੈ ਕਿ ਯੂਨੀਅਨ ਨੂੰ ਰਿਕਗਨਾਈਜ਼ ਹੋਣ ਤੋਂ ਬਾਅਦ ਜਿਹੜੀਆਂ ਸਹੂਲਤਾਂ ਵਰਕਰਾਂ ਨੂੰ ਮਿਲ ਸਕਦੀਆਂ ਸਨ, ਉਹ ਨਹੀਂ ਮਿਲਦੀਆਂ, ਮਿਸਾਲ ਦੇ ਤੌਰ ਤੇ ਜੇ ਇਹ ਰਿਕਗਨਾਈਜ਼ ਹੋਵੇ ਤਾਂ ਯੂਨੀਅਨ ਦਾ ਇਕ ਬੰਦਾ ਖਜ਼ਾਨਚੀ ਦੇ ਕੋਲ ਬੈਠ ਸਕਦਾ ਹੈ,ਔਰ ਉਹ ਯੂਨੀਅਨ ਦਾ ਚੰਦਾ ਤਨਖਾਹ ਵਾਲੇ ਦਿਨ ਹੀ ਵਸੂਲ ਕਰ ਸਕਦਾ ਹੈ ।

ਦੂਜੀ ਸਹੂਲਤ ਇਹ ਹੈ ਕਿ ਮੀਟਿੰਗ ਕਰਨ ਲਈ ਯੂਨੀਅਨ ਨੂੰ ਕਮਰਾ ਮਿਲ ਸਕਦਾ ਹੈ ।

ਕਿਸੇ ਕੇਸ ਨੂੰ ਯੂਨੀਅਨ ਟ੍ਰਿਬੂਨਲ ਦੇ ਕੋਲ ਪੇਸ਼ ਕਰਨ ਦਾ ਹੱਕ ਮਿਲ ਸਕਦਾ ਹੈ । ਹੋਰ ਵੀ ਕਈ ਛੋਟੀਆਂ ਛੋਟੀਆਂ ਗੱਲਾਂ ਹਨ, ਜਿਨ੍ਹਾਂ ਦੀ ਸਹੂਲਤ ਯੂਨੀਅਨ ਨੂੰ ਮੈਨੇਜਮੈਂਟ ਨਹੀਂ ਦੇ ਰਹੀ । ਅਸਲ ਵਿਚ ਹਕੀਕਤ ਇਹ ਹੈ ਕਿ ਯੂਨੀਅਨ ਨੂੰ ਰਿਕਗਨਾਈਜ਼ ਨਹੀਂ ਕੀਤਾ ਗਿਆ ।

ਫੇਰ ਕਣਕ ਖਰੀਦਣ ਲਈ ਇਮਪਲਾਈਜ਼ ਨੂੰ ਪੈਸੇ ਦੇਣੇ ਸੀ, ਇਕ-ਇਕ ਮਹੀਨੇ ਦੀ ਤਨਖਾਹ, ਉਹ ਵੀ ਨਹੀਂ ਦਿੱਤੀ । (ਘੰਟੀ) ਬਸ, ਮੈਂ ਇਕ ਮਿੰਟ ਵਿਚ ਹੀ ਖਤਮ ਕਰ ਦਿਆਂਗਾ । ਬੋਨਸ ਦੀ ਸਹੂਲਤ ਵੀ ਨਹੀਂ ਮਿਲ ਰਹੀ । ਜਨਰਲ ਮੈਨੇਜਰ ਪ੍ਰੋਫੈਸਰ ਸ਼ਿਵ ਕੁਮਾਰ ਨੇ ਪੈਪਸੂ ਕਾਰਪੋਰੇਸ਼ਨ ਦਾ ਫਾਇਦਾ ਵਧਾ ਦਿੱਤਾ, ਡਿਸਪੂਟ ਨੂੰ ਕਮ ਕੀਤਾ ਸੀ, ਉਸਨੂੰ ਲਾਇਆ ਜਾਏ । ਹੁਣ ਇਹ ਇਸ ਵੇਲੇ ਪੈਪਸੂ

ਟ੍ਰਾਂਸਪੋਰਟ, ਪੀਪਾ ਟ੍ਰਾਂਸਪੋਰਟ ਕਹੀ ਜਾਣ ਲੱਗੀ ਹੈ, ਇਸ ਨੂੰ ਚੰਗੀ ਤਰ੍ਹਾਂ ਮੈਨੇਜ ਕਰਨ ਦੀ ਲੋੜ ਹੈ । ਜਿਹੜੀ ਕੈਰੋਂ ਰਾਜ ਦੀਆਂ ਕਰਤੂਤਾਂ ਹਨ, ਉਨ੍ਹਾਂ ਨੂੰ ਖਤਮ ਕੀਤਾ ਜਾਏ । ਪੈਪਸੂ ਸਰਕਾਰ ਦਾ ਇਰਾਦਾ ਸੀ ਕਿ ਸਾਰੇ ਰੂਟਸ ਨੂੰ ਨੈਸ਼ਨਲਾਈਜ਼ ਕੀਤਾ ਜਾਏ, ਉਹ ਉਸ ਵੇਲੇ ਨਹੀਂ ਹੋ ਸਕਿਆ, ਮਗਰ ਅਸੂਲ ਚੰਗਾ ਸੀ । ਇਸ ਕਰਕੇ ਮੈਂ ਨਵੇਂ ਟ੍ਰਾਂਸਪੋਰਟ ਮਨਿਸਟਰ ਨੂੰ ਕਹਾਂਗਾ, ਕਿ ਉਹ ਨਵਾਂ ਨਵਾਂ ਤਜਰਬਾ ਕਰ ਰਹੇ ਹਨ, ਇਸ ਕਰਕੇ ਚੰਗੇ ਪਾਸੇ ਵਲ ਵੀ ਧਿਆਨ ਦੇਣ ।

सरदार रणजीत सिंह नैनावालिया (माहल कलां) : जनाब, सफा 16 में, रिपोर्ट में जो कुछ दिया गया है, उसके बारे में एक बड़ा भारी स्कैंडल है। लेकिन इसके बारे में कुछ नहीं लिखा गया –– तो जनाब चेयरमन साहिब, 12 पी. ग्रार. टायर का ग्रार्डर दिये पी. ग्रार. के टायर एक्सेप्ट कर लिये विदग्राऊट रिड्यूसिंग दी प्राइस। ग्राप इनकी यूटिलिटी देख लीजिये ।

> "36 imported cordatic tyres of 8.25X20X12 P.R. with tubes and flaps were ordered at a total cost of Rs.14,040 against orders placed on the 8th August, 1962, and 1st October, 1962, for 18 sets each. Actually, however, tyres of 6 ply rating were received and accepted without any reduction in price. Out of this, 24 tyres put on vehicles rendered on the average 11,714 miles service each....."

Mr. Chairman (Shri Rup Singh Phul) : The hon. Member may please take his seat. There is no quorum in the House.

(At this stage quorum bells were sounded till the House was in quorum).

Mr. Chairman : The hon. Member, Sardar Ranjit Singh, may please continue his speech.

> "The normal average service rendered by tyres of 12 ply rating of standard makes during 1962-63, was 41,702 miles. The remaining 12 tyres are still in stock".

सरदार रणजीत सिंह नैनेवालिया: जनाब, यह कितना भारी स्कडल है। पब्लिक चाहती है कि नेशनलाईजेशन हो ताकि फायदा हो । हम काम चलाते हैं। मगर यह स्कैंडल हो रहा है। ग्रार्डर दे रहे हैं। 12 पी. ग्रार का ग्रौर ले रहे हैं 6 पी. ग्रार। मैं मिनिस्टर साहिब से दरखास्त करूँगा कि इसकी इंक्वायरी करनी चाहिए। जो ग्रफसर इसमें इन्वाल्व हैं विदाउट ऐनी फीयिर ग्रौर फेवर दे शुड बी पीनेलाइज्ड। सफा 15 पर बताया है कि 1961–62 में इनके पास 152 बसों का फलीट था ग्रौर 1962–63 में 134 का। मुझे इत्तलाह मिली है कि 1964–65 में यह 230 एरेंज कर दी है। जो

[सरदार रणजीत सिंह नैनेवालिया]

मुनाफा है एक्सपैंडीचर वगैरा करके वह प्राफिट है वह इस तरह है--1961-62 में 27 पैसे पर बस माईल है और 1962-63 में भी 27 पैसे है। प्राफिट में कोई फायदा नहीं हुआ। जो इफैक्टिव माइलेज है वह 1961-62 में 67 लाख थी और 62-63 में 80 लाख थी। मुझे जहां तक इसका पता है जो एवरेज इस वक्त चल रही है वह इससे आगे बढ़ गई है। जनाब चेयरमैन साहिब अगर हमें मुनाफे में इजाफा नहीं होना है तो फिर कोई फायदा नहीं। इफैक्टिव माइलेज बढ़ रही है मुनाफा वहीं खड़ा है। एस्टबलेशमेंट चार्जिज बढ़ रहे हैं। एडमिनिस्ट्रेशन के चार्जिज बढ़े हैं मुनाफा नहीं बढ़ाया गया। मैं तो मिनिस्टर साहिब से दरखास्त करूँगा कि वह इसकी भी इन्क्वायरी करें कि हमारा मुनाफा क्यों नहीं बढ़ रहा है। 1961-62 में प्राफिट 18 लाख रुपये का था, 1962-63 में 21 लाख था और 1963-64 में 27 लाख रुपये हो रहा है। यह हमारा प्राफिट बढ़ रहा है। यह अच्छा फीचर है। हम प्राफिट पर इन्कम टेक्स मोर दैन 50 परसेंट सैंटर को देते हैं जो 22 लाख रुपये के करीब सैंटर को दे चुके हैं। हम सेल्ज़ टैक्स 12 परसेंट दे रहे हैं, 10 परसेंट इस स्टेट को और 2.2 परसेंट के करीब बाहरली स्टेटों को। पैसेंजर टैक्स 25 परसेंट देते हैं जो 27 लाख दे चुके हैं। रोड टैक्स 2750 रुपए फी बस के हिसाब से हम 7 लाख के करीब दे चुके हैं। हम अपनी स्टेट को 94 लाख के करीब प्राफिट दे चुके हैं। यह बड़ा अच्छा फीचिर है। चेयरमैन साहिब, यह बात कम्पेयर कीजिये। पंजाब रोडवेज़ सैंटर को दो परसेंट सेल्ज़ टैक्स दे रही है। पैप्सू रोडवेज़ इन्कम टैक्स 51 परसेंट सेल्ज़ टक्स 12 परसेंट और पेसैन्जर टेक्स दे रही है। पंजाब रोडवेज़ यह टैक्स नहीं दे रही। मैं मिनिस्टर साहिब से यह दरखास्त करूँगा कि वह पैप्सू रोडवेज़ को पंजाब रोडवेज़ के एट पार ले आएं। आखिर इससे पंजाब के स्टेट को इन्कम ही आएगी जैसे कि पैप्सू रोडवेज़ से स्टेट में आ रही है। इन दोनों को एट पार कर दीजिये। हमारी पैप्सू रोडवेज़ की इन्कम काफी ज्यादा हो रही है। यह नेशनलाइज़ेशन के लिये फायदे वाली चीज़ है। वह इन्कम तो हमारी ही है। इससे नेशन्लाइज़ेशन करने के लिये जो व्यू है उसकी एक पिक्चर आ जाएगी। चेयरमैन साहिब मैं एक और दरखास्त करूँगा कि हमने डाज गाड़ियां 171 खरीदी थीं और वह बिल्कुल फैल्योर साबित हुईं। यह किन्होंने खरीदीं किन्हों ने मुनाफा खाया इसका पता नहीं। उसकी सरविस फायदे वाली बात नहीं हुई उसके बारे में भी एक इन्क्वायरी करनी चाहिए। यह क्या बात है कि इतने ब्रेक डाऊन्ज़ होते हैं। डाज के इंजन में कोई नुक्स है। उसमें इफैक्टिव सरविस नहीं दी। वहां डाज एक फैल्योर साबित हुई है। अब यह 80 या 90 के करीब लेलेण्ड खरीद रहे हैं। यह पहले क्यों नहीं खरीदीं। अब क्यों ऐसा कर रहे हैं? मैं फिनांस मिनिस्टर से दरखास्त करूँगा कि यह नुकसान हो रहा है। पब्लिक से रुपया लेकर पब्लिक को फायदा नहीं दे रहे। चेयरमैन साहिब मैं एक और दरखास्त करना चाहता हूँ। पैप्सू रोडवेज़ कारपोरेशन का जो फलीट चल रहा है उसमें 213 के करीब गाड़ियां चल रही हैं। और 28,000 आप्रेटिव माइल कवर करती हैं। लेकिन प्राइवेट सैक्टर में 650 बसें चलती हैं और वह 37000 आप्रेटिव माइलज़ कवर करती हैं। चेयरमैन साहिब मैं आपके ज़रिये दरखास्त करूँगा कि यह

650 बसें जो चल रही हैं वह इसमें एक या दो कम्पनियां ऐसी हैं जिनकी बहुत सी बसें हैं। मैं यह समझता हूँ कि प्राइवेट सैक्टर को हमें अगर इन्कर्ज करना है तो उनको छोटे छोटे रूट दीजिये लेकिन यहां मनाप्ली बनी हुई है। प्राइवेट सैक्टर में भी दो चार इतनी बड़ी कम्पनियां हैं जो सारे पैप्सू में छाई हुई हैं वह हर चीज़ के टैक्स में इवेज़न कर रही हैं। उन्हें मनाप्ली दी गई है और पैप्सू रोडवेज की मनाप्ली तोड़ रहे हैं। दो चार प्राइवेट कम्पानियों वालों की मनाप्ली बनाई गई है। उसमें तमाम अफसर शामिल हैं। यहां तक कि शायद हमारे मिनिस्टर भी उनके ज़ेर असर हैं। कितनी हैरानी

1.00 p.m.

की बात है कि यही दो चार बड़ी बड़ी कम्पनियां चारों तरफ नज़र आती हैं और उनकी बसें ही हर रूट पर चलती नज़र आती हैं। जो भी नया रूट निकलता है वह इन्हीं बड़ी कम्पनियों को मिलते हैं और हर बात में उनका ही फेवर होता है। एक तरफ तो यह ऐलान करते हैं कि प्राइवेट सैक्टर को डिसक्रेज करना है और नेशनलाइज़ेशन की बातें करते हैं दूसरी तरफ इन चंद बड़े बड़े कैपीटलिस्टस को बसों की मनाप्ली दी जा रही है। मैं चाहता हूँ कि वज़ीर साहिब, इस बात की इन्क्वायरी करायें कि आखिर इन चंद बड़ी बड़ी बस कम्पनी वालों को क्यों इतना फेवर किया जा रहा है। यही कम्पनियां हमारे खिलाफ ज़ोर शोर से प्रापेगंडा कर रही हैं और नैशनलाइज़ेशन के खिलाफ प्रापगंडा कर रही हैं। अगर आप नैशनलाइज़ेशन की तरफ जाना चाहते हैं तो फिर हमारा जो हमला हो वह पहले इन बड़े बड़े मनापलिस्टस पर होना चाहिए और इनको डिसक्रेज़ करना चाहिए और छोटे छोटे बस वालों को पहले नुकसान नहीं पहुंचाना चाहिए। एक दरखास्त मैं यह करना चाहता हूँ कि यह ब्रेक डाउनज़ को बीमारी बहुत ज़ोर पकड़ती जा रही है और चार पांच साल से तो यह बाकायदा एक फीचर बन गया है कि ब्रेक डाउन होते हैं। सैशन में दो बजे आना होता है तो बनूड़ के पास ब्रेक डाउन हो जाता है। रात को आखरी बस से जाते हैं तो रास्ते में बस का ब्रेक डाउन हो जाता है और सवारियां औरतें बच्चे आदमी रात को खराब होते हैं। हैरानी इस बात की होती है कि बसें वर्कशाप से तो अच्छी निकलती हैं, अड्डे पर इन आर्डर होती हैं लेकिन दस मील पर जा कर ब्रेक डाउन हो जाता है। आखिर इसकी वजह क्या है? मैं समझता हूँ कि वर्कशाप का जो ऐडमिनिस्ट्रेशन है उसमें कोई न कोई खराबी है। वहां जो अफसरों, टैकनीशियन्ज़ अप्रेटर्ज़ वगैरा में कोई रस्साकशी है जिसकी वजह से मशीनें खराब होती जा रही हैं। इसकी इन्क्वायरी होनी चाहिए। मुझे पता लगा है कि वहां अफसरों और दूसरे मुलाज़मों में दो दो चार चार पार्टियां बनी हुई हैं। कोई किसी को फेवर करता है कोई किसी को फेवर करता है और इस तरह सख्त पार्टी बाज़ी चलती है लेकिन नुकसान पब्लिक उठा रही है। इसकी जरूर इन्क्वारी कराई जाए। फिर आप देखें जितने अड्डे हैं वहां पैसिंजर्स के लिये शैडज़ का इन्तज़ाम नहीं है। कहीं दो चार बैंच तो बना दिये हैं लेकिन पूरी फैसिलिटीज़ नहीं है। पटियाला को ही देख लें कितना बड़ा अड्डा है लेकिन मुसाफिरों के लिये दो चार बैंचों के

[सरदार रणजीत सिंह नैनावालिया]

अलावा और कुछ नज़र नहीं आता है। और तो छोड़ो गरमियों के दिनों में ठंडा पानी पीने का कोई इन्तजाम नहीं है। आप जाकर देख लें कि अफसरों के लिये तो रीफ्रजीरेटर लगे हुए हैं, उनके लिये कारें हैं नौकर चाकर हैं लेकिन जिन पैसिंजर्स की वजह से उनको इतनी फैसिलटीज़ मिली हुई हैं उनका उन्हें कोई ख्याल नहीं है। सख्त गर्मी में ठंडा पानी तक पीने को नहीं मिलता है। अगर कहीं रीफ्रजीरेटर लगा भी है तो वह इन आर्डर नहीं होता। फिर बठिंडा की बात मैं आपको बताता हूँ कि वहां एक यूरीनल और लैटरीन बनाई गई थी लेकिन उसे बने एक साल भी नहीं हुआ कि उसकी ईंटें तक गायब हो गई हैं। यूरीनल का नाम निशान मिट गया है कोई ईंट इधर पड़ी है तो कोई उधर पड़ी है। उस ठेकेदार के खिलाफ जिसने वह युरीनल बनाया था उसकी इन्क्वायरी कराइ जाए कि उसने कैसा मैटीरियल लगाया था जो वह एक साल तक भी कायम न रहा। लोग इतने टैक्स देते हैं लेकिन उनके लिये कोई फैसिल्टीज़ पानी, शैड, युरीनल वगैरा की नहीं (घंटी) मैं दरखास्त करूँगा कि एक हाई पावर कमीशन बिठाया जाए जिसमें इस हाउस के मैम्बर भी एसोशियेट हों जो वर्कशाप के अंदर जा कर देखें कि यह ब्रेक डाउन क्यों होते हैं, इतने सकैंडल्ज़ क्यों हो रहे हैं और मुनाफा क्यों ज्यादा नहीं हो रहा है। मुसाफिरों की फैसिलटीज के बारे भी वह रपोर्ट दे। (घंटी) आखिर में मैं यह कहना चाहता हूँ कि वज़ीर साहिब ने assure किया है कि 1969 तक नैशनलाइजेशन हो जानी चाहिए। मैं भी कहता हूँ कि इसके लिये स्टैपस लें और इसकी नैशनलाइजेशन कर देनी चाहिए हम इसके हक में हैं। आपका शुक्रिया।

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ, ਐਸ. ਸੀ.) : ਚੇਅਰਮੈਨ ਸਾਹਿਬ, ਸਰਦਾਰ ਰਣਜੀਤ ਸਿੰਘ ਨੇ ਦਸਿਆ ਹੈ ਕਿ ਪੈਪਸੂ ਟਰਾਂਸਪੋਰਟ ਦੀ ਕਿਤਨੀ ਮਾੜੀ ਹਾਲਤ ਹੈ। ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਬਸਾਂ ਦੀ ਹਾਲਤ ਇਹ ਹੈ ਕਿ ਜਿੱਥੇ ਉਨ੍ਹਾਂ ਦੀ ਸਲਾਹ ਹੋ ਜਾਵੇ ਉਥੇ ਹੀ ਖੜੀਆਂ ਹੋ ਜਾਂਦੀਆਂ ਹਨ। ਇਸਦੇ ਕਈ ਕਾਰਨ ਹਨ ਅਤੇ ਦੋ ਕਾਰਨ ਵੱਡੇ ਹਨ। ਇਕ ਤਾਂ ਇਹ ਹੈ ਕਿ ਜਿਸ ਤਰ੍ਹਾਂ ਪਹਿਲਾਂ ਵੀ ਕਈ ਸੈਸ਼ਨਾਂ ਵਿਚ ਇਸ ਗੱਲ ਦਾ ਚਰਚਾ ਚਲਦਾ ਰਿਹਾ ਹੈ ਕਿ ਇਹ ਜੋ ਡਾਜ ਫਾਰਗੋ ਬਸਾਂ ਖਰੀਦੀਆਂ ਗਈਆਂ ਇਹ ਸਰਦਾਰ ਪਰਤਾਪ ਸਿੰਘ ਕੈਰੋਂ ਦੇ ਫਰਜ਼ੰਦ ਸਰਦਾਰ ਸੁਰਿੰਦਰ ਸਿੰਘ ਨੂੰ ਫੇਵਰ ਕਰਨ ਲਈ ਤੇ ਉਨ੍ਹਾਂ ਨੂੰ ਲੱਖਾਂ ਰੁਪਏ ਖਵਾਣ ਲਈ ਉਨ੍ਹਾਂ ਦੀ ਏਜੈਂਸੀ ਦੀ ਮਾਰਫਤ ਖਰੀਦੀਆਂ ਗਈਆਂ। ਇਨ੍ਹਾਂ ਨੂੰ ਵੇਖਣ ਲਈ ਜੋ ਵੀ ਆਦਮੀ ਜਾਂ ਕਮੇਟੀ ਗਈ ਉਸ ਨੇ ਇਹੋ ਰਿਪੋਰਟ ਦਿੱਤੀ ਕਿ ਉਨ੍ਹਾਂ ਦੀ ਬੜੀ ਨਾਜ਼ਕ ਹਾਲਤ ਹੈ। ਪੰਜਾਬ ਦੇ ਏ. ਜੀ. ਸਾਹਿਬ ਨੇ ਵੀ ਇਹ ਰੀਪੋਰਟ ਦਿੱਤੀ ਕਿ ਪੈਪਸੂ ਰੋਡਵੇਜ਼ ਦੀਆਂ ਬਸਾਂ ਬੜੀਆਂ ਨਾਕਸ ਹਨ। ਠੀਕ ਹੈ ਕਿ ਹੁਣ ਕੁਝ ਹਾਲਾਤ ਸੁਧਰ ਰਹੇ ਹਨ ਪਰ ਪਹਿਲਾਂ ਜੋ ਬਸਾਂ ਖਰੀਦੀਆਂ ਗਈਆਂ ਉਹ ਇਕ ਆਦਮੀ ਨੂੰ ਫੇਵਰ ਕਰਨ ਲਈ ਖਰੀਦੀਆਂ ਗਈਆਂ। ਉਨ੍ਹਾਂ ਦੀ ਚੂੰਕਿ ਖਸਤਾ ਹਾਲਤ ਸੀ ਇਸ ਲਈ ਜਿੱਥੇ ਚਾਹੁੰਦੀਆਂ ਹਨ ਖੜੀਆਂ ਹੋ ਜਾਂਦੀਆਂ ਹਨ। ਇਕ ਕਾਰਨ ਇਹ ਵੀ ਹੈ ਕਿ ਇਨ੍ਹਾਂ ਬਸਾਂ ਨੂੰ ਜਿੱਥੋਂ ਇਹ ਚਲਦੀਆਂ ਹਨ ਸਿਵਾਏ ਉਥੇ ਦੇ ਪਟਰੌਲ ਪੰਪ ਦੇ ਹੋਰ ਕਿਤੇ ਰਸਤੇ ਵਿਚ ਪਟਰੌਲ ਲੈਣ ਦੀ ਇਜ਼ਾਜ਼ਤ ਨਹੀਂ। ਜੇਕਰ ਬਸ ਪਟਿਆਲੇ ਤੋਂ ਚਲੇ ਤਾਂ ਉਹ ਪਟਿਆਲੇ ਤੋਂ ਹੀ ਤੇਲ ਲੈ ਸਕਦੀ ਹੈ। ਰਸਤੇ ਵਿਚ ਨਹੀਂ ਲੈ ਸਕਦੀ। ਇਸਦਾ ਨਤੀਜਾ ਇਹ ਹੁੰਦਾ ਹੈ ਕਿ ਜਿੱਥੇ ਤੇਲ ਮੁਕ ਗਿਆ ਉਥੇ ਹੀ ਗੱਡੀ ਖੜੀ ਹੋ ਜਾਂਦੀ ਹੈ। ਪਿੱਛੋਂ ਕੋਈ ਬਸ ਆਉਂਦੀ ਹੈ ਤਾਂ ਉਹ ਤੇਲ ਲਿਆਂਦੀ

ਹੈ ਉਸ ਨਾਲ ਫਿਰ ਉਸ ਨੂੰ ਚਲਾਇਆ ਜਾਂਦਾ ਹੈ । ਇਤਨੀ ਦੇਰ ਜਾਂ ਤਾਂ ਸਵਾਰੀਆਂ ਖਰਾਬ ਹੁੰਦੀਆਂ ਰਹਿੰਦੀਆਂ ਹਨ ਜਾਂ ਦੂਜੀਆਂ ਮੋਟਰਾਂ ਵਿਚ ਚਲੀਆਂ ਜਾਂਦੀਆਂ ਹਨ । ਇਸ ਨਾਲ ਲੋਕਾਂ ਨੂੰ ਵੀ ਤਕਲੀਫ ਹੁੰਦੀ ਹੈ ਤੇ ਸਰਕਾਰ ਨੂੰ ਵੀ ਨੁਕਸਾਨ ਹੁੰਦਾ ਹੈ । ਇਹ ਠੀਕ ਹੈ ਕਿ ਕੁਝ ਇਮਪਰੂਵਮੈਂਟ ਹੋਈ ਹੈ ਪਰ ਇਸ ਨਾਲੋਂ ਵੀ ਵਧ ਹੋਣੀ ਚਾਹੀਦੀ ਹੈ । ਚੰਗੀ ਕੁਆਲਟੀ ਦੀਆਂ ਬਸਾਂ ਚਲਾਣੀਆਂ ਚਾਹੀਦੀਆਂ ਹਨ ਤਾਕਿ ਲੋਕਾਂ ਦੀ ਤਕਲੀਫ ਦੂਰ ਹੋਵੇ । ਇਕ ਕਾਰਨ ਮੈਂ ਇਹ ਵੀ ਸਮਝਦਾ ਹਾਂ ਕਿ ਜਦੋਂ ਨਸ਼ਨਲਾਈਜ਼ੇਸ਼ਨ ਹੋਈ ਤੇ ਕਾਰਪੋਰੇਸ਼ਨ ਬਣੀ ਤਾਂ ਜੋ ਪਰਾਈਵੇਟ ਕੰਪਨੀਆਂ ਲਈਆਂ ਗਈਆਂ ਉਨ੍ਹਾਂ ਦਾ ਟੈਕਨੀਕਲ ਅਮਲਾ ਜੋ ਮੋਟਰਾਂ ਨੂੰ ਠੀਕ ਕਰਨ ਵਾਲਾ ਹੈ ਉਹ ਭਰਤੀ ਕਰ ਲਿਆ ਗਿਆ ਤੇ ਹੁਣ ਵੀ ਜੋ ਰੂਟ ਲੈਂਦੇ ਹਨ ਉਸਦਾ ਅਮਲਾ ਵੀ ਫੇਰ ਕਰਕੇ ਭਰਤੀ ਕਰ ਲੈਂਦੇ ਹਨ ਅਤੇ ਉਹ ਅਮਲਾ ਕੋਸ਼ਿਸ਼ ਕਰਦਾ ਹੈ ਕਿ ਇਹ ਬਸਾਂ ਨਾ ਚਲਣ । ਇਕ ਦਫਾ ਮੈਨੂੰ ਇਕ ਡਰਾਈਵਰ ਨੂੰ ਮਿਲਣ ਦਾ ਮੌਕਾ ਮਿਲਿਆ ਅਤੇ ਉਸ ਨੇ ਮੈਨੂੰ ਦੱਸਿਆ ਕਿ ਇਕ ਦਫਾ ਉਸਦੀ ਗੱਡੀ ਦਾ ਗੀਅਰ ਖਰਾਬ ਹੋ ਗਿਆ । ਉਸ ਨੇ ਵਰਕਸ ਮੇਨੇਜਰ ਨੂੰ ਦੱਸਿਆ ਤਾਂ ਉਹ ਕਹਿਣ ਲਗਾ ਕਿ ਜੇਕਰ ਗੀਅਰ ਖਰਾਬ ਹੋ ਗਿਆ ਸੀ ਤਾਂ ਇਟ ਫਸਾ ਲੈਣੀ ਸੀ ਤੇ ਉਹ ਠੀਕ ਹੋ ਜਾਣਾ ਸੀ ।

ਅਗਰ ਇਹ ਇਟਾਂ ਫਸਾ ਕੇ ਹੀ ਕੰਮ ਚਲਾਉਣਾ ਚਾਹੁੰਦੇ ਹਨ ਤਾਂ ਬਸਾਂ ਆਪਣੀ ਮਰਜ਼ੀ ਦੇ ਮੁਤਾਬਿਕ ਖੜੀਆਂ ਹੋ ਜਾਣਗੀਆਂ ।

ਚੇਅਰਮੈਨ ਸਾਹਿਬ, ਇਸ ਕਾਰਪੋਰੇਸ਼ਨ ਉਤੇ ਕਰੋੜਾਂ ਰੁਪਏ ਖਰਚ ਕੀਤੇ ਗਏ । ਜਿੱਥੋਂ ਤਕ ਮੈਨੂੰ ਇਸ ਕਾਰਪੋਰੇਸ਼ਨ ਦੀ ਆਮਦਨੀ ਅਤੇ ਹਿਸਾਬ ਕਿਤਾਬ ਦਾ ਪਤਾ ਹੈ, ਮੈਂ ਕਹਿ ਸਕਦਾ ਹਾਂ ਕਿ ਇਸ ਕਾਰਪੋਰੇਸ਼ਨ ਨੂੰ ਜਿੰਨੀ ਆਮਦਨੀ ਹੁੰਦੀ ਹੈ ਉਸ ਆਮਦਨੀ ਨੂੰ ਰੇਲਵੇ ਵਿਭਾਗ ਦੇ ਕਰਜ਼ੇ ਦਾ ਸੂਦ ਵਿਚ ਹੀ ਚੁਕਾਇਆ ਜਾ ਰਿਹਾ ਹੈ । ਇਸ ਦੇ ਨਾਲ ਕੋਈ ਲਾਭ ਨਹੀਂ ਹੋ ਰਿਹਾ ।

(ਇਸ ਵੇਲੇ ਕੋਰਮ ਪੂਰਾ ਨਹੀਂ ਸੀ । ਕੋਰਮ ਲਈ ਘੰਟੀ ਵਜਾਈ ਗਈ ।)

Mr. Chairman (Shri Rup Singh 'Phul') : (Addressing the hon. Minister for Transport and Elections) How is it that the House does not remain in quorum ? Lobby Bells have already been sounded two, three times.

ਟਰਾਂਸਪੋਰਟ ਅਤੇ ਚੋਣ ਮੰਤਰੀ : ਜਿਹੜੀ ਮੋਸ਼ਨ ਹਾਊਸ ਦੇ ਸਾਹਮਣੇ ਪੇਸ਼ ਹੈ, ਉਸ ਉਤੇ ਵੋਟਿੰਗ ਤਾਂ ਹੋਣੀ ਨਹੀਂ । ਅਗਰ ਆਪ ਨੇ ਹਾਊਸ ਨੂੰ ਐਡਜਰਨ ਕਰਨਾ ਹੀ ਹੈ ਤਾਂ ਕੰਮ ਸੇ ਕੰਮ ਮੈਨੂੰ ਸੁਣ ਕੇ ਹਾਊਸ ਨੂੰ ਐਡਜਰਨ ਕਰਨਾ ।

ਸਰਦਾਰ ਅਜਾਇਬ ਸਿੰਘ ਸੰਧੂ : ਚੇਅਰਮੈਨ ਸਾਹਿਬ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਲਈ ਜਿਹੜੇ ਕਾਨੂੰਨ ਬਣੇ ਹੋਏ ਹਨ ਉਨ੍ਹਾਂ ਵਿਚ ਖਾਮੀਆਂ ਰਹਿ ਗਈਆਂ ਸਨ । ਮੈਂ ਸਮਝਦਾ ਹਾਂ ਕਿ ਇਨ੍ਹਾਂ ਕਾਨੂੰਨਾਂ ਨੂੰ ਪੰਜਾਬ ਰੋਡਵੇਜ਼ ਦੇ ਕਾਨੂੰਨ ਦੇ ਬਰਾਬਰ ਬਣਾਇਆ ਜਾ ਰਿਹਾ ਹੈ । ਮੈਂ ਸਮਝਦਾ ਹਾਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਕੋਈ ਲੋੜ ਨਹੀਂ ਇਸ ਇਲਾਕੇ ਵਿਚ ਵੀ ਪੰਜਾਬ ਰੋਡਵੇਜ਼ ਦੀਆਂ ਬਸਾਂ ਚਲਣੀਆਂ ਚਾਹੀਦੀਆਂ ਹਨ । (ਘੰਟੀ)

ਚੇਅਰਮੈਨ ਸਾਹਿਬ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਿਚ ਯੂਨੀਅਨ ਬਣੀ ਹੋਈ ਹੈ । ਇਹ ਯੂਨੀਅਨ ਕਾਂਸਟੀਚੂਸ਼ਨ ਦੇ ਮੁਤਾਬਿਕ ਹੈ । ਇਹ ਯੂਨੀਅਨ ਆਪਣੇ ਹੱਕਾਂ ਦੀ ਰਾਖੀ ਕਰਦੀ ਹੈ । ਮੈਂ ਬਹੁਤ ਦੁਖ ਦੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਕਾਰਪੋਰੇਸ਼ਨ ਨੇ ਇਸ ਯੂਨੀਅਨ ਨੂੰ ਰੀਕਗ-ਨੀਸ਼ਨ ਨਹੀਂ ਦਿੱਤੀ । ਮੈਨੇਜਮੈਂਟ ਅਤੇ ਉਸਦੇ ਐਂਪਲਾਈਜ਼ ਦੇ ਆਪਸ ਵਿਚ ਸਬੰਧ ਠੀਕ ਨਹੀਂ ਹਨ । ਇਹ ਕਹਿੰਦੇ ਹਨ ਕਿ ਇਸ ਯੂਨੀਅਨ ਦੇ ਜਿਹੜੇ ਲੀਡਰਜ਼ ਹਨ ਉਹ ਡਿਸਮਿਸਡ

[ਸਰਦਾਰ ਅਜਾਇਬ ਸਿੰਘ ਸੰਧੂ]

ਐਮਪਲਾਈਜ਼ ਹਨ । ਇਹ ਕਾਰਪੋਰੇਸ਼ਨ ਦੇ ਰਾਹੀਂ ਵਿਕਟੇਮਾਈਜ਼ਡ ਹੋਏ ਹਨ । ਉਥੇ ਦੇ ਵਰਕਰਜ਼ ਆਪਣੇ ਵਿਚੋਂ ਹੀ ਪ੍ਰਧਾਨ, ਜਨਰਲ ਸੈਕਰੇਟਰੀ ਜਾਂ ਹੋਰ ਆਫਿਸ.ਬੇਅਰਰਜ਼ ਚੁਣਦੇ ਹਨ । ਪਰ ਉਨ੍ਹਾਂ ਆਦਮੀਆਂ ਨੂੰ ਕਿਸੇ ਨਾ ਕਿਸੇ ਬਹਾਨੇ ਡਿਸਮਿਸ ਕਰ ਦਿੰਦੀ ਹੈ । ਕਾਰਪੋਰੇਸ਼ਨ ਖ਼ੁਦ ਉਨ੍ਹਾਂ ਨੂੰ ਵਿਕਟੇਮਾਈਜ਼ ਕਰਦੀ ਹੈ । ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਦੀ ਯੂਨੀਅਨ ਨੂੰ ਛੇਤੀ ਤੋਂ ਛੇਤੀ ਰੀਕਗਨੀਸ਼ਨ ਦੇਣੀ ਚਾਹੀਦੀ ਹੈ ।

ਚੇਅਰਮੈਨ ਸਾਹਿਬ, ਕੰਡਕਟਰਜ਼, ਡਰਾਈਵਰਜ਼ ਦੀਆਂ ਤਨਖਾਹਾਂ ਬਹੁਤ ਘਟ ਹਨ । ਉਨ੍ਹਾਂ ਦਾ ਗੁਜ਼ਾਰਾ ਇੰਨੀ ਘਟ ਤਨਖਾਹ ਵਿਚ ਨਹੀਂ ਹੁੰਦਾ । ਇਹ ਦਿਨ ਰਾਤ ਕੰਮ ਕਰਦੇ ਹਨ । ਉਹ ਮੰਗ ਵੀ ਕਰਦੇ ਹਨ ਕਿ ਤਨਖਾਹਾਂ ਵਧਾਈਆਂ ਜਾਣ ਲੇਕਿਨ ਉਸ ਦੇ ਬਾਰੇ ਕੋਈ ਗੌਰ ਨਹੀਂ ਹੁੰਦਾ । ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਦੀਆਂ ਤਨਖਾਹਾਂ ਵਿਚ ਇਜ਼ਾਫਾ ਕੀਤਾ ਜਾਵੇ । 1961 ਵਿਚ ਟਰਾਂਸਪੋਰਟ ਐਂਪਲਾਈਜ਼ ਦੀ ਸਹੂਲਤਾਂ ਲਈ ਐਕਟ ਬਣਿਆ ਸੀ । ਮੈਂ ਚਾਹੁੰਦਾ ਹਾਂ ਕਿ ਉਹ ਕਾਨੂੰਨ ਕਾਰਪੋਰੇਸ਼ਨ ਐਂਪਲਾਈਜ਼ ਨੂੰ ਵੀ ਲਾਗੂ ਕੀਤਾ ਜਾਵੇ ਤਾਕਿ ਇਨ੍ਹਾਂ ਨੂੰ ਵੀ ਸਹੂਲਤ ਮਿਲ ਸਕੇ । (ਘੰਟੀ)

ਚੇਅਰਮੈਨ ਸਾਹਿਬ, ਜਿਵੇਂ ਬਿਜਲੀ ਦੇ ਬੋਰਡ, ਯੂਨੀਵਰਸਟੀਜ਼ ਨੂੰ ਬੇਨਤੀ ਕੀਤੀ ਹੈ ਕਿ ਉਨ੍ਹਾਂ ਡਿਪਾਰਟਮੈਂਟ ਵਿਚ ਸ਼ਿਡੂਲਡ ਕਾਸਟਸ ਦੀ ਰੀਜ਼ਰਵੇਸ਼ਨ ਦੇ ਆਰਡਰ ਨੂੰ ਪੂਰੀ ਤਰ੍ਹਾਂ ਦੇ ਨਾਲ ਲਾਗੂ ਕੀਤਾ ਜਾਵੇ । ਉਸੇ ਤਰ੍ਹਾਂ ਇਸ ਕਾਰਪੋਰੇਸ਼ਨ ਵਿਚ ਇਹ ਰੂਲਜ਼ ਲਾਗੂ ਕਰਾਉਣ ਲਈ ਬੇਨਤੀ ਕਰਨੀ ਚਾਹੀਦੀ ਹੈ । ਕਾਰਪੋਰੇਸ਼ਨ ਵਿਚ ਐਂਪਲਾਈਜ਼ ਨੂੰ ਰਿਕਰੂਟਮੈਂਟ ਕਰਨ ਦੇ ਵੇਲੇ ਅਤੇ ਪ੍ਰੋਮੋਸ਼ਨ ਦੇ ਵੇਲੇ ਸ਼ਿਡੂਲਡ ਕਾਸਟਸ ਦੇ ਰਾਈਟਸ ਨੂੰ ਇਨ ਟੋਟੋ ਇੰਪਲੀਮੈਂਟ ਕਰਨਾ ਚਾਹੀਦਾ ਹੈ। ਤਾਂਕਿ ਪੰਜਾਬ ਦੀ 1/5 ਹਿੱਸਾ ਸ਼ਿਡੂਲਡ ਕਾਸਟਸ ਪਾਪਲੇਸ਼ਨ ਨੂੰ ਪੂਰਾ ਹਿੱਸਾ ਮਿਲ ਸਕੇ ਅਤੇ ਇਨ੍ਹਾਂ ਦਾ ਬਹੁਤ ਦੇਰ ਤੋਂ ਚਲਿਆ ਆ ਰਿਹਾ ਇਤਰਾਜ਼ ਦੂਰ ਹੋ ਜਾਵੇ । ਇਸ ਲਈ ਮੈਂ ਵਜ਼ੀਰ ਸਾਹਿਬ ਨੂੰ ਫਿਰ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ (ਘੰਟੀ) ਇਨ੍ਹਾਂ ਲਫਜ਼ਾਂ ਦੇ ਨਾਲ ਆਪ ਦਾ ਸ਼ੁਕਰੀਆ ਅਦਾ ਕਰਕੇ ਆਪਣੀ ਸੀਟ ਸੰਭਾਲਦਾ ਹਾਂ ।

ਕਾਮਰੇਡ ਭਾਨ ਸਿੰਘ ਭੌਰਾ (ਧੂਰੀ, ਐਸ. ਸੀ.) : ਚੇਅਰਮੈਨ ਸਾਹਿਬ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ 1956 ਵਿਚ ਬਣੀ ਸੀ । ਲੇਕਿਨ ਇਸ ਕਾਰਪੋਰੇਸ਼ਨ ਦਾ ਤਜਰਬਾ ਲੋਕਾਂ ਨੂੰ ਬਹੁਤ ਬੁਰਾ ਹੋਇਆ ਹੈ । ਸਰਕਾਰ ਸੋਸ਼ਲਿਸਟ ਪੈਟਰਨ ਆਫ ਸੋਸਾਇਟੀ ਦਾ ਨਾਰਾ ਲਾਉਂਦੀ ਹੈ । ਸਰਕਾਰ ਨੂੰ ਇਹ ਅਸੂਲ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ। ਸਰਕਾਰ ਕਾਰਪੋਰੇਸ਼ਨ ਕਾਇਮ ਕਰਦੀ ਹੈ ਤਾਂ ਉਸ ਨੂੰ ਕਾਮਯਾਬ ਕਰਨ ਲਈ ਜ਼ਿਆਦਾ ਤੋਂ ਜ਼ਿਆਦਾ ਪ੍ਰਚਾਰ ਕਰਨਾ ਚਾਹੀਦਾ ਹੈ ਤਾਕਿ ਲੋਕ ਪਬਲਿਕ ਸੈਕਟਰ ਮਾਂਇਡਿਡ ਬਣ ਸਕਣ ਅਤੇ ਲੋਕ ਪਬਲਿਕ ਸੈਕਟਰ ਵਿਚ ਵਿਸ਼ਵਾਸ ਕਰ ਸਕਣ । ਲੇਕਿਨ ਤਜਰਬੇ ਤੋਂ ਪਤਾ ਲਗਦਾ ਹੈ ਕਿ ਲੋਕ ਪਬਲਿਕ ਸੈਕਟਰ ਦੀ ਜਗ੍ਹਾ ਪ੍ਰਾਈਵੇਟ ਸੈਕਟਰ ਨੂੰ ਚੰਗਾ ਸਮਝਦੇ ਹਨ । ਅਗਰ ਪ੍ਰਾਈਵੇਟ ਕੰਪਨੀਆਂ ਦੀਆਂ ਬਸਾਂ ਅਤੇ ਕਾਰਪੋਰੇਸ਼ਨ ਦੀ ਬਸ ਕਿਸੇ ਥਾਂ ਜਾਣੀ ਹੋਵੇ ਤਾਂ ਲੋਕ ਪ੍ਰਾਈਵੇਟ ਬਸ ਵਿਚ ਸਫਰ ਕਰਨਾ ਪਸੰਦ ਕਰਦੇ ਹਨ । ਇਸ ਦੇ ਬਾਰੇ ਮੇਰੀ ਫੀਲੰਗਜ਼ ਹਨ ਕਿ ਇਸ ਦੇ ਢਾਂਚੇ ਨੂੰ ਬਿਲਕੁਲ ਤਬਦੀਲ ਕਰਨ ਦੀ ਲੋੜ ਹੈ। ਇਸ ਵੇਲੇ ਨੁਕਸ ਮੈਨੇਜਮੈਂਟ ਅਤੇ ਵਰਕਰਜ਼ ਵਿਚ ਹੈ । ਇਨ੍ਹਾਂ ਦੇ ਸਬੰਧ ਘਰ ਜੈਸੇ ਨਹੀਂ ਹਨ । ਵਰਕਰਾਂ ਨੂੰ ਇਨਸੈਂਟਿਵ ਨਹੀਂ ਮਿਲਦਾ । ਕਾਰਪੋਰੇਸ਼ਨ ਨੇ ਵਰਕਰਾਂ ਨੂੰ ਕਣਕ ਖਰੀਦਣ ਲਈ ਵੀਟ ਲੋਨ ਨਹੀਂ ਦਿੱਤਾ ਜਦੋਂ ਕਿ ਪੰਜਾਬ ਦੇ ਦੂਜਿਆਂ ਡਿਪਾਰਟਮੈਂਟਸ ਵਿਚ ਕਰਮਚਾਰੀਆਂ ਨੂੰ ਵੀਟ ਲੋਨ ਮਿਲਿਆ ਸੀ। ਸਰਕਾਰ ਨੇ ਕਿਹਾ ਸੀ ਕਿ ਵੱਡੇ ਵੱਡੇ ਸ਼ਹਿਰਾਂ ਵਿਚ ਹਾਊਸ ਰੈਂਟ ਦਿੱਤਾ ਜਾਵੇਗਾ ਲੇਕਿਨ ਕਾਰਪੋਰੇਸ਼ਨ ਦੇ ਐਂਪਲਾਈਜ਼ ਨੂੰ ਇਸ ਸਹੂਲਤ ਤੋਂ ਮਹਿਰੂਮ ਰਖਿਆ ਗਿਆ । ਅਜਿਹੇ ਹਾਲਾਤ ਵਿਚ ਇਸ ਕਾਰਪੋਰੇਸ਼ਨ ਦੇ ਐਂਪਲਾਈਜ਼ ਦਿਲ ਲਾ ਕੇ ਕੰਮ ਨਹੀਂ ਕਰ ਸਕਦੇ । ਇਸ ਤਰ੍ਹਾਂ

ਕੰਮ ਸਫਰ ਹੁੰਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੀਆਂ ਸਹੂਲਤਾਂ ਪੰਜਾਬ ਰੋਡਵੇਜ਼ ਦੇ ਕਰਮਚਾਰੀਆਂ ਨੂੰ ਮਿਲਦੀਆਂ ਹਨ ਉਹ ਸਹੂਲਤਾਂ ਇਸ ਕਾਰਪੋਰੇਸ਼ਨ ਦੇ ਵਰਕਰਾਂ ਨੂੰ ਪ੍ਰੋਵਾਈਡ ਕਰਾਈਆਂ ਜਾਣ ਤਾਕਿ ਇਸ ਕਾਰਪੋਰੇਸ਼ਨ ਦੇ ਐਂਪਲਾਈਜ਼ ਦੇ ਦਿਲਾਂ ਵਿਚ ਡਿਸਕ੍ਰਿਮੀਨੇਟਰੀ ਸਲੂਕ ਦੇ ਬਾਰੇ ਗ਼ਲਤ ਫਹਿਮੀ ਦੂਰ ਹੋ ਸਕੇ।

ਚੇਅਰਮੈਨ ਸਾਹਿਬ, ਸਰਦਾਰ ਗੁਰਦਿਆਲ ਸਿੰਘ ਢਿਲੋਂ ਬਜਟ ਸੈਸ਼ਨ ਵਿਚ ਵਜ਼ੀਰ ਬਣੇ ਨਹੀਂ ਸਨ। ਉਸ ਵੇਲੇ ਸਰਕਾਰ ਦੇ ਨੋਟਿਸ ਵਿਚ ਲਿਆਇਆ ਸੀ। ਮੈਂ ਹਾਊਸ ਦੀ ਮੇਜ਼ ਉਤੇ ਫੋਟੋ ਸਟੈਟ ਕਾਪੀਆਂ ਰਖੀਆਂ ਸਨ। ਮੈਂ ਦਸਿਆ ਸੀ ਕਿ ਕਿਸੇ ਰੋਡਵੇਜ਼ ਦੇ ਡਿਪੂ ਵਿਚ ਬਹੁਤ ਵੱਡਾ ਸਕੈਂਡਲ ਹੋਇਆ ਸੀ। ਇਸ ਦੇ ਬਾਰੇ ਹਾਊਸ ਵਿਚ ਸਵਾਲ ਵੀ ਕੀਤਾ ਸੀ ਕਿ ਬਸਾਂ ਦੀਆਂ ਬੈਟਰੀਆਂ ਚੋਰੀ ਹੋਈਆਂ। ਮੇਰੇ ਸਵਾਲ ਦਾ ਜਵਾਬ ਨੈਗੇਟਿਵ ਦਿੱਤਾ ਸੀ। ਸਰਕਾਰ ਨੇ ਜਵਾਬ ਦਿੱਤਾ ਕਿ ਬੈਟਰੀਆਂ ਦੀ ਕੋਈ ਚੋਰੀ ਨਹੀਂ ਹੋਈ। ਇਸ ਦੇ ਬਾਵਜੂਦ ਵੀ ਮੈਂ ਬੈਟਰੀਆਂ ਦੀ ਚੋਰੀ ਦੇ ਬਾਰੇ ਸਰਕਾਰ ਦੇ ਨੋਟਿਸ ਵਿਚ ਲਿਆਇਆ। ਇਸ ਦੇ ਬਾਰੇ ਲੋਕ ਵੀ ਜਾਣਦੇ ਹਨ ਕਿ ਬਸਾਂ ਦੀਆਂ ਬੈਟਰੀਆਂ ਦੀ ਚੋਰੀ ਹੋਈ। ਲੋਕਾਂ ਦੇ ਦਿਲਾਂ ਵਿਚ ਬਹੁਤ ਡਿਸਕੰਟੈਂਟਮੈਂਟ ਹੈ। ਮੈਂ ਉਸ ਫਾਈਲ ਦੀ ਫੋਟੋ ਸਟੈਟ ਕਾਪੀਆਂ ਹਾਊਸ ਦੀ ਟੇਬਲ ਉਤੇ ਰਖੀਆਂ ਸਨ ਜਿਹੜੀ ਕਿ ਡਿਪਾਰਟਮੈਂਟ ਕੋਲੋਂ ਗੁਮ ਹੋ ਚੁਕੀ ਹੈ। ਮੈਨੂੰ ਬਹੁਤ ਦੁਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਮਹਿਕਮੇ ਵਾਲਿਆਂ ਨੇ ਇਹ ਫਾਈਲ ਗੁਮ ਹੋ ਜਾਣ ਦੇ ਬਾਰੇ ਕੋਈ ਇਨਕੁਆਰੀ ਨਹੀਂ ਕਰਾਈ ਕਿ ਫਾਈਲ ਕਿਵੇਂ ਗੁਮ ਹੋਈ। ਗੌਰਮਿੰਟ ਨੂੰ ਮਿਸਲੀਡ ਕੀਤਾ ਹੈ। (ਘੰਟੀ)

ਚੇਅਰਮੈਨ ਸਾਹਿਬ, ਜਦੋਂ ਤਕ ਪਬਲਿਕ ਨੂੰ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਨਹੀਂ ਮਿਲਦੀਆਂ। ਤਦ ਤਕ ਲੋਕ ਪਬਲਿਕ ਸੈਕਟਰ ਨੂੰ ਚੰਗਾ ਨਹੀਂ ਸਮਝਣਗੇ।

(ਇਸ ਵੇਲੇ ਹਾਊਸ ਵਿਚ ਕੋਰਮ ਪੂਰਾ ਨਹੀਂ ਸੀ ਰਿਹਾ। ਹਾਊਸ ਦਾ ਕੋਰਮ ਪੂਰਾ ਕਰਨ ਲਈ ਕੋਰਮ ਬੈਲ ਵਜਾਈ ਗਈ।)

ਕਾਮਰੇਡ ਭਾਨ ਸਿੰਘ ਭੌਰਾ : ਚੇਅਰਮੈਨ ਸਾਹਿਬ, ਉਨ੍ਹਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਅਮੈਨੀ—ਟੀਜ਼ ਮਿਲਣੀਆਂ ਚਾਹੀਦੀਆਂ ਹਨ। ਪੰਜਾਬ ਰੋਡਵੇਜ਼ ਦੇ ਅੱਡੇ ਸਭ ਥਾਵਾਂ ਤੇ ਬਣੇ ਹੋਏ ਹਨ। ਪਰ ਪੈਪਸੂ ਰੋਡਵੇਜ਼ ਦਾ ਅੱਜ ਤਕ ਕਿਧਰੇ ਅੱਡਾ ਨਹੀਂ ਬਣਿਆ। ਹੋਰ ਅਰਜ਼ ਕਰਾਂ ਕਿ ਮਲੇਰਕੋਟਲਾ ਤੋਂ ਪੈਪਸੂ ਰੋਡਵੇਜ਼ ਦੀਆਂ ਚਾਰ ਬਸਾਂ ਆਉਂਦੀਆਂ ਹਨ। ਉਥੇ ਜਿਹੜਾ ਅੱਡਾ ਇੰਚਾਰਜ ਹੈ ਉਸ ਨੂੰ ਬੈਠਣ ਦੀ ਵੀ ਥਾਂ ਨਹੀਂ ਹੈ। ਉਹ ਕਦੇ ਚਾਹ ਦੀ ਕਿਸੇ ਦੁਕਾਨ ਉਪਰ ਬੈਠਦਾ ਹੈ ਅਤੇ ਕਦੇ ਕਿਸੇ ਦੁਕਾਨ ਤੇ ਬੈਠਦਾ ਹੈ। ਜੇ ਕਰ ਕਿਸੇ ਨਾਲ ਝਗੜਾ ਹੋ ਜਾਵੇ ਤਾਂ ਉਹ ਦੂਸਰੀ ਦੁਕਾਨ ਤੇ ਚਲਿਆ ਜਾਂਦਾ ਹੈ। ਉਸ ਕੋਲ ਬੈਠਣ ਨੂੰ ਕੁਰਸੀ ਵੀ ਨਹੀਂ ਹੈ। ਪਹਿਲੇ ਤਾਂ ਉਥੇ ਯੂਰੀਨਲ ਵੀ ਨਹੀਂ ਸੀ ਹੁਣ ਸ਼ਾਇਦ ਬਣ ਗਿਆ ਹੋਵੇ। ਕਹਿੰਦੇ ਸਨ ਕਿ ਨਵਾਂ ਅੱਡਾ ਬਣਾ ਰਹੇ ਹਾਂ, ਨਵਾਂ ਅੱਡਾ ਤਾਂ ਪਤਾ ਨਹੀਂ ਕਦੋਂ ਬਣੇਗਾ, ਉਥੇ ਕੋਈ ਅਜਿਹੀ ਥਾਂ ਤੇ ਬਣਾ ਦਿਉ ਜਿੱਥੇ ਲੋਕ ਖੜੇ ਹੋ ਸਕਣ। ਪਟਿਆਲਾ ਦਾ ਅੱਡਾ ਵੀ ਕਿਰਾਏ ਤੇ ਲਿਆ ਹੋਇਆ ਹੈ ਪਰ ਉਥੇ ਖੜੇ ਹੋਣ ਦੀ ਵੀ ਥਾਂ ਨਹੀਂ ਹੈ। ਚਾਰੇ ਪਾਸੇ ਬਸਾਂ ਲਗੀਆਂ ਰਹਿੰਦੀਆਂ ਹਨ ਵਿਚੋਂ ਦੀ ਲੰਘਣ ਲਗੋ ਤਾਂ ਪਤਾ ਨਹੀਂ ਰਹਿੰਦਾ ਕਿ ਕਿਹੜੇ ਵੇਲੇ ਪਿੱਛੋਂ ਬਸ ਆ ਜਾਵੇਗੀ, ਭਜ ਦੌੜ ਕੇ ਬਚਣਾ ਪੈਂਦਾ ਹੈ। ਇਸ ਪਾਸ ਵਲ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਦੂਸਰੀ ਗੱਲ ਇਹ ਹੈ ਕਿ ਜਨਰਲ ਮੈਨੇਜਰ ਦੇ ਨੋਟਿਸ ਵਿਚ ਇਹ ਗੱਲ ਲਿਆਂਦੀ **ਸੀ** ਕਿ ਮਲੇਰਕੋਟਲੇ ਤੋਂ ਪਹਿਲੀ ਬਸ ਚਲ ਕੇ ਚੰਡੀਗੜ੍ਹ 11 ਵਜੇ ਪਹੁੰਚਦੀ ਹੈ। ਦਫਤਰਾਂ ਦਾ ਟਾਈਮ

[ਕਾਮਰੇਡ ਭਾਨ ਸਿੰਘ ਭੌਰਾ]

10 ਵਜੇ ਹੈ। ਹਰ ਥਾਂ ਤੋਂ ਬਸਾਂ ਪੌਣੇ 6 ਵਜੇ ਚਲਦੀਆਂ ਹਨ ਪਰ ਉਥੋਂ 7 ਵਜੇ ਚਲਦੀ ਹੈ। ਪਰ ਉਨ੍ਹਾਂ ਨੇ ਇਸ ਗੱਲ ਦੀ ਕੋਈ ਪਰਵਾਹ ਨਹੀਂ ਕੀਤੀ। ਲੋਕਾਂ ਨੂੰ ਇਕ ਰਾਤ ਆ ਕੇ ਪਟਿਆਲੇ ਠਹਿਰਨਾ ਪੈਂਦਾ ਹੈ। ਇਸ ਤਕਲੀਫ ਨੂੰ ਦੂਰ ਕਰਨ ਲਈ ਖਾਸ ਧਿਆਨ ਦੇਣਾ ਚਾਹੀਦਾ ਹੈ। ਜੇਕਰ ਸਰਕਾਰ ਚਾਹੁੰਦੀ ਹੈ ਕਿ ਪਬਲਿਕ ਸੈਕਟਰ ਤਰਕੀ ਕਰੇ, ਐਡਮਨਿਸਟਰੇਸ਼ਨ ਵਿਚ ਇੰਪਰੂਵਮੈਂਟ ਹੋਵੇ ਤਾਂ ਵਰਕਰਜ਼ ਨੂੰ ਬੋਨਸ, ਬੋਨਸ ਆਰਡੀਨੈਂਸ ਦੇ ਮੁਤਾਬਕ ਮਿਲਣਾ ਚਾਹੀਦਾ ਹੈ। ਮੈਂ ਸਵਾਲ ਪੁਛਿਆ ਸੀ ਕਿ ਉਥੇ ਬੋਨਸ ਕਿਉਂ ਨਹੀਂ ਦਿੰਦੇ ਤਾਂ ਕਹਿਣ ਲਗੇ ਕਿ ਇਕ ਪਾਸੇ ਗੌਰਮਿੰਟ ਦੀ ਐਡਮਨਿਸਟਰੇਸ਼ਨ ਹੈ ਅਤੇ ਦੂਸਰੇ ਪਾਸੇ ਗੌਰਮਿੰਟ ਦੀ ਐਡਮਨਿਸਟਰੇਸ਼ਨ ਨਹੀਂ ਹੈ। ਕਦੀ ਤਾਂ ਇਹ ਗੱਲ ਮੰਨ ਲੈਂਦੇ ਹਨ ਅਤੇ ਕਦੀ ਨਹੀਂ ਮੰਨਦੇ। ਉਹ ਕਾਰਪੋਰੇਸ਼ਨ ਹੈ ਇਨਕੰਮ ਟੈਕਸ ਪੇ ਕਰਦੀ ਹੈ। ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਬੋਨਸ ਆਰਡੀਨੈਂਸ ਦੇ ਮੁਤਾਬਕ ਉਨ੍ਹਾਂ ਨੂੰ ਬੋਨਸ ਮਿਲੇ। ਮੈਂ ਮਨਿਸਟਰ ਸਾਹਿਬ ਕੋਲੋਂ ਮੰਗ ਕਰਦਾ ਹਾਂ ਕਿ ਉਹ ਮੈਨੂੰ ਜਵਾਬ ਦੇਣ ਕਿ ਕੀ ਉਹ ਵਰਕਰਜ਼ ਨੂੰ ਬੋਨਸ ਆਰਡੀਨੈਂਸ ਦੇ ਮੁਤਾਬਕ ਬੋਨਸ ਦਿਵਾਉਣ ਲਈ ਤਿਆਰ ਹਨ। ਉਹ ਇਹ ਗੱਲ ਵੀ ਦੱਸਣ ਕਿ ਜਿਹੜੀਆਂ ਮੈਂ ਫੋਟੋ ਸਟੈਟ ਕਾਪੀਆਂ ਰਖੀਆਂ ਸਨ ਉਨ੍ਹਾਂ ਦੀ ਇਨਕੁਆਇਰੀ ਕਦੋਂ ਤਕ ਹੋ ਜਾਵੇਗੀ। ਅੱਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕੋਈ ਦਲੀਲ ਨਹੀਂ ਹੈ ਕਿ ਉਨ੍ਹਾਂ ਦੀ ਯੂਨੀਅਨ ਨੂੰ ਰੈਕਗਨਾਈਜ਼ ਨਾ ਕੀਤਾ ਜਾਏ। ਇਹ ਸਭ ਫਾਲਤੂ ਦਲੀਲਾਂ ਦਿੱਤੀਆਂ ਜਾਂਦੀਆਂ ਹਨ। ਲੇਬਰ ਡੀਪਾਰਟਮੈਂਟ ਮੰਨਦਾ ਹੈ, ਟਰੇਡ ਯੂਨੀਅਨ ਐਕਟ ਮੰਨਦਾ ਹੈ ਤਾਂ ਕਾਰਪੋਰੇਸ਼ਨ ਕੀ ਵਜ੍ਹਾ ਹੈ ਕਿ ਉਹ ਨਾ ਮੰਨੇ। ਮੈਂ ਇਸ ਵਿਚ ਸਰਕਾਰ ਦੀ ਕਮਜ਼ੋਰੀ ਸਮਝਦਾ ਹਾਂ ਕਿ ਕਾਰਪੋਰੇਸ਼ਨ ਨਾ ਮੰਨੇ। ਉਧਰੋਂ ਸਭ ਫਜ਼ੂਲ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਮੈਂ ਆਸ ਕਰਦਾ ਹਾਂ ਕਿ ਸਰਕਾਰ ਮੇਰੇ ਦਿੱਤੇ ਹੋਏ ਸੁਝਾਵਾਂ ਦਾ ਧਿਆਨ ਰਖੇਗੀ।

(At this stage House was not in quorum. The bells were sounded and the quorum was complete.)

ਸਰਦਾਰ ਜੰਗੀਰ ਸਿੰਘ ਜੋਗਾ (ਤਲਵੰਡੀ ਸਾਬੋ) : ਚੇਅਰਮੈਨ ਸਾਹਿਬ, ਸਭ ਤੋਂ ਪਹਿਲੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਪੈਪਸੂ ਅਤੇ ਪੰਜਾਬ ਮਰਜ ਹੋਇਆ ਸੀ ਤਾਂ ਪੈਪਸੂ ਦੇ ਚੰਗੇ ਕਾਨੂੰਨ ਤਾਂ ਪੰਜਾਬ ਵਿਚ ਲਾਗੂ ਨਾ ਕੀਤੇ ਗਏ ਪਰ ਪੰਜਾਬ ਦੇ ਮਾੜੇ ਕਾਨੂੰਨ ਪੈਪਸੂ ਵਿਚ ਲਾਗੂ ਕਰ ਦਿੱਤੇ। ਮਾੜੀਆਂ ਗੱਲਾਂ ਪੈਪਸੂ ਵਿਚ ਲਦ ਦਿੱਤੀਆਂ ਗਈਆਂ। ਬਦਕਿਸਮਤੀ ਨਾਲ ਪੰਜਾਬ ਵਿਚ ਨੈਸ਼ਨਲਾਈਜ਼ੇਸ਼ਨ ਨਹੀਂ ਹੋਈ, ਇਥੇ 50:50 ਦਾ ਹਿਸਾਬ ਚਲਦਾ ਹੈ। ਉਥੇ ਮਾਲਕਾਂ ਅਤੇ ਔਪਰੇਟਰਜ਼ ਦੀ ਮਿਲੀ ਭੁਗਤ ਚਲਦੀ ਹੈ। ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹੋ ਕਾਨੂੰਨ ਲਾਗੂ ਕੀਤਾ ਜਾਵੇ। ਅੱਜ ਚੰਡੀਗੜ੍ਹ ਪੰਜਾਬ ਵਿਚ ਹਰ ਜ਼ਿਲ੍ਹੇ ਨਾਲ ਬਸਾਂ ਦੇ ਰਾਹੀਂ ਮਿਲਿਆ ਹੋਇਆ ਹੈ। ਲੇਕਿਨ ਪੈਪਸੂ ਦੀ ਬਦਕਿਸਮਤੀ ਹੈ ਕਿ ਬਠਿੰਡਿਓਂ ਚਲ ਕੇ ਆਦਮੀ ਚੰਡੀਗੜ੍ਹ ਨਹੀਂ ਪਹੁੰਚ ਸਕਦਾ। ਰਸਤੇ ਵਿਚ ਤਿੰਨ ਤਿੰਨ ਗਡੀਆਂ ਬਦਲਣੀਆਂ ਪੈਂਦੀਆਂ ਹਨ। ਅਸੀਂ ਕਈ ਵਾਰ ਲਿਖ ਚੁਕੇ ਹਾਂ ਕਿ ਕਮ ਸੇ ਕਮ ਬਠਿੰਡਿਓਂ ਚੰਡੀਗੜ੍ਹ ਤਕ ਥਰੂ ਬਸ ਚਲਨੀ ਚਾਹੀਦੀ ਹੈ ਤਾਂ ਜੋ ਆਉਣ ਵਾਲੇ ਮੁਸਾਫਰਾਂ ਨੂੰ ਤਕਲੀਫ ਨਾ ਹੋਵੇ ਪਰ ਇਸ ਪਾਸੇ ਵਲ ਕੋਈ ਧਿਆਨ ਨਹੀਂ ਦਿੰਦਾ।

ਦੂਸਰੀ ਵੱਡੀ ਖਰਾਬੀ ਇਹ ਹੈ ਕਿ ਜਦੋਂ ਗੱਡੀ ਬਲਾਢੇ ਤੋਂ ਸਰਸੇ ਨੂੰ ਚਲਦੀ ਹੈ ਤਾਂ ਜੇਕਰ 10 ਮੀਲ ਤੇ ਵੀ ਤੇਲ ਖਤਮ ਹੋ ਜਾਵੇ ਤਾਂ ਉਹ ਗਡੀਆਂ ਪ੍ਰਾਈਵੇਟ ਪੰਪ ਤੋਂ ਤੇਲ ਨਹੀਂ ਲੈ ਸਕਦੀਆਂ। ਪਟਿਆਲੇ ਟੈਲੀਫੋਨ ਕਰਨਗੇ, ਉਥੋਂ ਤੇਲ ਜਾਏਗਾ ਤਾਂ ਗੱਡੀ ਚਲੇਗੀ। ਮੁਸਾਫਰ ਸਾਰਾ ਦਿਨ ਉਥੇ ਟੰਗੇ ਰਹਿਣਗੇ। ਮੈਂ ਸੈਸ਼ਨ ਵਿਚ ਆ ਰਿਹਾ ਸੀ ਕਿ ਰਸਤੇ ਵਿਚ ਤੇਲ ਖਤਮ ਹੋ ਗਿਆ।

ਸਾਰਾ ਦਿਨ ਲੰਘ ਗਿਆ ਅਤੇ ਮੈਂ ਇਥੇ 4, 5 ਵਜੇ ਪਹੁੰਚਿਆ । ਉਹ ਬਸਾਂ ਦੂਸਰਿਆਂ ਪੰਪਾਂ ਤੋਂ ਤੇਲ ਨਹੀਂ ਲੈ ਸਕਦੀਆਂ । ਇਧਰ ਵੀ ਧਿਆਨ ਦਿਉ ।

ਤੀਸਰੀ ਗੱਲ ਇਹ ਹੈ ਕਿ ਉਥੋਂ ਤਿੰਨ ਚਾਰ ਮੈਨੇਜਰ ਬਦਲੇ । ਇਕ ਮੈਨੇਜਰ ਬਦਕਿਸਮਤੀ ਨਾਲ ਚੰਗਾ ਲੱਗ ਗਿਆ ਉਸ ਨੇ 800 ਰੁਪੈ ਦੀ ਇਨਕੰਮ ਵਧਾਈ ਅਤੇ 22 ਲਖ ਰੁਪੈ ਦਾ ਮੁਨਾਫਾ ਦੱਸਿਆ । ਇਨ੍ਹਾਂ ਨੇ ਕਿਹਾ ਕਿ ਇਹ ਤਾਂ ਬੜੀ ਮਾੜੀ ਗੱਲ ਹੈ, ਨੈਸ਼ਨਲਾਈਜੇਸ਼ਨ ਹੋ ਜਾਵੇਗੀ, ਪ੍ਰਾਈਵੇਟ ਓਪਰੇਟਰਜ਼ ਨਾਲ ਮਿਲਾ ਦੇਣਗੇ । ਉਸ ਨੂੰ ਚੁੱਕ ਕੇ ਪੰਜਾਬ ਰੋਡਵੇਜ਼ ਵਿਚ ਸੁੱਟ ਦਿੱਤਾ ਅਤੇ ਉਥੇ ਫਿਰ ਉਹੋ ਜਨਰਲ ਮੈਨੇਜਰ ਲਗਾ ਦਿੱਤਾ ਜਿਹੜਾ ਘਾਟਾ ਵਿਖਾਉਂਦਾ ਹੈ । 1½ ਕਰੋੜ ਰੁਪਿਆ ਉਥੇ ਲੱਗ ਚੁਕਿਆ ਹੈ ਪਰ ਹੁਣ ਤਕ ਉਸ ਦਾ ਸੂਦ ਹੀ ਵਾਪਸ ਹੋ ਰਿਹਾ ਹੈ ਮੁਨਾਫਾ ਨਹੀਂ ਵਿਖਾਇਆ ਗਿਆ । ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਉਥੇ ਇਕ ਬਠਿੰਡੇ ਦਾ ਹੀ ਮਸ਼ਹੂਰ ਅੱਡਾ ਹੈ ਅਤੇ ਦੂਸਰਾ ਪਟਿਆਲੇ ਦਾ । ਪਟਿਆਲੇ ਵਾਲਾ ਅੱਡਾ ਬਦਕਿਸਮਤੀ ਨਾਲ ਉਥੋਂ ਦੀ ਮਿਉਂਸੀਪਲ ਕਮੇਟੀ ਨੇ ਬਣਾ ਦਿੱਤਾ ਹੈ ਪਰ ਉਥੇ ਕੁਝ ਵੀ ਸਹੂਲਤਾਂ ਨਹੀਂ ਹਨ । ਬਠਿੰਡੇ ਵਿਚ ਕੋਈ ਅੱਡਾ ਹੀ ਨਹੀਂ ਬਣਿਆ ਹੋਇਆ । ਉਥੇ ਕਿਧਰੇ ਕੋਈ ਮੁਸਾਫਰ ਬੈਠ ਹੀ ਨਹੀਂ ਸਕਦਾ । ਪੈਪਸੂ ਦੀ ਟਰਾਂਸਪੋਰਟ ਵਿਚ ਕਿਧਰੇ ਕੋਈ ਅੱਡਾ ਨਹੀਂ ਹੈ । ਕਿਧਰੇ ਕੋਈ ਔਰਤ ਆ ਜਾਵੇ ਤਾਂ ਉਹ ਟੱਟੀ ਪੇਸ਼ਾਬ ਕਰਨ ਨੂੰ ਵੀ ਤੰਗ ਹੁੰਦੀ ਹੈ । ਉਥੇ ਕੋਈ ਜਗ੍ਹਾ ਹੀ ਨਹੀਂ ਬਣਾਈ ਹੋਈ । ਬੜੀ ਹਾਲਤ ਖਰਾਬ ਹੈ । ਹੁਣ ਟਰਾਂਸਪੋਰਟ ਢਿਲੋਂ ਸਾਹਿਬ ਦੇ ਚਾਰਜ ਵਿਚ ਆਈ ਹੈ, ਸਾਨੂੰ ਇਨ੍ਹਾਂ ਕੋਲੋਂ ਬੜੀਆਂ ਆਸਾਂ ਹਨ । ਪਹਿਲਾਂ ਤਾਂ ਕੈਰੋਂ ਸਾਹਿਬ ਨੈਸ਼ਨਲਾਈਜ਼ੇਸ਼ਨ ਚਾਹੁੰਦੇ ਹੀ ਨਹੀਂ ਸਨ । ਢਿਲੋਂ ਸਾਹਿਬ ਤੋਂ ਅਸੀਂ ਆਸ ਰਖਦੇ ਹਾਂ ਕਿ ਇਸ ਪਾਸੇ ਧਿਆਨ ਦੇਣਗੇ ਅਤੇ ਚੰਗੇ ਕਦਮ ਚੁਕਣਗੇ ਤਾਂ ਜੋ ਨੈਸ਼ਨਲਾਈਜ਼ੇਸ਼ਨ ਹੋ ਸਕੇ ਅਤੇ ਟਰਾਂਸਪੋਰਟ ਦੀ ਹਾਲਤ ਸੁਧਰੇ ।

ਟਰਾਂਸਪੋਰਟ ਤੇ ਚੋਣ ਮੰਤਰੀ (ਸਰਦਾਰ ਗੁਰਦਿਆਲ ਸਿੰਘ ਢਿਲੋਂ) : ਚੇਅਰਮੈਨ ਸਾਹਿਬ, ਪੇਸ਼ਤਰ ਇਸ ਦੇ ਕਿ ਜਿਤਨੇ ਵੀ ਪੁਆਇੰਟਸ ਉਠਾਏ ਗਏ ਹਨ ਉਨ੍ਹਾਂ ਦਾ ਜਵਾਬ ਦੇਵਾਂ, ਮੈਂ ਇਕ ਗੱਲ ਕਰਨੀ ਲਾਜ਼ਮੀ ਸਮਝਦਾ ਹਾਂ ਕਿ ਮੈਂਬਰ ਸਾਹਿਬਾਨ ਨੇ ਜਿਹੜੀ ਪੈਪਸੂ ਰੋਡਵੇਜ਼ ਕਾਰਪੋਰੇਸ਼ਨ ਦੇ ਕੰਮ ਕਰਨ ਦੇ ਤਰੀਕੇ ਦੀ ਚੀਰਫਾੜ ਕੀਤੀ ਹੈ, ਮੇਰੇ ਲਈ ਉਹ ਬੜੀ ਮੁਫੀਦ ਹੈ ਔਰ ਮੈਂ ਉਨ੍ਹਾਂ ਨੂੰ ਯਕੀਨ ਦਿਲਾਉਂਦਾ ਹਾਂ ਕਿ ਜਿੱਥੋਂ ਤਕ ਹੋ ਸਕਿਆ ਇਸ ਕਾਰਪੋਰੇਸ਼ਨ ਨਾਲ ਸਬੰਧਿਤ ਜਿਹੜੀਆਂ ਸ਼ਿਕਾਇਤਾਂ ਹਨ ਉਨ੍ਹਾਂ ਵਿਚ ਜੋ ਕੁਝ ਵੀ ਮੈਂ ਕਰ ਸਕਦਾ ਹਾਂ ਉਹ ਬਗੈਰ ਕਿਸੇ ਦੇਰ ਦੇ, ਬਗੈਰ ਕੋਈ ਮਸਨੂਈ ਮੁਸ਼ਕਲਾਂ ਪੇਸ਼ ਆਉਣ ਦੇ ਜਲਦੀ ਤੋਂ ਜਲਦੀ ਕਰਾਂਗਾ-ਕਰਾਉਣ ਦੀ ਕੋਸ਼ਿਸ਼ ਕਰਾਂਗਾ।

ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਕਿਹਾ ਕਿ ਬਸਾਂ ਦੇ ਟਾਈਮਿੰਗਜ਼ ਠੀਕ ਨਹੀਂ, ਕਨਵੀਨੀਐਂਟ ਟਾਈਮਿੰਗਜ਼ ਨਹੀਂ, ਕਿਧਰੇ ਘਟ ਹਨ ਜਾਂ ਕੁਝ ਹੋਰ-ਬਜਾਏ ਇਸ ਦੇ ਕਿ ਉਨ੍ਹਾਂ ਦਾ ਫਰਦਨ ਫਰਦਨ ਜਵਾਬ ਦਿਆਂ, ਉਨ੍ਹਾਂ ਪਾਸ ਅਰਜ਼ ਕਰਾਂਗਾ ਕਿ ਕੁਝ ਮੈਂਬਰ ਸਾਹਿਬਾਨ ਨੇ ਇਸ ਸਬੰਧ ਵਿਚ ਅੱਗੇ ਹੀ ਲਿਖ ਕੇ ਮੇਰੇ ਪਾਸ ਭੇਜਿਆ ਹੈ । ਬਾਕੀ ਵੀ ਆਪਣੇ ਆਪਣੇ ਪੁਆਇੰਟਸ ਭੇਜ ਦੇਣ ਤਾਕਿ ਸਮੁੱਚੇ ਤੌਰ ਤੇ ਪੈਪਸੂ ਕਾਰਪੋਰੇਸ਼ਨ ਦਾ ਜਿਹੜਾ ਏਰੀਆ ਹੈ ਉਸ ਨੂੰ ਐਗਜ਼ਾਮਿਨ ਕੀਤਾ ਜਾਵੇ ਔਰ ਜਨਤਾ ਨੂੰ ਜਾਂ ਹੋਰ ਵੀ ਕਿਸੇ ਨੂੰ ਕੋਈ ਸ਼ਿਕਾਇਤਾਂ ਹੋਣ, ਉਨ੍ਹਾਂ ਨੂੰ ਔਰ ਮੈਂਬਰ ਸਾਹਿਬਾਨ ਦੇ ਮਸ਼ਵਰੇ ਨੂੰ ਸਾਹਮਣੇ ਰਖ ਕੇ ਉਨ੍ਹਾਂ ਸ਼ਿਕਾਇਤਾਂ ਨੂੰ ਦੂਰ ਕੀਤਾ ਜਾਵੇ ।

[ਟਰਾਂਸਪੋਰਟ ਅਤੇ ਚੋਣ ਮੰਤਰੀ]

ਬਹੁਤ ਸਾਰੀ ਗੱਲ ਬਾਤ ਪੈਪਸੂ ਕਾਰਪੋਰੇਸ਼ਨ ਦੇ ਕੰਮ ਕਰਨ ਦੇ ਤਰੀਕੇ, ਤੇ ਨੈਸ਼ਨਲਾਈਜ਼ੇਸ਼ਨ ਤੇ, ਔਰ ਕੁਝ ਵਰਕਰਜ਼ ਯੂਨੀਅਨ ਬਾਰੇ ਵੀ ਹੋਈ। ਚੇਅਰਮੈਨ ਸਾਹਿਬ, ਬਹੁਤ ਸਾਰੀਆਂ ਗੱਲਾਂ ਐਸੀਆਂ ਹਨ ਜਿਹੜੀਆਂ ਮੇਰੇ ਮਨਿਸਟਰ ਬਨਣ ਤੋਂ ਪਹਿਲਾਂ ਦੀਆਂ ਚਲੀਆਂ ਆ ਰਹੀਆਂ ਹਨ—ਉਨ੍ਹਾਂ ਦੇ ਬਾਰੇ ਔਰ ਜਿਹੜੀ ਮੈਂਬਰ ਸਾਹਿਬਾਨ ਨੇ ਨਵੀਂ ਵਾਕਫੀਅਤ ਦਿੱਤੀ ਹੈ, ਉਨ੍ਹਾਂ ਬਾਰੇ ਮੈਂ ਯਕੀਨ ਦਿਵਾਉਂਦਾ ਹਾਂ ਕਿ ਜਲਦੀ ਤੋਂ ਜਲਦੀ ਉਹ ਸਾਰੇ ਕੇਸ ਕਢਵਾ ਕੇ, ਵੇਖ ਕੇ, ਜਿਨ੍ਹਾਂ ਮੈਂਬਰ ਸਾਹਿਬਾਨ ਦੇ ਪੁਆਇੰਟਸ ਹੋਣਗੇ ਉਨ੍ਹਾਂ ਨੂੰ ਬੁਲਾਕੇ ਉਨ੍ਹਾਂ ਦੀ ਮੌਜੂਦਗੀ ਵਿਚ ਮੈਂ ਕੁਝ ਫੈਸਲੇ ਕਰਨਾ ਚਾਹੁੰਦਾ ਹਾਂ । (Thumping of desks).

ਕਾਮਰੇਡ ਗੁਰਬਖਸ਼ ਸਿੰਘ ਹੋਰਾਂ ਨੇ ਬਠਿੰਡੇ ਬਾਰੇ ਜ਼ਿਕਰ ਕੀਤਾ ਹੈ ਕਿ ਉਥੇ ਸ਼ਡੂਲ ਦੇ ਮੁਤਾਬਕ ਕੰਮ ਨਹੀਂ ਹੋ ਰਿਹਾ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਹ ਸੰਨ 1965–66 ਦੇ ਅੰਦਰ ਸ਼ੈਡਿਊਲਡ ਹੈ ਔਰ ਅਸੀਂ ਇਸ ਕੋਸ਼ਿਸ਼ ਵਿਚ ਹਾਂ ਕਿ ਹੁਣ ਤੋਂ ਹੀ ਕਰ ਦੇਈਏ । ਸੋ, ਉਥੋਂ ਲਈ ਲੇਲੈਂਡ ਬਸਾਂ ਦਾ ਆਰਡਰ ਕਰ ਦਿੱਤਾ ਹੈ, ਜ਼ਮੀਨ ਦੀ ਐਕਵੀਜ਼ੀਸ਼ਨ ਔਰ ਸਾਰਾ ਕੰਮ ਚਲ ਰਿਹਾ ਹੈ ਔਰ ਮੇਰਾ ਖ਼ਿਆਲ ਹੈ ਕਿ ਇਸ ਨੂੰ ਅਸੀਂ ਸ਼ਿਡਿਊਲਡ ਟਾਈਮ ਦੇ ਅੰਦਰ ਅੰਦਰ ਹੀ ਪੂਰਾ ਕਰ ਦਿਆਂਗੇ।

ਦੂਜੇ ਉਨ੍ਹਾਂ ਨੇ ਵੀ ਕਿ ਪਟਿਆਲਾ ਸਰਹੰਦ ਬਰਾਸਤਾ ਕਿਸੇ ਪਿੰਡ ਰੂਟ ਦਾ ਜ਼ਿਕਰ ਕੀਤਾ। ਉਹ ਚਲ ਰਿਹਾ ਹੈ । ਇਕ ਇਤਫਾਕ ਐਸਾ ਹੋਇਆ ਕਿ ਰਿਟ ਹੋ ਗਈ । ਕੁਝ ਮੁਲਤਵੀ ਕਰਨਾ ਪਿਆ। ਪਰ ਮੈਂ ਇਹ ਯਕੀਨ ਦਿਵਾਉਂਦਾ ਹਾਂ ਕਿ ਜਲਦੀ ਤੋਂ ਜਲਦੀ ਇਹ ਹੋ ਜਾਵੇਗਾ। ਰਿਜਨਲ ਟਰਾਂਸਪੋਰਟ ਅਥਾਰਿਟੀ ਨੇ ਸੈਂਕਸ਼ਨ ਕਰ ਦਿੱਤੀ ਹੈ ਔਰ ਇਹ ਠੀਕ ਹੋ ਜਾਵੇਗਾ।

ਤੇਲ ਦੇ ਬਾਰੇ ਵੀ ਕਿਹਾ ਗਿਆ। ਤੁਹਾਨੂੰ ਪਤਾ ਹੈ ਕਿ ਪਿਛਲੀ ਟ੍ਰਬਲ ਦੇ ਕੀ ਕਾਰਣ ਹਨ ਔਰ ਉਸ ਤੋਂ ਬਾਅਦ ਤਕਰੀਬਨ ਇਸ ਫੈਸਲੇ ਤੇ ਪੁਜੇ ਹਾਂ ਕਿ ਆਈ. ਓ. ਸੀ. ਦੇ ਪੰਪ ਇਸਤੇਮਾਲ ਕਰੀਏ। ਇਸ ਵਿਚ ਮੁਸ਼ਕਿਲਾਤ ਬੜੀਆਂ ਆਈਆਂ ਹਨ। ਲੇਕਿਨ ਅਸੀਂ ਮਸ਼ਕੂਰ ਹਾਂ ਕਿ ਸੈਂਟਰਲ ਗੌਰਮਿੰਟ ਨੇ ਬੜੇ ਮੌਕੇ ਸਿਰ ਮਦੱਦ ਕੀਤੀ ਹੈ। ਜਿਹੜਾ ਮੁਸ਼ਕਲ ਦਾ ਸਮਾਂ ਸੀ ਉਹ ਗੁਜ਼ਰ ਗਿਆ ਹੈ । ਅਸੀਂ ਬਾਰ ਬਾਰ ਰੀਮਾਈਂਡਰਜ਼ ਭੇਜੇ ਹਨ ਔਰ ਮੇਰਾ ਆਪਣਾ ਖ਼ਿਆਲ ਹੈ ਕਿ ਕਿਸੇ ਵਕਤ ਮੈਂ ਆਪ ਜਾਵਾਂਗਾ ਔਰ ਇਸ ਬਾਰੇ ਗੱਲਬਾਤ ਕਰਾਂਗਾ ।

ਜਿੱਥੋਂ ਤਕ ਸਪੇਅਰ ਪਾਰਟਸ ਦਾ ਤੁਅਲਕ ਹੈ, ਇਸ ਬਾਰੇ ਸਾਡੀ ਪਾਲਿਸੀ ਕਾਫੀ ਬਦਲੀ ਹੈ । ਅਸੀਂ ਸਪੇਅਰ ਪਾਰਟਸ ਓਰਿਜਨਲ ਮੈਨੂਫੈਕਚਰਰਜ਼ ਕੋਲੋਂ ਜਾਂ ਜਿਹੜੇ ਉਨ੍ਹਾਂ ਦੇ ਐਨਸੀਲਰੀ ਯੂਨਿਟਸ ਹਨ ਉਨ੍ਹਾਂ ਕੋਲੋਂ ਮੰਗਵਾਉਂਦੇ ਹਾਂ । ਪਿੱਛੇ ਜਿਹੀ, ਮੈਂ ਇਕ ਜਨਰਲ ਮੈਨੇਜਰਜ਼ ਦੀ ਮੀਟਿੰਗ ਵੀ ਬੁਲਾਈ ਸੀ ਔਰ ਵਿਚਾਰ ਕੀਤਾ ਸੀ ਅਤੇ ਆਰਗੇਨਾਈਜ਼ੇਸ਼ਨ ਸਪੇਅਰ ਪਾਰਟਸ ਦੀ ਸੈਟ ਅਪ ਕਰ ਦਿੱਤੀ ਤਾਕਿ ਜੋ ਦਰਮਿਆਨੀ ਔਰ ਮੁਸ਼ਕਲ ਦਾ ਸਮਾਂ ਹੈ ਉਸ ਵਿਚ ਸਟਾਕ ਚਲਦਾ ਰਹੇ । ਹੋਰ ਵੀ ਮੁਸ਼ਕਿਲਾਤ ਹਨ ਔਰ ਉਨ੍ਹਾਂ ਨੂੰ ਵੀ ਦੂਰ ਕਰਨ ਵਾਸਤੇ ਕੁਝ ਨਾ ਕੁਝ ਕੋਸ਼ਿਸ਼ ਕੀਤੀ ਹੈ, ਲੇਕਿਨ ਫਿਲਹਾਲ ਇਹ ਪੋਜ਼ੀਸ਼ਨ ਹੈ ਕਿ ਜਿਹੜੀਆਂ ਸਪੇਅਰ ਪਾਰਟਸ ਦੀਆਂ ਮਨਜ਼ੂਰ ਸ਼ੁਦਾ ਫਰਮਾਂ ਹਨ ਉਨ੍ਹਾਂ ਨੂੰ ਆਰਡਰ ਦਿੰਦੇ ਹਾਂ, ਜਾਂ ਟੈਂਡਰ ਰਾਹੀਂ ਔਰ ਜੇਕਰ ਅਵੇਲੇਬਲ ਨਾ ਹੋਣ ਤਾਂ ਆਪਣੇ ਤੌਰ ਤੇ ਵੀ ਪ੍ਰਬੰਧ ਕਰਦੇ ਹਾਂ।

ਹੋਰ ਵੀ ਕਈ ਪੁਆਇੰਟਸ ਇਨ੍ਹਾਂ ਨੇ ਰਖੇ ਔਰ ਮਿਸਟਰ ਸ਼ਿਵ ਕੁਮਾਰ ਦਾ ਵੀ ਜ਼ਿਕਰ ਕੀਤਾ ਗਿਆ। ਕੁਝ ਐਲੀਗੇਸ਼ਨ ਵੀ ਲਗਾਏ ਗਏ । ਮੈਂ ਨਹੀਂ ਚਾਹੁੰਦਾ ਕਿ ਦੋ ਅਫਸਰਾਂ ਦੇ ਦਰਮਿਆਨ ਕਿਸੇ ਮੁਕਾਬਲੇ ਵਿਚ ਪਵਾਂ ।

ਵਰਕਰਜ਼ ਯੂਨੀਅਨ ਬਾਰੇ ਵੀ ਜ਼ਿਕਰ ਕੀਤਾ । ਯੂਨੀਅਨ ਬਾਰੇ ਤੁਹਾਨੂੰ ਪਤਾ ਹੈ ਕਿ ਕੁਝ ਮੰਗ ਕੀਤੀ ਗਈ ਸੀ। ਉਸ ਵਿਚ ਕੁਝ ਡਿਸਮਿਸਡ ਐਂਪਲਾਈਜ਼ ਵੀ ਯੂਨੀਅਨ ਦੇ ਮੈਂਬਰ ਬਨਣਾ ਚਾਹੁੰਦੇ ਸੀ । ਇਹ ਮੇਰੇ ਤੋਂ ਪਹਿਲਾਂ ਦੀ ਗਲ ਹੈ ਔਰ ਉਸ ਵਕਤ ਲੇਬਰ ਡਿਪਾਰਟਮੈਂਟ ਦੇ ਔਰ ਚੀਫ ਮਨਿਸਟਰ ਦੇ ਦਰਮਿਆਨ ਔਰ ਕੁਝ ਯੂਨੀਅਨ ਦੇ ਐਂਪਲਾਈਜ਼ ਦੇ ਦਰਮੀਆਨ ਮੀਟਿੰਗ ਵੀ ਹੋਈ ਔਰ ਉਸ ਵਿਚ ਇਸ ਸਾਰੇ ਸਵਾਲ ਨੂੰ ਐਗਜ਼ਾਮਿਨ ਕੀਤਾ ਗਿਆ। ਲੇਬਰ ਡਿਪਾਰਟਮੈਂਟ ਇਸ ਬਾਰੇ ਕੁਝ ਇਨਫਰਮੇਸ਼ਨ ਦੂਜੇ ਸੂਬਿਆਂ ਤੋਂ ਇਕੱਠੀ ਕਰਨੀ ਚਾਹੁੰਦਾ ਸੀ ਕਿ ਉਥੇ ਕੀ ਰਿਵਾਜ ਹੈ । ਕਿਸ ਤਰ੍ਹਾਂ ਦੀ ਪ੍ਰੈਕਟਿਸ ਹੈ । ਇਸ ਕਰਕੇ, ਮੈਂ ਇਸ ਬਾਰੇ ਇਸ ਪੋਜ਼ੀਸ਼ਨ ਵਿਚ ਨਹੀਂ ਹਾਂ ਕਿ ਇਸ ਮੌਕੇ ਉਤੇ ਤੁਹਾਨੂੰ ਕੋਈ ਵਾਕਫੀਅਤ ਦੇ ਸਕਾਂ ।

ਸਰਦਾਰ ਰਣਜੀਤ ਸਿੰਘ ਹੋਰਾਂ ਨੇ ਟਾਇਰਾਂ ਬਾਰੇ ਜ਼ਿਕਰ ਕੀਤਾ ਸੀ ਕਿ 12 ਪੀ. ਆਰ. ਟਾਇਰਾਂ ਦਾ ਆਰਡਰ ਦਿੱਤਾ ਤੇ ਸਪਲਾਈ ਹੋਏ 6 ਪੀ. ਆਰ ਦੇ । ਉਸ ਦੀ ਇਨਕੁਆਇਰੀ ਕੀਤੀ ਗਈ ਹੈ ਔਰ ਉਸ ਵਿਚ ਕਾਫੀ ਹਦ ਤਕ ਉਨ੍ਹਾਂ ਦੀ ਪੜਚੋਲ ਕੀਤੀ ਹੈ । ਉਸ ਵਿਚ ਐਕਸ਼ਨ ਲੈ ਰਹੇ ਹਾਂ ਔਰ ਇਸ ਦਾ ਜੋ ਵੀ ਨਤੀਜਾ ਹੋਵੇਗਾ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਦੱਸ ਦਿਆਂਗਾ ।

ਇਸ ਤੋਂ ਅਲਾਵਾ ਜੋਗਾ ਸਾਹਿਬ ਨੇ ਕਿਹਾ ਸੀ ਕਿ ਪੰਜਾਬ ਦੀ ਸਰਕਾਰ ਨੇ ਪੈਪਸੂ ਦੀਆਂ ਚੰਗੀਆਂ ਚੀਜ਼ਾਂ ਛਡ ਦਿੱਤੀਆਂ ਤੇ ਮਾੜੀਆਂ ਲੈ ਲਈਆਂ । ਮੈਂ ਉਨ੍ਹਾਂ ਨੂੰ ਅਰਜ਼ ਕਰਾਂਗਾ ਕਿ ਪੰਜਾਬ ਔਰ ਪੈਪਸੂ ਦਾ ਤਾਂ ਹੁਣ ਸਵਾਲ ਹੀ ਨਹੀਂ ਰਿਹਾ । ਤੁਸੀਂ ਵੀ ਪੰਜਾਬ ਵਿ ਚ ਹੋ ਔਰ ਅਸੀਂ ਵੀ ਪੰਜਾਬ ਵਿਚ ਹੀ ਹਾਂ। ਇਹ ਜਿਹੜੀ ਕਾਰਪੋਰੇਸ਼ਨ ਹੈ, ਇਸਦੀ ਨੈਸ਼ਨਲਾਈਜ਼ੇਸ਼ਨ ਬਾਰੇ ਤੁਹਾਨੂੰ ਪਤਾ ਹੈ ਕਿ ਫੈਸਲਾ ਹੋਇਆ ਹੈ। ਬਹੁਤ ਕੁਝ ਇੰਟਰੈਸਟ ਇਸ ਵਿਚ ਵਰਕ ਕਰਦੇ ਹਨ ਲੇਕਿਨ ਮੇਰੇ ਲਈ ਇਸ ਗੱਲ ਦਾ ਜਵਾਬ ਦੇਣਾ ਬੜਾ ਆਸਾਨ ਹੈ ਔਰ ਉਹ ਇਹ ਕਿ ਇਹ ਪਲਾਨਿੰਗ ਕਮੀਸ਼ਨ ਦੇ ਦਸੇ ਹੋਏ ਪੈਟਰਨ ਤੇ ਬਣੀ ਹੋਈ ਹੈ। ਪਰਚਲਤ ਕਰਨ ਲਈ ਤਾਂ ਹੋਰ ਵੀ ਬਹੁਤ ਸਾਰੀਆਂ ਗੱਲਾਂ ਚਲ ਰਹੀਆਂ ਹਨ ਪਰ ਇੱਕ ਗੱਲ ਵਿਚ ਮੈਂ ਤੁਹਾਡੀ ਤਸੱਲੀ ਕਰਨ ਲਈ ਤਿਆਰ ਹਾਂ ਕਿ ਇਸ ਵਿਚ ਪ੍ਰਾਈਵੇਟ ਓਪਰੇਟਰਜ਼ ਪ੍ਰਾਈਵੇਟ ਕੰਪਨੀਆਂ, ਵੈਸਟਿਡ ਇੰਟਰੈਸਟਸ ਜੋ ਭੀ ਹਨ ਕੋਸ਼ਿਸ਼ ਉਨ੍ਹਾਂ ਦੀ ਜ਼ਰੂਰ ਹੈ ਕਿ ਨਾ ਹੋਵੇ ਔਰ ਉਹ ਇਸ ਕਰਕੇ ਕਿ ਉਹ ਕੁਝ ਨਾ ਕੁਝ ਕਾਨੂੰਨੀ ਨੁਕਤੇ ਲੈ ਆਉਂਦੇ ਹਨ। ਉਨ੍ਹਾਂ ਦੀ ਤੱਸਲੀ ਵਾਸਤੇ ਮੈਂ ਕਾਫੀ ਸਿਰ ਦਰਦੀ ਕੀਤੀ, ਕਾਫ਼ੀ ਲੰਬੀਆਂ ਚੌੜੀਆਂ ਫਾਈਲਾਂ ਦੀ ਪੜਚੋਲ ਹੋਈ । ਔਰ ਤਹਾਨੂੰ ਯਾਦ ਹੋਵੇਗਾ ਕਿ ਅਪਰ ਹਾਊਸ ਵਿਚ ਕਿਹਾ ਗਿਆ ਸੀ ਕਿ ਕਾਰਪੋਰੇਸ਼ਨ ਬਣਾਕੇ ਤੁਸੀਂ ਅਰਸਟਵਾਈਲ ਪੈਪਸੂ ਏਰੀਏ ਨਾਲ ਸਟੈਪ-ਮਦਰਲੀ ਟਰੀਟਮੈਂਟ ਕੀਤਾ ਹੈ । ਉਥੇ ਮੈਂ ਇਹ ਕਿਹਾ ਸੀ ਕਿ ਮੇਰੇ ਵਰਗਾ ਆਦਮੀ ਪੈਪਸੂ ਦਾ ਬੁਰਾ ਕਿਸ ਤਰ੍ਹਾਂ ਕਰ ਸਕਦਾ ਹੈ । ਲੇਕਿਨ ਉਸ ਨਾਲ ਇਸ ਕਿਸਮ ਦੀ ਗੱਲ ਨਹੀਂ ਕਿ ਪੈਪਸੂ ਦਾ ਨਾਂ ਲੈ ਕੇ ਦੇਸ਼ ਦੀ ਪਾਲਿਸੀ ਦਾ ਜੋ ਜਨਰਲ ਸੈਟ ਅਪ ਬਣਿਆ ਹੋਇਆ ਹੈ, ਟੈਕਸੇਸ਼ਨ ਦਾ, ਡਿਵੈਲਪਮੈਂਟ ਦਾ, ਦੇਸ਼ ਦੇ ਰੀਸੋਰਸਿਜ਼ ਨੂੰ ਮੁਲਕ ਦੀ ਤਰਕੀ ਵਾਸਤੇ ਲਗਾਉਣ ਦਾ ਜਿਹੜਾ ਸੈਟ ਅਪ ਬਣਿਆ ਹੋਇਆ ਹੈ, ਉਸ ਨੂੰ ਡਿਸਕ੍ਰਿਮੀਨੇਸ਼ਨ ਦੇ ਪ੍ਰੈਸ਼ਰ ਵਿਚ ਅਸੀਂ ਛਡ ਦੇਈਏ । ਐਸਾ ਕਰਨਾ ਬੜੀ ਗ਼ਲਤ ਗੱਲ ਹੋਵੇਗੀ । ਕਾਰਪੋਰੇਸ਼ਨ ਪੈਪਸੂ ਸਰਕਾਰ ਵੇਲੇ ਦਾ ਫੈਸਲਾ ਹੈ, ਅਸੀਂ ਉਸੇ ਨੂੰ ਐਡਾਪਟ ਕੀਤਾ ਹੈ । ਜਿਸ ਜਿਸ ਨੇ ਇਸ ਬਾਰੇ ਇਤਰਾਜ਼ ਕੀਤੇ ਉਨ੍ਹਾਂ ਦੀ ਅਸਾਂ ਕਾਰਸਪਾਂਡੈਂਸ ਨਾਲ ਤਸੱਲੀ ਕੀਤੀ । ਅਗਰ ਕੋਈ ਇਹ ਖ਼ਿਆਲ ਕਰੇ ਕਿ ਇਸ ਕਾਰਪੋਰੇਸ਼ਨ ਨੂੰ ਬਣਾਉਣ ਤੋਂ ਬਾਅਦ ਅਸੀਂ ਉਸ ਨੂੰ ਸਟੈਟਿਕ ਹਾਲਤ ਵਿਚ ਛਡ ਦਵਾਂਗੇ, ਇਹ ਉਸ ਦੀ ਬੜੀ ਭਾਰੀ ਗ਼ਲਤ ਫਹਿਮੀ ਹੋਵੇਗੀ । ਚੌਥੀ ਪਲੈਨ ਦੇ ਪਹਿਲੇ ਦੋ ਸਾਲਾਂ ਵਿਚ ਇਸ ਮਕਸਦ ਲਈ ਸਾਡਾ 77 ਲਖ ਰੁਪੈ ਖਰਚ ਕਰਨ ਦਾ ਪ੍ਰੋਗਰਾਮ ਸੀ। ਪਰ ਹੁਣ ਦੀ

[ਟਰਾਂਸਪੋਰਟ ਅਤੇ ਚੋਣ ਮੰਤਰੀ]

ਐਮਰਜੈਂਸੀ ਕਰਕੇ ਫੰਡਜ਼ ਘਟ ਹੋ ਗਏ ਹਨ । ਪਹਿਲੇ ਸਾਲ 45 ਦੀ ਬਜਾਏ ਇਹ ਅਲਾਟਮੈਂਟ 12 ਲਖ ਹੋ ਗਈ ਹੈ । ਅਸੀਂ ਇਸ ਨੂੰ ਐਕਸਲਰੇਟ ਕਰਨ ਦੀ ਕੋਸ਼ਿਸ਼ ਵਿਚ ਹਾਂ । ਇਸ ਬਾਰੇ ਜਿਹੜਾ ਉਤਸ਼ਾਹ ਹੈ ਉਹ ਬਹੁਤ ਜ਼ਿਆਦਾ ਹੈ ਪਰ ਫੰਡਜ਼ ਦੀ ਹੀ ਕਮੀ ਹੈ । ਐਮਰਜੈਂਸੀ ਤੋਂ ਪਹਿਲਾਂ ਵੀ ਮੈਂ ਇਕ ਪ੍ਰੈਸ ਸਟੇਟਮੈਂਟ ਦਿੱਤੀ ਸੀ । ਉਸ ਉਤੇ ਪ੍ਰਾਈਵੇਟ ਓਪਰੇਟਰਜ਼ ਵੀ ਮੇਰੇ ਕੋਲ ਡੈਪੂਟੇਸ਼ਨ ਲੈ ਕੇ ਆਏ । ਉਨ੍ਹਾਂ ਨੂੰ ਮੈਂ ਕੋਈ ਧਕੇਜ਼ੋਰੀ ਨਾਲ ਕਨਵਿੰਸ ਨਹੀਂ ਸੀ ਕੀਤਾ ਬਲਕਿ ਫਾਈਲਾਂ ਨਾਲ। ਉਨ੍ਹਾਂ ਨੂੰ ਪਲੈਨਿੰਗ ਕਮਿਸ਼ਨ ਦੀ ਪਾਲਿਸੀ ਦਸੀ ਅਤੇ ਰੀਗਰੈਟ ਕੀਤਾ ਕਿ ਤੁਹਾਡੀ ਗੱਲ ਵਿਚ ਅਸੀਂ ਕੁਝ ਨਹੀਂ ਕਰ ਸਕਦੇ ।

ਗਵਰਮੈਂਟ ਇਹ ਦਾਵਾ ਕਰਦੀ ਹੈ ਕਿ ਬਿਉਪਾਰੀ ਇਵੇਜ਼ਨ ਕਰਦਾ ਹੈ ਪਰ ਬਿਉਪਾਰੀ ਇਹ ਕਹਿੰਦੇ ਹਨ ਕਿ ਗਵਰਮੈਂਟ ਸਾਨੂੰ ਅਨਡਿਊ ਹੈਰੈਸ ਕਰਦੀ ਹੈ । ਵੇਖਣਾ ਇਹ ਹੈ ਕਿ ਦੋਨਾਂ ਵਿਚ ਕਿਸ ਦਾ ਕਸੂਰ ਹੈ । ਜਿਥੋਂ ਤੱਕ ਛੋਟੇ ਬਿਉਪਾਰੀ ਦਾ ਸਵਾਲ ਹੈ ਉਹ ਕਹਿੰਦਾ ਹੈ ਕਿਉਂਕਿ ਉਹ ਹਿਸਾਬ ਕਿਤਾਬ ਰੱਖ ਨਹੀਂ ਸਕਦਾ ਉਸ ਨੂੰ ਟੈਕਸੇਸ਼ਨ ਅਫਸਰ ਅਲਗ ਤੰਗ ਕਰਦੇ ਹਨ, ਗਵਰਮੈਂਟ ਇਕ ਅਸੂਲ ਨੂੰ ਮੰਨਦੀ ਹੋਈ ਵੀ ਅੱਜ ਇਸ ਵਿਚ ਦਰੁਸਤੀ ਕਰਨ ਨੂੰ ਤਿਆਰ ਨਹੀਂ । ਇਨ੍ਹਾਂ ਨੂੰ ਇਕ ਲਿਸਟ ਤਿਆਰ ਕਰ ਲੈਣੀ ਚਾਹੀਦੀ ਹੈ ਕਿ ਕਿਹੜੀ ਕਿਹੜੀ ਫਸਟ ਸਟੇਜ ਦੀਆਂ ਚੀਜ਼ਾਂ ਤੇ ਟੈਕਸ ਲਾਇਆ ਜਾਵੇਗਾ ।

ਮੈਨੂੰ ਦੁਖ ਇਸ ਗੱਲ ਦਾ ਹੈ ਕਿ ਇਹ ਬਿਲ ਮੌਜੂਦਾ ਹਕੂਮਤ ਦਾ ਤਿਆਰ ਸ਼ੁਦਾ ਨਹੀਂ ਹੈ। ਸਰਦਾਰ ਗੁਰਦਿਆਲ ਸਿੰਘ ਢਿੱਲੋਂ ਨੇ ਆਪ ਮੰਨਿਆਂ ਹੈ ਕਿ ਇਹ ਪਿਛਲੀ ਗੌਰਮਿੰਟ ਦੇ ਵਕਤ ਦਾ ਹੈ। ਅਸੀਂ ਪਿਛਲੀ ਗੌਰਮਿੰਟ ਨੂੰ ਕੁਰਪਟ ਕਹਿੰਦੇ ਸਾਂ, ਉਸ ਵੇਲੇ ਢਿੱਲੋਂ ਸਾਹਿਬ ਮੇਰੇ ਨਾਲ ਸਨ ਲੇਕਿਨ ਉਸੇ ਵਕਤ ਦਾ ਬਿਲ ਪਾਸ ਕਰਵਾਇਆ ਜਾ ਰਿਹਾ ਹੈ। ਕੀ ਇਸ ਦਾ ਮਤਲਬ ਇਹ ਨਹੀਂ ਕਿ ਇਸ ਬਿਲ ਦੇ ਰਾਹੀਂ ਉਹੋ ਕੁਰਪਸ਼ਨ ਦੇ ਤਰੀਕੇ ਵਰਤੇ ਜਾ ਰਹੇ ਹਨ ਜਿਹੜੇ ਕਿ ਪਿਛਲੀ ਗੌਰਮਿੰਟ ਵਰਤਦੀ ਸੀ।

ਟ੍ਰਾਂਸਪੋਰਟ ਅਤੇ ਚੋਣ ਮੰਤਰੀ : ਅਸੀਂ ਤਾਂ ਬਹੁਤ ਕੁਛ ਬਦਲ ਦਿੱਤਾ ਹੈ।

ਬਾਬੂ ਬਚਨ ਸਿੰਘ : ਕੀ ਮੈਂ ਪੁਛ ਸਕਦਾ ਹਾਂ ਕਿ ਜਿਹੜੀਆਂ ਇਹ ਤਬਦੀਲੀਆਂ ਮਾੜੀਆਂ ਮੋਟੀਆਂ ਕੀਤੀਆਂ ਵੀ ਹਨ ਉਹ ਆਪੋਜ਼ੀਸਨ ਦੇ ਪ੍ਰੈਸ਼ਰ ਹੇਠ ਨਹੀਂ ਕੀਤੀਆਂ ? ਜਨਾਬ ਡਿਪਟੀ ਸਪੀਕਰ ਸਾਹਿਬਾ, ਇਸ ਬਿਲ ਦੀ 12 ਦਫਾ ਨੂੰ ਪੜ੍ਹਨ ਦਾ ਮੌਕਾ ਮਿਲਿਆ ਹੈ। ਇਹ ਦਫਾ ਸ਼ਰਾਰਤ ਦੀ ਜੜ੍ਹ ਹੈ। ਇਸ ਦੇ ਨਾਲ ਰਿਸ਼ਵਤਖੋਰੀ, ਬੇਈਮਾਨੀ ਭ੍ਰਸ਼ਟਾਚਾਰ ਪਲੇਗਾ। ਹਰ ਇਕ ਆਦਮੀ ਕਹੇਗਾ ਕਿ ਇਸ ਗੌਰਮਿੰਟ ਨੇ ਕਲੀਨ ਐਡਮਿਨਸਟ੍ਰੇਸ਼ਨ ਦੇਣ ਦੀ ਬਜਾਏ ਬੇਈਮਾਨੀ ਦੀ ਐਡਮਿਨਸਟਰੇਸ਼ਨ ਦਿੱਤੀ ਹੈ ਅਤੇ ਇਹ ਵੀ ਉਤਨੀ ਹੀ ਕੁਰਪਟ ਹੈ, ਜਿਤਨੀ ਕਿ ਪੁਰਾਨੀ ਗੌਰਮਿੰਟ ਸੀ

ਇਸ ਨਾਲ ਜਿਹੜੇ ਕਰਮਚਾਰੀ ਬੈਰੀਅਰਜ਼ ਤੇ ਹੋਣਗੇ ਉਨ੍ਹਾਂ ਦੀਆਂ ਜੇਬਾਂ ਸੋਨੇ ਨਾਲ ਪੁਰ ਹੋਣਗੀਆਂ। ਹਕੀਕਤ ਇਹ ਹੈ ਕਿ ਇਹ ਟੈਕਸ ਬਿਮਾਰੀ ਤੇ ਨਹੀਂ ਲਗਣਾ ਇਹ ਤਾਂ ਕਨਜ਼ਿਊਮਰ ਤੇ ਪੈਣਾ ਹੈ। ਬਿਉਪਾਰੀ ਤਾਂ ਕੁਲੈਕਟਿੰਗ ਏਜੰਸੀਜ਼ ਹਨ। ਜੇ ਤੁਸੀਂ ਉਨ੍ਹਾਂ ਨੂੰ ਕੁਲੈਕਟਿੰਗ ਏਜੰਸੀਜ਼ ਸਮਝਦੇ ਹੋ ਤਾਂ ਉਨ੍ਹਾਂ ਨਾਲ ਆਨਰੇਬਲ ਸਲੂਕ ਕਰੋ, ਲੇਕਿਨ ਤੁਸੀਂ ਉਨ੍ਹਾਂ ਨੂੰ ਚੋਰਾਂ ਦੀ ਜਮਾਤ ਸਮਝਦੇ ਹੋ। ਜੇ ਉਹ ਚੋਰ ਹਨ ਤਾਂ ਕੁਲੈਕਟਿੰਗ ਏਜੰਸੀ ਕਿਉਂ ਰਖਿਆ ? ਹਿੰਦੁਸਤਾਨ ਦੇ ਵਿਚ ਫਿਤਰਤਨ ਆਦਮੀ ਸ਼ਰੀਫ਼ ਹਨ, ਇਸ ਲਈ ਤੁਸੀਂ ਉਨ੍ਹਾਂ ਨੂੰ ਅਜਿਹੇ ਮੈਯਰਜ਼ ਲਿਆਕੇ ਚੋਰ ਬਣਾਉਣ ਦੀ ਕੋਸ਼ਿਸ਼ ਨਾ ਕਰੋ। ਇਹ ਹਕੀਕਤ ਹੈ ਕਿ ਪੰਜਾਬ ਵਿਚ ਸੇਲਜ਼ ਟੈਕਸ ਨੇ ਲੋਕਾਂ ਨੂੰ ਚੋਰ ਅਤੇ ਬੇਈਮਾਨ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਪਰਸੋਂ ਸਾਡੇ ਮੁਲਕ ਦੀ ਸਭ ਤੋਂ ਬੜੀ ਸਰਕਾਰ ਦੇ ਹੋਮ ਮਨਿਸਟਰ ਆਏ, ਬੜੀ ਧੂਮਧਾਮ ਕੀਤੀ ਮਗਰ ਜਿਸ ਮਾਰਕੇਟ ਦਾ ਉਨ੍ਹਾਂ ਨੇ ਉਦਘਾਟਨ ਕੀਤਾ ਉਥੇ ਸਿਰਫ ਦਸ ਦੁਕਾਨਾ ਹਨ, ਜਿਸ ਦਾ ਇਸ ਸਰਕਾਰ ਨੇ ਮਾਰਕੇਟ ਨਾ ਦਿੱਤਾ। ਉਨ੍ਹਾਂ ਦੀ ਕੰਸਟਰਕਸ਼ਨ ਤੇ ਦੋ ਲੱਖ ਤੋਂ ਜ਼ਿਆਦਾ ਰੁਪਿਆ ਖਰਚ ਨਹੀਂ ਹੋਇਆ, ਲੇਕਿਨ ਕਿਹਾ ਕੀ ਗਿਆ ? ਕਿ ਚਾਰ ਲੱਖ ਰੁਪਿਆ ਲਗਿਆ ਹੈ। ਜਿਨ੍ਹਾਂ ਦਾ ਪਹਿਲੇ ਮਸਾਂ 3 ਹਜ਼ਾਰ ਰੁਪਿਆ ਸਾਲਾਨਾ ਕਿਰਾਇਆ ਸੀ, ਉਨ੍ਹਾਂ ਦਾ ਕਿਰਾਇਆ ਹੁਣ 66 ਹਜ਼ਾਰ ਕਰਕੇ ਰਖਿਆ ਗਿਆ ਹੈ। ਕਹਿਣ ਦਾ ਮਤਲਬ ਇਹ, ਕਿ ਤੁਸੀ ਦਿਨ ਦਿਹਾੜੇ ਜਲੂਸ ਕੱਢ ਕੱਢ ਕੇ ਔਰ ਇਕ ਹੋਮ ਮਨਿਸਟਰ ਤੋਂ ਉਦਘਾਟਨ ਕਰਵਾ ਕੇ ਕਿਤਨੀ ਵੱਡੀ ਚੋਰੀ ਕਰਦੇ ਹੋ। ਫਿਰ ਲੋਕਾਂ ਨੂੰ ਅਤੇ ਸ਼ਰੀਫ ਸ਼ਹਿਰੀਆਂ ਨੂੰ ਚੋਰ ਬਣਾਉਂਦੇ ਹੋ। ਜਦ ਕਿ ਤੁਸੀਂ ਆਪਣੇ ਗਰੇਬਾਨ ਵਿਚ ਮੂੰਹ ਡਾਲ ਕੇ ਵੇਖੋ ਤਾਂ ਤੁਹਾਡੇ ਤੋਂ ਵੱਡਾ ਕੋਈ ਚੋਰ ਨਹੀਂ ਮਿਲੇਗਾ। ਸਵਾਲ ਇਹ ਹੈ ਕਿ ਟੈਕਸ ਜ਼ਿਆਦਾ ਵਸੂਲ ਕੀਤਾ ਜਾਏ, ਲੇਕਿਨ ਉਸਦੇ ਕਲੀਨ ਤਰੀਕੇ ਹੋਣੇ ਚਾਹੀਦੇ ਹਨ। ਜੋ 12 ਵੀਂ ਕਲਾਜ਼ ਹੈ। ਉਹ ਸਵਾਏ ਨਾਕਾ ਬੰਦੀ ਦੇ ਕੁਝ ਨਹੀਂ ਹੈ। ਨਾਕਾਬੰਦੀ ਹੁੰਦੀ ਹੈ ਚੋਰਾਂ ਦੀ, ਡਾਕੂਆਂ ਦੀ. ਬਦਮਾਸ਼ਾਂ ਦੀ ਤੁਸੀਂ ਸ਼ਰੀਫ ਬਿਉਪਾਰੀਆਂ ਦੀ ਨਾਕਾਬੰਦੀ ਕਰ ਰਹੇ ਹੋ ਜਿਹੜੇ ਲਖਪਤੀ ਹਨ ਈਮਾਨਦਾਰ ਹਨ। ਹੁਣੇ ਹੀ ਤੁਸੀਂ ਟ੍ਰਾਂਸਪੋਰਟ ਵਾਲਿਆਂ ਦੀ ਤਾਰੀਫ ਕਰਕੇ ਹਟੇ ਹੋ। ਉਨ੍ਹਾਂ ਦੀ ਹੀ ਤੁਸੀਂ ਨਾਕਾਬੰਦੀ ਕਰੋਗੇ, ਇਹ ਕਹਿਕੇ ਕਿ ਇਹ

(ਬਾਬੂ ਬਚਨ ਸਿੰਘ)

ਚੋਰੀ ਕਰਦੇ ਹਨ । ਜਿਤਨੀ ਕੰਟਰਾਡਿਕਟਰੀ ਗੱਲਾਂ ਕਰਦੇ ਹੋ । 12 ਦਫਾ ਇਸ ਬਿਲ ਦੀ ਦਫਾ ਨਹੀਂ ਰਹਿਣੀ ਚਾਹੀਦੀ ।

ਸਰਕਾਰ ਨੂੰ ਇਕ ਗੱਲ ਕਰਨੀ ਚਾਹੀਦੀ ਸੀ, ਔਰ ਉਹ ਇਹ ਕਿ ਬਿਉਪਾਰੀਆਂ ਨਾਲ ਇਕ ਰਾਉਂਡ ਟੇਬਲ ਕਾਨਫਰੰਸ ਕਰਦੇ, ਵਿਊਜ਼ ਲੈਂਦੇ ਫਿਰ ਹਾਊਸ ਵਿਚ ਪੇਸ਼ ਕਰਦੇ, ਉਸ ਵੇਲੇ ਹਾਊਸ ਸਰਕਾਰ ਦੇ ਜਾਂ ਬਿਉਪਾਰੀਆਂ ਦੇ ਵਿਊਜ਼ ਨੂੰ ਐਪ੍ਰਿਸ਼ਿਏਟ ਕਰ ਸਕਦਾ ਜਾਂ ਖਾਮੀਆਂ ਦਸ ਸਕਦਾ ਮਗਰ ਇਹ ਨਹੀਂ ਕੀਤਾ ਕੀਤਾ । ਕੀ ? ਇਕਰਾਰਾਂ ਦਾ ਤੇ ਇਨਕਾਰਾਂ ਦਾ ਸਿਲਸਿਲਾ ਤੁਸੀਂ ਚਾਲੂ ਕੀਤਾ । ਔਰ ਉਸ ਲਈ ਤੁਸੀਂ ਦਫਾ 12 ਦੇ ਰਾਹੀਂ ਸਿਕੰਜੇ ਪਰ ਸ਼ਿਕੰਜਾ ਕਸਿਆ ਹੈ । ਔਰ ਬਿਪਾਰੀਆਂ ਲਈ ਤੁਸੀਂ ਕੋਈ ਵੀ ਈਮਾਨਦਾਰੀ ਵਰਤਣ ਲਈ ਜਗਹ ਨਹੀਂ ਛੱਡੀ।

ਸਰਦਾਰ ਦਰਬਾਰਾ ਸਿੰਘ ਨੇ ਠੀਕ ਕਿਹਾ ਹੈ ਕਿ ਇਸ ਬਿਲ ਨੂੰ ਵਾਪਸ ਲੈ ਲਉ ਫੇਰ ਕਦੀ ਲਿਆਵਾਂਗੇ । ਇਹੋ ਹੀ ਗੱਲ ਮੈਂ ਸਰਦਾਰ ਕਪੂਰ ਸਿੰਘ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਬਿਲ ਨੂੰ ਵਾਪਸ ਲੈ ਲਓ, ਔਰ ਇਕ ਰਾਉਂਡ ਟੇਬਲ ਕਾਨਫਰੰਸ ਬਿਉਪਾਰੀਆਂ ਨਾਲ ਕਰੋ, ਫੇਰ ਇਸ ਦੀ ਬਜਾਏ ਚੰਗਾ ਬਿਲ ਲਿਆਉ, ਤਾਂਕਿ ਸਾਰੇ ਪਾਸੇ ਵਾਹਵਾ ਹੋਵੇ, ਵਰਨਾ ਇਸ ਨਾਲ ਚੋਰੀ ਵਧੇਗੀ, ਕੁਰਪਸ਼ਨ ਵਧੇਗੀ ਪੁਲਿਸ ਤੇ ਐਕਸਾਈਜ਼ ਦਾ ਮਹਿਕਮਾ ਇਸ ਵਿਚ ਮਦਦ ਕਰੇਗਾ ਅਖੀਰ ਵਿਚ ਮੈਂ ਫੇਰ ਇਲਤਜਾ ਕਰਦਾ ਹੈ ਕਿ ਇਸਨੂੰ ਵਾਪਸ ਲੈ ਲਓ ।

ਸ੍ਰੀ ਦੀਨਾ ਨਾਥ ਅਗਰਵਾਲ (ਲੁਧਿਆਣਾ ਸ਼ਹਿਰ) : ਡਿਪਟੀ ਸਪੀਕਰ ਸਾਹਿਬਾ. ਕਿਸੇ ਕੰਟਰੀ ਨੇ ਕੋਈ ਵੀ ਗੌਰਮੈਂਟ ਚਲਾਉਣੀ ਹੈ ਤਾਂ ਉਸ ਨੂੰ ਟੈਕਸ ਲਾਉਣ ਦੀ ਜ਼ਰੂਰਤ ਹੁੰਦੀ ਹੈ । ਜਿਸ ਵੇਲੇ ਟੈਕਸ ਲਾਇਆ ਜਾਂਦਾ ਹੈ ਉਸ ਵੇਲੇ ਕਾਨੂੰਨ ਬਣਦਾ ਹੈ । ਕਾਨੂੰਨ ਵਿਚ ਜੋ ਲੂਪਹੋਲ ਲਭਦੇ ਹਨ ਉਨਾਂ ਨੂੰ ਪਲੱਗ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਕਈ ਦਫਾ ਅਸੀਂ ਦੇਖਿਆ ਹੈ ਕਿ ਇਕ ਲੂਪਹੋਲ ਨੂੰ ਪਲੱਗ ਕਰਨ ਵਾਸਤੇ ਐਨਾ ਨੁਕਸਾਨ ਹੋ ਜਾਂਦਾ ਹੈ ਕਿ ਉਸ ਨੂੰ ਫੇਰ ਪਲੱਗ ਕਰਨਾ ਮੁਸ਼ਕਲ ਹੋ ਜਾਂਦਾ ਹੈ । ਇਹ ਗੱਲ ਕੋਈ ਲੁਕੀ ਛਿਪੀ ਨਹੀਂ ਕਿ ਜਿਥੇ ਟੈਕਸ ਦੀ ਈਵੇਜ਼ਨ ਹੁੰਦੀ ਹੈ ਉਹ ਮਹਿਕਮੇ ਦੇ ਕਰਮਚਾਰੀਆਂ ਅਗੇ ਵਪਾਰੀਆਂ ਦੀ ਕਨਾਈਵੈਂਸ ਨਾਲ ਹੁੰਦੀ ਹੈ । ਇਕਲਾ ਵਪਾਰੀ ਈਵੇਜ਼ਨ ਨਹੀਂ ਕਰ ਸਕਦਾ ਜਿੰਨਾ ਚਿਰ ਤਕ ਮਹਿਕਮੇ ਦਾ ਕਰਮਚਾਰੀ ਉਸ ਨਾਲ ਨਾ ਰਲਿਆ ਹੋਵੇ । ਅਸੀਂ ਉਸ ਈਵੇਜ਼ਨ ਨੂੰ ਰੋਕਣ ਲਈ ਕਾਨੂੰਨ ਬਣਾਉਂਦੇ ਹਾਂ ਤਾਂ ਜਿਥੇ ਇਕਲੇ ਵਪਾਰੀ ਤੇ ਸਖਤੀ ਕਰਦੇ ਹਾਂ ਉਥੇ ਕਰਮਚਾਰੀ ਨੂੰ ਛਡ ਦਿੰਦੇ ਹਾਂ । ਜੇ ਇਸ ਈਵੇਜ਼ਨ ਨੂੰ ਰੋਕਣਾ ਹੈ ਤਾਂ ਜੇ 100 ਛਾਪੇ ਵਪਾਰੀ ਤੇ ਮਾਰੇ ਜਾਣ ਤਾਂ 10 ਛਾਪੇ ਕਰਮਚਾਰੀ ਤੇ ਵੀ ਮਾਰੇ ਜਾਣ । ਕਰਮਚਾਰੀ ਦਾ ਹਿਸਾਬ ਕਿਤਾਬ ਵੀ ਦੇਖਣਾ ਚਾਹੀਦਾ ਹੈ ਅਤੇ ਉਸ ਤੋਂ ਪੁਛਿਆ ਜਾਵੇ ਤਾਂ ਜੋ ਪਤਾ ਲਗ ਜਾਵੇ ਕਿ ਉਹ ਕਿੰਨੀ ਕੁ ਈਮਾਨਦਾਰੀ ਨਾਲ ਕੰਮ ਕਰ ਰਿਹਾ ਹੈ । ਠੀਕ ਹੈ ਕਿ ਟੈਕਸ ਦੀ ਈਵੇਜ਼ਨ ਹੁੰਦੀ ਹੈ । ਮਾਲ ਨੂੰ ਸੀਜ਼ ਜਾਂ ਕਨਫਿਸਕੇਟ ਕਰਨ ਦੀ ਤਾਕਤ ਦਿਤੀ ਜਾ ਰਹੀ ਹੈ । ਅਗਰ ਸਰਕਾਰ 1,000 ਰੁਪਏ ਦਾ ਮਾਲ ਕਨਫਿਸਕੇਟ ਕਰ ਲੈਂਦੀ ਹੈ ਤਾਂ ਅਗਰ ਡੀਪਾਰਟਮੈਂਟ ਰੀਅਲਾਈਜ਼ ਕਰਨ ਦੀ ਕੋਸ਼ਿਸ਼ ਕਰੇ ਤਾਂ 500 ਰੁਪਿਆ ਹੀ ਮਿਲੇਗਾ ਕਿਉਂਕਿ ਉਸ ਮਾਲ ਨੂੰ ਪਰਾਪਰਲੀ ਸਟੋਰ ਕਰਨਾ ਅਤੇ ਪਰਾਪਰਲੀ ਸੇਲ ਕਰਨਾ ਇਹ ਸਾਰੀਆਂ ਚੀਜ਼ਾਂ ਗੌਰਮੈਂਟ ਦੇ ਆਪਣੇ ਹਥ ਵਿਚ ਨਹੀਂ । ਜਿੰਨੀਆਂ ਵਾਈਡ ਪਾਵਰਜ਼ ਦਿੰਦੇ ਚਲੇ ਜਾਓਗੇ ਓਨੀ

ਕੁਰਪਸ਼ਨ ਵਧਦੀ ਚਲੀ ਜਾਵੇਗੀ । ਮੈਂ ਸਮਝਦਾ ਹਾਂ ਕਿ ਛਾਪੇ ਮਾਰਨੇ ਇਹ ਗਲ ਇਟਸੈਲਫ ਸਪੀਕ ਕਰਦੀ ਹੈ ਕਿ ਡੀਪਾਰਟਮੈਂਟ ਇਨਐਫੀਸ਼ੈਂਟ ਹੈ । ਇੰਟੈਲੀਜੈਂਸ ਰਾਹੀਂ ਪਤਾ ਰਖਿਆ ਜਾ ਸਕਦਾ ਹੈ, ਐਸੇ ਮੈਈਰਜ਼ ਅਡਾਪਟ ਕੀਤੇ ਜਾ ਸਕਦੇ ਹਨ । ਜਿੰਨੇ ਇਨਸਪੈਕਟਰ ਵਧਾਈ ਜਾਓਗੇ. ਜਿੰਨੀਆਂ ਅਪੈਂਤਮੈਂਟਸ ਵਧਾਈ ਜਾਓਗੇ, ਜਿੰਨੀਆਂ ਪਾਵਰਜ਼ ਜ਼ਿਆਦਾ ਹੋਣਗੀਆਂ ਇਸ ਨਾਲ ਕੋਈ ਈਵਜ਼ਨ ਨਹੀਂ ਰੁਕੇਗੀ । ਕੁਛ ਰੈਵਿਨਿਊ ਕਰਮਚਾਰੀਆਂ ਦੀ ਪਾਕਿਟ ਵਿਚ ਚਲਾ ਜਾਏਗਾ । ਕੁਛ ਲੋਕ ਇਸ ਗਲ ਤੋਂ ਮਜਬੂਰ ਹੋ ਜਾਣਗੇ ਕਿ ਏਥੋਂ ਬਿਜ਼ਨਸ ਬਾਹਰ ਸ਼ਿਫਟ ਕੀਤਾ ਜਾਏ । ਪੰਜਾਬ ਦੀ ਹਾਲਤ ਲੁਕੀ ਛੁਪੀ ਨਹੀਂ । ਇਸ ਐਮਰਜੈਂਸੀ ਅਤੇ ਵਾਰ ਨੇ ਪਜਾਬ ਦੀ ਜੋ ਹਾਲਤ ਕੀਤੀ ਹੈ ਉਹ ਸਭ ਨੂੰ ਪਤਾ ਹੈ । ਜੋ ਬਿਜ਼ਨੈਸ ਅਤੇ ਇੰਡਸਟਰੀ ਨੂੰ ਏਥੇ ਧੱਕਾ ਲਗਾ ਹੈ ਉਹ ਸਭ ਨੂੰ ਪਤਾ ਹੈ । ਲੋਕਾਂ ਦੀ ਇਹ ਟੈਂਡੈਂਸੀ ਹੋ ਗਈ ਹੈ ਕਿ ਇਹ ਜ਼ੋਨ, ਖਾਸ ਕਰ ਬਾਰਡਰ ਜ਼ੋਨ ਸੇਫ ਨਹੀਂ ਰਿਹਾ । ਅਗਰ ਅਸੀਂ ਉਸ ਤੇ ਥੋੜਾ ਜਿਹਾ ਹੋਰ ਪਰੈਸ਼ਰ ਪਾਉਣ ਦੀ ਕੋਸ਼ਿਸ਼ ਕਰਾਂਗੇ ਅਤੇ ਇਹ ਜਿਤਾਉਣ ਦੀ ਕੋਸ਼ਿਸ਼ ਕਰਾਂਗੇ ਕਿ ਵਪਾਰੀ ਜ਼ਿਆਦਾ ਚੋਰ ਹੈ ਜਿੰਨਾ ਕਿ ਸਮਝਿਆ ਜਾਂਦਾ ਹੈ ਉਹ ਨਹੀਂ ਉਹ ਵੀ ਫਲੋ ਲਏਗਾ ਜਿਹੜੇ ਲੋਕ ਇਹ ਸੋਚਦੇ ਹਨ ਕਿ ਥੋੜ੍ਹਾ ਬਹੁਤ ਬਿਜ਼ਨੈਸ ਸ਼ਿਫਟ ਕਰੀਏ ਉਨ੍ਹਾਂ ਨਾਲ ਹੀ ਉਹ ਹੋਰ ਸ਼ਿਫਟ ਕਰੇਗਾ । ਕਈ ਦਫਾ ਐਸਾ ਹੋ ਜਾਂਦਾ ਹੈ ਕਿ ਅਸੀਂ ਐਨੀ ਸਖਤੀ ਕਰਦੇ ਹਾਂ ਰੈਵਿਨਿਊ ਵਧਾਉਣ ਦੀ ਖਾਤਰ ਕਿ ਰੈਵਿਨਿਊ ਘਟ ਜਾਂਦਾ ਹੈ । ਹਮੇਸ਼ਾ ਬਿਜ਼ਨੈਸ ਨੂੰ ਖੁਲ੍ਹੀ ਬਾਗ ਡੋਰ ਦੇਣੀ ਚਾਹੀਦੀ ਹੈ । ਇਸ ਨਾਲ ਇਕ ਇਕ ਇੰਚ ਤੇ ਸਖਤੀ ਕਰਨਾ ਬਿਜ਼ਨੈਸ ਨੂੰ ਘਟਾਉਂਦਾ ਹੈ । ਇਸ ਤਰ੍ਹਾਂ ਬਿਜ਼ਨੈਸ ਘਟ ਜਾਏਗਾ, ਪੰਜਾਬ ਦਾ ਰੈਵਿਨਿਊ ਘਟ ਜਾਏਗਾ ਬਜਾਏ ਇਸ ਦੇ ਫਾਇਦੇ ਹੋਵੇ ਉਲਟਾ ਨੁਕਸਾਨ ਹੋਏਗਾ । ਮਾਲ ਨੂੰ ਸੀਜ ਜਾਂ ਕਨਫਿਸਕੇਟ ਕਰਨਾ ਇਹੋ ਜਿਹੀ ਗਲ ਸੋਚੀ ਨਹੀਂ ਜਾ ਸਕਦੀ ਸੀ । ਨਾ ਉਹ ਗੌਰਮੈਂਟ ਨੂੰ ਪਤਾ ਲਾ ਸਕਦੇ ਹਨ । ਕਈ ਦਫਾ ਕੋਰਟ ਵਿਚ ਫੈਸਲਾ ਹੋਣ ਵਿਚ ਦੇਰ ਲਗ ਜਾਂਦੀ ਹੈ । ਮਾਲ ਸੀਜ਼ ਜਾਂ ਫਰੀਜ਼ ਕਰ ਲਿਆ ਜਾਂਦਾ ਹੈ ਅਤੇ ਉਹ ਰੇਲਵੇ ਵਾਲਿਆਂ ਕੋਲ ਪਿਆ ਰਹਿੰਦਾ ਹੈ । ਮਾਲ ਖਰਾਬ ਹੋ ਜਾਂਦਾ ਹੈ । ਬੋਰੀਆਂ ਫਟ ਜਾਂਦੀਆਂ ਹਨ, ਪੇਟੀਆਂ ਟੁਟ ਜਾਂਦੀਆਂ ਹਨ । ਅਸੀਂ ਕਣਕ ਸਟੋਰ ਕਰਦੇ ਹਾਂ । ਹਜ਼ਾਰਾਂ ਮਣ ਕਣਕ ਖਰਾਬ ਹੋ ਜਾਂਦੀ ਹੈ, ਬਾਹਰ ਭਿਜ ਜਾਂਦੀ ਹੈ । ਇਸ ਲਈ ਡੀਪਾਰਟਮੈਂਟ ਦੀ ਇੰਨਟੈਲੀਜੈਂਸ ਚੈਕ ਕਰੇ । ਮਾਲ ਸੀਜ਼ ਕਰਨ ਨਾਲ ਲਿਟੀਗੇਸ਼ਨ ਵਧ ਜਾਏਗੀ । ਜਦੋਂ ਡੇਢ ਜਾਂ ਦੋ ਮਹੀਨੇ ਬਾਅਦ ਫੈਸਲਾ ਹੋਏਗਾ ਉਸ ਵੇਲੇ ਵਪਾਰੀ ਆਪਣਾ ਮਾਲ ਕਲੇਮ ਕਰੇਗਾ ਅਤੇ ਇਹ ਕਲੇਮ ਕਰੇਗਾ ਕਿ ਮੇਰਾ ਮਾਲ ਤਾਂ ਡੈਮੇਜ ਹੋ ਗਿਆ ਹੈ, ਪਰਾਪਰ ਹੈਂਡਲਿੰਗ ਨਹੀਂ ਕੀਤੀ ਗਈ। ਇਸ ਮਾਲ ਦੀ ਪਰਾਪਰ ਹੈਂਡਲਿੰਗ ਨਹੀਂ ਹੋਈ ਅਤੇ ਉਸ ਦਾ ਕਪੜਾ ਡੈਮੇਜ ਹੋ ਗਿਆ ਹੈ ਜਾਂ ਦਵਾਈਆਂ ਖਰਾਬ ਹੋ ਗਈਆਂ ਹਨ, ਜਿਸ ਹਾਲਤ ਵਿਚ ਉਹ ਸੀ ਉਸ ਹਾਲਤ ਵਿਚ ਨਹੀਂ । ਇਸ ਕਿਸਮ ਦੀ ਲਿਟੀਗੇਸ਼ਨ ਵਧੇਗੀ ਕਿ ਮਾਲ ਨੂੰ ਸਿਉਂਕ ਲਗ ਗਈ ਹੈ ਇਹ ਡੈਮੇਜ਼ ਹੋ ਗਿਆ ਹੈ । ਇਸ ਨਾਲ ਲਿਟੀਗੇਸ਼ਨ ਵਧੇਗੀ, ਡੀਪਾਰਟਮੈਂਟ ਦਾ ਉਲਟਾ ਨੁਕਸਾਨ ਹੋਏਗਾ । ਕੁਛ ਚੀਜ਼ਾਂ ਤੇ ਫਸਟ ਸਟੇਜ ਤੇ ਐਕਸਾਈਜ਼ ਲਗਾਉਣ ਦਾ ਯਤਨ ਕੀਤਾ ਹੈ, ਇਹ ਅਛੀ ਗੱਲ ਹੈ । ਫਸਟ ਸਟੇਜ ਦਾ ਮਤਲਬ ਇਹ ਹੈ ਕਿ ਜਿਥੇ ਚੀਜ਼ ਮੈਨੂਫਕਚਰ ਹੋਵੇ, ਨਾ ਕਿ ਜਿਥੇ ਪਰਾਵਿੰਸ ਵਿਚ ਇੰਟਰ ਹੋਵੇ ਐਸੀ ਫਰਸਟ ਸਟੇਜ ਤੇ ਟੈਕਸ ਲਾਉਣ ਦਾ ਕੋਈ ਫਾਇਦਾ ਨਹੀਂ ਪਹੁੰਚੇਗਾ । ਜਿਥੇ ਚੀਜ਼ ਮੈਨੂਫੈਕਚਰ ਹੁੰਦੀ ਹੈ ਓਥੇ ਐਕਸਾਈਜ਼ ਲਗੇ ਹਾਲੇ ਤਕ ਫਰਸਟ ਸਟੇਜ ਤੇ ਜੋ ਐਕਸਾਈਜ਼ ਲਗਿਆ ਹੈ ਉਹ ਸੂਗਰ ਅਤੇ ਕਪੜੇ ਤੇ ਹੈ ਇਸ ਤਰ੍ਹਾਂ ਕਰਨ ਨਾਲ ਇਸ ਦੀ ਫਰੀ ਫਰੇਡ ਹੁੰਦੀ ਹੈ । ਲੋਕ ਨਹੀਂ ਚਾਹੁੰਦੇ ਕਿ ਕੋਈ

[ਸ੍ਰੀ ਦੀਨਾ ਨਾਥ ਅਗਰਵਾਲ]

ਚੋਰੀ ਕੀਤੀ ਜਾਵੇ । ਜਿਥੇ ਚੀਜ਼ ਮੈਨੂਫੈਕਚਰ ਹੁੰਦੀ ਹੈ ਓਥੇ ਸੇਲਜ਼ ਟੈਕਸ ਐਡ ਹੋ ਜਾਵੇ ਇਹ ਗਲ ਬੜੀ ਜ਼ਰੂਰੀ ਹੈ । ਸਾਰਾ ਪਰੋਸੈਸ ਘਟ ਜਾਂਦਾ ਹੈ ਇਹ ਐਲਿਮੀਨੇਟ ਹੋ ਜਾਂਦਾ ਹੈ । ਸੇਲਜ਼ ਟੈਕਸ ਦਾ ਇਹ ਤਰੀਕਾ ਨਿਹਮਤ ਹੈ ਜੇਕਰ ਫਸਟ ਸਟੇਜ ਤੇ ਜਿਥੇ ਚੀਜ਼ ਬਣਦੀ ਹੈ ਲਿਆ ਜਾਵੇ । ਇਸ ਨਾਲ ਫਰੀ ਟਰੇਡ ਚਲੇਗੀ। ਸਾਨੂੰ ਸੋਚਣਾ ਚਾਹੀਦਾ ਹੈ ਕਿ ਕੋਈ ਅਜਿਹਾ ਸਟੈਪ ਨਾ ਲਈਏ ਜਿਸ ਨਾਲ ਏਥੋਂ ਦੀ ਟਰੇਡ ਸ਼ਿਫਟ ਹੋ ਜਾਏ। ਜਿਹੜੀ ਚੀਜ਼ ਜਿਥੇ ਮੈਨੂਫੈਕਚਰ ਹਵੇ ਉਸ ਤੇ ਉਥੇ ਹੀ ਟੈਕਸ ਲਗ ਜਾਵੇ (ਵਿਘਨ) ਵਿਦਡਰਾ ਹੋ ਗਿਆ ਓਹ ਬਿਲਕੁਲ ਠੀਕ ਹੈ । ਅਸੀਂ ਐਸੀ ਚੀਜ਼ ਨਾ ਕਰੀਏ । ਜਿਸ ਤਰ੍ਹਾਂ ਪੇਪਰ ਤੇ ਟੈਕਸ ਹੈ ਅਤੇ ਜੇ ਉਸ ਦੀ ਕਾਪੀ ਬਣ ਜਾਵੇ ਤਾਂ ਉਸ ਤੇ ਨਹੀਂ ਲਗੇਗਾ । ਲੋਕਾਂ ਨੇ ਦਿਲੀ ਵਿਚ ਕਾਪੀਆਂ ਬਨਾਉਣੀਆਂ ਸ਼ੁਰੂ ਕਰ ਦਿਤੀਆਂ । ਪੇਪਰ ਦੀ ਟਰੇਡ ਏਥੋਂ ਸ਼ਿਫਟ ਹੋ ਗਈ। ਅਗਰ ਪੰਜਾਬ ਵਿਚ ਕਾਪੀ ਮੈਨੂਫੈਕਚਰ ਕਰੇਗਾ ਤਾਂ ਉਸ ਤੇ ਟੈਕਸ ਲਗੇਗਾ। ਅਸੀਂ ਐਸੀ ਚੀਜ਼ ਨਾ ਕਰੀਏ ਜਿਸ ਨਾਲ ਸਾਡਾ ਬਿਜ਼ਨੈਸ, ਦਿਲੀ ਯੂ. ਪੀ ਜਾਂ ਸਹਾਰਨਪੁਰ ਨੂੰ ਸ਼ਿਫਟ ਹੋ ਜਾਵੇ । ਮੈਂ ਤਾਂ ਆਪਣੇ ਫਿਨਾਂਸ ਮਨਿਸਟਰ ਸਾਹਿਬ ਕੋਲ ਬਨਤੀ ਕਰਾਂਗਾ ਕਿ ਇਸ ਸਖਤੀ ਨੂੰ ਘਟਾਇਆ ਜਾਵੇ । ਸਖਤੀ ਘਟਣ ਨਾਲ ਸੇਲਜ਼ ਟੈਕਸ ਵਿਚ ਕੋਈ ਫ਼ਰਕ ਨਹੀਂ ਪੈਂਦਾ । ਅਗਰ ਕਿਸੇ ਕਰਮਚਾਰੀ ਦੀ ਕਨਾਈਵੈਂਸ ਨਾਲ ਈਵੇਜ਼ਨ ਹੋ ਰਹੀ ਹੈ ਤਾਂ ਉਸ ਨੂੰ ਵੀ ਚੈਕ ਕਰਨ । ਇਸ ਦੇ ਇਲਾਵੇ ਛਾਪੇ ਮਾਰਨ ਦੀ ਗਲ ਬਿਲਕੁਲ ਬੰਦ ਹੋਣੀ ਚਾਹੀਦੀ ਹੈ। ਅਗਰ ਕਿਸੇ ਲੇਮੈਨ ਦੇ ਘਰ ਵੀ ਛਾਪਾ ਮਾਰ ਲਓ ਅਤੇ ਅਗਰ ਉਸ ਦੇ ਕੋਲ ਚਾਰ ਬਣੈਣਾਂ ਹਨ ਅਤੇ ਉਨ੍ਹਾਂ ਵਿਚੋਂ ਦੋ ਉਸ ਨੇ ਕਲ ਖਰੀਦੀਆਂ ਸਨ ਅਤੇ ਜੇ ਉਸ ਤੋਂ ਪੁਛਿਆ ਜਾਵੇ ਕਿ ਕਿਸ ਦੁਕਾਨ ਤੋਂ ਖਰੀਦੀਆਂ ਸਨ ਤਾਂ ਉਹ ਨਾਂ ਨਹੀਂ ਦਸ ਸਕੇਗਾ । ਜਿਹੜਾ ਛਾਪਾ ਮਾਰਨਾ ਹੈ ਇਸ ਨਾਲ ਹੈਰਸਮੈਂਟ ਹੁੰਦੀ ਹੈ । ਜਿਸ ਤੇ ਛਾਪਾ ਮਾਰਿਆ ਜਾਏ ਉਹ ਇਕਦਮ ਹੈਰਿਸਡ ਫੀਲ ਕਰਦਾ ਹੈ । ਛਾਪਾ ਮਾਰਨਾ ਇਟਸੈਲਫ ਗਰੇਟ ਹੈਰਸਿੰਗ ਹੈ । ਉਹ ਇਸ ਮੌਕੇ ਨੂੰ ਪਰਾਪਰਲੀ ਡੀਲ ਨਹੀਂ ਕਰ ਸਕਦਾ । ਫਿਰ ਉਸ ਦੀ ਸਹੀ ਗਲ ਗਲਤ ਸਮਝੀ ਜਾਂਦੀ ਹੈ । ਫੇਰ ਨਾਲ ਐਨੇ ਆਦਮੀਆਂ ਦੀ ਫੌਜ ਲੈ ਜਾਣਾ ਇਹ ਹੋਰ ਵੀ ਹੈਰਸਿੰਗ ਹੈ । ਵੈਸੇ ਇਸ ਵਿਚ ਲਿਖਿਆ ਕਿ ਡਿਸਟਰਿਕਟ ਐਕਸਾਈਜ਼ ਐਂਡ ਟੈਕਸੇਸ਼ਨ ਅਫਸਰ ਜਾਏਗਾ । ਪਰ ਉਸ ਦੇ ਨਾਲ ਇਨਸਪੈਕਟਰ ਵੀ ਜਾਂਦਾ ਹੈ ਅਤੇ ਹੋਰ ਕਰਮਚਾਰੀ ਵੀ ਜਾਂਦੇ ਹਨ, ਐਕਸਾਈਜ਼ ਇਨਸਪੈਕਟਰ ਵੀ ਜਾਏਗਾ ਸੋਚਣਾ ਇਹ ਚਾਹੀਦਾ ਹੈ ਕਿ ਕੁਝ ਨਾਜਾਇਜ਼ ਸਖਤੀਆਂ ਨਾਲ ਸਰਕਾਰ, ਮਹਿਕਮੇਂ ਡੀਪਾਰਟਮੈਂਟ ਦੀ ਬਦਨਾਮੀ ਹੁੰਦੀ ਹੈ । ਵਪਾਰੀ ਨੂੰ ਅਲਟੀਮੇਟਲੀ ਬਦਨਾਮੀ ਆਉਂਦੀ ਹੈ। ਸੋ ਮੈਂ ਦਰਖਾਸਤ ਕਰਾਂਗਾ ਕਿ ਇਸ ਕਾਨੂੰਨ ਨੂੰ ਜ਼ਿਆਦਾ ਸਖਤ ਕਰਨ ਦੀ ਬਜਾਏ ਇਸ ਨੂੰ ਜ਼ਿਆਦਾ ਇਸ ਕਿਸਮ ਦਾ ਬਣਾਓ ਕਿ ਜੋ ਕੁਝ ਹੋਵੇ ਉਸ ਤੇ ਪਰਾਪਰਲੀ ਅਮਲ ਹੋਵੇ । ਜ਼ਿਆਦਾ ਸਖਤੀ ਨਾਲ ਹਰ ਚੀਜ਼ ਖਰਾਬ ਹੋ ਜਾਂਦੀ ਹੈ । ਮੇਰੀ ਇਹ ਦਰਖਾਸਤ ਹੈ । ਡਿਪਟੀ ਸਪੀਕਰ ਸਾਹਿਬਾ, ਮੈਂ ਆਪ ਦਾ ਬਹੁਤ ਮਸ਼ਕੂਰ ਹਾਂ ਕਿ ਆਪ ਨੇ ਮੈਨੂੰ ਬੋਲਣ ਦਾ ਵਕਤ ਦਿਤਾ ।

ਸ੍ਰੀ ਚਾਂਦੀ ਰਾਮ ਵਰਮਾ (ਅਬੋਹਰ) : ਡਿਪਟੀ ਸਪੀਕਰ ਸਾਹਿਬਾ, ਕਲਾਜ਼ ਨੰ: 12 ਵਿਚ ਮੇਰੀਆਂ ਛੋਟੀਆਂ ਛੋਟੀਆਂ ਦੋ–ਤਿੰਨ ਅਮੈਂਡਮੈਂਟਸ ਹਨ । ਕਲ ਪ੍ਰਿੰਸੀਪਲ ਰਲਾ ਰਾਮ ਜੀ ਨੇ ਇਸ ਚੀਜ਼ ਨੂੰ ਖਾਸਾ ਐਕਸਪਲੇਨ ਕਰ ਦਿਤਾ ਹੈ । ਮੈਂ ਨਹੀਂ ਸਮਝਦਾ ਕਿ ਇਨ੍ਹਾਂ ਅਮੈਂਡਮੈਂਟਸ ਤੋਂ ਬਾਅਦ ਕੋਈ ਸਖਤੀ ਰਹਿ ਜਾਏਗੀ, ਅਗਰ ਇਨ੍ਹਾਂ ਅਮੈਂਡਮੈਂਟਸ ਨੂੰ ਮੰਨ

ਲਿਆ ਜਾਏ ਤਾਂ ਇਸ ਕਲਾਜ਼ ਵਿਚ ਜਿੰਨੀ ਵੀ ਕੋਈ ਸਖਤੀ ਵਾਲੀ ਗਲ ਸੀ ਉਹ ਖਤਮ ਹੋ ਜਾਏਗੀ । ਮੇਰੀਆਂ ਅਮੈਂਡਮੈਂਟਸ ਇਹ ਹਨ—

"In the proposed section 14—B(6), lines 3, *delete* "and confiscate".

In the proposed section 14—B(8), line 5 delete "and confiscate.

Delete the first proviso to the proposed section 14—B(8), and

In the second proviso to the proposed section 14—B(8), lines 2 and 4, *Delete* "or confiscation.'

इन चीज़ों को डीलीट कर दिया जाए तो इस क्लाज में जो भी सख्ती है वह खत्म हो जाती है । मेरा खयाल है इसे मानने का इशारा भी कुछ हुआ है ।

ਵਿੱਤ ਮੰਤਰੀ : ਮੈਂ ਇਨ੍ਹਾਂ ਮਗਰਲੀਆਂ ਦੋ ਅਮੈਂਡਮੈਂਟਸ ਨੂੰ ਅਕਸੈਪਟ ਕਰਦਾ ਹਾਂ ।

चौधरी इन्द्र सिंह मलिक (सफीदों) डिप्टी सपीकर साहिबा, मैं यह कहना चाहता हूं कि आज ही गवर्नमैंट का स्टेटमैंट आया है कि इन दिनों गवर्नमेंट को दो करोड़ रुपए का सेलज़ टैक्स की इवेज़न का नुकसान हुआ है ।यह नुकसान उन दिनों हुआ है जब कि सख्ती कम है लेकिन अब आप और सख्ती करने लगे हो और व्यापारी सोने के अंडे देने वाली मुरग़ी है उन्हें खत्म करने लग पड़े हो । अज जो आप सख्ती करने जा रहे हो इन से कहीं ज़्यादा नुकसान होगा अभी तो सिर्फ दो करोड़ का ही नुकसान हुआ है । इन लिए इन सख्ती के पैराज को डीलीट कर देना चाहिए बल्कि मैं तो कहूंगा कि इस बिल को ही वापस ले लेना चाहिए ।

इस सब क्लाज़ 2 में कहते हैं कि हर व्यापारी जो किसी वैसल या वैहीकल का इन्चार्ज है और जो उनका डराइवर है वह माल की तीन तीन लिस्टें तैयार करे गा और हर चैक पोस्ट पर उसे जो उस चैक पोस्ट का कांस्टेबल या हैड कांस्टेबल होगा उसे लिस्ट दे कर माल चैक कराना होगा और इसके साथ ही महकमा का नाट बीलो दी रैंक आफ एक्साइज़ ऐंड टैकसेशन अफसर होगा । उसे भी अखितयार होगा कि माल देखे । कितनी हैरानी की बात है कि अफसर माल चैक करे तो करे लेकिन कांस्टेबल और हैड लांस्टेबल जो आम तौर पर इन पोस्टों के इन्चार्ज होते हैं उनको भी अख्तियार है कि वह ट्रक रोक कर माल चैक कर सकता है और जितना अरसा चाहे वैहीकल रोक सकता है । अगर लिस्ट में कोई गलती निकल आती है तो जितना अरसा चाहे माल को रोकं रख सकता है । अब यह इतनी भारी पावर इन कांस्टेबल और हैड कांस्टे-बल साहिबान को दे दी है कि आप देख लेना चैक पोस्टों पर लाइनों की लाइनें ट्रकों की लग जाएंगी और खूब रिश्वत का बाज़ार गर्म होगा । जो पैसे दे देगा उन को ट्रक तो बगैर चैक हुए भी निकल जाएगा और उसकी

[चौधरी इन्द्र सिंह मलिक]

गलती भी सही हो जाएगी लेकिन जो रिश्वत नहीं देगा उसका ट्रक वहां खड़ा रहेगा । इस सब कलाज़ 4 में लिखा है—

"(4) At every check-post or barrier or at any other place when so required by any other officer referred to in sub-section (2) in this behalf, the driver or any other person incharge of the goods vehicle or vessel shall stop the vehicle or vessel, as the case may be, and keep it stationary as long as may reasonably be necessary.."
....

इसका मतलब क्या है ? यही कि जो पैसे नहीं देगा उसे तंग किया जाएगा और उनके वैहीकल्ज़ को रोके रखा जाएगा । अफसर भी रिश्वत लें गे दूसरे कांसटेबल और हैड-कांस्टेबल भी हाथ रंगेगा और व्यापारी भी अपनी जान छुड़ाने के लिए रिश्वत देने पर मजबूर. होंगे । वहां पहले आते ही उनको जज़िया दे देगा । और ट्रक आगे लें जाएगा । इस लिए अगर आप चाहते हैं कि रिश्वत न चले तो आप इस चीज को वैसे ही रहने दें जैसे पहले था । आगे सब कलाज़ 5 आती है उसमें लिखते हैं—

"(5) At every station of transport of goods, bus-stand or any other station or place of loading or unloading of goods........"

इस का मतलब यह है कि यही नहीं कि चैक-पोस्ट पर रोकेंगे बल्कि जहां जिस जगह चाहें बस-स्टैंड पर लोडिंग अन लेडिंग स्टेशन पर सिपाही वैहीकल रोक लेगा । इस से तो और भी ज़्यादा रिश्वत चलेगी । इस सें तो व्यापारी बहुत हैरान होंगे और वह इतनें तंग होंगे कि या तो व्यापार छोड़ देंगे या फिर पंजाब छोड़ कर भागने पर मजबूर होंगे । फिर आगे नम्बर 6 आती है । यह तो इन्हों ने मान लिया कि कन्फिसकेशन का लफज़ डीलीट कर देंगे लेकिन आप देखें इन में क्या लिखा है—

"(6) Any officer not below the rank of an Assistant Excise and Tanation Officer while acting under this section shall have the power to seize........"

अब सीज़ करने की बात तो लिख दी लेकिन आगे यह कुछ नहीं बताया कि सीज़ करने के बाद वह माल कहां जाएगा, उस माल को कहां किस गोदाम में रखेंगा, उसकी रसीद देगा या नहीं और या क्या वह उस माल को खुद हजम कर लेगा । सीज़ की कोई आगे ऐकस्पलानेशन नहीं दी कि सीज़ करने के बाद माल का क्या बनेगा । फर्ज करो 50 हज़ार रुपए का माल सीज़ हो जाता है तो वह माल कहां रखा जाएगा, उसकी रसीद कौन

देगा या नहीं देगा और क्या वह खुद हज़म करेगा । यह जो सीज़ का लफ्ज़ है यह उड़ा देना चाहिए । फिर नम्बर 8 में लिखा है—

> "(8) Where the declaration made under sub-section (3) is false in respect of any particulars furnished therein, the officer-in-charge of the check-post or barrier or any other officer not below the rank of an Assistant Excise and Taxation Officer shall have the powers to seize "..........."

इन में भी सीज़ की बात लिख दी कि अगर लिस्ट में कोई माल इन्कलूड नहीं हो सका और चैकिंग के वक्त निकल आया या और कोई गलती निकल आई तो माल को सीज़ कर लिया जाएगा अब सीज़ करने के बाद कोई ऐक्स्पलानेशन नहीं कि सीज़ करने के बाद माल का क्या बनेगा और वह कहां जाएगा, उसकी रसीद दी जाएगी या नहीं या उस माल को खुद बेच लेगा । मैं कहता हूं कि व्यापारियों के साथ जितनी सख्ती करोगे उतनी ही ज्यादा बेइमानी होगी उतने ही ज्यादा अफ़सर बेईमान और कुरप्ट होंगे क्यों कि जहां चोरी है वहां मोरी है और जहां मोरी है वहां चोरी है । अगर ढ़ील करोगे तो थोड़ा मुनाफ़ा लेंगे नहीं तो जो रिश्वत का पैसा देंगे वह गाहकों के सिर से निकालेंगे और लूट मचेगी । फिर अगर व्यापारियों को सहूलित देंगे तो चंदे वगैरा लेने में भी आपको सहूलित रहेगी (घंटी) एक बात मैं आखिर में यह करना चाहता हूं कि आप देखलें कि यह जो जनसंघी भाई व्यपारियों का दम भरते हैं और उनका गम में रोते हैं आज कोई सीट पर नहीं बैठा है जमींदार भाई ही बैठे हैं । जो व्यपारितों के लिए भी लड़ते हैं और ज़मीदारों के लिए भी लड़ते हैं । तो मैं यही कहना चाहता हूं कि यह बिल ठीक नहीं इसे वापस ले लें तो अच्छा होगा ।

ਸਰਦਾਰ ਦਿਲਬਾਗ ਸਿੰਘ (ਬੰਗਾ): ਡਿਪਟੀ ਸਪੀਕਰ ਸਾਹਿਬਾ, ਗੌਰਮਿੰਟ ਕਲਾਜ਼ 12 ਦੇ

12.00 noon

ਅੰਦਰ ਵਾਸਟ ਪਾਵਰਜ਼ ਹਾਸਲ ਕਰਨਾ ਚਾਹੁੰਦੀ ਹੈ ਜਿਸ ਤੋਂ ਟੈਕਸ ਦੀ ਚੋਰੀ ਰੋਕੀ ਜਾ ਸਕੇ । ਸਰਕਾਰ ਖੁਦ ਮਹਿਸੂਸ ਕਰਦੀ ਹੈ ਕਿ ਟੈਕਸਾਂ ਦੀ ਚੋਰੀ ਹੁੰਦੀ ਹੈ ਅਤੇ ਕੁਰੱਪਸ਼ਨ ਵੀ ਬਹੁਤ ਵਧ ਗਈ ਹੈ । ਸਰਕਾਰ ਇਸ ਚੋਰੀ ਨੂੰ ਰੋਕਣ ਲਈ ਕਈ ਸਾਲਾਂ ਤੋਂ ਤਜਰਬੇ ਕਰ ਰਹੀ ਹੈ ਲੇਕਿਨ ਇਸ ਵਿਚ ਸਰਕਾਰ ਨੂੰ ਕਾਮਯਾਬੀ ਹਾਸਲ ਨਹੀਂ ਹੋ ਸਕੀ । ਪਹਿਲਾਂ ਟਰਾਂਸਪੋਰਟ ਕੰਪਨੀਆਂ ਨੂੰ ਹੁਕਮ ਸੀ ਕਿ ਜਦੋਂ ਟਰੱਕਸ ਸਾਮਾਨ ਲੈ ਕੇ ਬੈਰੀਅਰ ਦੇ ਪਾਸ ਆਉਂਦੇ ਸਨ, ਉਹ ਚਾਲਾਨ ਦੀ ਇਕ ਕਾਪੀ ਉਥੇ ਦੇ ਅਧਿਕਾਰੀ ਨੂੰ ਦੇ ਦਿੰਦੇ ਸਨ, ਇਹ ਅਧਿਕਾਰੀ ਸਾਰੇ ਕਾਗਜ਼ਾਂ ਨੂੰ ਇਕੱਠਾ ਕਰਕੇ ਡਿਸਟਰਿਕਟ ਐਕਸਾਈਜ਼ ਐਂਡ ਟੈਕਸੇਸ਼ਨ ਅਫ਼ੀਸਰ ਦੇ ਦਫਤਰ ਨੂੰ ਪਲੰਦਾ ਬਣਾ ਕੇ ਭੇਜ ਦਿੰਦੇ ਸਨ । ਉਥੇ ਇਨ੍ਹਾਂ ਕਾਗਜ਼ਾਂ ਦੀ ਪੜਤਾਲ ਹੁੰਦੀ ਸੀ । ਇਹ ਤਜਰਬਾ ਕਈ ਸਾਲਾਂ ਤਕ ਚਲਦਾ ਰਿਹਾ ਲੇਕਿਨ ਬਾਅਦ ਵਿਚ ਪਤਾ ਲਗਾ ਕਿ ਡਿਸਟਰਿਕਟ ਹੈਡ ਕੁਆਟਰਜ ਦੇ ਅਧਿਕਾਰੀ ਕੋਈ ਚੈਕਿੰਗ ਨਹੀਂ ਕਰਦੇ । ਇਹ ਬੰਡਲਾਂ ਦੇ ਬੰਡਲ ਬੋਰੀਆਂ ਵਿਚ ਪਏ ਰਹੇ ਅਤੇ ਇਹ ਕਾਗਜ਼ ਬਿਨਾਂ ਵੇਖੇ ਹੀ ਪਏ ਰਹੇ । ਗੌਰਮਿੰਟ ਨੇ ਸੋਚਿਆ ਕਿ ਇਸ ਸਿਸਟਮ ਦੇ ਨਾਲ ਕੋਈ ਲਾਭ ਨਹੀਂ ਹੋਇਆ । ਇਸ ਮਸਲੇ ਨੂੰ ਕੈਬਨਿਟ ਵਿਚ ਟੇਕ ਅਪ ਕੀਤਾ ਗਿਆ, ਪਿਛਲੀ ਸਰਕਾਰ ਨੇ ਇਸ ਸਿਸਟਮ ਨੂੰ ਬੰਦ ਕਰ ਦਿਤਾ । ਇਕ ਅਫਸਰ ਨੇ ਸਾਬਕਾ ਸਰਦਾਰ ਪ੍ਰਤਾਪ ਸਿੰਘ ਕੈਰੋਂ

[ਸਰਦਾਰ ਦਿਲਬਾਗ ਸਿੰਘ]

ਨੂੰ ਆਪਣੀ ਕਾਰੀਗਰੀ ਦੱਸਣ ਲਈ ਕੰਮ ਕੀਤਾ । ਉਸ ਨੇ ਪਿਛਲੇ ਚੀਫ ਮਨਿਸਟਰ ਨੂੰ ਕਿਹਾ ਕਿ ਮੈਂ ਸਰਕਾਰ ਨੂੰ ਟੈਕਸ ਦੀ ਕੁਲੈਕਸ਼ਨ ਵਿਚ ਵਾਧਾ ਕਰਾ ਦੇਵਾਂਗਾ । ਜਦੋਂ ਕੁਦਰਤੀ ਮਹਿੰਗਾਈ ਵਧਦੀ ਹੈ ਤਦੋਂ ਸੇਲਜ਼ ਟੈਕਸ ਵੀ ਨਾਲ ਨਾਲ ਵਧਦਾ ਹੈ । ਇਸ ਵਿਚ ਅਫ਼ਸਰ ਕੋਈ ਕਾਰੀਗਰੀ ਨਹੀਂ ਕਰ ਸਕਦਾ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਖਤੀ ਦੇ ਨਾਲ ਟੈਕਸਾਂ ਦੀ ਚੋਰੀ ਅਤੇ ਕੁਰੱਪਸ਼ਨ ਵਧਦੀ ਗਈ । ਕੀ ਹੁਣ ਹੋਰ ਪਾਵਰਜ਼ ਹਾਸਲ ਕਰਨ ਦੇ ਬਾਅਦ ਟੈਕਸਾਂ ਦੀ ਚੋਰੀ ਜਾਂ ਕੁਰੱਪਸ਼ਨ ਘਟ ਜਾਵੇਗੀ । ਇਸ ਦੇ ਬਾਰੇ ਮੈਂ ਸਰਕਾਰ ਨੂੰ ਇਕ ਸੁਜੈਸ਼ਨ ਦਿਤੀ ਸੀ ਉਸ ਸੁਜੈਸ਼ਨ ਦੇ ਨਾਲ ਸਰਕਾਰ ਨੂੰ ਜ਼ਿਆਦਾ ਟੈਕਸ ਮਿਲ ਸਕਣਗੇ । ਇਹ ਠੀਕ ਹੈ ਕਿ ਦੁਕਾਨਦਾਰ ਟਰਾਂਸਪੋਰਟ ਕੰਪਨੀਆਂ ਕੋਲੋਂ ਬਲੈਕ ਬਿਲਟੀ ਤਿਆਰ ਕਰਾਂਦੇ ਹਨ ਤਾਂਕਿ ਜ਼ਿਆਦਾ ਲਾਭ ਉਠਾਇਆ ਜਾ ਸਕੇ । ਜਿਹੜੇ ਲੋਕ ਦਿਆਨਤਦਾਰ ਹਨ ਉਨ੍ਹਾਂ ਨੂੰ ਆਪਣੀ ਆਮਦਨੀ ਵਿਚ ਦੂਜਿਆਂ ਦੇ ਮੁਕਾਬਲੇ ਵਿਚ ਘਾਟਾ ਰਹਿ ਜਾਂਦਾ ਹੈ । ਲੇਕਿਨ ਵੇਖਿਆ ਗਿਆ ਹੈ ਕਿ ਦੋਨੋਂ ਹੀ ਤਬਕਿਆਂ ਨੂੰ ਤੰਗ ਹੋਣਾ ਪੈਂਦਾ ਹੈ । ਮੈਂ ਅਰਜ਼ ਕਰ ਰਿਹਾ ਸੀ ਕਿ ਟਰੱਕ ਯੂਨੀਅਨ ਨੇ ਸੁਜੈਸ਼ਨ ਦਿਤੀ ਸੀ ਕਿ ਹਰ ਡਿਸਟਰਿਕਟ ਵਿਚ ਜਿਥੇ ਮਹਿਸੂਲ ਵਸੂਲ ਕੀਤਾ ਜਾਂਦਾ ਹੈ ਉਥੇ ਐਕਸਾਈਜ਼ ਐਂਡ ਟੈਕਸੇਸ਼ਨ ਦੇ ਡਿਪਾਰਟਮੈਂਟ ਦਾ ਆਦਮੀ ਬਿਠਾ ਦਿਤਾ ਜਾਵੇ ਤਾਕਿ ਉਥੇ ਹੀ ਮਾਲ ਦੀ ਚੈਕਿੰਗ ਹੋ ਸਕੇ। ਸਾਡੀ ਦੂਜੀ ਸੁਜੈਸ਼ਨ ਇਹ ਸੀ ਕਿ ਜਦੋਂ ਕੋਈ ਬਿਉਪਾਰੀ ਆਪਣਾ ਮਾਲ ਛੁੜਾਉਣ ਲਈ ਟਰਾਂਸਪੋਰਟ ਕੰਪਨੀ ਜਾ ਰੇਲਵੇ ਡਿਪਾਰਟਮੈਂਟ ਦੇ ਪਾਸ ਜਾਂਦਾ ਹੈ ਤਾਂ ਉਸ ਨੂੰ ਮਾਲ ਛੁੜਾਉਣ ਦੇ ਪਹਿਲੇ ਟੈਕਸੇਸ਼ਨ ਡਿਪਾਰਟਮੈਂਟ ਕੋਲੋਂ ਬਿਲਟੀ ਰਲੀਜ਼ ਕਰਾਉਣ ਦੀ ਮੁਹਰ ਲਗਵਾਏ । ਇਹ ਸਿਸਟਮ ਕੁਝ ਦੇਰ ਤਕ ਲਾਗੂ ਰਿਹਾ। ਇਸ ਦੇ ਨਾਲ ਬਿਉਪਾਰੀਆਂ ਨੂੰ ਕੁਝ ਤਕਲੀਫਾਂ ਮਹਿਸੂਸ ਹੋਇਆ । ਉਨ੍ਹਾਂ ਨੇ ਆਪਣੀਆਂ ਤਕਲੀਫਾਂ ਸਰਕਾਰ ਦੇ ਸਾਹਮਣੇ ਪੇਸ਼ ਕੀਤੀਆਂ ਸਰਕਾਰ ਬਿਉਪਾਰੀਆਂ ਨੂੰ ਨਾਰਾਜ਼ ਨਹੀਂ ਕਰ ਸਕੀ ਬਲਕਿ ਟਰਾਂਸਪੋਰਟ ਵਾਲਿਆਂ ਨੂੰ ਨਾਰਾਜ਼ ਕਰ ਦਿਤਾ । ਟਰੱਕਸ ਬੈਕਰੀਅਰਜ਼ ਉਤੇ 2, ਜਾਂ 3 ਦਿਨ ਖੜੇ ਰਹਿੰਦੇ ਹਨ ਇਸ ਤਕਲੀਫ ਦੀ ਸਰਕਾਰ ਨੇ ਕੋਈ ਪਰਵਾਹ ਨਹੀਂ ਕੀਤੀ । ਮੈਂ ਸਰਕਾਰ ਕੋਲੋਂ ਪੁਛਣਾ ਚਾਹੁੰਦਾ ਹੈ ਕਿ ਇਸ ਕੰਮ ਵਾਸਤੇ ਵੱਖ ਵੱਖ ਡਿਪਾਰਟਮੈਂਟ ਦੀ ਕੀ ਲੋੜ ਹੈ । ਟਰੈਫਿਕ ਲਈ ਅਲਹਿਦਾ ਬੈਰੀਅਰ ਹੈ, ਫੂਡਗਰੇਨਜ਼ ਦੀ ਰੋਕ ਥਾਮ ਲਈ ਅਲਹਿਦਾ ਬੈਰੀਅਰ ਮੁਕੱਰਰ ਕੀਤਾ ਹੋਇਆ ਹੈ । ਸੇਲਜ਼ ਟੈਕਸ ਲਈ ਅਲਹਿਦਾ ਬੈਰੀਅਰ ਬਣਾਇਆ ਗਿਆ ਹੈ । ਗੁੜਗਾਵਾਂ ਦੇ ਪਾਸ ਸ਼ਿਕਾਰ ਡਿਪਾਰਟਮੈਂਟ ਨੇ ਆਪਣਾ ਬੈਰੀਅਰ ਖੋਲ੍ਹਿਆ ਹੋਇਆ ਹੈ । ਇਸ ਦੇ ਨਾਲ ਜਨਤਾ ਨੂੰ ਪਰੇਸ਼ਾਨੀ ਹੋ ਰਹੀ ਹੈ । ਅਗਰ ਇਸ ਦੇ ਬਾਰੇ ਐਡਜੁਆਨਿੰਗ ਸਟੇਟਸ ਆਪਣੇ ਆਪਣੇ ਬੈਰੀਅਰਜ਼ ਕਾਇਮ ਕਰਦੀ ਤਾਂ ਇਹ ਗੱਲ ਸਮਝ ਆ ਸਕਦੀ ਸੀ । ਮੈਂ ਸਮਝਦਾ ਹਾਂ ਕਿ ਸਟੇਟ ਵਿਚ 5 ਕਿਸਮ ਦੇ ਬੈਰੀਅਰਜ਼ ਕਾਇਮ ਕਰਨ ਦੇ ਨਾਲ ਜਨਤਾ ਅਤੇ ਸਰਕਾਰ ਨੂੰ ਕੋਈ ਫਾਇਦਾ ਨਹੀਂ ਹੋਵੇਗਾ । ਸਰਕਾਰ ਜਿੰਨੀ ਜ਼ਿਆਦਾ ਇਖਤਿਆਰ ਹਾਸਲ ਕਰੇਗੀ ਉਨੀ ਹੀ ਜ਼ਿਆਦਾ ਟੈਕਸਾਂ ਦੀ ਈਵੇਜ਼ਨ ਹੋਵੇਗੀ ਅਤੇ ਕੁਰੱਪਸ਼ਨ ਫੈਲੇਗੀ । ਇਸ ਬਾਰੇ ਸਰਕਾਰ ਨੂੰ ਜ਼ਿਆਦਾ ਪਾਵਰਜ਼ ਹਾਸਲ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਹੈ । (ਘੰਟੀ) ਡਿਪਟੀ ਸਪੀਕਰ ਸਾਹਿਬਾ, ਰੇਲਵੇ ਡਿਪਾਰਟਮੈਂਟ ਨੇ ਕਰਾਸਿੰਗ ਪਲੇਸਿਜ਼ ਉਤੇ ਪੁਲ ਤਿਆਰ ਕਰ ਦਿਤੇ ਹਨ ਤਾਕਿ ਟਰੈਫਿਕ ਨਾ ਰੁਕੇ ਲੇਕਿਨ ਇਸ ਦੇ ਮੁਕਾਬਲੇ ਵਿਚ ਸਾਡੀ ਸਰਕਾਰ ਕਈ ਕਿਸਮ ਦੇ ਬੈਰੀਅਰਜ਼ ਕਾਇਮ ਕਰਕੇ ਟਰੱਕਾਂ ਦੇ ਆਣ ਜਾਣ ਵਿਚ ਰੁਕਾਵਟਾਂ ਹੀ ਪਾਈਆਂ ਹਨ । ਇਸ ਦੇ ਨਾਲ ਟਰੱਕਾਂ ਵਾਲਿਆਂ ਦਾ ਹੀ ਕਾਫੀ ਨੁਕਸਾਨ ਹੁੰਦਾ ਹੈ । ਅਗਰ ਸਰਕਾਰ ਨੇ ਮਸੂਲ ਚੁੰਗੀਆਂ ਦੇ ਪਾਸ ਟੈਕਸੇਸ਼ਨ ਡਿਪਾਰਟਮੈਂਟ ਦੇ

ਅਧਿਕਾਰੀ ਨੂੰ ਨਹੀਂ ਰਖਿਆ ਤਾਂ ਇਸ ਤੋਂ ਕੁਰੱਪਸ਼ਨ ਵਿਚ ਹੀ ਇਜ਼ਾਫਾ ਹੋਵੇਗਾ ਅਤੇ ਟੈਕਸਾਂ ਦੀ ਬਹੁਤ ਚੋਰੀ ਹੋਵੇਗੀ । ਅਗਰ ਸਰਕਾਰ ਇਸ ਸਿਸਟਮ ਨੂੰ ਲਾਗੂ ਨਹੀਂ ਕਰਨਾ ਚਾਹੁੰਦੀ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਪਾਕਿਸਤਾਨ ਗੌਰਮਿੰਟ ਨੇ ਰਾਵਲਪਿੰਡੀ ਵਿਚ ਜਿਹੜਾ ਸਿਸਟਮ ਲਾਗੂ ਕੀਤਾ ਹੈ ਉਹ ਇਥੇ ਵੀ ਲਾਗੂ ਕੀਤਾ ਜਾਵੇ । ਉਥੇ ਮਾਲ ਦੇ ਵੇਅਰ ਹਾਊਸਿਜ਼ ਵਿਚ ਆਉਂਦਾ ਹੈ ਉਥੇ ਗੌਰਮਿੰਟ ਨੇ ਟੈਕਸ ਵਸੂਲ ਕਰਨ ਲਈ ਆਦਮੀ ਮੁਕਰੱਰ ਕੀਤਾ ਹੈ । ਇਸ ਸਿਸਟਮ ਨੂੰ ਲਾਗੂ ਕਰਨੇ ਤੋਂ ਸਰਕਾਰ ਨੂੰ ਕਾਫ਼ੀ ਲਾਭ ਹੋਵੇਗਾ । ਟੈਕਸਾਂ ਦੀ ਈਵੇਜ਼ਨ ਵੀ ਰੁਕ ਜਾਵੇਗੀ । ਮੈਂ ਸਮਝਦਾ ਹਾਂ ਮੰਤਰੀ ਸਾਹਿਬ, ਮੇਰੀ ਸੁਜੈਸ਼ਨਜ਼ ਉਤੇ ਗ਼ੌਰ ਕਰਨਗੇ ।

Deputy Speaker : Sardar Kapoor Singh, Finance Minister.

Finance Minister (Sardar Kapoor Singh) : Madam, I will speak on the third reading. Now the amendments to this Clause may be put.

Deputy Speaker : Amendment No. 22 by Pandit Mohan Lal.

Question is—

In the proposed section 14-B (6), line 3, *delete* "and conficate."

The motion was carried.

Deputy Speaker: Amendment No. 23 is again by Pandit Mohan Lal.

Question is—

In the proposed section 14-B (8), line 5, *delete* "and confiscate".

The motion was carried.

Deputy Speaker : Question is—

In the proposed section 14-B (8), line 6, between 'false' and ' : ' *insert* 'and impose by way of penalty double the amount of tax recoverable on such goods".

The motion was lost.

Deputy Speaker : Question is—

Delete both the provisos to the proposed section 14-B (8).

The motion was lost.

Deputy Speaker : Question is—

In the second proviso of the proposed section 14-B (8), line 1 between 'that' and 'the', *insert* 'when the omission is found to be *mala fide* or dishonest'.

The motion was lost.

Deputy Speaker : Question is—

In the second proviso of the proposed section 14-B (8), line 5, *delete* 'one thousand rupees or'.

The motion was lost.

(*Interruptions*)

Minister for Education: Madam, Deputy Speaker, I have to make a submission. Amendments Nos. 22 and 23 have been carried and the other amendments which are in accord with these, cannot be put to the vote of the House. Identical amendments become redundant.

उपाध्यक्षा । मेरे पास गवर्नमेंट की तरफ़ से कोई इतलाह नहीं आई कि फलां अमैंडमैंट एक्सेप्ट की गई है और फलां नहीं की गई । (I have received no information from the Government that such and such amendment has or has not been accepted by the Government.)

Minister for Finance : The hon. Member Shri Mohan Lal moved his amendments Nos. 22 and 23 only. When his other amendments were not moved by him, how can these be put to the vote of the House ?

उपाध्यक्षा । रूलिंग पार्टी की तरफ से काफी मुश्किलात पैदा की जा रहीं हैं । (A lot of difficulties are being created by the ruling Party.)

Deputy Speaker : Question is—

In the second proviso of the proposed section 14-B (8), line 6, *delete* 'whichever is greater'.

The motion was lost.

Deputy Speaker : Question is—

Delete the proposed section 14-B (4).

The motion was lost.

Deputy Speaker : Question is—

In the second proviso to the proposed section 14-B (8), line 2, *delete* 'or confiscation'.

The motion was lost.

Deputy Speaker : Question is—

Delete the proposed section 14-C.

The motion was lost.

Deputy Speaker : Question is—

Delete the first proviso to the proposed section 14-B (8).

The motion was carried.

Deputy Speaker : Question is—

In the second proviso to the proposed section 14-B (8), lines 2 and 4, *delete* 'or confiscation'.

The motion was carried.

Deputy Speaker : Question is—

That clause 12, as amended, stand part of the Bill.

ਬਾਬੂ ਅਜੀਤ ਕੁਮਾਰ : ਆਨ ਏ ਪੁਆਇੰਟ ਆਫ਼ ਆਰਡਰ, ਮੈਡਮ । ਜਦੋਂ ਡਿਸਕਸ਼ਨ ਸ਼ੁਰੂ ਹੋਈ ਸੀ ਤਾਂ ਤੁਸਾਂ ਫ਼ਰਮਾਇਆ ਸੀ ਕਿ ਸਾਰੀਆਂ amendments ਮੂਵ ਹੋਈਆਂ ਸਮਝੀਆਂ ਜਾਣਗੀਆਂ ਅਤੇ ਸਭ ਤੇ ਡਿਸਕਸ਼ਨ ਹੋਵੇਗੀ । ਅਮੈਂਡਮੈਂਟਸ ਮੂਵ ਹੋ ਚੁਕੀਆਂ ਹਨ ਅਤੇ ਸਭ ਤੇ ਡਿਸਕਸ਼ਨ ਹੋਣੀ ਹੈ । ਗੌਰਮਿੰਟ ਗਲਤ ਪੋਜ਼ੀਸ਼ਨ ਲੈ ਰਹੀ ਹੈ ।

उपाध्यक्षा । मैं ने खुद कहा था कि जो कुछ कहना है इन पर इकट्ठा ही कह लो । (I had myself said that all these amendments be discussed together.)

ਬਾਬੂ ਬਚਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ । ਡਿਪਟੀ ਸਪੀਕਰ ਸਾਹਿਬਾ, ਤੁਸੀਂ ਕਲ੍ਹ ਦਾ ਰੀਕਾਰਡ ਵੇਖੋ ਕਿ ਆਇਆ ਤੁਸਾਂ ਹੁਕਮ ਦਿਤਾ ਸੀ ਕਿ ਨਹੀਂ ਕਿ ਸਭ ਅਮੈਂਡਮੈਂਟਸ ਮੂਵਡ ਸਮਝੀਆਂ ਜਾਣ......

Deputy Speaker : I remember having said that all the amendments should be deemed to have been read and moved.

(After ascertaining the votes of the Members by voices, the Deputy Speaker said "I think the Ayes have it". This opinion was challenged and division was claimed. The Deputy Speaker after calling upon those Members who were for "Aye" and those who were for "No", respectively, to rise in their places and on a count having been taken, declared that the motion was carried).

The motion was declared carried.

(CLAUSE NO. 13)

उपाध्यक्षा । मैं लीडर आफ दी आपोज़ीशन और कामरेड साहिब से यह पूछना चाहती हूं कि क्या यह मुनासिब नहीं होगा कि चूंकि आगे ही इस बिल पर और क्लाज़ बाई क्लाज़ स्टेज, जो चल रही है, उस पर काफी बहस हो चुकी है इसलिए छोटी छोटी बातों पर और ज्यादा बहस न की जाए और कोई टाईम लिमिट फिक्स कर ली जाए। थोड़ी थोड़ी बात कह कर ही जो मैम्बर साहिबान बोलना चाहते हैं, अपनी अपनी बात कह लें और थर्ड रीडिंग स्टेज पर स्पीचिज़ कर ली जाएं । कोई टाईम लिमिट जरूर फिक्स कर लेनी चाहिए ताकि आगे ही इतने दिन बहस हो चुकी है और इस बिल को खत्म किया जा सके । (I would like to seek the adivce of the Leader of the Opposition and Leader of the House whether it would not be desirable to fix some time-limit for speeches and put a restraint on long speeches on clauses as already sufficient discussion has taken place on the Bill during the consideration Motion. Now the Bill is being discussed clause by clause, those Members who wish to speak on clauses may make short speeches to convey their view point and long speeches may be made during the third reading of the Bill. Since lot of discussion has already taken place for a number of days, time-limit for speeches must be fixed so that the Bill may be passed.)

सरदार गुरनाम सिंह । आप यह बात लीडर आफ दी हाऊस को कहें क्योंकि उधर से ही ज्यादा वक्त जाया होता है ।

उपाध्यक्षा : मैं ने लीडर आफ दी हाऊस और लीडर आफ दी आपोज़ीशन दोनों को ही कहा है । मुनासिब होगा अगर कोई टाईम लिमिट फिक्स कर ली जाए । (I have requested both the Leader of the House and the Leader of the Opposition for advice. It would be proper to fix some time-limit of speeches.)

मुख्य मन्त्री : डिप्टी स्पीकर साहिबा, मैं आप के साथ इस बात में मुतफिक हूं कि जहां तक बिल पर जनरल डिस्कशन का ताल्लुक है यह काफी हो चुकी हुई है और क्लाज़ बाई कलाज़ पर बोलते हुए भी काफी बहस हो रही है । आज तक किसी बिल पर इतनी लम्बी बहस नहीं हुई जितनी इस पर हुई है । इसलिए अब ज्यादा बहस न की जाए और जिन मैंम्बर साहिबान ने बोलना हो वह थर्ड रीडिंग स्टेज पर बोल लें ताकि बिल को आज पास कर दिया जाए।

ਬਾਬੂ ਬਚਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਮੈਡਮ । ਡਿਪਟੀ ਸਪੀਕਰ ਸਾਹਿਬਾ, ਚੀਫ਼ ਮਿਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਥਰਡ ਰੀਡਿੰਗ ਸਟੇਜ ਉਤੇ ਬਹਿਸ ਕਰ ਲਈ ਜਾਵੇ । ਮੈਂ ਪੁਛਣਾ ਚਾਹੁੰਦਾ ਹਾਂ ਕਿ ਜੇਕਰ ਮੈਂਬਰਾਂ ਨੂੰ ਬੋਲਣ ਹੀ ਨਹੀਂ ਦੇਣਾ ਤਾਂ ਫੇਰ ਕੋਈ ਮੀਮੋਰੈਂਡਮ ਹੀ ਇਸ ਬਿਲ ਬਾਰੇ ਕਿਉਂ ਨਾ ਸਰਕਾਰ ਨੂੰ ਭੇਜ ਦਿੱਤਾ ਜਾਵੇ ਔਰ ਅਸੈਂਬਲੀ ਵਿਚ ਬਹਿਸ ਕਰਨ ਦੀ ਲੋੜ ਹੀ ਕੀ ਹੈ ?

ਡਿਪਟੀ ਸਪੀਕਰ : ਤੁਸਾਂ ਮੇਰੀ ਦਰਖਾਸਤ ਵੱਲ ਧਿਆਨ ਨਹੀਂ ਦਿਤਾ । ਮੈਂ ਇਹ ਕਿਹਾ ਸੀ ਕਿ ਕੀ ਇਹ ਮੁਨਾਸਬ ਨਹੀਂ ਹੋਵੇਗਾ ਕਿ ਮੈਂਬਰ ਸਾਹਿਬਾਨ ਹੁਣ ਜਲਦੀ ਜਲਦੀ ਇਸ ਕਲਾਜ਼ ਬਾਈ ਕਲਾਜ਼ ਦੀ ਸਟੇਜ ਨੂੰ ਖਤਮ ਕਰ ਦੇਣ ਔਰ ਤੀਸਰੀ ਸਟੇਜ ਉਪਰ ਜਿਹੜੀਆਂ ਸਪੀਚਾਂ ਕਰਨੀਆਂ ਹੋਣ ਕਰ ਲੈਣ । (He has not heard my submission. I had enquired whether it would not be desirable that this clause by clause stage be gone through quickly and the hon. Members desirous of making speeches might do so at the third reading stage of the Bill)

ਬਾਬੂ ਬਚਨ ਸਿੰਘ : ਤੁਸੀਂ ਮੈਨੂੰ ਇਜਾਜ਼ਤ ਦਿਓ ਤਾਂ ਮੈਂ ਇਕ ਮਿਨਟ ਵਿਚ ਆਪਣੀ ਗੱਲ ਕਰ ਲਵਾਂ ।

ਚੀਫ਼ ਪਾਰਲੀਮੈਂਟਰੀ ਸੈਕਟਰੀ : ਇਨ੍ਹਾਂ ਦੀ ਕੋਈ ਅਮੈਂਡਮੈਂਟ ਹੀ ਨਹੀਂ, ਐਵੇਂ ਹੀ ਬੋਲ ਰਹੇ ਹਨ ।

ਬਾਬੂ ਬਚਨ ਸਿੰਘ : ਗੌਰਮੈਂਟ ਹਰ ਕਲਾਜ਼ ਉਤੇ ਅਮੈਂਡਮੈਂਟਸ ਕਬੂਲ ਕਰ ਰਹੀ ਹੈ ਤਾਂ ਫਿਰ ਥਰਡ ਰੀਡਿੰਗ ਸਟੇਜ ਉਤੇ ਕੁਝ ਕਹਿਣ ਦਾ ਕੀ ਫ਼ਾਇਦਾ ਹੋਵੇਗਾ । ਅਮੈਂਡਮੈਂਟਸ ਦੇ ਮਨਣ ਮਨਾਉਣ ਦਾ ਤਾਂ ਸਮਾਂ ਇਹੋ ਕਲਾਜ਼ ਬਾਈ ਕਲਾਜ਼ ਦੀ ਸਟੇਜ ਹੈ ।

ਡਿਪਟੀ ਸਪੀਕਰ : ਕੋਈ ਜ਼ਰੂਰੀ ਨਹੀਂ ਕਿ ਹਰ ਕਲਾਜ਼ ਉਤੇ ਅਮੈਂਡਮੈਂਟ ਮੰਨਣ (It is not necessary that they should accept amendments on each clause).

(*At this stage there were interruptions and noise*)

ਜੇਕਰ ਅਮੈਂਡਮੈਂਟਸ ਨਾ ਮੰਨਣ ਤਦ ਵੀ ਮਾੜੀ ਔਰ ਜੇ ਮੰਨਣ ਤਦ ਵੀ ਮਾੜੀ। ਤਾਂ ਫੇਰ ਸਰਕਾਰ ਚੰਗੀ ਕਿਵੇਂ ਹੋ ਸਕਦੀ ਹੈ ? (The Government is condemned both ways whether it accepts or rejects the amendments. Then how can it win approbation of the Opposition?)

श्री चान्दी राम वर्मा (अबोहर) : डिप्टी स्पीकर साहिबा, इस क्लाज़ पर मेरी एक छोटी सी अमैंडमैंट है । इस में एक ही लफज़ ऐसा है जिसको अगर ठीक कर दिया जाए तो यह क्लाज़ बिल्कुल ठीक हो जाएगी । वह अमैंडमैंट यह है :

In the second proviso, line 2, for "the penalty" substitute "or the penalty."

इस अमैंडमैंट को मान लेने से यह कलाज़ बिल्कुल क्लियर हो जाएगी । मेरा ख्याल है कि मिनिस्टर साहिब इस को मान लेंगे । ज्यादा कुछ न कहता हुआ मैं अपनी यह अमैंडमैंट हाउस के सामने पेश करता हुं ।

Deputy Speaker : Motion moved—

In the second proviso, line 2, *for* "the penalty" *substitute* "or the penalty".

Finance Minister (Sardar Kapoor Singh) : I accept the amendment. Now, the Clause, as amended, may be passed.

उपाध्यक्षा : अमैंडमैंट्स का पुलन्दा तो मेरे पास है । इन को पुट तो मैंने ही करना है । आई मस्ट पुट दैम टू दी वोट आफ दी हाउस । आप के पास तो वही है जो कि आप ने मंजूर कर ली है । इस के अलावा दूसरी और भी अमैंडमैंट्स हैं । (The bundle of amendments is lying with me. I have to put them to the vote of the House and I must put them to the House. The hon. Minister has got only that amendment which he has accepted. Besides that, there are other amendments also.)

ਬਾਬੂ ਬਚਨ ਸਿੰਘ (ਲੁਧਿਆਣਾ ਉੱਤਰ) : ਡਿਪਟੀ ਸਪੀਕਰ ਸਾਹਿਬਾ, ਮੈਂ ਇਸ ਦੀ ਮੁਖਾਲਫਤ ਕਰਦਾ ਹਾਂ। ਅਰਜ਼ ਇਹ ਹੈ ਕਿ ਇਹ ਜਿਹੜੀ ਕਲਾਜ ਪੇਸ਼ ਕੀਤੀ ਹੈ ਇਹ ਬਿਲਕੁਲ ਬੇ ਸੋਚੇ ਸਮਝੇ ਲੈ ਆਏ ਹਨ। ਇਸ ਦੇ ਅਗਰ ਤੁਸੀਂ ਉਰੀਜਨਲ ਬਿਲ ਨੂੰ ਵੇਖੋ ਤਾਂ ਉਸ ਵਿਚ ਜਿਹੜਾ ਇਨ੍ਹਾਂ ਨੇ ਵਾਧਾ ਕੀਤਾ ਹੈ ਉਹ ਇਕ ਲਫਜ਼ "ਪੈਨਲਟੀ" ਦਾ ਵਾਧਾ ਕੀਤਾ ਹੈ। ਹੁਣ ਸਵਾਲ ਇਹ ਹੈ ਕਿ ਜੇ ਅਸੈਸਿੰਗ ਅਥਾਰਿਟੀ ਨੂੰ ਪਹਿਲਾਂ ਹੀ ਰਾਈਟ ਹੈ ਕਿ ਜੇ ਉਹ ਚਾਹੇ

[ਬਾਬੂ ਬਚਨ ਸਿੰਘ]

ਤਾਂ ਉਹ ਉਸ ਟੈਕਸ ਦੇ ਸਿਲਸਿਲੇ ਵਿਚ, ਅਪੀਲ ਦੇ ਸਿਲਸਿਲੇ ਵਿਚ ਛੋੜ ਕਰ ਸਕਦਾ ਹੈ ਤਾਂ ਫੇਰ ਇਸ ਦੇ ਨਾਲ ਕੀ ਪਰਪਜ਼ ਸਰਵ ਹੁੰਦਾ ਹੈ ? ਉਹ ਇਹ ਕਿ ਜਿਹੜੀ ਪੈਨਲਟੀ ਹੈ ਉਹ ਵੀ ਵਪਾਰੀਆਂ ਨੂੰ ਡਰਾਉਣ ਧਮਕਾਉਣ ਲਈ ਲਾਉਣੀ ਹੈ ਇਹ ਡਰਾਉਣ ਧਮਕਾਉਣ ਦਾ ਹੀਲਾ ਸਰਕਾਰ ਰਿਸ਼ਵਤ ਖਾਣ ਵਾਸਤੇ ਲਿਆਈ ਹੈ। ਹੁਣ ਮਿਨਿਸਟਰ ਸਾਹਿਬ ਖੁਦ ਇਸ ਚੀਜ਼ ਵਿਚ ਹਿੱਸੇਦਾਰ ਬਣਨਾ ਚਾਹੁੰਦੇ ਹਨ ਕਿ ਅਸੀਂ ਪੈਨਲਟੀ ਲਗਾਵਾਂਗੇ ਔਰ ਉਸ ਵਿਚ ਜੇ ਤੁਸੀਂ ਸਾਨੂੰ ਭੇਂਟ ਚਾੜ੍ਹ ਦਿਉਗੇ ਤਾਂ ਪੈਨਲਟੀ ਦੀ ਅਪੀਲ ਕਰਨ ਦਾ ਹੱਕ ਤੁਹਾਨੂੰ ਦੇ ਦੇਵਾਂਗੇ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜ਼ਿਹੜਾ ਉਰਿਜਨਲ ਐਕਟ ਹੈ ਉਸ ਦੀ ਸੈਕਸ਼ਨ 20 ਵਿਚ ਕੀ ਡਿਫੈਕਟ ਸੀ ? ਇਸ ਨਵੀਂ ਚੀਜ਼ ਨਾਲ ਕੀ ਪਰਪਜ਼ ਹੱਲ ਹੋਵੇਗਾ ? ਇਹ ਚੀਜ਼ਾਂ ਮਿਨਿਸਟਰ ਸਾਹਿਬ ਨੂੰ ਸਾਨੂੰ ਐਕਸਪਲੇਨ ਕਰਨੀਆਂ ਚਾਹੀਦੀਆਂ ਸਨ। ਮੈਨੂੰ ਬੜਾ ਅਫਸੋਸ ਇਸ ਗੱਲ ਦਾ ਹੈ ਕਿ ਇਸ ਹਾਊਸ ਵਿਚ ਇਹ ਗੌਰਮੈਂਟ ਇਤਨੀ ਗੈਰ ਜ਼ਿੰਮੇਦਾਰੀ ਨਾਲੋਂ ਕੰਮ ਲੈ ਰਹੀ ਹੈ ਕਿ ਕਲਾਜ਼ਾਂ ਤਾਂ ਪਾਸ ਕਰਾਈ ਜਾਂਦੀ ਹੈ ਪਰ ਉਨ੍ਹਾਂ ਬਾਰੇ ਕੋਈ ਵੀ ਐਕਸਪਲੇਨੇਸ਼ਨ ਮਿਨਿਸਟਰ ਨਹੀਂ ਪੇਸ਼ ਕਰਦਾ ਜਿਹੜੀ ਕਿ ਬਿਲਾਂ ਬਾਰੇ ਉਸ ਦੀ ਸਭ ਤੋਂ ਪਹਿਲੀ ਡਿਊਟੀ ਹੈ। ਸਾਰੀ ਦੁਨੀਆਂ ਵਿਚ ਇਹ ਰਵਾਜ ਹੈ ਕਿ ਜਿਸ ਵੇਲੇ ਕੋਈ ਕਲਾਜ਼ ਪੇਸ਼ ਹੁੰਦੀ ਹੈ—ਜਿਹੜੀ ਕਲਾਜ਼ ਨੂੰ ਅਮੈਂਡ ਕਰਨ ਲਈ ਸਰਕਾਰ ਵਲੋਂ ਪਰਪੋਜ਼ਲ ਆਉਂਦੀ ਹੈ; ਉਸ ਦਾ ਐਕਸਪਲੇਨੇਸ਼ਨ ਦੇਣਾ ਮਿਨਿਸਟਰ ਇੰਚਾਰਜ ਲਈ ਬੜਾ ਜ਼ਰੂਰੀ ਹੁੰਦਾ ਹੈ। (*Interruption*)

ਡਿਪਟੀ ਸਪੀਕਰ: ਬਾਬੂ ਜੀ ਨੂੰ ਇੰਟਰਪਟ ਨਾ ਕਰੋ। ਬਾਬੂ ਜੀ, ਤੁਸੀਂ ਵੀ ਥੋੜਾ ਜਿਹਾ ਹੀ ਬੋਲ ਕੇ ਖਤਮ ਕਰੋ (Please do not interrupt Baboo Jee. I would request the hon. Member also to be brief and wind up).

ਬਾਬੂ ਬਚਨ ਸਿੰਘ : ਤੇ ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਹਰ ਅਮੈਂਡਿੰਗ ਬਿਲ ਉਤੇ ਜਦ ਕਲਾਜ਼ ਬਾਈ ਕਲਾਜ਼ ਡਿਸਕੱਸ਼ਨ ਹੁੰਦੀ ਹੈ ਤਾਂ ਇਹ ਮਿਨਿਸਟਰ ਇਨਚਾਰਜ ਦੀ ਡਿਊਟੀ ਹੁੰਦੀ ਹੈ ਕਿ ਉਹ ਜਿਹੜੀ ਉਰਿਜਨਲ ਜਾਂ ਪੇਰੈਂਟ ਐਕਟ ਵਿਚ ਤਰਮੀਮ ਕਰਾਉਣਾ ਚਾਹੁੰਦੇ ਹਨ ਉਸ ਦੇ ਅਗਰਾਜ਼ੋ ਮਕਾਸਦ ਦੱਸਣ, ਉਸ ਦੀ ਵਜਾਹ ਦੱਸਣ, ਐਕਸਪਲੇਨ ਕਰਨ ਕਿ ਉਸ ਦੀ ਕਿਉਂ ਜ਼ਰੂਰਤ ਪਈ। ਲੇਕਿਨ ਇਥੇ ਕੋਈ ਵਜਾਹ ਨਹੀਂ ਦੱਸੀ ਜਾਂਦੀ, ਕੋਈ ਗੱਲ ਨਹੀਂ ਦੱਸੀ ਜਾਂਦੀ। ਇਸ ਮਾਮਲੇ ਵਿਚ ਮੈਨੂੰ ਇਕ ਪੁਰਾਣੀ ਗੱਲ ਯਾਦ ਆ ਗਈ ਹੈ। ਜਦ ਰੌਲੈਟ ਐਕਟ ਬਣਿਆ ਸੀ ਉਸ ਵਕਤ ਪੰਡਿਤ ਮੋਤੀ ਲਾਲ ਨਹਿਰੂ ਨੇ, ਜਿਹੜੇ ਹਿੰਦੁਸਤਾਨ ਵਿਚ ਪਾਰਲੀਮੈਂਟਰੀ ਐਫੇਅਰਜ਼ ਵਿਚ ਬਹੁਤ ਹੀ ਧੁਰੰਦਰ ਪੰਡਿਤ ਸਮਝੇ ਜਾਂਦੇ ਸਨ, ਉਨ੍ਹਾਂ ਨੇ ਕਿਹਾ ਕਿ ਇਹ ਐਕਟ ਕੀ ਹੈ ? ਨਾ ਇਥੇ ਦਲੀਲ, ਨਾ ਵਕੀਲ ਔਰ ਨਾ ਅਪੀਲ। ਇਹ ਵੀ ਹੁਣ ਇਹੋ ਕਰਨਾ ਚਾਹੁੰਦੇ ਹਨ ਕਿ ਕੋਈ ਕਾਰਨ ਨਹੀਂ ਦਸਣਾ ਪਰ ਪਾਸ ਜ਼ਰੂਰ ਕਰਾਉਣਾ ਹੈ। ਜਿਥੇ ਨਾ ਦਲੀਲ ਹੋਵੇ ਔਰ ਨਾ ਵਕੀਲ ਹੋਵੇ ਉਥੇ ਅਸੀਂ ਕਿਸ ਤਰ੍ਹਾਂ ਮੰਨ ਸਕਦੇ ਹਾਂ। ਸਰਦਾਰ ਕਪੂਰ ਸਿੰਘ ਨੂੰ ਪਾਰਲੀਮੈਂਟਰੀ ਅਫੇਅਰਜ਼ ਦਾ ਬੜਾ ਤਜਰਬਾ ਹੈ ਕਿਉਂਕਿ ਇਹ ਕਿਸੇ ਵਕਤ ਆਪਣੀ ਪਾਰਟੀ ਦੇ ਸੈਕਰੇਟਰੀ ਰਹੇ ਹਨ, ਫਿਰ ਇਹ ਡਿਪਟੀ ਸਪੀਕਰ ਬਣੇ, ਫਿਰ ਸਪੀਕਰ ਕਾਫ਼ੀ ਦੇਰ ਤਕ ਰਹੇ ਔਰ ਬਾਅਦ ਵਿਚ ਕੌਂਸਲ ਦੇ ਚੇਅਰਮੈਨ ਵੀ ਰਹੇ। ਮੈਂ ਇਨ੍ਹਾਂ ਕੋਲੋਂ ਪੁਛਦਾ ਹਾਂ ਕਿ ਕੀ ਕਦੇ ਗੌਰਮਿੰਟ ਨੇ ਇਹ ਗੱਲ ਕੀਤੀ ਹੈ ਕਿ ਉਹ ਕੋਈ ਬਿਲ ਜਾਂ ਕਲਾਜ਼ ਲੈ ਆਵੇ ਔਰ ਉਸ ਬਾਰੇ ਪਹਿਲੇ ਕੋਈ ਐਕਸਪਲੇਨੇਸ਼ਨ ਨਾ ਦਿੱਤੀ ਹੋਵੇ। ਹੁਣ ਇਨ੍ਹਾਂ

ਨੂੰ ਇਸ ਕਲਾਜ਼ ਬਾਰੇ ਦੱਸਣਾ ਚਾਹੀਦਾ ਸੀ ਕਿ ਇਸ ਕਲਾਜ਼ ਵਿਚ ਟੈਕਸ ਦੇ ਨਾਲ ਪੈਨਲਟੀ ਕਿਉਂ ਰਖੀ ਹੈ । ਮੈਂ ਸਮਝਦਾ ਹਾਂ ਕਿ ਇਸ ਦੇ ਰਖਣ ਨਾਲ ਕੋਈ ਖਾਸ ਫਾਇਦਾ ਨਹੀਂ ਹੋਣ ਵਾਲਾ ਇਸ ਦਾ ਸਿਰਫ ਇਹੋ ਹੀ ਫਾਇਦਾ ਹੋ ਸਕਦਾ ਹੈ ਕਿ ਇਸ ਨਾਲ ਅਫ਼ਸਰਾਂ ਨੂੰ ਪਨੈਲਟੀ ਲਗਾਣ ਦਾ ਵਧੇਰਾ ਮੌਕਾ ਮਿਲਦਾ ਹੈ । ਇਸ ਬਾਰੇ ਮੈਂ ਇਹ ਗੱਲ ਵੀ ਕਹਿਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਇਨ੍ਹਾਂ ਨੇ ਔਰ ਪਹਿਲੇ ਇਨ੍ਹਾਂ ਨੇ ਬਗੈਰ ਦੇਖੇ ਬਿਲ ਪੇਸ਼ ਕਰ ਦਿੱਤਾ ਸੀ ਔਰ ਫਿਰ ਤਰਮੀਮਾਂ ਹਰ ਕਲਾਜ਼ ਵਿਚ ਮੰਨਦੇ ਆ ਰਹੇ ਹਨ, ਤਾਂ ਅਸੀਂ ਕਿਸ ਤਰ੍ਹਾਂ ਕਰ ਸਕਦੇ ਹਾਂ ਕਿ ਅਸੀਂ ਕਲਾਜ਼ ਬਾਈ ਕਲਾਜ਼ ਡਿਸਕਸ਼ਨ ਵਿਚ ਹਿੱਸਾ ਨਾ ਲਈਏ ਔਰ ਸਿਰਫ਼ ਥਰਡ ਰੀਡਿੰਗ ਤੇ ਹੀ ਬੋਲੀਏ ਜਿਸ ਬਾਰੇ ਤੁਸੀਂ ਕਹਿ ਰਹੇ ਹੋ ।

ਇਸ ਲਈ ਇਸ ਕਲਾਜ਼ ਬਾਰੇ ਮੈਂ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਇਸ ਅਮੈਂਡਿੰਗ ਕਲਾਜ਼ ਨੂੰ ਨਾ ਮੰਨਿਆ ਜਾਵੇ ਔਰ ਜੋ ਪਹਿਲੇ ਐਕਟ ਵਿਚ ਸੈਕਸ਼ਨ ਹੈ ਉਸਨੂੰ ਉਸੇ ਤਰ੍ਹਾਂ ਹੀ ਰਹਿਣ ਦਿੱਤਾ ਜਾਵੇ ।

श्री बलरामजी दास टन्डन (अमृतसर शहर–पश्चिम) । डिप्टी स्पीकर साहिबा, यह जो कलाज़ 13 है यह इस बात के लिए है कि जो एपेलेंट एथारेटी है उस के पास अपील के लिए कोई किस सूरत में जा सकता है । इस मतलब के लिए गवर्नमेंट ने यह एक नई प्रोवीज़न इस बिल में इनट्रोडियूस की है । इस के मुताबिक कोई भी आदमी तब तक अपील दायर नहीं कर सकता जब तक जो उस टैकस की एसेसमैंट हो चुकी है और उस के साथ ही साथ अगर कोई पैनेल्टी उस पर लगाई जा चुकी है वह दोनों जब तक सरकारी खज़ाने में जमा नहीं करवा देता तब तक वह अपील दायर नहीं कर सकेगा । इस के साथ ही एक और प्रोवाइज़ो सरकार ने लगा दी है कि एपेलेंट एथारेटी अगर सेटिसफाइड हो जाती है कि अपील करने वाला टैकस या उस पर लगाई गई पैनेल्टी पे नहीं कर सकता तो उस की वह अपील एनटर्टेन कर सकता है । डिप्टी स्पीकर साहिबा, मैं समझता हूं कि सरकार ने यह जो कलाज़ इस बिल में इनटोडियूस की है यह आम व्योपारियों के साथ एक बड़ी हार्डशिप होगी । वैसे तो चाहिए यह कि हरेक आदमी को इनसाफ मिले और जैसे कि दूसरी स्टेटस में है इन से भी यही उम्मीद की जाती थी और जैसा कि मिनिस्टर साहब ने व्योपारियों को एश्योरेंस भी दी थी कि एपेलेंट एथारेटी और होगी और एसेसिंग एथारेटी कोई और होगी । यानी जिस तरह से इस वक्त डिपार्टमेंट में अमल दरामद हो रहा है उस को दूर करने की कोशिश करेंगे जैसा कि अब कोर्टस में होता है । लेकिन इन्होंने यह बात तो खत्म कर दी है और उसी डिपार्टमेंट में से ही एपेलेट एथारेटी मुकर्र करने की कोशिश की है लेकिन इस के साथ ही इन्हों ने इस कलाज के जरिए यह किया है कि अगर कोई अपील करे तो वह पहले टैक्स के पैसे जमा कराए और अगर उस पर कोई पैनल्टी लगाई गई हुई है उस के पैसे जमा कराए और उस तरह से नहीं किया गया जिस तरह से दूसरे सूबों में होता है । यहां पर तो इन्होंनें यह कर रखा है कि एकसाईज़ एन्ड टैक्सेशन कमिशनर के महकमा के आदमी ही एसेसिंग एथारेटी होंगे और उस

[श्री बलरामजीदास टण्डन]

के महकमा की ही एपेलेट एथारेटी होगी । इस का नतीजा हम क्या उम्मीद कर सकते हैं । जब कि इस महकमा में वही अफसर अच्छा समझा जाता है जो ज्यादा से ज्यादा पैसे टैक्स के तौर पर अकट्ठे कर देता है । इस लिए जब एसेसिंग एथारेटी किसी का टैकस एसेस करेगी तो जो एपेलेंट एथारेटी होंगी वह भी क्योंकि उसी महकमा की होगी उस की कोशिश भी यही होगी कि टैकस का रुपया ज्यादा से ज्यादा हो क्योंकि उस को इस बात का इलम होगा कि उस की प्रमोशन, तबदीली या और कोई बात इसी बात पर निर्भर करती है कि वह टैक्स कितना इक्टठा कर देता है । वह इस लिए एसेसिंग एथारेटी के इनफलूएंस में आ कर अपील करने वाले को इनसाफ कभी नहीं दे सकेगा । चाहिए तो यह था कि उस को एसेसिंग एथारेटी के इनफलूएंस से निकाला जाता जिस तरह से कोर्टस को एग्ज़ैक्टिव के इनफलूएंस से हटाने के लिए उस को उस से अलग किया गया है । और अब वह पुलिस और डिप्टी कमिशनर के हुकम से बाहर कर दी गई है । उसी तरीका से यहां भी करना चाहिए था । लेकिन सरकार ने इस के उल्ट यह प्रोवीज़न इस में कर दी है । डिप्टी स्पीकर साहिबा, इस से और भी कुर्पशन फैलेगी क्योंकि एक ही महकमा के आदमियों के पास दोनों पावरज़ यानी टैक्स की एसेसमैंट करना और उस के खिलाफ़ अपीलें सुनना दी गई हैं । इस के साथ ही यह जो और प्रोवाइज़ो लगा दी गई है कि अगर एपैलेट एथारेटी सेटिसफाईड हो जाए कि फलां दुकानदार टैक्स देने की या पैंनलटी देने की अपने में क्षमता नहीं रखता तो भी उस की वह अपील एनटर्टेन कर सकेगा इस से यह होगा कि अगर किसी व्योपारी को अपील करने से पहले एक लाख रुपया टैकस का या पैनेल्टी का जमा कराना होगा तो वह यही बेहतर समझेगा कि एक या दो हज़ार रुपए उस एपेलेंट एथारेटी को रिश्वत के तौर पर यह करा लें कि उस की अपील वह रकम देनें के बगैर एन्टर्टेन कर ली जाएगी क्योंकि वह इस हालत में नहीं है कि वह इतनी बड़ी रकम जमा करवा सके । क्योंकि उस व्योपारी को यह पता होगा कि जो रकम वह रिश्वत में देगा उतना रुपया तो वह इंनट्रैस्ट के रूप में ही बचा लेगा । इस लिए मैं यह समझता हूं कि यह जो पावर सरकार ले रही है और अपने अफसरों को दे रही है यह बिल्कुल गलत है । इसे इस प्रोवाइज़ो को वापस ले लेना चाहिए और जिस सपिरट से इन्होंने व्योपारियों को एश्योरेंस दी थी उस के मुताबिक इसे चल कर एपेलेंट एथारेटी उसी महकमा की मुकर्रर नहीं करनी चाहिए ।

डिप्टी स्पीकर : सरदार कपूर सिंह ।

ਬਾਬੂ ਅਜੀਤ ਕੁਮਾਰ : ਡਿਪਟੀ ਸਪੀਕਰ ਸਾਹਿਬਾ, ਮੈਂ ਇਸ ਕਲਾਜ਼ ਤੇ ਬੋਲਣਾ ਸੀ, ਤੁਸੀਂ ਮਨਿਸਟਰ ਸਾਹਿਬ ਨੂੰ ਬੋਲਣ ਲਈ ਕਹਿ ਦਿਤਾ ਹੈ ......

ਡਿਪਟੀ ਸਪੀਕਰ : ਤੁਸੀਂ ਥਰਡ ਰੀਡਿੰਗ ਤੇ ਬੋਲ ਲੈਣਾ । (The hon. Member may speak on the 3rd reading of the Bill.)

श्री रूप लाल महता: इस कलाज़ पर मेरी भी एक एमेंडमेंट है मैं ने उस पर बोलना है ।

उपाध्यक्षा : लेकिन महता जी मेरे पास आप की पार्टी की तरफ से यह लिखा आया है कि आप की जितनी भी एमैंडमैंटस हैं वह सब विदड्रा कर ली गई हैं । (I may tell the hon. Member Shri Rup Lal Mehta that I have received this intimation from his party that all the amendments given notice of by its members stand withdrawn.)

श्री रूप लाल महता : पर मेरी एमेंडमेंट तो अलग है ।

ਬਾਬੂ ਅਜੀਤ ਕੁਮਾਰ : ਆਨੇ ਏ ਪੁਆਇੰਟ ਆਫ਼ ਆਰਡਰ, ਮੈਡਮ । ਮੈਂ ਤੁਹਾਡੀ ਰੂਲਿੰਗ ਇਸ ਗੱਲ ਤੇ ਚਾਹੁੰਦਾ ਹਾਂ ਕਿ ਤੁਸੀਂ ਜਦ ਇਸ ਚੇਅਰ ਤੇ ਬੈਠਦੇ ਹੋ ਤਾਂ ਤੁਸੀਂ ਕਿਸੇ ਖਾਸ ਪਾਰਟੀ ਦੇ ਮੈਂਬਰ ਨਹੀਂ ਰਹਿੰਦੇ ਔਰ ਤੁਹਾਨੂੰ ਬਤੌਰ ਇਕ ਨਾਨ ਪਾਰਟੀ ਮੈਨ ਦੇ ਇਥੇ ਕੰਮ ਕਰਨਾ ਹੁੰਦਾ ਹੈ । ਪਰ ਅਸੀਂ ਦੇਖਦੇ ਹਾਂ ਕਿ ਤੁਸੀਂ ਬਤੌਰ ਇਕ ਪਾਰਟੀ ਦੇ ਮੈਂਬਰ ਦੇ ਇਥੇ ਕੰਮ ਕਰਦੇ ਹੋ ਔਰ ਮੈਂਬਰਾਂ ਨੂੰ ਆਪਣੀ ਪਾਰਟੀ ਦੀਆਂ ਡਾਇਰੈਕਸ਼ਨਜ਼ ਦਿੰਦੇ ਰਹਿੰਦੇ ਹੋ । ਹੁਣ ਹੀ ਮਹਿਤਾ ਰੂਪ ਲਾਲ ਆਪਣੀ ਅਮੈਂਡਮੈਂਟ ਤੇ ਬੋਲਣਾ ਚਾਹੁੰਦੇ ਸੀ ਪਰ ਤੁਸੀਂ ਉਨ੍ਹਾਂ ਨੂੰ ਉਸ ਪਾਰਟੀ ਦਾ ਡੀਸੀਅਨ ਦਸ ਕੇ ਬੋਲਣ ਨਹੀਂ ਦਿਤਾ ।

Deputy Speaker : The hon. Member should mind his own business. Mehta Rup Sal can himself plead his case. To allow or not to allow any Member to speak is my responsibility.

ਬਾਬੂ ਅਜੀਤ ਕੁਮਾਰ : ਮੇਰੀ ਗੁਜ਼ਾਰਿਸ਼ ਇਹ ਹੈ ਕਿ ਤੁਸੀਂ ਕਿਸੇ ਮੈਂਬਰ ਨੂੰ ਇਹ ਨਹੀਂ ਕਹਿ ਸਕਦੇ ਕਿ ਤੇਰੀ ਪਾਰਟੀ ਨੇ ਇਹ ਫੈਸਲਾ ਕੀਤਾ ਹੈ....

Deputy Speaker : Order, please.

श्री फतेह चंद विज: आन ए प्वांयट आफ आर्डर, मैडम । डिप्टी स्पीकर साहिबा, यह तो बड़ी अच्छी बात है कि आप रूस से हो कर आए हैं । लेकिन जो वहां कायदा है कि किसी को बोलने नहीं दिया जाता और अगर कोई बोलने की कोशिश करे तो उस का गला घूंट दिया जाता है । पर आप वहां का रिवाज यहां भी लागू कर रही हैं......

उपाध्यक्षा : आप अपने लफज़ वापस लें । आज आप को क्या हो गया है जो इस तरह की बातें करने लगे हैं । आपने तो अभी बड़ी अच्छी तकरीर की थी । (The hon. Member should withdraw these words. I fail to understand what has gone wrong with him. He has just made a very good speech.)

ਵਿਤ ਮੰਤ੍ਰੀ (ਸਰਦਾਰ ਕਪੂਰ ਸਿੰਘ) : ਇਹ ਇਕ ਮਾਮੂਲੀ ਜਹੀ ਕਲਾਜ਼ ਹੈ ਔਰ ਜੋ ਇਸ ਐਕਟ ਵਿਚ ਪਹਿਲੇ ਸੈਕਸ਼ਨ ਹੈ ਉਸ ਵਿਚ ਔਰ ਇਸ ਅਮੈਂਡਿੰਗ ਕਲਾਜ਼ ਵਿਚ ਕੋਈ ਖਾਸ ਫ਼ਰਕ ਨਹੀਂ ਹੈ । ਜੋ ਪਹਿਲੀ ਪਰੋਵੀਜ਼ਨ ਨੂੰ ਦੇਖੀਏ ਤਾਂ ਉਸ ਵਿਚ ਲਫਜ਼ ਹਨ assessment and penalty ਔਰ ਦੂਜੀ ਵਿਚ ਰੱਖ ਦਿੱਤਾ ਹੈ assessment or penalty । ਮਤਲਬ ਇਹ ਸੀ ਕਿ ਉਸ ਨੂੰ ਥੋੜੀ ਜਿਹੀ ਰਿਆਇਤ ਰਹੇ । ਐਸਾ ਨਾ ਹੋਵੇ ਕਿ ਉਸ ਨੂੰ ਪਹਿਲਾਂ ਹੀ ਡੀਪੋਜ਼ਿਟ ਕਰਨਾ ਪਵੇ । ਅਸੀਂ ਤਾਂ ਉਨ੍ਹਾਂ ਨੂੰ ਰਿਆਇਤ ਦਿਤੀ ਹੈ । ਇਸ ਲਈ ਇਹ ਕਲਾਜ਼ ਕਿਵੇਂ ਅਮੈਂਡ ਕੀਤੀ ਗਈ ਹੈ, ਪਾਸ ਕੀਤੀ ਜਾਵੇ ।

Deputy Speaker : Amendment No. 296 by Shri Chandi Ram Verma. Question is—

In the second proviso, line 2, for "the penalty" substitute "or the penalty".

The motion was carried.

Deputy Speaker : Question is—

That clause 13, as amended, stand part of the Bill.

The motion was carried.

श्री बलराम जी दास टंडन : आन ए प्वांयट आफ आर्डर, मैडम । हमारी अमैंडमैंटस कहां गईं ?

उपाध्यक्षा : आप की अमैंडमैंटस आउट आफ आर्डर हैं तो भी मैं ने कर्टसी के तौर पर आप को बोलने की इजाज़त दी । (The hon. Member's amendments are out of order. However, out of courtesy I permitted him to have his say.)

CLAUSE 14

ਡਿਪਟੀ ਸਪੀਕਰ : ਬਾਬੂ ਜੀ 5 ਮਿੰਟਾਂ ਵਿਚ ਜੋ ਕਹਿਣਾ ਹੈ ਕਹਿ ਲਉ । (The hon. Member may finish within five minutes.)

ਬਾਬੂ ਬਚਨ ਸਿੰਘ (ਲੁਧਿਆਣਾ ਉੱਤਰ) : ਡਿਪਟੀ ਸਪੀਕਰ ਸਾਹਿਬਾ, ਮੈਂ ਤਾਂ ਆਪਣੀ ਗੱਲ ਕਹਿ ਕੇ ਹੀ ਖਤਮ ਕਰਾਂਗਾ ।

ਇਹ ਜੋ ਦਫ਼ਾ ਹੈ ਇਸ ਦੀ ਥਾਂ ਉਹ ਦਫਾ ਆਣੀ ਚਾਹੀਦੀ ਸੀ ਜਿਸਦ ਵਪਾਰੀ ਮੰਗ ਕਰਦੇ ਸਨ । ਉਹ ਮੰਗ ਇਹ ਸੀ ਕਿ ਅਸੈਸਿੰਗ ਅਥਾਰਟੀ ਅਤੇ ਐਪੀਲੇਟ ਅਥਾਰਟੀ ਅਡ ਅਡ ਹੋਣੀ ਚਾਹੀਦੀ ਹੈ । ਸਰਦਾਰ ਕਪੂਰ ਸਿੰਘ ਜੀ ਨੇ ਇਸ ਗੱਲ ਨੂੰ ਮੰਨਿਆ ਵੀ ਸੀ । ਫਿਰ ਇਹੀ ਨਹੀਂ ਹਿੰਦ ਸਰਕਾਰ ਨੇ ਇਸ ਅਸੂਲ ਨੂੰ ਮੰਨ ਵੀ ਲਿਆ ਹੈ । ਇਨਕਮ ਟੈਕਸ ਦੇ ਸਿਲਸਿਲੇ ਵਿਚ ਹਿੰਦ ਸਰਕਾਰ ਨੇ ਜੋ ਕਾਨੂੰਨ ਬਣਾਇਆ ਹੈ ਉਹ ਬਿਲਕੁਲ ਕਲੀਅਰ ਹੈ ਕਿ ਅਸੈਸਿੰਗ ਅਤੇ ਐਪੀਲੇਟ ਅਥਾਰਟੀਜ਼ ਅਡ ਅਡ ਹੋਣਗੀਆਂ । ਵਪਾਰੀਆਂ ਦੀ ਇਕ ਤਾਂ ਮੰਗ ਇਹ ਸੀ ਕਿ ਇਹ ਟੈਕਸ ਫਸਟ ਸਟੇਜ ਤੇ ਲਾਇਆ ਜਾਵੇ ਤੇ ਦੂਜੀ ਇਹ ਸੀ ਕਿ ਇਹ ਅਥਾਰਟੀਜ਼ ਅਡ ਅਡ ਹੋਣ ।

ਵਿਤ ਮੰਤ੍ਰੀ : ਇਸ ਤਰ੍ਹਾਂ ਹੈ । ਮੈਨੂੰ ਮੌਕਾ ਦਿਉ ਮੈਂ ਸਮਝਾ ਦਿੰਦਾ ਹਾਂ। ਪਹਿਲੇ ਐਕਟ ਵਿਚ ਇਹ ਪਰੋਵਿਯਨ ਸੀ ਕਿ ਸਿਰਤ ਕਮਿਸ਼ਨਰ ਨੂੰ ਹੀ ਰੀਵੀਯਨ ਦੇ ਇਖਤਿਆਰ ਸਨ । ਹੁਣ ਉਸ ਵਿਚ ਇਹ ਲਫਜ਼ ਐਡ ਕੀਤੇ ਗਏ ਹਨ:—

"Commissioner or the officer on whom Powers of the Commissioner under sub-section (1) have been conferred by the State Government".

ਇਹ ਇਸ ਲਈ ਕੀਤਾ ਹੈ ਕਿ ਪਹਿਲਾਂ ਜੋ ਸਿਰਫ਼ ਕਮਿਸ਼ਨਰ ਨੂੰ ਹੀ ਪਾਵਰ ਸੀ ਉਹ ਪਾਵਰ ਹੁਣ ਸਰਕਾਰ ਕਿਸੇ ਹੋਰ ਨੂੰ ਵੀ ਰਵੀਜ਼ਨ ਦੀ ਪਾਵਰ ਦੇ ਸਕਦੀ ਹੈ ।

ਬਾਬੂ ਬਚਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਫਿਨਾਂਸ ਮਿਨਿਸਟਰ ਸਾਹਿਬ ਨੇ ਜੋ ਐਕਸਪਲੇਨੇਸ਼ਨ ਦਿਤਾ ਹੈ ਉਸ ਨਾਲ ਪੁਜ਼ੀਸ਼ਨ ਹੋਰ ਵੀ ਖਰਾਬ ਹੋ ਗਈ ਹੈ। ਅਸੀਂ ਕਹਿੰਦੇ ਹਾਂ ਕਿ ਇਹ ਗੱਲ ਕਿ ਅਸੈਸਿੰਗ ਅਤੇ ਐਪੀਲੇਟ ਅਥਾਰਟੀਜ਼ ਅਲਗ ਅਲਗ ਹੋਣਗੀਆਂ ਇਹ ਗੱਲ ਸਾਫ਼ ਲਫਜ਼ਾਂ ਵਿਚ ਬਿਲ ਵਿਚ ਆਣੀ ਚਾਹੀਦੀ ਹੈ । ਇਹ ਕਾਫ਼ੀ ਅਰਸਾ ਸਪੀਕਰ ਤੇ ਚੇਅਰਮੈਨ ਰਹੇ ਹਨ ਅਤੇ ਜਾਣਦੇ ਹਨ ਕਿ ਇਸ ਤਰ੍ਹਾਂ ਦੇ ਜੋ ਕਾਨੂੰਨ ਬਣਦੇ ਹਨ ਇਨ੍ਹਾਂ ਮੁਤਾਬਕ ਸਰਕਾਰ ਚੰਗੇ ਆਦਮੀ ਨੂੰ ਵੀ ਅਥਾਰਟੀ ਦੇ ਸਕਦੀ ਹੈ ਤੇ ਬੁਰੇ ਆਦਮੀ ਨੂੰ ਵੀ ਅਥਾਰਟੀ ਦੇ ਸਕਦੀ ਹੈ, ਸਰਕਾਰ ਚੰਗਾ ਕੰਮ ਵੀ ਕਰ ਸਕਦੀ ਹੈ ਤੇ ਬੁਰਾ ਕੰਮ ਵੀ ਕਰ ਸਕਦੀ ਹੈ । ਸਰਕਾਰ ਦੇ ਐਗਜ਼ੇਕਟਿਵ ਅਤੇ ਜੁਡੀਸ਼ਲ ਫੰਕਸ਼ਨ ਹੁੰਦੇ ਹਨ ।

ਡਿਪਟੀ ਸਪੀਕਰ : ਚੌਧਰੀ ਦਰਸ਼ਨ ਸਿੰਘ ਨੂੰ ਲਾਬੀ ਵਿਚ ਭੇਜ ਦਿਉ । (Please send Chaudhri Darshan Singh to the lobby.)

ਬਾਬੂ ਬਚਨ ਸਿੰਘ : ਸਾਡਾ ਇਹ ਮਤਾਲਬਾ ਹੈ ਅਤੇ ਹਕ ਬਜਾਨਬ ਮਤਾਲਬਾ ਹੈ ਕਿ ਮਤੇ ਸਰਕਾਰ ਨੇ ਇਸ ਨੂੰ ਇਕ ਪ੍ਰਿੰਸੀਪਲ ਮੰਨਿਆ ਹੋਇਆ ਹੈ ਕਿ ਅਸੈਸਿੰਗ ਅਤੇ ਐਪੈਲੇਟ ਅਥਾਰਟੀ ਅਡ ਅਡ ਹੋਣੀ ਚਾਹੀਦੀ ਹੈ । ਸਵਾਲ ਇਹ ਹੈ ਕਿ ਕੀ ਇਹ ਕਾਨੂੰਨ ਰਾਹੀਂ ਇਸ ਤੇ ਅਮਲ ਕਰਨ ਲਈ ਤਿਆਰ ਹਨ... ....

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਮੈਡਮ । ਤੁਸੀਂ ਮੈਨੂੰ ਉਥੋਂ ਉਠਣ ਦਾ ਹੁਕਮ ਦਿਤਾ ਪਰ ਸਰਦਾਰ ਤਰਲੋਚਨ ਸਿੰਘ ਤੇ ਮਿਹਰਬਾਨੀ ਕਰ ਰਹੇ ਹੋ ।

(ਹਾਸਾ)

ਡਿਪਟੀ ਸਪੀਕਰ : ਜੇ ਉਹ ਸ਼ੋਰ ਪਾਉਣਗੇ ਤਾਂ ਉਨ੍ਹਾਂ ਨੂੰ ਵੀ ਉਠਾ ਦਿਆਂਗੀ । (If he makes noise, then he, too, will be asked to move out.)

ਬਾਬੂ ਬਚਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਜਿਸ ਵੇਲੇ ਇਹ ਸਰਕਾਰ ਬਰਸਰੇ ਇਕਤਦਾਰ ਆਈ ਤਾਂ ਇਨ੍ਹਾਂ ਨੇ ਬੜੇ ਢੋਲ ਢਮੱਕੇ ਨਾਲ ਐਲਾਨ ਕੀਤਾ ਕਿ ਅਸੀਂ ਜੁਡੀਸ਼ਰੀ ਅਤੇ ਐਗਜ਼ੇਕਟਿਵ ਨੂੰ ਅਡ ਅਡ ਕਰ ਰਹੇ ਹਾਂ । ਸਾਰੇ ਪੰਜਾਬ ਨੇ ਇਸ ਗੱਲ ਨੂੰ ਪਸੰਦ ਕੀਤਾ । ਉਸ ਦੀ ਬਿਨਾ ਤੇ ਵਪਾਰੀਆਂ ਨੇ ਸਰਕਾਰ ਤੋਂ ਡੀਮਾਂਡ ਕੀਤੀ ਅਤੇ ਹਕ ਬਜਾਨਬ ਡੀਮਾਂਡ

[ਬਾਬੂ ਬਚਨ ਸਿੰਘ]

ਕੀਤੀ ਕਿ ਤੁਸੀਂ ਜੋ ਜਨਰਲ ਪ੍ਰਿੰਸੀਪਲ ਕਬੂਲ ਕੀਤਾ ਹੈ ਅਤੇ ਜੋ ਹਿੰਦ ਸਰਕਾਰ ਨੇ ਵੀ ਇਨਕਮ ਟੈਕਸ ਦੀ ਸੂਰਤ ਵਿਚ ਕਬੂਲ ਕੀਤਾ ਹੈ ਉਸੇ ਮੁਤਾਬਕ ਕਾਨੂੰਨ ਬਣਾਉ ਕਿ ਅਸੈਸਿੰਗ ਅਥਾਰਟੀ ਨੂੰ ਟੈਕਸ ਜਾਂ ਪਨੈਲਟੀ ਆਪਣੀ ਮਰਜ਼ੀ ਨਾਲ ਲਾਉਣ ਦਾ ਮੌਕਾ ਨਾ ਹੋਵੇ। ਉਹ ਅਸੈਸ ਕਰੇ ਪਰ ਅਪੀਲ ਸੁਣੇ ਕੋਈ ਹੋਰ ਅਥਾਰਟੀ ਜੋ ਇਹ ਦੇਖੇ ਕਿ ਡੀਲਰ ਨਾਲ ਧੱਕਾ ਤਾਂ ਨਹੀਂ ਹੋ ਰਿਹਾ। ਹੁਣ ਜਿਸ ਤਰ੍ਹਾਂ ਇਸ ਵਿਚ ਪਰੋਵੀਜ਼ਨ ਕੀਤਾ ਗਿਆ ਹੈ ਉਸ ਨਾਲ ਇਹ ਮਕਸਦ ਪੂਰਾ ਹੋ ਜਾਂਦਾ ਹੈ। ਇਹ ਦਸ ਦੇਣ। ਮੇਰੀ ਰਾਏ ਹੈ ਕਿ ਦੁਨੀਆਂ ਵਿਚ ਕੋਈ ਵੀ ਐਗਜ਼ੈਕਟਿਵ ਖੁਸ਼ੀ ਨਾਲ ਆਪਣੇ ਇਖਤਿਆਰ ਜੁਡੀਸ਼ਰੀ ਨੂੰ ਜਾਂ ਲੈਜਿਸਲੇਟਿਵ ਬਾਡੀ ਨੂੰ ਦੇਣ ਲਈ ਤਿਆਰ ਨਹੀਂ ਹੁੰਦੀ। ਇਹ ਤਾਂ ਉਸ ਦੇ ਅਨਵਿਲਿੰਗ ਹਥਾਂ ਵਿਚੋਂ ਖੋਹੇ ਜਾਂਦੇ ਹਨ। ਇਸ ਲਈ ਮੈਂ ਤਾਂ ਇਹ ਸਾਫ ਰਾਏ ਰਖਦਾ ਹਾਂ ਕਿ ਇਸ ਕਲਾਜ਼ ਨੂੰ ਇਸ ਤਰੀਕੇ ਨਾਲ ਅਮੈਂਡ ਕਰਕੇ ਸਰਕਾਰ ਵਪਾਰੀਆਂ ਨੂੰ ਦਿਤੇ ਆਪਣੇ ਵਾਅਦੇ ਤੋਂ ਮੁਨਹਰਫ ਹੋ ਗਈ ਹੈ ਅਤੇ ਉਸ ਨੂੰ ਪੂਰਾ ਨਹੀਂ ਕਰਨਾ ਚਾਹੁੰਦੀ। ਉਸ ਤੋਂ ਪਰੇ ਹਟ ਗਏ ਅਤੇ ਉਸ ਗੱਲ ਨੂੰ ਪੂਰਾ ਨਹੀਂ ਕਰਨਾ ਚਾਹੁੰਦੇ। ਜੇਕਰ ਇਹ ਇਸ ਗਲ ਤੇ ਸਿਨਸੀਅਰ ਨੇ ਤਾਂ ਇਨ੍ਹਾਂ ਨੂੰ ਅਮੈਂਡਮੈਂਟ ਲਿਆਣੀ ਚਾਹੀਦੀ ਸੀ ਕਿ ਐਪੀਲੇਟ ਅਥਾਰਟੀ ਵਖਰੀ ਹੋਵੇਗੀ। ਕਿਉਂਕਿ ਇਨ੍ਹਾਂ ਦੀ ਐਗ-ਜ਼ੈਕਟਿਵ ਤੇ ਕੋਈ ਇਤਬਾਰ ਕਰਨ ਨੂੰ ਤਿਆਰ ਨਹੀਂ। ਇਸ ਲਈ ਮੇਰੀ ਬੇਨਤੀ ਐਨੀ ਹੈ ਕਿ ਅਸੈਸਿੰਗ ਅਥਾਰਟੀ ਅਤੇ ਐਪੀਲਾਟ ਅਥਾਰਟੀ ਨੂੰ ਵਖ ਵਖ ਕਰਨਾ ਚਾਹੀਦਾ ਹੈ। (ਵਿਘਨ)

Deputy Speaker : Question is—

That clause 14 stand part of the Bill.

The motion was carried.

CLAUSE 15

Deputy Speaker : Now Clause 15 is before the House.

(*At this stage Shri Ram Saran Chand Mital rose to speak*).

Voices : ਬੈਠ ਜਾਓ ਬੈਠ ਜਾਓ ਮਿਤਲ ਸਾਹਿਬ।

ਸ੍ਰੀ ਬਲਰਾਮ ਜੀ ਦਾਸ ਟੰਡਨ : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਕੀ ਕੋਈ ਮੈਂਬਰ ਕਿਸੇ ਦੂਜੇ ਨੂੰ ਇਸ ਤਰ੍ਹਾਂ ਡੰਡੇ ਦੇ ਜ਼ੋਰ ਨਾਲ ਬਿਠਾ ਸਕਦਾ ਹੈ ਜੇਕਰ ਉਹ ਬੋਲਣਾ ਚਾਹੁੰਦਾ ਹੋਵੇ ਤਾਂ ਵੇਖੋ ਇਸ ਪਾਰਟੀ ਦੀ ਕਿੰਨੀ ਬੁਰੀ ਹਾਲਤ ਹੈ ਕਿ ਮਿਤਲ ਸਾਹਿਬ ਤਰਮੀਮ ਤੇ ਬੋਲਣਾ ਚਾਹੁੰਦੇ ਹਨ ਅਤੇ ਇਨ੍ਹਾਂ ਨੂੰ ਬੈਠਣ ਲਈ ਕਿਹਾ ਜਾ ਰਿਹਾ ਹੈ। ਦਿਸ ਇਜ਼ ਅਨਫੇਅਰ ਡਿਪਟੀ ਸਪੀਕਰ ਸਾਹਿਬਾ।

श्री राम सरन चंद मितल (नारनौल) : मैं भी इतनी सी बात फिनाँस मिनिसटर साहिब के ध्यांन में लाना चाहता हूं कि यह जो क्लाज़ 15 है इस के सामने जो मोजूदा सेक्शन 23 है उस में पावर्ज कोर्टस को हैं और अब एग्ज़ैक्टिव और एडमिनिस्टेटिव आफीसर्ज़ को दी जा रही हैं। तो जो इस सरकार की वाज़ह पालेसी है एग्ज़ैकटिव को जूडीशश्री से अलग रखने की उस के खिलाफ में है इस का ख्याल फिनाँस मिनिस्टर साहिब कर लें तो बेहतर होगा। इस के इलावा लो पावर्ज़ दी जा रही हैं वह एक्सट्रीम हैं। जिस पर्पज़ के लिए है यह बिल लाया जा रहा है यानी इवैज़न को रोकने के लिए वह खत्म हो जाएगा इस बात को भी अगर सरकार देख ले तो ठीक रहेगा।

(विघन)

ਬਾਬੂ ਬਚਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਮੈਡਮ । ਜਦ ਯੂਨੀਨਿਸਟ ਵਜ਼ਾਰਤ ਸੀ ਤੇ ਸੇਲਜ਼ ਟੈਕਸ ਦਾ ਬਿਲ ਲਿਆਂਦਾ ਗਿਆ ਸੀ ਤਾਂ ਸਰਦਾਰ ਕਪੂਰ ਸਿੰਘ ਕਾਂਗ੍ਰਸ ਦੇ ਸੈਕਟਰੀ ਸਨ ਤਾਂ ਕੀ ਸਾਨੂੰ ਉਸ ਵੇਲੇ ਬੋਲਣ ਦਿੰਦੇ ਸਨ ਜਾਂ ਨਹੀਂ ਅਤੇ ਕੀ ਕੁਝ ਇਹ ਆਪ ਕਰਦੇ ਸਨ ਉਹ ਜ਼ਰਾ ਦੱਸ ਦੇਣ ।

ਵਿਤ ਮੰਤਰੀ : ਮੈਂ ਤਾਂ ਉਸ ਵੇਲੇ ਦੀ ਉਨ੍ਹਾਂ ਦੀ ਮਦਦ ਕੀਤੀ ਸੀ ਉਨ੍ਹਾਂ ਦੀਆਂ ਜੋ ਜੋ ਡੀਮਾਂਡਜ਼ ਜਦ ਸਨ ਉਹ ਮੰਨ ਲਈਆਂ ਸਨ ਅਤੇ ਹੁਣ ਵੀ ਜਿਹੜੀਆਂ ਡੀਮਾਂਡਜ਼ ਉਨ੍ਹਾਂ ਰਖੀਆਂ ਹਨ ਉਹ ਮਨ ਲਈਆਂ ਹਨ । ਮੈਂ ਤਾਂ ਉਥੋਂ ਤੋਂ ਹੀ ਮਦਦ ਕਰਦਾ ਆ ਰਿਹਾ ਹਾਂ ।

(ਵਿਘਨ)

ਸਰਦਾਰ ਕੁਲਬੀਰ ਸਿੰਘ (ਫ਼ੀਰੋਜ਼ਪੁਰ) **:** ਡਿਪਟੀ ਸਪੀਕਰ ਸਾਹਿਬਾ ਇਹ ਜਿਹੜੀ ਕਲਾਜ਼ 15 ਹੈ ਮੈਂ ਇਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ । ਇਸ ਸੈਕਸ਼ਨ ਵਿਚ ਜਿਨੇ ਵੀ ਕਸੂਰ ਸਾਰੇ ਬਿਲ ਦੀਆਂ ਬਾਕੀ ਦੀਆਂ ਕਲਾਜ਼ਾਂ ਵਿਚ ਹਨ ਉਨ੍ਹਾਂ ਲਈ ਸਜ਼ਾਵਾਂ ਰਖੀਆਂ ਹੋਈਆਂ ਹਨ । ਇਹ ਆਰਬਿਟਰੇਰੀ ਕਲਾਜ਼ ਹੈ ਇਕ ਤਾਂ ਐਗਜ਼ੈਕਟਿਵ ਅਤੇ ਜੁਡੀਸ਼ਰੀ ਵਾਲੀ ਗੱਲ ਹੈ ਦੂਜਾ ਇਹ ਹੈ ਕਿ ਇਸ ਵਿਚ ਸਜ਼ਾਵਾਂ ਦੀਆਂ ਡੀਟੇਲਜ਼ ਹਨ ਜਿਹੜੀਆਂ ਕਿ ਸਭ ਤੋਂ ਵਧ ਰਖੀਆਂ ਹੋਈਆਂ ਹਨ ਇਹ ਉਸ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਜੇਲ੍ਹ ਵਿਚ ਗਿਦੜ ਕੁਟ ਦਿਤੀ ਜਾਂਦੀ ਸੀ ਜਿਵੇਂ ਕਿ ਗਿਦੜ ਤੇ ਝੁਮ ਪਾ ਕੇ ਕੁਟ ਦਿਤੀ ਜਾਂਦੀ ਹੈ ਤਾਂ ਕਿ ਪਤਾ ਨਾ ਲਗੇ ਕਿ ਮਾਰ ਕਿਸ ਪਾਸੇ ਤੋਂ ਪੈ ਰਹੀ ਹੈ । ਇਸੇ ਤਰ੍ਹਾਂ ਇਹ ਕਲਾਜ਼ ਕੰਬਲ ਕੁਟ ਵਾਂਙ ਹੈ ਕਿ ਇਹ ਪਤਾ ਨਹੀਂ ਕਿ ਕਸੂਰ ਕੀ ਹੈ ਪਰ ਸਜ਼ਾਵਾਂ ਬਹੁਤ ਰਖੀਆਂ ਹੋਈਆਂ ਹਨ। ਸ਼ੁਰੂ ਵਿਚ ਹੀ ਦੋ ਹਜ਼ਾਰ ਰੁਪਏ ਤਕ ਦੀ ਸਜ਼ਾ ਰਖੀ ਹੋਈ ਹੈ ।

ਫ਼ਿਰ ਇਸ ਵਿਚ ਇਹ ਹੈ ਕਿ ਕਲਾਜ਼ ਦੀ ਸਬ-ਕਲਾਜ਼ 2 ਵਿਚ ਦਰਜ ਹੈ ਕਿ—

> "Any officer of the rank of a Deputv Excise and Taxation Commissioner appointed under sub-section (1) of section 3 may, after affording to a dealer a reasonable opportunity of being heard, impose the penalty mentioned in sub-section (1)."

ਇਸ ਵਿਚ ਇਹ ਹੈ ਕਿ ਉਸ ਡੀਲਰ ਨੂੰ ਸੁਣਨ ਦਾ ਮੌਕਾ ਦੇ ਕੇ ਬਿਨਾ ਉਸ ਦਾ ਕਸੂਰ ਡੀਫਾਇਨ ਕਰਨ ਦੇ ਉਸ ਨੂੰ ਸਜ਼ਾ ਦੇ ਸਕਦਾ ਹੈ ਜਿਹੜਾ ਕਿ ਦੋ ਹਜ਼ਾਰ ਰੁਪਏ ਤਕ ਜ਼ੁਰਮਾਨਾ ਹੋ ਸਕਦਾ ਹੈ । ਜ਼ੁਰਮ ਨਹੀਂ ਪਰ ਸਜ਼ਾ ਰਖ ਦਿਤੀ ਗਈ ਹੈ । ਇਹ ਇਕ ਵਡੀ ਅਨਾਮੋਲੀ ਇਸ ਵਿਚ ਹੈ ।

ਫ਼ਿਰ ਇਸ ਤੋਂ ਅੱਗੇ ਸਬ-ਕਲਾਜ਼ (3) ਵਿਚ ਇਹ ਲਿਖਿਆ ਹੈ ਕਿ—

> "(3) Any person aggrieved by an order passed by an officer under sub-section (2) may, within a period of sixty days from the date of such order, appeal to the Commissioner or an officer not below the rank of Joint Excise and Taxation Commissioner, appointed under sub-section (1) of section 3 and authorised in this behalf by the Commissioner."

ਇਸ ਵਿਚ ਇਹ ਹੈ ਕਿ ਉਹ ਡੀਲਰ 60 ਦਿਨਾਂ ਦੇ ਅੰਦਰ ਅਪੀਲ ਕਰ ਸਕਦਾ ਹੈ ਇਸ ਦੌਰਾਨ ਵਿਚ ਉਸ ਦੀਆਂ ਕਿਤਾਬਾਂ ਖੋਹ ਲਈਆਂ ਗਈਆਂ ਬਹੀਆਂ ਜ਼ਬਤ ਕਰ ਲਈਆਂ ਗਈਆਂ ਤੇ ਫਿਰ ਜ਼ੁਰਮਾਨੇ ਦੀ ਰਕਮ ਵੀ ਉਸ ਪਾਸੋਂ ਵਸੂਲ ਕਰ ਲਈ । ਪਰ ਜੇਕਰ ਫ਼ੈਸਲਾ ਨਹੀਂ ਹੁੰਦਾ ਤਾਂ ਉਸ ਦਾ ਕੀ ਇਲਾਜ ਹੈ ? ਹਿਸਾਬ ਕਿਤਾਬ ਵੀ ਲੈ ਲਿਆ, ਜ਼ੁਰਮਾਨਾ ਵੀ ਲੈ ਲਿਆ

[ਸਰਦਾਰ ਕੁਲਬੀਰ ਸਿੰਘ]

ਤੇ ਅਪੀਲ ਦਾਇਰ ਕਰਨ ਦੀ ਮਿਆਦ ਤਾਂ 60 ਦਿਨ ਰਖ ਦਿਤੀ ਪਰ ਫ਼ੈਸਲਾ ਕਰਨ ਲਈ ਕੋਈ ਮਿਆਦ ਨਹੀਂ ਰਖੀ ਕਿ ਇੰਨੇ ਚਿਰ ਤਕ ਜ਼ਰੂਰ ਫ਼ੈਸਲਾ ਕਰ ਦਿਤਾ ਜਾਵੇਗਾ। ਇਸ ਵਿਚ ਸਾਲ ਵੀ ਲਗ ਸਕਦਾ ਹੈ ਇਸ ਤੋਂ ਜ਼ਿਆਦਾ ਵਕਤ ਵੀ ਲਗ ਸਕਦਾ ਹੈ। ਇੰਡੈਫੀਨੇਟ ਅਰਸਾ ਰਖ ਦਿਤਾ ਹੈ। ਇਹ ਬਹੁਤ ਵਡੀ ਜ਼ਿਆਦਤੀ ਹੈ। ਕੀ ਸਰਕਾਰ ਨੇ ਇਹ ਤਹਿ ਕੀਤਾ ਹੈ ਕਿ ਟ੍ਰੇਡਰ ਨੂੰ ਇਸ ਤਰ੍ਹਾਂ ਹਥ ਪਾ ਲਉ ਕਿ ਉਹ ਫਿਰ ਕੰਮ ਕਰਨ ਜੋਗਾ ਨਾ ਰਹੇ? ਫਿਰ ਇਨਸਪੈਕਟਰਾਂ ਦਾ ਰਾਜ ਪੱਕਾ ਕੀਤਾ ਜਾ ਰਿਹਾ ਹੈ ਅਤੇ ਨਾਵਾਜਬ ਹੱਦ ਤਕ ਉਨ੍ਹਾਂ ਨੂੰ ਇਖਤਿਆਰ ਦਿਤੇ ਜਾ ਰਹੇ ਹਨ। ਕੋਈ ਵੀ ਇਨਸਪੈਕਟਰ ਜਿਸ ਨੂੰ ਬਣਾਇਆ ਜਾਂਦਾ ਹੈ ਮਹੀਨਿਆਂ ਵਿਚ ਹੀ ਲਖਪਤੀ ਬਣ ਜਾਂਦਾ ਹੈ, ਕੋਠੀਆਂ ਖੜ੍ਹੀਆਂ ਕਰ ਲੈਂਦਾ ਹੈ ਅਤੇ ਕਾਰਾਂ ਖਰੀਦ ਲੈਂਦਾ ਹੈ। ਇਸ ਤੇ ਕੋਈ ਪਾਬੰਦੀ ਲਗਾ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਇਨੇ ਵਸੀਹ ਇਖਤਿਆਰ ਇਨਸਪੈਕਟਰਾਂ ਨੂੰ ਦੇ ਦੇਣੇ ਤਾਂ ਰਿਸ਼ਵਤ ਦੇ ਦਰਵਾਜ਼ੇ ਨੂੰ ਖੋਲ੍ਹਣਾ ਹੈ। ਫਿਰ ਇਸ ਵਿਚ ਕੋਈ ਕਸੂਰ ਨਹੀਂ ਦਿਤਾ ਗਿਆ, ਸਜ਼ਾ ਦਸੀ ਗਈ ਹੈ। ਮੈਂ ਇਸ ਦਾ ਵਿਰੋਧ ਕਰਦਾ ਹਾਂ। ਇਹ ਕਲਾਜ਼ ਡੀਲੀਟ ਹੋਣੀ ਚਾਹੀਦੀ ਹੈ।

ਕਾਮਰੇਡ ਭਾਨ ਸਿੰਘ ਭਰਾ (ਧੂਰੀ, ਐਸ. ਸੀ.): ਡਿਪਟੀ ਸਪੀਕਰ ਸਾਹਿਬਾ, ਇਹ ਜਿਹੜੀ ਕਲਾਜ਼ 15 ਹੈ ਇਸ ਤੇ ਬੋਲਦਿਆਂ ਜੋ ਸਰਦਾਰ ਕੁਲਬੀਰ ਸਿੰਘ ਨੇ ਕਿਹਾ ਹੈ ਤੇ ਜਿਹੜੀ ਐਕਸਪਲੇਨੇਸ਼ਨ ਫਿਨਾਂਸ ਮਨਿਸਟਰ ਸਾਹਿਬ ਨੇ ਦਿਤੀ ਹੈ ਉਸ ਤੋਂ ਜ਼ਾਹਿਰ ਹੁੰਦਾ ਹੈ ਕਿ ਉਹ ਆਪ ਹੀ ਇਸ ਪਾਸੇ ਫਸ ਗਏ ਹਨ। ਇਕ ਵੇਰ ਇਕ ਸੇਠ ਤੇ ਜੱਟ ਦੀ ਦੋਸਤੀ ਹੋ ਗਈ, ਸੇਠ ਤਾਂ ਕੁਝ ਮਹੀਨਿਆਂ ਵਿਚ ਹੀ ਅਮੀਰ ਹੋ ਗਿਆ। ਉਸ ਤੋਂ ਜਟ ਨੇ ਪੁਛਿਆ ਕਿ ਤੂੰ ਐਨੀ ਛੇਤੀ ਅਮੀਰ ਕਿਵੇਂ ਬਣ ਗਿਆ ਤਾਂ ਸੇਠ ਨੇ ਕਿਹਾ ਕਿ ਐਧਰ ਓਧਰ ਡੰਡੀ ਫੇਰਨ ਨਾਲ ਅਮੀਰ ਬਣ ਗਿਆ ਹਾਂ। ਜੱਟ ਨੇ ਵੀ ਤਕੜੀ ਫੜ ਲਈ ਤੇ ਹਟੀ ਕਰਨ ਲਗ ਪਿਆ। ਇਕ ਬੁੱਢੀ ਦਾਣੇ ਲੈ ਕੇ ਆਈ ਤਾਂ ਜੱਟ ਨੇ ਤਕੜੀ ਤੇ ਪਾ ਲਏ ਕਦੇ ਇਧਰ ਵੇਖੇ ਕਦੇ ਉਧਰ ਵੇਖੇ ਬੁੱਢੀ ਦੇ ਪੁਛਣ ਤੇ ਕਿਹਾ ਕਿ ਅਜੇ ਤਾਂ ਮੇਰਾ ਪਾਸਕੂ ਵੀ ਪੂਰਾ ਨਹੀਂ ਹੋਇਆ। ਸਰਕਾਰ ਨੇ ਇਨ੍ਹਾਂ ਕੋਲੋਂ ਟੈਕਸ ਤਾਂ ਲੈਣਾ ਹੀ ਹੈ ਫਿਰ ਕਿਉਂ ਨਹੀਂ ਇਕੋ ਥਾਂ ਤੇ ਲਗਾ ਦਿੰਦੇ। ਇਸ ਤਰ੍ਹਾਂ ਪਾਸਕੂ ਪੂਰਾ ਕਰਨ ਵਾਲੀ ਗੱਲ ਕਿਉਂ ਕੀਤੀ ਜਾਂ ਰਹੀ ਹੈ ਜਿਹੜਾ ਟੈਕਸ ਲਗਾਣਾ ਹੈ ਲਗਾ ਦੇਣਾ ਚਾਹੀਦਾ ਹੈ ਅਤੇ ਇਕੋ ਥਾਂ ਤੇ ਵਸੂਲ ਕਰ ਲੈਣਾ ਚਾਹੀਦਾ ਹੈ

Deputy Speaker : Question is—

That clause 15 stand part of the Bill.

The motion was carried.

(CLAUSE 16)

Shri Chandi Ram Verma: Madam, I beg to move—

In the marginal heading *for* '27' *substitute* '24'.

Deputy Speaker: Motion moved—

In the marginal heading, *for* '27' subsitute '24'.

Deputy Speaker: Question is —

In the marginal heading *for* '27' substitute '24'.

The motion was carried.

Deputy Speaker: Question is—

That Clause 16, as amended, stand part of the Bill.

The motion was carried.

CLAUSE 17

(*Principal Rala Ram started to speak on clause 17*)

1.00 p.m.

ਬਾਬੂ ਬਚਨ ਸਿੰਘ : On a point of order, adam. ਜਦੋਂ Clause No. 17 ਅਜੇ ਮੂਵ ਹੀ ਨਹੀਂ ਹੋਈ ਤਾਂ ਇਹ ਡਿਸਕਸ ਕਿਸ ਤਰ੍ਹਾਂ ਹੋ ਸਕਦੀ ਹੈ ?

उपाध्यक्षा : कलाज 17 जो है वह पास हो चुकी है, क्लाज 17 अंडर डिसकशन है,) clau e 16 has been passed and cla e 16 is under discussion.)

ਪ੍ਰਿੰਸੀਪਲ ਰਲਾ ਰਾਮ (ਮੁਕੇਰੀਆਂ) : ਉਪਾਧਯਕਸ਼ ਮਹੋਦਿਆ ਮੈਂ ਤਾਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਇਹ ਪਾਵਰਜ਼ ਇਸ ਕਲਾਜ਼ ਵਿਚ ਦਿਤੀਆਂ ਜਾ ਰਹੀਆਂ ਹਨ ਇਹ ਕੁਝ ਆਬਜੈਕਸ਼ਨੇਬਲ ਹਨ ਅਨਡਿਜ਼ਾਇਰੇਬਲ ਅਤੇ ਇਕ ਤਰ੍ਹਾਂ ਦੀਆਂ ਰਿਡੰਡੈਂਟ ਕਿਸਮ ਦੀਆਂ ਹਨ ਮੈਂ ਸਮਝਦਾ ਹਾਂ ਕਿ ਇਹ ਇਸ ਤਰ੍ਹਾਂ ਦੇ ਲਫਜ਼ ਹਨ ਜਿਹੜੇ ਬਿਲਕੁਲ ਵੀ ਸੂਟ ਨਹੀਂ ਕਰਦੇ । ਮੈਂ ਇਸ ਵਿਚ ਕੁਝ ਤਰਮੀਮਾਂ ਦਿਤੀਆਂ ਹਨ ਜਿਹੜੀਆਂ ਮੰਨ ਲਈਆਂ ਜਾਣ ਤਾਂ ਇਹ ਕਲਾਜ਼ ਠੀਕ ਹੋ ਜਾਵੇਗੀ, ਉਹ ਇਹ ਹਨ :—

Delete sub-clause (1);

In sub-clause (2), lines 1-2, *delete* "for the words 'granting of certificates' the words 'granting or renewal of certificates' shall be substituted, and";

In sub-clause (3), lines 1-2 *for* '(i)' *substitute* '(1)'.

In sub-clause (3), lines 3-4, delete "and the manner of making an enquiry under the first proviso to sub-section (6) of that section";

In sub-clause (3), line 5, *for* '(ii)' substitute '(11)'.

Deputy Speaker: Motions moved—

Delete sub-clause (1);

In sub-clause (2), lines 1-2, *delete* "for the words 'granting of certificates', the words 'granting or renewal of certificates' shall be substituted, and";

In sub-clause (3), lines 1-2, *for* '(i)' *substitute* '(1)';

In sub-clause (3), lines 3-4, *delete* "and the manner of making an enquiry under the first proviso to sub-section (6) of that section";

In sub-clause (3), line 5, *for* '(ii)' *substitute* '(11)'.

ਵਿਤ ਮੰਤਰੀ (ਸਰਦਾਰ ਕਪੂਰ ਸਿੰਘ) : ਇਹ ਅਮੈਂਡਮੈਂਟਾਂ, ਡਿਪਟੀ ਸਪੀਕਰ ਸਾਹਿਬਾ, ਫਾਰਮਲ ਜਿਹੀਆਂ ਹਨ । ਅਸੀਂ ਇਨ੍ਹਾਂ ਨੂੰ ਅਕਸੈਪਟ ਕਰਦੇ ਹਾਂ ।

Sardar Ranjit Singh Nainewala: Madam, I beg to move—

Delete sub-clause (1);

In Sub-clause (2), lines 1-2 *delete* "for the words 'granting of certificates' the words 'granting or renewal of certificates' shall be *substituted*, and"

Deputy Speaker: Motions moved—

Delete sub-clause (1),

In sub-clause (2), lines 1-2 *delete* 'for the words "granting of certificates' the words 'granting or renewal of certificates'. shall be substituted, and"

Finance Minister: I accept these amendments.

ਬਾਬੂ ਬਚਨ ਸਿੰਘ : ਜੇਕਰ ਇਹ ਦੋਵੇਂ ਤਰਮੀਮਾਂ ਸਰਕਾਰ ਨੇ ਕਬੂਲ ਕਰ ਲਈਆਂ ਹਨ ਤਾਂ ਮੈਂ ਸਮਝਦਾ ਹਾਂ ਇਸ ਕਲਾਜ਼ ਦੇ ਕੋਈ ਮਾਇਨੇ ਹੀ ਨਹੀਂ ਹਨ ।

ਚੀਫ ਪਾਰਲੀਮੈਂਟਰੀ ਸੈਕਰੇਟਰੀ : ਬਾਬੂ ਜੀ ਇਸ ਨੂੰ ਸਮਝਣ ਦੀ ਲੋੜ ਹੈ ।

ਬਾਬੂ ਬਚਨ ਸਿੰਘ : ਅੱਛਾ ਜੀ, ਤੁਹਾਡੇ ਕੋਲੋਂ ਸਮਝ ਲਵਾਂਗੇ । ਪਰ ਬਹੁਤੀ ਅਕਲ ਦਾ ਮਾਣ ਹਮੇਸ਼ਾ ਬੇਅਕਲ ਨੂੰ ਹੁੰਦਾ ਹੈ ।

ਚੀਫ ਪਾਰਲੀਮੈਂਟਰੀ ਸੈਕਰੇਟਰੀ : ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਜੀ ਕਿ ਬਾਬੂ ਜੀ ਨੂੰ ਏਥੇ ਬੈਠੇ ਸਾਰੇ ਬੇਅਕਲ ਨਜ਼ਰ ਆਉਂਦੇ ਹਨ, ਇਸ ਤਰ੍ਹਾਂ ਦਾ ਬਠਿੰਡੇ ਵਿਚ ਇਕ ਸ਼ਖਸ ਦਰੂ ਨਾਉਂ ਦਾ ਹੁੰਦਾ ਸੀ ਉਹ ਸਾਰੇ ਸ਼ਹਿਰ ਨੂੰ ਬੇਅਕਲ ਕਹਿੰਦਾ ਸੀ । ਕੀ ਇਨ੍ਹਾਂ ਦੀ ਇਸ ਤਰ੍ਹਾਂ ਦੀ ਆਦਤ ਤਾਂ ਨਹੀਂ ਹੋ ਗਈ ?

ਸਰਦਾਰ ਸੰਪੂਰਨ ਸਿੰਘ ਧੌਲਾ: ਡਿਪਟੀ ਸਪੀਕਰ ਸਾਹਿਬਾ, ਮੈਂ ਕਲ ਇਕ ਬਹੁਤ ਜ਼ਰੂਰੀ ਕਾਲ ਅਟੈਨਸ਼ਨ ਮੋਸ਼ਨ ਦਾ ਨੋਟਿਸ ਦਿਤਾ ਸੀ ਜਿਸ ਦਾ ਪੰਚਾਇਤ ਸਮਿਤੀ ਔਰ ਮਿਊਂਸੀਪਲ ਕਮੇਟੀ ਦੀ ਲੜਾਈ ਨਾਲ ਸੰਬੰਧ ਹੈ ਲੇਕਿਨ ਮੈਨੂੰ ਉਸ ਦਾ ਜਵਾਬ ਨਹੀਂ ਆਇਆ ਕਿ ਉਹ ਅਲਾਉ ਹੋਈ ਹੈ ਜਾਂ ਨਹੀਂ।

ਡਿਪਟੀ ਸਪੀਕਰ: ਧੌਲਾ ਸਾਹਿਬ, ਵੇਲੇ ਸਿਰ ਤਾਂ ਤੁਸੀਂ ਗਲ ਸੁਣਦੇ ਨਹੀਂ। ਮੈਂ ਕਿਹਾ ਸੀ ਕਿ ਸਰਕਾਰ ਸਟੇਟਮੈਂਟ ਦੇਵੇਗੀ। ਮਿਹਰਬਾਨੀ ਕਰਕੇ ਜਦੋਂ ਕਿਸੇ ਦੂਸਰੇ ਸਬਜੈਕਟ ਤੇ ਬਹਿਸ ਹੋ ਰਹੀ ਹੋਵੇ ਉਦੋਂ ਇੰਟਰੱਪਟ ਨਾ ਕਰਿਆ ਕਰੋ। (It is a pity that Shri Dhaula does not hear the Chair at the proper time. What I said was that the Government would make a statement. He may please refrain from making an interruption when some other subject is under discussion.)

STATEMENTS LAID ON THE TABLE OF THE HOUSE BY THE CHIEF PARLIAMENTARY SECRETARY

Chief Parliamentary Secretary (Shri Ram Partap Garg) : Madam, I beg to lay on the Table of the House statements in respect of—

(i) Call Attention Notice No. 121 by Sardar Gurnam Singh, *re*, "leading article of daily 'Pardeep' of 3rd November, 1965, in which it has been stated that if the Punjabi Suba is formed Indian Government will have to keep its armies in Punjab...........".

(ii) Call Attention Notice No. 123 by Comrade Bhan Singh Bhaura, *re* leasing out of land to 50 Harijan families in Village Bir Dhano, tehsil Malerkotla

Statement on Call Attention Notice No 121 given by Sardar Gurnam Singh

(Sardar Darbara Singh, Home and Development Minister)

The M.L.A. has drawn the attention of the Government towards an article captioned, "Punjab Ekta Samiti Ka Memorandum" wherein the 'Pradeep' Jullundur dated 3rd November, 1965, comments on a Memorandum alleged to have been submitted by Punjab Ekta Samiti to the Government enumerating 21 points against the formation of Punjabi Suba, reproducing *inter-alia* from the said Memorandum the words to which the Hon'ble Member has taken exception. This editorial was duly noticed in the aforesaid newspaper, but since in respect of the original Memorandum as published by the *Hind Samachar* and the *Pradeep*, the Legal Remembrancer had already advised that the said Memorandum was not actionable, it has not been considered necessary to obtain Legal Remembrancer's advice again.

In the course of discussion on an adjournment Motion on the subject raised in the Vidhan Sabha on 2nd November, 1965, the Chief Minister, Punjab, is reported by the Tribune, to have said that the Government had no relation direct and indirect with the view as expressed in the Newspapers under discussion. Nevertheless, he added, that the Press Consultative Committee would meet shortly and discuss the press behaviour.

Statement on Call Attention Notice No. 123, given by Comrade Bhan Singh Bhaura

The land in question is in Bir Amamgarh and not in Bir Dhano as mentioned in the Call Attention Notice. Previously, this land was on lease with Shri Siri Ram, etc. for a period of 15 years, who had installed two tubewells in this land. After the expiry of the lease period in December, 1962, the land was leased out to 50 Harijan Families by Government (in the Welfare Department). According to the terms of the lease, the previous lessees were to be paid the capital cost, at the market price of the tubewells etc., installed by them during the lease period, after due deductions on account of depreciation. This amount has not been assessed so far finally and a case is pending in the court of Sub-Judge, 1st Class, Barnala.

2. Some of the area on lease with the Harijans, is also being irrigated by the Government tubewell No. 74. The Harijans have also fitted a 5 H.P. engine on an existing bore to augment irrigation facilities. The land under the command of Government tubewell No. 74 is receiving irrigation according to 'Warabandi.'.

3. The Harijan lessees approached the district authorities. At this, efforts to get the Harijans additional irrigation facilities out of turn were made which have not proved successful as the Irrigation Department have expressed their inability to change 'Warabandi' as the neighbourers of this land were not willing to agree to any change in the existing 'Warabandi'. The tubewell is working to its maximum capacity and it cannot irrigate any more area except at the cost of the neighbouring cultivators, which is not possible under the existing circumstances.

4. As regards the other tubewells owned by the previous lessees, Shri Siri Ram, etc., it may be stated that they were approached in the matter by the district authorities but without any success. The matter being *subjudice*, they could do nothing in the matter.

MOTION UNDER RULE 15

Chief Parliamentary Secretary (Shri Ram Partap Garg) : Madam, I beg to move—

That the proceedings on the items of business fixed for today be exempted at this day's sitting from the provision of the Rule "Sittings of the Assembly" indefinitely.

Deputy Speaker : Motion moved—

That the proceedings on the items of business fixed for today be exempted at this day's sitting from the provisions of the Rule "Sittings of the Assembly" indefinitely.

ਬਾਬੂ ਬਚਨ ਸਿੰਘ (ਲੁਧਿਆਣਾ ਉੱਤਰ): ਡਿਪਟੀ ਸਪੀਕਰ ਸਾਹਿਬਾ, ਮੈਨੂੰ ਇਹ ਸਮਝ ਨਹੀਂ ਆਇਆ ਕਿ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਜਿਹੜੀ ਮੋਸ਼ਨ ਪੇਸ਼ ਕੀਤੀ ਹੈ ਉਸ ਦਾ ਮੁੱਦਾ ਕੀ ਹੈ। ਜਿਹੜੀ ਕਲ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰੀਪੋਰਟ ਆਈ ਸੀ ਉਸ ਦੇ ਵਿਚ ਕਿਤੇ ਵੀ ਇਸ ਗਲ ਦਾ ਜ਼ਿਕਰ ਨਹੀਂ ਸੀ ਕਿ ਅਜ ਸਿਟਿੰਗ ਨਾਨਸਟਾਪ ਚਲੇਗੀ ਔਰ ਜਦੋਂ ਤਕ ਬਿਜ਼ਨੈਸ ਖਤਮ ਨਹੀਂ ਹੋਵੇਗਾ ਉਦੋਂ ਤਕ ਚਲੇਗੀ। ਸਵਾਲ ਇਹ ਹੈ ਕਿ ਪਹਿਲਾਂ ਤਾਂ ਇਹ ਕੁਝ ਸੋਚਦੇ ਨਹੀਂ ਔਰ ਇਨ੍ਹਾਂ ਨੂੰ ਪਹਿਲਾਂ ਕੁਝ ਪਤਾ ਨਹੀਂ ਹੁੰਦਾ, ਜਦੋਂ ਇਨ੍ਹਾਂ ਦੇ ਸਿਰ ਤੇ ਵਰ੍ਹਦੀ ਹੈ ਤਾਂ ਫੇਰ ਇਨ੍ਹਾਂ ਨੂੰ ਸੁਰਤ ਆਉਂਦੀ ਹੈ। ਇਸ ਵੇਲੇ ਹਿੰਦੁਸਤਾਨ ਦੇ ਵਿਚ ਮੁਖਤਲਿਫ ਅਸੈਂਬਲੀਆਂ ਅਤੇ ਪਾਰਲੀਮੈਂਟ ਦੇ ਦੋਨੋਂ ਹਾਊਸ ਬਿਲਕੁਲ ਨਾਰਮਲ ਤਰੀਕੇ ਦੇ ਨਾਲ ਚਲ ਰਹੇ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ ਪੰਜਾਬ ਅਸੈਂਬਲੀ ਦੇ ਵਿਚ ਕੀ ਭਾਜੜ ਪਈ ਹੈ ਕਿ ਏਥੇ ਹਰ ਵੇਲੇ ਐਬਨਾਰਮਲ ਗੱਲਾਂ ਕੀਤੀਆਂ ਜਾਂਦੀਆਂ ਹਨ। ਏਥੇ ਹਰ ਮੌਕੇ ਤੇ ਐਬਨਾਰਮਲ ਗਲ ਕਿਉਂ ਹੋਵੇ ਔਰ ਦੁਨੀਆਂ ਨੂੰ ਇਹ ਕਹਿਣ ਦਾ ਮੌਕਾ ਮਿਲੇ ਕਿ **Punjab is an abnormal State.** ਪਹਿਲੀ ਮਨਿਸਟਰੀ ਦੇ ਵੇਲੇ ਸਾਨੂੰ ਇਹ ਸ਼ਕਾਇਤ ਸੀ ਕਿ ਪੰਜਾਬ ਦੇ ਵਿਚ ਡੈਮੋਕਰੈਟਿਕ ਇੰਸਟੀਟਿਊਸ਼ਨਜ਼ ਠੀਕ ਢੰਗ ਦੇ ਨਾਲ ਨਹੀਂ ਸੀ ਚਲਦੇ ਔਰ ਜਦੋਂ ਕਾਮਰੇਡ ਰਾਮ ਕਿਸ਼ਨ ਹੋਰਾਂ ਦੀ ਮਨਿਸਟਰੀ ਆਈ ਤਾਂ ਸਾਨੂੰ ਇਹ ਆਸ ਸੀ ਕਿ ਇਹ ਮਨਿਸਟਰੀ ਐਸੇ ਤਰੀਕੇ ਨਾਲ ਚਲੇਗੀ ਜਿਸ ਦੇ ਨਾਲ ਜਮਹੂਰੀਅਤ ਦੀ ਕਦਰ ਅਤੇ ਇੱਜ਼ਤ ਹੋਵੇਗੀ। ਲੇਕਿਨ ਹੁਣ ਅਸੀਂ ਦੇਖ ਰਹੇ ਹਾਂ ਕਿ ਇਹ ਹਰ ਚੀਜ਼ ਨੂੰ ਰਸ਼ਥਰੂ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਸੋਚ ਸਮਝ ਕੇ ਕੁਝ ਆਉਂਦੇ ਨਹੀਂ ਔਰ ਐਸੇ ਬਿਲ ਪੇਸ਼ ਕਰਦੇ ਹਨ ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ ਹੁੰਦਾ। ਅਸੀਂ ਉਨ੍ਹਾਂ ਤੇ ਨਾਰਮਲ ਤਰੀਕੇ ਨਾਲ ਬਹਿਸ ਕਰਨ ਲਈ ਤਿਆਰ ਹੋ ਕੇ ਆਉਂਦੇ ਹਾਂ ਲੇਕਿਨ ਜਦੋਂ ਏਥੇ ਹਾਊਸ ਦੇ ਵਿਚ ਆਉਂਦੇ ਹਾਂ ਤਾਂ ਸਾਨੂੰ ਕਹਿ ਦਿਤਾ ਜਾਂਦਾ ਹੈ ਕਿ ਇਸ ਨੂੰ ਐਬਨਾਰਮਲ ਤਰੀਕੇ ਨਾਲ ਪਾਸ ਕੀਤਾ ਜਾਵੇਗਾ। ਇਨ੍ਹਾਂ ਨੇ ਏਥੇ ਹਾਊਸ ਅਰੈਸਟ ਦਾ ਐਲਾਨ ਕਰ ਦਿਤਾ ਹੈ ਕਿ ਸਾਰਾ ਕੰਮ ਅਜ ਹੀ ਖਤਮ ਕੀਤਾ ਜਾਵੇਗਾ। ਲੇਕਿਨ, ਡਿਪਟੀ ਸਪੀਕਰ ਸਾਹਿਬਾ, ਜਦੋਂ ਕਿਸੇ ਨੂੰ ਕੈਦ ਹੁੰਦੀ ਹੈ ਤਾਂ ਉਸ ਦਾ ਰੋਟੀ ਪਾਣੀ ਦਾ ਇੰਤਜ਼ਾਮ ਵੀ ਹੁੰਦਾ ਹੈ। ਇਸ ਕਰਕੇ ਜੇ ਇਨ੍ਹਾਂ ਨੇ ਏਥੇ ਕੈਦ ਕਰਕੇ ਬੈਠਾਉਣਾ ਹੈ ਤਾਂ ਇਨ੍ਹਾਂ ਨੂੰ ਇਹ ਵੀ ਕਹਿਣਾ ਚਾਹੀਦਾ ਸੀ ਕਿ ਰੋਟੀ ਪਾਣੀ ਵੀ ਦਿਤਾ ਜਾਵੇਗਾ। ਪਰ ਅਫਸੋਸ ਦੀ ਗਲ ਇਹ ਹੈ ਕਿ ਇਹ ਕੈਦ ਦੀ ਗਲ ਤਾਂ ਕਰਦੇ ਹਨ ਰੋਟੀ ਪਾਣੀ ਦੀ ਨਹੀਂ ਕਰਦੇ। ਇਹ ਜਿਹੜੇ ਦੋ ਬਿਲ ਹਨ ਇਨ੍ਹਾਂ ਨੂੰ ਰਸ਼ਥਰੂ ਨਹੀਂ ਕਰਨਾ ਚਾਹੀਦਾ। ਮੈਂ ਇਨ੍ਹਾਂ ਨੂੰ ਬਹੁਤ ਇੰਪਾਰਟੈਂਸ ਦਿੰਦਾ ਹਾਂ। ਇਕ ਬਿਲ ਉਹ ਹੈ ਜਿਸ ਦਾ ਸਭ ਕਿਸਾਨਾਂ ਦੇ ਨਾਲ ਸਬੰਧ ਹੈ ਔਰ ਦੂਸਰਾ ਟਰਾਂਸਪੋਰਟ ਵਾਲਿਆਂ ਦੇ ਨਾਲ ਤਲੁੱਕ ਰਖਦਾ ਹੈ। 90 ਫੀ ਸਦੀ ਲੋਕਾਂ ਦੀ ਕਿਸਮਤ ਦਾ ਫੈਸਲਾ ਅਸੀਂ ਕਰਨਾ ਹੈ। ਇਸ ਕਰਕੇ ਇਸ ਮਾਮਲੇ ਨੂੰ ਸੰਜੀਦਗੀ ਨਾਲ ਵਿਚਾਰਨ ਦੀ ਲੋੜ ਹੈ। ਇਸ ਤਰੀਕੇ ਨਾਲ ਰਸ਼ਥਰੂ ਕਰਨਾ ਠੀਕ ਨਹੀਂ। ਇਸ ਕਰਕੇ ਜਿਹੜੀ ਮੋਸ਼ਨ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਪੇਸ਼ ਕੀਤੀ ਹੈ ਮੈਂ ਉਸ ਦੀ ਮੁਖਾਲਫਤ ਕਰਦਾ ਹਾਂ।

ਕਮਰੇਡ ਜੰਗੀਰ ਸਿੰਘ ਜੋਗਾ (ਤਲਵੰਡੀ ਸਾਬੋ) : ਡਿਪਟੀ ਸਪੀਕਰ ਸਾਹਿਬਾ, ਮੈਨੂੰ ਇਹ ਕਹਿਣ ਵਿਚ ਕੋਈ ਹਿਚਕਚਾਹਟ ਨਹੀਂ ਕਿ ਜਿਹੜੀਆਂ ਕਮਜ਼ੋਰੀਆਂ ਹੁੰਦੀਆਂ ਹਨ ਉਹ ਸਾਰੀਆਂ ਸਰਕਾਰੀ ਪਾਰਟੀ ਵੱਲੋਂ ਆਉਂਦੀਆ ਹਨ । ਅਜ ਅਸੀਂ ਵੇਖਦੇ ਹਾਂ ਕਿ ਇਹ ਬਿਲ ਜਿਨ੍ਹਾਂ ਦੇ ਨਾਲ ਸਾਰੇ ਪੰਜਾਬ ਦੇ ਲੋਕਾਂ ਦੀ ਕਿਸਮਤ ਵਾਬਸਤਾ ਹੈ ਉਨ੍ਹਾਂ ਨੂੰ ਜ਼ਬਰਦਸਤੀ ਕਰਕੇ ਸਰਕਾਰ ਪਾਸ ਕਰਨਾ ਚਾਹੁੰਦੀ ਹੈ ਅਤੇ ਮੈਂਬਰਾਂ ਨੂੰ ਪੂਰੀ ਬਹਿਸ ਕਰਨ ਦਾ ਮੌਕਾ ਨਹੀਂ ਦੇਣਾ ਚਾਹੁੰਦੀ । ਜਦੋਂ ਏਥੇ ਸੇਲ ਟੈਕਸ ਦਾ ਬਿਲ ਆਇਆ ਸੀ ਤਾਂ ਇਨ੍ਹਾਂ ਦੀ ਆਪਸੀ ਫੁਟ ਦੇ ਕਾਰਨ ਜਿਹੜੀਆਂ ਤਰਮੀਮਾਂ ਵਾਪਸ ਲਈਆਂ ਗਈਆਂ ਸੀ ਉਨ੍ਹਾਂ ਤੇ ਵੀ ਕਾਂਗਰਸੀ ਮੈਂਬਰ ਇਕ ਇਕ ਘੰਟਾ ਬੋਲੇ ਸਨ । ਇਨ੍ਹਾਂ ਦੀ ਆਪਣੀ ਪਾਰਟੀ ਦੇ ਵਿਚ ਹੀ ਡਿਸਿਪਲਿਨ ਨਹੀਂ ਹੈ । ਦੂਜੇ ਪਾਸੇ ਇਹ ਸਾਰੇ ਹਾਊਸ ਨੂੰ ਕੈਦ ਕਰਕੇ ਬੈਠਾਉਣਾ ਚਾਹੁੰਦੇ ਹਨ । ਮੈਂ ਕਹਿੰਦਾ ਹਾਂ ਕਿ ਜਿਹੜਾ ਲੀਡਰ ਆਪਣੀ ਪਾਰਟੀ ਦੇ ਵਿਚ ਡਿਸਿਪਲਿਨ ਨਹੀਂ ਰਖ ਸਕਦਾ ਉਸ ਨੂੰ ਕੀ ਹਕ ਹੈ ਕਿ ਉਹ ਸਾਰੇ ਹਾਊਸ ਦੇ ਵਿਚ ਪਾਬੰਦੀ ਲਾ ਕੇ ਅਹਿਮ ਬਿਲਾਂ ਨੂੰ ਇਕ ਘੰਟੇ ਦੇ ਵਿਚ ਪਾਸ ਕਰਾਕੇ ਲੋਕਾਂ ਦੇ ਨਾਲ, ਪੰਜਾਬ ਦੀ ਗਰੀਬ ਜਨਤਾ ਦੇ ਨਾਲ ਬੇਇਨਸਾਫੀ ਕਰੇ । ਮੈਂ ਅਰਜ਼ ਕਰਾਂਗਾ ਕਿ ਇਕ ਮਨਿਸਟਰ ਦੂਸਰੇ ਨੂੰ ਖੂੰਜੇ ਲਾਉਣਾ ਚਾਹੁੰਦਾ ਹੈ ਏਸੇ ਕਰਕੇ ਇਸ ਤਰ੍ਹਾਂ ਦੀਆਂ ਚੀਜ਼ਾਂ ਹੁੰਦੀਆਂ ਹਨ। ਅਜ ਏਥੇ ਬਹੁਤ ਜ਼ਰੂਰੀ ਬਿਲ ਆ ਰਹੇ ਹਨ ਜਿਨ੍ਹਾਂ ਦਾ ਪੰਜਾਬ ਦੀ ਜਨਤਾ ਤੇ ਬਹੁਤ ਗਹਿਰਾ ਅਸਰ ਪੈਣਾ ਹੈ । ਇਸ ਕਰਕੇ ਹਰੇਕ ਮੈਂਬਰ ਨੂੰ ਹਕ ਹੈ ਕਿ ਉਹ ਇਸ ਤੇ ਬੋਲ ਕੇ ਆਪਣਾ ਪੂਰਾ ਹਿੱਸਾ ਪਾਵੇ । ਇਸ ਕਰਕੇ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਜਿਹੜੀ ਮੋਸ਼ਨ ਲਿਆਂਦੀ ਹੈ ਮੈਂ ਇਸ ਦੀ ਮੁਖਾਲਫਤ ਕਰਦਾ ਹਾਂ ।

श्री मोहन लाल (बटाला) : डिप्टी स्पीकर साहिबा, मैं अपने अन्दाजे से कहता हूं कि चीफ पार्लियामेंटरी सैक्रेटरी साहिब ने जब मोशन दिया था शायद उस वक्त उन के ध्यान में यह बात नहीं थी कि आज पंजाब में लाला लाजपत राए डे है और मैं अगर इस वक्त खड़ा हुआ हूं इस मोशन पर कुछ कहने के लिये तो मेरे सामने सब से बड़ी बात यही है । मुझे सिटिंग के बढाने में कुछ एतराज न होता अगर आज पंजाब केसरी लाला लाजपत राए की ऐनीवरसरी न होती । मैं तो ऐसा ख्याल करता था कि शायद आज सिटिंग ही नहीं होगी ।

उपाध्यक्षा : आप ने प्रोपोजल नहीं भेजी थी । (The hon. Member did not send a proposal in this connection.)

श्री मोहन लाल : डिप्टी स्पीकर साहिबा, कल जब बिज़नेस ऐडवाईज़री कमेटी की रिपोर्ट आई थी तो उस में कोई ऐसा रैफ्रैंस नहीं था कि आज कोई बिज़नेस होगा इस लिये हम ने समझा था कि आज कोई सिटिंग नहीं होगी । मैंने कल वाज़ा तौर पर कहा था कि कल के जो बिल रह गए हैं उन का क्या होगा लेकिन उसका कोई जवाब नहीं दिया गया था, इस लिये मेरा कल रात तक ख्याल था कि सिटिंग नहीं हो रही । कल मित्तल साहिब ने मुझे बताया था कि आज सिटिंग हो रही है, खैर इस पर मुझे एतराज़ नहीं कि क्यों आज मीटिंग बुला ली है लेकिन मुझे इस बात पर सख्त एतराज़ है कि आज लाला लाजपत राए डे पर यह कहा जाए कि जब तक बिल पास न हो हाउस बैठा रहे । अब पता नहीं हाउस किस वक्त तक बैठे क्योंकि बड़ा अहिम बिल है हर एक मैम्बर अपने ख्यालात का इज़हार करना चाहेगा और नान स्टाप सिटिंग का मतलब है कि बिल को डिसपोज़ आफ करने के लिये अगर रात के 12 बजे तक भी बैठना पड़े तो बैठना होगा । आज के दिन खास तौर पर यह बात करना मुनासिब नहीं । मुझे कोई एतराज़ नहीं और मैं तैयार हूं कि कल और परसों एक की बजाए दो सिटिंग्ज़ कर ली

जाएं और परसों चाहे नान-स्टाप सिटिंग कर लें लेकिन आज पंजाब केसरी लाला लाजपत राए की बरसी वाले दिन यह कहना कि हाउस नान-स्टाप बैठे मुनासिब नहीं क्योंकि कई मैम्बर साहिबान ने उस सिलसिले में फंक्शन्ज में शामिल होना होगा ।

ਸਰਦਾਰ ਗੁਰਨਾਮ ਸਿੰਘ (ਰਾਏਕੋਟ) : ਡਿਪਟੀ ਸਪੀਕਰ ਸਾਹਿਬਾ, ਇਹ ਜੋ ਮੋਸ਼ਨ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਪੇਸ਼ ਕੀਤੀ ਹੈ ਮੈਂ ਇਸਦੀ ਮੁਖਾਲਫਤ ਕਰਨ ਲਈ ਖੜਾ ਹੋਇਆ ਹਾਂ । ਸਾਡੀ ਸਰਕਾਰ ਨੂੰ ਅਜ ਤਕ ਪਤਾ ਨਹੀਂ ਲਗਾ ਕਿ ਕਿਤਨੀ ਬਿਜ਼ਨੈਸ ਇਨ੍ਹਾਂ ਦੇ ਪਾਸ ਹੈ ਅਤੇ ਕਿਸ ਤਰ੍ਹਾਂ ਇਹ ਸਾਰਾ ਕੰਮ ਕਰਨਾ ਹੈ । 22 ਅਕਤੂਬਰ ਇਨ੍ਹਾਂ ਨੇ ਸੈਸ਼ਨ ਦਾ ਆਖਰੀ ਦਿਨ ਰਖਿਆ ਸੀ ਪਰ ਅਜ 17 ਨਵੰਬਰ ਹੋ ਗਿਆ ਹੈ । ਤੁਸੀਂ ਆਪ ਹੀ ਸੋਚ ਲਓ ਕਿ ਇਹ ਸਰਕਾਰ ਕਿਸ ਤਰ੍ਹਾਂ ਸੋਚ ਵਿਚਾਰ ਕਰਦੀ ਹੈ । ਇਨ੍ਹਾਂ ਨੇ ਜਦੋਂ ਮੋਸ਼ਨ ਪੇਸ਼ ਕੀਤੀ ਤਾਂ ਕੋਈ ਵਜਾਹ ਨਹੀਂ ਦਿਤੀ ਕਿ ਕਿਉਂ ਨਾਨ-ਸਟਾਪ ਸਿਟਿੰਗ ਹੋਵੇ । ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਇਹ ਮਾਮਲਾ ਨਹੀਂ ਲਿਆਂਦਾ ਗਿਆ ਅਤੇ ਜਦੋਂ ਅਸੀਂ ਉਥੇ ਬੈਠਦੇ ਹਾਂ ਤਾਂ ਇਹ ਇੰਪਰੈਸ਼ਨ ਦਿਤਾ ਜਾਂਦਾ ਹੈ ਕਿ ਸਾਨੂੰ ਕੋਈ ਪਰਵਾਹ ਨਹੀਂ ਜਿਤਨਾ ਅਰਸਾ ਮਰਜ਼ੀ ਸੈਸ਼ਨ ਚਲੇ ਪਰ ਜਦੋਂ ਇਥੇ ਆਉਂਦੇ ਹਨ ਤਾਂ ਗਿਰਗਿਟ ਵਾਂਗ ਰੰਗ ਬਦਲ ਲੈਂਦੇ ਹਨ (ਹਾਸਾ)।

ਚੀਫ ਪਾਰਲੀਮੈਂਟਰੀ ਸੈਕਟਰੀ : ਤੁਸੀਂ ਹੀ ਦਸ ਦਿਓ ਕਮੇਟੀ ਵਿਚ ਕੀ ਫੈਸਲਾ ਹੋਇਆ ਸੀ ਅਤੇ ਹੁਣ ਕੀ ਕਹਿੰਦੇ ਹੋ ।

ਸਰਦਾਰ ਗੁਰਨਾਮ ਸਿੰਘ : ਗਰਗ ਸਾਹਿਬ ਨੇ ਸਵਾਲ ਕੀਤਾ ਹੈ ਕਿ ਕਮੇਟੀ ਵਿਚ ਕੀ ਫੈਸਲਾ ਕੀਤਾ ਗਿਆ ਸੀ । ਉਸਦੀ ਰਿਪੋਰਟ ਤਾਂ ਕਲ ਹਾਊਸ ਵਿਚ ਪੇਸ਼ ਹੋ ਚੁਕੀ ਹੈ । ਇਹ ਠੀਕ ਹੈ ਕਿ ਉਸਦੇ ਮੁਤਾਬਕ ਸੇਲਜ਼ ਟੈਕਸ ਬਿਲ ਪਾਸ ਨਹੀਂ ਹੋਇਆ ਪਰ ਇਸਦੀ ਸਾਰੀ ਜ਼ਿੰਮੇਵਾਰੀ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੇ ਹੈ ਕਿ ਉਹ ਆਪਣੀ ਪਾਰਟੀ ਨੂੰ ਕਾਬੂ ਨਹੀਂ ਕਰ ਸਕੇ । ਚੀਫ ਮਨਿਸਟਰ ਸਾਹਿਬ ਨੇ ਵ੍ਹਿਪ ਜਾਰੀ ਕੀਤਾ ਜਿਸ ਦੀ ਕਾਪੀ ਮੇਰੇ ਪਾਸ ਪਈ ਹੈ ਅਤੇ ਜਿਸ ਤੇ ਉਨ੍ਹਾਂ ਦੇ ਦਸਖਤ ਹਨ......(ਵਿਘਨ) ਇਸਦੀਆਂ ਕਾਪੀਆਂ ਲਾਉਂਜ ਵਿਚ ਰੁਲਦੀਆਂ ਫਿਰਦੀਆਂ ਹਨ । ਇਨ੍ਹਾਂ ਦੇ ਪਾਰਟੀ ਮੈਂਬਰਾਂ ਨੇ ਪਾਰਟੀ ਦੇ ਵ੍ਹਿਪ ਨੂੰ ਡਿਸਆਨਰ ਕੀਤਾ। ਮੈਂ ਸਮਝਦਾ ਹਾਂ ਇਸ ਬਿਲ ਤੇ ਬਹੁਤ ਜ਼ਿਆਦਾ ਬਹਿਸ ਹੋਈ ਅਤੇ ਇਸਦੀ ਵਜਹ ਇਹ ਹੈ ਕਿ ਇਹ ਆਪਣੀ ਪਾਰਟੀ ਨੂੰ ਡਿਸਿਪਲਿਨ ਵਿਚ ਨਹੀਂ ਰਖ ਸਕੇ ਅਤੇ ਉਨ੍ਹਾਂ ਨੂੰ ਬੇਮੁਹਾਰੇ ਛਡ ਦਿਤਾ ਤੇ ਉਨ੍ਹਾਂ ਨੂੰ ਬੋਲਣ ਤੋਂ ਬੰਦ ਨਹੀਂ ਕਰ ਸਕੇ । ਇਹ ਇਸ ਲਈ ਨਹੀਂ ਕਰ ਸਕੇ ਕਿਉਂਕਿ ਇਨ੍ਹਾਂ ਨੇ ਸ਼ਹਿਰੀਆਂ ਤੋਂ ਵੋਟਾਂ ਲੈਣੀਆਂ ਹਨ ਜੋ ਬੜੇ ਵੋਕਲ ਤੇ ਤਾਕਤਵਰ ਹਨ । ਇਹ ਜਟ ਤਬਕਾ ਚੂੰਕਿ ਗਰੀਬ ਹੈ, ਵੋਕਲ ਨਹੀਂ ਅਤੇ ਉਨ੍ਹਾਂ ਦਾ ਕੋਈ ਪਰੈਸ ਨਹੀਂ ਇਸ ਲਈ ਕਹਿੰਦੇ ਹਨ ਸੈਸ ਦੇ ਬਿਲ ਤੇ ਬੋਲਣ ਦੀ ਪਾਬੰਦੀ ਲਗਾ ਕੇ ਉਨ੍ਹਾਂ ਨੂੰ ਰਗੜ ਦਿਓ । ਜਿਸ ਵਕਤ ਸ਼ਹਿਰੀਆਂ ਦੀ ਕੋਈ ਗਲ ਆਉਂਦੀ ਹੈ ਤਾਂ ਕਹਿੰਦੇ ਹਨ ਕਿ ਚਲਦੇ ਰਹੋ ਕੋਈ ਰੋਕਣ ਵਾਲਾ ਨਹੀਂ । ਮੈਂ ਇਹ ਨਹੀਂ ਕਹਿੰਦਾ ਕਿ ਸੇਲਜ਼ ਟੈਕਸ ਬਿਲ ਵਿਚ ਖਾਮੀਆਂ ਨਹੀਂ ਅਤੇ ਮੈਂ ਸਮਝਦਾ ਹਾਂ ਕਿ ਉਸ ਤੇ ਠੀਕ ਬਹਿਸ ਹੋਈ ਅਤੇ ਜੋ ਅਮੈਂਡਮੈਂਟਸ ਆਈਆਂ ਉਹ ਕੋਈ ਗਲਤ ਗਲ ਨਹੀਂ ਹੋਈ ਲੇਕਨ ਮੈਂ ਤਾਂ ਇਹ ਫਰਕ ਦਸਣਾ ਚਾਹੁੰਦਾ ਹਾਂ ਕਿ ਜਿਸ ਵਕਤ ਗਰੀਬ ਕਿਸਾਨ ਦਾ ਬਿਲ ਆਉਂਦਾ ਹੈ ਤਾਂ ਕਹਿੰਦੇ ਹਨ ਕਿ ਸੈਸ਼ਨ ਇੰਡੈਫਨਿਟਲੀ ਚਲੇਗਾ ਤਾ ਕਿ ਲੋਕ ਥਕ ਥਕਾ ਕੇ ਚਲੇ ਜਾਣ ਅਤੇ ਇਸ ਤਰ੍ਹਾਂ ਬਿਲ ਨੂੰ ਹਾਸਲ ਕੀਤਾ ਜਾ ਸਕੇ ਪਰ ਸੇਲਜ਼ ਟੈਕਸ ਵਾਲੇ ਚੂੰਕਿ ਵੋਕਲ ਹਨ, ਤਾਕਤਵਰ ਤੇ ਪਰੈਸ ਵਾਲੇ ਹਨ ਇਸ ਲਈ ਉਨ੍ਹਾਂ ਬਾਰੇ ਕਹਿੰਦੇ ਹਨ ਕਿ ਚਲਦੇ ਰਹੋ ਜਿਤਨੇ ਦਿਨ ਚਲਣਾ ਹੈ ਅਤੇ ਸਲਾਹ ਮਸ਼ਵਰੇ ਲਈ ਹਫਤੇ ਹਫਤੇ ਲਈ ਸੈਸ਼ਨ ਵੀ ਬਰੇਕ ਕਰ ਲੈਂਦੇ ਹਨ । ਮੈਨੂੰ ਅਫਸੋਸ ਇਸ ਗਲ ਦਾ ਹੈ ਕਿ ਸਰਦਾਰ ਦਰਬਾਰਾ ਸਿੰਘ ਜੋ ਪੇਂਡੂ ਤਬਕੇ ਨੂੰ

[ਸਰਦਾਰ ਗੁਰਨਾਮ ਸਿੰਘ]
ਰੀਪਰੇਜ਼ੈਂਟ ਕਰਦੇ ਹਨ ਤੇ ਜਿਨ੍ਹਾਂ ਨੇ ਇਹ ਬਿਲ ਪਾਇਲਟ ਕੀਤਾ ਹੈ ਉਹ ਵੀ ਇਹ ਕਹਿਣ ਕਿ ਇਸ ਸੈਸ ਬਿਲ ਨੂੰ ਇਸ ਤਰ੍ਹਾਂ ਛੇਤੀ ਖਤਮ ਕਰ ਦਿਓ । ਇਹ ਗ਼ਲਤ ਗਲ ਹੈ ਅਤੇ ਅਸੀਂ ਇਸ ਚੀਜ਼ ਨੂੰ ਰੀਜ਼ੈਂਟ ਕਰਦੇ ਹਾਂ ਕਿ ਸੈਸ ਬਿਲ ਤੇ ਹਾਊਸ ਨੂੰ ਇਨ ਡੈਫਨਿਟਲੀ ਬੈਠਣ ਲਈ ਕਿਹਾ ਜਾਵੇ । ਕੋਈ ਮੁਸੀਬਤ ਨਹੀਂ ਆਉਣ ਲਗੀ ਇਸ ਸੈਸ਼ਨ ਨੂੰ ਅਗਲੇ ਹਫਤੇ ਲੈ ਜਾਓ ਅਤੇ ਜੇ ਟੈਕਸ ਜ਼ਰੂਰ ਲਗਾਣਾ ਹੈ ਤਾਂ ਲਾ ਲਓ ਪਰ ਇਹ ਕੋਈ ਕਾਇਦੇ ਦੀ ਗਲ ਨਹੀਂ ਕਿ ਇਹ ਲੈਜਿਸਲੇਸ਼ਨ ਇਸ ਤਰ੍ਹਾਂ ਹਾਸਲ ਕੀਤਾ ਜਾਵੇ ਅਤੇ ਗ਼ਰੀਬਾਂ ਦੇ ਨੁਮਾਇੰਦਿਆਂ ਨੂੰ ਬੋਲਣ ਦਾ ਪੂਰਾ ਮੌਕਾ ਵੀ ਨਾ ਦਿਤਾ ਜਾਵੇਂ । ਕਹਿੰਦੇ ਹਨ ਕਿ ਅਸੀਂ ਪਲੈਨਿੰਗ ਕਮੀਸ਼ਨ ਕੋਲ ਜਾਣਾ ਹੈ । ਜਾਣਾ ਹੈ ਤਾਂ ਜਾਓ ਕੌਣ ਰੋਕਦਾ ਹੈ । ਪਲੈਨਿੰਗ ਕਮੀਸ਼ਨ ਬਾਰੇ ਜੇਕਰ ਕਹਿੰਦੇ ਹਾਂ ਤਾਂ ਇਥੇ ਬਹਿਸ ਨਹੀਂ ਹੋਣ ਦਿੰਦੇ ਉਸਦੇ ਪਾਸ ਚੋਰੀ ਚੋਰੀ ਜਾਂਦੇ ਹਨ । ਤੁਸੀਂ ਉਸਤੇ ਬਹਿਸ ਰਖੋ, ਅਸੀਂ ਤੁਹਾਡੇ ਹਥ ਮਜ਼ਬੂਤ ਕਰੀਏ ਤਾਕਿ ਤਹਾਨੂੰ ਵਧ ਪੈਸੇ ਮਿਲ ਸਕਣ । ਪਰ ਅਫਸੋਸ ਹੈ ਕਿ ਇਹ ਸ਼ਖਸ ਜਦ ਦਿੱਲੀ ਜਾਂਦੇ ਹਨ ਤਾਂ ਇਨ੍ਹਾਂ ਦੀ ਜੁਰੱਤ ਨਹੀਂ ਹੁੰਦੀ ਕਿ ਉਨ੍ਹਾਂ ਨੂੰ ਕੁਝ ਕਹਿ ਸਕਣ। ਉਥੇ ਇਹੋ ਕਹਿੰਦੇ ਹਨ ਕਿ ਬਸ ਅਸੀਂ ਹੁਣੇ ਹੀ ਜਾਕੇ ਟੈਕਸ ਲਗਾਂਦੇ ਹਾਂ ਅਤੇ ਫਿਰ ਇਥੇ ਆਕੇ ਗ਼ਰੀਬਾਂ ਤੇ ਰੁਹਬ ਪਾਂਦੇ ਹਨ......(ਵਿਘਨ) ਮੇਰੇ ਪਾਸ ਰਿਪੋਰਟ ਆਈ ਹੈ ਕਿ ਦਿੱਲੀ ਵਿਚ ਇਹ ਬਿੱਲੀ ਦੀ ਤਰ੍ਹਾਂ ਛੁਪ ਕੇ ਬੈਠਦੇ ਹਨ ਅਤੇ ਇਨ੍ਹਾਂ ਨੂੰ ਇਹ ਕਹਿਣ ਦੀ ਜੁਰੱਰਤ ਨਹੀਂ ਹੁੰਦੀ ਕਿ ਪੰਜਾਬ ਇਸ ਲੜਾਈ ਕਰਕੇ ਉਜੜ ਗਿਆ ਹੈ.........

ਗਿਆਨੀ ਜ਼ੈਲ ਸਿੰਘ : ਆਨ ਏ ਪੁਆਇੰਟ ਆਫ ਆਰਡਰ । ਕੀ ਕੋਈ ਮੈਂਬਰ ਸਾਹਬ ਕਿਸੇ ਮਨਿਸਟਰ ਸਾਹਿਬ ਨੂੰ ਬਿੱਲੀ ਕਹਿ ਸਕਦਾ ਹੈ ? (ਹਾਸਾ)

ਸਰਦਾਰ ਗੁਰਨਾਮ ਸਿੰਘ : ਡਿਪਟੀ ਸਪੀਕਰ ਸਾਹਿਬਾ, ਜੇਕਰ ਇਨ੍ਹਾਂ ਬੈਂਚਾਂ ਤੇ ਕਦੇ ਸ਼ੇਰ ਬੈਠਦੇ ਸਨ ਤਾਂ ਬਿੱਲੀਆਂ ਨੇ ਵੀ ਤਾਂ ਬੈਠਣਾ ਹੈ । ਇਥੇ ਸ਼ੇਰ ਬੈਠਦੇ ਰਹੇ ਹਨ ਤਾਂ ਹੁਣ ਬਿੱਲੀ ਨੂੰ ਬੈਠਣ ਵਿਚ ਕੀ ਤਕਲੀਫ ਹੋ ਗਈ ਹੈ (ਹਾਸਾ)। ਤੇ ਹੁਣ ਮੈਂ ਜ਼ਿਆਦਾ ਵਕਤ ਨਹੀਂ ਲੈਂਦਾ ਤਾਕਿ ਅਗਲੀ ਬਿਜ਼ਨੈਸ ਆਵੇ । ਮੈਂ ਸਰਕਾਰ ਨੂੰ ਇਹੋ ਕਹਾਂਗਾ ਕਿ ਇਨ੍ਹਾਂ ਨੂੰ ਇਸ ਚੀਜ਼ ਨੂੰ ਸੋਚਣਾ ਚਾਹੀਦਾ ਹੈ ਅਤੇ ਇਹ ਸੈਸ਼ਨ ਅਗਲੇ ਹਫਤੇ ਵੀ ਜਾ ਸਕਦਾ ਹੈ । ਤੁਸੀਂ ਰਿਕਾਰਡ ਕਢ ਕੇ ਵੇਖ ਲਓ ਹਿੰਦੁਸਤਾਨ ਦੇ ਜਿਤਨੇ ਲੈਜਿਸਲੇਚਰ ਹਨ ਉਨ੍ਹਾਂ ਨਾਲੋਂ ਸਭ ਤੋਂ ਘਟ ਸਿਟਿੰਗਜ਼ ਇਸ ਅਸੈਂਬਲੀ ਦੀਆਂ ਹੁੰਦੀਆਂ ਹਨ । ਜਦ ਵੀ ਮੌਕਾ ਆਉਂਦਾ ਹੈ ਸਰਕਾਰ ਆਪਣੀਆਂ ਖਾਮੀਆਂ ਤੋਂ ਡਰਦੀ ਹੈ ਤੇ ਸੈਸ਼ਨ ਤੋਂ ਭਜਦੀ ਹੈ । ਪਾਰਟੀ ਤੁਹਾਡੀ ਸੇਲਜ਼ ਟੈਕਸ ਬਿਲ ਦੇ ਖਿਲਾਫ ਹੈ ਉਹ ਬੋਲਣਗੇ ਉਨ੍ਹਾਂ ਨੂੰ ਚੁਪ ਕਰਾਣਾ ਹੈ ਤਾਂ ਕਰਾ ਲਊ ਲੇਕਨ ਸਾਨੂੰ ਇਸ ਸੈਸ ਟੈਕਸ ਬਿਲ ਤੇ ਪੂਰਾ ਮੌਕਾ ਮਿਲਣਾ ਚਾਹੀਦਾ ਹੈ । ਇਹ ਸੈਸ ਬੇਜਾ ਤੇ ਨਾਇਨਸਾਫੀ ਤੇ ਮਬਨੀ ਹੈ । ਇਸ ਸੈਸ਼ਨ ਨੂੰ ਅਗੇ ਵਧਾਇਆ ਜਾਵੇ ।

ਗ੍ਰਹਿ ਅਤੇ ਵਿਕਾਸ ਮੰਤਰੀ (ਸਰਦਾਰ ਦਰਬਾਰਾ ਸਿੰਘ) : ਫੈਸਲਾ, ਡਿਪਟੀ ਸਪੀਕਰ ਸਾਹਿਬਾ, ਇਸ ਬਾਰੇ ਹਾਊਸ ਨੇ ਕਰਨਾ ਹੈ ਲੇਕਿਨ ਜੋ ਗਲ ਸਰਦਾਰ ਗੁਰਨਾਮ ਸਿੰਘ ਨੇ ਕਹੀ ਹੈ ਕਿ ਇਹ ਸਰਕਾਰ ਜਦ ਦਿੱਲੀ ਜਾਂਦੀ ਹੈ ਤਾਂ ਚੁਪ ਕਰਕੇ ਸਾਰੀਆਂ ਗਲਾਂ ਮੰਨ ਆਉਂਦੀ ਹੈ , ਉਥੇ ਕੁਝ ਨਹੀਂ ਕਹਿੰਦੀ ਤੇ ਇਥੇ ਆਕੇ ਗ਼ਰੀਬਾਂ ਨੂੰ ਡਰਾਂਉਂਦੀ ਹੈ ਇਸ ਬਾਰੇ ਅਰਜ਼ ਕਰਦਾ ਹਾਂ ਕਿ ਜੇਕਰ ਗਰੀਬ ਦੀ ਡੈਫੀਨੀਸ਼ਨ ਸਰਦਾਰ ਗੁਰਨਾਮ ਸਿੰਘ ਤੋਂ ਲਈ ਜਾਵੇ ਤਾਂ ਅਸੀਂ ਸਾਰੇ ਹੀ ਗ਼ਰੀਬ ਹਾਂ (ਵਿਘਨ) ।

ਗਰੀਬ ਕਮਯੂਨਿਟੀ ਨੂੰ ਅਸੀਂ ਰੀਪ੍ਰੀਜ਼ੈਂਟ ਕਰਦੇ ਹਾਂ । ਜਜ ਸਾਹਿਬ ਸ਼ਾਇਦ ਹੀ ਗ਼ਰੀਬ ਕਮਯੂਨਿਟੀ ਨੂੰ ਰੀਪ੍ਰੀਜ਼ੈਂਟ ਕਰਦੇ ਹੋਣ । ਪੰਜਾਬ ਸਰਕਾਰ ਨੇ, ਪੰਜਾਬ ਨੂੰ ਇਸ ਲੜਾਈ ਦੇ ਕਾਰਨ ਜਿੰਨਾ ਵੀ ਨੁਕਸਾਨ ਹੋਇਆ ਅਤੇ ਪੰਜਾਬ ਦੀ ਇਕਨਾਮਿਕ ਪੋਜ਼ੀਸ਼ਨ ਸੈਂਟਰਲ ਗੌਰਮਿੰਟ ਦੇ

ਸਾਹਮਣੇ ਪੁਰ ਜ਼ੋਰ ਲਫਜ਼ਾਂ ਦੇ ਵਿਚ ਬਿਆਨ ਕੀਤੀ ਹੈ । ਅਸੀਂ ਉਨ੍ਹਾਂ ਨੂੰ ਦਸਿਆ ਹੈ ਕਿ ਸ਼ੈਲਿਗ ਦੇ ਕਾਰਨ ਬੰਬਿੰਗ ਦੇ ਕਾਰਨ ਅਤੇ ਭਿਆਨਕ ਲੜਾਈ ਦੇ ਕਾਰਨ ਸਾਡੀ ਬਹੁਤ ਹੱਦ ਤਕ ਇਕਨਾਮਿਕ ਹਾਲਤ ਖਰਾਬ ਹੋ ਚੁੱਕੀ ਹੈ । ਸਾਨੂੰ ਆਪਣੇ ਸੂਬੇ ਦੀ ਹਾਲਤ ਸੁਧਾਰਨ ਲਈ ਬਹੁਤ ਮੱਦਦ ਦੀ ਲੋੜ ਹੈ । ਲੜਾਈ ਦੇ ਵੇਲੇ ਸੂਬੇ ਦੇ ਲੋਕਾਂ ਨੇ ਬਹੁਤ ਕੁਰਬਾਨੀ ਕੀਤੀ ਹੈ । ਇਨ੍ਹਾਂ ਸਾਰੀ ਚੀਜ਼ਾਂ ਨੂੰ ਮੁੱਖ ਰਖਦੇ ਹੋਏ ਅਸੀਂ ਪੁਰਜ਼ੋਰ ਲਫਜ਼ਾਂ ਵਿਚ ਆਪਣਾ ਕੰਮ ਸੈਂਟਰ ਦੇ ਸਾਹਮਣੇ ਰਖਿਆ ਹੈ । ਅਸੀਂ ਕੋਈ ਵੀ ਮੌਕਾ ਨਹੀਂ ਛਡਿਆ ਜਿਥੇ ਅਸੀਂ ਆਪਣੇ ਕੇਸ ਨੂੰ ਪਰਜ਼ੋਰ ਸ਼ਬਦਾਂ ਦੇ ਨਾਲ ਪਲੀਡ ਨਾ ਕੀਤਾ ਹੋਵੇ । ਅਸੀਂ ਤਾਂ ਸੈਂਟਰ ਨੂੰ ਕਿਹਾ ਹੈ ਕਿ ਪੰਜਾਬ ਜ਼ਿਆਦਾ ਟੈਕਸ ਪੇ ਨਹੀਂ ਕਰ ਸਕਦਾ । ਅਸੀਂ ਉਥੇ ਜਾ ਕੇ ਕਹਿੰਦੇ ਹਾਂ ਕਿ ਪੰਜਾਬ ਵਿਚ ਬਹੁਤ ਨੁਕਸਾਨ ਹੋਇਆ ਹੈ । ਪੰਜਾਬ ਵਿਚ ਜ਼ਿਆਦਾ ਟੈਕਸ ਨਾ ਲਾਉ । ਅਗਰ ਮਾਨਯੋਗ ਮੈਂਬਰ ਬਹਿਸ ਦੀ ਖਾਤਿਰ ਹੀ ਗੱਲਾਂ ਕਰਨੀਆਂ ਚਾਹੁੰਦੇ ਹਨ ਤਾਂ ਦੂਜੀ ਗਲ ਹੈ । ਲੇਕਿਨ ਮੈਂ ਸਮਝਦਾ ਹਾਂ ਕਿ ਜਜ ਸਾਹਿਬ ਦੀਆਂ ਗਲਾਂ ਵਿਚ ਕੋਈ ਸਦਾਕਤ ਨਹੀਂ ਹੈ । ਅਸੀਂ ਹਾਊਸ ਦੇ ਮੈਂਬਰਾਂ ਦੇ ਵਿਊਜ਼ ਪਹਿਲਾਂ ਹੀ ਸੈਂਟਰ ਨੂੰ ਦਸ ਚੁੱਕੇ ਹਾਂ । ਅਗਰ ਫਿਰ ਵੀ ਮਾਨਯੋਗ ਮੈਂਬਰ ਇਸ ਬਾਰੇ ਚੈਲੰਜ ਕਰਦੇ ਹਨ ਤਾਂ ਅਸੀਂ ਉਨ੍ਹਾਂ ਦੇ ਚੈਲੰਜ ਨੂੰ ਕਬੂਲ ਕਰਨ ਲਈ ਤਿਆਰ ਹਾਂ। ਇਸ ਮੋਸ਼ਨ ਦੇ ਬਾਰੇ ਹੋਰ ਕੋਈ ਬਹਾਨਾ ਬਣਾਉਣ ਤਾਂ ਸ਼ਾਇਦ ਬਿਹਤਰ ਹੋਵੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਆਪਣੇ ਕੇਸ ਦਿੱਲੀ ਜਾ ਕੇ ਪੂਰੀ ਤਰ੍ਹਾਂ ਦੇ ਨਾਲ ਡਿਫੈਂਡ ਕਰਦੇ ਹਾਂ । ਇਹ ਗਲਤ ਗੱਲ ਹੈ ਕਿ ਅਸੀਂ ਦਿੱਲੀ ਜਾ ਕੇ ਮੰਨ ਜਾਂਦੇ ਹਾਂ ਅਤੇ ਇਥੇ ਆ ਕੇ ਹੋਰ ਟੈਕਸਾਂ ਲਈ ਪ੍ਰੈਸ ਕਰਦੇ ਹਾਂ।

डाक्टर बलदेव प्रकाश (अमृतसर शहर पूर्व): डिप्टी स्पीकर साहिबा, बिज़नेस ऐडवाइज़री कमेटी के अन्दर ऐसा कोई फैसला नहीं हुआ था कि हाउस आज नान-स्टाप चलेगा । अगर कल बिल पास नहीं हुआ तो उस के बारे में बिज़नेस ऐडवाइज़री कमेटी ज़िम्मेवार नहीं है । बिज़नैस ऐडवाइज़री कमेटी में फैसला हुआ था कि हर एक अमैंडमेंट पर मैम्बर को 5 मिनट दिए जाएं । किसी भी मैम्बर ने अमेंडमेंट पर 2 या 3 मिनट से ज्यादा नहीं लिए । सैल्ज़ टैक्स बिल पर ज्यादा अमैंडमेंट थीं, इस लिये उस पर ज्यादा वक्त लगना लाज़मी ही था । मैम्बरों ने सरकार को बिल पास करते वक्त पूरी तरह से सहयोग दिया । अगर फिर भी ज्यादा वक्त लग गया तो उस के लिये मैम्बर दोषी कहे नहीं जा सकते । अगर सैल्ज़ टैक्स बिल पर ज्यादा वक्त लग गया है तो इस का मतलब यह नहीं कि पंजाब कमर्शियल क्राप्स सैस बिल को आपोज़ीशन की बात सुने बिना ही पास कर दिया जाए । सरकार टैक्सेशन बिल हाउस में पास कराना चाहती है और हम उस की मुखालिफत करना चाहते हैं । हम सरकार को सुझाव देंगे कि इस बिल को विदड्रा कर लिया जाए और इस के इवज़ में फलां २ इंतज़ामात किए जाएं । सैंटर से ज्यादा एड हासल करने के लिये कदम उठाए जाएं । इन सजैशन्ज़ को देने के लिये हमें वक्त की ज़रूरत है और ऐसे हालात में माननीय सदस्यों को वक्त मिलना ही चाहिये । मैं सरकार से प्रार्थना करना चाहता हूं कि वह नान स्टाप वाली मोशन को वापिस ले लें अगर सरकार इस बिल को पोस्टपोन कर सकती है तो पोस्टपोन कर दे । अगर इस बिल को पोस्टपोन नहीं कर सकती तो इस को अगले हफ्ते में टेक अप किया जाए । नान-स्टाप सिटिंग करने के बारे में बिज़नेस ऐडवाइज़री कमेटी को अधिकार है । इस के बारे में सरकार को किसी तरह का अधिकार नहीं है । अगर सरकार ने नान स्टाप सिटिंग करनी ही है तो यह मामला पहले बिज़नेस ऐडवाइज़री कमेटी में डिस्कस किया जाना चाहिए । मैं समझता हूं कि सरकार अनडैमोक्रेटिक काम करना चाहती है जो कि सरकार के लिये शोभा नहीं देता । इस लिये सरकार नान-स्टाप वाली मोशन को विदड्रा करे ।

चौधरी देवी लाल : आन ए प्वायंट आफ आडर, मैडम । डिप्टी स्पीकर साहिबा, मैं नान-स्टाप वाली मोशन की मुखालफत करने के लिये खड़ा हुआ हूं । कल लाला लाजपत राए की शताब्दी मनाने के लिए 22 सैक्टर, चंडीगढ़ में जलसा हुआ । वहां पर मैं भी गया हुआ था । इस जलसे की प्रधानगी चौधरी रिज़क राम, सिंचाई तथा बिजली मन्त्री कर रहे थे । वहां पर और भी राजदुलारे गए हुए थे । वहां पर किसी राज दुलारे ने कहा कि क्या कल सैशन हो रहा है ? चौधरी रिज़क राम ने कहा कि कल सैशन नहीं हो रहा है । मैं ने आज बाहिर किसी काम के लिए जाना था । आज मेरी कार सर्विस और कलीनिंग के लिए वर्कशाप में जानी थी । इस लिए मैं ने चौधरी हरद्वारी लाल जी को जा कर कहा कि मुझे बाहिर जाने के लिए कार दे दें । चौधरी रिज़क राम ने चौधरी हरद्वारी लाल को आज प्रातः टेलीफोन किया कि मैंने जो बात कल की थी, वह गलत निकली । आज सैशन हो रहा है । बिजनेस ऐडवाईजरी कमेटी की रिपोर्ट में भी आज सैशन होने के लिए लिखा हुआ था । लेकिन चौधरी रिज़क राम कहते हैं कि 18 नवम्बर, 1965 को सैशन नहीं हो रहा है । जब वज़ीरों को इतनी बात का पता नहीं तो यह किस तरह से सरकार के काम चलाएंगे । नान स्टाप सिटिंग को डिसाइड करना बिज़नेस ऐडवाईज़री कमेटी का काम है । लेकिन सरकार बेमुहारे चल रही है । इन की कोई प्लैनिंग नहीं है । इन्हें कोई पता नहीं कि कितनी देर में बिज़नेस खत्म होगा । डाक्टर बलदेव प्रकाश जी ने जो बातें कही हैं, मैं उन का पूरी तरह से समर्थन करता हूं । मैं नान-स्टाप वाली मोशन की सख्त मुखालफत करता हूं । मैं चाहता हूं कि सरकार इस मोशन को वापस ले ले ।

ਸਰਦਾਰ ਗੁਰਚਰਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਡਿਪਟੀ ਸਪੀਕਰ ਸਾਹਿਬਾ, ਚੀਫ ਪਾਰਲੀਮੈਂਟਰੀ ਸੈਕਰੇਟਰੀ ਸਾਹਿਬ ਨੇ ਹਾਊਸ ਵਿਚ ਜਿਹੜੀ ਮੋਸ਼ਨ ਮੂਵ ਕੀਤੀ ਹੈ, ਮੈਂ ਉਸ ਦੀ ਸਖਤ ਮੁਖਾਲਫਤ ਕਰਦਾ ਹਾਂ। ਅਸੀਂ ਪੰਜਾਬ ਕਰਾਪਸ ਸੈਸ ਬਿਲ ਦੀ ਸਖਤ ਮੁਖਾਲਫਤ ਕਰਨੀ ਹੈ। ਸਰਕਾਰ ਆਪਣੀ ਪਾਰਟੀ ਦੇ ਅਤੇ ਸਾਡੇ ਵਿਊਜ਼ ਨੂੰ ਫੇਸ ਨਹੀਂ ਕਰ ਸਕਦੀ। ਸਰਕਾਰ ਜ਼ਿਮੀਂਦਾਰਾਂ ਦੇ ਨਾਲ ਬੇਇਨਸਾਫੀ ਕਰਨਾ ਚਾਹੁੰਦੀ ਹੈ । ਸਰਕਾਰ ਇਸ ਬਿਲ ਨੂੰ ਛੇਤੀ ਹੀ ਅਤੇ ਬਿਨਾ ਮੁਖਾਲਫਤ ਪਾਸ ਕਰਾਣਾ ਚਾਹੁੰਦੀ ਹੈ । ਅਗਰ ਇਹ ਬਿਲ ਬਾਰੇ ਡਿਸਕਸ਼ਨ ਦੇ ਬਿਨਾ ਪਾਸ ਕਰ ਦਿੰਦੀ ਹੈ ਤਾਂ ਜ਼ਮੀਂਦਾਰਾਂ ਦੇ ਨਾਲ ਬਹੁਤ ਧੱਕਾ ਹੋਵੇ-ਗਾ। ਸੇਲਜ਼ ਟੈਕਸ ਬਿਲ ਉਤੇ 7 ਦਿਨ ਹਾਊਸ ਵਿਚ ਡਿਸਕਸ਼ਨ ਹੁੰਦੀ ਰਹੀ। ਇਸ ਲਈ ਇਸ ਬਿਲ ਉਤੇ 7 ਦਿਨ ਦੀ ਬਜਾਏ 14 ਦਿਨ ਡਿਸਕਸ਼ਨ ਵਾਜਿਬ ਸੀ। ਸੇਲਜ਼ ਟੈਕਸ ਬਿਲ ਬਾਰੇ ਬਹੁਤ ਸਾਰੀਆਂ ਐਮੈਂਡਮੈਂਟਸ ਮੈਂਬਰਾਂ ਨੇ ਪੇਸ਼ ਕੀਤੀਆਂ ਅਤੇ ਆਪਣੇ ਵਿਊਜ਼ ਦੇ ਨਾਲ ਸਰਕਾਰ ਨੂੰ ਸਹਿਮਤ ਕਰਾਇਆ। ਸਰਕਾਰ ਨੇ ਬਹੁਤ ਸਾਰੀਆਂ ਅਮੈਂਡਮੈਂਟ ਕਬੂਲ ਵੀ ਕਰ ਲਈਆਂ। ਹੁਣ ਅਸੀਂ ਸਰਕਾਰ ਨੂੰ ਪੰਜਾਬ ਕਮਰਸ਼ਲ ਕਰਾਪਸ ਸੈਸ (ਐਮੈਂਡਮੈਂਟ) ਬਿਲ ਨੂੰ ਵਿਦਡਰਾ ਕਰਨ ਦੇ ਲਈ ਕਨਵਿੰਸ ਕਰਾਉਣਾ ਹੈ। ਮੈਨੂੰ ਆਸ ਹੈ ਕਿ ਸਰਦਾਰ ਦਰਬਾਰਾ ਸਿੰਘ ਜਿਹੜੇ ਜ਼ਿਮੀਂਦਾਰ ਕਮਯੂਨਿਟੀ ਨੂੰ ਰੀਪ੍ਰੀਜ਼ੈਂਟ ਕਰਦੇ ਹਨ, ਉਹ ਇਸ ਬਿਲ ਨੂੰ ਵਾਪਸ ਲੈਣ ਲਈ ਮੰਨ ਜਾਣਗੇ। ਇਸ ਕਰਕੇ ਇਸ ਬਿਲ ਉਤੇ ਖਰੋਲੀ ਡਿਸਕਸ਼ਨ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਮੈਂਬਰਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਕਾਫੀ ਮੌਕਾ ਦਿਤਾ ਜਾਣਾ ਚਾਹੀਦਾ ਹੈ। ਇਸ ਬਿਲ ਨੂੰ ਰੈਸ਼ਲੀ ਪਾਸ ਨਹੀਂ ਕਰਨਾ ਚਾਹੀਦਾ ਹੈ। ਇਸ ਲਈ ਮੈਂ ਇਸ ਮੋਸ਼ਨ ਦੀ ਸਖਤ ਮੁਖਾਲਫਤ ਕਰਦਾ ਹਾਂ।

परिवहन तथा निर्वाचन मंत्री (सरदार गुरदयाल सिंह ढिल्लों) : डिप्टी स्पीकर साहिबा, आपोज़ीशन की तरफ से जो ख्यालात जाहिर किये गए हैं हम तो हमेशा ही उन की खाहिशात का एहतराम करते आए हैं और यह कभी हमारे दिल में ख्याल नहीं आया ....

ਇਕ ਆਵਾਜ਼ : ਪੰਜਾਬੀ ਬੋਲੋ ਸਮਝ ਨਹੀਂ ਆਉਂਦੀ ।

परिवहन तथा निर्वाचन मन्त्री : जो मैं बोल रहा हूं यह भी एक लैंगुएज है । बोलना ठीक चाहिये । आप की तरह नहीं बोलना चाहिए ....।

उपाध्यक्षा : आर्डर प्लीज़ । (Order please.)

परिवहन तथा निर्वाचन मन्त्री : मैं अर्ज़ कर रहा था कि हम तो हमेशा ही उन की खाहिशात का एहतराम करते आए हैं । और कभी भी सरकार की खाहिश नहीं हुई कि उन के ख्यालात और उन के जज़बात को किसी तरह से भी नजर अंदाज किया जाए । मैं आप से दरखास्त करता हूं कि इस मोशन को अभी थोड़ी देर के लिए इल्तवा में रखें . . . (विघ्न)

आवाजें : वापस लो । (विघ्न)

परिवहन तथा निर्वाचन मन्त्री : वापस नहीं हो सकती । हम बिज़नेस ऐडवाईज़री कमेटी के पास जाने के लिये तैयार हैं । उस के बाद देख लेंगे कि क्या फैसला होता है.... (विघ्न)........ अगर यह बात आप को मंजूर नहीं है तो मोशन को चलने दो । मैं बैठ जाता हूं ।

उपाध्यक्षा : आर्डर प्लीज़ । साढ़े ग्याहर बजे बिज़नेस ऐडवाईज़री कमेटी की मीटिंग रखी है । इस मोशन को अभी विदहोल्ड किया जाता है (विघ्न) । (Order please. The Business Advisory Committee is meeting at 11.30 a.m. Further discussion on the Motion is therefore withheld).

चौधरी नेत राम : आन ए प्वायंट आफ आर्डर, मैडम । मैं सरदार गुरदयाल सिंह के सुझाव को सुन कर बहुत परेशान हुआ हूं । आप ने भी उन की बात पर हाउस में कह दिया कि बिज़नेस ऐडवाईज़री कमेटी की मीटिंग में यह बात होगी । मैं आप की रूलिंग इस बात पर चाहता हूं कि क्या वह कमेटी हाउस से भी ज्यादा सुप्रीम है । जब बात हाउस में आ चुकी है तो बिज़नेस ऐडवाईज़री कमेटी में जाने का क्या मतलब है । क्या वह कमेटी हाउस से भी ज्यादा सुप्रीम है, मैं आप का रूलिंग इस बात पर चाहता हूं ।

उपाध्यक्षा : आप को इस बात पर कुछ मुग़ालता लगा है । बिज़नेस ऐडवाईज़री कमेटी में बात हर वक्त आ सकती है और आएगी । (The hon. Member is labouring under some misunderstanding. This matter can come before the Business Advisory Committee any time and will come before it.)

चौधरी नेत राम : आप ने जो रूलिंग दिया है उस पर पाबन्द रहिये और मुख्य मन्त्री इस तरफ बैठाइये ।

ਗਿਆਨੀ ਜ਼ੈਲ ਸਿੰਘ : On a point of order Madam. ਮੈਂ ਜਿਹੜੀ ਬੇਨਤੀ ਕਰਨੀ ਚਾਹੁੰਦਾ ਹਾਂ ਉਸ ਉਪਰ ਕਈ ਮੈਂਬਰਾਂ ਨੇ ਕਾਫੀ ਕੁਝ ਕਿਹਾ ਹੈ। ਜਿਹੜੀ ਪ੍ਰੋਪੋਜ਼ਲ ਸਰਦਾਰ ਗੁਰਦਿਆਲ ਸਿੰਘ ਹੋਰਾਂ ਨੇ ਰਖੀ ਹੈ ਜੇ ਕਰ ਉਸ ਨੂੰ ਉਹ ਥੋੜ੍ਹਾ ਜਿਹਾ ਅਮੈਂਡ ਕਰ ਲੈਣ ਅਤੇ ਮੋਸ਼ਨ ਨੂੰ ਵਾਪਸ ਲੈ

[ਗਿਆਨੀ ਜ਼ੈਲ ਸਿੰਘ]

ਲੈਣ ਤਾਂ ਬੋਲਣ ਦੀ ਜ਼ਰੂਰਤ ਹੀ ਨਾ ਰਹੇ। ਮੈਂ ਇਹ ਮਹਿਸੂਸ ਕੀਤਾ ਹੈ ਕਿ ਪੰਜਾਬ ਸਰਕਾਰ ਬਿਲਕੁਲ ਇਸ ਗਲ ਦਾ ਖਿਆਲ ਨਹੀਂ ਰਖਦੀ......

उपाध्यक्षा : मुझे अफसोस है कि आप को पहले मौका नहीं मिल सका। जब एक प्रोपोज़ल आ गई है तो इस पर न बोलें। (विघ्न)

(I am sorry the hon. Member could not get an opportunity earlier. When an other proposal has come he should not speak on the previous one)

चौधरी नेत राम : डिप्टी स्पीकर साहिबा, आप ने मेरी बात का जवाब नहीं दिया। हाउस सुप्रीम बाडी है या कमेटी..............

Deputy Speaker: Please take your seat. I am going to give my ruling on your point of order.

ਗਿਆਨੀ ਜ਼ੈਲ ਸਿੰਘ : ਇਹ ਮੋਸ਼ਨ ਹਾਊਸ ਦੀ ਪ੍ਰਾਪਰਟੀ ਹੈ, ਇਸ ਨੂੰ ਵਿਦਹੋਲਡ ਨਹੀਂ ਕੀਤਾ ਜਾ ਸਕਦਾ। ਜਾਂ ਵਾਪਸ ਹੋਵੇ, ਜਾਂ ਮੰਜ਼ੂਰ ਕਰੋ ਅਤੇ ਜਾਂ ਰੱਦ ਕਰੋ।......

उपाध्यक्षा : चौधरी नेत राम के प्वायंट आफ आर्डर पर मैं रूलिंग देने लगी हूं। बिज़नेस ऐडवाईज़री कमेटी की रिपोर्ट हाउस में आती है। हाउस सब से ज्यादा सुप्रीम है, कमेटी से भी, दूसरे तमाम आनरेबल मैंबरान हाउस के मातहत हैं। हाउस सब से बड़ा है। (विघ्न)

(I am going to give my ruling on Chaudhry Net Ram's point of Order. The report of the Business Advisory Committee is presented to the House for adoption The House is supreme and more powerful than the Business Advisory Committee even. All the hon. Members are subservient to the House, which as I have already stated is all supreme.)

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : On a point of order. ਮੈਂ ਅਰਜ਼ ਕਰਦਾ ਹਾਂ ਕਿ ਜੇ ਕਰ ਬਿਜ਼ਨੈਸ ਐਡਵਿਜ਼ਰੀ ਕਮੇਟੀ ਵਿਚੋਂ ਹੋ ਕੇ ਆਉਂਦੀ ਤਾਂ ਇਹ ਗਲ ਮੰਨੀ ਜਾ ਸਕਦੀ ਸੀ ਪਰ ਜਦੋਂ ਹਾਊਸ ਵਿਚ ਇਹ ਗਲ ਆ ਗਈ ਹੈ ਉਥੇ ਜਾਣ ਦਾ ਫੈਸਲਾ ਕਰਨ ਲਈ ਹਾਊਸ ਦੀ ਮੰਜ਼ੂਰੀ ਲੈਣੀ ਜ਼ਰੂਰੀ ਹੈ। ਇਸ ਗਲ ਤੇ ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਆਇਆ ਹਾਊਸ ਦੀ ਮੰਜ਼ੂਰੀ ਲੈਣੀ ਜ਼ਰੂਰੀ ਹੈ ਕਿ ਨਹੀਂ ? (ਵਿਘਨ)

(Deputy Speaker called upon the Chief Minister to Speak.)

ਸਰਦਾਰ ਜਗਜੀਤ ਸਿੰਘ ਗੋਗੋਆਣੀ: On a point of order. ਤੁਸੀਂ ਗਿਆਨੀ ਜੀ ਨੂੰ ਨੇਮ ਕਰ ਚੁਕੇ ਹੋ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਦਿਉ।

उपाध्यक्षा : नेम करने का मतलब तो बाहर निकालना होता है मैं ने उन को बाहर नही निकाला। (Naming means turning out a Member from the House. I have not asked Giani Ji to withdraw from the House.)

ਗਿਆਨੀ ਜ਼ੈਲ ਸਿੰਘ (ਫਰੀਦਕੋਟ) : ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਮਸਲਾ ਹਾਊਸ ਵਿਚ ਇਕ ਵਾਰ ਆ ਜਾਵੇ, ਉਸ ਨੂੰ ਵਿਦਹੋਲਡ ਕਰਨਾ, ਵਾਪਸ ਲੈਣਾ ਜਾਂ ਪਾਸ ਕਰਨਾ, ਹਾਊਸ ਦਾ ਕੰਮ ਹੈ, ਕਿਸੇ ਇਕੱਲੇ ਮੈਂਬਰ ਦਾ ਕੰਮ ਨਹੀਂ ਹੈ, ਚਾਹੇ ਉਹ ਮਿਨਿਸਟਰ ਵੀ ਹੋਵੇ। ਮੇਰੀ ਬੜੇ ਅਦਬ ਨਾਲ ਪ੍ਰਾਰਥਨਾ ਹੈ, ਡਿਪਟੀ ਸਪੀਕਰ ਸਾਹਿਬਾ। ਤੁਸੀਂ ਜੋ ਮਰਜੀ ਹੈ ਉਹ ਫੈਸਲਾ ਕਰੋ ਪਰ ਮੈਂ ਪੰਜਾਬ ਸਰਕਾਰ ਨੂੰ

ਕਹਾਂਗਾ ਕਿ ਐਮ. ਐਲ. ਏਜ਼. ਨੂੰ ਗੈਰ ਜ਼ਿੰਮੇਂਦਾਰ ਨਾ ਸਮਝੋ ਫਜ਼ੂਲ ਨਾ ਸਮਝੋ, ਉਨ੍ਹਾਂ ਦੀਆਂ ਵੀ ਐਂਗੇਜਮੈਂਟਸ ਹਨ, ਜ਼ਿਮੇਵਾਰੀਆਂ ਹਨ । ਉਨ੍ਹਾਂ ਨੂੰ ਪਹਿਲੇ ਪ੍ਰੋਗਰਾਮ ਮਿਲਣਾ ਚਾਹੀਦਾ ਹੈ। ਇਹ ਨਹੀਂ ਹੈ ਕਿ ਜਦੋਂ ਚਾਹੁਣ ਸੈਸ਼ਨ ਵਧਾ ਦੇਣ ਅਤੇ ਜਦੋਂ ਚਾਹੁਣ ਸੈਸ਼ਨ ਬੰਦ ਕਰ ਦੇਣ। ਸਕੂਲ ਦੇ ਬਚਿਆਂ ਵਾਲਾ ਸਲੂਕ ਸਾਡੇ ਨਾਲ ਕੀਤਾ ਜਾ ਰਿਹਾ ਹੈ। ਮੈਂ ਕਹਿਣਾ ਚਾਹੁੰਗਾ ਕਿ ਪੰਜਾਬ ਸਰਕਾਰ ਦੇ ਦਿਮਾਗ ਦਾ ਸਕਰੂ ਢਿੱਲਾ ਹੈ, ਇਸ ਨੂੰ ਕਸਣਾ ਚਾਹੀਦਾ ਹੈ। ਮੈਨੂੰ ਬੜਾ ਅਫਸੋਸ ਹੈ ਕਿ ਸ਼ੂਗਰਕੇਨ ਸੈਸ ਬਿਲ ਤੇ ਇਕ ਦਿਨ ਬਹਿਸ ਹੁੰਦੀ ਰਹੀ ਇਕ ਸਾਰਾ ਦਿਨ ਬਰਬਾਦ ਕਰਕੇ ਉਹ ਬਿਲ ਵਾਪਸ ਲਿਆ। ਕਿਉਂ ਨਹੀਂ ਸਾਰੀ ਚੀਜ਼ ਨੂੰ ਪਹਿਲੇ ਹੀ ਥਰੈਸ਼ ਆਊਟ ਕਰ ਕੇ ਵੇਖ ਕੇ ਹਾਊਸ ਵਿਚ ਲਿਆਂਦਾ ਜਾਂਦਾ। ਮੈਨੂੰ ਸਰਦਾਰ ਗੁਰਨਾਮ ਸਿੰਘ ਹੋਰਾਂ ਦੇ ਸ਼ਬਦ ਯਾਦ ਹਨ। ਉਨ੍ਹਾਂ ਨੇ ਕਿਹਾ ਸੀ ਕਿ ਇਨ੍ਹਾਂ ਦੀ ਨੀਅਤ ਤੇ ਸ਼ਕ ਹੈ। ਮੈਨੂੰ ਇਨ੍ਹਾਂ ਦੀ ਨੀਅਤ ਤੇ ਸ਼ਕ ਨਹੀਂ ਹੈ। ਮੈਂ ਇਨ੍ਹਾਂ ਨੂੰ ਬੜੇ ਸ਼ਰੀਫ ਅਤੇ ਨੇਕ ਸਮਝਦਾ ਹਾਂ। ਪਰ ਇੰਨਾਂ ਕਹਿੰਦਾ ਹਾਂ ਕਿ ਜੈਨਰਲ ਸੇਲਜ਼ ਟੈਕਸ ਅਤੇ ਕਮਰਸ਼ਲ ਕ੍ਰਾਪਸ ਸੈਸ ਬਿਲ ਦਾ ਤਅੱਲੁਕ ਪੰਜਾਬ ਦੀ ਸਾਰੀ ਜਨਤਾ ਨਾਲ ਹੈ। ਇਹ ਜ਼ਿੰਦਗੀ ਅਤੇ ਮੌਤ ਦਾ ਸਵਾਲ ਹੈ ਇਸ ਲਈ ਇਨ੍ਹਾਂ ਉਪਰ ਠੰਡੇ ਦਿਲ ਨਾਲ ਗੌਰ ਕਰਨਾ ਜ਼ਰੂਰੀ ਹੈ।

ਪੰਜਾਬ ਸਰਕਾਰ ਦੀ ਮੈਂ ਇਸ ਗਲ ਦੀ ਤਾਂ ਤਾਰੀਫ ਕਰਦਾ ਹਾਂ ਕਿ ਪਹਿਲਾਂ ਤੇ ਨਹੀਂ ਸੀ ਸੋਚਿਆ ਪਰ ਕੱਲ ਅਜ਼ ਕੱਲ ਹਾਊਸ ਵਿਚ ਆਕੇ ਬਹੁਤ ਸਾਰੀਆਂ ਅਮੈਂਡਮੈਂਟਸ ਮੰਨ ਲਈਆਂ ਹਨ—ਭਾਵੇਂ ਇਹ ਰਵਾਇਤ ਵੀ ਸਰਕਾਰ ਨੇ ਨਵੀਂ ਹੀ ਪਾਈ ਹੈ, ਲੇਕਿਨ ਮੈਨੂੰ ਇਸ ਗਲ ਦਾ ਤੇ ਬੜਾ ਅਫਸੋਸ ਹੈ ਕਿ ਹੁਣ ਤਕ ਤਾਂ ਇਹ ਰਵਾਜ ਰਿਹਾ ਹੈ ਕਿ ਆਪੋਜ਼ੀਸ਼ਨ ਮੰਗ ਕਰੇ ਕਿ ਸਮਾਂ ਵਧਾਉ, ਆਪੋਜ਼ੀਸ਼ਨ ਕਹੇ ਕਿ ਬਹਿਸ ਲਈ ਹੋਰ ਟਾਈਮ ਦਿਉ ਪਰ ਅਜ ਇਥੇ ਸਰਕਾਰ ਕਹਿੰਦੀ ਹੈ ਕਿ ਹਾਊਸ ਨੂੰ ਕੰਟੀਨਿਊ ਰਖੋ। ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਡੇ ਰੂਲਿੰਗ ਦੀ ਬੜੀ ਕਦਰ ਕਰਦਾ ਹਾਂ। ਨਾਲ ਹੀ ਬੜੇ ਅਦਬ ਨਾਲ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਮੋਸ਼ਨ ਪੰਜ ਮਿਨਟਾਂ ਵਿਚ ਖਤਮ ਹੋ ਜਾਣੀ ਚਾਹੀਦੀ ਸੀ ਪਰ ਇਕ ਘੰਟੇ ਦਾ ਸਮਾਂ ਇਸੇ ਗਲ ਉਤੇ ਲਗ ਗਿਆ ਹੈ ਕਿ ਮੋਸ਼ਨ ਮੰਨਜ਼ੂਰ ਕਰਨੀ ਹੈ ਕਿ ਨਹੀਂ। ਇਸ ਤਰ੍ਹਾਂ ਨਾਲ ਜਿਹੜਾ ਅਸਲ ਕੰਮ ਹੈ ਉਹ ਰਹਿ ਜਾਂਦਾ ਹੈ ਔਰ ਦੂਜੇ ਛੋਟੇ ਛੋਟੇ ਕੰਮਾਂ ਵਿਚ—ਜਿਨ੍ਹਾਂ ਦੀ ਇੰਪਾਰਟੈਂਸ ਘਟ ਹੈ—ਜ਼ਿਆਦਾ ਸਮਾਂ ਖਤਮ ਹੋ ਜਾਂਦਾ ਹੈ। ਮੈਂ ਤੁਹਾਡੀ ਸੇਵਾ ਵਿਚ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਸੇਵਾ ਵਿਚ ਔਰ ਸਰਕਾਰ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਇਹ ਖਿਆਲ ਰਖੋ ਕਿ ਜੋ ਐਮ. ਐਲ. ਏਜ਼. ਹਨ ਉਹ ਇਕ ਇਕ ਡੇਢ੍ਹ ਡੇਢ੍ਹ ਲੱਖ ਲੋਕਾਂ ਨੂੰ ਰੀਪਰੀਜ਼ੈਂਟ ਕਰਦੇ ਹਨ, ਇਨ੍ਹਾਂ ਦੀ ਜ਼ਿੰਮੇਵਾਰੀ ਨੂੰ, ਇਨ੍ਹਾਂ ਦੀ ਹੈਸੀਅਤ ਨੂੰ ਸਮਝੋ ਔਰ ਇਨ੍ਹਾਂ ਨੂੰ ਸਮਾਂ ਦਿਉ। ਇਨ੍ਹਾਂ ਤੇ ਬੇਇਤਬਾਰੀ ਨਾ ਕਰੋ।

ਦੂਜੀ ਇਕ ਹੋਰ ਬੇਨਤੀ ਹੈ ਜਿਹੜੀ ਮੈਂ ਤੁਹਾਡੀ ਪਰਮਿਸ਼ਨ ਨਾਲ ਕਰਨੀ ਹੈ। ਕਾਇਦਾ ਇਹ ਹੈ ਕਿ ਡੀਬੇਟ ਵਿਚ ਜਿਹੜੀ ਜਿਹੜੀ ਪਾਰਟੀ ਦੇ ਮੈਂਬਰਾਂ ਨੇ ਬੋਲਨਾ ਹੁੰਦਾ ਹੈ ਉਨ੍ਹਾਂ ਦੀ ਲਿਸਟ ਤੁਹਾਡੇ ਪਾਸ ਆ ਜਾਣੀ ਚਾਹੀਦੀ ਹੈ ਤੁਹਾਡੀ ਮੇਜ਼ ਉਤੇ ਹੋਣੀ ਚਾਹੀਦੀ ਹੈ। ਤੁਹਾਨੂੰ ਇਖਤਿਆਰ ਹੈ ਕਿ ਉਸ ਵਿਚੋਂ ਕਿਸੇ ਨਾਂ ਨੂੰ ਕਢ ਲਓ ਤੇ ਕਿਸੇ ਹੋਰ ਨੂੰ ਟਾਈਮ ਦੇ ਦਿਉ। ਪਰ ਉਹ ਲਿਸਟ ਤੁਹਾਡੇ ਪਾਸ ਹੋਣੀ ਜ਼ਰੂਰ ਚਾਹੀਦੀ ਹੈ ਤਾਕਿ ਬੋਲਣ ਵਾਲਿਆਂ ਮੈਂਬਰਾਂ ਨੂੰ ਪਤਾ ਹੋਵੇ ਕਿ ਫਲਾਣੇ ਦੇ ਬਾਅਦ ਫਲਾਣੇ ਨੇ ਬੋਲਣਾ ਹੈ ਤਾਕਿ ਮੈਂਬਰਾਂ ਦੀ ਬੇਚੈਨੀ ਘੱਟ ਹੋਵੇ। ਥੋੜਾ ਬਹੁਤ ਅਗੇ ਪਿੱਛੇ ਹੋ ਜਾਵੇ ਤਾਂ ਕੋਈ ਗਲ ਨਹੀਂ ਪਰ ਇਹ ਨਹੀਂ ਹੋਣਾ ਚਾਹੀਦਾ ਕਿ ਮੈਂਬਰ ਸਕੂਲ ਦੇ ਬਚਿਆਂ ਵਾਂਗ ਬਾਰ ਬਾਰ ਉੱਠਕ ਬੈਠਕ ਕਰਦੇ ਰਹਿਣ ਤੇ ਤੁਹਾਨੂੰ ਵੀ ਇਹ ਕਹਿਣਾ ਪਵੇ ਕਿ "ਬੈਠ ਜਾਉ, ਬੈਠ ਜਾਉ"। ਸ਼ਰਮ ਵਾਲਾ ਆਦਮੀ ਇਸ ਗਲ ਨੂੰ ਕਾਫੀ ਮਹਿਸੂਸ ਕਰਦਾ ਹੈ ਅਤੇ ਤੁਹਾਡੇ ਲਈ ਵੀ ਬੜੀ ਔਖੀ ਗਲ ਹੈ ਕਿ ਤੁਸੀਂ ਸਾਰਿਆਂ ਦੀ ਅੱਖਾਂ ਇਕੋ ਵਾਰੀ ਕਿਵੇਂ ਕੈਚ ਕਰ ਸਕਦੇ ਹੋ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਇਸ ਪਾਸੇ ਵੀ ਧਿਆਨ ਰਖੋ।

श्री मोहन लाल : ग्रान ए प्वायंट ग्राफ ग्रार्डर, मैडम। डिप्टी स्पीकर साहिबा, जो प्वायंट ग्राफ ग्रार्डर सरदार नारायण सिंह ग्रौर ज्ञानी जी ने उठाए, यह प्रोसीजर का एक [illegible]

[श्री मोहन लाल]

अहम मसला है और मैं इस लिए उन को स्पोर्ट करता हूं कि अगर कोई गलत प्रैसीडैंट सैट अप हो गया तो अच्छा नहीं होगा। मैं जो कुछ अपने तजरुबे की बिना पर जानता हूं, कह सकता हूं कि कोई मोशन जो कि हाउस में बाकायदा मूव की गई हो वह हाउस की प्रापरटी बन जाती है और जब वह हाउस की प्रापरटी बन चुकी हो तो वह सस्पैंड नहीं की जा सकती इस के लिए कोई ऐसा प्रोसीजर नहीं है, जहां तक मैं जानता हूं। या तो वह ऐक्सैप्ट की जा सकती है, या रीजैक्ट की जा सकती है, कन्सिडरेशन के प्वायंट पर वह सस्पैंड नहीं की जा सकती। ऐसा करना मैं बिल्कुल नामुनासिब समझता हूं। जो रीजन दिया गया है इस को सस्पैंड करने का वह बहुत नामुनासिब है। चौधरी नेत राम की बाकी बातों से दुनियां इत्तफाक करे या न करे लेकिन जो बात इस वक्त उन्होंने उठाई उसमें वजन है कि हाउस सुप्रीम है। हाउस के अन्दर जो मोशन आ चुकी है उसको कंसिडर करना हाउस का काम है। बिजनेस ऐडवाईज़री कमेटी में भेजना बिल्कुल नामुनासिब बात है क्योंकि उसकी रिपोर्ट की भी तो कंसिडर करने की मोशन होती है। इस लिए मैं आप से प्रार्थना करूंगा कि इस मोशन को, जो इस वक्त हाउस के सामने है, कंसिडर किया जाए और इसकी कंसिडरेशन को सस्पैंड न किया जाए। मैं सरकार से भी यही प्रार्थना करूंगा कि इस वक्त जो इस मोशन पर हाउस की फीलिंग्ज़ हैं उन को ध्यान में रखते हुए वह इस को विदड्रा कर लें।

डाक्टर बलदेव प्रकाश : आन ए प्वायंट आफ आर्डर, मैडम।

उपाध्यक्षा : कामरेड राम किशन तीन दफा बोलने के लिए खड़े हुए हैं ? क्या यह नामुनासिब नहीं मालूम होगा कि उन की बातों को न सुना जाए ? क्या आप यह समझते हैं कि ही हैज़ नो राईट? (Comrade Ram Kishan has risen thrice to speak. Is it not improper to deny him to speak? Do they think that he has no right to speak?)

डाक्टर बलदेव प्रकाश : मेरा प्वायंट आफ आर्डर भी तो, डिप्टी स्पीकर साहिबा, प्रोसीजरल मामले से ताल्लुक रखता है और इसी सम्बन्ध में है। वह यह है कि यह जो मोशन गर्ग साहिब ने यहां हाउस के सामने रखी है, मैं यह निवेदन करना चाहता हूं कि जो एजंडा होता है उस में अगर कोई चेंज लानी हो और उसमें ऐसे रीज़न्ज़ हों कि स्पीकर उसमें चेंज लानी ज़रूरी समझे, किसी आइटम को चेंज या सस्पेंड करना चाहे, तो कर सकता है और उसके बाद दूसरी आइटम को लिया जा सकता है। यह बात रूल्ज़ के अन्दर है और जो मुताल्लिका रूल है वह मैं आप को पढ़कर सुनाता हूं वह यह है :

Rule 29

"On days allotted for the transaction of Government business such business shall have precedence and the Secretary shall arrange that business in such order and on such days as the Speaker after consultation with the Leader of the House may determine ;

Provided that such order of business shall not be varied on the day that business is set down for disposal unless the Speaker is satisfied that there is sufficient ground for such variation."

जो मैं ने सिर्फ गुजारिश करनी है कि यह अब बिल्कुल अननेसेसरी कंट्रोवरसी शुरू हो गई है कि हाउस सुप्रीम है या बिजनेस ऐडवाईज़री कमेटी। हाउस बिजनेस ऐडवाईज़री कमेटी की रिपोर्ट को रीजैक्ट भी कर सकता है अगर वह ठीक न समझे। आखिर यह कोई नई बात नहीं है। हमेशा बिज़नेस ऐडवाईज़री कमेटी बैठ कर बिज़नेस को सैट करती है, बनाती है और आप के पास यह अख्तियार है कि आप एक आईटम को पीछे रख सकते हैं, उसको सस्पैंड कर सकते हैं। तो फिर मैं हैरान हूं कि यह अनड्यू कंट्रोवरसी किस लिए हो रही है? आप ने साढ़े ग्यारह बजे बिजनेस ऐडवाईज़री कमेटी की मीटिंग रखी है। अगर उस की रिकमैंडेशन के साथ हाउस ऐसी नहीं करेगा तो वोट हो जाएंगे।

उपाध्यक्षा : कामरेड राम किशन।

चौधरी नेत राम : डिप्टी स्पीकर साहिबा, मेरा प्वायंट आफ आर्डर है।

उपाध्यक्षा : चौधरी नेत राम, मैंने कामरेड राम किशन को काल अपान कर लिया है। मैं आप से दरखास्त करती हूं कि आप बैठ जाएये। (Chaudhri Net Ram, I have already called upon the Chief Minister. I request you to please take your seat.)

चौधरी नेत राम : डिप्टी स्पीकर साहिबा, मेरे प्वायंट आफ आर्डर का जो जवाब आप ने दिया है वह मेरी समझ में नहीं आया। मेरी उस से तसल्ली नहीं हुई .....

उपाध्यक्षा : चौधरी नेत राम, आप तशरीफ रखिए। (Chaudhri Net Ram, please take your seat.)

चौधरी नेत राम : मेरा भी तो प्वायंट आफ आर्डर है।

उपाध्यक्षा : चौधरी नेत राम, अगर हमेशा नहीं तो कभी कभी तो आप चेयर की बात को मान लिया करें। (If not always the hon. Member should, at times obey the ruling of the Chair.)

चौधरी नेत राम : मैं जो प्वायंट आफ आर्डर करने वाला हूं उस को सुन कर आप इकट्ठा जवाब दे दें। जो रूलिंग पहले आप ने दी है उस से मैं मुतमईयन नहीं हुआ हूं ....

उपाध्यक्षा : चौधरी नेत राम, मैं आप की बड़ी रैस्पैक्ट करती हूं और आप ऐसी बात न करें कि उस में कमी आए। कभी कभी तो किसी की बात को समझा करें। मैं ने कामरेड राम किशन को काल अपान किया हुआ है। उन्हें बोल लेने दें। (I hold Chaudhri Net Ram in great esteem. He should not do any thing which may lower him in estimation. He should some time try to understand other's view. I have already called upon Comrade ram Kishan. Let him speak.)

मुख्य मन्त्री (श्री राम किशन) : डिप्टी स्पीकर साहिबा, जो कुछ भी इस हाऊस के अन्दर इस सवाल पर बहस हुई है उस को सुन कर मुझे काफी दुख हुआ हैं खास तौर पर इस लिए कि कुछ ऐसे भाइयों ने इस सवाल पर डैमाक्रेसी की तरफ सरकार की तवज्जो दिलाई जिन्हें शायद इस बात का ख्याल नहीं रहा कि जब वह इस हाउस के अन्दर एक बड़ी इम्पार्टैंट

[मुख्य मंत्री]

कैबिनेट के मिनिस्टर थे तो किस तरह से उन दिनों मैंबरान का हाउस के अन्दर गला घोटा जाता था और किस तरह से मैंबरान को यहां पर बोलने की इजाज़त दी जाती थी। मैं इस वक्त उन बातों पर ज्यादा नहीं जाना चाहता लेकिन जहां तक इस गवर्नमैंट का ताल्लुक है मैं आप की सेवा में यह निवेदन कर देना चाहता हूं कि जो पालिसी इस सरकार ने शुरू में बनाई थी, जो पालिसी आप के सामने रखी थी उसके मुताबिक मैंबरान को, जहां तक लैजिस्लेशन का ताल्लुक है और हाउस के काम में हिस्सा लेने का ताल्लुक है, इस में पूरी तरह से खुली इजाजत होगी और हमारी खाहिश है कि ऐसे मामलात पर जितनी भी ज्यादा डिस्कशन हो सकती है वह उसके मुताबिक बड़ी खुशी से करें। उसी के मुताबिक आप ने देखा कि जहां तक इस सेलज़ टैक्स बिल का ताल्लुक है, डिप्टी स्पीकर साहिबा, उस पर आज तक पूरे छः दिन लग चुके हैं और इस पर आप की इजाज़त से पूरी और पर खुले तौर पर बहस हुई है। जहां तक गवर्नमैंट का तालुक है, हम किसी चीज़ को भी दबाना नहीं चाहते। अगर हाउस चाहेगा, तो आप हाउस को जितना लम्बा करना चाहेंगे, हम उसके मुताबिक बैठने को तैयार होंगे। लेकिन इसी के साथ ही साथ, डिप्टी स्पीकर साहिबा, मैं आप के ज़रिए हाउस को बताना चाहता हूं कि पिछली गवर्नमैंट के ज़माने में कितनी नान स्टाप सिटिंग्ज़ हुई, किस कदर मैंबरान को बहस में हिस्सा लेने की इजाज़त थी--इस में मैं नहीं जाना चाहता--और किस तरह से सभी बातें हुआ करती थीं। मगर इस बात की नसीहत देने के लिए आज वही साहिब खड़े हुए हैं जो उस जमाने में एक इम्पारटेंट मैंबर थे। मैं, डिप्टी स्पीकर साहिबा, आप को इस बात का यकीन दिलाता हूं कि जहां तक इस गवर्नमैंट का ताल्लुक है, जहां तक आप के इस प्रथम सेवक का सम्बन्ध है, पार्लियामैंटरी डैमाक्रेसी की एक एक धारा की हम पूरी कदर करते हैं और उसी पार्लियामेंटरी सिस्टम के मुताबिक आप ने, स्पीकर साहिब ने बिजनैस ऐडवाईज़री कमेटी बनाई और वह कमेटी जैसा कि प्रोग्राम बनाती है उसी के मुताबिक हाउस को चलाया जाता है। यह काम सारे ग्रुप लीडर्ज़ के मशविरे से होता है। वही कमेटी इस हाउस का सारा बिजनैस और प्रोग्राम तै करती है। डिप्टी स्पीकर साहिबा, बिजनैस ऐडवाइज़री कमेटी की जो रीसेंट मीटिंग हुई उस में इनफारमली यह बात तै हुई थी कि जहां तक लैजिस्लेशन का ताल्लुक है, आज के दिन वह सारा काम पूरा हो जाएगा। यह फैसला इनफारमली हुआ था। लेकिन इस बात को देखते हुए कि शायद आज भी यह काम खत्म न हो, इस मोशन को मूव किया गया था तो अब जब फिर इस हाउस के अन्दर सवाल उठा तो लीडर आफ दी आपोज़ीशन से बातचीत की गई। अब फिर इस सवाल पर बातचीत की है और बिजनैस एडवाईज़री कमेटी की मीटिंग को दोबारा बुला रहे हैं जिस में इस बात का फैसला किया जाएगा कि आया जो इस कमेटी ने नान-अफीशियल डे रखा है उस को डिसपेंस विद कर देती है या इस सेशन को दो चार दिनों के लिए बढ़ाती है या एक दिन में दो सिटिंगज़ करके काम को खत्म करना चाहती है, वह कमेटी इन सारी चीज़ों को देख कर फिर इस हाउस के अन्दर ले आए। यही बात कही गई है और कोई हम मेजारेटी वोट के ज़ोर पर कोई इंशु तय तो नहीं करवा रहे बल्कि हम तो इस मामले को बिज़नैस ऐडवाईज़री कमेटी के सुपुर्द कर रहे हैं जिस में हमारी पार्टी के भी मैंबर हैं और इस हाउस की दूसरी सारी पार्टियों के भी मैंबर हैं। हम यह चाहते हैं कि वही डिसाईड करे कि इस बारे में क्या प्रोग्राम बनाना है। वह चाहे तो दो चार दिनों के लिए सेशन को बढ़ा सकती है, वह चाहे तो

किसी दिन दो सिटिंगज़ रख सकती है और यदि वह चाहे तो नान-अफीशियल डे को यह काम रख सकती है और चाहे तो नान-स्टाप सिटिंग रख दे। लेकिन पंडित मोहन लाल जी ने मोशन को सस्पेंड करने का ज़िक्र किया। लेकिन सरदार गुदयाल सिंह ने इस को सस्पेंड करने की बात नहीं कही बल्कि उन्होंने तो इस को होल्ड ओवर करने के लिये कहा था। उन्होंने यह तो नहीं कहा कि इस को सस्पेंड किया जाए।

डिप्टी स्पीकर साहिबा, मैं आप के ज़रिए बड़ी नम्रता से यह अर्ज़ करनी चाहता हूं कि डैमोक्रेसी की जो आप ने यहां रवायतें कायम की हुई हैं हम उन्हीं के मुताबिक चल रहे हैं और उन्हीं रवायतों के मुताबिक ही यह बिज़नेस एडवाईज़री कमेटी बनी हुई है जिस को स्पीकर साहिब ने हाउस की राए से कायम किया हुआ है और उसी के फैसलों के तहत यहां यह सारा काम चल रहा है।

मेरे एक बड़े ज़िम्मेवार दोस्त बाबू बचन सिंह ने इस सिलसिले में एक बात कही है। मैं उन को एक पुरानी बात की याद दिलाना चाहता हूं। जब वह पहले इस सदन के मैंबर हुआ करते थे। जब इस पंजाब असैम्बली के सामने एक बहुत इम्पार्टेंट मैयर पेश था और उस को पास करने के लिये यह हाउस रात के दो बजे तक बैठा रहा था। डिप्टी स्पीकर साहिबा, अगर मैं गल्ती नहीं करता तो उस दिन आप ही थीं जो इस हाउस को प्रीज़ाइड कर रहीं थीं। रात के दो बजे तक आप ने ही इस हाउस की कार्यवाई चलाई थी और वह जो मैयर था वह पंजाब की गरीब जनता के साथ ताल्लुक रखता था, और पंजाब के गरीब टैनेंट्स के साथ सम्बन्ध रखता था और उस वक्त नान स्टाप सिटिंग कर के उस बिल को पास किया गया था। सिर्फ यहीं पर बस नहीं। सरदार प्रताप सिंह कैरों की केबीनिट के वक्त जिस में पंडित मोहन लाल जी होम मिनिस्टर थे यहां पर लेजिसलेशन के बारे में क्या कुछ नहीं होता रहा, जो अब यह इस तरह की बातें बनाने लगे हैं। इस बात को सारी दुनिया जानती है कि किस तरह से मैंबरों को बिलों पर बोलने की इजाज़त नहीं दी जाती थी। जहां तक इस गवर्नमैंट का ताल्लुक है इस बात से कोई भी इन्कार नहीं कर सकता कि इस ने पूरी तरह से मैंबर साहिबान को बिल्ज़ पर बोलने की खुली छुटी दे रखी हुई है और यह गवर्नमैंट जितनी भी आपोज़ीशन की जायज़ चीज़ें होती हैं उन की कदर करती है और आगे भी कदर करेगी (प्रशंसा) और इस तरह से कर के हम यहां जो पार्लियामेंटरी रवायात हैं उन पर चल कर डैमोक्रेसी को मज़बूत करने की कोशिश करेंगे और ऐसा करने में कामयाब हो सकेंगे।

जहां तक इस पार्टी के मैंबरान का ताल्लुक है इस हाउस में जितने भी दूसरे मैंबरान बैठे हुए हैं, मैं उन के बारे में यह कह सकता हूं कि हमारी पार्टी के मैंबरों के दिलों में गरीब किसानों और गरीब अवाम के लिए जितना दर्द है वह किसी दूसरी पार्टी के मैंबरों के दिलों में नहीं है और यही वजह है कि वह दिन और रात लगातार उन की बेहतरी के लिए काम करते रहते हैं।

इस लिए, डिप्टी स्पीकर साहिबा, मैं आप के ज़रिए इस हाउस से यह प्रार्थना करना चाहता हूं कि वह इस सवाल को बिज़नेस एडवाईज़री कमेटी के फैसले पर छोड़ दे और जिस तरह से भी वह इस बारे में फैसला करे यह उस के मुताबिक चले। मैं ने यही आप से है निवेदन करना है।

(*Noise and Interruptions in the House*)
(*Khan Abdul Ghaffar Khan Rose to speak*)

Deputy Speaker : On what the hon. Member is going to speak ?
Khan Abdul Ghaffar Khan : Madam, I am on a point of Order.

मैं आप की खिदमत में इस लिए खड़ा हुआ हूं क्योंकि मुझे अपने मुअज़िज़ चीफ मिनिस्टर की तकरीर सुनने के बाद इतना रंज और सदमा पहुंचा है जितना कि मैं समझता हूं कि कभी नहीं पहुंचा। वैसे हमारे जो चीफ मिनिस्टर साहिब हैं वह बड़े नेक हैं और बड़े भले आदमी हैं लेकिन उन की तरफ से यहां पर यह बात बार बार कहना कि पिछली गवर्नमैंट के वक्त..

Chief Minister : Madam, I rise on a point of Order. Is the Chief Minister under discussion ?

खान अब्दुल गफ्फार खां : मैं तो इन को इतना याद दिलाना चाहता हूं कि सरदार प्रताप सिंह के वक्त यह भी पहले डिप्टी मिनिस्टर रहे हैं और बाद में बतौर स्टेट मिनिस्टर के भी काम करते रहे हैं ......

उपाध्यक्षा : बेहतर होता अगर आप पहले मुझे कहने देते जो कुछ मैं इस बारे में कहना चाहती थी। अगर मुझे कहने दिया होता तो इस बारे में इतना कुछ कहने की ज़रूरत भी महसूस न होती। पूरा एक घंटा इस मोशन पर लग गया है। यह बात ठीक होती अगर यह मामला पहले ही बिज़नैस एडवाईज़री कमेटी के पास से हो कर यहां आता। खैर अब साढ़े ग्यारह बजे बिज़नेस एडवाईज़री कमेटी की मीटिंग होगी आप उस के फैसले की इंतज़ार करें। (It would have been better if I had been heard before. No need would have then been felt for all this discussion. It has taken full one hour. It would have been proper, if this motion had first been decided upon by the Business Advisory Committee. Anyhow, let the hon. Members wait for the decision of that Committee which is meeting at 11-30 a. m.)

BILL

The Punjab General Sales Tax (Amendment) Bill, 1965

(*Resumption of discussion Clause By Clause*)

CLAUSE 19

Deputy Speaker : The House will resume consideration of the Bill clause by clause. Clause 19 is before the House.

Comrade Ram Piara : On a point of Order, Madam. The hon. Chief Minister during the course of his speech has used the words "Leader of 'Opposition", Madam, I would like to know whether there is any Leader of the Opposition in this House ?

उपाध्यक्षा : लीडर आफ दी आपोज़ीशन तो सरदार गुरनाम सिंह जी हैं।

(Sardar Gurnam Singh is the Leader of the Opposition).

Comrade Ram Piara : Madam, is he Leader of the Opposition or Leader of the Akali party ?

Deputy Speaker : He is Leader of the Akali party.

Comrade Ram Piara : Then I should presume that there is no Leader of the Opposition in this House.

उपाध्यक्षा : वह अपनी पार्टी के लीडर हैं। (He is the Leader of his own party).

चौधरी नेत राम : आन ए प्वायंट आफ आर्डर, मेडम। डिप्टी स्पीकर साहिबा, मैं ने इस मोशन के सिलसिले में अपना एक प्वायंट आफ आर्डर उठाया था। उस पर आप ने फरमाया था कि बिज़नेस एडवाईज़री कमेटी के पास इस मामले को भेजने की मोशन पेश है मैंने कहा था कि पहले क्यों इसे बिज़नेस एडवाईज़री कमेटी के पास भेजा गया था। तो मैं आप से यह जानना चाहता हूं कि क्या चीफ पार्लियामेंटरी सेक्रेटरी बगैर बिज़नेस एडवाइज़री कमेटी के सामने इस मामले के पेश किए के इसे यहां पर ला सकते हैं और क्या यह दोबारा इस तरह से उस के सामने भेजा जा सकता है ?

उपाध्यक्षा : आप ने मेरी बात को ध्यान से सुना नहीं। मैंने कहा था क मुनासिब यही था कि यह उस कमेटी के पास से हो कर यहां आता। खैर अब चला गया है और इस बारे में जो हाउस की ओपीनियन है उस का उस कमेटी को पता लग गया है। अब इस बारे में वह इस ओपीनियन को सामने रख कर फैसला करेगी। (The hon. Member did not hear me attentively. I had stated that it would have been proper if the matter had come before the House after receiving due consideration by that Committee. Any how, it has gone before that Committee which is fully aware of the strong feelings of the House about it. Now the Committee would give its decision duly keeping in view the opinion in the House about it.)

ਵਿੱਤ ਮੰਤਰੀ : ਕਲਾਜ਼ ਨੰ. 19 ਦਾ ਮਤਲਬ ਇਹ ਹੈ ਕਿ......

ਬਾਬੂ ਅਜੀਤ ਕੁਮਾਰ : ਇਸ ਕਲਾਜ਼ ਤੇ ਕਿਸੇ ਨੂੰ ਪਹਿਲੇ ਬੋਲਣ ਤਾਂ ਦਿਉ ਤੁਸੀਂ ਮਿਨਿਸਟਰ ਸਾਹਿਬ ਨੂੰ ਪਹਿਲੇ ਹੀ ਖੜ੍ਹਾ ਕਰ ਦਿੱਤਾ ਹੈ......

ਡਿਪਟੀ ਸਪੀਕਰ : ਸ੍ਰੀ ਅਜੀਤ ਕੁਮਾਰ, ਮੈਂ ਤੁਹਾਡੇ ਇਸ ਤਰ੍ਹਾਂ ਇੰਟਰਪਟ ਕਰਨ ਦੇ ਤਰੀਕੇ ਨੂੰ ਪਸੰਦ ਨਹੀਂ ਕਰਦੀ। Order please. (I do not like the way in which the hon. Member Baboo Ajit Kumar interrupts, Order please.)

ਬਾਬੂ ਅਜੀਤ ਕੁਮਾਰ: ਇਹ ਤੁਹਾਨੂੰ ਵਹਿਮ ਹੋ ਗਿਆ ਹੈ......

Deputy Speaker : You must withdraw these words.

Baboo Ajit Kumar ; I withdraw these words, Madam.

ਵਿੱਤ ਮੰਤਰੀ: ਮੇਰੀ ਅਰਜ਼ ਇਹ ਹੈ ਕਿ ਪਹਿਲੇ ਇਹ ਮੈਨੂੰ ਸੁਣ ਲੈਣ, ਉਸ ਦੇ ਬਾਅਦ ਅਗਰ ਇਹ ਕੁਝ ਕਹਿਣ ਦੀ ਜ਼ਰੂਰਤ ਸਮਝਣ ਤਾਂ ਬੇਸ਼ਕ ਕਹਿ ਲੈਣ।

ਕਲਾਜ਼ 19 ਦੇ ਸ਼ੈਡਿਊਲ 'ਸੀ' ਦੇ ਬਾਰੇ ਬਾਬੂ ਬਚਨ ਸਿੰਘ ਨੇ ਕਿਹਾ ਹੈ, ਕਿ ਕਿਸੇ ਨੂੰ ਐਗਜ਼ੈਮਪਸ਼ਨ ਨਹੀਂ ਹੈ। ਉਹ ਸ਼ੈਡਿਊਲ ਇਹ ਦਸਦਾ ਹੈ ਕਿ ਕਿਹੜੀਆਂ ਕਿਹੜੀਆਂ ਚੀਜ਼ਾਂ ਤੇ ਪਰਚੇਜ਼ ਟੈਕਸ ਲਗ ਸਕਦਾ ਹੈ। ਉਸ ਵਿਚ ਐਂਟਰੀ ਵਧਾਈ ਜਾਂ ਘਟਾਈ ਜਾਂਦੀ ਸੀ। ਜਿਵੇਂ ਚਿਲੀਜ਼ ਜਾਂ ਫੂਡਗਰੇਨਜ਼ ਹਨ। ਅਗਰ ਇਸ ਨੂੰ ਇਸੇ ਤਰ੍ਹਾਂ ਪਾਸ ਕਰ ਦਈਏ ਤਾਂ ਮਤਲਬ ਇਹ ਹੋਵੇਗਾ ਕਿ ਇਨ੍ਹਾਂ ਤੇ ਪਰਚੇਜ਼ ਟੈਕਸ ਲਗ ਸਕਦਾ ਹੈ। ਪਰ ਸਰਕਾਰ ਹਾਲੇ ਇਹ ਨਹੀਂ ਚਾਹੁੰਦੀ ਕਿ ਇਸ ਦੀ ਐਂਟਰੀ ਹੁਣੇ ਹੀ ਸ਼ੈਡਿਊਲ 'ਸੀ' ਵਿਚ ਕਰ ਦਿਤੀ ਜਾਵੇ। ਹੁਣ ਸਰਕਾਰ ਨੇ ਇਸ ਬਾਰੇ ਪਾਵਰ ਕਲਾਜ਼ 18 ਵਿਚ ਲੈ ਲਈ ਹੈ। ਇਸ ਬਾਰੇ ਬਾਅਦ ਵਿਚ ਸਰਕਾਰ ਦੇਖੇਗੀ। ਇਸ ਸਮੇਂ ਸ਼ੈਡਿਊਲ 'ਸੀ' ਵਿਚ ਸ਼ਾਮਲ ਕਰਨ ਨਾਲ

[ਵਿੱਤ ਮੰਤਰੀ]

ਜ਼ਿਮੀਂਦਾਰਾਂ ਨੂੰ ਨੁਕਸਾਨ ਹੋ ਸਕਦਾ ਹੈ। ਸੋ ਇਹ ਮੁਨਾਸਬ ਨਹੀਂ ਹੋਵੇਗਾ। ਸੋ ਇਸ 19 ਕਲਾਜ਼ ਦੀ ਲੋੜ ਨਹੀਂ। ਇਨ੍ਹਾਂ ਦੋਸਤਾਂ ਦੀ ਇਕ ਅਮੈਂਡਮੈਂਟ ਸੀ ਕਿ 'ਜੁਤੀਆਂ' ਨੂੰ ਇਸ ਸ਼ੈਡਿਊਲ ਵਿਚ ਦਾਖਲ ਕਰ ਲਉ। ਮਾਲੂਮ ਇਉਂ ਹੁੰਦਾ ਹੈ ਕਿ ਇਨ੍ਹਾਂ ਦਾ ਖਿਆਲ ਸੀ ਇਹ ਸ਼ੈਡਿਊਲ 'ਸੀ' ਐਗਜ਼ੈਂਪਸ਼ਨ ਬਾਰੇ ਹੈ। ਇਨ੍ਹਾਂ ਦੀ ਅਮੈਂਡਮੈਂਟ ਮੰਨ ਲੈਣ ਦਾ ਮਤਲਬ ਇਹ ਹੋਵੇਗਾ ਕਿ ਸੇਲਜ਼ ਟੈਕਸ ਨਾ ਲਗੇ, ਪਰਚੇਜ਼ ਟੈਕਸ ਲਗੇ। ਸੋ ਮੈਂ ਅਰਜ਼ ਕਰਾਂ ਕਿ ਇਨ੍ਹਾਂ ਦੀ ਅਮੈਂਡਮੈਂਟ ਦੀ ਕੋਈ ਲੋੜ ਨਹੀਂ ਮੈਂ ਇਹ ਵੀ ਨਹੀਂ ਚਾਹੁੰਦਾ ਕਿ ਹੁਣ ਇਨ੍ਹਾਂ ਚੀਜ਼ਾਂ ਨੂੰ ਇਸ ਸ਼ੈਡਿਊਲ ਵਿਚ ਦਰਜ ਕੀਤਾ ਜਾਵੇ ਇਹ ਬਾਅਦ ਵਿਚ ਦੇਖਾਂਗੇ ਕਿ ਇਹ ਕਰਨਾ ਮੁਨਾਸਬ ਹੈ ਜਾਂ ਨਹੀਂ। ਸਰਕਾਰ ਸਮਝਦੀ ਹੈ ਕਿ ਕਲਾਜ 19 ਦੀ ਲੋੜ ਨਹੀਂ ਰਹੀ।

श्री बलराम जी दास टंडन : मैं इस बारे में कुछ कहना चाहता हूं . . .

उपाध्यक्षा : जब वह क्लाज़ को ही वापस लेना चाहते हैं तो फिर आप ने क्या कहना है। (विघ्न) (What will the hon. Member say when he is going to withdraw the clause itself). (*Interruption*)

श्री बलराम जी दास टंडन : ग्रान ए प्वायंट ग्राफ ग्रार्डर, मेडम। ग्रभी तो, डिप्टी स्पीकर साहिबा, यह क्लाज़ बिल में स्टेंड करती है, वोटिंग के बाद क्या पोज़ीशन होगी वह तो बाद में ग्रायेगी। ग्रभी तो इन्होंने ग्रपनी राय दी है जब तक पोज़ीशन फाइनल नहीं हो जाती तब तक इस पर बहस हो सकती है।

उपाध्यक्षा : वह कह रहे हैं कि इस क्लाज की ग्रब ज़रूरत नहीं रही तो वह इस बात को पास करवाना उन की ज़िम्मेदारी है। (He says that this clause has now become redundant. He will see that this is approved by the House).

ਬਾਬੂ ਬਚਨ ਸਿੰਘ : On a point of order, Madam. ਪਹਿਲੀ ਗੱਲ ਤਾਂ ਮੈਂ ਇਹ ਕਲੀਅਰ ਕਰਨੀ ਚਾਹੁੰਦਾ ਹਾਂ ਕਿ ਅਸੀਂ ਕਿਸੇ ਕੰਟਰੋਵਰਸੀ ਵਿਚ ਨਹੀਂ ਪੈਣਾ ਚਾਹੁੰਦੇ।

ਦੂਜੀ ਗੱਲ ਇਹ ਹੈ ਕਿ ਅਗਰ ਤੁਸੀਂ ਮਿੰਟ ਦੋ ਮਿੰਟ ਇਸ ਉਤੇ ਬਹਿਸ ਦੀ ਇਜਾਜ਼ਤ ਦੇ ਦਿਉ ਤਾਂ ਇਹ ਬੜੀ ਜਲਦੀ ਖਤਮ ਹੋ ਜਾਵੇਗੀ। ਵੋਟ ਪਵਾ ਸਕਦੇ ਹਨ, ਵਾਪਸ ਨਹੀਂ (ਵਿਘਨ) ਲੈ ਸਕਦੇ।

ਵਿੱਤ ਮੰਤਰੀ : ਪਰੋਸੀਜਰ ਇਹ ਹੈ ਕਿ ਬਜ਼ਾਤੇ ਖੁਦ ਕੋਈ ਕਲਾਜ਼ ਸਾਰੀ ਦੀ ਸਾਰੀ ਡੀਲੀਟ ਨਹੀਂ ਹੋਇਆ ਕਰਦੀ। ਤੁਸੀਂ ਪੁਟ ਕਰੋਗੇ ਤਾਂ ਅਸੀਂ ਨੈਗੇਟਿਵ ਵੋਟ ਕਰ ਦੇਵਾਂਗੇ। (ਵਿਘਨ)

ਕੁਝ ਆਵਾਜ਼ੇਂ : ਅਸੀਂ ਇਸ ਤੇ ਬੋਲਣਾ ਚਾਹੁੰਦੇ ਹਾਂ।

श्री बलरामजी दास टंडन : डिप्टी स्पीकर साहिबा, जिस बेतरतीबी ग्रौर बिना सोचे समझे इस बिल की ड्राफटिंग को वज़ीर साहिब ग्रौर कैबिनेट ने मन्ज़ूरी दी है उस का इस से बड़ा सबूत ग्रौर क्या हो सकता है कि इस बिल में जिस तरह से सब क्लाज़ 18 है वह भी

इस में थी और, जैसे इस वक्त क्लाज़ 19 है वह भी इस बिल में थी। इस तरह से बिल बना कर यह हाउस के सामने लाए। अब फरमाते हैं कि क्लाज 18 के होते हुए क्लाज 19 की ज़रूरत नहीं है। हम ने क्लाज़ 18 के ज़रिये यह पावर ले ली है कि नोटीफिकेशन के ज़रिये किसी आर्टीकल की शैड्यूल "सी" में ऐडीशन करा लें या उस में से निकाल लें। उस क्लाज़ से यह पावर सरकार में इन्हैरेंट हो जाती है। इस लिये अब क्लाज 19 को ड्राप करना चाहते हैं। तो इस का साफ मतलब और यह है जैसे कि पहले भी कई क्लाज़ों के केस में हुआ है और उस से भी यह साफ है कि सरकार ने बिला सोचे समझे इस बिल को ड्राफ्ट किया है। मैं यह नहीं कहता कि जो नामुनासिब बात इस में है उस को यह वापिस क्यों लेते हैं, उसे वापस लें मगर इस से यह बात जाहर होती है कि सरकार इस बिल को एक अन्धाधुन्ध तरीके से बिना विचारे कि इस में क्या रख रही है, यहां पर लाई है। मतलब सिर्फ इस का यह था कि यह किसी न किसी तरीके से व्यापारियों को तंग कर सकें। अब नतीजा यह है कि इस ने यहां पर बैठ बैठ कर एक एक क्लाज़ की सब-क्लाजों को भी विदड्रा किया है। हम सरकार की इस सारी जहनियत को कन्डेम करना चाहते हैं।

बाबू बचन सिंह : मैं एक बात से तो बहुत खुश हूं कि वज़ीर साहिब ने इस क्लाज़ को पेश करते वक्त कुछ लफज़ कहने मुनासिब समझे ...

वित्त मन्त्री : जहां ज़रूरत होती है वहां कहता हूं।

बाबू बचन सिंह : चेयरमैन साहिब, अगर सरदार कपूर सिंह ने इस बिल को एक बार भी पढ़ा होता तो वह यह दफा 19 किसी तरह से भी इस में न लाते। मालूम यह देता है कि इन्होंने आंखें बन्द कर के इस बिल पर दस्तखत किये हैं। और जो कुछ इन के महकमे ने लिख दिया वह इन्होंने कलामे इलाही समझ लिया। अब देखना यह है कि इन के महकमे के जिन अफसरों ने यह बिल तैयार किया है उन को कोई सज़ा मिलनी चाहिए या नहीं कि उन्होंने इस किस्म की बेवकूफी की है और इस का मतलब यह है कि वह ऐसी ही हज़ारों बेवकूफियां रोज़ाना करते हैं।

दफा 18 क्लीयर है कि जो शैडयूल "सी" है उस में आप जितना चाहें ऐड कर लें और जितनी चाहें डिलीशन कर लें। जब इस किस्म के फुल राइट हैं तो दफा 19 को रखने की क्या ज़रूरत थी। मुझे तो इस बात के लिए खुशी है कि सुबह का भूला अगर शाम को घर आ जाए तो उसे भूला नहीं मानना चाहिए। आखिरकार इस बात की अक्ल तो आ गई कि इन्होंने बेवकूफी की है। यह जो इन्होंने कहा है कि इस बात का सही सबूत है कि जब बिल पेश किया जाता है तो वज़ीर साहिब इस को पढ़ते नहीं और इस का गौर से मुताला नहीं करते और इस को क्रिटीक्ल तौर से नहीं देखते। अगर इन्होंने इस बिल को यहां पर पेश करने से पहले एक बार भी अच्छी तरह से देखा होता तो इन्हें पता चल जाता कि फलां क्लाज़ की इस में ज़रूरत रह जाती है या नहीं इसी तरह से पंजाब गवर्नमैंट कानून पास करवा लेती है और जब हाई कोर्ट में केस जाते हैं तो वहां पर एक बार नहीं, दो बार नहीं, दस बार फैसला दिया जा चुका है कि कानून में फलां खला था, खामी थी। इन बातों को देख कर कम से कम मेरा सर तो नदामत से झुक जाता है कि किस तरह से गवर्नमैंट बिलों को पास करवा कर ऐक्ट बनाती है। (विघ्न)

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬਾ ਮੇਰਾ ਮਨਸ਼ਾ ਤਾਂ ਇਸ ਸਟੇਜ ਤੇ ਕੁਝ ਕਹਿਣ ਦਾ ਨਹੀਂ ਸੀ ਪਰ ਬਾਬੂ ਜੀ ਨੇ ਕੁਝ ਕਹਿ ਕੇ ਮੈਨੂੰ ਬੋਲਣ ਲਈ ਮਜ਼ਬੂਰ ਕਰ ਦਿਤਾ ਹੈ । ਮੈਂ ਇਨ੍ਹਾਂ ਦੀ ਅਕਲ ਦੀ ਗਲ ਨਹੀਂ ਕਰਦਾ । ਇਹ ਤਾਂ ਤੁਹਾਨੂੰ ਹੀ ਪਤਾ ਹੈ ਕਿ ਕਲ ਬਾਬੂ ਜੀ ਕਿਸ ਗਲ ਤੇ (Shri Roop Singh Phul, a Member of the Panel of Chairmen, occupied the hair) ਬਹਿਸ ਕਰ ਰਹੇ ਸਨ । ਇਨ੍ਹਾਂ ਦੇ ਭਾ ਦਾ ਸ਼ੈਡਿਊਲ 'ਸੀ' ਕਿਸੇ ਐਗਜ਼ੈਂਪਸ਼ਨ ਨੂੰ ਰੀਲੇਟ ਨਹੀਂ ਕਰਦਾ ਹੈ ਤੇ ਇਸੇ ਰਟ ਵਿਚ ਬਾਬੂ ਜੀ ਉਠ ਕੇ ਕਹਿੰਦੇ ਰਹੇ ਕਿ ਇਸ ਵਿਚ ਫਲਾਨੀ ਚੀਜ ਨੂੰ ਐਗਜ਼ੇਮਪਸ਼ਨ ਨਹੀਂ ਮਿਲਣੀ ਚਾਹੀਦੀ ਫਲਾਣੀ ਨੂੰ ਨਹੀਂ ਮਿਲਣੀ ਚਾਹੀਦੀ । ਮੈਂ ਇਨ੍ਹਾ ਦੀਆਂ ਗੱਲਾ ਸੁਣ ਕੇ ਮਨ ਵਿਚ ਹਸਦਾ ਸਾਂ ਕਿ ਇਹ ਕਿਸ ਤਰ੍ਹਾਂ ਦੇ ਵਿਚਾਰ ਦੇ ਰਹੇ ਹਨ । ਫਿਰ ਮੈਂ ਇਹ ਸੋਚਿਆ ਕਿ ਮੈਂ ਇਨ੍ਹਾਂ ਦੇ ਅਨਜਾਣਪੁਣੇ ਦੀ ਦੀ ਦਾਦ ਦਿਆਂ ਕਿ ਕਿਸ ਤਰ੍ਹਾਂ ਦੀਆਂ ਗਲਾਂ ਕਰ ਹਹੇ ਹਨ । ਮੇਰੀ ਬੇਨਤੀ ਤਾਂ ਇੰਨੀ ਹੈ ਕਿ ਕਿ ਸ਼ਡੂਲ 'ਸੀ' ਕੇਵਲ ਪਰਚੇਜ਼ ਟੈਕਸ ਨੂੰ ਰੀਲੇਟ ਕਰਦਾ ਹੈ । ਕਿਨ੍ਹਾਂ ਤੇ ਲਾਇਆ ਜਾਵੇ ਜਾਂ ਨਾ ਲਾਇਆ ਜਾਵੇ । ਮੈਨੂੰ ਇਥੋਂ ਬਾਹਰ ਜਾਂਦਿਆਂ ਪਰੈਸ ਰਿਪੋਰਟਰ ਮਿਲੇ ਤੇ ਉਨ੍ਹਾਂ ਵੀ ਪੁਛਿਆ ਸੀ ਕਿ ਬਾਬੂ ਜੀ ਕੀ ਗਲਾਂ ਕਰ ਰਹੇ ਸਨ । ਮੈਂ ਉਨ੍ਹਾਂ ਨੂੰ ਕੀ ਦਸਦਾ, ਇਨ੍ਹਾਂ ਦੀ ਨਾਵਾਕਫੀਅਤ ਬਾਰੇ । ਇਸ ਤੋਂ ਸਪੱਸ਼ਟ ਹੈ ਕਿ ਬਾਬੂ ਜੀ ਨੇ ਬਿਲ ਨੂੰ ਤਾਂ ਬਿਲਕੁਲ ਨਹੀਂ ਸੀ ਪੜ੍ਹਿਆ । ਅਮੈਂਡਿੰਗ ਬਿਲ ਨੂੰ ਸਮਝਣ ਲਈ ਜਿੰਨੀ ਕੋਸ਼ਿਸ਼ ਕਰਨੀ ਪੈਂਦੀ ਹੈ ਇਸ ਦੇ ਬਾਰੇ ਵਿਚ ਅਸੀਂ ਜਾਂਣਦੇ ਹਾਂ ਤੇ ਮੈਂ ਇਹ ਕਹਿ ਸਕਦਾ ਹਾਂ ਕਿ ਕਦੇ ਵੀ ਮੈਂ ਕਿਸੇ ਵੀ ਅਮੈਂਡਿੰਗ ਬਿਲ ਨੂੰ ਆਪਣੇ 18 ਸਾਲ ਦੇ ਤਜਰਬੇ ਵਿਚ ਇਕੱਲਿਆਂ ਨਹੀਂ ਪੜ੍ਹਿਆ । ਅਤੇ ਜਦ ਪੜ੍ਹਦਾ ਹਾਂ ਤਾਂ ਉਰਿਜਨਲ ਐਕਟ ਨੂੰ ਸਾਹਮਣੇ ਰਖਕੇ ਪੜ੍ਹਦਾ ਹਾਂ । (ਵਿਘਨ) ਮੈਂ ਇਸ ਅਮੈਂਡਿੰਗ ਬਿਲ ਦੇ ਇਕ ਇਕ ਲਫਜ਼ ਨੂੰ ਪੜ੍ਹਿਆ ਹੈ । ਅਤੇ ਮੇਰੇ ਮਨ ਵਿਚ ਇਹ ਗਲ ਸੀ ਕਿ ਮੈਂ ਇਸ ਬਿਲ ਦੀ ਇਕ ਇਕ ਚੀਜ਼ ਨੂੰ ਵੇਖ ਲਵਾਂ । ਅਤੇ ਜਿਹੜੀ ਗਲ ਕਰਨੀ ਹੋਵੇ ਉਸ ਨੂੰ ਮੈਂ ਮਨ ਵਿਚ ਮਿਥ ਲੈਂਦਾ ਹਾਂ। ਇਹ ਕਿਹਾ ਜਾਂਦਾ ਹੈ ਕਿ ਇਸ ਕਲਾਜ਼ ਨੂੰ ਇਸ ਬਿਲ ਵਿਚ ਰਖਣ ਦੀ ਲੋੜ ਨਹੀਂ ਸੀ ।

ਉਹ ਤੁਹਾਡਾ ਇਕ ਸ਼ੇਅਰ ਵੀ ਖਰੀਦਣ ਲਈ ਤਿਆਰ ਨਹੀਂ। ਇਹ ਤਾਂ ਇਕ ਸ਼ੋ ਹੈ ਅਤੇ ਇਸ ਸਿਲਸਿਲੇ ਵਿਚ ਜੇਕਰ ਉਹ ਮੈਂਬਰ ਇਥੇ ਹੁਣ ਹਾਜ਼ਰ ਹੁੰਦੇ ਜਿਨ੍ਹਾਂ ਨੇ ਇਸ ਦੇ ਬੜੇ ਗੁਣ ਗਾਏ ਸੀ ਤਾਂ ਮੈਂ ਉਨ੍ਹਾਂ ਨੂੰ ਦਸਦਾ ਕਿ ਸਰਦਾਰ ਪਰਤਾਪ ਸਿੰਘ ਨੇ ਸਿਰਫ ਇਕ ਅਫਸਰ ਨੂੰ ਨਾਜਾਇਜ਼ ਫਾਇਦਾ ਪੁਚਾਣ ਲਈ ਇਹ ਕਾਰਪੋਰੇਸ਼ਨ ਕਾਇਮ ਕੀਤੀ ਸੀ ਅਤੇ ਇਸਦਾ ਐਕਸ-ਪੋਰਟ ਨਾਲ ਕੋਈ ਖਾਸ ਤਾਅਲੁਕ ਨਹੀਂ। ਮੈਂ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਕਿਤਨਾ ਇੰਡਸਟਰੀਅਲ ਮਾਲ ਤਿਆਰ ਹੁੰਦਾ ਹੈ ਅਤੇ ਕਿਤਨਾ ਐਕਸਪੋਰਟ ਹੋਇਆ ਹੈ ? ਕੁਲ ਪੰਜ ਲਖ ਰੁਪਏ ਦਾ ਮਾਲ ਬਾਹਰ ਗਿਆ ਹੈ ਅਤੇ ਇਸ ਵਿਚ ਕਿਤਨਾ ਘਾਟਾ ਜਾਂ ਮੁਨਾਫਾ ਹੋਇਆ, ਮੈਂ ਇਸ ਵਿਚ ਨਹੀਂ ਜਾਣਾ ਚਾਹੁੰਦਾ। ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਵਿਚ ਇਕੱਲੇ ਇਕ ਲੁਧਿਆਣੇ ਵਿਚ ਪਿਛਲੇ ਸਾਲ 1964-65 ਵਿਚ ਸਾਢੇ 44 ਕਰੋੜ ਰੁਪਏ ਦਾ ਮਾਲ ਤਿਆਰ ਹੋਇਆ ਹੈ। ਜੇਕਰ ਬਾਕੀ ਪੰਜਾਬ ਦੀ ਵੀ ਗਲ ਪੁਛਦੇ ਹੋ ਤਾਂ ਹੁਣੇ ਰਿਪੋਰਟ ਛਪੀ ਹੈ ਕਿ ਪਿਛਲੇ ਸਾਲ ਦੋ ਅਰਬ ਦਾ ਮਾਲ ਤਿਆਰ ਹੋਇਆ ਹੈ। ਪੰਜਾਬ ਵਿਚ ਜੇਕਰ ਦੋ ਅਰਬ

ਰੁਪਏ ਦਾ ਮਾਲ ਤਿਆਰ ਹੋਵੇ ਤਾਂ ਸਿਰਫ ਪੰਜ ਲਖ ਦਾ ਮਾਲ ਐਕਸਪੋਰਟ ਕਰਨ ਤੋਂ ਬਾਅਦ ਜੇਕਰ ਇਸ ਤਰ੍ਹਾਂ ਦਾ ਸੋਹਣਾ ਕਾਗਜ਼ ਲਗਾਕੇ ਕਾਰਪੋਰੇਸ਼ਨ ਰਿਪੋਰਟ ਸ਼ਾਇਆ ਕਰੇ ਤਾਂ ਇਸ ਨਾਲੋਂ ਵਧ ਸ਼ਰਮਨਾਕ ਗੱਲ ਹੋਰ ਕੋਈ ਨਹੀਂ ਹੋ ਸਕਦੀ । ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਨੂੰ ਅੱਜ ਕਿਹੜੀ ਚੀਜ਼ਾਂ ਐਕਸਪੋਰਟ ਕਰਨ ਦੀ ਲੋੜ ਹੈ। ਪੰਜਾਬ ਦੇ ਜ਼ਿਮੀਂਦਾਰ ਰੋ ਰਹੇ ਹਨ ਕਿ ਤੁਸੀਂ ਉਨ੍ਹਾਂ ਦੀ ਖੇਤੀ ਦੀ ਪੈਦਾਵਾਰ ਬਾਹਰ ਦੇ ਸੂਬਿਆਂ ਵਿਚ ਨਹੀਂ ਜਾਣ ਦਿੰਦੇ ਹੋ । ਮੈਂ ਪੁਛਦਾ ਹਾਂ ਕਿ ਕਿਉਂ ਤੁਸੀਂ ਇਸਨੂੰ ਬਾਹਰ ਨਹੀਂ ਜਾਣ ਦਿੰਦੇ ਅਤੇ ਕਿਉਂ ਤੁਸੀਂ ਐਸੇ ਬਿਲ ਲਿਆਕੇ ਗਾਈਆਂ ਮਝਾਂ ਦੇ ਬਾਹਰ ਜਾਣ ਤੇ ਬੈਨ ਲਗਾਂਦੇ ਹੋ ? ਸਿਰਫ ਇਕ ਦੋ ਲਖ ਦੀਆਂ ਬੈਡ ਸ਼ੀਟਸ ਨਿਊਯਾਰਕ ਭੇਜ ਕੇ ਤੁਸੀਂ ਬੜੀ ਭਾਰੀ ਛਾਲ ਮਾਰੀ ਹੈ ਅਤੇ ਉਹ ਵੀ ਇਸ ਕਰਕੇ ਕਿ ਤੁਹਾਡਾ ਬੰਬਈ ਦੀ ਫਰਮ ਨਾਲ ਸੌਦਾ ਨਹੀਂ ਹੋ ਸਕਿਆ। ਕੀ ਇਸ ਨਾਲ ਕਹਿੰਦੇ ਹੋ ਕਿ ਐਕਸ-ਪੋਰਟ ਨੂੰ ਬੜੀ ਮਦਦ ਮਿਲੀ ਹੈ ? ਮੈਨੂੰ ਅਫਸੋਸ ਹੈ ਕਿ ਇਸ ਰਿਪੋਰਟ ਨੂੰ ਲਿਖਣ ਵਾਲੇ ਨੇ ਕਿਤਨੀ ਦੀਦਾ ਦਲੇਰੀ ਕੀਤੀ। ਇਸਦੇ ਆਖਰ ਵਿਚ ਲਿਖਿਆ ਹੈ :

"Selling successfully in the competitive markets of the world is a challenging task and while consolidating its present achievements the Corporation will, during the current year, bend all its energies towards ensuring wider horizons for manufactured products of Punjab. The Japanese way of handling the export of small-scale industries produ cts is an example for the State of Punjab to follow. "

ਗੋਇਆ ਅਸੀਂ ਜਾਪਾਨ ਦੇ ਛੋਟੇ ਭਾਈ ਬਣ ਗਏ ਹਾਂ ਅਤੇ ਜਾਪਾਨ ਜਿਸ ਤਰ੍ਹਾਂ ਅਰਬਾਂ ਦਾ ਮਾਲ ਬਾਹਰ ਭੇਜਦਾ ਹੈ ਅਸੀਂ ਸ਼ਾਇਦ ਉਸ ਤਰ੍ਹਾਂ ਤਾਂ ਨਹੀਂ ਪਰ ਜਿੱਥੇ ਪਹਿਲਾਂ ਲਖਾਂ ਦਾ ਮਾਲ ਭੇਜਦੇ ਸੀ ਹੁਣ ਹਜ਼ਾਰਾਂ ਦਾ ਭੇਜਾਂਗੇ (ਹਾਸਾ) ਇਹ ਸਾਡਾ ਮੋਟੋ ਹੈ । ਇਸਦੇ ਨਾਲ ਇਨ੍ਹਾਂ ਦੀਆਂ ਕਾਰਾਂ ਚਲਨਗੀਆਂ ਦਫਤਰ ਦਾ ਸੋਹਣਾ ਸੋਹਣਾ ਫਰਨੀਚਰ ਬਣੇਗਾ ਤੇ ਇਨ੍ਹਾਂ ਦੀਆਂ ਕੁੜੀਆਂ ਬਾਹਰ ਜਾ ਕੇ ਸੈਰਾਂ ਕਰਨਗੀਆਂ......

ਇਕ ਆਵਾਜ਼ : ਮੁੰਡੇ ਵੀ ਜਾਣਗੇ ।

ਬਾਬੂ ਬਚਨ ਸਿੰਘ : ਹਾਂ ਮੁੰਡੇ ਵੀ ਜਾਣਗੇ । ਇਕੱਠੇ ਹੀ ਜਾਣਗੇ ਤਾਂ ਹੀ ਕੰਮ ਬਣੇਗਾ ਤੇ ਐਸ਼ ਦਾ ਸਾਮਾਨ ਪੈਦਾ ਕੀਤਾ ਜਾਵੇਗਾ ।

ਸ੍ਰੀ ਚੇਅਰਮੈਨ: ਕੁੜੀਆਂ ਮੁੰਡਿਆਂ ਦੀ ਗਲ ਛੱਡ ਕੇ ਬਾਬੂ ਜੀ ਕੋਈ ਹੋਰ ਗੱਲ ਕਰੋ । (Leaving aside references to boys and girls the hon. Member should talk about something else.)

ਚੀਫ ਪਾਰਲੀਮੈਂਟਰੀ ਸੈਕਟਰੀ : ਬਾਬੂ ਜੀ, ਤੁਹਾਨੂੰ ਵੀ ਨਾਲ ਹੀ ਭੇਜ ਦੇਵਾਂਗੇ, ਬਜ਼ੁਰਗਾਂ ਦਾ ਸਾਇਆ ਚੰਗਾ ਹੁੰਦਾ ਹੈ ।(ਹਾਸਾ)

ਬਾਬੂ ਬਚਨ ਸਿੰਘ: ਮੇਰੇ ਜਾਣ ਨਾਲ ਤਾਂ ਕੰਮ ਕਸੂਤ ਹੋ ਜਾਵੇਗਾ, ਤੁਹਾਡੇ ਨਾਲ ਜਾਣ ਨਾਲ ਕੰਮ ਠੀਕ ਰਹੇਗਾ । ਮੈਨੂੰ ਰਾਖੀ ਕਰਨੀ ਪਵੇਗੀ ਪਰ ਤੁਸੀਂ ਹਿੱਸੇਦਾਰ ਬਣ ਜਾਓਗੇ (ਹਾਸਾ)। ਅਕਸਪੋਰਟ ਕਾਰਪੋਰੇਸ਼ਨ ਹੋਣੀ ਚਾਹੀਦੀ ਹੈ ਪਰ ਇਹ ਸਾਊਂਡ ਲਾਈਨਜ਼ ਤੇ ਹੋਣੀ ਚਾਹੀਦੀ ਹੈ। ਮੈਂ ਪਹਿਲਾਂ ਵੀ ਕਿਹਾ ਹੈ ਕਿ ਪੰਜਾਬ ਵਿਚ ਨਾ ਲੋਹਾ ਹੈ ਤੇ ਨਾ ਕੋਲਾ ਹੈ ਅਤੇ ਹੁਣ ਤਾਂ ਇਥੇ ਪੱਥਰ ਵੀ ਨਹੀਂ ਰਿਹਾ ਇਸ ਲਈ ਇਥੇ ਵੱਡੀ ਇੰਡਸਟਰੀ ਨਹੀਂ ਲਗ ਸਕਦੀ ਅਤੇ ਸਮਾਲ ਸਕੇਲ ਇੰਡਸਟਰੀ ਲਈ ਵੀ ਅਸੀਂ ਜਾਪਾਨ ਤੇ ਸਵਿਟਜ਼ਰਲੈਂਡ ਵਾਲੇ ਹਾਲਾਤ ਪੈਦਾ ਨਹੀਂ ਕਰ ਸਕਦੇ।

[ਬਾਬੂ ਬਚਨ ਸਿੰਘ]

ਅਸੀਂ ਤਾਂ ਇਸ ਮੁਲਕ ਵਿਚ ਹੀ, ਜੋ ਦੁਨੀਆਂ ਦਾ ਸਤਵਾਂ ਹਿੱਸਾ ਹੈ, ਦੁਧ ਘੀ ਮੱਖਣ ਤੇ ਦੂਜੀ ਖੇਤੀ ਦੀ ਪੈਦਾਵਾਰ ਦੀ ਮਾਰਕਿਟ ਪੈਦਾ ਕਰ ਸਕਦੇ ਹਾਂ । ਕਾਸ਼! ਸਰਕਾਰ ਨੂੰ ਇਸ ਪਾਸੇ ਹੋਸ਼ ਆਵੇ ਅਤੇ ਇਸ ਪਾਸੇ ਧਿਆਨ ਦੇਵੇ । ਮੈਨੂੰ ਆਸ ਹੈ ਕਿ ਇਸ ਪਾਸੇ ਸਰਕਾਰ ਸੋਚੇਗੀ ।

ਸ੍ਰੀ ਦੀਨਾ ਨਾਥ ਅਗਰਵਾਲ (ਲੁਧਿਆਣਾ ਸ਼ਹਿਰ) : ਚੇਅਰਮੈਨ ਸਾਹਿਬ, ਬਾਬੂ ਬਚਨ ਸਿੰਘ ਨੇ ਠੀਕ ਹੀ ਕਿਹਾ ਹੈ ਕਿ ਇਥੇ ਪੰਜਾਬ ਵਿਚ ਨਾ ਲੋਹਾ ਨਾ ਕੋਲਾ ਤੇ ਨਾ ਤੇਲ ਪੈਦਾ ਹੁੰਦਾ ਹੈ ਅਤੇ ਇਥੇ ਵੱਡੀ ਇੰਡਸਟਰੀ ਨਹੀਂ ਲਗ ਸਕਦੀ। ਪਾਰਟੀਸ਼ਨ ਤੋਂ ਪਹਿਲਾਂ ਪੰਜਾਬ ਦੀ ਜੋ ਹਾਲਤ ਸੀ ਉਹ ਕਿਸੇ ਤੋਂ ਛੁਪੀ ਹੋਈ ਨਹੀਂ । ਇਥੇ ਕੋਈ ਇੰਡਸਟਰੀ ਨਹੀਂ ਸੀ ਅਤੇ ਵਧ ਤੋਂ ਵਧ ਛੁਰੀਆਂ ਟੋਕੇ ਬਨਾਉਣ ਵਾਲੇ ਕਾਰਖਾਨੇ ਹੀ ਸੀ। ਪਾਰਟੀਸ਼ਨ ਤੋਂ ਬਾਅਦ ਇਥੇ ਇੰਡਸਟਰੀ ਨੇ ਤਰਕੀ ਕਰਨੀ ਸ਼ੁਰੂ ਕੀਤੀ ਅਤੇ ਜ਼ਿਆਦਾ ਕਰਕੇ ਸਮਾਲ ਸਕੇਲ ਇੰਡਸਟਰੀ ਹੀ ਲਗੀ ਕਿਉਂਕਿ ਪੰਜਾਬ ਵਿਚ ਸਰਮਾਇਆ ਵੀ ਨਹੀਂ ਸੀ । ਪੰਜਾਬ ਵਿਚ ਸਰਮਾਇਆ ਕਦੇ ਹੋਇਆ ਵੀ ਨਹੀਂ ਕਿਉਂਜੋ ਪੰਜਾਬ ਜ਼ਿਆਦਾ ਖਰਚ ਕਰਦਾ ਹੈ ਤੇ ਖਾਂਦਾ ਪੀਂਦਾ ਹੈ। ਜਿਸ ਵਕਤ ਸਮਾਲ ਸਕੇਲ ਇੰਡਸਟਰੀ ਵਧੀ ਤਾਂ ਜ਼ਰੂਰਤ ਪੈਦਾ ਹੋਈ ਕਿ ਮਾਲ ਐਕਸਪੋਰਟ ਕੀਤਾ ਜਾਵੇ। ਪਹਿਲਾਂ ਮਾਲ ਇਸ ਸਟੈਂਡਰਡ ਦਾ ਬਣਦਾ ਸੀ ਕਿ ਉਸਨੂੰ ਆਪਣੇ ਦੇਸ਼ ਵਿਚ ਹੀ ਸੇਲ ਕੀਤਾ ਜਾਂਦਾ ਸੀ ਪਰ ਜਦੋਂ ਸਟੈਂਡਰਡ ਵਧਿਆ ਤਾਂ ਹਿੰਦੁਸਤਾਨ ਤੋਂ ਬਾਹਰ ਵੀ ਭੇਜਿਆ ਜਾਣ ਲੱਗਾ। ਜਿਸ ਵਕਤ ਬਾਹਰ ਮਾਲ ਐਕਸ-ਪੋਰਟ ਹੋਣ ਲਗਾ ਤਾਂ ਜ਼ਰੂਰੀ ਸੀ ਕਿ ਐਕਸਪੋਰਟ ਪਰੋਮਸ਼ਨ ਕਾਰਪੋਰੇਸ਼ਨ ਕਾਇਮ ਕੀਤੀ ਜਾਵੇ। ਅਕਸਪੋਰਟ ਇਕ ਵੱਡਾ ਸਬਜੈਕਟ ਹੈ ਅਤੇ ਜੇਕਰ ਇਸਨੂੰ ਮਹਿਕਮਾ ਇੰਡਸਟਰੀ ਨਾਲ ਜੋੜ ਰਖਦੇ ਤਾਂ ਇਸਦੀ ਤਰੱਕੀ ਨਹੀਂ ਹੋ ਸਕਦੀ ਸੀ। ਇਹ ਗੱਲ ਕਿਸੇ ਤੋਂ ਛੁਪੀ ਨਹੀਂ ਕਿ ਐਕਸਪੋਰਟ ਤੋਂ ਬਗੈਰ ਕਿਸੇ ਦੇਸ਼ ਦੀ ਹਾਲਤ ਸੁਧਰ ਨਹੀਂ ਸਕਦੀ ਦੁਨੀਆ ਵਿਚ ਜਿਤਨੇ ਮੁਲਕ ਹਨ ਖਾਹ ਛੋਟੇ ਹਨ ਜਾਂ ਵੱਡੇ ਜਿਸ ਮੁਲਕ ਨੇ ਜਿਤਨੀ ਐਕਸਪੋਰਟ ਕੀਤੀ ਉਤਨੀ ਹੀ ਤਰੱਕੀ ਕੀਤੀ। ਜ਼ੈਕੋਸਲਵਕੀਆ ਕੋਈ ਪੰਜਾਬ ਨਾਲੋਂ ਵੱਡਾ ਨਹੀਂ ਪਰ ਵੇਖੋ ਕਿਤਨੀ ਐਕਸਪੋਰਟ ਕਰਦਾ ਹੈ ਤੇ ਕਿਤਨੀ ਤਰੱਕੀ ਕਰ ਗਿਆ ਹੈ। ਇਸੇ ਤਰ੍ਹਾਂ ਸਵਿਟਜ਼ਰਲੈਂਡ ਨੂੰ ਵੇਖ ਲਉ ਸਾਰੀ ਦੁਨੀਆ ਨੂੰ ਘੜੀਆਂ ਸਪਲਾਈ ਕਰਦਾ ਹੈ ਹਾਲਾਂ ਕਿ ਉਥੇ ਕੋਈ ਚੀਜ਼ ਪੈਦਾ ਨਹੀਂ ਹੁੰਦੀ ਅਤੇ ਸਾਰਾ ਰਾ ਮੈਟਰੀਅਲ ਬਾਹਰੋਂ ਆਉਂਦਾ ਹੈ। ਅੱਜ ਮੁਲਕ ਨੂੰ ਐਮੋਨੀਸ਼ਨ ਦੀ ਤੇ ਵਾਰ ਮੈਟੀਰੀਅਲ ਦੀ ਲੋੜ ਹੈ। ਤੁਸੀਂ ਵੇਖਦੇ ਹੋ ਕਿ ਨੈਟ (gnat) ਬਨਾਉਣ ਦਾ ਕਾਰਖਾਨਾ ਤਾਂ ਅਸੀਂ ਲਗਾਇਆ ਪਰ ਇਜਨ ਬਾਹਰ ਤੋਂ ਆਉਂਦੇ ਹਨ ਅਤੇ ਟੈਂਕ ਬਨਾਉਣ ਦਾ ਕਾਰਖਾਨਾ ਕਾਇਮ ਕੀਤਾ ਹੈ ਪਰ ਪਾਰਟਸ ਬਾਹਰ ਤੋਂ ਆਉਂਦੇ ਹਨ। ਸਾਡੀ ਐਕਸਪੋਰਟ ਅਜੇ ਤਕ ਇਨਫੈਨਸੀ (infancy) ਵਿਚ ਹੈ ਅਤੇ ਜਿਤਨਾ ਅਰਸਾ ਐਕਸਪੋਰਟ ਨਹੀਂ ਵਧਦੀ ਸਾਡਾ ਸੂਬਾ ਤਰੱਕੀ ਨਹੀਂ ਕਰੇਗਾ । ਮੈਂ ਤਾਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਕਾਮਰਸ ਕਾਲਜਾਂ ਵਿਚ ਐਕਸਪੋਰਟ ਦਾ ਸਬਜੈਕਟ ਵੀ ਸਟੂਡੈਂਟ ਨੂੰ ਪੜ੍ਹਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਟਰੇਨਿੰਗ ਦੇਣੀ ਚਾਹੀਦੀ ਹੈ ਕਿ ਅਕਸਪੋਰਟ ਇਮਪੋਰਟ ਤੇ ਫਾਰਨ ਐਕਸਚੇਂਜ ਕੀ ਹੁੰਦੀ ਹੈ। ਪੰਜਾਬ ਵਿਚ ਬਿਜਨੈਸ ਐਡਮਨਿਸਟਰੇਸ਼ਨ ਦੀ ਕਲਾਸ ਨੂੰ ਵੀ ਚਾਲੂ ਕਰਨਾ ਚਾਹੀਦਾ ਹੈ । ਇਸ ਵਕਤ ਕਲਕੱਤਾ ਤੇ ਅਹਿਮਦਾਬਾਦ ਵਿਚ ਹੀ ਇਹ ਕਲਾਸਾਂ ਚਲਦੀਆਂ ਹਨ। ਪੰਜਾਬ ਦੀ ਬਦਕਿਸਮਤੀ ਹੈ ਕਿ ਸਾਡੇ ਸਟੂਡੈਂਟਸ ਜਦ ਉਥੇ ਦਾਖਲੇ ਲਈ ਜਾਂਦੇ ਹਨ ਤਾਂ ਉਨ੍ਹਾਂ ਨੇ ਆਪਣੇ ਸਟੂਡੈਂਟਸ ਲਈ ਪਰਾਇਰਟੀ ਰਖੀ ਹੋਈ ਹੁੰਦੀ ਹੈ ਤੇ ਉਨ੍ਹਾਂ ਨੂੰ ਦਾਖਲਾ ਨਹੀਂ ਮਿਲਦਾ ਹਾਲਾਂਕਿ ਪੰਜਾਬ ਨੇ ਮੈਡੀਕਲ ਤੇ ਇੰਜੀਨੀਅਰਿੰਗ ਕਾਲਜਾਂ ਵਿਚ ਦਾਖਲਾ ਓਪਨ ਰਖਿਆ ਹੈ ਪਰ ਸਾਡੇ ਮੁੰਡਿਆਂ ਨੂੰ ਬਾਹਰ ਕੋਈ ਨਹੀਂ ਪੁਛਦਾ । ਇਸ ਲਈ ਜ਼ਰੂਰੀ ਹੈ ਕਿ

ਬਿਜ਼ਨੈਸ ਐਡਮਨਿਸਟਰੇਸ਼ਨ ਤੇ ਐਕਸਪੋਰਟ ਮੁਤੱਲਿਕ ਕਲਾਸਾਂ ਪੰਜਾਬ ਵਿਚ ਚਾਲੂ ਕਰਨੀਆਂ ਚਾਹੀਦੀਆਂ ਹਨ ਤਾਕਿ ਸਾਡੇ ਬੱਚੇ ਵੀ ਇਨ੍ਹਾਂ ਮਜ਼ਮੂਨਾਂ ਨੂੰ ਲਰਨ ਕਰ ਸਕਨ । (ਵਿਘਨ)

ਚੇਅਰਮੈਨ ਸਾਹਿਬ, ਮੈਂ ਲੁਧਿਆਣੇ ਦੀ ਇਕ ਮਿਸਾਲ ਹਾਊਸ ਵਿਚ ਦਸਣਾ ਚਾਹੁੰਦਾ ਹਾਂ। ਲੁਧਿਆਣੇ ਦਾ ਇਕ ਵੱਡਾ ਇੰਡਸਟਰੀਲਿਸਟ ਸਰਦਾਰ ਅਰਜਨ ਸਿੰਘ ਹੈ। ਉਹ ਅਨਪੜ੍ਹ ਹੀ ਹੈ। ਉਸਨੇ Shan Sewing Machine ਦੀ ਫੈਕਟਰੀ ਲੁਧਿਆਣੇ ਵਿਚ ਲਾਈ ਹੋਈ ਹੈ। ਉਹ ਜਾਪਾਨ ਵਿਚ ਕਿਸੇ ਡੈਲੀਗੇਸ਼ਨ ਦੇ ਨਾਲ ਗਿਆ। ਉਸਨੇ ਵੇਖਿਆ ਕਿ ਉਥੇ ਦੀ ਮਸ਼ੀਨ 4 Jobs ਕਰਦੀ ਹੈ। ਇੰਡਸਟਰੀਲਿਸਟ ਦਾ ਆਪਣਾ ਦੇਖਣ ਦਾ ਵਿਯਨ ਹੁੰਦਾ ਹੈ। ਉਸ ਆਦਮੀ ਨੇ ਉਸ ਚੀਜ਼ ਨੂੰ ਕੈਚ ਕਰ ਲਿਆ ਕਿ ਇਕ ਮਸ਼ੀਨ 4 ਜਾਬਜ਼ (Jobs) ਕਰਦੀ ਹੈ। ਉਸ ਨੇ ਸੋਚਿਆ ਕਿ ਉਹ ਇਹ ਚੀਜ਼ ਇਥੇ ਕਿਸ ਤਰ੍ਹਾਂ ਕਰ ਸਕਦਾ ਹੈ। ਆਖਰਕਾਰ ਉਸ ਨੇ ਇਕ ਮਸ਼ੀਨ ਬਣਾਈ ਜਿਹੜੀ 4 ਜਾਬਜ਼ ਦੀ ਬਜਾਏ ਛੇ ਜਾਬਜ਼ ਕਰਨ ਲੱਗ ਪਈ। ਇਸ ਲਈ ਬਾਹਰ ਦੇਸ਼ਾਂ ਵਿਚ ਜ਼ਰਰ ਡੈਲੀਗੇਸ਼ਨ ਭੇਜਣੇ ਚਾਹੀਦੇ ਹਨ । ਮੈਂ ਚਾਹੁੰਦਾ ਹਾਂ ਕਿ ਵੱਡੇ ਵੱਡੇ ਇੰਡਸਟਰੀਅਲਿਸਟਸ ਦੀ ਬਜਾਏ Small scale ਦੇ ਇੰਡਸਟਰੀਅਲਿਸ ਭੇਜਣੇ ਚਾਹੀਦੇ ਹਨ । ਹਾਊਸ ਵਿਚ ਕਿਹਾ ਗਿਆ ਕਿ ਸਾਨੂੰ ਇੰਪੋਰਟ ਅਤੇ ਐਕਸਪੋਰਟ ਕਰਨ ਦੀ ਕੋਈ ਲੋੜ ਨਹੀਂ ਹੈ। ਕੋਈ ਵੀ ਆਦਮੀ ਸੈਲਫ ਸ਼ਫੀਸੈਂਟ ਨਹੀਂ ਹੈ । ਜ਼ਮੀਂਦਾਰ ਨੂੰ ਦਵਾਈਆਂ ਦੀ ਲੋੜ ਹੈ । ਅਤੇ ਕਪੜੇ ਦੀ ਲੋੜ ਹੈ। ਇਸੇ ਤਰ੍ਹਾਂ ਬਿਜ਼ਨੈਸਮੈਨ ਨੂੰ ਗੰਦਮ ਦੀ ਲੋੜ ਹੁੰਦੀ ਹੈ । ਹਰ ਇਕ ਕਮੀਉਨਿਟੀ ਨੂੰ ਇਕ ਦੂਜੇ ਉਤੇ ਨਿਰਭਰ ਹੋਣਾ ਪੈਂਦਾ ਹੈ। ਆਦਮੀ ਨੂੰ ਆਪਰੇਸ਼ਨ ਲਈ ਸਰਜੀਕਲ ਇਨਸਟਰੂਮੈਂਟਸ ਦੀ ਲੋੜ ਹੁੰਦੀ ਹੈ ਅਤੇ ਵਿਦਿਆ ਪ੍ਰਾਪਤ ਕਰਨ ਲਈ ਅੱਛੀ ਐਜੂਕੇਸ਼ਨ ਦੀ ਲੋੜ ਹੁੰਦੀ ਹੈ । ਇਸੇ ਤਰ੍ਹਾਂ ਚੀਜ਼ਾਂ ਦੀ ਇੰਪੋਰਟ ਅਤੇ ਐਕਸਪੋਰਟ ਕਰਨ ਦੀ ਬਹੁਤ ਲੋੜ ਹੈ। ਅਗਰ ਐਕਸਪੋਰਟ ਕਰਨੀ ਬੰਦ ਕਰਦੇ ਤਾਂ ਇੰਪੋਰਟ ਲਈ ਫਾਰਨ ਐਕਸਚੇਂਜ ਕਿਥੋਂ ਹਾਸਲ ਕੀਤੀ ਜਾਵੇ ? ਅਸੀਂ ਬਾਹਰ ਦੇ ਦੇਸ਼ਾਂ ਤੋਂ ਕਿਸ ਤਰ੍ਹਾਂ ਚੀਜ਼ਾਂ ਮੰਗਵਾਵਾਂਗੇ ? ਇਸ ਲਈ ਫਾਰੇਨ ਐਕਸਚੇਂਜ ਹਾਸਲ ਕਰਨ ਲਈ ਚੀਜ਼ਾਂ ਦੀ ਐਕਸਪੋਰਟ ਕਰਨੀ ਬਹੁਤ ਜ਼ਰੂਰੀ ਹੈ। ਸਾਡੀ ਸਰਕਾਰ ਨੇ ਐਕਸਪੋਰਟ ਪਰੋਮੋਸ਼ਨ ਕਾਰਪੋਰੇਸ਼ਨ ਕਾਇਮ ਕਰਕੇ ਨਿਹਾਇਤ ਹੀ ਦਾਨਸ਼ਮੰਦੀ ਦਾ ਕੰਮ ਕੀਤਾ ਹੈ।

ਇਸ ਕਾਰਪੋਰੇਸ਼ਨ ਨੇ ਇੰਨੇ ਥੋੜ੍ਹੇ ਸਮੇਂ ਦੇ ਅੰਦਰ ਬਹੁਤ ਜ਼ਿਆਦਾ ਕੰਮ ਕੀਤਾ ਹੈ। ਉਸ ਲਈ ਇਹ ਕਾਰਪੋਰੇਸ਼ਨ ਮੁਬਾਰਕਬਾਦ ਦੀ ਮੁਸਤਹਿਕ ਹੈ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਸ ਕਾਰਪੋਰੇਸ਼ਨ ਨੂੰ ਚੀਜ਼ਾਂ ਨੂੰ ਐਕਸਪੋਰਟ ਕਰਨ ਲਈ ਵਧ ਤੋਂ ਵਧ ਰੁਪਿਆ ਦੇਣਾ ਚਾਹੀਦਾ ਹੈ। ਇਥੇ ਕਿਹਾ ਗਿਆ ਕਿ ਮਾਲ ਐਕਸਪੋਰਟ ਕਰਨ ਦੀ ਲਿਮਿਟ ਹੋਣੀ ਚਾਹੀਦੀ ਹੈ। ਇਸ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲੁਧਿਆਣੇ ਦਾ ਇਕ ਇੰਡਸਟਰੀਅਲਿਸਟ ਮਿਡਲ ਈਸਟ ਕੰਟਰੀਜ਼ ਦੇ ਡਲੀਗੇਸ਼ਨ ਦੇ ਨਾਲ ਗਿਆ । ਉਸ ਨੇ ਉਥੇ ਸਕਾਰਫ ਬਣਦਾ ਹੋਇਆ ਵੇਖਿਆ । ਉਸ ਨੇ ਵੇਖਿਆ ਕਿ ਇਹ ਚੀਜ਼ ਬੜੀ ਸਸਤੀ ਬਣ ਸਕਦੀ ਹੈ। ਉਸ ਆਦਮੀ ਨੇ ਇਹ ਚੀਜ਼ ਬਣਾਈ ਅਤੇ ਲੱਖਾਂ ਰੁਪਏ ਦੀ ਐਕਸਪੋਰਟ ਕੀਤੀ । ਮੈਂ ਸਰਕਾਰ ਨੂੰ ਕਹਾਂਗਾ ਕਿ ਹਰ ਸਾਲ ਜ਼ਿਆਦਾ ਤੋਂ ਜ਼ਿਆਦਾ ਡੈਲੀਗੇਸ਼ਨ ਬਾਹਰ ਦੇ ਦੇਸ਼ਾਂ ਨੂੰ ਭੇਜੇ ਜਾਣੇ ਚਾਹੀਦੇ ਹਨ । ਹਰ ਇਕ ਆਦਮੀ ਦੀ ਕਿਸੇ ਚੀਜ਼ ਨੂੰ ਕੈਚ ਕਰਨ ਦੀ ਆਪਣੀ ਆਪਣੀ ਵਿਜ਼ਡਮ (wisdom) ਹੁੰਦੀ ਹੈ। ਇਕ ਲਕੜੀ ਦਾ ਟੁਕੜਾ ਕਿਸੇ ਜਗਾ ਪਿਆ ਹੈ। ਉਸ ਰਸਤੇ ਇਕ ਕਾਰਪੈਂਟਰ ਗੁਜ਼ਰਦਾ ਹੈ । ਉਹ ਕਹਿੰਦਾ ਹੈ ਕਿ ਇਸ ਲਕੜੀ ਦੇ 4 ਦਰਵਾਜ਼ੇ ਨਿਕਲ ਸਕਦੇ ਹਨ। ਉਸ ਦੇ ਬਾਅਦ ਫਰਨੀਚਰ ਬਨਾਉਣ ਵਾਲਾ ਕਾਰੀਗਰ ਉਸੇ ਰਸਤੇ ਜਾਂਦਾ ਹੈ। ਉਹ ਸੋਚਦਾ ਹੈ ਕਿ ਇਸ ਵਿਚ

[ਸ਼੍ਰੀ ਦੀਨਾ ਨਾਥ ਅਗਰਵਾਲ]

ਇੰਨੇ ਟੇਬਲ ਬਣ ਸਕਦੇ ਹਨ। ਇਸ ਲਈ ਹਰ ਇਕ ਦਾ ਵਖਰਾ ਵਖਰਾ ਸੋਚਣ ਦਾ ਢੰਗ ਹੁੰਦਾ ਹੈ। ਜਦੋਂ ਇੰਡਸਟਰੀ ਦੇ ਡੈਲੀਗੇਸ਼ਨ ਬਾਹਰ ਦੇ ਦੇਸ਼ਾਂ ਵਿਚ ਜਾਂਦੇ ਹਨ ; ਉਹ ਉਥੇ ਜਾਕੇ ਬਹੁਤ ਸਾਰੀਆਂ ਨਵੀਆਂ ਚੀਜ਼ਾਂ ਨੂੰ ਵੇਖ ਕੇ ਆਉਂਦੇ ਹਨ। ਉਹ ਇਥੇ ਚੀਜ਼ਾਂ ਤਿਆਰ ਕਰਕੇ ਐਕਸਪੋਰਟ ਕਰਦੇ ਹਨ। ਇਸ ਲਈ ਬਾਹਰ ਦੇ ਦੇਸ਼ਾਂ ਵਿਚ ਡੈਲੀਗੇਸ਼ਨ ਜ਼ਰੂਰ ਭੇਜਣੇ ਚਾਹੀਦੇ ਹਨ।

ਚੇਅਰਮੈਨ ਸਾਹਿਬ, ਇਥੇ ਲੋਕ ਫਰੂਟਸ ਖਾਂਦੇ ਹਨ, ਸੰਗਤਰੇ ਅਤੇ ਮਾਲਟੇ ਖਾਂਦੇ ਹਨ। ਲੋਕ ਇਨ੍ਹਾਂ ਦੇ ਛਿਲਕੇ ਸੁਟ ਦਿੰਦੇ ਹਨ। ਇਨ੍ਹਾਂ ਵਿਚ ਵਿਟਾਮਿਨ ਹੁੰਦੇ ਹਨ। ਇਨ੍ਹਾਂ ਨੂੰ ਵੇਸਟ ਨਹੀਂ ਕਰਨਾ ਚਾਹੀਦਾ । ਇਨ੍ਹਾਂ ਛਿਲਕਿਆਂ ਦਾ ਜੈਮ ਬਣਦਾ ਹੈ। ਇਸ ਲਈ ਇਨ੍ਹਾਂ ਛਿਲਕਿਆਂ ਨੂੰ ਇਸਤੇਮਾਲ ਕਰਨ ਲਈ ਕੋਈ ਕਾਰਖਾਨਾ ਲਗਾਉਣਾ ਚਾਹੀਦਾ ਹੈ। ਇਸ ਦੇਸ਼ ਵਿਚ in Moga Condensed Milk Factory and Nescafe Coffee ਦੀ ਫੈਕਟਰੀ ਲਾਈ ਗਈ ਹੈ। ਇਸ ਦੇ ਨਾਲ ਮਿਲਕ ਦੀ ਪ੍ਰੋਡਕਸ਼ਨ (production) ਵਿਚ ਇਜ਼ਾਫਾ ਹੋਵੇਗਾ। ਸਰਕਾਰ ਨੂੰ ਇਸ ਤਰ੍ਹਾਂ ਚੀਜ਼ਾਂ ਬਨਾਉਣ ਲਈ ਕਦਮ ਉਠਾਣੇ ਚਾਹੀਦੇ ਹਨ ਤਾਕਿ ਇਨ੍ਹਾਂ ਚੀਜ਼ਾਂ ਨੂੰ ਐਕਸਪੋਰਟ ਕਰਕੇ ਫਾਰੇਨ ਕਰੰਸੀ ਕਮਾਈ ਜਾ ਸਕੇ। ਇਸਦੇ ਨਾਲ ਇੰਡਸਟਰੀ ਦੀ ਵੀ ਤਰੱਕੀ ਹੋਵੇਗੀ। ਹਾਂ, ਇਹ ਮੈਂ ਜ਼ਰੂਰ ਕਹਾਂਗਾ ਕਿ ਐਕਸਪੋਰਟ ਦੇ ਸਿਸਟਮ ਨੂੰ ਇੰਪਰੂਵ ਕੀਤਾ ਜਾਵੇ। ਇਸ ਵੇਲੇ ਐਕਸਪੋਰਟ ਦੀ ਚੈਕਿੰਗ ਸੈਂਟਰ ਗੌਰਮਿੰਟ ਦੇ ਅਧੀਨ ਹੈ। ਸੈਂਟਰਲ ਗੌਰਮਿੰਟ ਨੇ ਇਸ ਦੀ ਚੈਕਿੰਗ ਲਈ ਵਖਰੇ ਵਖਰੇ ਸ਼ਹਿਰਾਂ ਵਿਚ ਇਨਸਪੈਕਟਰਜ਼ ਮੁਕੱਰਰ ਕੀਤੇ ਹਨ। ਉਹ ਵੇਖਦੇ ਹਨ ਕਿ ਕੀ ਸਾਮਾਨ ਐਕਸਪੋਰਟ ਕਰਨ ਦੇ ਕਾਬਲ ਹੈ, ਕੀ ਇਹ ਸਾਮਾਨ ਭੇਜਣ ਦੇ ਨਾਲ ਸਾਡੇ ਦੇਸ਼ ਦੀ ਬਦਨਾਮੀ ਤਾਂ ਨਹੀਂ ਹੋਵੇਗੀ। ਲੇਕਿਨ ਮੈਨੂੰ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਇੰਸਪੈਕਟਰਾਂ ਦੇ ਦਿਲਾਂ ਵਿਚ ਐਕਸਪੋਰਟ ਵਿਚ ਇਜ਼ਾਫਾ ਕਰਨ ਦਾ ਦਰਦ ਨਹੀਂ ਹੁੰਦਾ। ਇਹ ਇੰਡਸਟਰੀਅਲਿਸਟਸ ਅਤੇ ਬਿਜ਼ਨੈਸਮੈਨ ਨੂੰ ਇੰਸੈਂਟਿਵ ਅਤੇ ਫੈਸਿਲੀਟੀਜ਼ ਨਹੀਂ ਦੇਣਾ ਚਾਹੁੰਦੇ ਬਲਕਿ ਡਿਸਕਰੇਜ ਕਰਦੇ ਹਨ। ਇਹ ਇਨਸਪੈਕਟਰਜ਼ ਇਸ ਤਰ੍ਹਾਂ ਦੇ ਕੰਮ ਨੂੰ ਤਰੱਕੀ ਕਰਨ ਵਿਚ ਰੁਕਾਵਟਾਂ ਪਾਉਂਦੇ ਹਨ। ਇਨ੍ਹਾਂ ਦੇ ਰਾਹੀਂ ਕੁਰਪਸ਼ਨ ਹੀ ਵਧਦੀ ਹੈ। ਇਸ ਲਈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਐਕਸਪੋਰਟ ਕਰਨ ਦੇ ਮਾਲ ਨੂੰ ਚੈਕਿੰਗ ਕਰਨ ਦੀ ਪਾਵਰ ਸੈਂਟਰਲ ਗੌਰਮਿੰਟ ਤੋਂ ਲੈ ਕੇ ਆਪਣੇ ਹੱਥ ਲੈ ਲਵੇ। ਇਸ ਤੋਂ ਅਲਾਵਾ ਐਕਸਪੋਰਟ ਕਰਨ ਵਾਲੇ ਸਾਮਾਨ ਦਾ ਥੋੜ੍ਹਾ ਨਮਨਾ ਚੈਕਿੰਗ ਕਰਾਉਣ ਲਈ ਪਹਿਲੇ ਬੰਬਈ ਭੇਜਣਾ ਪੈਂਦਾ ਹੈ। ਬੰਬਈ ਵਿਚ ਇਕ ਲੈਬਾਰੇਟਰੀ ਕਾਇਮ ਕੀਤੀ ਹੈ। ਇਸ ਚੀਜ਼ ਦੀ ਜਾਂਚ ਕਰਾਉਣ ਲਈ ਇੰਡਸਟਰੀਅਲਿਸਟ ਨੂੰ ਕਾਫੀ ਚਿਰ ਤਕ ਭਟਕਣਾ ਪੈਂਦਾ ਹੈ। ਇਸ ਤਰ੍ਹਾਂ ਬਿਜ਼ਨੈਸ ਮੈਨ ਨੂੰ ਕਾਫੀ ਨੁਕਸਾਨ ਹੁੰਦਾ ਹੈ। ਪੰਜਾਬ ਵਿਚ ਵੀ ਲੈਬਾਰਟਰੀਜ਼ ਕਾਇਮ ਹਨ। ਇਸ ਲਈ ਐਕਸਪੋਰਟ ਦੇ ਸੈਂਪਲਜ਼ ਪੰਜਾਬ ਦੀ ਲੈਬਾਰਟਰੀਜ਼ ਵਿਚ ਚੈਕ ਹੋ ਜਾਣੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਅਗਰ ਇਹ ਸਿਸਟਮ ਲਾਗੂ ਹੋ ਜਾਵੇ ਤਾਂ ਐਕਸਪੋਰਟ ਕਰਨ ਵਾਲੇ ਆਦਮੀ ਨੂੰ 3 ਦਿਨਾਂ ਦੇ ਵਿਚ ਹੀ ਰਿਜਲਟ ਮਿਲ ਜਾਵੇਗਾ। ਇਸ ਤਰ੍ਹਾਂ ਪੰਜਾਬ ਦੀ ਇੰਡਸਟਰੀ ਨੂੰ ਕਾਫੀ ਫਾਇਦਾ ਹੋ ਸਕਦਾ ਹੈ। ਮੈਨੂੰ ਪਤਾ ਨਹੀਂ ਕਿ ਟੈਕਸਟਾਈਲਜ਼ ਕਮਿਸ਼ਨਰ ਅਤੇ ਸੈਂਟਰਲ ਗੌਰਮਿੰਟ ਕਿਉਂ ਇਨਸਿਸਟ ਕਰਦੀ ਹੈ ਜਦੋਂ ਕਿ ਇਸ ਬਾਰੇ ਕਈ ਵਾਰ ਰੀਪ੍ਰੀਜ਼ੈਂਟ ਕਰ ਚੁੱਕੇ ਹਾਂ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਸਾਡੀ ਸਰਕਾਰ ਇਸ ਦੇ ਬਾਰੇ ਸੈਂਟਰਲ ਗੌਰਮਿੰਟ ਦੇ ਨਾਲ ਗੱਲ ਬਾਤ ਕਰਕੇ ਡਿਸਾਈਡ ਕਰਾਏ ਤਾਕਿ ਇਥੋਂ ਦੀ ਇੰਡਸਟਰੀ ਨੂੰ ਨੁਕਸਾਨ ਨਾ ਹੋਵੇ।

ਚੇਅਰਮੈਨ ਸਾਹਿਬ, ਸਾਡਾ ਸੂਬਾ ਸਮੁੰਦਰ ਤੋਂ ਬਹੁਤ ਦੂਰ ਹੈ। ਇਸ ਨੂੰ ਚਾਹੇ ਕੋਈ ਡਿਸਐਡਵਾਂਟੇਜ (disadvantage) ਜਾਂ ਐਡਵਾਂਟੇਜ (advantage)

ਸਮਝੇ । ਲੇਕਿਨ ਸਾਨੂੰ ਐਸੇ ਹਾਲਾਤ ਪੈਦਾ ਕਰ ਦੇਣੇ ਚਾਹੀਦੇ ਹਨ ਕਿ ਅਸੀਂ ਇੰਨੀ ਦੂਰੀ ਨੂੰ ਮਹਿਸੂਸ ਨਾ ਕਰੀਏ। ਅਸੀਂ ਰੀਪ੍ਰੀਜ਼ੈਂਟੇਸ਼ਨ ਰੇਲਵੇ ਡਿਪਾਰਟਮੈਂਟ ਨੂੰ ਕੀਤੀ ਸੀ ਕਿ ਰੇਲਵੇ ਫਰੇਟ ਵਿਚ ਇੰਡਸਟਰਿਅਲਿਸਟਾਂ ਨੂੰ ਇੰਸੈਂਟਿਵ ਦੇਣਾ ਚਾਹੀਦਾ ਹੈ। ਪਹਿਲਾਂ ਮਾਲ ਬੰਬਈ ਤੋਂ ਇਥੇ ਆਉਂਦਾ ਹੈ। ਇਥੇ ਕਪੜਾ ਬਣਦਾ ਹੈ। ਉਸ ਦੇ ਬਾਅਦ ਕਪੜਾ ਐਕਸਪੋਰਟ ਕਰਨ ਲਈ ਭੇਜਿਆ ਜਾਂਦਾ ਹੈ। ਪਹਿਲਾਂ ਇਸ ਦੇ ਬਾਰੇ 2 ਪ੍ਰਤੀਸ਼ਤ ਜਾਂ 3 ਪ੍ਰਤੀਸ਼ਤ ਇਨਸੈਂਟਿਵ ਦਿੱਤਾ ਜਾਂਦਾ ਸੀ ਪਰ ਬਾਅਦ ਵਿਚ ਇਹ ਇਨਸੈਂਟਿਵ ਬੰਦ ਕਰ ਦਿੱਤਾ । ਬੰਬਈ ਅਤੇ ਪੰਜਾਬ ਦੇ ਵਿਚ ਬਹੁਤ ਡਿਸਟੈਂਸ ਹੈ। ਇਸ ਲਈ ਪੰਜਾਬ ਵਾਲਿਆਂ ਨੂੰ ਬਹੁਤ ਖਰਚ ਪੈ ਜਾਂਦਾ ਹੈ। ਪੰਜਾਬ ਦੇ ਲੋਕ ਬੰਬਈ ਦੇ ਲੋਕਾਂ ਨੂੰ ਕੰਪੀਟ ਨਹੀਂ ਕਰ ਸਕਦੇ ਕਿਉਂਕਿ ਪੰਜਾਬ ਦੇ ਲੋਕਾਂ ਉੱਤੇ ਐਕਸਟਰਾ ਬਰਡਨ (burden) ਪੈਂਦਾ ਹੈ । ਇਸ ਲਈ ਸੈਂਟਰ ਗੌਰਮਿੰਟ ਨੂੰ ਪੰਜਾਬ ਦੇ ਲੋਕਾਂ ਨੂੰ ਇਨਸੈਂਟਿਵ ਦੇਣ ਲਈ ਬੇਨਤੀ ਕਰਨੀ ਚਾਹੀਦੀ ਹੈ। ਮੈਂ ਫਿਰ ਕਹਿਣਾ ਚਾਹੁੰਦਾ ਹਾਂ ਕਿ 2 ਪ੍ਰਤੀਸ਼ਤ ਵਾਲੀ ਇਨਸੈਂਟਿਵ ਦੇਣ ਵਾਲੀ ਗੱਲ ਮੰਨੀ ਨਹੀਂ ਹੈ । ਇਸ ਲਈ ਇਸ ਸਿਸਟਮ ਨੂੰ ਦੋਬਾਰਾ ਰੀਵਾਈਵ ਕਰਨਾ ਚਾਹੀਦਾ ਹੈ। (ਘੰਟੀ)

ਚੇਅਰਮੈਨ ਸਾਹਿਬ, ਫਾਈਨੈਂਸ਼ਲ ਕਾਰਪੋਰੇਸ਼ਨ ਦੇ ਮੁਤਾਲਿਕ ਚੰਦ ਲਾਈਨਾਂ ਕਹਿਕੇ ਮੈਂ ਆਪਣੀ ਸਪੀਚ ਖਤਮ ਕਰ ਦੇਵਾਂਗਾ । ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਇਸ ਨੇ ਬੜਾ ਅੱਛਾ ਕੰਮ ਕੀਤਾ ਹੈ, ਬੜੇ ਫਾਈਨੈਂਸ ਦੇ ਰਹੀ ਹੈ ਪ੍ਰਾਪਰਲੀ ਅਤੇ ਕੁਇਕਲੀ ਡੀਲ ਕਰ ਰਹੀ ਹੈ। ਮੈਂ ਚਾਹੁੰਦਾ ਹਾਂ ਕਿ ਇਸ ਨੂੰ ਰੇਟ ਆਫ ਇੰਟਰੈਸਟ ਕਮ ਕਰਨਾ ਚਾਈਦਾ ਹੈ। ਇਹ ਕਾਫੀ ਪ੍ਰਾਫਿਟ ਅਰਨ ਕਰ ਰਹੀ ਹੈ ਇਸ ਲਈ ਇਸ ਨੂੰ ਰੇਟ ਆਫ ਇੰਟਰੈਸਟ ਘੱਟ ਕਰਨਾ ਚਾਹੀਦਾ ਹੈ।

ਦੂਸਰੀ ਗੱਲ ਇਹ ਹੈ ਕਿ ਇਸ ਨੂੰ ਸਮਾਲ ਸਕੇਲ ਇੰਡਸਟਰੀ ਅਤੇ ਕਾਟਿਜ ਇੰਡਸਟਰੀ ਨੂੰ ਜ਼ਿਆਦਾ ਰੁਪਿਆ ਦੇਣਾ ਚਾਹੀਦਾ ਹੈ। ਉਨ੍ਹਾਂ ਦੀਆਂ ਕੰਡੀਸ਼ਨਜ਼ ਅਜਿਹੀਆਂ ਹਨ ਕਿ ਉਨ੍ਹਾਂ ਤੋਂ ਕੇਵਲ ਵੱਡੀਆਂ ਇੰਡਸਟਰੀਜ਼ ਅਤੇ ਲਿਮਿਟਿਡ ਕੰਪਨੀਆਂ ਹੀ ਫਾਇਦਾ ਉਠਾ ਸਕਦੀਆਂ ਹਨ । ਉਨ੍ਹਾਂ ਨੂੰ ਅਜਿਹਾ ਪ੍ਰੋਵੀਜ਼ਨ ਵੀ ਕਰਨਾ ਚਾਹੀਦਾ ਹੈ ਕਿ ਜਿਸ ਨਾਲ ਛੋਟੀਆਂ ਛੋਟੀਆਂ ਕਾਟਿਜ ਇੰਡਸਟਰੀਜ਼ ਵੀ ਫਾਇਦਾ ਉਠਾ ਸਕਣ। ਇਹ ਠੀਕ ਹੈ ਕਿ ਡੀਪਾਰਟਮੈਂਟ ਆਫ ਇਡਸਟਰੀਜ਼ ਲੋਨ ਦਿੰਦਾ ਹੈ ਪਰ ਉਨ੍ਹਾਂ ਦੇ ਕੋਲ ਫਿਕਸਡ ਫੰਡਜ਼ ਹੁੰਦੇ ਹਨ ਕਿ ਲੁਧਿਆਣਾ ਜ਼ਿਲਾ ਵਾਸਤੇ ਐਨੇ ਅਤੇ ਅੰਮ੍ਰਿਤਸਰ ਵਾਸਤੇ ਐਨੇ ਅਤੇ ਉਹ ਐਗਜ਼ਾਸਟ (exhaust) ਹੋ ਜਾਂਦੇ ਹਨ ਅਤੇ ਸਮਾਲ ਸਕੇਲ ਇੰਡਸਟਰੀਜ਼ ਵਾਲਿਆਂ ਨੂੰ ਨਹੀਂ ਮਿਲਦੇ। ਜਦੋਂ ਸਮਾਲ ਸਕੇਲ ਇੰਡਸਟਰੀਜ਼ ਵਾਲੇ ਫਾਈਨੈਂਸ਼ਲ ਕਾਰਪੋਰੇਸ਼ਨ ਦੇ ਕੋਲ ਜਾਂਦੇ ਹਨ ਤਾਂ ਉਹ ਕਹਿੰਦੇ ਹਨ ਕਿ ਤੁਹਾਡੀ ਲਈ ਤਾਂ ਪ੍ਰੋਵੀਜ਼ਨ ਇੰਡਸਟਰੀਜ਼ ਡੀਪਾਰਟਮੈਂਟ ਕੋਲ ਹੈ ਉਥੇ ਜਾਉ। ਉਥੇ ਜਾਂਦੇ ਹਨ ਤਾਂ ਉਨ੍ਹਾਂ ਕੋਲ ਐਨੇ ਫੰਡਜ਼ ਨਹੀਂ ਹੁੰਦੇ। ਪੰਜਾਬ ਫਾਈਨੈਂਸ਼ਲ ਕਾਰਪੋਰੇਸ਼ਨ ਨੂੰ ਉਨ੍ਹਾਂ ਦੀਆਂ ਡੀਮਾਂਡਜ਼ ਕੇਟਰ ਕਰਨੀਆਂ ਚਾਹੀਦੀਆਂ ਹਨ, ਉਨ੍ਹਾਂ ਦੀ ਹੈਲਪ ਕਰਨੀ ਚਾਹੀਦੀ ਹੈ। ਸਾਡਾ ਦੇਸ਼ ਕੇਵਲ ਵੱਡੀਆਂ ਇੰਡਸਟਰੀਜ਼ ਦੇ ਸਿਰ ਤੇ ਤਰੱਕੀ ਨਹੀਂ ਕਰ ਸਕਦਾ । ਜਦ ਤਕ ਛੋਟੀਆਂ ਇੰਡਸਟਰੀਜ਼ ਕਾਇਮ ਨਹੀਂ ਹੁੰਦੀਆਂ ਉਸ ਵਕਤ ਤਕ ਦੇਸ਼ ਅੱਗੇ ਨਹੀਂ ਜਾ ਸਕਦਾ । ਇਨ੍ਹਾਂ ਨੂੰ ਬਚਾਉਣਾ ਚਾਹੀਦਾ ਹੈ।

ਚੌਧਰੀ ਦਰਸ਼ਨ ਸਿੰਘ (ਨਕੋਦਰ) ਚੇਅਰਮੈਨ ਸਾਹਿਬ, ਅੱਜ ਐਕਸਪੋਰਟ ਕਾਰਪੋਰੇਸ਼ਨ ਦੀ ਰੀਪੋਰਟ ਤੇ ਬਹਿਸ ਹੋ ਰਹੀ ਹੈ ਮੈਂ ਵੀ ਆਪਣੇ ਵਿਚਾਰ ਹਾਊਸ ਵਿਚ ਰੱਖਣ ਲਈ ਖੜ੍ਹਾ ਹੋਇਆ ਹਾਂ। ਬਾਬੂ ਬਚਨ ਸਿੰਘ ਜੀ ਨੇ ਬੋਲਦਿਆਂ ਹੋਇਆਂ ਇਕ ਦੋ ਗੱਲਾਂ ਕੀਤੀਆਂ ਹਨ । ਪਹਿਲੇ ਉਨ੍ਹਾਂ

[ਚੌਧਰੀ ਦਰਸ਼ਨ ਸਿੰਘ]

ਨੇ ਇਹ ਕਿਹਾ ਕਿ ਪੰਜਾਬ ਵਿਚ ਇਕ ਟਨ ਵੀ ਲੋਹਾ ਨਹੀਂ ਪਦਾ ਹੁੰਦਾ, ਤੇਲ ਨਹੀਂ ਪੈਦਾ ਹੁੰਦਾ ਅਤੇ ਸੀਮਿੰਟ ਦੀ ਫੈਕਟਰੀ ਵੀ ਪੰਜਾਬ ਵਿਚੋਂ ਰੀਮੂਵ ਕੀਤੀ ਜਾ ਰਹੀ ਹੈ। ਮੈਨੂੰ ਉਨ੍ਹਾਂ ਦੀ ਇਸ ਗੱਲ ਦੀ ਸਮਝ ਨਹੀਂ ਆਈ ਕਿ ਜੇਕਰ ਇਥੇ ਤੇਲ ਨਹੀਂ ਪੈਦਾ ਹੁੰਦਾ, ਲੋਹਾ ਨਹੀਂ ਪੈਦਾ ਹੁੰਦਾ ਤਾਂ ਇਸ ਵਿਚ ਐਕਸਪੋਰਟ ਕਾਰਪੋਰੇਸ਼ਨ ਦਾ ਕੀ ਕਸੂਰ ਹੈ । ਉਨ੍ਹਾਂ ਦਾ ਕੰਮ ਤੇਲ ਪੈਦਾ ਕਰਨਾ ਜਾਂ ਲੋਹਾ ਪੈਦਾ ਕਰਨਾ ਨਹੀਂ ਹੈ। ਤੇਲ ਤਾਂ ਬਾਬੂ ਜੀ ਵਿਚੋਂ ਹੀ ਨਿਕਲਣਾ ਹੈ। (ਹਾਸਾ) ਦੂਸਰੀ ਗੱਲ ਬਾਬੂ ਜੀ ਨੇ ਇਹ ਕਹੀ ਕਿ ਪੰਜਾਬ ਵਿਚੋਂ ਦੂਸਰਿਆਂ ਸੂਬਿਆਂ ਨੂੰ ਦੁੱਧ, ਘੀ ਅਤੇ ਮਖਣ ਐਕਸਪੋਰਟ ਹੋਣਾ ਚਾਹੀਦਾ ਹੈ, ਅੰਨ ਬਾਹਰ ਜਾਣਾ ਚਾਹੀਦਾ ਹੈ। ਮੈਂ ਉਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਸੂਬਾ ਇਸ ਕਰਕੇ ਮਸ਼ਹੂਰ ਸੀ ਕਿ ਪੰਜਾਬੀਆਂ ਦੀ ਸਿਹਤ ਅੱਛੀ ਸੀ। ਪਰ ਹੁਣ ਤਾਂ ਪੰਜਾਬ ਵਿਚ ਦੁੱਧ ਅਤੇ ਘੀ ਦੀ ਪਹਿਲੇ ਹੀ ਸ਼ਾਰਟੇਜ ਹੈ। ਜੇਕਰ ਅਸੀਂ ਦੁੱਧ ਅਤੇ ਘੀ ਵੀ ਬਾਹਰ ਐਕਸਪੋਰਟ ਕਰਨਾ ਸ਼ੁਰੂ ਕਰ ਦੇਈਏ ਅਤੇ ਉਸ ਦੇ ਬਦਲੇ ਹੈਵੀ ਮਸ਼ੀਨਰੀ ਅਤੇ ਦੂਸਰੀਆਂ ਚੀਜ਼ਾਂ ਮੰਗਵਾਈਆਂ ਜਾਣ ਤਾਂ ਬਾਬੂ ਜੀ ਤੁਹਾਡੀ ਸਿਹਤ ਵਰਗੀ ਲੋਕਾਂ ਦੀ ਸਿਹਤ ਨਹੀਂ ਰਹੇਗੀ, ਆਉਣ ਵਾਲੀਆਂ ਨਸਲਾਂ ਤੁਹਾਨੂੰ ਕੀ ਕਹਿਣਗੀਆਂ ? ਉਨ੍ਹਾਂ ਦੀ ਕੀ ਹਾਲਤ ਹੋਵੇਗੀ ?

ਤੀਸਰੀ ਗੱਲ ਉਨ੍ਹਾਂ ਨੇ ਇਹ ਕਹੀ ਹੈ ਕਿ ਇਸ ਕਾਰਪੋਰੇਸ਼ਨ ਦੇ ਰਾਹੀਂ ਵੱਡ ਆਦਮੀਆਂ ਦੇ ਲੜਕੇ ਲੜਕੀਆਂ ਬਾਹਰਲੇ ਦੇਸ਼ਾਂ ਵਿਚ ਜਾਂਦੇ ਹਨ ਅਤੇ ਉਥੇ ਸੈਰ ਕਰਦੇ ਹਨ। ਉਪਰਲੇ ਆਦਮੀ ਜੇਬਾਂ ਭਰਦੇ ਹਨ । ਇਹ ਗੱਲ ਤਾਂ ਬੜੀ ਸਾਫ ਹੈ। ਬਾਬੂ ਜੀ ਨੇ ਸਾਰੀ ਉਮਰ ਦਾ ਭੁਖ ਨਾਲ ਐਗਰੀਮੈਂਟ in writing ਕੀਤਾ ਹੋਇਆ ਹੈ ਕਿ ਸਾਰੀ ਜ਼ਿੰਦਗੀ ਭੁਖ ਦਾ ਸਾਥ ਨਹੀਂ ਛਡਣਾ ਪਰ ਬਾਕੀ ਵਸਣ ਵਾਲਿਆਂ ਨੂੰ ਤਾਂ ਖਾਣ ਪੀਣ ਦਿਉ (ਹਾਸਾ) ਉਨ੍ਹਾਂ ਨੂੰ ਸਿਹਤ ਬਨਾਉਣ ਦਿਉ ਤੁਸਾਂ ਆਪ ਤੇ ਕੁਝ ਖਾਣਾ ਪੀਣਾ ਨਹੀਂ ਹੈ।

ਇਕ ਆਵਾਜ਼ : ਉਨ੍ਹਾਂ ਦਾ ਮਤਲਬ ਸਰਪਲਸ ਪੈਦਾਵਾਰ ਤੋਂ ਸੀ......

ਚੌਧਰੀ ਦਰਸ਼ਨ ਸਿੰਘ ; ਪੰਡਤ ਨਹਿਰੂ ਨੇ ਸਰਪਲਸ ਪੈਦਾਵਾਰ ਦੇ ਬਾਰੇ ਵਿਚ ਕਿਹਾ ਹੈ ਕਿ—

"Export is as necessary as anything . But we cannot export anything which is surplus. There is absolutely nothing surplus in India."

ਸਿਵਾਏ ਭੁਖ ਤੋਂ ਹਿੰਦੁਸਤਾਨ ਵਿਚ ਕੋਈ ਚੀਜ਼ ਸਰਪਲਸ ਨਹੀਂ ਹੈ। ਜੇਕਰ ਸਰਪਲਸ ਕਰਨਾ ਹੈ ਤਾਂ ਆਪਣੀਆਂ ਜ਼ਰੂਰਤਾ ਤੇ ਜ਼ਿੰਦਗੀ ਨੂੰ ਕਟ ਸ਼ਾਰਟ ਕਰਕੇ ਐਕਸਪੋਰਟ ਕਰ ਸਕਦੇ ਹੋ । ਜੇਕਰ ਐਕਸਪੋਰਟ ਨਾ ਕਰੋ ਤਾਂ ਧਿਆਨ ਮਾਰਕੇ ਵੇਖ ਲੋ ਦੋ ਸਾਲਾਂ ਵਿਚ ਹਿੰਦੁਸਤਾਨ ਦਵਾਲੀਆ ਹੋ ਜਾਵੇਗਾ । ਜੇਕਰ ਫੋਰਥ ਫਾਈਵ ਯੀਅਰ ਪਲਾਨ ਵਿਚ 7,800 ਕਰੋੜ ਰੁਪਏ ਦੀ ਮਸ਼ੀਨਰੀ ਇੰਪੋਰਟ ਕਰਨੀ ਹੈ ਤਾਂ ਤੁਸੀਂ 7,800 ਕਰੋੜ ਰੁਪਏ ਦੀਆਂ ਚੀਜ਼ਾਂ ਆਪਣੀਆਂ ਜ਼ਰੂਰਤਾਂ ਨੂੰ ਕਟ ਸ਼ਾਰਟ ਕਰਕੇ ਬਾਹਰਲੇ ਦੇਸ਼ਾਂ ਨੂੰ ਭੇਜੋ ਜੇਕਰ ਨਹੀਂ ਭੇਜੋਗੇ ਤਾਂ ਉਹ ਮਸ਼ੀਨਰੀ ਕਿਵੇਂ ਮੰਗਵਾ ਸਕਦੇ ਹੋ ।(ਵਿਘਨ) ਸਾਨੂੰ ਬੇਇੰਤਹਾ ਹੈਵੀ ਮਸ਼ੀਨਰੀ ਦੀ ਲੋੜ ਹੈ। ਉਸ ਲਈ ਫਾਰਨ ਐਕਸਚੇਂਜ ਦੀ ਲੋੜ ਹੈ। ਦੇਸ਼ ਦੀ ਲੜਾਈ ਲਗੀ ਹੋਈ ਹੈ, ਹਥਿਆਰਾਂ ਦੀ ਲੋੜ ਹੈ। ਮਸ਼ੀਨਗਨਾਂ ਦੀ ਲੋੜ ਹੈ। ਜੇਕਰ ਆਪਣੀਆਂ ਜ਼ਰੂਰਤਾਂ ਨੂੰ ਕਟ ਸ਼ਾਰਟ ਕਰਕੇ ਉਹ ਹਥਿਆਰ ਨਹੀਂ ਮੰਗਵਾਉਂਗੇ ਤਾਂ ਪਾਕਿਸਤਾਨ ਨਾਲ ਕਿਸ ਤਰ੍ਹਾਂ ਲੜਾਈ ਕਰ ਸਕੋਗੇ ।

ਮੈਂ ਬਾਬੂ ਜੀ ਦੇ ਨਾਲ ਇਤਫਾਕ ਕਰਦਾ ਹਾਂ ਕਿ ਐਕਸਪੋਰਟ ਕਾਰਪੋਰੇਸ਼ਨ ਵਿਚ ਬਦ-ਇੰਤਜ਼ਾਮੀ ਹੋ ਸਕਦੀ ਹੈ, ਪ੍ਰਾਪਰਲੀ ਮੈਨੇਜ ਨਾ ਕਰਦੇ ਹੋਣ ! ਪਰ ਇਸ ਦੀ ਲਾਈਫ ਅਜੇ 2 ਸਾਲਾਂ ਤੋਂ ਜ਼ਿਆਦਾ ਨਹੀਂ ਹੈ। ਇਸ ਦਿਆਂ ਕਰਮਚਾਰੀਆਂ ਨੇ ਚੰਗੀ ਤਰ੍ਹਾਂ ਪੰਜਾਬ ਦੀ ਮਾਰਕਿਟ ਨੂੰ ਅਤੇ ਇੰਡੀਅਨ ਮਾਰਕਿਟ ਨੂੰ ਸਟੱਡੀ ਨਹੀਂ ਕੀਤਾ ਹੋਇਆ। ਉਨ੍ਹਾਂ ਨੂੰ ਇੰਡੀਅਨ ਮਾਰਕਿਟ ਅਤੇ ਖਾਸ ਕਰ ਪੰਜਾਬ ਦੀ ਮਾਰਕਿਟ ਨੂੰ ਸਟਡੀ ਕਰਨਾ ਚਾਹੀਦਾ ਹੈ ਕਿ ਪੰਜਾਬ ਕਿਹੜੀਆਂ ਚੀਜ਼ਾਂ ਪੈਦਾ ਕਰਦਾ ਹੈ ਅਤੇ ਕਿਹੜੇ ਦੇਸ਼ ਵਿਚ ਉਨ੍ਹਾਂ ਦੀ ਮੰਗ ਹੈ। ਉਹ ਚੀਜ ਬਾਹਰ ਭੇਜਣੀ ਚਾਹੀਦੀ ਹੈ। ਉਹ ਜ਼ਮਾਨਾ ਗਿਆ ਜਦੋਂ ਇੰਟਰਨੈਸ਼ਨਲ ਮਾਰਕਿਟ ਵਿਚ ਸਾਡੀ ਜੂਟ ਅਤੇ ਕੈਸ਼ੂ ਨਟ ਦੀ ਕਦਰ ਸੀ। ਉਨ੍ਹਾਂ ਨੂੰ ਅਸੀਂ ਬਾਹਰ ਭੇਜਦੇ ਸਾਂ ਤੇ ਸਾਨੂੰ ਚੰਗੇ ਦਾਮ ਮਿਲਦੇ ਸਨ। ਅੱਜ ਕਲ ਜਿਹੜਾ ਬਾਈਸਿਕਲ ਇੰਡੀਆ ਵਿਚ 145 ਰੁਪੈ ਦਾ ਮਿਲਦਾ ਹੈ ਉਹ ਇੰਟਰਨੈਸ਼ਨਲ ਮਾਰਕਿਟ ਵਿਚ 65 ਰੁਪੈ ਦਾ ਮਿਲਦਾ ਹੈ ਜੇਕਰ ਭਾਰਤ ਦਾ ਬਣਿਆ ਹੋਇਆ ਹਰਕੂਲੀਸ ਸਾਈਕਲ ਅਤੇ ਇਗਲੈਂਡ ਦਾ ਬਣਿਆ ਹੋਇਆ ਸਾਈਕਲ ਇੰਟਰਨੈਸ਼ਨਲ ਮਾਰਕਿਟ ਵਿਚ ਰਖੇ ਜਾਂਦੇ ਹਨ......

ਸ੍ਰੀ ਚੇਅਰਮਨ (ਸ਼੍ਰੀ ਰੂਪ ਸਿੰਘ ਫੂਲ) : ਸਰਦਾਰ ਦਰਸ਼ਨ ਸਿੰਘ ਜੀ, ਐਕਟਿੰਗ ਨਾ ਕਰੋ: ਇਹ ਕੋਈ ਸਟੇਜ ਨਹੀਂ ਹੈ, ਹਾਊਸ ਹੈ। (ਹਾਸਾ) (The hon. Member Chaudhri Darshan Singh need not indulge in "acting" as this is the House and not a Stage.) (Laugher]

ਚੌਧਰੀ ਦਰਸ਼ਨ ਸਿੰਘ : ਬਹੁਤ ਅੱਛਾ ਜੀ, ਮੈਂ ਕਹਿ ਰਿਹਾ ਸੀ ਕਿ ਉਹ ਜ਼ਮਾਨਾ ਗਿਆ ਜਦੋਂ ਅਸੀਂ ਕੈਸ਼ੂਨਟਸ ਅਤੇ ਰਾਈਸ ਬਾਹਰ ਭੇਜਿਆ ਕਰਦੇ ਸਾਂ। ਇਸ ਵੇਲੇ ਤਾਂ ਸਾਨੂੰ ਕੰਪੀਟ ਕਰਨ ਦੀ ਲੋੜ ਹੈ। ਇੰਟਰਨੈਸ਼ਨਲ ਮਾਰਕਿਟ ਨਾਲ ਟਕਰਾਉਣ ਦੀ ਲੋੜ ਹੈ। ਐਕਸਪੋਰਟ ਕਾਰ-ਪੋਰੇਸ਼ਨ ਜਿਸ ਦੀ ਉਮਰ ਹਾਰਡਲੀ 2 ਸਾਲ ਹੈ ਉਸਨੂੰ ਇੰਡੀਅਨ ਮਾਰਕਿਟ ਨੂੰ ਅਤੇ ਪਜਾਬ ਮਾਰਕਿਟ ਨੂੰ ਸਟੱਡੀ ਕਰਨਾ ਚਾਹੀਦਾ ਹੈ। ਇੰਟਰਨੈਸ਼ਨਲ ਮਾਰਕਿਟ ਨੂੰ ਸਟੱਡੀ ਕਰਨਾ ਚਾਹੀਦਾ ਹੈ। ਕਈ ਸਜਨ ਇਸ ਕਾਰਪੋਰੇਸ਼ਨ ਦਾ ਗਲਤ ਮਤਲਬ ਲੈਂਦੇ ਹਨ। ਇਹ ਕਾਰਪੋਰੇਸ਼ਨ ਇਸ ਲਈ ਨਹੀਂ ਸੀ ਬਣਾਈ ਗਈ ਕਿ ਵੱਡਿਆਂ ਵੱਡਿਆਂ ਕਾਰਖਾਨੇਦਾਰਾਂ ਦੀਆਂ ਬਣਾਈਆਂ ਹੋਈਆਂ ਚੀਜ਼ਾਂ ਨੂੰ ਇੰਟਰਨੈਸ਼ਨਲ ਮਾਰਕਿਟ ਵਿਚ ਭੇਜੀਆਂ ਜਾਣ। ਇਹ ਤਾਂ ਇਸ ਲਈ ਬਣਾਈ ਗਈ ਸੀ ਕਿ ਪੰਜਾਬ ਵਿਚ ਜਿਹੜੇ ਛੋਟੇ ਛੋਟੇ ਇੰਡਸਟਰੀਅਲ ਯੂਨਿਟ ਹਨ, ਜਿਹੜੇ ਛੋਟੇ ਛੋਟੇ ਕਾਰਖਾਨੇਦਾਰ ਹਨ—ਜਿਹੜੇ ਆਪਣੇ ਸੇਲਜ਼ ਏਜੰਟਸ ਨੂੰ ਫਾਰਨ ਕੰਟਰੀਜ਼ ਵਿਚ ਭੇਜਣ ਦੇ ਯੋਗ ਨਹੀਂ ਹਨ, ਸਿੱਧੇ ਤੌਰ ਤੇ ਬਾਹਰਲੇ ਮੁਲਕਾਂ ਵਿਚ ਮਾਲ ਦੀ ਖਰੀਦੋਫਰੋਖਤ ਨਹੀਂ ਕਰ ਸਕਦੇ, ਇਹ ਕਾਰਪੋਰੇਸ਼ਨ ਉਨ੍ਹਾਂ ਲਈ ਹੀ ਬਣਾਈ ਗਈ ਸੀ। ਇਹ ਕਾਰਪੋਰੇਸ਼ਨ ਕਿਰਲਾਸਕਰ, ਊਸ਼ਾ ਔਰ ਦੂਜੀਆਂ ਵਡੀਆਂ ਵੱਡੀਆਂ ਫੈਕਟਰੀਆਂ ਦਾ ਮਾਲ ਬਾਹਰ ਭੇਜਣ ਵਿਚ ਮਦਦ ਨਹੀਂ ਕਰਦਾ ਬਲਕਿ ਉਨ੍ਹਾਂ ਛੋਟੇ ਛੋਟੇ ਯੂਨਿਟਾਂ ਦੀ ਮਦਦ ਕਰਦਾ ਹੈ ਜਿਹੜੇ ਪਾਈਪਸ ਬਣਾਂਦੇ ਹਨ, ਬੋਲਟਸ ਬਣਾਉਂਦੇ ਹਨ ਜਾਂ ਹੋਰ ਚੀਜ਼ਾਂ ਬਣਾਉਂਦੇ ਹਨ।

Mr. Chairman (Shri Roop Singh Phul) : The hon. Member may please wind up. The Deputy Minister for Industries, Shri Gian Chand Toto, is to speak at 11.45 A.M. by way of reply to the debate.

Chaudhri Darshan Singh : I shall wind up within five minutes.

Mr. Chairman : Only three minutes are at the disposal of the hon. Member.

ਚੌਧਰੀ ਦਰਸ਼ਨ ਸਿੰਘ : ਅੱਛਾ ਜੀ, ਮੈਂ ਦੋ ਤਿੰਨ ਮਿੰਟਾਂ ਵਿਚ ਹੀ ਖਤਮ ਕਰਦਾ ਹਾਂ। ਇਹ ਕਾਰਪਰੇਸ਼ਨ ਇਸ ਕਰਕੇ ਬਣਾਈ ਗਈ ਸੀ ਤਾਕਿ ਜਿਹੜੇ ਸਮਾਲ ਯੂਨਿਟਸ ਆਪਣਾ ਮਾਲ ਇੰਟਰਨੈਸ਼ਨਲ ਮਾਰਕਿਟ ਵਿਚ ਆਪ ਨਹੀਂ ਭੇਜ ਸਕਦੇ ਉਨ੍ਹਾਂ ਦੀ ਇਹ ਮਦਦ ਕਰੇ। ਇਹ ਕਾਰ-ਪੋਰੇਸ਼ਨ ਉਨ੍ਹਾਂ ਵੱਡੇ ਵੱਡੇ ਸਰਮਾਇਆਦਾਰਾਂ ਵਾਸਤੇ ਨਹੀਂ ਬਣਾਈ ਗਈ ਜਿਹੜੇ ਆਪਣੇ ਸੇਲਜ਼ ਏਜੰਟ ਬਾਹਰ ਭੇਜਦੇ ਹਨ ਤਾਕਿ ਉਹ ਮਾਰਕਿਟ ਵੀ ਕਰ ਆਉਣ ਔਰ ਸੈਰ ਵੀ ਕਰ ਆਉਣ।

ਚੇਅਰਮੈਨ ਸਾਹਿਬ, ਮੈਂ ਬਾਬੂ ਜੀ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਮਿਸਮੈਨੇਜਮੈਂਟ ਹੋ ਸਕਦੀ ਹੈ, ਇਸ ਵਿਚ ਬੁਰਾਈਆਂ ਹੋ ਸਕਦੀਆਂ ਹਨ। ਪਰ ਜ਼ਰਾ ਇਸ ਪਾਸੇ ਵੀ ਧਿਆਨ ਕਰੋ ਕਿ ਭਾਵੇਂ ਬਨਾਉਣ ਵਾਲੇ ਘਟ ਹਨ, ਪਰਾਫਟ ਦੇ ਲਿਹਾਜ਼ ਨਾਲ ਨਾ ਹੀ ਅਸੀਂ ਅਮਰੀਕਾ ਔਰ ਦੂਜੇ ਮੁਲਕਾਂ ਨਾਲ ਕੰਪੀਟ ਕਰ ਸਕਦੇ ਹਾਂ, ਪਰ ਜੇ ਇਸ ਪਾਸੇ ਅਗੇ ਨਾ ਵਧੇ ਤਾਂ ਧਿਆਨ ਮਾਰ ਕਿ ਦੇਸ਼ ਦਾ ਕੀ ਹਾਲ ਹੋਵੇਗਾ ? ਦੋ ਚਾਰ ਸਾਲ ਵੀ ਦੇਸ਼ ਨਹੀਂ ਕਢ ਸਕੇਗਾ, ਦੀਵਾਲੀਆ ਹੋ ਜਾਵੇਗਾ।

ਠੀਕ ਹੈ ਜਿਸ ਤਰ੍ਹਾਂ ਪੰਡਿਤ ਮੋਹਨ ਲਾਲ ਹੋਰਾਂ ਕਿਹਾ ਕਿ ਪੰਜਾਬ ਵਿਚ ਇੰਡਸਟਰੀ ਦੀ ਡਿਵੈਲਪਮੈਂਟ ਦਾ ਕੇਸ—ਇੰਡਸਟਰੀ ਦੀ ਡੀਵੈਲਪਮੈਂਟ ਦਾ ਹੀ ਨਹੀਂ ਸਾਰੀ ਫੋਰਥ ਫਾਈਵ ਈਅਰ ਦਾ ਪਲੈਨ ਦਾ ਕੇਸ ਜਿਸ ਢੰਗ ਨਾਲ ਪੰਜਾਬ ਸਰਕਾਰ ਨੂੰ ਸੈਂਟਰਲ ਗੌਰਮੈਂਟ ਦੇ ਸਾਹਮਣੇ ਪੇਸ਼ ਕਰਨਾ ਚਾਹੀਦਾ ਸੀ, ਉਸ ਢੰਗ ਨਾਲ ਪੇਸ਼ ਨਹੀਂ ਕੀਤਾ ਗਿਆ। ਉਹ ਸਰਕਾਰ ਨੇ ਇਸ ਤਰ੍ਹਾਂ ਪੇਸ਼ ਕੀਤਾ ਕਿ ਸੈਂਟਰਲ ਗੌਰਮੈਂਟ ਨੂੰ ਇਹ ਇੰਪਰੈਸ਼ਨ ਹੋ ਗਿਆ ਹੈ ਕਿ ਪੰਜਾਬ ਦੀ ਜਨਤਾ ਹੋਰ ਟੈਕਸ ਵੀ ਬਰਦਾਸ਼ਤ ਕਰ ਸਕਦੀ ਹੈ। ਅੱਜ ਭਾਵੇਂ ਪੰਜਾਬ ਗੌਰਮੈਂਟ ਇਹ ਦਾਵਾ ਪਈ ਕਰੇ ਕਿ ਅਸਾਂ ਕੇਸ ਬੜਾ ਪ੍ਰਾਪਰਲੀ ਪੁਟ ਕੀਤਾ ਹੈ ਪਰ ਸੈਂਟਰ ਦੀ ਸਰਕਾਰ ਨੇ ਸਾਡੇ ਨਾਲ ਐਗਰੀ ਨਹੀਂ ਕੀਤਾ, ਜਾਂ ਉਸ ਨੂੰ ਐਗਰੀ ਨਹੀਂ ਕਰਵਾ ਸਕੇ ਪਰ ਜੇ ਐਗਰੀ ਕਰਵਾਉਣ ਵਾਲੇ ਹੁੰਦੇ ਤਾਂ ਕੋਈ ਵਜਾਹ ਨਹੀਂ ਸੀ ਕਿ ਸੈਂਟਰਲ ਗੌਰਮੈਂਟ ਕਿਉਂ ਨਾ ਸਾਡੀ ਗੱਲ ਮੰਨਦੀ।

Mr. Chairman : Please wind up.

ਚੌਧਰੀ ਦਰਸ਼ਨ ਸਿੰਘ : ਮੈਂ ਚਾਹੁੰਦਾ ਹਾਂ ਕਿ ਪੰਜਾਬ ਵਿਚ ਇੰਡਸਟਰੀਜ਼ ਦੇ ਵਿਕਾਸ ਦਾ ਕੇਸ ਪੰਜਾਬ ਦੀ ਸਰਕਾਰ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ, ਪ੍ਰਾਪਰਲੀ ਸੈਂਟਰਲ ਗੌਰਮੈਂਟ ਅੱਗੇ ਪੇਸ਼ ਕਰਨਾ ਚਾਹੀਦਾ ਹੈ। ਪੰਜਾਬ ਦੀ ਇੰਡਸਟਰੀ ਉਤੇ ਅੱਗੇ ਹੀ ਬਹੁਤ ਭਾਰੀ ਹਿੱਟ ਹੋਈ ਹੈ; ਇਸ ਲੜਾਈ ਕਰਕੇ ਪੰਜਾਬ ਵਿਚ ਬਹੁਤ ਸਾਰੇ ਕਾਰਖਾਨੇ ਬੰਦ ਹੋ ਗਏ ਹਨ। ਇਸ ਪਾਸੇ ਵਿਸ਼ੇਸ਼ ਤੌਹ ਤੇ ਧਿਆਨ ਦੇਣ ਦੀ ਜ਼ਰੂਰਤ ਹੈ।

ਚੇਅਰਮੈਨ ਸਾਹਿਬ, ਸ਼ਾਇਦ ਮੈਂਬਰ ਸਾਹਿਬਾਨ ਨਹੀਂ ਜਾਣਦੇ; ਇਸ ਐਕਸਪੋਰਟ ਕਾਰਪੋਰੇਸ਼ਨ ਦਾ ਇਕ ਹੋਰ ਵੀ ਫਾਇਦਾ ਹੋਇਆ ਹੈ। ਜਿਸ ਤਰ੍ਹਾਂ ਨਾਲ ਪਿਗ ਆਇਰਨ ਦਾ ਕੋਟਾ ਬਾਕੀ ਸਟੇਟਾਂ ਨੂੰ ਅਲਾਟ ਹੁੰਦਾ ਹੈ, ਸਾਡੀ ਐਕਸਪੋਰਟ ਕਾਰਪੋਰੇਸ਼ਨ ਨੇ ਜਿਹੜਾ ਕੇਸ ਬਣਾ ਕੇ ਭੇਜਿਆ ਦੂਜੇ ਕੋਟੇ ਤੋਂ ਅਲਾਵਾ ਪਿਛਲੇ ਸਾਲ 10 ਹਜ਼ਾਰ ਟਨ ਦਾ ਕੋਟਾ ਵੀ ਮਿਲਿਆ। ਇਹ ਰਾ ਮੈਟਰੀਅਲ ਨਾ ਮਿਲਦਾ ਜੇਕਰ ਇਹ ਐਕਸਪੋਰਟ ਕਾਰਪੋਰੇਸ਼ਨ ਕੇਸ ਬਣਾ ਕੇ ਨਾ ਭੇਜਦੀ। ਜਿਤਨੀ ਇਸ ਦੀ ਲਾਈਫ ਲੰਬੀ ਹੋਵੇਗੀ, ਜਿਤਨਾ ਇਸ ਦੇ ਕਰਮਚਾਰੀ ਦੂਸਰੇ ਮੁਲਕਾਂ ਔਰ ਇਟਰਨੈਸ਼ਨਲ ਮਾਰਕਿਟ ਦੀ ਜ਼ਿਆਦਾ ਸਟਡੀ ਕਰਨਗੇ ਉਤਨੀ ਹੀ ਸਾਡੇ ਸੂਬੇ ਦੀ ਤਰੱਕੀ ਜ਼ਿਆਦਾ ਹੋਵੇਗੀ। (ਘੰਟੀ)

ਇਕ ਗੱਲ ਹੋਰ ਕਰਕੇ, ਚੇਅਰਮੈਨ ਸਾਹਿਬ, ਮੈਂ ਬੈਠ ਜਾਵਾਂਗਾ । ਸ੍ਰੀ ਅਗਰਵਾਲ ਜੀ ਨੇ ਕਿਹਾ ਕਿ ਕਾਰਖਾਨੇ ਵਾਲਿਆਂ ਨੇ ਹਿੱਸਾ ਨਹੀਂ ਲਿਆ ਮੈਂ ਕਹਾਂਗਾ ਕਿ ਉਨ੍ਹਾਂ ਨੂੰ ਪੂਰਾ ਪੂਰਾ ਹਿੱਸਾ ਲੈਣਾ ਚਾਹੀਦਾ ਹੈ। ਜਿਹੜਾ ਲੱਖਾਂ ਰੁਪਿਆ ਸਰਕਾਰ ਨੇ ਇਸ ਵਿਚ ਇਨਵੈਸਟ ਕੀਤਾ ਹੈ— ਪੰਜਾਬ ਦੀ ਸਰਕਾਰ ਨੇ ਔਰ ਸੈਂਟਰ ਦੀ ਸਰਕਾਰ ਨੇ, ਉਹ ਪਬਲਿਕ ਮਨੀ ਹੈ, ਵੈਸੇ ਵੀ ਇਸਤੇ-ਮਾਲ ਕੀਤਾ ਜਾ ਸਕਦਾ ਹੈ, ਕਾਰਪੋਰੇਸ਼ਨ ਦੇ ਸੌ ਸੌ ਰੁਪਏ ਦੇ ਜਿਹੜੇ ਸ਼ੇਅਰਜ਼ ਹਨ ਇਹ ਛੋਟੇ ਛੋਟੇ ਕਾਰਖਾਨੇਦਾਰਾਂ ਨੂੰ ਵੀ ਖਰੀਦਣੇ ਚਾਹੀਦੇ ਹਨ ਉਸ ਦੇ ਬਦਲੇ ਉਨ੍ਹਾਂ ਨੂੰ ਇੰਪੋਰਟ ਲਾਈਸੈਂਸ ਵੀ ਮਿਲਣਗੇ । ਉਹ ਇਨ੍ਹਾਂ ਦੇ ਸੌ ਸੌ ਰੁਪਏ ਦੇ ਹਿੱਸੇ ਖਰੀਦ ਕੇ ਹਿੱਸੇਦਾਰ ਕਿਉਂ ਨਾ ਬਨਣ ? ਉਹ ਇਸ ਕਾਰਪੋਰੇਸ਼ਨ ਦੇ ਹਿੱਸੇ ਖਰੀਦ ਕੇ ਇਸ ਨੂੰ ਆਪਣੀ ਕਾਰਪੋਰੇਸ਼ਨ ਬਨਾਉਣ ਤਾਕਿ ਸਰਕਾਰ ਦੇ ਇਸ ਵਿਚ ਬਿਲਕੁਲ ਘਟ ਹਿੱਸੇ ਹੋਣ ।

Mr. Chairman (Shri Rup Singh Phul) **:** The hon. Deputy Minister for Industries.

(At this stage, Chaudhri Net Ram rose to speak).

Mr. Chairman : I can understand the anxiety of the hon. Member but I have called upon the honourable Deputy Minister who has to speak only for 15 minutes by way of reply to the Debate.

चौधरी नेत राम: चेयरमैन साहिब, उन्होंने तो पंद्रह बीस मिनट बोलना है, मैं तो सिर्फ पांच मिनट का समय आपसे मांग रहा हूँ।

श्री **सभापति** : आप दूसरी मोशन पर बोल लेना । (The hon. Member may speak on the next motion.)

चौधरी नेत राम: मैं इसी रिपोर्ट की बाबत अपनी पार्टी के विचार हाउस में पेश करना चाहता हूँ।

श्री **सभापति**: मैं उनको पहले ही काल अपान कर चुका हूँ। (I have already called upon him to speak.)

चौधरी नेत राम: मैं इस मोशन पर अपनी पार्टी के ख्यालात रखना चाहता हूँ। मेरा भी बोलने का पूरा हक है । मैं असैम्बली में अपनी पार्टी के विचार रखने के लिये ही यहां पर आया हूँ।

Mr. Chairman : Order please.

चौधरी नेत राम: चेयरमैन साहिब, आप मुझे थोड़ा सा ही टाईम दे दो । मैं थोड़े से टाईम में ही अपनी बात समाप्त कर दूंगा ।

Mr. Chairman : I am sorry because I have already called upon the honourable Deputy Minister.

चौधरी नेत राम: चेयरमैन साहिब, मेरी गुज़ारिश यह है कि आप चाहें मुझे दो तीन मिनट के लिये ही समय दें लेकिन बोलने जरूर दें क्योंकि मैंने अपनी पार्टी का दृष्टिकोण इस सम्बन्ध में जरूर हाउस के सामने रखना है ।

श्री सभापति : अच्छा तो आप दो मिनट में अपनी बात कह लें। (Well the hon. Member may have his say within two minutes.)

चौधरी नेत राम (हिसार सदर) : बहुत अच्छा जी, मैं दो मिनट में ही अपनी बात समाप्त कर दूंगा। चेयरमेन साहिब, इस ऐक्सपोर्ट कारपोरेशन के सम्बन्ध में जो बहस इस वक्त हाउस में चल रही है इस के अन्दर हिस्सा लेते हुए में ज्यादा, आंकड़ों में नहीं जाना चाहता। आंकड़ों की बाबत तो बाबू बचन सिंह जी ने बड़ा खोल कर बता दिया है और अगर यह कांग्रेसी सरकार ज़रा भी शर्म रखती तो इसे चाहिए कि अपनी नीति को बदले। पंजाब एक ऐसा प्रान्त है जोकि खेतीबाड़ी पर मुनहस्सर करता है। इसका इनहिसार कृषि पर है मगर बड़े दुःख और अफसोस के साथ कहना पड़ता है कि इस कांग्रेसी सरकार ने कृषि को बढ़ाने की तरफ तो बिल्कुल ही ध्यान नहीं दिया है जिससे यह प्रान्त खुशहाल हो सके। बात तो ऐसी मालूम होती है गोया इस प्रान्त को खुशहाल बनाने का इस सरकार का कोई मतलब नहीं। इस सरकार का तो एक ही रवैया, एक ही पालिसी, एक ही नीति और एक ही तरीका है कि किस तरह से अपने दलाल पाले जाएं और उनकी जेबों को भरा जाए ताकि उनकी मारफत इलैक्शनों में जीत हासिल की जा सके। चेयरमैन साहिब, आपका ध्यान मैं इस बात की तरफ दिलाना चाहता हूँ कि यह कारपोरेशन बनाई तो इसलिये गई थी कि इसके द्वारा अपने मुल्क में, अपने सूबा में पैदा हुआ हुआ माल दूसरे मुल्कों में भेजा जाए और दूसरे मुल्कों का माल यहां पर लाया जाए जिससे देश के अन्दर ताकत बढ़ाई जाए, कारखानों का और दूसरा फौजी सामान बढ़ाया जाए लेकिन मैं हैरान हूँ कि जिस देश को कृषि का देश कहा जाता है, जो कृषि प्रधान देश है जिस देश में किसी समय इतना अन्न पैदा होता था कि हिसाब नहीं, आज उसी देश को यह कांग्रेस की सरकार इस लायक नहीं बना सकी कि अन्न संकट दूर हो सके और दूसरे मुल्कों—अमरीका जैसे सरमायादार मुल्कों से अन्न के लिये मांग करने पर मजबूर हुई है। इस सरकार को तो न देश की तरक्की का ख्याल है और न ही इसे मज़बूत बनाने का ख्याल है। इस सरकार को एक ही बात का ख्याल है कि यह लुटेरे किस तरह से कायम रहें और अपने अड्डों को मज़बूत करते जाएं।

श्री सभापति : आपकी बात तो आ गई। अब बैठ जाइये। (He has given his point of view. He should now resume his seat.)

चौधरी नेतराम : चेयरमैन साहिब, मेरी बात अभी नहीं आई। कहते तो यह हैं कि हम अच्छी अच्छी चीजें बना कर इस कारपोरेशन की मारफत दूसरे मुल्कों को भेजेंगे। लेकिन मुझे बड़े अफसोस के साथ कहना पड़ता है कि जब पानीपत के खेस दूसरे मुल्कों में भेजे गए तो उन लोगों को उनका रंग पसन्द नहीं आया, कपड़ा पसन्द नहीं आया क्योंकि घटिया किस्म का बना था। लेकिन करते क्या हैं? किसी सरमायादार की लड़की या लड़के को बाहर के मुल्कों की सैर कराने के लिये भेज दिया। कितनी शर्म की बात है। जाहिर है कि सरकार की नीति, इसकी पालिसी और यहां तक कि इसकी

नीयत साफ नहीं । अगर सरकार सूझबूझ, इमानदारी और साफ नीयत से काम करे तो कोई वजह नहीं कि देश की तरक्की क्यों न हो ।

(उपाध्यक्षा ने इस समय कुर्सी ग्रहण की)

डिप्टी स्पीकर साहिबा, मैं आपके द्वारा अर्ज़ करूँ कि इस सरकार की नीयत बदलनी पड़ेगी । अगर यह सरकार अपनी नीयत नहीं बदलती और इसी तरह से हरबे इस्तेमाल करती गई तो वह दिन दूर नहीं जब देश का दीवाला निकाल देगी और इस देश को रसातल में पहुंचा देगी । इसलिये मैं इस हाउस के मैम्बरान से दरखास्त करना चाहता हूँ कि कैसे इस घटिया नीति रखने वाली, गलत नीति रखने वाली सरकार को बरदाश्त किया जा सकता है ? क्यों न ऐसी सरकार के खिलाफ बगावत उठाई जाए ? (घंटी) क्यों न ऐसी सरकार को यहां से हटा दिया जाए जिस सरकार की इस कदर घटिया नीति हो कि वह पंजाब की कृषि की समस्या को तो हल न करे, पंजाब की तरक्की का तो ख्याल न करे और इस प्रकार के नीच और घटिया तरीकों से सरमायादारों की जेबों को भरती रहे ? ऐसी सरकार किस तरह से कायम रह सकती है ?

उपाध्यक्षा : चौधरी नेतराम, आपकी तो थोड़ी सी बात का सभी लोगों पर असर हो जाता है । अब खत्म करें । (Even a few words from the hon. ember have tremendous effect on all. He should now conclude his speech.)

चौधरी नेत राम: डिप्टी स्पीकर साहिबा, लेकिन मैं हैरान हूँ कि इन अठारह सालों में आप पर मेरी बातों का क्यों असर नहीं हुआ । अब मैं यह निवेदन करना चाहता हूँ कि मैं आपकी बड़ी इज्ज़त करता हूँ आप विदेश से अच्छे ख्यालात लेकर वापिस आई हैं, घूम कर आई हैं और आपकी अकल की बातों का इस कांग्रेसी सरकार पर भी असर होना चाहिए। मैं आपसे निवेदन करूँगा कि आप उनको समझाएं। इन शब्दों के साथ मैं अपनी जगह पर बैठता हूँ।

उद्योग तथा पहाड़ी क्षेत्र उप मंत्री (श्री ज्ञान चंद): आदरणीय डिप्टी स्पीकर, साहिबा, मुझे इस बात की खुशी है कि इण्डस्ट्री को तरक्की देने के प्वायंट आफ वियू से जो यहां दो कारपोरेशन्ज़ बनी हुई हैं जोकि बड़ी इम्पार्टेंस रखती है, आज उन पर बहस हो रही है । मुझे इस बात की भी खुशी है कि पंजाब फाइनैंशल कारपोरेशन की इस हाउस में बड़ी सराहना की गई है । मुझे यह बताते हुए खुशी होती है कि जब से पंजाब फाइनैंशल कारपोरेशन बनी है, उसके जो हर साल के जो नतीजे हैं वह अच्छे होते जा रहे हैं। 1959–60 में जहां इसने 51 लाख रुपये के कर्ज़े लोगों को दिये थे वहां इसने 1963–64 में एक करोड़ और 32 लाख रुपये के कर्ज़े दिये हैं। अभी अभी पंडित मोहन लाल ने आपके सामने बताया है कि सारे हिन्दुस्तान में जो इस तरह की कारपोरेशन्ज़ हैं उन तमाम के रिज़ल्टस देखने के बाद कोई भी इस बात से इनकार नहीं कर सकता कि उन सब से पंजाब फाइनौनशल कारपोरेशन का रिज़ल्ट अच्छा है । लेकिन इसके साथ ही कुछ भाइयों ने इसकी वर्किंग की

[उद्योग तथा पहाड़ी क्षेत्र उप मन्त्री]

नुक्ताचीनी भी की है, जो मैं समझता हूँ कि यह उन की कुछ गलतफहमी की वजह से उन्होंने की है। मसलन यह कहा गया है कि इस कारपोरेशन ने अभी तक अण्डर राईटिंग शुरू नहीं की। दरअसल बात यह है कि इसको ऐसा करने के लिये रिज़र्व बैंक आफ इण्डिया ने पहले इजाज़त नहीं दी थी आज से दो साल पहले इसके लिये इजाजत मांगी थी। लेकिन मुझे यह बताने में खुशी होती है कि पंजाब गवर्नमेंट का इण्डस्टरी डिपार्टमेंट पिछले दो सालों से अण्डर राईटिंग कर रहा है और चौथे प्लान के लिये इसने पांच करोड़ रुपये की प्रोवीज़न की है। इस सिल-सिले में रिज़र्व बैंक आफ इण्डियां के डिप्टी इकानामिक एडवाईज़र मिस्टर रामा कृष्णन यहां आए थे उन्होंने यह काम कारपोरेशन के हवाले करने के बारे में अपनी रिपोर्ट दी है उस रिपोर्ट पर पंजाब सरकार गौर कर रही है और उम्मीद है कि चौथे पांच साला प्लान में यह काम पंजाब फाइनैंनशल कारपोरेशन के हवाले कर दिया जाए।

दूसरी बात यहां पर यह कही गई है कि लोन देने का जो प्रोसीजर है, वह बड़ा कम्बरसम है और इसकी वजह से लोगों को लोन लेने में काफी देर ग जाती है। यह बात मैं स्वीकार करता हूँ लेकिन मैं उम्मीद करता हूँ कि आप सब इस बात को स्वीकार करेंगे कि लोन देते वक्त इस बात की एहतियात रखनी जरूरी होती है कि जो लोन दिया जाए वह कहीं बैड डैट न हो जाए और इसी मकसद को पूरा करने के लिये यह सारा प्रोसीजर बनाया हुआ है। और आप यह देखेंगे कि जिस वक्त से पंजाब कारपोरेशन लोन देने का काम कर रही है आज तक इस का एक भी कर्जा बैड डैट नहीं हुआ। अगर कोई मैम्बर साहब इस बारे में कोई बेहतर तरीकाकार बताएं तो हम उस पर गौर कर लेंगे। पंजाब सरकार इस पर अमल करने को तैयार होगी अगर वह ठीक समझेगी। लेकिन जहां तक एप्लीकेशन्ज़ फार लोन्ज़ देने की डेट का और लोन के सैंक्शन होने की डेट का सवाल है, इसमें जो ज्यादा वक्त लगता है इसके लिये न तो पंजाब गवर्नमेंट ही ज़िम्मेवार है और न ही कारपोरेशन ही ज़िम्मेवार है। इस बारे में जो एनकुआयरीज़ कारपोरेशन करती है उनका जवाब देने में एप्लीकेंट्स देरी लगा देते हैं।

इसके अलावा एक बात और कही गई है कि पंजाब फाइनैंनशल कारपोरेशन ने अभी तक कोई डिवीडैंड नहीं दिया, और यह सिर्फ तीन परसैंट ही डिवीडैंड दे रही है। इस बारे में मैं अर्ज़ करता हूँ कि इस बारे में जो गवर्नमेंट आफ इण्डिया ने कानून बनाया हुआ है, उसके मुताबिक पह कारपोरेशन तीन परसेंट डिवीडैंड दे ही नहीं सकती। मैंबर साहिबान को यह जानकर खुशी होगी कि इस बारे में पंजाब सरकार ने आलरेडी गवर्नमेंट आफ इण्डिया को मूव किया हुआ है कि यह डिवीडैंड कम अज़ कम जो बैंक रेट हो उसके बराबर कर देना चाहिए यानी जहां तक बैंक रेट हो उस हद तक यह डिवीडैंड दिया जाना चाहिए। इसके अलावा सूद की शरह के बारे में भी कहा गया है। इस बारे में मैं अर्ज़ करता हूँ कि यह कारपोरेशन खुद 6 परसेंट सूद पर रुपया लेता है और यह 9 फीसदी के हिसाब से आगे सूद पर देता है। इस तरह से

यह अपना खर्चा करके इसको कोई आधा परसैंट प्राफिट होता है जो कोई ज्यादा नहीं है। मैं समझता हूँ कि यह 9 परसैंट सूद का लोन कोई ज्यादा नहीं है क्योंकि बाजार से इण्डस्ट्रियलिस्टस 12 परसेंट सूद पर भी लोन लेने को तैयार रहते हैं। अगर आप यह चाहें कि यह 9 परसेंट के हिसाब से सूद न लेकर कम रेट पर लेकर लोन लोगों को दे और घाटा खाए तो यह कोई अकलमन्दी की बात नहीं होगी। आज अगर 9 परसेंट पर भी इण्डस्टरी को लोन मिल जाए तो यह बड़ी गनीमत है।

कुछ मैम्बर साहिबान ने एक और एतराज़ किया है कि पंजाब फाईनैंशल कारपोरेशन सिर्फ चन्द कनसर्न्ज़ को या चन्द कम्बीनेशन आफ कनसर्न्ज़ को ही कर्ज़ देती है और बाकी को नहीं देती है। मैं समझता हूँ कि उनका यह एतराज़ गल्तफहमी पर मबनी है और इसमें सचाई नहीं है। इस कारपोरेशन ने आज तक 495 फर्म्ज़ को कर्ज़ा दिया है और यह बात नहीं है कि किसी सर्टेन सैट अप आफ फर्म्ज़ को दिया गया हो और दूसरे सैंट अप को इनकार किया गया हो। आजतक किसी लार्ज स्केल में रिजेक्शन नहीं की गई और सिर्फ उन्हीं के केस रिजेक्ट किये गए हैं जिनको यह देखा गया था कि अगर उनको लोन दिया गया तो वह बैड डेट हो सकता है।

Deputy Speaker : Next item on the Agenda, Please.

Comrade Shamsher Singh Josh (Rupar) : Madam, I b eg to move—
That the matter.............

श्री बलरामजी दास टण्डन: डिप्टी स्पीकर साहिबा, जो नुक्ताचीनी पंजाब एक्सपोर्ट कारपोरेशन पर की गई है उसका जवाब गवर्नमेंट की तरफ से नहीं दिया गया।

उपाध्यक्षा : अगर हर चीज़ आपके कहने के मुताबिक हो तो बड़ी मुश्किल हो जाएगी। इस बहस के लिये सिर्फ दो घंटे का टाइम मखसूस किया गया हुआ था और इसी वक्त में जितना जवाब मिनिस्टर कनसर्ड दे सकता था वह उसने दे दिया है। (If everything were to be done according to the sweet will of the hon. Member then lot of difficulties would arise. Only two hours time had been fixed for the discussion and during this period whatever reply the Minister concerned could give he has given.)

श्री बलरामजी दास टण्डन: आन ए प्वायंट आफ आडर, मैडम। मेरा प्वायंट आफ आर्डर यह है कि अगर इसी तरह से यहां तर डिस्कशन होनी है तो उसका——

Deputy Speaker : Comrade Shamsher Singh Josh is on his legs. No. Point of Order, please.

Shri Balramji Das Tandon : You must listen to me Madam. Iam on a point of Order.

Deputy Speaker : You should not waste the time of the House.

Shri Balramji Das Tandon ; Under what rule, are you disallowing my Point of Order ?

Deputy Speaker : Please take your seat.

श्री बलरामजी दास टण्डन : आप कोई ऐसी बात बतायें या कोई रूल बताएं जिसके तहत आप मेरा प्वायंट आफ आर्डर सुनने से इनकार कर रही हैं। वह कौन सा रूल है जिसके तहत आप मुझे अपना प्वायंट आफ आर्डर रखने से रोक रही हैं ?

उपाध्यक्षा: आप डंडे के जोर से मुझे अपना प्वायंट आफ आर्डर सुनाना चाहते हैं; इसकी मैं इजाज़त नहीं दे सकती । (The hon. Member wants me to hear his point of order under duress; I cannot allow that.)

Shri Balramji Das Tandon : I must be allowed to raise my Point of Order.

Deputy Speaker : No, please. I object to the way in which yon want to raise your Point of Order.

श्री बलरामजी दास टण्डन: मैंने तो अपना प्वायंट आफ आर्डर रेज़ करना है...

उपाध्यक्षा : आर्डर प्लीज़। जब मैं खड़ी हूँ तो आप क्या बैठेंगे नहीं ? आप इतने पुराने मैंबर हैं आप से तो इस बात की तवक्को नहीं की जा सकती। (Order please. When I am on may legs will the hon. Member not take his seat ? He is a Member of long standing and his behaviour is not expected of him.)

श्री बलरामजी दास टण्डन : आप खड़ी हैं तो मैं बैठ जाता हूँ लेकिन आप मुझे अपना प्वायंट आफ आर्डर रेज़ कर लेने दें ।

उपाध्यक्षा : अच्छा आप अपना प्वायंट आफ आर्डर रेज़ कर लें । (Very well. Let the hon. Member raise his point of order.)

श्री बलरामजी दास टण्डन : मेरा प्वायंट आफ आर्डर यह है कि यहां पर दो अलग अलग कारपोरेशन्ज़ पर बहस हुई है मगर एक पर हुई बहस का जवाब तो दिया गया है, लेकिन जो बातें यहां पर दूसरी कारपोरेशन के बारे में कही गई हैं, उनके जवाब में कुछ ही नहीं कहा गया तो इस बारे में मैं आपका रूलिंग चाहता हूँ कि क्या उसका जवाब गवर्नमेंट की तरफ से आना ज़रूरी नहीं है ?

उपाध्यक्षा: मैं किसी को फोर्स नहीं कर सकती कि वह ज़रूर उसका रिप्लाई दे। (I cannot force any body that he must necessarily reply to a certain point.)

मुख्य संसत् सचिव (श्री राम प्रताप गर्ग) : डिप्टी स्पीकर साहिबा, मैं तो जवाब देने के लिये अपनी सीट में राईज़ हुआ था लेकिन आपने टाइम न होने की वजह से इजाज़त नहीं दी थी । मेरे अलावा चीफ मिनिस्टर साहब भी खड़े हुए थे ।

उपाध्यक्षा : टण्डन साहब, आपको यह भी ख्याल नहीं आया कि चीफ मिनिस्टर साहब, इस बहस का जवाब देने के लिये खड़े हुए थे लेकिन वह जवाब नहीं दे सके थे क्योंकि मैंने उन्हें टाइम नहीं दिया था । और मैंने इसलिये टाइम नहीं दिया था क्योंकि मैं यह नहीं चाहती थी कि किसी दूसरे के साथ बेइनसाफी हो। अच्छा आप अपनी बारी पर 25 मिनट बोले हैं। इस तरह इजाज़त नहीं दे सकती । (Addressing Shri Tandon) (The hon. Member does not appear to remember that the Chief Minister had arisen to give a reply to the discussion but he could not do so as I did not give him the time. The reason I did so was that I did not want any injustice to be done to others. The hon. Member himself spoke for 25 minutes in his own turn. Now I cannot permit him for this.)

12.00 Noon

श्री बलरामजी दास टण्डन : 5 मिनट तो तब भी थे । अब 12 बजे हैं।

MOTION UNDER RULE 84 REGARDING MATTER RELATING TO LEASING OF 1000 ACRES AGRICULTURAL FARM NEAR RUPAR TO BIRLA BROTHERS.

Comrade Shamsher Singh Josh (Ruper) : Madam, I beg to move—

that the matter relating to leasing of 1000 acres Agricultural Farm near Rupar to Birla Brothers be discussed.

ਡਿਪਟੀ ਸਪੀਕਰ ਸਾਹਿਬਾ, ਇਸ ਪ੍ਰਸਤਾਵ ਤੇ ਆਪਣੇ ਵਿਚਾਰ ਰਖਣ ਤੋਂ ਪਹਿਲਾਂ ਮੈਂ ਇਸ ਦੇ ਦੂਜੇ ਪੱਖ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ ਅਤੇ ਉਸ ਕਾਰਨਾਮੇ ਦੀਆਂ ਸ਼ਰਤਾਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਜੋ ਪੰਜਾਬ ਸਰਕਾਰ ਨੇ ਬਿਰਲੇ ਨਾਲ ਕੀਤਾ ਹੈ। ਇਹ ਫਾਰਮ ਉਸ ਜ਼ਮੀਨ ਤੇ ਬਣਨਾ ਹੈ ਜੋ ਸਤਲੁਜ ਦਰਿਆ ਦੀ ਕੈਨਲਾਈਜ਼ੇਸ਼ਨ ਨਾਲ ਨਿਕਲੀ ਹੈ।

(ਇਸ ਵੇਲੇ ਡਾ: ਬਲਦੇਵ ਪ੍ਰਕਾਸ਼ ਅਤੇ ਸ੍ਰੀ ਬਲਰਾਮ ਜੀ ਦਾਸ ਟੰਡਨ ਮਿਨਿਸਟੀਰੀਅਲ ਬੈਂਚਾਂ ਤੇ ਬੈਠੇ ਦੇਖੇ ਗਏ ।)

ਡਿਪਟੀ ਸਪੀਕਰ : ਹੁਣ ਦੂਜੇ ਮੈਂਬਰਾਂ ਨੂੰ ਇਤਰਾਜ਼ ਹੋਵੇਗਾ ਕਿ ਉਨ੍ਹਾਂ ਦੀ ਗੱਲ ਨਹੀਂ ਸੁਣਦੇ । (Now other members will object that they are not being listened to.)

श्री रूप सिंह फूल : On a point of order, Madam. क्या सारे जन संघी मैंबर कांग्रेस में आ गए हैं ?

उपाध्यक्षा: अभी इरादा कर रहे हैं। (They are making up their minds.)

ਕਾਮਰੇਡ ਸ਼ਮਸ਼ੇਰ ਸਿਘ ਜੋਸ਼ : ਮੈਂ ਅਰਜ਼ ਕਰ ਰਿਹਾ ਸੀ ਕਿ ਇਕ ਹਜ਼ਾਰ ਏਕੜ ਜ਼ਮੀਨ ਜੋ ਬਿਰਲਾ ਬਰਾਦਰਜ਼ ਨੂੰ ਫਾਰਮ ਬਨਾਉਣ ਲਈ ਦਿੱਤੀ ਗਈ ਹੈ ਇਹ ਉਸ ਜ਼ਮੀਨ ਵਿਚੋਂ ਹੈ ਜੋ ਪੰਜਾਬ ਸਰਕਾਰ ਨੇ ਰੋਪੜ ਤੋਂ ਲੈ ਕੇ ਹਰੀਕੇ ਪੱਤਨ ਤਕ ਸਤਲੁਜ ਨੂੰ ਕੈਨੇਲਾਈਜ਼ ਕਰਕੇ 1 ਕਰੋੜ ਖਰਚ ਕਰਕੇ ਰੀਕਲੇਮ ਕੀਤੀ ਹੈ। ਇਸ ਸਕੀਮ ਨੂੰ ਇਨੀਸ਼ੀਏਟ ਕੈਰੋਂ ਮੰਤ੍ਰੀ ਮੰਡਲ ਨੇ ਕੀਤ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਸੀ। ਇਸ ਦੀ ਵਿਆਖਿਆ ਕਰਨ ਲਈ ਉਸ ਮੌਕੇ ਤੇ ਇਰੀਗੇਸ਼ਨ ਅਤੇ ਪਾਵਰ ਰੀਸਰਚ ਡਿਪਾਰਟ-ਮੈਂਟ ਦੇ ਡਾਇਰੈਕਟਰ ਡਾਕਟਰ ਉਪਲ ਨੇ ਇਕ ਬੁਕਲੈਟ ਛਾਪੀ ਸੀ। ਇਸ ਬੁਕਲੈਟ ਵਿਚ ਕਿਹਾ ਗਿਆ ਕਿ ਜੋ ਢਾਈ ਤਿੰਨ ਲਖ ਏਕੜ ਜ਼ਮੀਨ ਇਸ ਤਰ੍ਹਾਂ ਰੇਕਲੇਮ ਹੋਵੇਗੀ ਉਸ ਜ਼ਮੀਨ ਦਾ ਅੱਧਾ ਹਿੱਸਾ ਸਰਕਾਰੀ ਫਾਰਮਾਂ ਕਾਇਮ ਕਰਨ ਲਈ ਅਤੇ ਅੱਧਾ ਹਿੱਸਾ ਹਰੀਜਨਾਂ ਦੀ ਕੋਆਪਰੇਟਿਵ ਸੋਸਾਇਟੀਆਂ ਬਨਾਉਣ ਵਿਚ ਇਸਤੇਮਾਲ ਕੀਤਾ ਜਾਵੇਗਾ।

ਕਾਮਰੇਡ ਜੰਗੀਰ ਸਿੰਘ ਜੋਗਾ : On a point of order, Madam. ਡਿਪਟੀ ਸਪੀਕਰ ਸਾਹਿਬਾ, ਇਹ ਬੜਾ ਅਹਿਮ ਮਸਲਾ ਹੈ। ਮਿਨਿਸਟਰ ਇਨਚਾਰਜ ਹਾਜ਼ਰ ਨਹੀਂ ਹਨ, ਚੀਫ ਮਨਿਸਟਰ ਸਾਹਿਬ ਵੀ ਚਲੇ ਗਏ ਹਨ। ਮਤਲਬ ਇਹ ਹੈ ਕਿ ਇਹ ਹਾਊਸ ਦੀ ਗੱਲ ਸੁਨਣਾ ਨਹੀਂ ਚਾਹੁੰਦੇ।

उपाध्यक्षा : इनकी बात मुनासिब है, मिनिस्टर इन्चार्ज ज़रूर होना चाहिए। (He has raised a reasonable point The Minister-in-charge must be present in the House.)

मुख्य संसद सचिव (श्री राम प्रताप गर्ग) : सरदार दरबारा सिंह जी कमिशन के सिलसिले में बिज़ी हैं अभी आ जायेंगे। (Sardar Darbara Singh is busy in connection with the work of a Commission. He will be here shortly.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਦੂਜੀ ਅਰਜ਼ ਇਹ ਹੈ ਕਿ ਬਿਰਲਾ ਬਰਾਦਰਜ਼ ਨੂੰ ਦੇਣ ਤੋਂ ਪਹਿਲਾਂ ਅਗਰ ਰੀਕਲੇਮ ਕਰਨ ਤੋਂ ਬਾਅਦ ਇਸ ਜ਼ਮੀਨ ਤੇ ਇਕ ਡਿਵੈਲਪਮੈਂਟ ਫਾਰਮ ਸੀ। A Development Farm was already in existence which was being run by the Irrigation and Power Research Directorate. ਉਸ ਡਿਵੈਲਪਮੈਂਟ ਫਾਰਮ ਵਿਚ ਤਿੰਨ ਕਿਸਮ ਦੀ ਜ਼ਮੀਨ ਸੀ। ਪਚਾਇਤਾਂ ਦੀ ਜ਼ਮੀਨ, ਲੈਂਡ ਓਨਰਜ਼ ਦੀ ਜ਼ਮੀਨ ਅਤੇ ਇਵੈਕਵੀ ਲੈਂਡ। ਲੈਂਡ-ਓਨਰਜ਼ ਜਿਨ੍ਹਾਂ ਦੀ ਜ਼ਮੀਨ ਇਸ ਮਤਲਬ ਲਈ ਐਕਵਾਇਰ ਕੀਤੀ ਗਈ ਉਹ ਕਿਸਾਨ ਹਾਲੇ ਤਕ ਮਾਲੀਆ ਅਦਾ ਕਰ ਰਹੇ ਹਨ। ਜ਼ਮੀਨ ਐਕਵਾਇਰ ਕਰ ਲਈ, ਡਿਵੈਲਪਮੈਂਟ ਫਾਰਮ ਬਣਿਆ, ਫਿਰ ਬਿਰਲਾ ਨੂੰ ਵੀ ਦੇ ਦਿੱਤੀ ਮਗਰ ਮਾਲੀਆ ਉਨ੍ਹਾਂ ਕਿਸਾਨਾਂ ਤੋਂ ਹੀ ਲਿਆ ਜਾ ਰਿਹਾ ਹੈ ਜਿਨ੍ਹਾਂ ਦੀ ਇਹ ਪਹਿਲਾਂ ਜ਼ਮੀਨ ਸੀ। ਸਰਕਾਰ ਇਸ ਬਾਰੇ ਪੋਜ਼ੀਸ਼ਨ ਐਕਸਪਲੇਨ ਕਰੇ। ਫਿਰ ਮੈਂ ਇਹ ਵੀ ਜਾਣਨਾ ਚਾਹੁੰਦਾ ਹਾਂ ਕਿ ਇਸ ਗੱਲ ਦੀਆਂ ਲੀਗਲ ਇੰਪਲੀਕੇਸ਼ਨਜ਼ ਕੀ ਹਨ, ਕੀ ਪੰਚਾਇਤਾਂ ਦੀ ਜ਼ਮੀਨ ਸਰਕਾਰ ਲੀਜ਼ ਤੇ ਦੇ ਸਕਦੀ ਹੈ। ਕੀ ਇਵੈਕ ਵੀ ਲੈਂਡ ਲੀਜ਼ ਤੇ ਦਿੱਤੀ ਜਾ ਸਕਦੀ ਹੈ। ਮੈਂ ਚਾਹੁੰਦਾ ਹਾਂ ਕਿ ਇਸ ਐਕਸਪੈਕਟ ਬਾਰੇ ਦਸਿਆ ਜਾਵੇ। (ਵਿਘਨ) ਕੀ ਸਰਕਾਰ ਨੇ ਲੋਕਾਂ ਨੂੰ ਭੁਲ ਵਿਚ ਪਾਉਣ ਲਈ ਉਸ ਜ਼ਮੀਨ ਨੂੰ ਰੀਕਲੇਮ ਕੀਤਾ ਸੀ? ਇਹ ਜੋ ਜ਼ਮੀਨ ਹੈ ਇਸ ਵਿਚ ਤੀਜਾ ਹਿੱਸਾ ਜ਼ਮੀਨ ਪਚਾਇਤਾਂ ਦੀ ਹੈ, ਤੀਜਾ ਹਿੱਸਾ ਇਵੈਕਵੀ ਲੈਂਡ ਹੈ ਅਤੇ ਤੀਜਾ ਹਿੱਸਾ ਲੈਂਡ-ਓਨਰਜ਼ ਦੀ ਹੈ। ਇਹ ਬਿਰਲਾ ਬਰਾਦਰਜ਼ ਨੂੰ ਦਿੱਤੀ ਗਈ ਹੈ। ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਿਸ ਮੰਸ਼ੇ ਲਈ ਪਹਿਲਾਂ ਇਹ ਸਕੀਮ ਚਾਲੂ ਕੀਤੀ ਗਈ, 2 ਕਰੋੜ ਰੁਪਏ ਦੀ ਸੈਂਕਸ਼ਨ ਲਈ, ਇਤਨਾ ਵੱਡਾ ਮਹਿਕਮਾ ਬਣਾਇਆ ਸਮਝ ਨਹੀਂ ਕਿ ਕੀ ਕਾਰਨ ਹਨ ਕਿ ਸਰਕਾਰ ਨੇ ਆਪਣੀ ਪਹਿਲੀ ਨੀਤੀ ਨੂੰ ਕਿ ਸਰਕਾਰੀ ਫਾਰਮ ਬਣਾਏ ਜਾਣਗੇ, ਹਰੀਜਨਾਂ ਨੂੰ ਇਹ ਜ਼ਮੀਨ ਦਿੱਤੀ ਜਾਵੇਗੀ ਹੁਣ ਰੀਵਰਸ ਕਰਕੇ ਜ਼ਮੀਨ ਬਿਰਲੇ ਨੂੰ ਕਿਉਂ ਦਿੱਤੀ ਗਈ ਹੈ। ਇਸ ਤਰ੍ਹਾਂ ਦੇ ਇਕ ਅਮੀਰ ਅਦਾਰੇ ਨੂੰ ਐਲਾਟ ਕਰਨ ਦਾ ਕਾਰਨ

ਦਸਿਆ ਜਾਵੇ। ਇਸ ਗੱਲ ਦਾ ਜਵਾਬ ਵੀ ਦਿੱਤਾ ਜਾਵੇ ਕਿ ਐਗਰੀਕਲਚਰਲ ਡਿਵੈਲਪਮੈਂਟ ਲਈ ਬਿਰਲੇ ਦੇ ਕਿਸੇ ਬਾਪ ਦਾਦੇ ਨੇ ਵੀ ਕਦੀ ਟ੍ਰੇਨਿੰਗ ਲਈ ਸੀ ਉਸ ਨੂੰ ਹੁਣ ਪੰਜਾਬ ਨੂੰ ਐਗਰੀਕਲ-ਚਰਲ ਡਿਵੈਲਪਮੈਂਟ ਦਾ ਰਸਤਾ ਦਿਖਾਉਣ ਲਈ ਕਿਹਾ ਗਿਆ ਹੈ। ਹਿੰਦੁਸਤਾਨ ਵਿਚ ਪੰਜਾਬ ਦੇ ਐਗਰੀਕਲਚਰਲ ਦੇ ਮਹਿਕਮੇ ਦੀ ਪ੍ਰਸਿੱਧੀ ਰਹੀ ਹੈ। ਇਸ ਤਰ੍ਹਾਂ ਦਾ ਐਗਰੀਕਲਚਰ ਵਿਚ ਮਾਹਰ ਸੂਬਾ ਤੇ ਇਕ ਐਗਰੀਕਲਚਰ ਯੂਨੀਵਰਸਿਟੀ ਰਖਣ ਵਾਲਾ ਸੂਬਾ ਇਕ ਪ੍ਰਾਈਵੇਟ ਫਰਮ ਨੂੰ ਰਸਤਾ ਦਿਖਾਉਣ ਲਈ ਕਹੇ ਕਿ ਤੁਸੀਂ ਇਥੇ ਐਗਰੀਕਲਚਰਲ ਫਾਰਮ ਖੋਲ੍ਹੋ ਤਾਕਿ ਲੋਕਾਂ ਨੂੰ ਚੰਗਾ ਸੀਡ ਦਿੱਤਾ ਜਾ ਸਕੇ। ਕੀ ਸਾਡਾ ਐਗਰੀਕਲਚਰ ਦਾ ਮਹਿਕਮਾ ਇਤਨਾ ਅਯੋਗ ਹੋ ਗਿਆ ਹੈ ਕਿ ਉਸ ਨੂੰ ਬਾਹਰੋਂ ਬਿਰਲੇ ਨੂੰ ਸਦਣਾ ਪਿਆ। ਫਿਰ ਜਦੋਂ ਇਹ ਲੀਜ਼ ਹੋ ਗਈ ਤਾਂ ਬਿਰਲੇ ਨੇ ਖੁਦ ਸਾਡੇ ਮਹਿਕਮੇ ਨੂੰ ਲਿਖਿਆ ਕਿ ਮੈਨੂੰ ਆਪਣੇ ਮਹਿਕਮੇ ਦਾ ਕੋਈ ਅਫਸਰ ਦਿਉ ਜਿਸਨੂੰ ਮੈਂ ਉਥੇ ਮੈਨੇਜਰ ਲਗਾ ਦਿਆਂ। ਮੈਂ ਪੁਛਦਾ ਹਾਂ ਕਿ ਅਗਰ ਸਾਡੇ ਹੀ ਐਗਰੀਕਲਚਰ ਦੇ ਮਹਿਕਮੇ ਦੇ ਇਕ ਰੀਟਾਇਰਡ ਅਫਸਰ ਨੇ ਉਸ ਫਾਰਮ ਨੂੰ ਚਲਾਉਣਾ ਸੀ ਤਾਂ ਕੀ ਵਜ੍ਹਾ ਹੈ ਕਿ ਪਜਾਬ ਸਰਕਾਰ ਨੇ ਖੁਦ ਉਸ ਫਾਰਮ ਨੂੰ ਕਿਉਂ ਨਹੀਂ ਆਪਣੇ ਹੱਥ ਵਿਚ ਲਿਆ ਜਾਂ ਐਗਰੀਕਲਚਰ ਯੂਨੀਵਰਸਿਟੀ ਨੂੰ ਕਿਉਂ ਨਾ ਦਿੱਤਾ ?

(At this stage Shri Ram Saran Chand Mital, a member of the Panel of Chairmen, occupied the chair.)

ਫਿਰ ਤੁਸੀਂ ਦੇਖੋ ਕਿ ਅਗਰ ਇਵੈਕਵੀ ਲੈਂਡ ਹਰੀਜਨਾਂ ਨੂੰ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਆਪਣੇ ਖਰਚ ਤੇ ਉਹ ਰੀਕਲੇਮ ਕਰਨੀ ਪੈਂਦੀ ਹੈ, ਖੁਦ ਹੀ ਖੂਹ ਲਵਾਉਣਾ ਪੈਂਦਾ ਹੈ ਅਤੇ ਹੋਰ ਸਾਰੇ ਇੰਤਜ਼ਾਮ ਕਰਨੇ ਪੈਂਦੇ ਹਨ ਪਰ ਮੈਨੂੰ ਇਕ ਸਵਾਲ ਦੇ ਜਵਾਬ ਵਿਚ ਦਸਿਆ ਹੈ ਕਿ ਇਸ ਇਕ ਹਜ਼ਾਰ ਏਕੜ ਨੂੰ ਰੀਕਲੇਮ ਕਰਨ ਤੇ 93,535 ਰੁਪਏ ਖਰਚ ਕੀਤੇ ਹਨ। ਬਿਰਲੇ ਨੂੰ ਐਗਰੀਕਲਚਰਲ ਡਿਵੈਲਪਮੈਂਟ ਦਾ ਸਬਕ ਦੇਣ ਲਈ ਇਥੇ ਸਦਿਆ ਤੇ ਉਸ ਨੂੰ ਦਿੱਤੀ ਜ਼ਮੀਨ ਤੇ ਇਕ ਲਖ ਰੁਪਿਆ ਖਰਚ ਕਰਕੇ ਉਸ ਨੂੰ ਵਾਹੀਯੋਗ ਸਰਕਾਰ ਨੇ ਬਣਾਇਆ। ਮੈਂ ਪੁਛਦ ਹਾਂ ਜਦ ਕਿਸੇ ਹਰੀਜਨ ਨੂੰ ਜ਼ਮੀਨ ਦਿੱਤੀ ਜਾਂਦੀ ਹੈ ਤਾਂ ਕੀ ਉਸ ਤੇ ਖੋਟਾ ਧੇਲਾ ਵੀ ਖਰਚ ਕੀਤਾ ਜਾਂਦਾ ਹੈ, ਮਗਰ ਬਿਰਲੇ ਨੂੰ ਜ਼ਮੀਨ ਦਿੱਤੀ ਤਾਂ ਪੂਰੀ ਤਰ੍ਹਾਂ ਰੀਕਲੇਮ ਕਰਕੇ, ਟਰੈਕਟਰ ਚਲਦੇ ਕਰਕੇ, ਬਾਰਬਡ ਵਾਇਰ ਲਾਕੇ ਅਤੇ ਇਕ ਨਵੀਂ ਵਿਆਹੀ ਦੁਲਹਨ ਵਾਂਗੂ ਸਜਾ ਕੇ ਦਿੱਤੀ ਕਿ ਲਉ ਸਾਂਭੋ ਅਤੇ ਪੰਜਾਬ ਨੂੰ ਖੇਤੀਬਾੜੀ ਦਾ ਸਬਕ ਸਿਖਾਉ।

ਫਿਰ ਇਹ ਕਿਹਾ ਜਾਂਦਾ ਹੈ ਕਿ ਨੋ-ਪਰਾਫਿਟ ਨੋ-ਲਾਸ ਬੇਸਿਜ਼ ਤੇ ਇਹ ਜ਼ਮੀਨ ਦਿੱਤੀ ਗਈ ਹੈ। ਪਰ, ਚੇਅਰਮੈਨ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਇਸ ਐਗਰੀਮੈਂਟ ਵਿਚ ਹੀ ਇਹ ਗੱਲ ਦਰਜ ਹੈ ਕਿ ਜਦ ਵੀ ਜ਼ਰਾਇਤ ਵਾਲਿਆਂ ਨੂੰ ਬੀਜ ਲੈਣਾ ਪਿਆ ਤਾਂ ਪੰਜ ਰੁਪਏ ਮਣ ਪਿੱਛੇ ਉਹ ਪ੍ਰੀਮੀਅਮ ਦੇਣਗੇ। ਇਹ ਹੈ ਨੋ-ਪਰਾਫਿਟ ਨੋ-ਲਾਸ। ਫਿਰ ਇਹ ਵੀ ਐਗਰੀ ਕਰ ਲਿਅ ਗਿਆ ਕਿ ਜਦ ਕਦੇ ਬਿਰਲੇ ਦਾ ਮਨ ਛਡ ਕੇ ਜਾਣ ਦਾ ਹੋਵੇ ਤਾਂ ਸਾਰੀ ਮਸ਼ੀਨਰੀ ਉਖਾੜ ਕੇ ਲੈ ਜਾਏਗਾ। ਇਸ ਵਿਚ ਇਸ ਤੋਂ ਵੀ ਵਧ ਇਕ ਸਕੈਂਡਲਸ ਗੱਲ ਲਿਖੀ ਹੋਈ ਹੈ ਉਹ ਇਹ ਕਿ ਸਰਕਾਰ ਨੇ ਜ਼ਮੀਨ 30 ਰੁਪਏ ਏਕੜ ਤੇ ਦਿੱਤੀ ਹੈ ਅਤੇ ਫਿਰ 25 ਸਾਲ ਲਈ ਦਿੱਤੀ ਹੈ। ਮੈਂ ਇਸ ਗੱਲ ਨੂੰ ਚੈਲੰਜ ਕਰਦਾ ਹਾਂ ਕਿ ਇਸ ਸਾਰੇ ਇਲਾਕੇ ਵਿਚ ਮੈਨੂੰ ਸਰਕਾਰ ਅੱਜ ਕਿਤੇ ਵ ਜ਼ਮੀਨ ਲੈ ਕੇ ਦੇ ਦੇਵੇ। ਇਥੇ ਚੰਗੀ ਜ਼ਮੀਨ ਜਿਸ ਤਰ੍ਹਾਂ ਦੀ ਕਿ ਬਿਰਲੇ ਨੂੰ ਦਿੱਤੀ ਗਈ ਹੈ ਆਲੂ ਪੈਦਾ ਕਰਨ ਵਾਲੇ 180 ਰੁਪਏ ਏਕੜ ਤੋਂ ਘਟ ਤੇ ਨਹੀਂ ਮਿਲ ਸਕਦੀ। ਪਰ ਇਨ੍ਹਾਂ ਨੇ ਬਿਰਲੇ ਨੂੰ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

30 ਰੁਪਏ ਏਕੜ ਦੇ ਹਿਸਾਬ ਨਾਲ 1,000 ਏਕੜ ਜ਼ਮੀਨ ਦੇ ਦਿੱਤੀ ਹੈ ਜਦ ਕਿ ਇਹ 30 ਹਜ਼ਾਰ ਨਹੀਂ, ਇਕ ਲਖ ਰੁਪਏ ਦੀ ਸੀ। ਇਸ ਤਰ੍ਹਾਂ ਹਰ ਸਾਲ ਸਤਰ ਹਜ਼ਾਰ ਦਾ ਘਾਟਾ ਸਰਕਾਰ ਨੂੰ ਪੈ ਰਿਹਾ ਹੈ, ਅਤੇ 25 ਸਾਲਾਂ ਵਿਚ $17\frac{1}{2}$ ਲਖ ਦਾ ਘਾਟਾ ਸਰਕਾਰ ਨੂੰ ਪਏਗਾ।

For Rs. $17\frac{1}{2}$ lakhs that land has been leased out to Birla Brothers for 25 years. I suspect some doubtful deeds in the matter.

ਇਹ ਸਾਢੇ ਸਤਾਰਾਂ ਲਖ ਦਾ ਨਫਾ ਬਿਰਲੇ ਨੂੰ ਖਟਾਇਆ ਜਾ ਰਿਹਾ ਹੈ। ਇਕ ਫਰਮ ਨੂੰ ਦਿੱਤਾ ਜਾ ਰਿਹਾ ਹੈ ਜਿਸ ਦੀ ਇਹ ਨੋਨ ਪਾਲਿਸੀ ਹੈ ਕਿ ਉਸਦੀ ਕਾਂਗਰਸ ਨਾਲ ਯਾਰੀ ਹੈ ਇਹ ਸਦਾ ਫਿਨਾਂਸਲ ਮਦਦ ਕਾਂਗਰਸ ਨੂੰ ਕਰਦਾ ਰਿਹਾ ਹੈ ਅਤੇ ਇਹ ਮੰਨੀ ਹੋਈ ਗੱਲ ਹੈ, ਕਿ ਇਸ ਫਰਮ ਦੀ ਯਾਰੀ ਹਿੰਦੁਸਤਾਨ ਦੇ ਉਤਲੇ ਲੀਡਰਾਂ ਨਾਲ ਹੈ ਅਤੇ ਹੁਣ ਥੱਲੇ ਦੇ ਲੀਡਰਾਂ ਨਾਲ ਪਾਈ ਜਾ ਰਹੀ ਹੈ।

With this background of doubtful deeds in the matter to the Congress party ਮੈਂ ਸਮਝਦਾ ਹਾਂ ਸੌਦਾ ਕੀਤਾ ਗਿਆ ਹੈ। ਬਲਕਿ ਮੈਂ ਤਾਂ ਇਹ ਵੀ ਸਮਝਦਾ ਹਾਂ ਕਿ ਇਹ ਜਿਹੜਾ ਸੌਦਾ ਕੀਤਾ ਗਿਆ ਹੈ ਇਸ ਵਿਚ ਕੋਈ ਰਾਜ਼ ਹੈ ਕੋਈ ਨਾ ਕੋਈ ਰਕਮ ਇਨ੍ਹਾਂ ਨੇ ਇਲੈਕਸ਼ਨਾਂ ਵਾਸਤੇ ਉਸ ਪਾਸੋਂ ਲਈ ਹੈ ਅਤੇ ਹੋਰ ਵੀ ਕਿਸੇ ਕਿਸਮ ਦੀ ਹੇਰਾ ਫੇਰੀ ਕੀਤੀ ਗਈ ਹੈ। ਮੈਨੂੰ ਇਹ ਪਤਾ ਹੈ ਕਿ ਸਾਡੇ ਸੂਬੇ ਦੇ ਚੀਫ ਮਨਿਸਟਰ ਸ੍ਰੀ ਰਾਮ ਕਿਸ਼ਨ ਜੀ ਬਿਰਲੇ ਪਾਸ ਗਏ ਸੀ। ਜਦ ਕਾਂਗਰਸ ਦੀ ਨਵੀਂ ਭਰਤੀ ਦਾ ਦੌਰ ਪਿਛੇ ਚਲਿਆ ਸੀ ਤਾਂ ਕਿਹਾ ਗਿਆ ਕਿ 35 ਲਖ ਨਵੇਂ ਭਰਤੀ ਕਰ ਲਏ ਗਏ। ਜਿਨ੍ਹਾਂ ਵਿਚ ਬਹੁਤਿਆਂ ਨੂੰ ਤਾਂ ਇਹ ਪਤਾ ਹੀ ਨਹੀਂ ਕਿ ਮੈਂ ਕਾਂਗਰਸ ਦਾ ਮੈਂਬਰ ਹਾਂ। ਕਿਸੇ ਦੇ ਪੈਰਾਂ ਦੇ ਕਿਸੇ ਦੇ ਹੱਥਾਂ ਦੇ ਅੰਗੂਠੇ ਲਵਾ ਕੇ ਮੈਂਬਰ ਬਣਾ ਲਏ ਗਏ। ਆਖਿਰ ਇਨ੍ਹਾਂ ਤੇ ਖਰਚ ਤਾਂ ਕਰਨਾ ਸੀ। ਕਿਹਾ ਗਿਆ ਕਿ ਚੰਦਾ ਦਿਉ। ਉਨ੍ਹਾਂ ਨੇ ਕਿਹਾ ਕਿ ਚੰਦੇ ਦੀ ਤਾਂ ਕੋਈ ਗੱਲ ਨਹੀਂ ਜਿਨਾ ਲੋੜ ਹੈ ਲੈ ਲਉ। ਇਹ ਹਿਸਾਬ ਤਾਂ ਚਲਦਾ ਹੀ ਰਹਿੰਦਾ ਹੈ, ਤੁਹਾਡੇ ਬੇਟ ਦੇ ਇਲਾਕੇ ਵਿਚ ਫਾਰਮ ਬਣਾ ਲਵਾਂ ਤਾਂ ਕੀ ਹਰਜ਼ ਹੈ ਤਾਂ ਇਨ੍ਹਾਂ ਨੇ ਆਪ ਹੀ ਗੱਲ ਕਰ ਲਈ ਕਿ ਅਸੀਂ ਤੁਹਾਨੂੰ ਜ਼ਮੀਨ ਦੇ ਦਿੰਦੇ ਹਾਂ। ਮੈਂ ਇਸ ਦੇ ਬਾਰੇ ਵਿਚ ਸਵਾਲ ਵੀ ਪੁਛਿਆ ਕਿ ਇਹ ਜ਼ਮੀਨ ਕਿਉਂ ਦਿੱਤੀ ਅਤੇ ਕਿਸ ਲਈ ਦਿੱਤੀ ਗਈ ਤਾਂ ਜਵਾਬ ਇਹ ਦਿੱਤਾ ਗਿਆ:

M/s Birla Brothers were reported to have been asked by the Central Government to assist in the production and distribution of quality seeds, particularly, wheat seeds.

ਸੈਂਟਰ ਦੇ ਹੁਕਮ ਨਾਲ ਇਹ ਜ਼ਮੀਨ ਉਨ੍ਹਾਂ ਨੂੰ ਦੇ ਦਿੱਤੀ ਗਈ। ਅਤੇ ਇਸ ਤਰ੍ਹਾਂ ਨਾਲ ਸਰਕਾਰ ਨੂੰ ਸਾਢੇ ਸਤਾਰਾਂ ਲਖ ਦਾ ਘਾਟਾ ਪਿਆ ਨਹੀਂ ਤਾਂ ਇਹ ਰਕਮ ਸਰਕਾਰੀ ਖਜ਼ਾਨੇ ਵਿਚ ਆਉਣੀ ਸੀ। ਫਿਰ ਮੈਨੂੰ ਇਹ ਵੀ ਪਤਾ ਲਗਾ ਹੈ ਕਿ ਇਸ ਤਰ੍ਹਾਂ ਜ਼ਮੀਨ ਦੇਣ ਲਈ ਐਗਰੀਕਲਚਰ ਡਿਪਾਰਟਮੈਂਟ ਨੇ ਵੀ ਮੁਖਾਲਫਤ ਕੀਤੀ ਹੈ ਅਤੇ ਡੀਪਾਰਟਮੈਂਟ ਨੇ ਇਨ੍ਹਾਂ ਨੂੰ ਕਿਹਾ ਹੈ ਕਿ ਅਸੀਂ ਆਪ ਇਸ ਇਲਾਕੇ ਵਿਚ ਫਾਰਮ ਕਾਇਮ ਕਰ ਸਕਦੇ ਹਾਂ। ਉਨ੍ਹਾਂ ਨੇ ਕਿਹਾ ਕਿ ਅਸੀਂ ਇਸ ਨੂੰ ਮਹਿਕਮੇ ਵਲੋਂ ਚਲਾ ਸਕਦੇ ਹਾਂ।

No tenders were invited. No negotiations were done.

ਫਿਰ ਇਸ ਲਈ ਕੋਈ ਟੈਂਡਰ ਨਹੀਂ ਲਿਆ ਗਿਆ। ਸਰਕਾਰ ਇਕ ਪੈਸੇ ਦੀ ਚੀਜ਼ ਬਿਨਾ ਟੈਂਡਰ ਦੇ ਅਤੇ ਕੁਟੇਸ਼ਨਾਂ ਕਾਲ ਕਰਨ ਦੇ ਨਹੀਂ ਖਰੀਦ ਸਕਦੀ। ਜੇਕਰ 500 ਰੁਪਏ ਦੀ ਚੀਜ਼ ਲੈਣੀ ਹੋਵੇ ਤਾਂ ਟੈਂਡਰ ਕਾਲ ਕੀਤੇ ਜਾਂਦੇ ਹਨ ਤੇ ਜੇਕਰ 50 ਰੁਪਏ ਦੀ ਲੈਣੀ ਹੋਵੇ ਤਾਂ ਕੁਟੇਸ਼ਨਾਂ ਕਾਲ ਕੀਤੀਆਂ ਜਾਂਦੀਆਂ ਹਨ ਪਰ ਇਥੇ ਲਖਾਂ ਰੁਪਏ ਦੀ ਜ਼ਮੀਨ ਕੌਡੀਆਂ ਦੇ ਭਾ ਬਿਨਾ ਕਿਸੇ ਟੈਂਡਰ ਦੇ ਦਿੱਤੀ ਗਈ। ਸਰਕਾਰ ਦੋ ਹੀ ਤਰ੍ਹਾਂ ਨਾਲ ਕੋਈ ਸੋਦਾ ਕਰਦੀ ਹੈ ਜਾਂ ਟੈਂਡਰ ਨਾਲ ਜਾਂ ਨੈਗੋਸੀਏਸ਼ਨ ਨਾਲ ਪਰ ਇਥੇ ਕੋਈ ਵੀ ਗੱਲ ਨਹੀਂ ਕੀਤੀ ਗਈ। ਇਸ ਲਈ ਇਸ ਸੋਦੇ ਨੂੰ ਟਰਮੀਨੇਟ ਕਰ ਦਿੱਤਾ ਜਾਵੇ ਅਤੇ ਪੰਜਾਬ ਦੇ ਕਿਸਾਨਾਂ ਨੂੰ ਸੱਦਾ ਦਿੱਤਾ ਜਾਵੇ। ਪੰਜਾਬ ਦੀਆਂ ਪਾਰਟੀਆਂ ਨੂੰ ਸੱਦਾ ਦਿੱਤਾ ਜਾਵੇ ਤਾਂ ਮੈਨੂੰ ਵਿਸ਼ਵਾਸ਼ ਹੈ ਕਿ ਇਸ ਤੋਂ ਵੀਹ ਗੁਣਾ ਜ਼ਿਆਦਾ ਰਕਮ ਸਰਕਾਰੀ ਖਜ਼ਾਨੇ ਵਿਚ ਆ ਸਕਦੀ ਹੈ। ਲਖਾਂ ਰੁਪਏ ਸਰਕਾਰੀ ਖਜ਼ਾਨੇ ਵਿਚ ਆ ਸਕਦੇ ਹਨ। ਮੈਂ ਇਹ ਚੈਲੰਜ ਕਰਦਾ ਹਾਂ ਅਤੇ ਸਰਕਾਰ ਇਸ ਨੂੰ ਮਨਜ਼ੂਰ ਕਰਕੇ ਵੇਖ ਲਵੇ ਕਿ ਨਵੇਂ ਪਟੇ ਦੇ ਤੌਰ ਤੇ ਜ਼ਮੀਨ ਨੂੰ ਦੇਣ ਦਾ ਕਿੰਨਾ ਨਫਾ ਹੁੰਦਾ ਹੈ। ਜੇਕਰ ਇਸ ਲੈਂਡ ਦੀ ਪਬਲਿਕ ਆਕਸ਼ਨ ਕਰ ਦਿਉ ਤਾਂ ਤੁਸੀਂ ਆਪ ਹੀ ਵੇਖ ਲਉਗੇ ਕਿ ਕਿੰਨਾ ਮੁਨਾਫਾ ਹੁੰਦਾ ਹੈ। ਫਿਰ ਨਾ ਤਾਂ ਇਸ ਜ਼ਮੀਨ ਬਾਰੇ ਡਿਪਾਰਟਮੈਂਟ ਨੇ ਜਾਂ ਕਿਸੇ ਹੋਰ ਨੇ ਗੱਲ ਕੀਤੀ ਸਿਧੇ ਚੀਫ ਮਨਿਸਟਰ 1,000 ਏਕੜ ਜ਼ਮੀਨ ਦੇਣ ਬਾਰੇ ਆਪ ਹੀ ਹਾਂ ਕਰ ਆਏ।

ਇਸ ਤੋਂ ਅੱਗੇ, ਚੇਅਰਮੈਨ ਸਾਹਿਬ, ਮੈਂ ਸਰਕਾਰ ਦੀ ਪਾਲਿਸੀ ਦਾ ਸਵਾਲ ਖੜਾ ਕਰਦਾ ਹਾਂ। ਤਿੰਨ ਰੀਜ਼ਨ ਸਨ ਇਸ ਜ਼ਮੀਨ ਨੂੰ ਪਟੇ ਤੇ ਦੇਣ ਦੇ। ਉਹ ਸੁਣ ਲਉ।

'Setting up of big commercial viable Farms in Sutlej area would be most conducive to the increased agricultural production. Allotment to Harijans or poor cultivators would not have permitted large-scale mechanised cultivation and production of quality foundation seeds.

ਹੁਣ ਇਹ ਗੱਲ ਪੰਜਾਬ ਦੇ ਚਾਲੀ ਲਖ ਹਰੀਜਨਾਂ ਨੂੰ ਤੁਹਾਡੇ ਰਾਹੀਂ, ਚੇਅਰਮੈਨ ਸਾਹਿਬ, ਸੁਨਾਣਾ ਚਾਹੁੰਦਾ ਹਾਂ ਅਤੇ ਇਥੇ ਬੈਠੇ ਹਰੀਜਨ ਐਮ. ਐਲ. ਏਜ਼. ਸਾਹਿਬਾਨ ਲਈ ਵੀ ਕਿ ਤੁਹਾਡੀ ਮੌਤ ਦੇ ਵਰੰਟ ਇਸ ਡੀਲ ਰਾਹੀਂ ਕਢੇ ਜਾ ਰਹੇ ਹਨ।

(ਇਸ ਸਮੇਂ ਸ੍ਰੀ ਚੌਧਰੀ ਚਾਂਦ ਰਾਮ ਭਲਾਈ ਅਤੇ ਨਿਆਂ ਮੰਤਰੀ ਹਾਊਸ ਵਿਚ ਦਾਖਲ ਹੋਏ।)

ਆਵਾਜ਼ : ਲਉ ਚੌਧਰੀ ਚਾਂਦ ਰਾਮ ਜੀ ਆ ਗਏ ਹਨ ਇਨ੍ਹਾਂ ਨੂੰ ਸਮਝਾਉ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਇਨ੍ਹਾਂ ਨੂੰ ਮੈਂ ਫਿਰ ਇਕ ਵੇਰ ਸੁਣਾ ਦਿੰਦਾ ਹਾਂ ਕਿ ਪੰਜਾਬ ਦੇ ਹਰੀਜਨਾਂ ਲਈ ਜਾਂ ਕਿਸਾਨਾਂ ਨੂੰ ਇਹ ਜ਼ਮੀਨ ਨਹੀਂ ਦਿੱਤੀ ਜਾ ਸਕਦੀ ਇਸ ਵਿਚ ਰੀਜ਼ਨ ਸਰਕਾਰ ਇਹ ਐਕਸਪਲੇਨ ਕਰਦੀ ਹੈ ਕਿ—

Setting up of big commercial vaible Farms in Sutlej area would be most conducive to the increased agricultural production. Allotment to Harijans or poor cultivators would not have permitted large scale mechanised cultivation and production of quality foundation sees.

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਇਸ ਦਾ ਮਤਲਬ ਇਹ ਹੋਇਆ ਕਿ ਹਰੀਜਨਾਂ ਨੂੰ ਜਾਂ ਗਰੀਬ ਕਿਸਾਨਾਂ ਨੂੰ ਕੋਈ ਜ਼ਮੀਨ ਨਹੀਂ ਦਿੱਤੀ ਜਾ ਸਕਦੀ ਅਤੇ ਅਗੇ ਨੂੰ ਵੀ ਨਹੀਂ ਦਿੱਤੀ ਜਾ ਸਕਦੀ । ਇਥੇ ਤਾਂ ਵੱਡੇ ਵੱਡੇ ਮੈਕਾਨਾਇਜ਼ਡ ਫਾਰਮ ਬਨਾਣੇ ਹਨ। ਜਿਹੜੇ ਗਰੀਬ ਤੇ ਹਰੀਜ਼ਨ ਨਹੀਂ ਬਣਾ ਸਕਦੇ । ਨਾ ਉਹ ਟਰੈਕਟਰ ਲੈ ਸਕਦੇ ਹਨ ਨਾ ਟਯੂਬਵੈਲ ਲਗਾ ਸਕਦੇ ਹਨ ਅਤੇ ਇਸ ਤਰ੍ਹਾਂ ਰੀਕਲੇਮ ਨਹੀਂ ਕਰ ਸਕਦੇ ਅਤੇ ਨਾ ਹੀ ਕਮਰਸ਼ਲ ਵਾਇਬਲ ਫਾਰਮ ਹੀ ਬਣਾ ਸਕਦੇ ਹਨ। ਇਸ ਲਈ ਜ਼ਮੀਨ ਉਨ੍ਹਾਂ ਨੂੰ ਨਹੀਂ ਦਿੱਤੀ ਜਾ ਸਕਦੀ। ਮੈਨੂੰ ਤਾਂ ਰੋਣਾ ਬਿਰਲੇ ਨੂੰ ਨਹੀਂ, ਮੈਨੂੰ ਤਾਂ ਡਰ ਸਹੇ ਦਾ ਨਹੀਂ, ਪਹੇ ਦਾ ਹੈ। ਹੁਣ ਜ਼ਮੀਨ ਬਿਰਲੇ ਨੂੰ ਦਿੱਤੀ ਗਈ ਹੈ ਫਿਰ ਥਾਪਰ ਨੂੰ ਦਿੱਤੀ ਜਾਵੇਗੀ ਤੇ ਫਿਰ ਪੁਰੀ ਆ ਜਾਏਗਾ । ਮੈਂ ਇਥੇ ਇਕ ਗੱਲ ਹੋਰ ਵੀ ਕਹਿ ਦਿਆਂ ਜਿਸ ਦਾ ਜਵਾਬ ਸਰਕਾਰ ਦੇਵੇ ਕਿ ਲੁਧਿਆਣੇ ਵਿਚ ਡੀ. ਸੀ. ਨੇ ਪੰਚਾਇਤ ਦੀ ਜ਼ਮੀਨ ਵੀ ਇਸੇ ਤਰ੍ਹਾਂ 20-20 ਸਾਲਾਂ ਲਈ ਪਟੇ ਤੇ ਦੇ ਦਿੱਤੀ ਹੈ। ਇਹ ਸਤਲੁਜ ਦਰਿਆ ਦੀ ਸੀ ਤਾਂ ਕਿ ਐਗਰੀਕਲਚਰ ਫਾਰਮ ਕਾਇਮ ਕੀਤੇ ਜਾ ਸਕਣ ।

ਨਾਂ ਤੇ ਬਿਰਲੇ ਦਾ ਹੈ, ਪਰ ਅਸਲ ਗੱਲ ਇਹ ਹੈ ਕਿ ਇਹ ਸਰਕਾਰ ਇਨ੍ਹਾਂ ਵੱਡਿਆਂ-ਵੱਡਿਆਂ ਦੀ ਬਲੈਕ ਮਨੀ ਨੂੰ ਇਸ ਤਰ੍ਹਾਂ ਲੁਕਾਣਾ ਚਾਹੁੰਦੀ ਹੈ ਕਿਉਂਕਿ ਐਗਰੀਕਲਚਰ ਤੇ ਜਿਨੀ ਵੀ ਆਮਦਨ ਚਾਹੇ ਹੋਵੇ ਭਾਵੇਂ ਪੰਜ ਲਖ ਦੀ ਹੋਵੇ ਖੇਤੀ ਦੀ ਪੈਦਾਵਾਰ ਤੇ ਕੋਈ ਕਿਸੇ ਕਿਸਮ ਦਾ ਇੰਨਕਮ ਟੈਕਸ ਨਹੀਂ ਲਗਦਾ । ਬਿਰਲਾ, ਥਾਪਰ ਅਤੇ ਪੁਰੀ ਆਦੀ ਵਰਗੇ ਚਾਹੁੰਦੇ ਹਨ ਕਿ ਇਹ ਪੈਸਾ ਜਿਹੜਾ ਉਨ੍ਹਾਂ ਦੀ ਕਾਲੀ ਕਮਾਈ ਦਾ ਬਲੈਕ ਮਨੀ ਹੈ ਇਸ ਨੂੰ ਇਸ ਤਰ੍ਹਾਂ ਜ਼ਮੀਨ ਤੇ ਲਗਾ ਕੇ ਛੁਪਾ ਲਿਆ ਜਾਵੇ। ਇਸ ਲਈ ਮੈਂ ਸਰਕਾਰ ਨੂੰ ਚਿਤਾਵਨੀ ਦੇਣਾ ਚਾਹੁੰਦਾ ਹਾਂ ਕਿ ਇਹ ਗੱਲ ਤੇ ਖਤਰੇ ਤੋਂ ਖਾਲੀ ਨਹੀਂ ।

ਫਿਰ ਇਸ ਤੋਂ ਅੱਗੇ ਇਸ ਸਬੰਧ ਵਿਚ ਜੋ ਸਰਕਾਰ ਦੀ ਨੀਤੀ ਹੈ ਉਸ ਦਾ ਚਰਚਾ ਕਰਨਾ ਚਾਹੁੰਦਾ ਹਾਂ। ਹਿੰਦੁਸਤਾਨ ਦੀ ਸਰਕਾਰ ਨੇ ਆਪਣੀ ਨੀਤੀ ਨੂੰ ਬਦਲ ਲਿਆ ਹੈ। ਨਹਿਰੂ ਦੀ ਜੋ ਨੀਤੀ ਐਗਰੀਕਲਚਰਲ ਡਿਵੈਲਪਮੈਂਟ ਦੇ ਸਬੰਧ ਵਿਚ ਸੀ, ਉਹ ਜੈਪੁਰ ਦੇ ਕਾਂਗਰਸ ਸੈਸ਼ਨ ਵਿਚ ਪਾਸ ਕੀਤੀ ਗਈ ਸੀ ਕਿ ਛੋਟੇ-ਛੋਟੇ ਕਿਸਾਨਾਂ ਨੂੰ ਰਲਾ ਕੇ ਕੋਆਪਰੇਟਿਵ ਫਾਰਮ ਬਣਾ ਦਿੱਤੇ ਜਾਣ ਅਤੇ ਉਨ੍ਹਾਂ ਨੂੰ ਟ੍ਰੈਕਟਰ ਦਿੱਤੇ ਜਾਣ, ਟਯੂਬਵੈਲ ਲਗਾ ਕੇ ਦਿੱਤੇ ਜਾਣ ਅਤੇ ਮਸ਼ੀਨਾਂ ਦਿੱਤੀਆਂ ਜਾਣ ਤਾਂ ਜੋ ਮਿਡਲ ਪੈਜ਼ੈਂਟਰੀ ਮੈਕਾਨਾਇਜ਼ਡ ਫਾਰਮਾਂ ਕਾਇਮ ਕਰ ਸਕੇ । ਇਹ ਕਾਂਗਰਸ ਦਾ ਪ੍ਰਸਤਾਵ ਸੀ ਜਿਹੜਾ ਕਿ ਨਹਿਰੂ ਦੇ ਇਨੀਸ਼ੀਏਟਿਵ ਤੇ ਜੈਪੁਰ ਵਿਚ ਪਾਸ ਹੋਇਆ ਸੀ, ਉਸ ਸਮੇਂ ਪੰਡਤ ਜੀ ਨੇ ਇਹ ਗੱਲ ਆਖੀ ਸੀ—

> "There is no way except to go back to the Nagpur Resolution and implement it in all earnestness. There are difficulties involved in inducing 300 million Kisans to change from old to new ways but I feel if the proposals are conveyed to them thtat they are all to their material benefit they would accept them. They are reluctant to change the *status quo* for something that has not been properly explained to them but misrepresented to them by all types of reactionary people."

ਪੰਡਤ ਜੀ ਇਕ ਗੱਲ ਤਾਂ ਇਹ ਕਹੀ ਸੀ ਕਿ middle ਕਲਾਸ ਦੇ peasant ਨੂੰ ਤੁਸੀਂ co-operative farms ਜੇ ਬਣਾ ਦਿਉ ਤਾਂ ਤੁਹਾਨੂੰ ਹੋਰ ਖੁਰਾਕ ਦੇ ਸਿਲਸਿਲੇ ਵਿਚ ਬਹੁਤੇ ਮਸਲੇ ਹਲ ਕਰਨ ਦੀ ਜ਼ਰੂਰਤ ਨਹੀਂ ਹੈ। ਤੁਸੀਂ ਐਸੇ ਫਾਰਮਜ਼ ਨੂੰ ਜੇ ਵੱਧ ਤੋਂ ਵੱਧ

ਇਮਦਾਦ ਦਿਉਗੇ ਤਾਂ ਤੁਹਾਡੇ ਸਾਰੇ ਮਸਲੇ ਆਪਣੇ ਆਪ ਹਲ ਹੋ ਜਾਣਗੇ । ਤੁਹਾਡੀ P.L.480 ਦੇ ਤਹਿਤ ਆ ਰਹੀ ਅਮਰੀਕਾ ਤੋਂ ਕਣਕ ਤੋਂ ਤੁਹਾਨੂੰ ਸਹਿਜੇ ਹੀ ਨਿਜਾਤ ਮਿਲ ਜਾਵੇਗੀ । ਜਿਸ ਤਰ੍ਹਾਂ ਸੂਰਤ ਗੜ੍ਹ ਫਾਰਮ ਬਣਾਇਆ ਗਿਆ ਹੈ ਮੈਂ ਸਮਝਦਾ ਹਾਂ even hundred such farms cannot solve the food problem of thec ountry । ਸਾਨੂੰ ਇਸ ਮੁਲਕ ਦੀ ਐਗਰੀਕਲਚਰਲ ਡੀਵੈਲਪਮੈਂਟ ਵਾਸਤੇ ਇਕ ਖਾਸ ਨੀਤੀ ਅਪਨਾਣ ਦੀ ਲੋੜ ਹੈ । ਇਹ ਖੁਰਾਕ ਦਾ ਮਸਲਾ ਇਸ ਮੁਲਕ ਦੇ ਵਾਸਤੇ ਇਕ ਬਹੁਤ ਹੀ ਵੱਡਾ ਅਤੇ ਅਹਿਮ ਮਸਲਾ ਹੈ। ਸ੍ਰੀ ਸੁਭਰਾਮਨੀਅਮ, ਸੈਂਟਰ ਦੇ ਜਿਹੜੇ ਸਾਡੇ ਖੁਰਾਕ ਦੇ ਮਸਲੇ ਨੂੰ ਡੀਲ ਕਰਦੇ ਹਨ, ਉਨ੍ਹਾਂ ਨੇ ਇਕ ਬਿਆਨ ਦਿੱਤਾ ਹੈ—

> "*Calcutta. October, 25.* Private joint stock companies are after all, likely to be allowed to reclaim waste land for foodgrain production, Union Food Minister Subramaniam said here today in reply to a question. He said there might be leasing waste land in various States for the purpose. The proposal was being considered and a decision would be taken shortly."

ਖੁਰਾਕ ਮੰਤਰੀ ਦੀ ਸਦਾਰਤ ਦੇ ਵਿਚ ਇਕ ਪਰਚਾ 28-29 ਸਤੰਬਰ ਨੂੰ ਹੋਏ ਇਕ ਸੈਮੀਨਾਰ ਵਿਚ ਇਕ ਪਰੋਫੈਸਰ ਤੋਂ ਖੁਰਾਕ ਦੇ ਮਸਲੇ ਦੇ ਵਿਚ ਪੜ੍ਹਵਾਇਆ ਗਿਆ, ਜਿਸ ਵਿਚ ਇਹ ਦਸਿਆ ਗਿਆ ਕਿ ਕਿਵੇਂ ਇਸ ਮੁਲਕ ਵਿਚ ਐਗਰੀਕਲਚਰਲ ਡੀਵੈਲਪਮੈਂਟ ਹੋ ਸਕਦੀ ਹੈ ਜੇ ਸਰਕਾਰ ਛੋਟੇ ਕਿਸਾਨਾਂ ਨੂੰ ਜ਼ਮੀਨ ਦੇਣ, ਛੋਟੀ ਪੈਂਜ਼ੇਂਟਰੀ ਨੂੰ ਐਗਰੀਕਲਚਰਲ ਡੀਵੈਲਪਮੈਂਟ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਦੀ ਨੀਤੀ ਤੇ ਕਾਇਮ ਰਹੇ । ਅਮਰੀਕਾ ਦੀ ਐਗਰੀਕਲਚਰਲ ਨੀਤੀ ਇਸ ਮੁਲਕ ਵਿਚ ਕਾਮਯਾਬ ਨਹੀਂ ਹੋ ਸਕਦੀ ਜਿਨ੍ਹਾਂ ਦਾ ਮਤਲਬ ਹੈ ਕਿ ਵੱਡੇ-ਵੱਡੇ ਐਗਰੀਕਲਚਰ ਫਾਰਮ ਸਰਮਾਏਦਾਰਾਂ ਰਾਹੀਂ ਏਥੇ ਬਣਾ ਦਿੱਤੇ ਜਾਣ ਤਾਂ ਜੁਆਇੰਟ ਸਟਾਕ ਕੰਪਨੀਆਂ ਬਣਾਕੇ, ਉਨ੍ਹਾਂ ਨੂੰ ਲੰਮੇ ਪੱਟੇ ਤੇ ਦੇ ਦਿੱਤਾ ਜਾਵੇ। ਇਸ ਤਰ੍ਹਾਂ ਦੇ ਵਿਚਾਰ ਜਦੋਂ ਫੂਡ ਮਨਿਸਟਰ ਦੇ ਸਾਹਮਣੇ ਰਖੇ ਗਏ ਇਨ੍ਹਾਂ ਦੀ ਬੜੀ ਸ਼ਲਾਘਾ ਹੋਈ ਅਤੇ ਪਲੈਨਿੰਗ ਕਮਿਸ਼ਨ ਨੇ ਇਸ ਨੀਤੀ ਨੂੰ ਅਪਨਾਉਣ ਲਈ ਫੂਡ ਮਨਿਸਟਰੀ ਨੂੰ ਇਸ ਰਾਏ ਤੇ ਵਿਚਾਰ ਕਰਕੇ ਕੇਸ ਬਨਾਉਣ ਲਈ ਭੇਜਿਆ ਜਿਹੜਾ ਕਿ ਅੱਜ ਬੜਾ ਸੀਰਿਅਸਲੀ ਵਿਚਾਰ ਅਧੀਨ ਹੈ। ਜੇ ਵੱਡੇ-ਵੱਡੇ ਸਰਮਾਏਦਾਰਾਂ ਨੂੰ ਐਗਰੀਕਲਚਰਲ ਦੇ ਖੇਤਰ ਵਿਚ ਲਿਆਂਦਾ ਗਿਆ ਤਾਂ ਮੈਂ ਸਮਝਦਾ ਹਾਂ ਛੋਟੇ ਕਿਰਸਾਨਾਂ ਲਈ ਇਹ ਤਬਾਹੀ ਦਾ ਬਾਇਸ ਹੋਵੇਗਾ । ਦੋ ਤਰੀਕਿਆਂ ਨਾਲ ਇਸ ਮੁਲਕ ਦੀ ਐਗਰੀਕਲਚਰਲ ਡੀਵੈਲਪਮੈਂਟ ਹੋ ਸਕਦੀ ਹੈ । ਇਕ ਤਾਂ ਹੈ ਸਰਮਾਏਦਾਰਾਨਾ ਨੀਤੀ ਜਿਸ ਤਰ੍ਹਾਂ ਕਿ ਯੋਰੋਪੀਅਨ ਕੰਟਰੀਜ਼—ਫਰਾਂਸ, ਬਰਤਾਨੀਆ, ਜਰਮਨੀ, ਵਿਚ ਵੱਡੇ-ਵੱਡੇ ਫਾਰਮ ਬਣਾ ਕੇ ਜੁਆਇੰਟ ਕੰਪਨੀਆਂ ਰਾਹੀਂ ਕੀਤੀ ਜਾਂਦੀ ਹੈ; ਇਕ ਨੀਤੀ ਤਾਂ ਇਹ ਹੈ। ਉਥੇ ਪਹਿਲੋਂ ਪਹਿਲ ਮੁਜ਼ਾਰਿਆਂ ਨੂੰ ਕਢਿਆ ਗਿਆ, ਛੋਟੇ-ਛੋਟੇ ਕਿਸਾਨ ਖਤਮ ਕੀਤੇ ਗਏ ਅਤੇ ਵੱਡੇ-ਵੱਡੇ ਲੈਂਡ-ਲਾਰਡ ਪੈਦਾ ਕਰਕੇ ਉਨ੍ਹਾਂ ਦੀਆਂ ਫਾਰਮਜ਼ ਬਣਾਈਆਂ ਗਈਆਂ । ਘਰ ਦੇ ਵੱਡੇ ਨੂੰ ਹਿੱਸਾ ਦਿੱਤਾ ਗਿਆ ਜਿਸ ਤਰ੍ਹਾਂ ਇੰਗਲੈਂਡ ਵਿਚ ਘਰ ਦੇ ਵੱਡੇ ਮੁੰਡੇ ਨੂੰ ਹੀ ਸਾਰੀ ਜਾਇਦਾਦ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦਾ ਸਰਮਾਇਦਾਰਾਨਾ ਨਿਜ਼ਾਮ ਇਨ੍ਹਾਂ ਨੇ ਜੜ ਤੋਂ ਕਾਇਮ ਕੀਤਾ । ਉਥੇ ਜਿਸ ਤਰ੍ਹਾਂ ਦੇ ਨਿਜ਼ਾਮ ਕਰਕੇ ਐਗਰੀਕਲਚਰਲ ਸੈਕਟਰ ਬਿਲਕੁਲ ਤਬਾਹ ਹੋ ਗਿਆ । ਫਰਾਂਸ ਵਿਚ ਤੁਹਾਨੂੰ ਪਤਾ ਹੈ ਕਿ ਇਸੇ ਤਰ੍ਹਾਂ ਹੀ ਹੋਇਆ ਹੈ ਅਤੇ ਦੂਸਰੇ ਸਰਮਾਏਦਾਰ ਮੁਲਕਾਂ ਵਿਚ ਇਸ ਤਰ੍ਹਾਂ ਹੋਇਆ ਹੈ। ਸਾਡੀ ਸਰਕਾਰ ਵੀ ਉਹੀ ਡੀਵੈਲਪਮੈਂਟ ਦਾ ਤਰੀਕਾ ਇਖਤਿਆਰ ਕਰਨ ਲੱਗੀ ਹੈ।

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਦੂਸਰਾ ਤਰੀਕਾ ਅਮਰੀਕਨ ਢੰਗ ਨਾਲ ਖੇਤੀ ਬਾੜੀ ਕਰਨ ਦਾ ਹੈ। ਕਿਸੇ ਜ਼ਮਾਨੇ ਵਿਚ ਇਥੇ ਅਨਕਲਟੀਵੇਟਿਡ ਜੰਗਲ ਹੁੰਦੇ ਸਨ। ਜਿਸ ਨੂੰ ਜਿਥੇ ਕਿਤੇ ਵੀ ਜਗ੍ਹਾ ਮਿਲੀ ਉਸ ਨੇ ਵੱਡੇ-ਵੱਡੇ ਜਗਲ ਵਗਲ ਲਏ ਅਤੇ ਵੱਡੇ-ਵੱਡੇ ਫਾਰਮ ਆਪਣੇ ਨਾਉਂ ਦੇ ਬਣਾ ਕੇ ਉਥੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਵੱਡੀ-ਵੱਡੀ ਜ਼ਿਮੀਦਾਰੀ ਦੀ ਸ਼ਕਲ ਵਿਚ ਖੇਤੀ ਕਰਾਉਣੀ ਸ਼ੁਰੂ ਕਰ ਦਿੱਤੀ।

Reversal of Nehru's policy in Agriculture Sector.

ਤੀਸਰਾ ਤਰੀਕਾ ਹੈ ਜਿਸ ਨੂੰ ਕਿ ਕਿਸੇ ਮੁਲਕ ਦੇ ਅੰਦਰ ਕੁਆਪਰੇਟਿਵ ਢੰਗ ਨਾਲ ਖੇਤੀ ਕਰਨ ਦਾ ਤਰੀਕਾ ਕਿਹਾ ਜਾ ਸਕਦਾ ਹੈ ਜਿਹੜਾ ਕਿ ਦਰਮਿਆਨੇ ਦਰਜੇ ਦੇ ਜ਼ਿਮੀਂਦਾਰਾਂ ਰਾਹੀਂ ਅਪਣਾਇਆ ਜਾ ਸਕਦਾ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਲੋਕਾਂ ਨੂੰ ਟਰੈਕਟਰਜ਼ ਸਪਲਾਈ ਕਰੇ ਅਤੇ ਹੋਰ ਮਾਡਰਨ ਢੰਗ ਦੀ ਮਸ਼ੀਨਰੀ ਇਨ੍ਹਾਂ ਲੋਕਾਂ ਨੂੰ ਖੇਤੀ ਦੀ ਡਿਵੈਲਪਮੈਂਟ ਵਾਸਤੇ ਦੇਵੇ। ਪਰ ਮੈਂ ਸਮਝਦਾ ਹਾਂ ਸਰਕਾਰ ਇਸ ਪਾਸੇ ਤਾਂ ਬਿਲਕੁਲ ਸੋਚ ਹੀ ਨਹੀਂ ਰਹੀ, ਜਿਸ ਤਰ੍ਹਾਂ ਦੇ ਤਰੀਕੇ ਇਸ ਸਿਲਸਿਲੇ ਵਿਚ ਅਪਣਾਏ ਜਾ ਰਹੇ ਹਨ, ਇਨ੍ਹਾਂ ਦੇ ਨਾਲ ਇਸ ਸਰਕਾਰ ਰਾਹੀਂ ਕਿਸੇ ਤਰ੍ਹਾਂ ਵੀ ਛੋਟੇ ਜ਼ਿਮੀਂਦਾਰ ਦਾ ਭਲਾ ਨਹੀਂ ਹੋ ਸਕਦਾ ।

Mr. Chairman (Shri Ram Saran Chand Mital) : The hon. Member should please wind up now.

Comrade Shamsher Singh Josh : I may be permitted to speak for five minutes more ਮੌਜੂਦਾ ਨੀਤੀ ਤਾਂ ਜ਼ਿਮੀਂਦਾਰ ਦੀ ਤਬਾਹੀ ਵਾਲੀ ਨੀਤੀ ਹੈ ਜੋ ਹਿੰਦ ਸਰਕਾਰ ਨੇ ਅਪਣਾਈ ਹੋਈ ਹੈ। ਅਸੀਂ ਮੈਕਨਾਈਜ਼ਡ ਐਗਰੀਕਲਚਰਲ ਫਾਰਮਜ਼ ਦੇ ਅਗੇਨਸਟ ਨਹੀਂ ਹਾਂ ਅਸੀਂ ਤਾਂ ਕਹਿੰਦੇ ਹਾਂ ਕਿ ਇਸ ਮੁਲਕ ਦੀ ਜੋ ਤਰੱਕੀ ਹੋ ਸਕਦੀ ਹੈ ਤਾਂ ਉਹ ਐਗਰੀਕਲਚਰਲ ਫਾਰਮਜ਼ ਰਾਹੀਂ ਹੀ ਹੋ ਸਕਦੀ ਹੈ ਜਿਹੜੇ ਕਿ ਹਰ ਕਿਸਮ ਦੇ ਮਾਡਰਨ ਇਕੁਇਪਮੈਂਟ ਨਾਲ ਵੈਲ ਆਰਗਨਾਈਜ਼ਡ ਹੋਣ। ਪਰ ਜਿਹੜੀ ਵੀ ਐਗਰੀਕਲਚਰਲ ਫਾਰਮਿੰਗ ਹੋਵੇ ਇਸ ਸਰਕਾਰ ਨੂੰ ਇਸ ਗੱਲ ਦਾ ਖਿਆਲ ਰਖਣਾ ਚਾਹੀਦਾ ਹੈ ਕਿ ਇਸ ਪਾਸੇ ਅਸੀਂ ਕਿਸੇ ਵੀ ਤਰ੍ਹਾਂ ਦੀ ਡੀਵੈਲਪ-ਮੈਂਟ ਕਰਨੀ ਹੈ ਤਾਂ ਉਹ ਇਹ ਵੇਖ ਕੇ ਕਰਨੀ ਹੈ ਕਿ ਸਾਡੀ ਜਿਹੜੀ ਤਰੱਕੀ ਹੋਵੇ ਉਹ ਇਸ ਖੇਤਰ ਵਿਚ ਪਹਿਲਾਂ ਸਾਰੀ ਬੈਕਗਰਾਊਂਡ ਵੇਖ ਕੇ ਹੋਵੇ, ਤਦ ਅਸੀਂ ਤਰੱਕੀ ਕਰ ਸਕਦੇ ਹਾਂ, ਤਦ ਹੀ ਅਸੀਂ ਅਗੇ ਵਧ ਸਕਦੇ ਹਾਂ ਨਹੀਂ ਤਾਂ ਨਹੀਂ । ਜੇ ਇਸ ਮੁਲਕ ਨੂੰ ਸਰਕਾਰ ਸਵੈ ਨਿਰਭਰ ਬਨਾਉਣਾ ਚਾਹੁੰਦੀ ਹੈ ਤਾਂ ਮੈਂ ਇਹੋ ਕਹਾਂਗਾ ਕਿ ਖੇਤੀ ਬਾੜੀ ਦੇ ਪ੍ਰੋਗਰਾਮ ਨੂੰ ਮਾਡਰਨ ਆਧਾਰ ਤੇ ਪੰਕਚੂਆਲਾਇਜ਼ ਕਰਨ। ਸਾਡੇ ਪਾਸ ਇਤਨੀ ਜ਼ਮੀਨ ਹੈ ਕਿ ਜਿਸ ਤੇ ਲੱਖਾਂ ਨਹੀਂ ਬਲਕਿ ਕਰੋੜਾਂ ਛੋਟੇ-ਛੋਟੇ ਗਰੀਬ ਕਿਸਾਨਾਂ ਨੂੰ ਆਬਾਦ ਕੀਤਾ ਜਾ ਸਕਦਾ ਹੈ ਅਤੇ ਖੁਰਾਕ ਦਾ ਮਸਲਾ ਸਹਿਜੇ ਹੀ ਹਲ ਕੀਤਾ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਰਾਹੀਂ ਲੱਖਾਂ ਮਣ ਹੋਰ ਅਨਾਜ ਪੈਦਾ ਕੀਤਾ ਜਾ ਸਕਦਾ ਹੈ। ਸਾਨੂੰ ਆਪਣੇ ਮੁਲਕ ਦੀ ਖੇਤੀ ਦੀ ਉਪਜ ਵਧਾਉਣ ਲਈ ਇਸ ਪੱਖ ਤੋਂ ਸੋਚਣਾ ਚਾਹੀਦਾ ਹੈ । ਜੇ ਇਸ ਤੇ ਉਲਟ ਸੋਚਿਆ ਗਿਆ, ਜਿਵੇਂ ਅਸੀਂ ਇਨ੍ਹਾਂ ਬਿਰਲਿਆਂ ਟਾਟਿਆਂ ਨੂੰ ਜ਼ਮੀਨ ਦੇ ਰਹੇ ਹਾਂ, ਤਾਂ ਇਸ ਪਾਸੇ ਕੋਈ ਤਰੱਕੀ ਦੀ ਉਮੀਦ ਨਹੀਂ ਰਖਣੀ ਚਾਹੀਦੀ । ਜ਼ਮੀਨ ਦੀ ਲੋਕ ਇਤਨੀ ਮੰਗ ਕਰ ਰਹੇ ਹਨ, ਏਥੋਂ ਤਕ ਕਿ ਅੰਬਾਲਾ ਜੇਲ ਦੇ ਕੈਦੀਆਂ ਨੇ ਚਿੱਠੀ ਲਿਖ ਕੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਇਨ੍ਹਾਂ ਨੂੰ ਜ਼ਮੀਨ ਦੇਵੇ । ਇਹ ਇਸ ਮੁਲਕ ਦੀ ਪੈਦਾਵਾਰ

ਵਧਾਉਣ ਵਿਚ ਸਹਾਈ ਹੋ ਸਕਦੇ ਹਨ। ਪਰ ਸਰਕਾਰ ਨੇ ਐਸਾ ਨਹੀਂ ਕੀਤਾ । ਬਿਰਲੇ ਨੂੰ ਸਸਤੇ ਰੇਟ ਤੇ ਲੀਜ਼ ਤੇ ਜ਼ਮੀਨ ਦਿੱਤੀ । ਛੋਟੇ ਜ਼ਿਮੀਂਦਾਰਾਂ ਨੂੰ ਇਗਨੋਰ ਕੀਤਾ, ਗਰੀਬ ਕਿਸਾਨ ਦੀ ਕੋਈ ਪਰਵਾਹ ਨਹੀਂ ਕੀਤੀ ਗਈ । ਪਰ ਮੈਂ ਇਸ ਹਾਊਸ ਵਿਚ ਸਰਕਾਰ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਕਿਸਾਨ ਦੀ ਜ਼ਿੰਦਗੀ ਮੌਤ ਦਾ ਸਵਾਲ ਹੈ, ਉਨ੍ਹਾਂ ਨੂੰ ਪਤਾ ਹੈ ਕਿ ਕਿਸਾਨਾਂ ਦੀ ਇਕ ਆਰਗੇਨਾਈਜ਼ਡ ਜਥੇਬੰਦੀ ਹੈ, ਉਹ ਜਥੇਬੰਦੀ ਪੰਜਾਬ ਸਰਕਾਰ ਨਾਲ ਇਸ ਮੁਆਮਲੇ ਤੇ ਟੱਕਰ ਲੈਣ ਤੋਂ ਹਰਗਿਜ਼ ਗੁਰੇਜ਼ ਨਹੀਂ ਕਰੇਗੀ । ਅਸੀਂ ਦੇਖਾਂਗੇ ਕਿ ਕਿਸ ਤਰ੍ਹਾਂ ਬਿਰਲਿਆਂ ਦੀਆਂ ਫਾਰਮਾਂ ਕਾਇਮ ਕਰਦੀ ਹੈ, ਇਹ ਫੈਸਲਾ ਅਸੀਂ ਕਰਾਂਗੇ । (ਤਾਲੀਆਂ)

Mr. Chairman (Shri Ram Saran Chand Mital): Motion moved—

That the matter relating to leasing of 1,000 acres Agricultural Farm near Rupar to Birla Brothers be discussed.

Mr. Chairman : Sardar Gurdarshan Singh.

Sardar Gurnam Singh : Mr. Chairman, Sir, I am one of the movers of the motion.

Mr. Chairman : I have already called upon the hon. Member Sardar Gurdarshan Singh. Let him speak first.

ਸਰਦਾਰ ਗੁਰਨਾਮ ਸਿੰਘ : ਚੇਅਰਮੈਨ ਸਾਹਿਬ, ਕੇਵਲ ਡੇਢ ਘੰਟਾ ਇਸ ਹਾਊਸ ਦਾ ਅਜੇ ਬਾਕੀ ਹੈ, ਤੁਸੀਂ 10-10 ਮਿੰਟ ਟਾਈਮ ਲਿਮਿਟ ਮੁਕਰਰ ਕਰੋ ਨਹੀਂ ਤਾਂ ਸਾਨੂੰ ਬੋਲਣ ਵੇਲੇ ਦੋ ਦੋ ਮਿੰਟ ਮਿਲਣਗੇ ।

चौधरी नेत राम : चेयरमैन साहिब, यह तो एक बहुत अहम मसला है, एक तरफ तो यह सरकार जागीरदारी को खत्म करती है और दूसरी तरफ इन बिरलों को जमीन देकर जागीरदारी खत्म नहीं कर रही। हम चाहते हैं कि इस मामले पर ज़्यादा से ज़्यादा बहस होनी चाहिए ।

ਸਰਦਾਰ ਗੁਰਦਰਸ਼ਨ ਸਿੰਘ (ਨਾਭਾ) : ਚੇਅਰਮੈਨ ਸਾਹਿਬ, ਪੰਜਾਬ ਸਰਕਾਰ ਦੀ ਪਾਲਿਸੀ ਸੋਸ਼ਲਿਜ਼ਮ ਦੀ ਹੈ। ਸਰਦਾਰ ਦਰਬਾਰਾ ਸਿੰਘ ਹੋਰਾਂ ਨੂੰ ਇਹ ਗੱਲ ਯਾਦ ਹੋਵੇਗੀ ਕਿ ਜਦੋਂ ਸਰਦਾਰ ਪਰਤਾਪ ਸਿੰਘ ਕੈਰੋਂ ਚੀਫ ਮਨਿਸਟਰ ਸਨ ਉਸ ਵੇਲੇ ਸੋਸ਼ਲਿਜ਼ਮ ਦੇ ਮੁਤਲਿਕ ਇਕ ਰੈਜ਼ੋਲਿਊਸ਼ਨ ਆਇਆ ਸੀ। ਉਸ ਵੇਲੇ ਸਰਦਾਰ ਦਰਬਾਰਾ ਸਿੰਘ ਅਤੇ ਕਾਮਰੇਡ ਜੀ ਨੇ ਉਸ ਮਤੇ ਦੀ ਸਪੋਰਟ ਕੀਤੀ ਸੀ ਅਤੇ ਕਿਹਾ ਸੀ ਕਿ ਅਸੀਂ ਜਾਗੀਰਦਾਰੀ ਖਤਮ ਕਰਕੇ ਛੋਟੇ ਜ਼ਿਮੀਂਦਾਰਾਂ ਨੂੰ ਤੇ ਮੁਜ਼ਾਰਿਆਂ ਨੂੰ ਆਬਾਦ ਕਰਾਂਗੇ ਅਤੇ ਮੁਲਕ ਵਿਚ ਸੋਸ਼ਲਿਜ਼ਮ ਲਿਆਵਾਂਗੇ । ਉਨ੍ਹਾਂ ਨੂੰ ਇਹ ਗੱਲ ਵੀ ਭੁਲੀ ਨਹੀਂ ਹੋਵੇਗੀ ਕਿ ਇਨ੍ਹਾਂ ਨੇ ਇਹ ਕਿਹਾ ਸੀ ਕਿ ਜਿਹੜੀ ਜ਼ਮੀਨ ਸਤਲੁਜ ਦੇ ਬੇਟ ਏਰੀਆ ਦੀ ਰੀਕਲੇਮ ਕਰਨੀ ਹੈ ਉਹ ਸਾਰੀ ਦੀ ਸਾਰੀ ਜ਼ਮੀਨ ਹਰੀਜਨਾਂ ਨੂੰ ਦਿੱਤੀ ਜਾਵੇਗੀ ਪਰ ਅੱਜ ਪਤਾ ਨਹੀਂ ਇਹਦੇ ਵਿਚ ਕੀ ਹੈ ਕਿ ਮੁਜ਼ਾਰਿਆਂ ਦੀ ਬਜਾਏ ਇਹ ਬਿਰਲਿਆਂ ਨੂੰ ਦਿੱਤੀ ਜਾ ਰਹੀ ਹੈ। (ਤਾਲੀਆਂ)

[ਸਰਦਾਰ ਗੁਰਦਰਸ਼ਨ ਸਿੰਘ]

ਮੈਂ ਤੁਹਾਡੀ ਰਾਹੀਂ ਇਕ ਬੜੀ ਦਿਲਚਸਪ ਗੱਲ ਹਾਊਸ ਦੀ ਵਾਕਫੀਅਤ ਲਈ ਦੱਸਣਾ ਚਾਹੁੰਦਾ ਹਾਂ ਕਿ 16-11-64 ਨੂੰ ਕੈਬਨਿਟ ਸਬ-ਕਮੇਟੀ ਦੀ ਇਕ ਮੀਟਿੰਗ ਹੁੰਦੀ ਹੈ ਜਿਸ ਵਿਚ ਬਗੈਰ ਐਗਰੀਕਲਚਰ ਡੀਪਾਰਟਮੈਂਟ ਦੀ ਕਿਸੇ ਵੀ ਰਾਏ ਤੋਂ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਅਸੀਂ ਇਹ ਜ਼ਮੀਨ ਜਿਹੜੀ ਕਿ ਸਤਲੁਜ ਬੇਟ ਏਰੀਆ ਦੀ ਹੈ ਬਿਰਲੇ ਨੂੰ ਦੇਣੀ ਹੈ। ਇਸ ਤੋਂ ਹੈਰਾਨੀ ਦੀ ਗੱਲ ਅੱਗੇ ਇਹ ਵੀ ਹੈ ਕਿ 5 ਜਨਵਰੀ, 1965 ਤਕ ਇਹ ਫੈਸਲਾ ਸੈਕਟਰੀਏਟ ਲੈਵਲ ਤਕ ਲੰਘ ਜਾਂਦਾ ਹੈ ਅਤੇ ਫਰਵਰੀ ਦੇ ਪਹਿਲੇ ਹਫਤੇ ਡਾਇਰੈਕਟਰ ਕੋਲ ਭੇਜਿਆ ਜਾਂਦਾ ਹੈ ਰਿਪੋਰਟ ਲਈ। ਫਰਵਰੀ ਦੇ ਐਂਡ ਤਕ ਇਹ ਰਿਪੋਰਟ ਮੁਕੰਮਲ ਹੋ ਜਾਂਦੀ ਹੈ ਕਿ ਇਨ੍ਹਾਂ ਸ਼ਰਤਾਂ ਤੇ ਇਹ ਜ਼ਮੀਨ ਦੇ ਦੇਣੀ ਚਾਹੀਦੀ ਹੈ। ਮੈਨੂੰ ਇਸ ਡਾਇਰੈਕਟੋਰੇਟ ਦੀ ਤਾਰੀਫ ਕਰਨੀ ਚਾਹੀਦੀ ਸੀ ਕਿ ਕਿਤਨਾ ਸਪੀਡੀਲੀ ਉਨ੍ਹਾਂ ਨੇ ਇਕ ਕੇਸ ਨੂੰ ਡੀਲ ਕੀਤਾ ਹੈ, ਪਰ ਇਹ ਤਦ ਹੋ ਸਕਦੀ ਸੀ ਜੇ ਹਮੇਸ਼ਾ ਹੀ ਹਰ ਕੇਸ ਨੂੰ ਇਸੇ ਰਫਤਾਰ ਨਾਲ ਡੀਲ ਕਰਦੇ। ਮੈਨੂੰ ਇਹ ਸਾਫ ਕਹਿਣਾ ਪੈਂਦਾ ਹੈ ਕਿ ਐਗਰੀਕਲਚਰ ਦਾ ਮਹਿਕਮਾ, ਜਦੋਂ ਤਕ ਇਸ ਦਾ ਹੱਥ ਗਰਮ ਨਹੀਂ ਹੁੰਦਾ, ਕਦੇ ਵੀ ਤੇਜ਼ੀ ਨਾਲ ਕੰਮ ਨਹੀਂ ਕਰਦਾ। ਜਿਸ ਵੇਲੇ ਇਨ੍ਹਾਂ ਦਾ ਹੱਥ ਗਰਮ ਹੋ ਜਾਂਦਾ ਹੈ ਸਾਰੀਆਂ ਫਾਈਲਾਂ ਤੇਜ਼ੀ ਨਾਲ ਚਲਦੀਆਂ ਹਨ, ਪਰ ਜਦੋਂ ਹਥ ਗਰਮ ਨਾ ਹੋਵੇ ਤਾਂ ਫਾਈਲਾਂ 3-4 ਮਹੀਨੇ ਤਾਂ ਕੀ 3-4 ਸਾਲਾਂ ਤਕ ਰੁਕੀਆਂ ਹੀ ਰਹਿੰਦੀਆਂ ਹਨ। (ਤਾਲੀਆਂ)

ਚੇਅਰਮੈਨ ਸਾਹਿਬ, ਮੈਂ ਤੁਹਾਡੇ ਸਾਹਮਣੇ ਇਕ ਹੋਰ ਚੀਜ਼ ਰਖਣੀ ਚਾਹੁੰਦਾ ਹਾਂ। ਨੈਸ਼ਨਲ ਸੀਡ ਕਾਰਪੋਰੇਸ਼ਨ ਲਿਮਟਿਡ, ਗੌਰਮਿੰਟ ਆਫ ਇੰਡੀਆ ਦੀ ਕੰਨਸਰਨ ਦਾ ਇਕ ਐਡਵਰਟਿਜ਼ਮੈਂਟ* ਹੈ, ਇਸ ਨੂੰ ਮੈਂ ਹਾਊਸ ਦੇ ਟੇਬਲ ਤੇ ਵੀ ਲੇ* ਕਰਦਾ ਹਾਂ। ਉਸ ਵਿਚ ਹੈ—

"LAND FOR SEED FARMS
OFFERS INVITED.

Large blocks of land of 500 acres or more area are required for developing seed farms. The land should be fertile, levelled and well-drained, having irrigation facilities. Offers for sale or long lease would be considered. For details please contact personally or write to :—

The General Manager,
National Seeds Corporation Ltd.
(A Government of India Undertaking),
F-35, South Extension Part 1, New Delhi—3".

ਸਰਕਾਰ ਨੇ ਨਾ ਤੇ ਕਿਸੇ ਤੋਂ ਆਫਰ ਮੰਗੀ ਹੈ, ਨਾ ਹੀ ਨੈਸ਼ਨਲ ਸੀਡ ਕਾਰਪੋਰੇਸ਼ਨ ਨੂੰ ਚੰਗਾ ਸਮਝਿਆ ਹੈ ਕਿ ਇਸਨੂੰ ਹੀ ਆਫਰ ਦੇ ਦਿੰਦੇ।

ਮੈਂ ਫਾਈਨੈਂਸ ਸੈਕਰੇਟਰੀ ਦੇ ਮੈਮੋਰੰਡਮ ਵਲ ਧਿਆਨ ਦਿਵਾਉਂਦਾ ਹਾਂ—

(Page 9 of the memorandum)

"Agriculture († Rs 66 lakhs)—The increase is mainly due to large provision made for (a) grants to the Agriculture University (Rs 24 lakhs) and (b) purchase of improved seeds for sale to cultivators (Rs 42 lakhs)"

---

*NOTE—Kept in n the library.

ਜੇ ਪੰਜਾਬ ਸਰਕਾਰ ਦਾ ਯਕੀਨ ਸੀ ਕਿ ਐਗਰੀਕਲਚਰ ਡਿਪਾਰਟਮੈਂਟ ਨਿਕੰਮਾ ਹੈ, ਤਾਂ ਇਹ 42 ਲੱਖ ਰੁਪਿਆ ਕਿਸ ਤਰ੍ਹਾਂ ਇਸ ਨੂੰ ਗਰਾਂਟ ਕਰ ਦਿੱਤਾ ਗਿਆ ਹੈ ਕਿ ਉਹ ਕਲਟੀਵੇਟਰਜ਼ ਨੂੰ ਸੇਲ ਕਰਨ ਲਈ ਇਮਪਰੂਵਡ ਸੀਡ ਖਰੀਦੇ। ਬਿਰਲੇ ਨੂੰ ਜੇ ਸੀਡ ਫਾਰਮਜ਼ ਬਣਾਉਣ ਵਾਸਤੇ ਦੇਣਾ ਸੀ, ਤਾਂ ਇਸ ਦੀ ਕੀ ਲੋੜ ਸੀ ?

ਸਰਕਾਰ ਦੇ ਕੋਲ 146 ਸੀਡ ਫਾਰਮਜ਼ ਹਨ, ਉਨ੍ਹਾਂ ਵਿਚ ਇਮਪਰੂਵਮੈਂਟ ਕੀਤੀ ਜਾ ਸਕਦੀ ਸੀ, ਜਾਂ ਇਹ ਜ਼ਮੀਨ ਉਨ੍ਹਾਂ ਨੂੰ ਦੇ ਦਿੱਤੀ ਜਾਂਦੀ। ਜੇ 100 ਏਕੜ ਜ਼ਮੀਨ ਦੇ ਮਾਲਕਾਂ ਨੂੰ ਚੰਗੇ ਸੀਡ ਸਪਲਾਈ ਕਰ ਦਿੱਤੇ ਜਾਣ ਤਾਂ ਉਹ ਵੀ ਇਮਪਰੂਵਮੈਂਟ ਕਰ ਸਕਦੇ ਹਨ, ਜੇ ਤੁਸੀਂ ਪੰਜਾਬ ਦੇ ਵਸਨੀਕ ਜ਼ਿਮੀਂਦਾਰਾਂ ਨੂੰ ਆਫਰ ਦਿੰਦੇ ਤਾਂ ਹੋ ਸਕਦਾ ਸੀ ਕਿ ਉਨ੍ਹਾਂ ਵਿਚੋਂ ਹੀ ਕੋਈ ਆਫਰ ਐਕਸੈਪਟ ਕਰ ਲੈਂਦਾ। ਮਗਰ ਪੰਜਾਬ ਸਰਕਾਰ ਨੂੰ ਪਤਾ ਨਹੀਂ ਕਿਉਂ ਪੰਜਾਬ ਦੀ ਧਰਤੀ ਦੇ ਜੰਮੇ ਹੋਏ ਬੰਦਿਆਂ ਤੇ, ਕਿਸਾਨਾਂ ਤੇ ਯਕੀਨ ਨਹੀਂ ਆਉਂਦਾ। ਮਗਰ ਬਾਹਰਲੇ ਵਡੇ-ਵਡੇ ਬਿਰਲਿਆਂ ਤੇ ਵਿਸ਼ਵਾਸ਼ ਇਸ ਸਰਕਾਰ ਨੂੰ ਹੋ ਜਾਂਦਾ ਹੈ। (Thumping)

ਮੈਂ ਤੁਹਾਡੇ ਕੋਲ ਇਕ ਗੱਲ ਹੋਰ ਰਖਣੀ ਚਾਹੁੰਦਾ ਹਾਂ। ਹਵੇਲੀ ਕਲਾਂ, ਬੜਾ ਫੂਲ, ਛੋਟਾ ਫੂਲ, ਨਾਨੂਵਾਲ, ਛੋਟਾ ਸਤਨਾਪੁਰ, ਬੜਾ ਸਤਨਾਪੁਰ, ਵਿਚ 958.28 ਏਕੜ ਜ਼ਮੀਨ ਲੀਜ਼ ਤੇ ਦਿੱਤੀ ਗਈ। ਇਸਦੇ ਵਿਚ 651 ਏਕੜ ਨਾਨ-ਇਵੇਕੂਈ ਪ੍ਰਾਪਰਟੀ ਹੈ। ਜਿਸਦਾ ਰੇਟ 100 ਰੁਪੈ ਏਕੜ ਹੈ। ਮਗਰ ਸਰਕਾਰ ਨੇ ਇਨ੍ਹਾਂ ਦੇ ਮੁਕਾਬਲੇ ਵਿਚ ਬਿਰਲੇ ਨੂੰ ਕਿਤਨੇ ਸਸਤੇ ਰੇਟ ਤੇ ਇਹ ਜ਼ਮੀਨ ਲੀਜ਼ ਤੇ ਦੇ ਦਿੱਤੀ ਹੈ।

ਮੈਂ ਪਹਿਲੇ ਵੀ ਕਿਹਾ ਹੈ ਕਿ ਇਹ ਕੈਬੀਨਿਟ ਇਕ ਡਿਸੀਜ਼ਨ ਲੈਂਦੀ ਹੈ 16-11-1964 ਨੂੰ, ਔਰ ਛੇਤੀ ਹੀ, ਫਸਟ ਵੀਕ ਆਫ ਜਨਵਰੀ ਨੂੰ ਹੀ ਡਾਇਰੈਕਟੋਰੇਟ ਦੇ ਕੋਲ ਪੁਜ ਜਾਂਦੀ ਹੈ, ਔਰ ਫਰਵਰੀ ਵਿਚ ਉਹ ਆਪਣੀ ਰਿਕਮੈਂਡੇਸ਼ਨ ਦੇ ਦਿੰਦੇ ਹਨ, ਮਾਰਚ ਵਿਚ ਕਲੈਰੀਫਿਕੇਸ਼ਨ ਦੇ ਦਿੱਤੀ ਜਾਂਦੀ ਹੈ। ਔਰ 29 ਮਈ ਨੂੰ ਇਹ ਕਾਨਟਰੈਕਟ ਸਾਇਨ ਹੋ ਜਾਂਦਾ ਹੈ। 4 ਮਹੀਨੇ ਦੇ ਅੰਦਰ ਅੰਦਰ ਸਭ ਕੁਝ ਫਾਈਨਲਾਈਜ਼ ਹੋ ਜਾਂਦਾ ਹੈ। ਇਹ ਕਿਤਨੀ ਐਫੀਸੇਂਟਲੀ ਕੀਤਾ ਗਿਆ ਹੈ, ਜਦ ਕਿ ਹੋਰ ਕੇਸਿਜ਼ ਸਾਲਾਂ ਤਕ ਲਟਕਦੇ ਰਹਿੰਦੇ ਸਨ।

ਚੇਅਰਮੈਨ ਸਾਹਿਬ, ਲੀਜ਼-ਡੀਡ ਦਾ ਇਕ ਬੜਾ ਅਹਿਮ ਪੁਆਇੰਟ ਹੈ, ਜਿਹੜਾ ਤੁਹਾਡੇ ਸਾਹਮਣੇ ਰਖਣਾ ਚਾਹੁੰਦਾ ਹਾਂ :

> "The leased land detailed in the Schedule 'A' attached herewith to be leased out will comprise the developed Farm which has been established near Rupar by the Director, Irrigation and Power Research of which about 150 acres remain to be reclaimed and covers an area of about 1,000 acres ...."

ਯਾਨੀ 150 ਏਕੜ ਲੈਂਡ ਜਿਸਦੀ ਰਿਕਲੇਮੇਸ਼ਨ ਕਰਨੀ ਹੈ ਬਾਕੀ ਰਿਕਲੇਮਡ ਹੋਇਆ ਹੋਇਆ ਏਰੀਆ ਹੈ। ਮਗਰ ਜਿਹੜਾ ਰੇਟ ਲਗਾਇਆ ਹੈ, ਉਹ ਨਾਨ-ਰਿਕਲੇਮਡ ਲੈਂਡ ਦਾ ਹੈ। ਫਿਰ ਕਿਹਾ ਹੈ ਕਿ—

> "The lessor would be responsible for the maintenance of the Budki and Sutlej bunds to prevent the flooding of the leased land and would also make arrange ments for the external drainage of the leased land by making and maintaining suitable outlets in these bunds."

ਚੇਅਰਮੈਨ ਸਾਹਿਬ, ਜਿਹੜਾ ਕੋਈ ਵੀ ਐਗ੍ਰੀਕਲਚਰ ਨਾਲ ਸਬੰਧ ਰਖਦਾ ਹੈ, ਉਹ ਜਾਣਦਾ ਹੈ ਕਿ ਦਰਿਆ ਦੇ ਕੰਢੇ ਉਤੇ ਜ਼ਮੀਨ ਖਰਾਬ ਨਹੀਂ ਹੁੰਦੀ, ਬਲਕਿ ਦਰਿਆ ਦੀ ਲਿਆਈ ਹੋਈ

[ਸਰਦਾਰ ਗੁਰਦਰਸ਼ਨ ਸਿੰਘ]

ਮਿੱਟੀ ਬੜੀ ਉਪਜਾਊ ਹੁੰਦੀ ਹੈ, ਔਰ ਉਥੇ ਬੰਪਰ ਕ੍ਰਾਪਸ ਹੁੰਦੀ ਹੈ। ਇਸੇ ਕਰਕੇ ਜਿਹੜੀਆਂ ਆਬਾਦੀਆਂ ਵਸੀਆਂ ਹਨ, ਉਹ ਅਕਸਰ ਦਰਿਆ ਦੇ ਕੰਢੇ ਤੇ ਹੀ ਹਨ, ਇਹ ਜੋ ਗੌਰਮੈਂਟ ਨੇ ਰਿਸਪੌਂਸਿਬਿਲੀਟੀ ਲਈ ਹੈ ਕਿ the lessor would be responsible for the maintenance of the Budki and Sutlej bunds to prevent the flooding of the leased land and would also make arrangements for the external drainage of the leased land by making and maintaining suitable outlets in these bunds.

ਇਸ ਦਾ ਮਤਲਬ ਇਹ ਹੋਵੇਗਾ ਕਿ ਜੇ ਕੋਈ ਬੰਧ ਟੁਟਦਾ ਹੈ, ਤਾਂ ਗੌਰਮਿੰਟ ਨੂੰ ਕੰਪੈਨਸੇਸ਼ਨ ਦੇਣਾ ਪਏਗਾ, ਔਰ ਉਹ ਜ਼ਬਰਦਸਤੀ ਲੈ ਲੈਣਗੇ। ਮੈਂ ਪੁਛਦਾ ਹਾਂ ਕਿ ਕਿਥੇ ਗਿਆ ਉਹ ਲਾ ਡਿਪਾਰਟਮੈਂਟ, ਜਿਹੜਾ ਕਿ ਛੋਟੇ ਛੋਟੇ ਆਦਮੀਆਂ ਨੂੰ ਕੰਪੈਨਸੇਸ਼ਨ ਨਾ ਦੇਣ ਲਈ ਬੀਸੀਐਂ ਕਲਾਜ਼ਾਂ ਲੈ ਆਂਦਾ ਹੈ, ਮਗਰ ਬੜੇ ਬੜੇ ਆਦਮੀਆਂ ਲਈ ਕੋਈ ਕਲਾਜ਼ ਨਹੀਂ ਕੱਢ ਸਕਦਾ। ਚੂੰਕਿ ਉਹ ਤਗੜੇ ਪੈਸੇ ਵਾਲੇ ਹਨ, ਸੁਪਰੀਮ ਕੋਰਟ ਤੋਂ ਵੀ ਉਹ ਤੁਹਾਡੇ ਨਾਲ ਲੜ ਕੇ ਕਮਪੈਨਸੇਸ਼ਨ ਲੈ ਲੈਣਗੇ। (ਘੰਟੀ) ਫਿਰ ਕਿਹਾ ਹੈ ਕਿ—

"To begin with the lessee will be supplied foundation seed by the Department of Agriculture of Punjab Government and the lessee shall grow registered seed. The lessee shall be free to either sell the registered seed to the Agriculture Department , Punjab on the usual terms (which include a premium of Rs 5 per quintal at present) or to process, bag and sell their seeds under their own lable whenever and wherever they like."

ਯਾਨੀ ਸਰਕਾਰ ਬੀਜ ਵੀ ਮੁਹੈਯਾ ਕਰੇਗੀ, ਫੇਰ ਜਦ ਉਹ ਬੀਜ ਪੈਦਾ ਕਰ ਲੈਣ ਤਾਂ ਜੇ ਉਹ ਪੰਜਾਬ ਐਗਰੀਕਲਚਰ ਡਿਪਾਰਟਮੈਂਟ ਨੂੰ ਹੀ ਉਹ ਬੀਜ ਵੇਚਣ ਤਾਂ ਗੌਰਮਿਟ 5 ਰੁਪਏ ਪਰ ਕੁਇੰਟਲ ਪ੍ਰੀਮੀਅਮ ਵੀ ਦੇਵੇਗੀ। ਫੇਰ ਜੇ ਉਹ ਚਾਹੁਣ ਤਾਂ ਪ੍ਰਾਈਵੇਟ ਪਾਰਟੀਜ਼ ਨੂੰ ਵੀ ਸੇਲ ਕਰ ਸਕਦੇ ਹਨ। ਮੈਂ ਕਹਿੰਦਾ ਹਾਂ ਕਿ ਇਹ ਕੰਡੀਸ਼ਨਜ਼ ਨਹੀਂ ਹੋਣੀਆਂ ਚਾਹੀਦੀਆਂ ਸਨ, ਕਿ ਉਹ ਮੈਕਸੀਮਮ ਪ੍ਰਾਈਸ ਖਟਣ ਲਈ ਜਿਸਨੂੰ ਚਾਹੁਣ ਉਸਨੂੰ ਵੇਚਣ। ਮੈਂ ਸਮਝਦਾ ਹਾਂ ਕਿ ਜਿਹੜੀ ਲੈਂਡ ਲੀਜ਼ ਤੇ ਦਿੱਤੀ ਗਈ ਹੈ, ਇਹ ਸੋਸ਼ਲਿਸਟ ਪੈਟਰਨ ਦੇ ਖਿਲਾਫ ਹੈ, ਔਰ ਕੰਡੀਸ਼ਨਜ਼ ਜਾਂ ਜਿਹੜੀਆਂ ਸ਼ਰਤਾਂ ਰਖੀਆਂ ਹਨ, ਉਹ ਗੌਰਮਿੰਟ ਦੇ ਮੁਫਾਦ ਦੇ ਬਰਖਿਲਾਫ ਹਨ, ਇਹ ਨਹੀਂ ਹੋਣਾ ਚਾਹੀਦਾ ਸੀ।

ਕਾਮਰੇਡ ਬਾਬੂ ਸਿੰਘ ਮਾਸਟਰ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਤੁਹਾਡੀ ਸੇਵਾ ਵਿਚ ਬੇਨਤੀ ਹੈ ਕਿ ਮੁਸ਼ਤਬਾ ਇਥੇ ਹਾਜ਼ਰ ਨਹੀਂ। ਮੁਸ਼ਤਬਾ ਨੂੰ ਏਥੇ ਬੁਲਾ ਲਿਆ ਜਾਏ ਤਾਂ ਜੋ ਉਸ ਨੂੰ ਪਤਾ ਲਗੇ।

ਸਰਦਾਰ ਗੁਰਨਾਮ ਸਿੰਘ (ਰਾਏਕੋਟ) : ਚੇਅਰਮੈਨ ਸਾਹਿਬ, ਸਰਦਾਰ ਸ਼ਮਸ਼ੇਰ ਸਿੰਘ ਜੋਸ਼ ਨੇ ਤਕਰੀਬਨ ਸਾਰੇ ਵਾਕਿਆਤ ਆਨਰੇਬਲ ਮੈਂਬਰਾਂ ਦੇ ਸਾਹਮਣੇ ਪੇਸ਼ ਕਰ ਦਿੱਤੇ ਹਨ। ਸਰਦਾਰ ਗੁਰਦਰਸ਼ਨ ਸਿੰਘ ਵੀ ਇਸ ਤੇ ਬੋਲੇ ਹਨ। ਸਰਦਾਰ ਸ਼ਮਸ਼ੇਰ ਸਿੰਘ ਉਸ ਪਾਰਟੀ ਦੇ ਹਨ ਜਿਹੜੀ ਸੋਸ਼ਲਿਜ਼ਮ ਵਿਚ ਬਹੁਤ ਏਤਕਾਦ ਰਖਦੀ ਹੈ ਅਤੇ ਇਸੇ ਤਰ੍ਹਾਂ ਸਰਦਾਰ ਗੁਰਦਰਸ਼ਨ ਸਿੰਘ ਹਨ। ਇਨ੍ਹਾਂ ਨੂੰ ਖ਼ਿਆਲ ਨਹੀਂ ਰਿਹਾ ਕਿ ਪਹਿਲਾਂ ਕਾਂਗਰਸ ਪਾਰਟੀ ਦਾ ਅਸਲ ਸੋਸ਼ਲਿਜ਼ਮ ਸੀ,

ਹੁਣ ਡੈਮੋਕਰੈਟਿਕ ਸੋਸ਼ਲਿਜ਼ਮ ਹੋ ਗਿਆ ਹੈ। ਇਸ ਪਾਰਟੀ ਨੇ ਅਸੂਲ ਕਾਇਮ ਕੀਤਾ ਹੈ ਕਿ ਜ਼ਮੀਨ ਉਸ ਨੂੰ ਦਿੱਤੀ ਜਾਵੇਗੀ ਜਿਹੜਾ ਭਾਵ ਖੁਦ ਵਾਹੇਗਾ ਭਾਵ ਟਿਲਰ ਆਫ ਦੀ ਲੈਂਡ ਨੂੰ ਜ਼ਮੀਨ ਛੋਟੇ ਕਿਸਾਨ ਨੂੰ ਦਿੱਤੀ ਜਾਏਗੀ, ਹਰੀਜਨ ਨੂੰ ਦਿੱਤੀ ਜਾਏਗੀ, ਛੋਟੇ ਗਰੀਬ ਤਬਕੇ ਨੂੰ ਦਿੱਤੀ ਜਾਏਗੀ । ਮੈਨੂੰ ਇਹ ਖੁਸ਼ੀ ਹੈ, ਮੈਂ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਹ ਦਸਾਂ ਸਾਲਾਂ ਦੇ ਅੰਦਰ ਹਰੀਜਨਾਂ ਅਤੇ ਛੋਟੇ ਤਬਕੇ ਨੂੰ ਉਚਾ ਲੈ ਗਈ ਹੈ ਅਤੇ ਬਿਰਲੇ ਨੂੰ ਹੇਠਾਂ ਲੈ ਆਈ ਹੈ । (ਵਿਰੋਧੀ ਪਖ ਵਲੋਂ ਪ੍ਰਸੰਸਾ) ਐਨਾ ਸੋਸ਼ਲਿਜ਼ਮ ਕਾਇਮ ਕੀਤਾ ਹੈ ਕਿ ਬਿਰਲੇ ਨੂੰ ਹਲ ਵਾਹੁਣ ਤੇ ਲਾ ਦਿੱਤਾ ਅਤੇ ਹਰੀਜਨਾਂ ਨੂੰ ਬਿਰਲੇ ਬਣਾ ਦਿੱਤਾ।

(*Deputy Speaker in the Chair.*)

ਸਰਕਾਰ ਨੂੰ ਮੁਬਾਰਕਬਾਦ ਦਿਉ ! ਇਸ ਨੇ ਡਾਕਾ ਮਾਰਿਆ ਹੈ, ਚੋਰੀ ਕੀਤੀ ! ਕੋਈ ਟੈਂਡਰ ਨਹੀਂ ਮੰਗਿਆ ਕਿ ਕਿਸੇ ਨੂੰ ਫਾਰਮ ਦੇਣਾ ਹੈ । ਕਲ੍ਹ ਸਰਦਾਰ ਦਰਬਾਰਾ ਸਿੰਘ ਗੁਸੇ ਹੋ ਗਏ, ਜਦੋਂ ਇਨ੍ਹਾਂ ਤੋਂ ਇਸ ਗੱਲ ਤੇ ਪੁਛਿਆ । ਇਨ੍ਹਾਂ ਦੀ ਸੈਂਟਰ ਦੇ ਸਾਹਮਣੇ ਬੋਲਣ ਦੀ ਜੁਰਅਤ ਨਹੀਂ ਪਈ । ਇਨ੍ਹਾਂ ਨੇ ਸਰਦਾਰ ਸ਼ਮਸ਼ੇਰ ਸਿੰਘ ਜੋਸ਼ ਦੇ ਸਵਾਲ ਦਾ ਜਵਾਬ ਦਿੰਦਿਆ ਕਿਹਾ—

> "Messrs Birla Brothers were reported to have been asked by the Central Government to assist in the production and distribution of quality seed, particularly wheat seed."

ਸੋ ਇਸ ਸਰਕਾਰ ਦੀ ਜੁਰੱਅਤ ਨਹੀਂ ਪਈ ਸੈਂਟਰ ਨੂੰ ਕਹਿਣ ਲਈ ਕਿ ਰੱਬ ਦੇ ਵਾਸਤੇ ਤੁਸੀਂ ਇਕ ਕੈਪੀਟਲਿਸਟ ਨੂੰ, ਜਿਸ ਦਾ ਐਗਰੀਕਲਚਰ ਪਰੋਫੈਸ਼ਨ ਨਹੀਂ, ਜਿਸ ਦਾ ਇਸ ਨਾਲ ਕੋਈ ਤਅਲੁਕ ਨਹੀਂ, ਜਿਸ ਦਾ ਤਜਰਬਾ ਨਹੀਂ, ਸਾਡੇ ਉਤੇ ਨਾ ਠੋਸੋ। ਕਿਉਂ ਨਾ ਠੋਸਣ ? ਕਰੋੜਾਂ ਰੁਪਿਆ ਬਿਰਲਾ ਇਸ ਪਾਰਟੀ ਨੂੰ ਦਿੰਦਾ ਹੈ। ਸੈਂਟਰ ਦੇ ਮਨਿਸਟਰ, ਸੈਂਟਰ ਦੇ ਲੀਡਰ ਬਿਰਲੇ ਦੇ ਜ਼ੇਰੇ ਬਾਰ ਨੇ । ਉਸ ਤੋਂ ਆਪਣੀ ਪਾਰਟੀ ਚਲਾਉਣ ਲਈ ਰੁਪਿਆ ਲੈਂਦੇ ਹਨ । ਇਸ ਕਰਕੇ ਸੈਂਟਰ ਦੀ ਜੁਰਅਤ ਨਹੀਂ ਸੀ ਅਤੇ ਸਾਡੀ ਸਰਕਾਰ ਦੀ ਜੁਰਅਤ ਨਹੀਂ ਸੀ ਸੈਂਟਰ ਨੂੰ ਕਹਿਣ ਦੀ ਕਿ ਸਾਡੇ ਪਾਸ ਐਸਾ ਪਰੋਵਿਜ਼ਨ ਨਹੀਂ । ਇਨ੍ਹਾਂ ਨੇ ਕੋਈ ਇਤਰਾਜ਼ ਨਹੀਂ ਕੀਤਾ ਅਤੇ ਇਹ ਨਹੀਂ ਕਿਹਾ ਕਿ ਅਸੀਂ ਬਿਰਲੇ ਨੂੰ ਇਹ ਜ਼ਮੀਨ ਦੇਣ ਲਈ ਤਿਆਰ ਨਹੀਂ । ਇਹ ਸਰਕਾਰ ਦੀ ਕਮਜ਼ੋਰੀ ਹੈ, ਬੁਜ਼ਦਿਲੀ ਹੈ । ਅਗਰ ਕੋਈ ਇਤਰਾਜ਼ ਕੀਤਾ ਹੈ ਤਾਂ ਹੋਮ ਮਨਿਸਟਰ ਜਾਂ ਐਗਰੀਕਲਚਰ ਮਨਿਸਟਰ ਸਾਹਿਬ ਜਦ ਬੋਲਣਗੇ ਤਾਂ ਸਾਨੂੰ ਉਹ ਰੈਫਰੈਂਸ ਦੇਕੇ ਦਸਣਗੇ ਕਿ ਕਿਹੜੀ ਕਿਹੜੀ ਚਿਠੀ ਦੇ ਜ਼ਰੀਏ ਉਨ੍ਹਾਂ ਨੇ ਇਤਰਾਜ਼ ਕੀਤਾ ਕਿ ਅਸੀਂ ਬਿਰਲੇ ਨੂੰ ਇਹ ਜ਼ਮੀਨ ਨਹੀਂ ਦੇਣਾ ਚਾਹੁੰਦੇ । ਇਨ੍ਹਾਂ ਨੇ ਬਿਰਲੇ ਨਾਲ ਐਨੀ ਸਖਤੀ ਕੀਤੀ ਕਿ ਪਰੋਡਕਸ਼ਨ ਅਤੇ ਡਿਸਟਰੀ-ਬਿਊਸ਼ਨ ਦੋਵੇਂ ਉਸ ਨੂੰ ਦੇ ਦਿੱਤੇ । ਉਸ ਤੋਂ ਬਿਨਾਂ ਹੋਰ ਕੋਈ ਡਿਸਟਰੀਬਿਊਟ ਨਹੀਂ ਕਰ ਸਕਦਾ ਕਿਉਂਕਿ ਮੁਨਾਫਾ ਉਸੇ ਨੂੰ ਮਿਲ ਸਕਦਾ ਹੈ । ਡਿਸਟਰੀਬਿਊਟਰ ਜੋ ਚਾਹੇ ਲੇਬਲ ਲਾ ਕੇ ਕਰ ਦੇਵੇ । ਮੇਰੇ ਫਾਜ਼ਲ ਦੋਸਤ ਇਹ ਜਵਾਬ ਦੇਣਗੇ ਕਿ ਬਿਰਲੇ ਨੇ ਅਮਰੀਕਨ ਮਸ਼ੀਨਰੀ ਲਿਆਂਦੀ ਹੈ ਇਸ ਕਰਕੇ ਉਸ ਨੂੰ ਜ਼ਮੀਨ ਦਿੱਤੀ ਹੈ। ਮੈਂ ਪੁਛਦਾ ਹਾਂ ਕਿ ਕੀ ਸੈਂਟਰਲ ਗੌਰਮੈਂਟ ਅਤੇ ਪੰਜਾਬ ਗੌਰਮੈਂਟ ਇਤਨੀ ਨਾਕਾਰਾ ਹੋ ਚੁਕੀ ਹੈ ਕਿ ਮਸ਼ੀਨਰੀ ਹੋਰ ਤਰੀਕੇ ਨਾਲ ਨਹੀਂ ਦੇ ਸਕਦੀ ਯਾ ਬਹਾਨਾ ਹੈ, ਇਰਾਦਾ ਨਹੀਂ ਦੇਣ ਵਾਸਤੇ ? ਇਹ ਸਰਾਸਰ ਬਹਾਨਾ ਹੈ। ਹਰੀਜਨਾਂ ਨੂੰ 18 ਸਾਲ ਭੁਖੇ ਮਾਰ ਦਿੱਤਾ । ਹਰੀਜਨਾਂ ਨੂੰ ਜ਼ਮੀਨ ਨਹੀਂ ਦਿੱਤੀ ਅਤੇ ਇਕ ਇਕ ਏਕੜ ਦੇ ਕੇ ਪਰਚਾ ਦਿੱਤਾ। ਨਾ ਛੋਟੇ ਕਿਸਾਨ ਨੂੰ, ਨਾ ਹਰੀਜਨ ਨੂੰ ਅਤੇ ਨਾ ਕਿਸੇ ਹੋਰ ਗਰੀਬ ਤਬਕੇ ਨੂੰ, ਜ਼ਮੀਨ ਦਿੱਤੀ ਅਤੇ ਬਿਰਲੇ ਨੂੰ ਇਥੇ ਲਿਆ ਕੇ ਸਾਡੇ ਸਿਰ ਤੇ ਮੜ੍ਹ ਦਿੱਤਾ । ਮੈਂ ਕਹਿੰਦਾ ਹਾਂ ਕਿ ਇਹ ਸਰਸਰ

[ਸਰਦਾਰ ਗੁਰਨਾਮ ਸਿੰਘ]

ਇਕ ਧੋਖਾ ਹੈ ਪੰਜਾਬ ਦੇ ਲੋਕਾਂ ਨਾਲ। ਬਿਰਲੇ ਨੂੰ 1,000 ਏਕੜ ਦਾ ਕੰਪੈਕਟ ਫਾਰਮ ਦਿੱਤਾ। ਡਿਪਟੀ ਸਪੀਕਰ ਸਾਹਿਬਾ, ਮੈਂ ਇਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਇਥੇ ਇਹ ਰੋਜ਼ ਉਠ ਕੇ ਕਹਿੰਦੇ ਹਨ ਕਿ ਅਸੀਂ ਵਾਰ-ਹਿਟ ਲੋਕਾਂ ਨੂੰ ਡੋਲ ਦਿੰਦੇ ਹਾਂ। ਲੋਕ ਉਜੜੇ ਫਿਰਦੇ ਹਨ ਪਾਕਿਸਤਾਨ ਤੇ ਹਿੰਦੁਸਤਾਨ ਦੀ ਲੜਾਈ ਕਰਕੇ। ਲੋਕਾਂ ਨੂੰ ਘਰ ਬਾਰ ਨਹੀਂ ਮਿਲਿਆ ਤੇ ਇਹ 18 ਰੁਪਏ ਦੇ ਕੇ ਕਿਸੇ ਟਬਰ ਨੂੰ ਵਸਾਉਣਾ ਚਾਹੁੰਦੇ ਹਨ ? ਜੇ ਉਨ੍ਹਾਂ ਨੂੰ ਵਸਾਉਣਾ ਚਾਹੁੰਦੇ ਹੋ ਤਾਂ ਦੇ ਦਿਉ ਇਹ 1,000 ਏਕੜ ਜ਼ਮੀਨ ਉਨ੍ਹਾਂ ਗਰੀਬ ਕਿਸਾਨਾਂ ਨੂੰ ਜਿਹੜੇ ਉਜੜੇ ਹਨ, ਵਾਰ ਹਿਟ ਹਨ। (ਵਿਰੋਧੀ ਪਖ ਵਲੋਂ ਪ੍ਰਸ਼ੰਸਾ) ਅਗਰ ਕੋਈ ਹਮਦਰਦੀ ਹੈ ਤਾਂ ਇਸ ਤਰ੍ਹਾਂ ਕਰੋ। ਕਾਗਜ਼ੀ ਕਾਰਵਾਈ ਕਰੀ ਜਾਣਾ ਅਤੇ ਏਥੇ ਵੱਡੇ ਵੱਡੇ ਕਾਗਜ਼ ਦਿਖਾ ਦੇਣਾ ਅਤੇ ਕਹਿਣਾ ਕਿ ਅਸੀਂ ਉਨ੍ਹਾਂ ਨੂੰ ਆਟਾ ਦੇ ਦਿੱਤਾ ਤੇ ਆਟਾ ਵੀ ਕੀੜਿਆਂ ਵਾਲਾ ਦੇ ਦਿੱਤਾ, ਅਸੀਂ ਉਨ੍ਹਾਂ ਨੂੰ ਪੈਸੇ ਦਿੰਦੇ ਹਾਂ, ਅਸੀਂ ਰਜ਼ਾਈਆਂ ਦੇ ਦਿੱਤੀਆਂ, ਅਸੀਂ ਕੰਬਲ ਦਿੰਦੇ ਹਾਂ। ਤੁਸੀਂ ਇਸ ਰੀਲੀਫ ਨੂੰ ਛਡ ਦਿਓ। ਅਤੇ ਉਨ੍ਹਾਂ ਨੂੰ ਰੀਹੈਬੀਲੀਟੇਟ ਕਰੋ। ਰਿਲੀਫ ਇਕ ਚੀਜ਼ ਹੈ ਅਤੇ ਰੀਹੈਬਲੀਟੇਸ਼ਨ ਦੂਸਰੀ ਚੀਜ਼ ਹੈ। ਮੈਂ ਇਹ ਕਹਿ ਰਿਹਾ ਸੀ ਕਿ ਇਸ ਸਰਕਾਰ ਨੇ ਚੋਰੀ ਕੀਤੀ ਹੈ ਅਤੇ ਫੇਰ ਇਸ ਤਰ੍ਹਾਂ ਕਹਿੰਦੇ ਹਨ। ਇਹ ਠੀਕ ਹੈ ਕਿ ਚੁਪ ਕਰਕੇ ਸੈਂਟਰ ਦੀ ਸਰਕਾਰ ਦੇ ਕਹਿਣ ਤੇ ਕਿ ਬਿਰਲੇ ਨੂੰ ਦੇ ਦਿਓ। ਟੈਂਡਰ ਇਨਵਾਈਟ ਨਹੀਂ ਕੀਤਾ, ਸਵਾਲ ਦੇ ਜਵਾਬ ਵਿਚ ਕਹਿੰਦੇ ਹਨ ਕਿ ਹੋਰ ਕੋਈ ਆਇਆ ਨਹੀਂ ਇਹ ਜ਼ਮੀਨ ਲੈਣ ਵਾਸਤੇ। ਜੇ ਚੋਰੀ ਕਰੋਗੇ ਤਾਂ ਹੋਰ ਕਿਸੇ ਨੂੰ ਕੀ ਪਤਾ। ਮੈਂ ਕਹਿੰਦਾ ਹਾਂ ਕਿ ਜਰਨੈਲ ਮੋਹਣ ਸਿੰਘ ਲੈ ਸਕਦਾ ਹੈ। ਕੈਪਟਨ ਰਤਨ ਸਿੰਘ ਲੈ ਸਕਦਾ ਹੈ। ਸਰਦਾਰ ਗੁਰਦਰਸ਼ਨ ਸਿੰਘ ਇਹ ਜ਼ਮੀਨ ਲੈ ਸਕਦਾ ਹੈ ਅਤੇ ਫਾਰਮ ਬਣਾ ਸਕਦਾ ਹੈ। ਏਥੇ ਹੋਰ ਅਜਿਹੇ ਬਹੁਤ ਸਾਰੇ ਹਨ। ਜੇ ਤੁਸੀਂ ਉਨ੍ਹਾਂ ਨੂੰ ਕਹਿੰਦੇ ਕਿ ਇਹ ਜ਼ਮੀਨ ਲੈ ਲਉ ਤਾਂ ਉਹ ਜ਼ਿਮੀਂਦਾਰ ਹਨ, ਲੈ ਲੈਂਦੇ। ਇਹ ਕੈਪਟਲਿਸਟ ਨਹੀਂ। ਕੀ ਜ਼ਮੀਨਾਂ ਵਾਲੇ ਕੈਪਟਲਿਸਟ ਹੋ ਗਏ, ਇਨ੍ਹਾਂ ਨੂੰ ਧੇਲੇ ਦੀ ਆਮਦਨੀ ਨਹੀਂ। ਇਕ ਗਰੀਬ ਹਰੀਜਨਾਂ ਦਾ ਭਾਈ ਕਲਕਤੇ ਤੋਂ ਲਿਆ ਕੇ ਰੋਪੜ ਵਿਚ ਦਰਿਆ ਦੇ ਕਨਾਰੇ ਤੇ ਵਸਾਉਣਾ ਹੈ। ਇਹ ਇਨ੍ਹਾਂ ਦਾ ਸੋਸ਼ਲਿਜ਼ਮ ਹੈ। ਕਿੰਨਾ ਰਹਿਮ ਕੀਤਾ ਇਕ ਗਰੀਬ ਆਦਮੀ ਤੇ ਇਨ੍ਹਾਂ ਨੇ। (ਵਿਘਨ) ਹਰੀਜਨ ਭਾਈ ਐਵੇਂ ਗੁਸੇ ਨੇ। ਜੇ ਤੁਸੀਂ ਤਕੜੇ ਹੋਵੋ ਤਾਂ ਤੁਹਾਨੂੰ ਇਹ ਜ਼ਮੀਨ ਮਿਲ ਜਾਵੇ। ਤੁਸੀਂ ਬੋਲਣ ਵਾਲੇ ਬਣੋ, ਫੈਕਟਰੀਆਂ ਸਾਰੀਆਂ ਤੁਸੀਂ ਲੈ ਲਉ। ਮੈਂ ਇਹ ਕਹਿੰਦਾ ਹਾਂ ਕਿ ਮੈਨੂੰ ਇਸ ਗੱਲ ਦਾ ਨਹੀਂ ਪਤਾ ਕਿ ਸਾਡੇ ਸੈਕ੍ਰੇਟਰੀਏਟ ਨੇ ਕੀ ਨੋਟ ਪੁਟ ਕੀਤਾ ਮਗਰ ਮੈਂ ਇਹ ਕਹਿ ਸਕਦਾ ਹਾਂ ਕਿ ਸੈਕ੍ਰੇਟਰੀਏਟ ਗਰੀਬ ਕਿਸਾਨਾਂ ਦੇ ਨਾਲ ਨਹੀਂ। ਇਸ ਨੂੰ ਗਰੀਬ ਕਿਸਾਨ ਨਾਲ ਕੋਈ ਹਮਦਰਦੀ ਨਹੀਂ। ਲੇਕਿਨ ਜੋ ਸਰਕਾਰ ਹੈ ਉਹ ਕੈਪਟਲਿਸਟ ਦੀ ਸਰਕਾਰ ਹੈ। ਇਹ ਸਾਬਤ ਹੋ ਗਿਆ ਹੈ। ਕੀ ਇਹ ਸੋਸ਼ਲਿਸਟ ਸਰਕਾਰ ਹੈ ਜਿਸ ਨੇ ਕੈਪਟਿਲਿਸਟਾਂ ਦੀ ਮਦਦ ਕੀਤੀ ? ਇਸ ਲਈ ਇਹ ਸੋਸ਼ਲਿਜ਼ਮ ਦਾ ਸਿਰਫ ਗਲਤ ਪਰੋਫੈਸ਼ ਕਰਦੀ ਹੈ। ਮੈਂ ਸਮਝਦਾ ਹਾਂ ਕਿ ਇਹ ਕੈਪਟਲਿਸਟ ਸਰਕਾਰ ਹੈ। ਇਸ ਨੇ ਬਿਰਲੇ ਨੂੰ ਜ਼ਮੀਨ ਦਿੱਤੀ, ਜਿਸ ਦਾ ਇਹ ਪਰੋਫੈਸ਼ਨ ਨਹੀਂ, ਜਿਸ ਨੂੰ ਕਿ ਐਗਰੀਕਲਚਰ ਦਾ ਪਤਾ ਨਹੀਂ। ਜੋ ਐਗਰੀਕਲਚਰ ਦਾ ਐਕਸਪਰਟ ਹੋਵੇ ਉਸ ਆਦਮੀ ਨੂੰ ਇਹ ਜ਼ਮੀਨ ਦਿਉ। ਇਨ੍ਹਾਂ ਨੇ ਇਕ ਅਜਿਹੇ ਆਦਮੀ ਨੂੰ ਇਥੇ ਲਿਆ ਕੇ ਰੋਪੜ ਵਿਚ ਵਸਾ ਦਿੱਤਾ ਅਤੇ ਉਹ ਇਸ ਲਈ ਮਜਬੂਰ ਹਨ।

चौधरी इन्द्र सिंह मलिक : आन ए प्वायंट आफ आर्डर, मैडम। गुजारिश यह है कि क्या वह नेशलिस्ट भाई जन संघ वाले बिरले से सलाह करने गए हैं उनका कोई मासिक मेंबर यहां नहीं है ?

Deputy Speaker : Please take your seat.

(Interruptions and Noise.)

ਚੌਧਰੀ ਦਰਸ਼ਨ ਸਿੰਘ :ਕਾਂਗਰਸੀ ਦੋਸਤ ਕੋਈ ਪੈਸੇ ਨਹੀਂ ਲੈਂਦੇ, ਜਨ ਸੰਘੀ ਲੈਂਦੇ ਹਨ। (ਵਿਘਨ ਅਤੇ ਸ਼ੋਰ)

ਸਰਦਾਰ ਗੁਰਨਾਮ ਸਿੰਘ: ਡਿਪਟੀ ਸਪੀਕਰ ਸਾਹਿਬਾ, ਮੈਂ ਜ਼ਿਆਦਾ ਵਕਤ ਨਹੀਂ ਲੈਂਦਾ ਅਤੇ ਇਕ ਦੋ ਮਿੰਟ ਵਿਚ ਹੀ ਖਤਮ ਕਰਦਾ ਹਾਂ ਕਿਉਂਕਿ ਹੋਰ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਉਤਾਵਲੇ ਹੋ ਰਹੇ ਹਨ ਅਤੇ ਮੈਂ ਵੀ ਚਾਹੁੰਦਾ ਹਾਂ ਕਿ ਜ਼ਿਆਦਾ ਮੈਂਬਰ ਸਾਹਿਬਾਨ ਨੂੰ ਬੋਲਣ ਲਈ ਵਕਤ ਮਿਲਣਾ ਚਾਹੀਦਾ ਹੈ ਤਾਕਿ ਸਰਕਾਰ ਨੂੰ ਪਤਾ ਲਗ ਜਾਵੇ ਕਿ ਹਾਊਸ ਦੀਆਂ ਫੀਲਿੰਗਜ਼ ਇਸ ਬਾਰੇ ਕੀ ਹਨ। ਤੇ ਮੈਂ ਕਹਿ ਰਿਹਾ ਸੀ ਕਿ ਸੈਂਟਰ ਵਾਲਿਆਂ ਨੇ ਇਕ ਕੰਡੀਸ਼ਨ ਇਹ ਲਗਾਈ ਤੇ ਇਨ੍ਹਾਂ ਨੂੰ ਕਿਹਾ ਕਿ ਉਹ ਵਾਇਬਲ ਫਾਰਮ ਬਨਾਉਣਾ ਚਾਹੁੰਦੇ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਫਾਰਮ ਨੂੰ ਵਾਇਬਲ ਪੰਜਾਬ ਦਾ ਕਿਸਾਨ ਤੇ ਜ਼ਿਮੀਂਦਾਰ, ਜਿਨ੍ਹਾਂ ਦਾ ਪਰੋਫੈਸ਼ਨ ਖੇਤੀ ਕਰਨਾ ਹੈ, ਨਹੀਂ ਕਰ ਸਕਦੇ ਸੀ ? ਕੀ ਸਰਕਾਰ ਉਨ੍ਹਾਂ ਨੂੰ ਬਿਰਲੇ ਤੋਂ ਇਹ ਮਸ਼ੀਨਰੀ ਨਹੀਂ ਦਿਲਾ ਸਕਦੀ ਸੀ ਜਾਂ ਖੁਦ ਮਸ਼ੀਨਰੀ ਨਹੀਂ ਦੇ ਸਕਦੀ ਸੀ ? ਸਭ ਕੁਝ ਕਰ ਸਕਦੇ ਸੀ ਪਰ ਦਰਅਸਲ ਗੱਲ ਇਹ ਹੈ ਕਿ ਇਹ ਸੋਸ਼ਲਿਸਟ ਸਰਕਾਰ ਆਪਣੀ ਬੇਸਕ ਪਾਲਿਸੀ ਨੂੰ ਚੇਂਜ ਕਰਨ ਲਗੀ ਹੈ । ਮੈਂਬਰ ਸਾਹਿਬਾਨ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਹਿਲਾਂ ਇਨ੍ਹਾਂ ਦੀ ਬੇਸਕ ਪਾਲਿਸੀ ਲੈਂਡ ਟੂ ਦੀ ਟਿਲਰ ਸੀ ਪਰ ਹੁਣ ਉਸ ਨੂੰ ਬਦਲ ਕੇ ਲੈਂਡ ਟੂ ਦੀ ਕਮਰਸ਼ੀਅਲ ਫਾਰਮਜ਼ ਕੀਤੀ ਜਾਣ ਲੱਗੀ ਹੈ ਜਿਸ ਵਲ ਇਹ ਪਹਿਲਾ ਸਟੈਪ ਹੈ । ਇਹੋ ਪਾਲਿਸੀ ਹੁਣ ਇਨ੍ਹਾਂ ਦੀ ਬਨਣ ਲਗੀ ਹੈ ਜਿਸ ਤਰ੍ਹਾਂ ਕਾਮਰੇਡ ਜੋਸ਼ ਨੇ ਸੈਂਟਰ ਦੇ ਇਕ ਮਨਿਸਟਰ ਕਾ ਇਕ ਐਲਾਨ ਪੜ੍ਹ ਕੇ ਹਾਊਸ ਨੂੰ ਸੁਣਾਇਆ ਸੀ । ਉਸ ਪਾਲਿਸੀ ਅਨੁਸਾਰ ਹੁਣ ਇਹ ਛੋਟਿਆਂ ਕਿਸਾਨਾਂ, ਹਰੀਜਨਾਂ ਤੇ ਬਾਕੀ ਦੂਜੇ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਉਨ੍ਹਾਂ ਤੋਂ ਲੈ ਕੇ ਇਹ ਸੋਸ਼ਲਿਸਟ ਸਰਕਾਰ ਕਮਰਸ਼ੀਅਲ ਫਰਮਜ਼ ਤੇ ਕੈਪੀਲਿਸਟਸ ਨੂੰ ਦੇਵੇਗੀ ਅਤੇ ਇਸ ਪਾਲਿਸੀ ਦਾ ਇਹ ਇਕ ਪਰੈਕਟੀਕਲ ਸਟੈਪ ਹੈ ।

चौधरी नेत राम: आन ए प्वायंट आफ आडर। मैं सरदार गुरनाम सिंह से कहना चाहता हूँ कि सोशलिस्ट सरकार का नाम बदनाम न करें। कांग्रेस सरकार का नाम बदनाम करें । यह सोशलिस्ट नहीं कांग्रेस सरकार है । सोशलिस्ट तो मैं यहां अकेला बैठा हूँ; मेरी कोई सरकार नहीं। (हंसी)

ਸਰਦਾਰ ਗੁਰਨਾਮ ਸਿੰਘ: ਮੈਂ ਕਾਂਗਰਸ ਸਰਕਾਰ ਦੀ ਹੀ ਗੱਲ ਕਰ ਰਿਹਾ ਹਾਂ ਜਿਸਦਾ ਪਰੋਫੈਸ਼ਨ ਸੋਸ਼ਲਿਜ਼ਮ ਹੈ । ਮੈਂ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਬਹਿਸ ਮਾੜੇ ਕੇਸ ਦੀ ਵੀ ਹੋ ਸਕਦੀ ਹੈ ਤੇ ਚੰਗੇ ਕੇਸ ਦੀ ਵੀ ਹੋ ਸਕਦੀ ਹੈ । ਮੈਨੂੰ ਇਲਮ ਹੈ ਕਿ ਤੁਹਾਡਾ ਕੇਸ ਮਾੜਾ ਹੈ ਇਸ ਲਈ ਜੇਕਰ ਤੁਸੀਂ ਇਸ ਮਾੜੇ ਕੇਸ ਦੀ ਬਹਿਸ ਕਰੋਗੇ ਤੇ ਡਿਫੈਂਸ ਕਰੋਗੇ ਤਾਂ ਬਹਿਸ ਤਾਂ ਹੋ ਜਾਵੇਗੀ ਪਰ ਤੁਸੀਂ ਜਨਤਾ ਨੂੰ ਯਕੀਨ ਨਹੀਂ ਦਿਲਾ ਸਕਦੇ । ਇਸ ਲਈ ਬਜਾਏ ਮਾੜੇ ਕੇਸ ਦੀ ਡਿਫੈਂਸ ਕਰਨ ਦੇ ਇਸਦਾ ਅੱਜ ਹੀ ਇਹ ਫੈਸਲਾ ਕਰ ਦਿਉ ਤੇ ਕਹਿ ਦਿਉ ਕਿ ਬਿਰਲੇ ਤੋਂ ਖੇੜਾ ਛੁਡਾ ਕੇ ਇਹ ਜ਼ਮੀਨ ਵਾਰ ਹਿਟ ਏਰੀਆ ਦੇ ਲੋਕਾਂ ਤੇ ਛੋਟੇ ਕਿਸਾਨ ਤੇ ਹਰੀਜਨਾਂ ਨੂੰ, ਜਿਨ੍ਹਾਂ ਲਈ ਕਿ ਇਹ ਰਿਕਲੇਮ ਕੀਤੀ ਗਈ ਸੀ, ਦਿੱਤੀ ਜਾਵੇਗੀ । ਇਸ ਵਿਚ ਇਹੋ ਬੇਹਤਰ ਗੱਲ ਹੈ।

ਚੌਧਰੀ ਦਰਸ਼ਨ ਸਿੰਘ (ਨਕੋਦਰ) : ਡਿਪਟੀ ਸਪੀਕਰ ਸਾਹਿਬਾ, ਸਾਡੀ ਸਰਕਾਰ ਨੇ ਇਕ ਹਜ਼ਾਰ ਏਕੜ ਰੀਕਲੇਮਡ ਤੇ ਫਰਟਾਈਲ ਜ਼ਮੀਨ 30 ਰੁਪਏ ਫੀ ਏਕੜ ਦੇ ਹਿਸਾਬ ਨਾਲ 25 ਸਾਲ ਲਈ ਬਿਰਲਾ ਸਾਹਿਬਾਨ ਨੂੰ ਦੇ ਦਿੱਤੀ ਇਹ ਠੀਕ ਹੈ ਕਿ ਸਟੇਟ ਦੀ ਲਖਾਂ ਏਕੜ ਜ਼ਮੀਨ 18 ਸਾਲ ਦੀ ਆਜ਼ਾਦੀ ਤੋਂ ਵੀ ਗੈਰਆਬਾਦ ਪਈ ਹੈ ਅਤੇ ਲਖਾਂ ਏਕੜ ਜ਼ਮੀਨ ਐਸੀ ਹੈ ਜਿਸਨੂੰ ਅਸੀਂ ਇਰੀ-ਗੇਸ਼ਨ ਦੇ ਸਾਧਨ ਨਹੀਂ ਪੁਜਾ ਸਕੇ ਤੇ ਉਸ ਵਿਚ ਕੋਈ ਦਾਣਾ ਨਹੀਂ ਪੈਦਾ ਕਰ ਸਕੇ । ਪੰਜਾਬ ਸਰਕਾਰ ਵਲੋਂ ਇਸ ਸਵਾਲ ਦੇ ਜਵਾਬ ਵਿਚ ਇਕ ਬੜੀ ਰੋਜ਼ੀ ਪਿਕਚਰ ਪੇਂਟ ਕੀਤੀ ਗਈ ਹੈ ਕਿ ਉਥੇ ਅਮਰੀਕਨ ਮਸ਼ੀਨਰੀ ਲਗਾਈ ਜਾਵੇਗੀ, ਉਥੇ ਮੱਕੀ, ਕਣਕ, ਬਾਜਰਾ ਤੇ ਇਸਦੇ ਬੇਟਰ ਕੁਆਲਟੀ ਦੇ ਸੀਡਜ਼ ਪੈਦਾ ਕੀਤੇ ਜਾਣਗੇ ਤੇ ਉਨ੍ਹਾਂ ਦੀ ਗਰੇਡਿੰਗ ਤੇ ਤੈਗਿੰਗ ਕਰਕੇ ਉਨ੍ਹਾਂ ਨੂੰ ਮਾਰਕਿਟ ਵਿਚ ਭੇਜ ਕੇ ਪੰਜਾਬ ਦੇ ਕਿਸਾਨਾਂ ਨੂੰ ਵੰਡਿਆ ਜਾਵੇਗਾ । ਇਕ ਹੋਰ ਆਰਗੂਮੈਂਟ ਸਰਕਾਰ ਨੇ ਇਸ ਦੇ ਹਕ ਵਿਚ ਦਿਤੀ ਹੈ ਕਿ ਇਹ ਕਨਸਰਨ ਨੋ-ਪਰਾਫਿਟ ਨੋ-ਲਾਸ ਤੇ ਰਨ ਕੀਤਾ ਜਾਵੇਗਾ । ਜੋਸ਼ ਸਾਹਿਬ ਨੇ ਕਿਹਾ ਸੀ ਕਿ ਇਹ ਜੋ ਜ਼ਮੀਨ ਐਕਵਾਇਰ ਕੀਤੀ ਗਈ ਹੈ ਇਸ ਵਿਚ ਇਕ-ਤਿਹਾਈ ਐਵੈਕੂਈ ਲੈਂਡ ਇਕ-ਤਿਹਾਈ ਪੰਚਾਇਤ ਲੈਂਡ ਤੇ ਇਕ-ਤਿਹਾਈ ਲੈਂਡ-ਓਨਰਜ਼ ਦੀ ਜ਼ਮੀਨ ਹੈ । ਇਸ ਤੇ ਉਨ੍ਹਾਂ ਨੇ ਇਕ ਇਤਰਾਜ਼ ਇਹ ਕੀਤਾ ਕਿ ਦੋ ਕਰੋੜ ਰੁਪਿਆ ਮਨਜ਼ੂਰ ਕਰਕੇ ਇਹ ਜ਼ਮੀਨ ਡਾਇਰੈਕਟਰ ਆਫ ਰਿਸਰਚ ਇਰੀਗੇਸ਼ਨ ਦੇ ਅੰਡਰ ਪਲੇਸ ਕੀਤੀ ਗਈ ਤੇ 93 ਹਜ਼ਾਰ ਰੁਪਿਆ ਇਸਦੀ ਰਿਕਲੇਮੇਸ਼ਨ ਤੇ ਵੀ ਖਰਚ ਕੀਤਾ ਤਾਂ ਫਿਰ ਬਿਰਲੇ ਨੂੰ ਸੀਡ ਫਾਰਮ ਬਨਾਉਣ ਲਈ ਦੇ ਦੇਣ ਦੀ ਗੱਲ ਉਨ੍ਹਾਂ ਦੀ ਸਮਝ ਵਿਚ ਨਹੀਂ ਆਈ । ਜੇਕਰ ਉਨ੍ਹਾਂ ਦੀ ਸਮਝ ਵਿਚ ਗੱਲ ਨਹੀਂ ਆਈ ਤਾਂ ਮੈਂ ਉਨ੍ਹਾਂ ਨੂੰ ਦਸਦਾ ਹਾਂ ਕਿ ਪੰਜਾਬ ਸਰਕਾਰ ਨੇ ਸਟੇਟ ਵਿਚ 222 ਸੀਡ ਫਾਰਮਜ਼ ਚਲਾਏ ਜੋ ਸਾਰੇ ਦੇ ਸਾਰੇ ਫੇਲ ਹੋਏ ਇਸ ਲਈ ਕਿ ਸਰਕਾਰ ਨੇ ਇਹ ਦਾਨਸ਼ਮੰਦੀ ਨਹੀਂ ਕੀਤੀ ਕਿ ਬਜਾਏ ਖੁਦ ਸੀਡ ਫਾਰਮ ਬਣਾ ਕੇ ਘਾਟਾ ਪਾਉਂਦੀ ਇਸ ਨੂੰ ਬੜੀ ਅਕਲ ਨਾਲ ਬਿਰਲੇ ਦੇ ਗਲ ਮੜ ਦਿਤਾ (ਹਾਸਾ) ਤੇਲ ਹੋ ਕੇ ਕਰੈਡਿਟ ਲੈਣ ਦੀ ਗੱਲ ਚੰਗੀ ਨਹੀਂ ਸੀ ਇਹੋ ਚੰਗੀ ਗੱਲ ਸੀ ਜੋ ਜੋ ਇਨ੍ਹਾਂ ਨੇ ਕੀਤੀ ਹੈ । ਫਿਰ, ਡਿਪਟੀ ਸਪੀਕਰ ਸਾਹਿਬਾ, ਇਸ ਸਵਾਲ ਦੇ ਜਵਾਬ ਵਿਚ ਇਕ ਗੱਲ ਇਹ ਦੱਸੀ ਗਈ ਹੈ ਕਿ ਸਰਕਾਰ ਨੇ ਬਿਰਲੇ ਨੂੰ ਖੁਦ ਐਪਰੋਚ ਕੀਤਾ ਕਿ ਫਾਰਮ ਚਲਾਉ । ਇਹ ਤਾਂ ਚੰਗਾ ਕੀਤਾ ਪਰ ਐਗਰੀਮੈਂਟ ਲਿਖਦੇ ਵਕਤ ਤਾਂ ਇਹ ਸਰਕਾਰ ਇਸ ਗੱਲ ਦਾ ਧਿਆਨ ਰਖਦੀ ਕਿ ਹਿੰਦੁਸਤਾਨ ਦੀ ਕਰਿਸ਼ੀ ਪੰਡਤ ਦੀ ਬਾਗਡੋਰ ਆਪਣੇ ਹੱਥ ਵਿਚ ਰਖਦੀ । ਇਹ ਐਗਰੀਮੈਂਟ ਬੜਾ ਡਿਫੈਕਟਿਵ ਹੈ । ਕੀ ਮੈਂ ਵਜ਼ੀਰ ਸਾਹਿਬ ਤੋਂ ਪੁਛ ਸਕਦਾ ਹਾਂ ਕਿ ਨੋ-ਪਰਾਫਿਟ ਨੋ-ਲਾਸ ਵੇਖਣ ਲਈ ਤੁਸੀਂ ਇਸ ਵਿਚ ਕਿਹੜੀ ਕਲਾਜ਼ ਰਖੀ ਤੇ ਕੀ ਚੈਕ ਰਖਿਆ ਹੈ......(ਘੰਟੀ) ਅਜੇ ਤਾਂ ਦੋ ਮਿੰਟ ਹੀ ਹੋਏ ਹਨ ।

ਡਿਪਟੀ ਸਪੀਕਰ : ਜਿਹੜਾ ਮੈਂਬਰ ਇਨਸਿਸਟ ਕਰੇਗਾ ਉਸ ਬਾਰੇ ਅੱਗੇ ਲਈ ਮੈਨੂੰ ਸੋਚਣਾ ਪਵੇਗਾ । ਹੁਣ ਖਤਮ ਕਰੋ । (I will have to think over in future about the hon. Member who will insist. He should finish now.)

ਚੌਧਰੀ ਦਰਸ਼ਨ ਸਿੰਘ : ਮੈਂ ਸਾਰਾ ਐਗਰੀਮੈਂਟ ਪੜ੍ਹਿਆ ਹੈ ਇਸ ਵਿਚ ਕੋਈ ਕਲਾਜ਼ ਨਹੀਂ ਜਿਸ ਰਾਹੀਂ ਪੰਜਾਬ ਸਰਕਾਰ ਬਿਰਲੇ ਦੀ ਬੈਲੈਂਸ-ਸ਼ੀਟ ਚੈਕ ਕਰ ਸਕੇ ਤੇ ਪ੍ਰਾਫਟ ਲਾਸ ਵੇਖ ਸਕੇ। ਇਹ ਉਸ ਨੂੰ ਆਡਟ ਨਹੀਂ ਕਰ ਸਕਦੇ ਤੇ ਨਾ ਹੀ ਐਗਰੀਮੈਂਟ ਨੂੰ ਕੈਂਸਲ ਕਰ ਸਕਦੇ ਹਨ। ਫਿਰ ਸਰਕਾਰ ਨੂੰ ਕਿਸ ਤਰ੍ਹਾਂ ਪਤਾ ਲਗੇਗਾ ਕਿ ਇਹ ਫਾਰਮ ਨੋ-ਪਰਾਫਟ ਨੋ-ਲਾਸ ਤੇ ਰਨ ਕਰ ਰਿਹਾ ਹੈ ? ਦਰਅਸਲ ਸਰਮਾਏਦਾਰਾਂ ਦੀ ਹੁਣ ਇਹ ਕੋਸ਼ਿਸ਼ ਹੈ ਕਿ ਜ਼ਮੀਨਾਂ ਰਾਹੀਂ ਇਨਕਮਟੈਕਸ ਲਕੋ ਲਓ ਅਤੇ ਬਿਰਲਾ ਨੇ ਵੀ ਇਹੋ ਢੰਗ ਵਰਤਿਆ ਹੈ। ਸੀਡ ਜੋ ਪੈਦਾ ਹੋਵੇਗਾ ਉਸਦੀ ਕੀਮਤ ਮੁਕਰਰ ਕਰਨ ਵਿਚ

ਕੋਈ ਹੱਥ ਸਰਕਾਰ ਦਾ ਨਹੀਂ ਹੋਵੇਗਾ ਅਤੇ ਨਾ ਇਸ ਵਿਚ ਐਸੀ ਕੋਈ ਕਲਾਜ਼ ਹੈ । ਖੇਤੀ ਦੇ ਮਾਮਲੇ ਵਿਚ ਪੰਜਾਬ ਦਾ ਕਿਸਾਨ ਆਸਟਰੇਲੀਆ ਤੇ ਕੈਨੇਡਾ ਵਿਚ ਤਾਂ ਟਾਪ ਕਰ ਸਕਦਾ ਹੈ ਪਰ ਪੰਜਾਬ ਸਰਕਾਰ ਕਹਿੰਦੀ ਹੈ ਕਿ ਪੰਜਾਬ ਵਿਚ ਉਹ ਟਾਪ ਤੇ ਨਹੀਂ ਆ ਸਕਦਾ ਤੇ ਚੰਗਾ ਸੀਡ ਪੈਦਾ ਨਹੀਂ ਕਰ ਸਕਦਾ (ਘੰਟੀ) ਬਸ ਜੀ, ਇਹੋ ਇਕ ਆਖਰੀ ਗੱਲ ਹੈ । ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਕਿਸ ਤਰ੍ਹਾਂ ਕਹਿੰਦੇ ਹੋ ਕਿ ਇਥੇ ਸੋਸ਼ਲਿਜ਼ਮ ਨਹੀਂ ਆ ਰਿਹਾ । ਇਥੇ ਸੋਸ਼ਲਿਜ਼ਮ ਦੀਆਂ ਚਾਰ-ਪੰਜ ਝਲਕੀਆਂ ਆਈਆਂ ਹਨ। ਇਕ ਝਲਕੀ ਤਾਂ ਇਹ ਆਈ ਕਿ ਰੌਣਕ ਸਿੰਘ ਐਂਡ ਕੰਪਨੀ ਨੂੰ 45 ਲੱਖ ਰੁਪਿਆ ਦੇ ਦਿਓ ਵਿਘਨ) ਫਿਰ ਸੋਸ਼ਲਿਜ਼ਮ ਦੀ ਇਹ ਝਲਕੀ ਆਈ ਕਿ ਸ਼ੂਗਰ ਮਿਲਾਂ ਵਾਲਿਆਂ ਨੂੰ ਐਨੇ ਪੈਸੇ ਦੇ ਦਿਉ । ਤੀਜੀ ਝਲਕੀ ਕਲ੍ਹ ਪਰਸੋਂ ਕਮਰਸ਼ੀਅਲ ਕਰਾਪਸ ਸੈਸ ਬਿਲ ਦੇ ਨਾਲ ਆ ਰਹੀ ਹੈ ਤੇ ਚੌਥੀ ਝਲਕੀ ਤੁਸੀਂ ਹੁਣ ਡਿਸਕਸ ਕਰ ਹੀ ਰਹੇ ਹੋ (ਹਾਸਾ) ਅਤੇ ਤੁਸੀਂ ਵੇਖਦੇ ਰਹਿਣਾ ਕਿ ਹੋਰ ਕਿਤਨੀਆਂ ਝਲਕੀਆਂ ਸੋਸ਼ਲਿਜ਼ਮ ਦੀਆਂ ਆ ਰਹੀਆਂ ਹਨ (ਹਾਸਾ) ਅਜੇ ਤਕ ਪੰਜਾਬ ਦੀ ਜਨਤਾ ਦੇ ਕੰਨਾਂ ਵਿਚ ਸਰਕਾਰ ਦੀ ਇਹ ਆਵਾਜ਼ ਗੂੰਜ ਰਹੀ ਹੈ ਜਦੋਂ ਕਿ ਗਦੀ ਤੇ ਬੈਠਦੇ ਹੀ ਇਨ੍ਹਾਂ ਨੇ ਕਿਹਾ ਸੀ ਕਿ ਗੰਗਾ ਦੇ ਨਿਰਮਲ ਪਾਕ ਤੇ ਸਾਫ ਜਲ ਦੀ ਤਰ੍ਹਾਂ ਪੰਜਾਬ ਦੀ ਜਨਤਾ ਨੂੰ ਐਡਮਨਿਸਟਰੇਸ਼ਨ ਦੇਵਾਂਗੇ । ਸਾਨੂੰ ਤਾਂ ਪਤਾ ਲਗ ਗਿਆ ਹੈ ਪਰ ਪਤਾ ਨਹੀਂ ਅਪੋਜ਼ੀਸ਼ਨ ਵਾਲੇ ਕਿਸ ਤਰ੍ਹਾਂ ਕਹਿੰਦੇ ਹਨ ਕਿ ਪਾਕ ਤੇ ਸਾਫ ਨਹੀਂ ਹੈ ...(ਘੰਟੀ)...

ਭਗਤ ਗੁਰਾਂ ਦਾਸ ਹੰਸ (ਹਰਿਆਣਾ—ਐਸ. ਸੀ.) : ਡਿਪਟੀ ਸਪੀਕਰ ਸਾਹਿਬਾ, ਪਿਛਲੀ ਸਰਕਾਰ ਨੇ ਫੈਸਲਾ ਕੀਤਾ ਕਿ ਬਿਆਸ ਦਰਿਆ ਅਤੇ ਸਤਲੁਜ ਦਰਿਆ ਦੇ ਬੈਂਕਾਂ ਉਤੇ ਜਿਹੜੀ ਜ਼ਮੀਨ ਹੈ ਉਹ ਜ਼ਮੀਨ ਗਰੀਬ ਹਰੀਜਨਾਂ ਨੂੰ ਦਿੱਤੀ ਜਾਵੇਗੀ । ਬਿਰਲੇ ਨੂੰ ਇਹ ਜ਼ਮੀਨ ਨਹੀਂ ਦੇਣੀ ਚਾਹੀਦੀ। ਇਸ ਉਤੇ ਦੁਬਾਰਾ ਗੌਰ ਕਰਨ ਦੀ ਲੋੜ ਹੈ । ਸਰਕਾਰ ਨੇ ਪਿੰਡਾਂ ਵਿਚ ਲੰਮਬਰਦਾਰ ਬਣਾਏ ਹਨ । ਉਨ੍ਹਾਂ ਨੂੰ ਪੰਜੋਤਰਾ ਨਹੀਂ ਮਿਲਦਾ । ਇਸ ਲਈ ਬਿਰਲੇ ਨੂੰ ਜਿਹੜੀ ਜ਼ਮੀਨ ਦਿੱਤੀ ਗਈ, ਉਹ ਹਰੀਜਨ ਲਮਰਬਦਾਰਾਂ ਨੂੰ ਪੰਜੋਤਰੇ ਦੇ ਮੁਆਵਜ਼ੇ ਵਿਚ ਦੇ ਦਿੱਤੀ ਜਾਵੇ, ਤਾਕਿ ਉਹ ਉਸ ਜਗ੍ਹਾ ਉਤੇ ਖੇਤੀ ਦੀ ਉਪਜ ਕਰ ਸਕਣ । ਵੈਲਫੇਅਰ ਸਕੀਮ ਅਨੁਸਾਰ ਸਾਡੀ ਸਰਕਾਰ ਹਰੀਜਨਾਂ ਨੂੰ ਜ਼ਮੀਨ ਖਰੀਦਣ ਲਈ 4,500 ਰੁਪਏ ਦਿੰਦੀ ਹੈ। ਹਰੀਜਨਾਂ ਨੂੰ ਜੋ ਜ਼ਮੀਨ 900 ਰੁ: ਫੀ ਏਕੜ ਦੇ ਹਿਸਾਬ ਦੇ ਨਾਲ ਦਿੱਤੀ ਜਾਂਦੀ ਹੈ, ਜਦੋਂ ਕਿ ਸਰਕਾਰ ਨੂੰ 200 ਜਾਂ 300 ਰੁਪਏ ਫੀ ਏਕੜ ਦੇ ਹਿਸਾਬ ਨਾਲ ਪਈ ਹੈ। ਸਰਕਾਰ ਨੇ ਇਨ੍ਹਾਂ ਜ਼ਮੀਨਾਂ ਵਿਚ ਕੋਈ ਖੂਹ ਅਤੇ ਟਿਊਬ-ਵੈਲਜ਼ ਨਹੀਂ ਲਾਏ ਹਨ । ਲੇਕਿਨ ਇਸ ਦੇ ਮੁਕਾਬਲੇ ਬਿਰਲੇ ਨੂੰ ਕਾਬਲੇ ਕਾਸ਼ਤ ਕਰਕੇ 30 ਰੁਪਏ ਏਕੜ ਉਤੇ ਜ਼ਮੀਨ ਦਿੱਤੀ ਗਈ ਹੈ ।

1.00 p.m.

ਇਸ ਤੋਂ ਪਤਾ ਲਗਦਾ ਹੈ ਕਿ ਹਰੀਜਨਾਂ ਦੇ ਨਾਲ ਬਹੁਤ ਬੇਇਨਸਾਫੀ ਹੋ ਰਹੀ ਹੈ। ਜਿਹੜੀਆਂ ਰਿਆਇਤਾਂ ਸ੍ਰੀ ਬਿਰਲੇ ਨੂੰ ਦਿੱਤੀਆਂ ਗਈਆਂ ਹਨ ਉਹ ਰਿਆਇਤਾਂ ਹਰੀਜਨਾਂ ਨੂੰ ਵੀ ਦਿੱਤੀਆਂ ਜਾਣ । ਚੀਫ ਮਨਿਸਟਰ ਸਾਹਿਬ ਅਤੇ ਹੋਮ ਮਨਿਸਟਰ ਸਾਹਿਬ ਮੌਜੂਦ ਹਨ। ਇਸ ਲਈ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਹਰੀਜਨਾਂ ਨੂੰ ਜ਼ਮੀਨਾਂ ਕਾਬਲੇ ਕਾਸ਼ਤ ਕਰਕੇ ਦੇਣ । ਉਥੇ ਟਿਊਬ ਵੈਲ ਲਾ ਕੇ ਦੇਣ ਤਾਂਕਿ ਹਰੀਜਨ ਵੀ ਆਪਣਾ ਗੁਜ਼ਾਰਾ ਖੇਤੀ ਬਾੜੀ ਤੇ ਕਰ ਸਕਣ । ਹਰੀਜਨਾਂ ਦਾ ਵੀ ਸੁਧਾਰ ਹੋ ਸਕੇ । ਹੁਸ਼ਿਆਰਪੁਰ ਜ਼ਿਲ੍ਹੇ ਦੇ ਕੰਡੀ ਇਲਾਕੇ ਵਿਚ ਜ਼ਮੀਨ ਕਾਬਲੇ ਕਾਸ਼ਤ ਹੈ । ਉਥੇ ਟਿਊਬ-ਵੈਲ ਸਰਕਾਰ ਖੁਦ ਲਾਵੇ ਅਤੇ ਉਹ ਜ਼ਮੀਨ ਹਰੀਜਨਾਂ ਨੂੰ ਦਿੱਤੀ ਜਾਵੇ । ਮੈਂ ਸਮਝਦਾ ਹਾਂ ਕਿ ਸਰਕਾਰ ਮੇਰੀ ਗੱਲ ਵਲ ਜ਼ਰੂਰ ਧਿਆਨ ਦੇਵੇਗੀ ਅਤੇ ਹਰੀਜਨਾਂ ਦਾ ਕਲਿਆਣ

[ਭਗਤ ਗੁਰਾਂ ਦਾਂਸ ਹੰਸ]

ਕਰੇਗੀ। (ਘੰਟੀ) ਡਿਪਟੀ ਸਪੀਕਰ ਸਾਹਿਬਾ, ਆਪ ਨੇ ਮੈਨੂੰ ਸਪੀਚ ਕਰਨ ਲਈ 15 ਮਿੰਟ ਦਿੱਤੇ ਹਨ। ਅਜੇ ਮੈਂ ਤਾਂ 5 ਮਿੰਟ ਹੀ ਬੋਲਿਆ ਹਾਂ। ਮੈਨੂੰ ਹੋਰ ਟਾਈਮ ਦਿੱਤਾ ਜਾਵੇ। (ਘੰਟੀ)

EXTENSION OF THE TIME OF THE SITTING

उपाध्यक्षा: पेशतर इसके कि मैं किसी और आनरेबल मैम्बर को काल अपौन करूँ मैं हाउस को इत्तलाह देना चाहती हूँ कि इस मोशन के लिये 2 घंटे निश्चित किये गए थे। यह मोशन 12 बजे टेक अप हुई और डेढ़ बजे तक केवल डेढ घंटा ही डिस्कशन हो सकती है। इसलिये मैं हाउस का टाइम आध घंटे के लिये एक्सटैंड करती हूँ। मैं आनरेबल मैम्बरों से प्रार्थना करूँगी कि जिस भी आनरेबल मैम्बर को काल अपौन करूँ, वह इस विषय में 5 मिनट से ज़्यादा समय न ले। समय बहुत कम है मिनिस्टर कंसर्ड को भी जवाब देने के लिये आधा घंटा का टाइम चाहिए।।

(Before I call upon any other hon. Member to speak I would like to inform the House that two hours' time was fixed for the discussion of this motion. It was taken up at 12 noon and naturally the discussion can go up to 1-30 p.m. in the normal course of time. I, therefore, extend the time of the sitting by half an hour. I would request the hon. Members that who so ever is called upon to speak, should in no case take more than five minutes to express his views on the subject. The time at our disposal is short and the Minister concerned would also need half an hour for making a reply to the debate.)

MOTION UNDER RULE 84 RE: MATTER RELATING TO LEASING OF 1,000 ACRES OF AGRICULTURAL FARM NEAR RUPAR TO BIRLA BROTHERS—(RESUMPTION OF DISCUSSION)

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ (ਖਾਲੜਾ) : ਡਿਪਟੀ ਸਪੀਕਰ ਸਾਹਿਬਾ, ਜਿਸ ਮਸਲੇ ਉਤੇ ਅੱਜ ਹਾਊਸ ਵਿਚ ਰੌਲਾ ਪੈ ਰਿਹਾ ਹੈ, ਉਸਦੇ ਬਾਰੇ ਮੈਂ ਭੀ ਕੁਝ ਕਹਿਣਾ ਚਾਹੁੰਦਾ ਹਾਂ। ਮੈਂ ਚਾਹੁੰਦਾ ਸੀ ਕਿ ਇਸ ਮਸਲੇ ਨੂੰ ਪਹਿਲਾ ਆਪਣੀ ਪਾਰਟੀ ਮੀਟਿੰਗ ਵਿਚ ਟੇਕ ਅਪ ਕੀਤਾ ਜਾਂਦਾ ਲੇਕਿਨ ਇਸ ਦੇ ਬਾਰੇ ਕੋਈ ਪਾਰਟੀ ਮੀਟਿੰਗ ਬੁਲਾਈ ਨਹੀਂ ਗਈ। ਮੈਂ ਸਮਝਦਾ ਹਾਂ ਕਿ ਮੈਂ ਇਸ ਦੇ ਬਾਰੇ ਆਪਣੇ ਦੋਸਤਾਂ ਨੂੰ ਕੁਝ ਸਮਝਾ ਸਕਦਾ। ਇਸ ਦੇ ਬਾਰੇ ਮੈਨੂੰ ਐਗਜ਼ੈਕਟਿਵ ਕਮੇਟੀ ਵਿਚ ਵੀ ਨਹੀਂ ਬੁਲਾਇਆ। ਇਸ ਲਈ ਮੈਂ ਇਸ ਦੇ ਬਾਰੇ ਹਾਊਸ ਵਿਚ ਹੀ ਆਪਣੇ ਖਿਆਲਾਤ ਰਖਣਾ ਚਾਹੁੰਦਾ ਹਾਂ। ਮੈਂਬਰਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਬਿਰਲੇ ਨੂੰ ਜ਼ਮੀਨ ਦੇਣ ਲਈ ਜਲਦੀ ਹੀ ਕਾਨੂੰਨ ਬਣ ਸਕਦਾ ਹੈ। ਅਗਰ ਅਸੀਂ ਯੁੱਧ ਪੀੜਤਾਂ ਨੂੰ ਜ਼ਮੀਨ ਦੇਣ ਦੇ ਬਾਰੇ ਕਹਿੰਦੇ ਹਾਂ ਜਿਨ੍ਹਾਂ ਨੇ ਦੇਸ਼ ਦੀ ਰਖਿਆ ਕੀਤੀ ਹੈ, ਜਿਨ੍ਹਾਂ ਨੇ ਸਾਰੇ ਹਿੰਦੁਸਤਾਨ ਦੀ ਪੀੜਾ ਆਪਣੇ ਉਪਰ ਲਈ ਹੈ ਉਨ੍ਹਾਂ ਨੂੰ ਕੋਈ ਜ਼ਮੀਨ ਨਹੀਂ ਦਿੱਤੀ ਜਾਂਦੀ। ਅਗਰ ਅਸੀਂ ਕਹਿੰਦੇ ਹਾਂ ਕਿ ਫ਼ਲਾ ਜ਼ਮੀਨ ਯੁਧ ਪੀੜਤਾਂ ਨੂੰ ਦੇ ਦੇਵੋ ਤਾਂ ਸਰਕਾਰ ਕਹਿੰਦੀ ਹੈ ਕਿ ਇਹ ਜ਼ਮੀਨ ਹਰੀਜਨਾਂ ਲਈ ਹੈ। ਸਾਨੂੰ ਇਹ ਜ਼ਮੀਨ ਯੁਧ ਪੀੜਤਾਂ ਨੂੰ ਦੇਣ ਲਈ ਇਜਾਜ਼ਤ ਨਹੀਂ ਦਿੰਦਾ। ਮੈਨੂੰ ਸਮਝ ਨਹੀਂ ਆਉਂਦੀ ਕਿ ਸ੍ਰੀ ਬਿਰਲੇ ਲਈ ਕਿਵੇਂ ਐਕਸਟਰਾ ਕਾਨੂੰਨ ਬਣ ਜਾਂਦਾ ਹੈ। ਚਾਹੀਦਾ ਤਾਂ ਇਹ ਸੀ ਕਿ ਜਿਹੜੀ ਜ਼ਮੀਨ ਬਿਰਲੇ ਨੂੰ ਦਿਤੀ ਗਈ ਹੈ ਉਹ ਯੁਧ ਪੀੜਤਾਂ ਨੂੰ ਦਿਤੀ ਜਾਂਦੀ ਤਾਕਿ ਉਹ ਉਸ ਜ਼ਮੀਨ ਉਤੇ ਖੇਤੀ ਕਰਕੇ ਕਣਕ ਅਤੇ ਕਪਾਹ ਪੈਦਾ ਕਰਕੇ ਆਪਣੀ ਰੋਟੀ ਦਾ ਉਪਰਾਲਾ ਕਰ ਸਕਦੇ ਅਤੇ ਆਪਣੇ ਤਨ ਨੂੰ ਢਕ ਸਕਦੇ। ਯੁਧ ਪੀੜਤ ਉਸ ਜ਼ਮੀਨ ਉਤੇ ਵਸ ਸਕਦੇ ਅਤੇ ਆਪਣੇ ਡੰਗਰਾਂ ਨੂੰ ਸੰਭਾਲ ਸਕਦੇ। ਉਹ ਆਪਣੀ

ਆਪਣੀ ਹਿੰਮਤ ਦੇ ਨਾਲ ਗੁਜ਼ਾਰਾ ਕਰ ਸਕਦੇ // ਉਹ ਸਰਕਾਰ ਦੀ ਕਣਕ ਉਤੇ ਨਿਰਭਰ ਨਾ ਰਹਿੰਦੇ । ਸਰਕਾਰ ਦੀਆਂ ਰਜਾਈਆਂ ਉਤੇ ਨਿਰਭਰ ਨਾ ਰਹਿੰਦੇ । ਜਿਹੜੇ ਲੋਕ ਕੈਂਪਾਂ ਵਿਚ ਬੈਠੇ ਹੋਏ ਹਨ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਕਣਕ ਅਤੇ ਰਜਾਈ ਮਿਲ ਰਹੀ ਹੈ; ਉਸ ਦੀ ਮਿਸਾਲ ਹਾਊਸ ਵਿਚ ਪੇਸ਼ ਕਰਨਾ ਚਾਹੁੰਦਾ ਹਾਂ । ਮੈਂ ਇਸ ਦੇ ਬਾਰੇ 5 ਦਿਨਾਂ ਤੋਂ ਇਸ ਵਲ ਸਰਕਾਰ ਦਾ ਧਿਆਨ ਦਿਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਸਰਕਾਰ ਇਸ ਤਰਫ ਕੋਈ ਧਿਆਨ ਨਹੀਂ ਦੇ ਰਹੀ।

ਸਟੇਟਮੈਂਟ ਦੇਣ ਦੇ ਨਾਲ ਕੋਈ ਗੱਲ ਨਹੀਂ ਬਣਦੀ । ਕੈਂਪ ਵਿਚ ਜਿਸ ਕਿਸਮ ਦੀ ਕਣਕ ਸਪਲਾਈ ਕੀਤੀ ਗਈ ਉਸਦਾ ਕੁਝ ਨਮੂਨਾ ਮੈਂ ਆਪਣੇ ਨਾਲ ਹਾਊਸ ਵਿਚ ਲਿਆਇਆ ਹਾਂ। ਇਸ ਦੀ ਜਾਂਚ ਲਈ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਕੈਂਪ ਵਿਚ ਗਿਆ ਉਸ ਨੇ ਵੀ ਵੇਖਿਆ ਕਿ ਇਕ ਮਣ ਕਣਕ ਵਿਚ ਤਕਰੀਬਨ 4 ਸੇਰ ਖਪਰਾ ਹੈ । ਮੈਂ ਸਮਝਦਾ ਹਾਂ ਕਿ ਲੋਕ ਉਸ ਕਣਕ ਨੂੰ ਖਾ ਕੇ 10 ਦਿਨਾਂ ਵਿਚ ਪਰਲੋਕ ਸੁਧਾਰ ਜਾਣਗੇ । (ਵਿਘਨ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਗਰ ਇਨ੍ਹਾਂ ਯੁਧ ਪੀੜਤਾਂ ਨੂੰ ਖੇਤੀ ਕਰਨ ਲਈ ਜ਼ਮੀਨ ਮਿਲ ਜਾਂਦੀ ਤਾਂ ਇਹ ਲੋਕ ਆਪਣਾ ਰੋਜ਼ਗਾਰ ਚਲਾ ਲੈਂਦੇ । ਮੈਂ ਸਮਝਦਾ ਹਾਂ ਕਿ ਇਹ ਲੋਕ ਸਰਕਾਰ ਦੀ ਕਣਕ ਉਤੇ ਨਿਰਭਰ ਨਾ ਰਹਿੰਦੇ । ਇਸ ਦੇ ਬਾਰੇ ਮੈਂ ਪਹਿਲਾਂ ਵੀ ਸਰਕਾਰ ਦੇ ਨੋਟਿਸ ਵਿਚ ਲਿਆਂਦਾ ਹੈ । ਮੈਂ ਰਜਾਈ ਦੇ ਬਾਰੇ ਭੀ ਅਰਜ਼ ਕਰਨੀ ਚਾਹੁੰਦਾ ਹਾਂ। ਜਿਹੜੀਆਂ ਰਜਾਈਆਂ ਯੁਧ ਪੀੜਤਾਂ ਨੂੰ ਸਪਲਾਈ ਕੀਤੀਆਂ ਗਈਆਂ ਹਨ ਉਨ੍ਹਾਂ ਦੀ ਹਾਲਤ ਬਹੁਤ ਖਰਾਬ ਹੈ । ਉਨ੍ਹਾਂ ਰਜਾਈਆਂ ਦੀ ਰੂਈ ਬਾਹਿਰ ਅਤੇ ਕਪੜਾ ਅੰਦਰ ਹੋ ਜਾਂਦਾ ਹੈ । ਸਰਕਾਰ ਨੇ ਇਸ ਕੰਮ ਲਈ ਠੇਕੇਦਾਰ ਰਖੇ ਹਨ। ਉਹ ਇਸ ਤਰ੍ਹਾਂ ਦੀਆਂ ਰਜਾਈਆਂ ਸਪਲਾਈ ਕਰ ਰਹੇ ਹਨ। ਮੈਂ ਸਮਝਦਾ ਹਾਂ ਕਿ ਕੈਂਪਾਂ ਵਿਚ ਰਹਿਣ ਵਾਲੇ ਲੋਕ ਸਰਦੀ ਵਿਚ ਪਾਲੇ ਨਾਲ ਮਰ ਜਾਣਗੇ ।

उपाध्यक्षा : आप कनक और रज़ाई मुझे दिखा दें । अब इस बात को हाउस की डिस्कशन में न लाएं । (The hon. Member may show me the specimen of wheat and quilt and avoid bringing this matter in the discussion now going on in the House.)

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : ਅੱਛਾ ਜੀ, ਮੈਂ ਤੁਹਾਨੂੰ ਕਣਕ ਅਤੇ ਰਜਾਈ ਦਾ ਨਮੂਨਾ ਇਥੇ ਹੀ ਵਿਖਾ ਦਿੰਦਾ ਹਾਂ ਤਾਂਕਿ ਤੁਹਾਡੀ ਇਥੇ ਹੀ ਤਸੱਲੀ ਹੋ ਜਾਵੇ......

मुख्य मन्त्री: आन ए प्वायंट आफ आर्डर, मैडम । डिप्टी स्पीकर साहिबा, जो कुछ माननीय सदस्य कह रहे हैं उसका इस मोशन के साथ कोई सम्बन्ध नहीं है। इस मोशन के साथ रजाई और कनक का कोई सम्बन्ध नहीं है । सरदार गुरदयाल सिंह ढिल्लों रिलीफ तथा रीकंसट्रक्शन के इंचार्ज हैं। कैम्प में जो रजाई दी गई है, वह तैयार करके यहां पर लायी गई । यहां पर माननीय सदस्यों के नोटिस में लाया गया कि उन्हें इस तरह की रजाइयां दी जा रही हैं । इस सिलसिले में किसी भी आनरेबल मैंबर की तरफ से कोई भी एतराज़ और शिकायत हमारे नोटिस में नहीं लाई गई । मैं अर्ज़ करना चाहता हूँ कि हमने कनक के बारे में जांच कराई है और उसकी रिपोर्ट हमारे पास आ चुकी है और उस पर ग़ौर हो रहा है। जो कुछ सरदार नारायण सिंह शाहबाज़पुरी ने कहा है, मैं उसकी पूरी तरह से तरदीद करता हूँ कि हमें इसके बारे

[मुख्य मन्त्री,]

में किसी किस्म की शिकायत नहीं आई । इनकी कोई अपनी ज़ाती दुश्मनी है । अगर इन्होंने किसी के साथ ज़ाती अदावत निकालनी है तो हाउस में नहीं निकालनी चाहिए। यह और किसी जगह अदावत निकालें ।

उपाध्यक्षा : सरदार नारायण सिंह जी, आप दोनों चीज़ें मेरे पास भेज दें । आपको कुछ बोलने की ज़रूरत नहीं रह जाती । (The hon. Member, Sardar Narain Singh may send both the articles to me and this would obviate any necessity for his speaking any further on the subject.)

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : ਮੇਰੇ ਉਪਰ ਇਲਜ਼ਾਮ ਲਗਾਇਆ ਗਿਆ ਹੈ, ਮੈਂ ਪੁਆਇੰਟ ਆਫ ਪਰਸਨਲ ਐਕਸਪਲੇਨਸ਼ਨ ਤੇ ਕੁਝ ਕਹਿਣਾ ਚਾਹੁੰਦਾ ਹਾਂ ।

उपाध्यक्षा : आप यह कहें कि बिरलें को ज़मीन क्यों दी है। रज़ाई और गंदम की बात आप न करें । (The hon. Member should ask for the reason for leasing out land to the Birlas and leave aside the matter relating to the quilt and wheat). (*Interruption*)

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : ਮੈਂ ਕਾਮਰੇਡ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਖਾਣ ਦੇ ਦੰਦ ਹੋਰ ਹਨ ਅਤੇ ਵਿਖਾਣ ਦੇ ਦੰਦ ਹੋਰ ਹਨ (ਵਿਘਨ)......

Deputy Speaker : Order please.

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : ਸਰਦਾਰ ਹਜ਼ਾਰਾ ਸਿੰਘ ਹੋਰੀਂ 9 ਜੀਅ ਹਨ ਅਤੇ ਉਨ੍ਹਾਂ ਨੂੰ ਚਾਰ ਰਜ਼ਾਈਆਂ ਮਿਲੀਆਂ ਹਨ ਮੈਂ ਉਹੋ ਗੱਲ ਕਰ ਰਿਹਾ ਹਾਂ ਕਿ ਜੇਕਰ ਉਹੋ ਜ਼ਮੀਨ ਯੁਧ ਪੀੜਤਾਂ ਨੂੰ ਦਿੱਤੀ ਜਾਂਦੀ ਤਾਂ ਬੜਾ ਚੰਗਾ ਹੁੰਦਾ। ਉਹ ਚੰਗੀਆਂ ਰਜ਼ਾਈਆਂ ਆਪ ਬਣਵਾ ਲੈਂਦੇ......ਇਨ੍ਹਾਂ ਨੂੰ ਤਾਂ ਫੋਬੀਆ ਹੋਇਆ ਹੈ ਕਿ ਮੈਂ ਪਰਸਨਲ ਗੱਲ ਕਰਦਾ ਹਾਂ। ਮੇਰੀ ਕੋਈ ਪਰਸਨਲ ਅਦਾਵਤ ਨਹੀਂ ਹੈ । ਮੈਂ ਯੁਧ ਪੀੜਤਾਂ ਦਾ ਅਜ ਵੀ ਹਮਦਰਦ ਹਾਂ ਅਤੇ ਆਖਰ ਤਕ ਹਮਦਰਦੀ ਕਰਦਾ ਰਹਾਂਗਾ ।

Deputy Speaker : Order please. Please take your seat.

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : ਮੈਂ ਫਿਰ ਉਨ੍ਹਾਂ ਨੂੰ ਰੀਕਵੈਸਟ ਕਰਾਂਗਾ ਕਿ ਬਿਰਲੇ ਵਾਲਾ ਲੀਜ਼ ਕੈਂਸਲ ਕਰਨ ਅਤੇ ਇਹ ਜ਼ਮੀਨ ਯੁਧ ਪੀੜਤਾਂ ਨੂੰ ਦੇਣ ਤਾਂ ਜੋ ਉਹ ਰੋਟੀ ਖਾ ਸਕਣ, ਕਪਾਹ ਬੀਜ ਕੇ ਰਜ਼ਾਈਆਂ ਭਰਵਾ ਸਕਣ । ਮੈਨੂੰ ਉਮੀਦ ਹੈ ਕਿ ਜਿਨ੍ਹਾਂ ਨੇ ਪਿਛਲੇ ਸੈਸ਼ਨ ਵਿਚ ਧੂਆਂਧਾਰ ਤਕਰੀਰ ਕਰਦਿਆਂ ਹੋਇਆਂ ਸੋਸ਼ਲਿਸਟਿਕ ਪੈਟਰਨ ਦੀ ਤਾਈਦ ਕੀਤੀ ਸੀ ਉਹ ਸੋਸ਼ਲਿਸਟਿਕ ਪਟਰਨ ਦੀ ਬੁਨਿਆਦ ਵਿਚ ਚੰਗੇ ਪੱਥਰ ਰਖਣਗੇ ਅਤੇ ਬੁਰੇ ਪੱਥਰ ਕਢ ਦੇਣਗੇ ਅਤੇ ਆਪਣੀ ਇਜ਼ਤ ਵਿਚ ਵਾਧਾ ਕਰਨਗੇ. . . .ਮੈਂ ਰਜ਼ਾਈ ਵੀ ਪੇਸ਼ ਕਰਦਾ ਹਾਂ।......

Deputy Speaker : Will you please take your seat now.

(ਵਿਘਨ)

(At this stage the hon. Member S. Narain Singh Shahbazpuri placed a Razai in the House, which was immediately taken away by S. Harchand Singh.)

ਡਿਪਟੀ ਸਪੀਕਰ : ਤੁਸਾਂ ਹਾਊਸ ਵਿਚ ਰਜ਼ਾਈਆਂ ਖਲਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ।...

(The hon. Member has started unrolling the quilts in the House.)

(Interruptions)

श्री रूप सिंह फूल (हमीरपुर—एस. सी.) : सदरे मुहतरिमां, हकूमत की जिस पालिसी के मातहत यह ज़मीन बिरला के हवाले की गई है उस पालिसी के मुताल्लिक मुझे अल्लामा इकबाल मरहूम का एक शेर याद आ गया है :

कभी सरबसज्जदा हुआ जो मैं,
तो ज़मीन से आने लगी सदा,
तेरा दिल तो है सनम आशना,
तुझे क्या मिलेगा नमाज़ में ।

मैं यह भी नहीं कहता कि यह ज़मीन उनको क्यों दी गई है । मुझे तो यह एतराज़ यों है कि वह तो महान् इंडस्ट्रियलिस्ट हैं उनका ज़रायत से कोई ताल्लुक नहीं है। और अगर इसको भी इंडस्टरी ट्रीट कर लिया जाए तो और स्टेट्स में भी बड़े-बड़े फार्म हैं लेकिन वह तो उन्होंने बिरला जैसे इंडस्ट्रियलिस्ट को नहीं दिये । हां, जैसे आनरेबल मैम्बरान ने फरमाया है कि हकूमत ने यह एलान किया था कि जो उजड़े हुए लोग हैं, जो बेदखल शुदा मुज़ारान हैं उनको और खसुसन हरिजनों को इस किस्म की ज़मीन पर आबाद किया जायगा और अभी तक काफी तादाद मुज़ारान की ऐसी है जोकि बेघर हैं और बेघर होने वाले हैं। जब उनके मुताल्लिक किसी जामा कानून को बनाने की इस हाउस में अर्ज़दाश्त हकूमत के पास करते हैं तो हकूमत के कान पर जूं तक नहीं रेंगती । इस ज़मीन पर काफी तादाद हरिजनों की, जो कि बेदखलशुदा मुज़ारान हैं, बस सकती थी और इस तरह से देश की पैदावार में इज़ाफा किया जा सकता था। लेकिन इस तरह से ज़रई ज़मीन बिरला को दे देने का मतलब तो यह है, मुझे फिर मौलाना मरहूम का शेर याद आया है :

यह गिला मुझ को नहीं, हैं उनके खज़ाने मामूर,
जिन को महफल में नहीं बात भी करने का शऊर,
शिकवा इस बात का है, उनको मिलें हूरोकसूर,
और मुसलमां को फक्त वादाए हूर ।

किसानों और हरिजनों के साथ वादे किये जाते हैं कि हम यह करेंगे, वह करेंगे । एलान तो ऐसे किये जाते हैं लेकिन अमली तौर पर सरमायेदारों की मदद की जाती है । यह तौर हमारी गवर्नमेंट को बदलने होंगे :

सरमायदारी का यह दौर बदलना होगा,
कुछ कुछ तो बदल बैठे हो कुछ और बदलना होगा,
अब देर नहीं है अच्छी फिलफौर बदलना होगा,
"फूल" जिस तौर ज़माना बदले उस तौर बदलना होगा ।

[श्री रूप सिंह फूल]

हम यह देखते हैं कि पालिसी का एलान तो कुछ और होता है और अमल कुछ और होता है । मैं हकूमत पंजाब से यह कहना चाहता हूँ कि अगर कोई भी सैक्शन सोसाइटी का कमज़ोर होता है, खाह वह हरिजन हो, खाह मुज़ारा हो, वह कमज़ोर होता है तो सारा राष्ट्र कमज़ोर होता है । अगर शरीर का एक अंग भी शिथिल हो जाए तो सारा शरीर ही शिथिल हो जाता है । ठीक इसी तरह से किसी एक सैक्शन के कमज़ोर होने से सारा राष्ट्र ही कमजोर हो जाता है क्योंकि राष्ट्र भी एक शरीर की तरह ही है । किसानों, हरिजनों और मुज़ारों का मसला अभी तक हल नहीं हुआ लेकिन सरकार ने जमीन बिरला साहिब को दे दी है । मैं पूछता हूँ कि क्या बिरला साहिब का बीज पंजाबियों से ज़यादा ज़बरदस्त हो सकता है ? पंजाब सारे देश का बाज़ूए शमशीर है । मरने के लिये तो पंजाबी और हरिजन, हरिजनों ने भी लड़ाई में हिस्सा लिया है, किसानों और मुज़ारों ने लिया तो बिरला साहिब का बीज कैसे जबरदस्त हो सकता है ? (हंसी) मै यह बरदाश्त नहीं कर सकता कि पालिसी तो कुछ और हो और अमल कुछ और हो । डिप्टी स्पीकर साहिबा, मैं एक मिन्ट के लिये एक कहानी सुनाना चाहता हूँ। भक्त कबीर मशहूर हो गुजरे हैं, वे परम भक्त थे । उनकी धर्म पत्नी का नाम लोई था । भक्त कबीर एक दिन अपनी धर्मपत्नी से कहने लगे कि हम बूढ़े हो गए हैं, सुना है कि नारी चरित्र होता है जिसे त्रिया चरित्र भी कहते हैं। हम ने कभी नहीं देखा और न ही कभी आपने दिखाया है । एक आध नारी चरित्र ज़रूर दिखा दो। लोई पतिव्रता स्त्री थी बोली कि बहुत अच्छा। दूसरे ही दिन जब भक्त जी रफाए हाजत के लिये बाहर गये तो माई लोई ने एक डंडे को जिस पर लोहा लगा हुआ था खूब गर्म करके अपने पास रख लिया । वह डंडा जिसका लोहा लाल हो रहा था उनके पास पड़ा हुआ था कि बाहर से पांच-सात महात्मा, साधु सन्त कबीर जी के दर्शन करने के लिये आ गए । उन्होंने पूछा कि यह क्या है और भक्त जी कहां गए हैं, तो माई लोई ने कहा कि वे तो बाहर गए हैं लेकिन आज वे बहुत क्रोधित हैं और उन्होंने यह डंडा लाल करवाया है, कहते हैं कि जो भी आएगा उसके जिस्म के साथ लगा देंगे और उसका बुरा हाल करेंगे । साधु महात्माओं ने जब यह सुना तो कहने लगे कि हमारी आफत आ गई और डर के मारे भाग गए । जब भक्त कबीर जी वापस आए तो पूछने लगे कि क्या कोई सन्त महात्मा मिलने के लिये आया था । माई लोई बोली कि हां आए थे लेकिन वे यह डंडा मांगते थे मैंने यह कह कर इनकार कर दिया कि यह तो एक ही डंडा घर में है और भक्त जी ने अपने इस्तेमाल के लिये रखा हुआ है । इसलिये वे नाराज़ होकर चले गये हैं। यह सुन कर कबीर जी बहुत दुखी हुए कहने लगे कि लोई यह तुमने क्या किया ? तुमने तो साधुओं को नाराज़ करके मेरा धर्म भ्रष्ट कर दिया । साधुओं का निरादर करने के समान तो और कोई पाप ही नहीं है । यह कह कर उन्होंने डंडा उठाया और जिधर साधु गए थे उसी तरफ पीछे पीछे भागने लगे । वह आगे आगे और भक्त जी उनके पीछे पीछे दौड़े । दूर से उनको वह डंडा भी दिखाया और ज़ोर-ज़ोर से पुकारते रहे कि इसे ले जाओ लेकिन वह मारे डर के और ज़यादा तेज़ भागते गए । भक्त जी मीलों मील उन के पीछे दौड़े

पर वह हाथ न आए। आखिर वह बेचारे वापिस आए। माई लोई ने उनके लिये गर्म गर्म पानी तैयार किया हुआ था। उन के हाथ पांव धुलाए। भक्त जी ने उनसे कहा कि लोई तुमने हमारा जन्म बेकार कर दिया है। इस पर लोई ने कहा कि मैंने तो आपकी आज्ञा का पालन किया है। क्या, कबीर जी ने पूछा। इस पर लोई ने जवाब दिया कि आप ही ने तो कहा था कि मुझे त्रिया चरित्र दिखाओ। मैंने तो आपको यह नारी चरित्र का एक ही उदाहरण दिखाया है। और आप कहेंगे तो और भी दिखा दूंगी। तो उन्होंने कहा कि न लोई, आइन्दा के लिये और कोई न खाना। इसी तरह से मैं कामरेड साहिब और सरदार दरबारा सिंह साहिब से कहूंगा कि जैसे माई लोई ने नारी चरित्र दिखाया था ऐसा और "सरकारी चरित्र" आप लोगों को न दिखाइयगा।

श्री जगन्नाथ (तोशाम): डिप्टी स्पीकर साहिबा, एक हज़ार एकड़ ज़मीन तो कामरेड जी ने और सरदार दरबारा सिंह जी ने बिरला ब्रदर्स को दी है। ज़मीन आपके पास काफी है, एक हजार एकड़ से आप को कोई फर्क नहीं पड़ता लेकिन सवाल यह है कि वह उन को दी क्यों है? जरूर इसमें इनका कोई स्वार्थ होगा क्योंकि स्वार्थ के लिये तो कोई भी चीज़ किसी को दी जा सकती है। स्वार्थ के लिये राजा मानसिंह ने अपनी बहन जोधा बाई शहनशाह अकबर को दे दी थी। लेकिन इन्होंने तो सिर्फ एक हज़ार एकड़ ज़मीन ही दी है।

बड़े अफसोस के साथ यह कहना पड़ता है कि एक तरफ तो यह इस बात का दम भरते हैं कि ज़मीन हरिजनों को देंगे, मुजारों को देंगे। दूसरी तरफ कामरेड साहिब कहते हैं कि यह जमीन हरिजनों के लिये, फौजियों के लिये नहीं है, सरदार दरबारा सिंह साहिब कहते हैं कि एक हज़ार एकड़ ज़मीन दे देने से कोई फर्क नहीं पड़ता क्योंकि इससे कानूनी झगड़ा हो सकता है, कानून टूट सकता है क्योंकि वह लोग हाईकोर्ट में केस ले जायेंगे, सुप्रीम कोर्ट में चले जायेंगे और इस तरह से कानून को अमैंड करना पड़ेगा; इसलिये फौजियों को नहीं दे सकते बिरला ब्रदर्स को ही देंगे और, डिप्टी स्पीकर साहिबा, बिरला ब्रदर्स को वह ज़मीन इस लिये देंगे क्योंकि वह इलैक्शन के दौरान इनको पैसा देंगे। डिप्टी स्पीकर साहिबा, सिर्फ पंजाब के अन्दर ही नहीं बल्कि अगर आप राजस्थान और दूसरी स्टेट्स के अन्दर जाएं *× × × हैं। यहां पर कामरेड जी उनके एजेंट हैं। वह लोग हरेक स्टेट में कोई न कोई एजेंट रखते हैं जिस से उनका काम चलता रहे। यह तो ज़मीन ही दी है अगर स्वार्थ पूरा होता हो तो यह राजा मानसिंह की तरह उन लोगों को दूसरी चीजें भी सप्लाई करने को तैयार होंगे। इसलिये मैं यह कहूंगा कि पंजाब के साथ नहीं बल्कि कामरेड जी का लगाव देहली वालों के साथ है, बिरलों वगैरा के साथ है। जिस तरह से ग्रोह होते हैं....बनियों का ग्रोह अलग होता है, बिजनैसमैन का ग्रोह अलग होता है और चोरों का ग्रोह अलग होता है जिनकी तसल्ली देश में जगह जगह से चोरी करके ही होती है। ऐसे ही बिजनैसमैन और कामरेड साहिब हैं। कामरेड साहिब न तो मुज़ारों के बारे में सोच सकते हैं और न ही हरिजनों

Note.—Expunged as ordered by the Chair.

[श्री जगन्नाथ]

के बारे में सोच सकते हैं (घंटी) न ही जमींदारों के बारे में सोच सकते हैं। वह तो बनिया ढंग के आदमियों की ही सोचते हैं फिर वह चाहे हैदराबाद से हो, चाहे बम्बई से हो। यह तो चाहते हैं कि ऐसे आदमियों को लाकर पंजाब के अन्दर जमीन दे दो और उसको यहां पर बसा दो। हरिजनों का या ऐग्रीकल्चरिस्ट्स का भला न हो। मैं इस बात को तस्लीम करता हूँ कि सरदार प्रतापसिंह कैरों ने अपने कोल्ड स्टोरेज बना लिये थे, सिनेमाघर बना लिये थे लेकिन बिरला और टाटा वगैरा को यहां पर इन्वाईट करके उसने पंजाब की जमीन तो कभी नहीं दी थी। सरदार प्रतापसिंह के अन्दर कितनी ही बुराइयां थीं लेकिन पंजाब में उसने ऐसा नहीं होने दिया जैसा कि अब कामरेड साहिब ने किया है। इस ढंग से तो यह पंजाब का भट्ठा ही बैठा देंगे। (घंटी)

डिप्टी स्पीकर साहिबा, बस एक बात और कह कर खत्म कर रहा हूँ। पंजाब के जितने भी हिन्दू हैं हिन्दी रिजन में हरिजनों के पास जाकर वोट हासिल करते हैं। उन्हें कहते हैं कि आप यूनाइयटिड पंजाब का ही नारा लगाओ कि पंजाब यूनाइटिड रहना चाहिए, यह जो अकाली हैं यह तुम लोगों को खा जायेंगे, यह हो जाएगा वह हो जाएगा। सरदार दरबारा सिंह भी इसी तरह की बातें उनके साथ करते हैं। मैं पूछता हूँ कि अगर वाकई उनकी हमदर्दी हरिजनों के साथ होती तो यह जो एक हजार एकड़ जमीन बिरला को दी गई है यह हरिजनों को देते। मैं तो आखिर में यही कहूँगा कि पंजाबी रिजन का कोई भी हिन्दू हो उसकी नीयत खराब है चाहे वह यह कामरेड राम किशन हो या कोई दूसरा राम किशन हो।

उपाध्यक्षा: श्रीमती सरला देवी, सिर्फ चार मिनट हैं। उसी हिसाब से बोलना। (The hon. Member has only four minutes at her disposal. She should speak accordingly.)

श्रीमती सरला देवी (बड़सड़): डिप्टी स्पीकर साहिबा, यह जो आज विधान सभा के अन्दर बहस चल रही है कि हमारी पंजाब गवर्नमैंट ने बिरला ब्रदर्स को एक हजार एकड़ के करीब जमीन देने का वायदा किया है या दे दी है, मैं इसका विरोध करने के लिये खड़ी हुई हूँ। मैं विरोध इसलिये करना चाहती हूँ कि इस सम्बन्ध में कहा यह जा रहा है कि बिरला ब्रदर्स को यह ज़मीन इसलिये दी है क्योंकि पंजाब को बड़े अच्छे-अच्छे बीजों की ज़रूरत है, यह लोग बड़े पैसे वाले हैं और यह दूसरे मुल्कों से अच्छे-अच्छे बीज मंगवा कर यहां पर नरसरी बनायेंगे और फिर वह बीज किसानों को सप्लाई करेंगे और तब जा कर हमारी खेतीबाड़ी बहुत आगे बढ़ सकेगी। डिप्टी स्पीकर साहिबा, हमारे प्रधान मन्त्री श्री लाल बहादुर शास्त्री जी तो यह कह रहे हैं कि एमरजेंसी का ज़माना है, लड़ाई का समय है और ऐसे अवसर पर हमें किसी भी दूसरे मुल्कों से खाने का सामान नहीं लेना चाहिए और अपने मुल्क में ही इस कदर अनाज पैदा करना चाहिए ताकि हम इस खुराक के मसले को स्वयं हल कर सकें लेकिन मैं हैरान हूँ कि इस एक हजार एकड़ भूमि को देने के लिये जो कारण बताये गए हैं वह क्या हैं। कब जाकर इस ज़मीन पर बीज पैदा होगा, कब यह किसानों को सप्लाई किया जायगा और कब जा कर हमारी खेतीबाड़ी अच्छी होगी ?

डिप्टी स्पीकर साहिबा, मेरे भाई श्री रूप सिंह फूल ने बड़े शायराना अन्दाज़ से अपने विचार हाउस के सामने रखे हैं। मैं भी आपको बताना चाहती हूँ कि यह जो ज़मीन है इसे एक ही आदमी को देकर पंजाब के अन्दर हजारों मुज़ारे, हरिजन और दूसरे छोटे-छोटे लोग हैं उनका एक प्रकार से गला घोंटा जा रहा है। आप कांगड़ा ज़िला में जाकर देख लीजिये कि जिन लोगों के पास तीस स्टैंडर्ड एकड़ ज़मीन है या इससे कम ज़मीन है वहां से कई बेगुनाह मुज़ारों को बेदखल किया जाएगा। वहां पर हाहाकार होगी और सैंकड़ो की तादाद में मुजारे कचहरियों के अन्दर मारे मारे फिरेंगे। उनके पास पैसा नहीं, अपनी झौंपड़ियों को गिरवी रख कर कई किस्म की मुसीबतों को झेल कर वकीलों को पैसे देंगे और कचहरियों के अन्दर मुकद्दमें लड़ेंगे। यह कितनी दुखद अवस्था होगी। डिप्टी स्पीकर साहिबा, महात्मा गांधी जी कहा करते थे कि हमने जो भी सुधार मुल्क में करने हैं वह गरीबों के भले और उनकी उन्नति और खुशहाली के लिये करने हैं। वह इस लिये हरिजनों की बस्ती में रहा करते थे। लेकिन कितने दुख की बात है कि आज वह ज़माना आ गया है कि जबकि हरिजन कचहरियों के अन्दर मारे मारे भटक रहे हैं और मुसीबतों के मारे तड़प रहे हैं और उनकी किस्मत का फैसला नहीं किया जाता (घंटी) डिप्टी स्पीकर साहिबा, नूरपुर के अन्दर दो-दो कनाल जमीन उनको ऐग्रीकलचर के लिये दी है लेकिन अगर वहां पर देखा जाये तो खड्डे हैं, चारों तरफ पत्थर हैं (घंटी) मैं इस सम्बन्ध में एक-दो सजैशंज देना चाहती हूँ। यह बिरला ब्रदर्स दूसरी स्टेट के रहने वाले हैं। उनके पास बहुत पैसा है। उनकी बहुत मिलें चलती हैं।

उपाध्यक्षा: आपका टाइम हो गया है। (Her time is over.)

श्रीमती सरला देवी: उनके पास क्या नहीं ? मिल मालिकों के पास क्या चीज़ नहीं होती ? सरमायादार के पास हर चीज को प्राप्त करने के अनेक ढंग होते हैं, उनकी प्रैस होती है, बिज़नैस होती है, कारोबार होता है। सब के ऊपर उसका कब्ज़ा होता है। क्या ज़मीन पर भी इस ढंग से उसका कब्ज़ा करवाना चाहते हैं ? मैं कहूँगी कि पंजाब के अन्दर बहुत छोटे-छोटे किसान हैं, सिख किसान हैं, मुज़ारे हैं, हरिजन हैं। अगर उनको जमीन दे दी जाए तो यह बिरला से भी अच्छा काम कर दिखाएंगे, ज़यादा अनाज पैदा करेंगे और आज हमारे सामने जो अनाज का मसला खड़ा हुआ है उसको हल करने में पूरी तरह से सहायता देंगे। इन सभी बातों को देखते हुए वह जमीन अपने पंजाब के किसानों में बांटी जानी चाहिए चाहे वह हरिजन हों, चाहे मुज़ारे हों और चाहे वह छोटे-छोटे किसान हों। बिरलों को यह ज़मीन हरगिज़ नहीं दी जानी चाहिए। यह जो डील उनके साथ की गई है मैं इसका सख्त विरोध करती हूँ।

उपाध्यक्षा: सरला देवी अब बैठ जाओ। (The hon. lady Member should resume her seat now.)

श्रीमती सरला देवी बस जी, दो मिनट।

उपाध्यक्षा : बस अब और नहीं । आपने कह तो दिया है कि निरलाज़ को ज़मीन नहीं दी जानी चाहिए । (No. That is all. She has opposed the leasing out of the land to the Birlas)

श्रीमती सरला देवी : इस सम्बन्ध में मैं यह सुझाव देना चाहती हूँ कि ज़मीन की बांट किस तरह से की जानी चाहिए।

उपाध्यक्षा : इस वक्त आप बांट की बात न कीजिये । पहले जमीन वापिस तो ले लो । बांट की बात बाद में कर लेना । (She need not go into the question of distribution at this stage. First get back the land. The question of distribution may be taken up later.

श्रीमती सरला देवी : डिप्टी स्पीकर साहिबा, मैं यह कहना चाहती हूं.........

(Interruption)

आप देखेंगी कि........

Deputy Speaker : Please take your seat now.

श्रीमती सरला देवी : आप देखेंगी कि मैं एक-दो मिनटों में वाईंड अप कर देती हूँ। आप वाईंड अप तो करने दें ।

उपाध्यक्षा : प्लीज़ सरला जी ।

ਸਰਦਾਰ ਗੁਰਚਰਨ ਸਿੰਘ (ਮੋਗਾ) : ਡਿਪਟੀ ਸਪੀਕਰ ਸਾਹਿਬਾ, ਮੈਂ ਪੰਜ ਮਿੰਟਾਂ ਵਿਚ ਖਤਮ ਕਰ ਦਿਆਂਗਾ ।

श्री सागर राम गुप्ता : आन ए प्वायंट आफ आर्डर, मैडम । डिप्टी स्पीकर साहिबा आपसे पहले जब श्री रूपसिंह फूल चेयर में थे तो उन्होंने फरमाया था कि जो मैम्बर रिपीट नहीं करेंगे उन्हीं को टाइम दिया जाएगा । यह तो रिपीट कर रहे हैं। मैंने तो क्योंकि कुछ नई बातें कहनी हैं इसलिये आप मुझे बोलने के लिये टाईम दें ।

Deputy Speaker : No please.

श्री अमर सिंह : आन ए प्वायंट आफ आर्डर, मैडम । मैंने हरिजनों के लिये कुछ कहना है क्योंकि सरकार ने पहले कहा था कि यह जमीन हरिजनों को दी जाएगी । इसलिये आप मुझे बोलने दें ....

Deputy Speaker : Harijan Members have been given enough time.

ਸਰਦਾਰ ਗੁਰਚਰਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਜੋ ਨਾਹਰਾ ਸਾਡੇ ਹਿੰਦੁਸਤਾਨ ਦੇ ਪਰਾਈਮ ਮਨਿਸਟਰ ਨੇ ਜਨਤਾ ਨੂੰ "ਜੈ ਕਿਸਾਨ, ਜੈ ਜਵਾਨ" ਦਾ ਦਿੱਤਾ ਹੈ । ਮੈਂ ਇਸ ਨਾਹਰੇ ਨਾਲ ਆਪਣੀ ਸਪੀਚ ਸ਼ੁਰੂ ਕਰਦਾ ਹਾਂ । ਮੈਂ ਸਮਝਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਪੰਜਾਬ ਦੇ ਇਕ ਕਿਸਾਨ ਹੋਣ ਕਰਕੇ ਇਨ੍ਹਾਂ ਨੂੰ ਫਖਰ ਹੋਵੇਗਾ ਕਿ ਸਾਰੇ ਹਿੰਦੁਸਤਾਨ ਵਿਚ ਸਭ ਤੋਂ ਚੰਗੇ ਵਾਹੀਵਾਣ ਪੰਜਾਬੀ ਸਾਬਤ ਹੋਏ ਹਨ ਕਿਉਂਕਿ ਸਾਰੇ ਹਿੰਦੁਸਤਾਨ ਵਿਚ ਹੋਰ ਕੋਈ ਵੀ ਵਾਹੀ ਦੇ ਕੰਮ ਵਿਚ ਕਾਮਯਾਬ ਨਹੀਂ ਹੋਇਆ ਜਿਤਨਾ ਕਿ ਪੰਜਾਬ ਦਾ ਜਟ ਕਾਮਯਾਬ ਸਾਬਤ ਹੋਇਆ ਹੈ । ਪਰ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੂੰ ਇਸ ਗੱਲ ਲਈ ਲਾਹਨਤ ਜਾਣੀ ਚਾਹੀਦੀ ਹੈ ਜੋ ਜਿਸ ਨੇ ਇਹ ਫੈਸਲਾ ਕੀਤਾ ਹੈ ਕਿ ਪੰਜਾਬ ਦੇ ਜਟ ਵਾਹੀਵਾਨਾਂ ਦੇ ਹੁੰਦੇ ਹੋਏ, ਕਲਕਤੇ ਤੋਂ

ਇਕ ਮਾਰਵਾੜੀ ਸੇਠ ਇਥੇ ਆ ਕੇ ਜ਼ਮੀਨ ਕਾਸ਼ਤ ਕਰੇਗਾ ! ਫਿਰ ਡਿਪਟੀ ਸਪੀਕਰ ਸਾਹਿਬਾ, ਤੁਸੀਂ ਉਨ੍ਹਾਂ ਸ਼ਰਤਾਂ ਨੂੰ ਦੇਖੋ ਜੋ ਇਨ੍ਹਾਂ ਨੇ ਉਸ ਨਾਲ ਇਹ ਜ਼ਮੀਨ ਦੇਣ ਵਿਚ ਕੀਤੀਆਂ ਨੇ । ਪੰਜਾਬ ਦੇ ਜਿਹੜੇ ਦੂਜੇ ਰਜਿਸਟਰਡ ਗਰੋਅਰਜ਼ ਨੇ ਜਿਹੜੇ ਸੀਡਜ਼ ਪੈਦਾ ਕਰਦੇ ਨੇ, ਉਨ੍ਹਾਂ ਨੂੰ ਤਾਂ ਦੋ ਰੁਪਏ ਪਰੀਮੀਅਮ ਤੇ ਇਹ ਦਿੰਦੀ ਹੈ ਪਰ ਇਸ ਫਰਮ ਨੂੰ ਕਿਹਾ ਤਾਂ ਇਹ ਜਾ ਰਿਹਾ ਹੈ ਕਿ ਨੋ-ਪਰਾਫਿਟ ਨੋ-ਲਾਸ ਬੇਸਿਜ਼ ਤੇ ਉਹ ਫਰਮ ਬੀਜ ਪਰੋਡੀਉਸ ਕਰਕੇ ਦੇਵੇਗੀ ਪਰ ਇਨ੍ਹਾਂ ਉਸ ਨੂੰ ਸਤ ਰੁਪਏ ਪਰੀਮੀਅਮ ਤੇ ਇਹ ਜ਼ਮੀਨ ਦਿੱਤੀ ਹੈ। ਇਸ ਤੋਂ ਇਨ੍ਹਾਂ ਦੀ ਨੀਅਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ । ਮੈਂ ਕਹਿੰਦਾ ਹੈ ਕਿ ਇਕ ਮਾਰਵਾੜੀ ਸੇਠ ਨੂੰ ਕਲਕਤੇ ਵਿਚੋਂ ਲਿਆ ਕੇ ਇਹ ਜ਼ਮੀਨ ਬੀਜ ਪਰੋਡੀਉਸ ਕਰਨ ਵਾਸਤੇ ਦੇਣ ਦੀ ਕੀ ਲੋੜ ਸੀ ਜਦ ਇਥੇ ਪੰਜਾਬ ਵਿਚ ਕਈ ਵੱਡੇ-ਵੱਡੇ ਵਾਹੀਵਾਨ ਮੌਜੂਦ ਸੀ ਜੋ ਰਜਿਸਟਰਡ ਕਲਟੀਵੇਟਰ ਹਨ। ਫਿਰ ਪੰਜਾਬ ਵਿਚ ਅਗੇ ਹੀ 19 ਐਸੇ ਆਦਮੀ ਹਨ ਜਿਹੜੇ ਵਡੇ ਜ਼ਿਮੀਂਦਾਰ ਹਨ ਜਿਹੜੇ ਵਾਹੀ ਦਾ ਕੰਮ ਨਹੀਂ ਜਾਣਦੇ ਔਰ ਦਿੱਲੀ ਵਿਚ ਬੈਠੇ ਆਪਣਾ ਕੰਮ ਕਰਦੇ ਹਨ ਔਰ ਇਸ ਤਰ੍ਹਾਂ ਆਪਣੀ ਬਲੈਕ ਦੀ ਆਮਦਨੀ ਜ਼ਮੀਨ ਤੋਂ ਹੋਈ ਆਮਦਨੀ ਦਿਖਾ ਕੇ ਇਨਕਮ ਟੈਕਸ ਤੋਂ ਬਚਦੇ ਹਨ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਇਸ ਫਰਮ ਨੂੰ ਜ਼ਮੀਨ ਦੇ ਕੇ ਉਸ ਨੂੰ ਇਨਕਮ ਟੈਕਸ ਤੋਂ ਬਚਣ ਦਾ ਮੌਕਾ ਦਿੱਤਾ ਜਾ ਰਿਹਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਵਿਚ ਰਾਜਾ ਫਰੀਦਕੋਟ ਕੋਲ 4 ਜਾਂ 5 ਹਜ਼ਾਰ ਏਕੜ ਜ਼ਮੀਨ ਹੈ ਜਿਸ ਵਿਚ ਉਹ ਵਾਹੀ ਕਰਾਉਂਦਾ ਹੈ ਔਰ ਉਸ ਪਾਸ ਉਹ ਜ਼ਮੀਨ ਬੈਟਰ ਫਾਰਮਿੰਗ ਦੇ ਨਾਂ ਤੇ ਇਸ ਸਰਕਾਰ ਨੇ ਛੱਡੀ ਹੋਈ ਹੈ ਔਰ ਸਰਪਲਸ ਵਿਚ ਨਹੀਂ ਲਈ ਗਈ । ਉਸ ਪਾਸ ਉਸ ਜ਼ਮੀਨ ਵਿਚ ਕਾਸ਼ਤ ਕਰਾਣ ਲਈ ਇਕ ਟਰੈਕਟਰਾਂ ਦਾ ਵੱਡਾ ਫਲੀਟ ਵੀ ਹੈ । ਮੈਂ ਪੁਛਦਾ ਹਾਂ ਕਿ ਕੀ ਇਹ ਜ਼ਮੀਨ ਉਸ ਨੂੰ ਜਾਂ ਹੋਰ ਕਿਸੇ ਪੰਜਾਬੀ ਵਾਹੀ ਵਾਲੇ ਨੂੰ ਦੇ ਕੇ ਚੰਗੇ ਬੀਜ ਪੈਦਾ ਨਹੀਂ ਕਰਾਏ ਜਾ ਸਕਦੇ ਸੀ ? ਲੇਕਿਨ ਡਿਪਟੀ ਸਪੀਕਰ ਸਾਹਿਬਾ, ਇਨ੍ਹਾਂ ਨੇ ਇਹ ਜ਼ਮੀਨ ਬਿਰਲੇ ਨੂੰ ਇਸ ਕਰਕੇ ਦਿੱਤੀ ਹੈ ਕਿਉਂਕਿ ਇਹ ਦੂਜਿਆਂ ਸੂਬਿਆਂ ਵਿਚ ਆਪਣੇ ਏਜਟ ਪੈਦਾ ਕਰ ਰਹੇ ਹਨ । ਬਜਾਏ ਇਸ ਗੱਲ ਦੇ ਕੇ ਇਹ ਪੰਜਾਬ ਦੇ ਵਾਹੀਵਾਨਾਂ ਨੂੰ ਇਹ ਜ਼ਮੀਨ ਦੇ ਕੇ ਉਨ੍ਹਾਂ ਨੂੰ ਐਨਕਰੇਜ ਕਰਦੇ, ਇਨ੍ਹਾਂ ਤਾਂ ਉਨ੍ਹਾਂ ਦੇ ਨਾਂ ਤੇ ਕਾਲਖ ਪੋਤ ਦਿੱਤੀ ਹੈ । ਕੀ ਇਹ ਗੱਲ ਕਿਸੇ ਤੋਂ ਛਿਪੀ ਹੋਈ ਹੈ ਕਿ ਇਹ ਪੰਜਾਬ ਦੇ ਵਾਹੀਵਾਣ ਹੀ ਸਨ ਜਿਨ੍ਹਾਂ ਨੇ ਬੀਕਾਨੇਰ ਵਿਚ ਜਾ ਕੇ ਹਜ਼ਾਰਾਂ ਏਕੜ ਬਾਰਾਨੀ ਜ਼ਮੀਨਾਂ ਨੂੰ ਆਬਾਦ ਕੀਤਾ ਸੀ ? ਇਹ ਪੰਜਾਬੀ ਵਾਹੀਵਾਣ ਹੀ ਹਨ ਜਿਨ੍ਹਾਂ ਨੇ ਭਰਾਈ ਦੇ ਇਲਾਕੇ ਵਿਚ ਪੀਲੀਭੀਤ ਤੇ ਲਖੀਮਪੁਰ ਖੇੜੀ ਦੇ ਜੰਗਲਾਂ ਨੂੰ ਤੋੜ ਕੇ ਆਬਾਦ ਕੀਤਾ ਹੈ ਔਰ ਤੋੜ ਖਟਮੰਡੂ ਤਕ ਆਬਾਦ ਕਰ ਦਿੱਤਾ ਹੈ । ਹਿੰਦੁਸਤਾਨ ਦਾ ਹੋਰ ਕੌਣ ਵਾਹੀ-ਵਾਣ ਤਾਂ ਉਸ ਨੂੰ ਆਬਾਦ ਨਹੀਂ ਕਰ ਸਕਿਆ ਸੀ । ਜਿਥੇ ਹਿੰਦੁਸਤਾਨ ਦਾ ਹੋਰ ਕੋਈ ਆਦਮੀ ਵਾਹੀ ਨਹੀਂ ਕਰ ਸਕਿਆ ਉਥੇ ਪੰਜਾਬ ਦੇ ਵਾਹੀਵਾਣ ਨੇ ਹੀ ਜਾ ਕੇ ਵਾਹੀ ਕੀਤੀ ਹੈ। ਬਜਾਏ ਇਸ ਦੇ ਕਿ ਇਹ ਉਨ੍ਹਾਂ ਤੇ ਫਖਰ ਕਰਦੇ ਇਨ੍ਹਾਂ ਤਾਂ ਉਨ੍ਹਾਂ ਦੇ ਮੂੰਹ ਤੇ ਕਾਲਖ ਪੋਤ ਦਿੱਤੀ ਹੈ । ਇਸ ਲਈ ਇਨ੍ਹਾਂ ਨੂੰ ਚਾਹੀਦਾ ਹੈ ਕਿ ਇਸ ਐਗਰੀਮੈਂਟ ਨੂੰ ਖਤਮ ਕਰ ਦੇਣਗੇ ।

चौधरी नेत राम: स्रान ए प्वायंट स्राफ स्रार्डर, मैडम । 6 दिन तक जनरल सेल्ज़ टैक्स पर यहां बहस होती रही है लेकिन मैं एक दिन भी नहीं बोला क्योंकि मैं चाहता था कि जिस दिन यह ज़मीन जो बिरला को दी गई है इसके ऊपर बहस होगी तब मैं बोलूंगा स्रौर स्राज वह मौका स्राया है तो स्राप मुझे बोलने के लिये मौका ही नहीं दे रहीं —

उपाध्यक्षा : आप ज़रा बैठ जाइए। (He may please resume his seat for a while.)

चौधरी नेत राम: नहीं, डिप्टी स्पीकर साहिबा, मैंने इस पर ज़रूर बोलना है और अपनी पार्टी का नज़रिया इस मामले पर जो है वह सदन के सामने रखना है।

उपाध्यक्षा : चौधरी नेत राम जी, मैं आपकी बात बहुत दफा मान लेती हूँ, आज आप मेरी बात मान लें और बैठ जाएं। (Addressing Chaudhri Net Ram) (I often comply with his requests. He should now obey me and resume his seat.)

चौधरी नेत राम: मैं आपकी बातें रोज़ मानता हूँ। आज आप मेरी बात मान कर सिर्फ पांच मिनट ही दे दें।

उपाध्यक्षा : आप बैठ जाइये। (He may please take his seat.)

चौधरी नेत राम : मुझे पांच मिन्ट ज़रूर मिलने चाहिएं।

उपाध्यक्षा: आप ज़िद कर रहे हैं तो पांच मिनट के अन्दर अन्दर खत्म करना होगा। (If he insists so much, then he shall have to finish his speech within five minutes.)

चौधरी नेत राम (हिसार सदर): डिप्टी स्पीकर साहिबा, मैं एक मिनट से ज्यादा नहीं लूंगा।

डिप्टी स्पीकर साहिबा, बिरला ब्रदर्ज़ को सरकार ने जो एक हज़ार एकड़ ज़मीन 30 रुपये फी एकड़ फी साल के हिसाब से 25 सालों के लिये देनी की है इसके बारे में मैं समझता हूँ कि इससे ज्यादा बेइनसाफी का काम और दुनिया भर में नहीं हो सकता। ज़रा आप देखें कि आज जो पंचायतों की ज़मीनें नीलाम होती हैं तो वह दो सौ रुपये फी एकड़ से भी ज्यादा के रेट पर ठेका पर चढ़ जाती है हालांकि वह ज़मीनें बारानी होती हैं और यह ज़मीन जो बिरला ब्रदर्ज़ को दी गई हैं यह दरयाए सतलुज के साथ की बड़ी सरसब्ज़ ज़मीन है जोकि बड़ी कीमती ज़मीन है जो उन्हें 30 रुपए फी एकड़ के हिसाब से दे दी गई है और यह ज़मीन 25 साल तक उनके कब्ज़ा में रहेगी। मैं हैरान हूँ कि ज़िला हिसार के अन्दर हज़ारों एकड़ ज़मीन गवर्नमेंट की अपनी फार्म के अन्दर पड़ी हुई है तो क्या वहां पर यह बीज पैदा नहीं करवा सकते थे?

श्री सागर राम गुप्ता: डिप्टी स्पीकर साहिबा, मैंने आपसे पहले भी अर्ज़ की है कि आप इस मसला पर बोलने के लिये ज़रूर मुझे समय दें क्योंकि मुझे बिरला वालों का भिवानी में तजरुबा हासिल है और उस तजरुबा की बिना पर मैं यहां कुछ बातें बताना चाहता हूँ।

डिप्टी स्पीकर : आर्डर प्लीज़।

चौधरी नेत राम: डिप्टी स्पीकर साहिबा, अपनी लूट कायम करने के लिये यह बिरला को यह ज़मीन दे रहे हैं। इसके सिवाए इन का और कोई मतलब नहीं है। भला आप ही बताएं कि जिस आदमी ने कभी खेती की ही न हो और जो यह भी न जानता हो कि गंदम का पेड़ कितना बड़ा होता है —

उपाध्यक्षा: चौधरी नेतराम जी अब आप बैठ जाएं अब मिनिस्टर साहब को इसका जवाब दे लेने दें। (The hon. Member may now take his seat and let the hon. Minister make his reply.)

चौधरी नेत राम: यह उस बिरले को जमीन दे रहे हैं जिसको खेतीबाड़ी का कुछ पता नहीं है (शोर) चने का पेड़ होता है (विघ्न) या डंठल होता है (विघ्न) वह क्या बीज़ देगा आपको ? (विघ्न) हो सकता है कि आने वाले जमाने में सारी ज़मीन हड़प कर ले (विघ्न) ......

उपाध्यक्षा: बाकी के सैशन में आपको बोलने की इजाजत नहीं होगी। (He will not be allowed to speak during the rest of the Session.)

श्री [illegible] **राम गुप्ता**: मुझे पांच मिनट दिये जाएं (विघ्न) वजीर साहब को भी एतरा[illegible] [illegible]हीं है (विघ्न)

Deputy Speaker : Please take your seat.

श्री **सागर राम गुप्ता**: मैं आपको बताता कि हूँ किस तरह से ट्रस्ट बना कर यह लोग जिनको ज़मीन दी जा रही है भिवानी में इनकमटैक्स वगैरा की चोरी कर रहे हैं (विघ्न)

ਗ੍ਰਹਿ ਅਤੇ ਵਿਕਾਸ ਮੰਤਰੀ : (ਸਰਦਾਰ ਦਰਬਾਰਾ ਸਿੰਘ) : ਡਿਪਟੀ ਸਪੀਕਰ ਸਾਹਿਬਾ, ਇਸ ਮਤੇ ਤੇ ਕਾਫੀ ਬਹਿਸ ਹੋ ਚੁਕੀ ਹੈ ਪਰ ਚੂੰਕਿ ਮੈਨੂੰ ਬਹੁਤ ਥੋੜਾ ਟਾਈਮ ਦਿੱਤਾ ਜਾ ਰਿਹਾ ਹੈ ਇਸ ਲਈ ਮੈਂ ਸ਼ਾਇਦ ਇਸ ਨਾਲ ਪੂਰੀ ਜਸਟੀਫੀਕੇਸ਼ਨ ਨਾ ਕਰ ਸਕਾਂ। (ਵਿਘਨ) ਇਸ ਤੇ ਦੋ ਘੰਟੇ ਬਹਿਸ ਹੋਈ ਹੈ ਪਰ ਜੋ ਥੋੜਾ ਜਿਹਾ ਟਾਈਮ ਮੇਰੇ ਪਾਸ ਹੈ ਉਸ ਵਿਚ ਮੈਂ ਮੇਨ ਪੁਆਇੰਟਸ ਬਾਰੇ ਹੀ ਜ਼ਿਕਰ ਕਰ ਸਕਾਂਗਾ ਅਤੇ ਜਲਦੀ ਜਲਦੀ ਸਾਰਿਆਂ ਪੁਆਇੰਟਸ ਨੂੰ ਕਵਰ ਕਰਨ ਦੀ ਕੋਸ਼ਿਸ਼ ਕਰਾਂਗਾ।

ਮੈਂ ਸਮਝਦਾ ਹਾਂ ਕਿ ਇਥੇ ਆਕੇ ਕੋਈ ਹੋਰ ਕੰਮ ਹੀ ਨਹੀਂ ਰਹਿ ਗਿਆ ਸਵਾਏ ਕੈਰੈਕਟਰ ਅਸੈਸੀਨੇਸ਼ਨ ਦੇ । ਜਦੋਂ ਇਧੱਰ ਬੈਠ ਜਾਉ ਤਾਂ ਪਹਿਲੀ ਗਲ ਇਹ ਆਉਂਦੀ ਹੈ । ਖੈਰ, ਇਸ ਬਾਰੇ ਤਾਂ ਮੈਂ ਪਾਰਟੀ ਲੈਵਲ ਤੇ ਹੀ ਗਲ ਕਰਾਂਗਾ ਲੇਕਿਨ ਜੋ ਕੁਝ ਉਨ੍ਹਾਂ ਨੇ ਗੰਦ ਸੁਟਿਆ ਹੈ ਮੈਂ ਉਸਤੋਂ ਇਨਕਾਰ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਜੇ ਕਰ ਇਸ ਤਰ੍ਹਾਂ ਦੀ ਗਲ ਹੋਵੇ ਤਾਂ ਇਸ ਨਾਲੋਂ ਝੂਠੀ ਗਲਤ ਤੇ ਵਿੰਡਿਕਟਿਵ ਹੋਰ ਕੋਈ ਚੀਜ਼ ਨਹੀਂ ਹੋ ਸਕਦੀ । ਮੈਂ ਸ਼ਾਇਦ ਐਨਾ ਤਕੜਾ, ਲੱਠਮਾਰ, ਲੱਤਾਂ ਕਟਣ ਵਾਲਾ ਤੇ ਦੂਜਿਆਂ ਦੀਆਂ ਪੱਗਾਂ ਲਾਹੁਣ ਵਾਲਾ ਨਾ ਹੋਵਾਂ ਲੇਕਿਨ ਜੋ ਉਨ੍ਹਾਂ ਨੇ ਗਲ ਕਹੀ ਹੈ ਉਹ ਮੇਰੇ ਵਿੱਚ ਨਹੀਂ ਹੈ ਅਤੇ ਮੈਨੂੰ ਇਸ ਗਲ ਦਾ ਸਖਤ ਰੰਜ ਤੇ ਅਫਸੋਸ ਹੈ ਅਤੇ ਮੈਂ ਹੈਰਾਨ ਹਾਂ – – – –

ਬਾਬੂ ਬਚਨ ਸਿੰਘ : ਕਿਹੜੀ ਗੱਲ ? ਉਹ ਦੱਸ ਦਿਉ ।

ਸਰਦਾਰ ਗੁਰਦਿਆਲ ਸਿੰਘ ਢਿੱਲੋਂ : ਇਹੋ ਕਿ ਫਲਾਨੀ ਟਰਾਂਸਪੋਰਟ ਕੰਪਨੀ ਇਹ ਹੈ ਤੇ ਉਹ ਹੈ । ਇਹ ਗਲ ਤਾਂ ਮੈਂ ਬਾਹਰ ਟੇਕ ਅਪ ਕਰਾਂਗਾ ਪਰ ਹਾਊਸ ਵਿੱਚ ਮੈਂ ਕਹਿੰਦਾ ਹਾਂ ਕਿ ਇਹ ਬਿਲਕੁਲ ਗਲਤ ਗਲ ਹੈ ਅਤੇ ਮੈਨੂੰ ਸ਼ਰਮ ਆਉਂਦੀ ਹੈ ਕਿ ਇਨ੍ਹਾਂ ਨੂੰ ਹੋਰ ਕੋਈ ਕੰਮ ਨਹੀਂ ਰਿਹਾ । ਜੋ ਗਲ ਮੈਂ ਕਹੀ ਸੀ ਉਹ ਡਿਪਟੀ ਸਪੀਕਰ ਸਾਹਿਬਾ, ਠੀਕ ਨਿਕਲੀ ਜਾਂ ਨਹੀਂ ਬਾਕੀ ਜੋ ਹੈ ਸੋ ਹੈ ਪਰ ਇਹ ਸਚ ਤਾਂ ਤੁਸੀਂ ਇਨ੍ਹਾਂ ਦਾ ਵੇਖ ਲਿਆ । ਬਾਕੀ ਸਰਦਾਰ ਪਰਤਾਪ ਸਿੰਘ ਨਾਲ ਉਤਨਾ ਅਰਸਾ ਹੀ ਰਹੇ ਜਦੋਂ ਤਕ ਉਹ ਪਾਵਰ ਵਿੱਚ ਸੀ ਤੇ ਉਨ੍ਹਾਂ ਦੀਆਂ ਲੱਤਾਂ ਨਾਲ ਚਿਮਟੇ ਰਹੇ ਪਰ ਜਦੋਂ ਉਹ ਹਟ ਗਏ ਤਾਂ ਫਿਰ ਇਹ ਫੌਰਨ ਕਿਸੇ ਹੋਰ ਦੀਆਂ ਲੱਤਾਂ ਥਲੇ ਚਲੇ ਗਏ (ਹਾਸਾ) । ਮੈਨੂੰ ਪਤਾ ਹੈ ਕਿ ਸਰਦਾਰ ਨਰਾਇਣ ਸਿੰਘ ਵਿੱਚ ਕੀ ਬੋਲਦਾ ਹੈ । ਮੈਨੂੰ ਅਫਸੋਸ ਹੈ ਕਿ ਉਨ੍ਹਾਂ ਨੇ ਰਜ਼ਾਈਆਂ ਬਾਰੇ ਗਲਤ ਬਿਆਨੀ ਕੀਤੀ ਤੇ ਹਾਊਸ ਨੂੰ ਗੁਮਰਾਹ ਕੀਤਾ । ਉਨ੍ਹਾਂ ਰਜ਼ਾਈਆਂ ਬਾਰੇ ਮੈਨੂੰ ਅਜ ਹੀ ਕਰਨਾਲ ਤੋਂ ਟੈਲੀਫੋਨ ਆਇਆ ਹੈ ਜੋ ਤੁਹਾਨੂੰ ਮੈਂ ਦਸ ਦਿੰਦਾ ਹਾਂ ।

Telephonic message from G. A. to D. C. Karnal submitted to me by Shri R. S. Kang, Relief and Rehabilitation Commissioner, read as under :—

> "825 quilts in all were donated by the public of Karnal for being given away as relief to the uprooted persons of the border districts. These were marked by the D. C. Karnal as Relief Issue Karnal."

ਉਹ ਰਜ਼ਾਈ, ਡਿਪਟੀ ਸਪੀਕਰ ਸਾਹਿਬਾ, ਤੁਹਾਡੇ ਕਮਰੇ ਵਿੱਚ ਪਈ ਹੋਈ ਹੈ ਜਿਹੜੀ ਇਨ੍ਹਾਂ ਨੇ ਬੜੇ ਤਮਤਰਾਕ ਨਾਲ ਇਥੇ ਪੇਸ਼ ਕੀਤੀ । ਉਸਤੇ ਰੀਲੀਫ ਸੋਸਾਇਟੀ ਕਰਨਾਲ ਲਿਖਿਆ ਹੋਇਆ ਹੈ

> 2. G. A. is of the view that the quilts answering the description of upper and lower parts like that of the one exhibited in the Vidhan Sabha yesterday, number about 300 and all those quilts were sent by the D. C. Karnal to D. C. Amritsar."

ਬਜਾਏ ਇਸਦੇ ਕਿ ਉਹ ਇਸ ਤਰ੍ਹਾਂ ਇਥੇ ਆਕੇ ਹਾਊਸ ਦਾ ਵਕਤ ਜ਼ਾਇਆ ਕਰਦੇ ,ਉਹ ਪਹਿਲਾਂ ਮੈਨੂੰ ਪੁਛ ਲੈਂਦੇ, ਕਿਸੇ ਅਫਸਰ ਨੂੰ ਮਿਲਕੇ ਸਾਰੀ ਜਾਂਚ ਪੜਤਾਲ ਕਰ ਲੈਂਦੇ, ਲੇਕਿਨ ਇਸ ਕਿਸਮ ਦਾ ਸ਼ੋ ਪੈਦਾ ਕਰਨ ਦਾ ਮਕਸਦ ਨਾ ਰਜ਼ਾਈ ਨਾਲ ਸੀ, ਨਾਂ ਹੀ ਰਿਫਿਊਜੀਜ਼ ਦੇ ਨਾਲ

[ਟ੍ਰਾਂਸਪੋਰਟ ਅਤੇ ਚੋਣ ਮੰਤਰੀ]

ਹੀ ਸੀ ਅਤੇ ਇਸ ਗੱਲ ਦੇ ਕਰਨ ਦਾ ਮਤਲਬ ਤਾਂ ਸਿੱਧਾ ਗੁਰਦਿਆਲ ਸਿੰਘ ਨਾਲ ਹੀ ਸੀ ਕਿ ਉਸਨੂੰ ਕਿਸ ਤਰ੍ਹਾਂ ਪਤਾਰਿਆ ਜਾਵੇ। ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਮੈਂ ਸੁਰਿੰਦਰ ਤੇ ਗੁਰਿੰਦਰ ਦਾ ਨਾਮ ਲਿਆ ਸੀ ਤਾਂ ਮੈਂ ਤਾਂ ਇਕ ਮਿਸਾਲ ਹੀ ਦਿਤੀ ਸੀ ਕਿ ਉਸ ਗਰੀਬ ਦੇ ਦੋ ਲੜਕੇ ਸਨ ਜਿਨ੍ਹਾਂ ਦਾ ਨਾਮ ਲੈ ਲੈਕੇ ਸਾਰੀ ਦੁਨੀਆਂ ਉਨ੍ਹਾਂ ਦੇ ਇਰਦ ਗਿਰਦ ਘੁਮ ਗਈ। ਮੈਂ ਹੁਣ 50 ਸਾਲ ਤੋਂ ਉਪਰ ਹਾਂ ਅਤੇ ਮੈਨੂੰ ਹੁਣ ਇਹ ਅਫਸੋਸ ਜਾਂਦਾ ਰਿਹਾ ਕਿ ਮੇਰਾ ਨਾ ਕੋਈ ਲੜਕਾ ਹੈ ਤੇ ਨਾ ਕੋਈ ਲੜਕੀ ਹੈ। ਮੈਂ ਖੁਸ਼ਕਿਸਮਤ ਹਾਂ ਅਤੇ ਰਬ ਨੂੰ ਸ਼ਾਇਦ ਪਤਾ ਸੀ ਕਿ ਮੈਂ ਵਜ਼ੀਰ ਬਣਨਾ ਹੈ ਇਸੇ ਲਈ ਉਸਨੇ ਮੈਨੂੰ ਕੋਈ ਲੜਕਾ ਲੜਕੀ ਨਹੀਂ ਦਿਤਾ। ਮੇਰਾ ਹਕੀਕੀ ਭਾਈ ਤਾਂ ਕੋਈ ਹੈ ਨਹੀਂ ਸਿਰਫ ਇਕ ਸਟੈਪ ਬਰਦਰ ਸੀ ਅਤੇ ਉਹ ਵੀ ਹੁਣ ਨਹੀਂ ਰਿਹਾ। ਉਸਦਾ ਇਕ ਲੜਕਾ ਹੈ ਜੋ ਯੂ. ਪੀ. ਵਿੱਚ ਰਹਿੰਦਾ ਹੈ ਅਤੇ ਉਸਦੀ ਇਥੇ ਇਕ ਬਿਘਾ ਜ਼ਮੀਨ ਵੀ ਨਹੀਂ। ਸਰਦਾਰ ਨਰਾਇਣ ਸਿੰਘ ਕੋਲ ਜੋ ਕੁਝ ਪਹਿਲਾਂ ਸੀ ਤੇ ਜੋ ਕੁਝ ਹੁਣ ਹੈ ਉਸ ਨਾਲੋਂ ਵੀ ਉਸ ਬੱਚੇ ਕੋਲ ਇਸ ਵਕਤ 10 ਗੁਣਾ ਜ਼ਿਆਦਾ ਹੋਵੇਗਾ। ਉਹ ਨਿਹਾਇਤ ਸ਼ਰੀਫ ਹੈ ਅਤੇ ਮੈਂ ਕਸਮ ਖਾ ਕੇ ਕਹਿੰਦਾ ਹਾਂ ਕਿ ਉਸਨੂੰ ਮੈਨੂੰ ਮਿਲੇ ਨੂੰ ਵੀ ਸ਼ਾਇਦ ਛੇ ਮਹੀਨੇ ਹੋ ਗਏ ਹੋਣੇ ਹਨ। ਉਹ ਪੰਜਾਬ ਵਿੱਚ ਆਇਆ ਨਹੀਂ ਅਤੇ ਮੈਂ ਭਾਵੇਂ ਉਸਨੂੰ ਕਦੇ ਜਾਕੇ ਮਿਲ ਆਵਾਂ। ਬਾਕੀ ਪਿੰਡ ਵਿੱਚ ਛੇ ਸੱਤ ਪੀੜ੍ਹੀਆਂ ਵਿੱਚੋਂ ਕਿਸੇ ਨੂੰ ਰਲਾ ਮਿਲਾਕੇ ਮੇਰਾ ਭਤੀਜਾ ਬਣਾ ਦੇਣ ਤਾਂ ਇਸ ਤਰ੍ਹਾਂ ਹਰ ਇਕ ਦਾ ਸੌ ਸੌ ਭਤੀਜਾ ਨਿਕਲ ਆਵੇਗਾ, ਵੈਸੇ ਮੇਰਾ ਹੋਰ ਕੋਈ ਭਤੀਜਾ ਨਹੀਂ। ਉਹ ਬਿਚਾਰੇ ਮਰ ਖਪ ਗਏ, ਹੁਣ ਕਿਉਂ ਉਨ੍ਹਾਂ ਨੂੰ ਪਏ ਹੋ। ਬਾਕੀ, ਡਿਪਟੀ ਸਪੀਕਰ ਸਾਹਿਬਾ, ਤੁਸੀਂ ਜਾਣਦੇ ਹੋ ਅਤੇ ਵਾਹਿਗੁਰੂ ਜਾਣਦਾ ਹੈ ਕਿ ਅਸੀਂ ਕਿਤਨੇ ਕਾਤਲ, ਡਕੈਤ ਤੇ ਸਮਗਲਰ ਹਾਂ। ਨੈਚਰਲ ਜਸਟਸ ਹਰ ਇਕ ਦੇ ਨਾਲ ਹੋਵੇਗਾ, ਕਈਆਂ ਨਾਲ ਹੋ ਗਿਆ ਹੈ ਅਤੇ ਕਈਆਂ ਦੇ ਨਾਲ ਅਜੇ ਹੋਣਾ ਹੈ, ਸੋ ਹੋ ਕੇ ਰਹੇਗਾ।

श्री सुरेंदर नाथ गौतम : आन ए प्वायंट आफ आर्डर। मेरा प्वायंट आफ आर्डर यह है कि जब आपने तशरीह कर दी कि सरदार गुरनाम सिंह अकाली पार्टी के नहीं, अकाली ग्रुप के लीडर हैं तो अपोज़ीशन के एक दोसत गोगोआनी साहिब उठे और कहने लगे कि कामरेड राम प्यारा* × × × उन्होंने उस मैम्बर साहिब की तौहीन की है और ये लफ़्ज़ कार्यवाही से हज़्फ किए जाएं (शोर)

उपाध्यक्षा : गोगोआनी साहिब, क्या आपने ऐसा कहा है ? (Did the hon. Member Shri Gogoani say so?)

ਸਰਦਾਰ ਜਗਜੀਤ ਸਿੰਘ ਗੋਗੋਆਣੀ : ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਅਕਾਲੀ ਪਾਰਟੀ ਦੇ 15 ਮੈਂਬਰ ਹਾਂ ਅਤੇ ਜੇਕਰ ਇਕ ਮੈਂਬਰ ਹੋਰ ਹੁੰਦਾ ਤਾਂ ਉਹ ਅਪੋਜੀਸ਼ਨ ਦੇ ਲੀਡਰ ਹੁੰਦੇ। ਜੇਕਰ ਅਪੋਜੀਸ਼ਨ ਤੇ ਐਨੇ ਬੜੇ ਆਦਮੀ ਨੂੰ ਰਿਡੀਕਿਊਲ ਕਰਨ ਤਾਂ ਮੈਂ ਇਹ ਨਾ ਕਹਾਂ ਤਾਂ ਹੋਰ ਕੀ ਕਹਾਂ (ਸ਼ੋਰ)।

ਡਿਪਟੀ ਸਪੀਕਰ : ਤੁਸੀਂ ਬਜ਼ੁਰਗ ਆਦਮੀ ਹੋ, ਬੱਚਿਆਂ ਨਾਲ ਮੁਕਾਬਲਾ ਨਾ ਕਰੋ। ਜੇਕਰ ਤੁਸੀਂ * × × × ਕਿਹਾ ਹੈ ਤਾਂ ਵਾਪਸ ਲਉ। (The hon. Member is an old man and he should not compete with the younger ones. If he has used the words × × × then he should withdraw them.)

*Expunged as ordered by the Chair.

ਸਾਹਮਣੇ ਵੀ ਉਹ ਗਲ ਨਹੀਂ ਆਈ ਅਤੇ ਆਪਣੇ ਤਰੀਕੇ ਨਾਲ ਹੀ ਸਕੂਲਾਂ ਅਤੇ ਕਾਲਿਜਾਂ ਵਿਚੋਂ ਰੁਪਿਆ ਇਕਠਾ ਕਰਵਾ ਕੇ ਸੈਂਟਰ ਦੇ ਮਿਨਿਸਟਰ ਨੂੰ ਦੇ ਦਿੱਤਾ। ਉਹ ਰੁਪਿਆ ਪੰਜਾਬ ਦੇ ਰੀਲੀਫ ਲਈ ਇਕਠਾ ਕੀਤਾ ਗਿਆ ਸੀ। ਜਿਥੇ ਇਹੋ ਜਿਹੀ ਕਮਜ਼ੋਰ ਮਨਿਸਟਰੀ ਅਤੇ ਸਰਕਾਰ ਹੋਵੇ ਤਾਂ ਸੂਬੇ ਦਾ ਭਲਾ ਨਹੀਂ ਹੋ ਸਕਦਾ ਕਿਉਂ ਜੋ ਸਰਕਾਰ ਲੋਕਾਂ ਨੂੰ ਟੈਕਸ ਤੋਂ ਨਹੀਂ ਬਚਾ ਸਕਦੀ। ਸਾਡਾ ਜਿਹੜਾ ਸੰਵਿਧਾਨ ਬਣਾਇਆ ਗਿਆ ਹੈ ਇਸ ਦਾ ਮਤਲਬ ਵੈਲਫੇਅਰ ਸਟੇਟ ਕਾਇਮ ਕਰਨ ਦਾ ਅਤੇ ਸੋਸ਼ਲਿਜ਼ਮ ਲਿਆਉਣ ਦਾ ਹੈ ਸਾਡੀ ਪਾਰਟੀ ਜਿਹੜੀ ਕਿ ਦੇਸ਼ ਉਪਰ ਹਕੂਮਤ ਕਰਦੀ ਹੈ ਉਸ ਸੋਸ਼ਲਿਜ਼ਮ ਨੂੰ ਡੈਮੋਕਰੇਟਿਕ ਸੋਸ਼ਲਿਜ਼ਮ ਵਿਚ ਬਦਲ ਰਹੀ ਹੈ। ਠੀਕ ਹੈ, ਵੈਲਫ਼ੇਅਰ ਸਟੇਟ ਹੋਣੀ ਚਾਹੀਦੀ ਹੈ। ਚੁਨਾਂਚਿ ਜਦੋਂ ਇਸ ਪਾਰਟੀ ਦੇ ਹਥ ਤਾਕਤ ਆਈ ਤਾਂ ਇਨ੍ਹਾਂ ਨੇ ਸੋਚਿਆ ਕਿ ਪਿੰਡਾਂ ਵਿਚ ਤਿੰਨੇ ਜ਼ਰੂਰੀ ਚੀਜ਼ਾਂ ਜੁੱਲੀ, ਗੁੱਲੀ ਅਤੇ ਕੁੱਲੀ ਮੁਹੱਈਆ ਹੋਣੀਆਂ ਚਾਹੀਦੀਆਂ ਹਨ। ਪਰ ਹਕੀਕਤ ਇਹ ਹੈ ਕਿ ਪਿੰਡਾਂ ਵਿਚ ਤਾਲੀਮ ਦਾ ਇੰਤਜ਼ਾਮ ਨਹੀਂ ਹੈ, ਪਾਣੀ ਦਾ ਇੰਤਜ਼ਾਮ ਨਹੀਂ ਹੈ, ਸੈਨੀਟੇਸ਼ਨ ਦਾ ਇੰਤਜ਼ਾਮ ਨਹੀਂ ਹੈਲਥ ਦਾ ਪ੍ਰਬੰਧ ਨਹੀਂ ਹੈ, ਪਿੰਡ ਗਰੀਬੀ ਨਾਲ ਭਰੇ ਹੋਏ ਹਨ, ਲੋਕਾਂ ਵਿਚ ਕਮਜ਼ੋਰੀ ਆ ਗਈ ਹੈ, ਕਰਜ਼ੇ ਹੇਠ ਲੋਕ ਦਬੇ ਹੋਏ ਹਨ, ਇਹ ਸੋਚ ਕੇ ਸਾਡੀ ਸਰਕਾਰ ਨੇ ਜਿਹੜਾ ਸੋਸ਼ਲਿਜ਼ਮ ਦਾ ਨਾਅਰਾ ਲਗਾਇਆ ਸੀ ਉਸ ਉਤੇ ਅਮਲ ਕਰਨਾ ਸ਼ੁਰੂ ਕੀਤਾ ਤਾਂ ਜੋ ਪਿੰਡਾਂ ਦੇ ਲੋਕ ਜਿਹੜੇ ਗਰੀਬੀ ਵਿਚ ਘੁਲ ਰਹੇ ਹਨ ਉਨ੍ਹਾਂ ਨੂੰ ਉਚਾ ਕਰਕੇ ਦੂਸਰਿਆਂ ਦੇ ਬਰਾਬਰ ਲਿਆਂਦਾ ਜਾਵੇ ਤਾਂਕਿ ਉਹ ਵੀ ਉਤਨੇ ਹੀ ਤਾਕਤਵਰ ਅਤੇ ਖੁਸ਼ਹਾਲ ਹੋ ਜਾਣ ਜਿੰਨੇ ਕਿ ਸ਼ਹਿਰ ਦੇ ਲੋਕ ਹਨ। ਇਸ ਗਲ ਨੂੰ ਮਦੇ ਨਜ਼ਰ ਰਖਕੇ ਸਾਡੀ ਸਰਕਾਰ ਨੇ ਕਿਹਾ ਕਿ ਇਹ ਪਿੰਡਾਂ ਦੇ ਲੋਕ ਅਮੀਰ ਕਿਵੇਂ ਹੋ ਸਕਦੇ ਹਨ, ਇਨ੍ਹਾਂ ਨੇ ਸੀਲਿੰਗ ਲਗਾਈ ਇਹ ਤਰੀਕਾ ਸੀ ਪਿੰਡਾਂ ਦੇ ਲੋਕਾਂ ਨੂੰ ਅਮੀਰ ਕਰਨ ਦਾ, ਉਨਾਂ ਨੂੰ ਅਮੀਰ ਬਨਾਉਣ ਲਈ ਉਨ੍ਹਾਂ ਦੀਆਂ ਜ਼ਮੀਨਾਂ ਤੇ ਸੀਲਿੰਗ ਲਗਾਈ ਜਦੋਂ ਜ਼ਮੀਨ ਤੇ ਸੀਲਿੰਗ ਲਗਦੀ ਹੈ ਤਾਂ ਆਮਦਨੀ ਤੇ ਵੀ ਸੀਲਿੰਗ ਲਗ ਜਾਂਦੀ ਹੈ। ਪਿੰਡਾਂ ਦੇ ਗਰੀਬ ਆਦਮੀਆਂ ਦੀ ਜ਼ਮੀਨ ਤੇ ਲਿਮਿਟ, ਉਨ੍ਹਾਂ ਦੀ ਆਮਦਨੀ ਤੇ ਲਿਮਿਟ, ਕਾਂਗ੍ਰਸ ਪਾਰਟੀ ਨੇ ਸੋਸ਼ਲਿਜ਼ਮ ਨੂੰ ਲਿਆਉਣ ਦਾ ਇਹ ਭਾਰੀ ਕਦਮ ਉਠਾਇਆ। ਇਨਾਂ ਨੇ ਕਿਹਾ ਕਿ ਹਰੀਜਨਾਂ ਦਾ ਤਬਕਾ ਵੀ ਗਰੀਬ ਹੈ, ਇਹ ਪਿੰਡਾਂ ਵਿਚ ਰਹਿੰਦਾ ਹੈ, ਉਨ੍ਹਾਂ ਨੂੰ ਵੀ ਅਮੀਰ ਬਣਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਖੁਸ਼ਹਾਲ ਕਰਨ ਲਈ, ਉਨ੍ਹਾਂ ਨੂੰ ਦਰੁਸਤ ਕਰਨ ਲਈ ਸਰਕਾਰ ਨੇ ਇਕ ਤਰੀਕਾ ਕਢਿਆ। ਉਸ ਉਪਰ ਅਗਲੇ ਦਿਨ ਬਹਿਸ ਹੋ ਚੁਕੀ ਹੈ। ਜਦ ਸਰਕਾਰ ਨੂੰ ਇਹ ਕਿਹਾ ਗਿਆ ਕਿ ਇਕ ਹਜ਼ਾਰ ਏਕੜ ਜ਼ਮੀਨ ਦੀ ਫਾਰਮ ਫੌਜੀਆਂ ਨੂੰ ਦੇ ਦਿਉ ਤਾਂ ਇਨ੍ਹਾਂ ਨੇ ਕਿਹਾ ਕਿ ਕਾਨੂੰਨ ਇਜਾਜ਼ਤ ਨਹੀਂ ਦਿੰਦਾ ਇਹ ਜ਼ਮੀਨ ਅਸੀਂ ਗਰੀਬ ਹਰੀਜਨਾਂ ਨੂੰ ਦੇਵਾਂਗੇ। ਚੁਨਾਂਚਿ ਗਰੀਬ ਬਿਰਲਾਜ਼ ਜਿਹੜੇ ਛੋਟੇ ਜਿਹੇ ਇੰਡਸਟਰੀਅਲਿਸਟਸ ਹਨ, ਜਿਨ੍ਹਾਂ ਨੂੰ ਖਾਣ ਨੂੰ ਰੋਟੀ ਨਹੀਂ ਮਿਲਦੀ, ਸਰਕਾਰ ਨੇ ਸੋਚਿਆ ਕਿ ਉਨ੍ਹਾਂ ਨੂੰ ਫਾਰਮ ਦੇ ਕੇ ਉਚਾ ਕਰੋ। ਤੁਸੀਂ ਵੇਖ ਲਓ ਕਿ ਸੋਸ਼ਲਿਜ਼ਮ ਨੂੰ ਕਾਇਮ ਕਰਨ ਲਈ ਕਾਂਗ੍ਰਸ ਪਾਰਟੀ ਕਦਮ ਅਗੇ ਤੋਂ ਅਗੇ ਹੀ ਵਧਾਉਂਦੀ ਗਈ ਹੈ। ਡਿਪਟੀ ਸਪੀਕਰ ਸਾਹਿਬਾ, ਤੁਸਾਂ ਵੇਖਿਆ ਸੀ ਕਿ ਜਦੋਂ ਬਿਰਲਾ ਫਾਰਮ ਦੀ ਮੋਸ਼ਨ ਪਾਸ ਹੋਈ ਤਾਂ ਸਿਵਾਏ ਇਕ ਮਨਿਸਟਰ ਦੇ ਕੋਈ ਵੀ ਮੈਂਬਰ ਉਸ ਦੇ ਹਕ ਵਿਚ ਨਹੀਂ ਸੀ ਬੋਲਿਆ ਭਾਵੇਂ ਉਹ ਇਨ੍ਹਾਂ ਬੈਂਚਾ ਤੇ ਬੈਠਦਾ ਸੀ ਅਤੇ ਭਾਵੇਂ ਉਨ੍ਹਾਂ ਬੈਂਚਾ ਤੇ ਬੈਠਣ ਵਾਲਾ ਸੀ। ਹੁਣ ਵੀ ਮੇਰਾ ਖਿਆਲ ਹੈ ਕਿ ਜੇ ਕਰ ਸਖਤ ਵਿਪ ਨਾ ਲਾਗੂ ਕੀਤਾ ਗਿਆ ਤਾਂ ਸਾਡੇ ਰੈਵੀਨੀਉ ਮਨਿਸਟਰ ਇਕਲੇ ਹੀ ਰਹਿਣਗੇ। ਇਹ ਬੜੀ ਖੁਸ਼ੀ ਦੀ ਗਲ ਹੈ ਕਿ ਇਕਲੇ ਹੀ ਸਵਾ ਲੱਖ ਨਾਲ ਲੜਾਈ ਕਰਦੇ ਹਨ।

ਮਾਲ ਮੰਤਰੀ : ਰਵਾਇਤਾਂ ਕਾਇਮ ਕਰ ਹਹੇ ਹਾਂ ।

ਸਰਦਾਰ ਗੁਰਨਾਮ ਸਿੰਘ : ਕਹਿੰਦੇ ਹਨ ਕਿ ਰਵਾਇਤਾਂ ਕਾਇਮ ਕਰ ਰਹੇ ਹਾਂ । ਦਿਲ ਤਾਂ ਇਨ੍ਹਾਂ ਦਾ ਵੀ ਠੀਕ ਹੈ, ਸਾਫ ਹੈ, ਟੈਕਸ ਲਾਉਣ ਨੂੰ ਤਾਂ ਇਨ੍ਹਾਂ ਦਾ ਦਿਲ ਵੀ ਨਹੀਂ ਕਰਦਾ ਪਰ, ਹਾਲਾਂ ਕਿ ਖੁਦ ਬੜੇ ਮਜਬੂਤ ਹਨ, ਪਰਮਾਤਮਾ ਨੇ ਚੰਗਾ ਭਾਰੀ ਜਿਸਮ ਵੀ ਦਿਤਾ ਹੈ, ਫਿਰ ਵੀ ਦੂਸਰੇ ਸਾਰੇ ਮਿਲ ਕੇ ਇਨ੍ਹਾਂ ਨੂੰ ਥਲੇ ਦਬਾ ਲੈਂਦੇ ਹਨ ਵਰਨਾ ਇਨ੍ਹਾਂ ਦਾ ਦਿਲ ਕਿਸਾਨਾਂ ਉਤੇ ਟੈਕਸ ਲਗਾਉਣ ਨੂੰ ਬਿਲਕੁਲ ਨਹੀਂ ਕਰਦਾ ।

ਡਿਪਟੀ ਸਪੀਕਰ ਸਾਹਿਬਾ, ਮੈਂ ਅਰਜ਼ ਕਰ ਰਿਹਾ ਸੀ ਕਿ ਇਨ੍ਹਾਂ ਨੇ ਪਾਵਰਟੀ ਨੂੰ ਦੂਰ ਕਰਨ ਦਾ ਇਹ ਤਰੀਕਾ ਕਢਿਆ ਕਰਜ਼ੇ ਹੇਠਾਂ ਦਬੇ ਹੋਏ ਲੋਕਾਂ ਦਾ ਛੁਟਕਾਰਾ ਕਰਨ ਦੀ ਇਨ੍ਹਾਂ ਨੇ ਇਹ ਵਿਉਂਤ ਬਣਾਈ ਕਿ ਉਨ੍ਹਾਂ ਦੀ ਜ਼ਮੀਨ ਤੇ ਸੀਲਿੰਗ ਲਗਾਈ, ਉਨ੍ਹਾਂ ਦੀ ਇਨਕਮ ਤੇ ਸੀਲਿੰਗ ਲਗਾਈ ਪਰ ਕਿਸਾਨ ਅਜੇ ਵੀ ਨਾ ਮਰੇ ਤਾਂ ਡਿਪਟੀ ਸਪੀਕਰ ਸਾਹਿਬਾ ਪੰਜਾਬ ਦੇ 9 ਰਤਨ ਸਾਹਮਣੇ ਬੈਠੇ ਹੋਏ ਹਨ, ਜਿਸ ਤਰ੍ਹਾਂ ਨਾਲ ਅਕਬਰ ਦੇ ਦਰਬਾਰ ਵਿਚ 9 ਰਤਨ ਹੁੰਦੇ ਸਨ, ਇਨ੍ਹਾਂ ਨੇ ਸੋਚਿਆ ਕਿ ਕਿਹੜਾ ਤਰੀਕਾ ਲਭਿਆ ਜਾਵੇ, ਜ਼ਮੀਨ ਤੇ ਸੀਲਿੰਗ ਲਾ ਦਿਤੀ ਹੈ, ਆਮਦਨ ਤੇ ਸੀਲਿੰਗ ਲਗਾ ਦਿਤੀ ਹੈ, ਕਿਸਾਨ ਅਜੇ ਤਕ ਵੀ ਕਿਉਂ ਨਹੀਂ ਮਰਿਆ । ਫੇਰ ਇਨਾਂ ਨੇ ਸੋਚਿਆ ਕਿ ਹੁਣ ਇਨ੍ਹਾਂ ਨੂੰ ਮਾਰਨਾ ਜ਼ਰੂਰੀ ਹੈ ਔਰ ਉਨ੍ਹਾਂ ਨੂੰ ਮਾਰਨ ਵਾਸਤੇ ਜਿਨ੍ਹਾਂ ਦੇ ਪਾਸ ਇਕ ਏਕੜ ਵੀ ਜ਼ਮੀਨ ਹੈ ਉਸ ਉਤੇ ਵੀ ਇਨ੍ਹਾਂ ਨੇ ਸੈਸ ਲਗਾਉਣਾ ਹੈ । ਮੈਂ ਸਮਝਦਾਂ ਹਾਂ ਕਿ ਜੇਕਰ ਵਡੇ ਵਡੇ ਜ਼ਿਮੀਦਾਰਾਂ ਕੋਲੋਂ, ਵਡੇ ਵਡੇ ਆਦਮੀਆਂ ਕੋਲੋਂ ਸੈਸ ਲਿਆ ਜ਼ਾਵੇ, ਜਿਨ੍ਹਾਂ ਦੇ ਵਿਚ ਅਦਾ ਕਰਨ ਦੀ ਤਾਕਤ ਹੋਵੇ, ਤਦ ਤਾਂ ਗਲ ਸਮਝ ਵਿਚ ਆ ਸਕਦੀ ਹੈ । ਪਰ ਇਹ ਕਮਰਸ਼ਲ ਕਰਾਪਸ ਕਿਹੜੀਆਂ ਕਿਹੜੀਆਂ ਹਨ । ਇਹ ਹਨ ਗੰਨਾ ਮਿਰਚਾਂ ਅਤੇ ਕਪਾਹ । ਤੁਸੀਂ ਵੇਖੋ ਕਿ ਜਿਸ ਆਦਮੀ ਦੇ ਪਾਸ ਪੰਜ ਏਕੜ ਜਾਂ ਉਸ ਤੋਂ ਘਟ ਜ਼ਮੀਨ ਹੈ ਉਸ ਨੇ ਅਪਣਾ ਗੁਜ਼ਾਰਾ ਕਰਨਾ ਹੈ । ਉਹ ਉਸ ਜ਼ਮੀਨ ਉਤੇ ਆਮ ਤੌਰ ਤੇ ਉਹੀ ਚੀਜ ਬੀਜੇਗਾ ਜਿਸ ਦੇ ਨਾਲ ਉਸ ਨੂੰ ਜ਼ਿਆਦਾ ਫਾਇਦਾ ਪੁਜ ਸਕੇ । ਮਗਰ ਇਹ ਸੋਸ਼ਲਿਸ਼ਟ ਸਰਕਾਰ ਉਹ ਸਰ ਜਿਸ ਨੇ ਹਰ ਇਕ ਆਦਮੀ ਨੂੰ ਇਕ ਜੈਸਾ ਕਰਨਾ ਹੈ, ਜਿਸ ਨੇ ਗਰੀਬਾਂ ਨੂੰ ਉਚਾ ਉਠਾਉਣਾ ਹੈ, ਟੈਕਸ ਵੀ ਲਗਾਉਂਦੀ ਹੈ ਉਸ ਆਦਮੀ ਉਤੇ ਜਿਹੜਾ ਉਸੇ ਪੰਜ ਏਕੜ ਜ਼ਮੀਨ ਵਿਚ ਆਪਣਾ ਗੁਜ਼ਾਰਾ ਕਰਨ ਵਾਸਤੇ ਗੰਨਾ ਮਿਰਚਾਂ ਜਾਂ ਕਪਾਹ ਬੀਜਦਾ ਹੈ ।

ਫੇਰ ਡਿਪਟੀ ਸਪੀਕਰ ਸਾਹਿਬਾ, ਖੰਡ ਪਿੰਡਾਂ ਵਿਚ ਨਹੀਂ ਦਿੰਦੇ । ਖੰਡ ਦੀ ਡਿਸਟਰੀ-ਬਿਊਸ਼ਨ ਬਾਰੇ ਜਦ ਅਸੈਂਬਲੀ ਵਿਚ ਸਵਾਲ ਆਏ ਕਿ ਪਿੰਡਾਂ ਵਿਚ ਲੋਕਾਂ ਨੂੰ ਚੀਨੀ ਨਹੀਂ ਮਿਲਦੀ ਹੋਰ ਚੀਜ਼ਾਂ ਨਹੀਂ ਮਿਲਦੀਆਂ ਤਾਂ ਇਨ੍ਹਾਂ ਨੇ ਕਿਹਾ ਕਿ ਕੁਝ ਨਹੀਂ ਹੋ ਸਕਦਾ । ਪਿੰਡਾਂ ਦੇ ਲੋਕਾਂ ਨੂੰ ਸਰਕਾਰ ਚੀਨੀ ਨਹੀਂ ਦਿੰਦੀ, ਗੰਨਾ ਬੀਜਣ ਤਾਂ ਟੈਕਸ ਲਗਦਾ ਹੈ, ਗੰਨੇ ਦੀ ਚੀਨੀ ਬਣਾਉਣ ਦੀ ਇਜਾਜ਼ਤ ਉਨ੍ਹਾਂ ਨੂੰ ਨਹੀਂ । ਸ਼ਕਰ ਗੁੜ ਉਨ੍ਹਾਂ ਨੂੰ ਨਹੀਂ ਬਣਾਕੇ ਖਾਣ ਦਿੰਦੇ । ਮੇਰਾ ਖਿਆਲ ਹੈ ਹੁਣ ਇਨ੍ਹਾਂ ਨੇ ਰਤਨ ਮਨਿਸਟਰਾਂ ਦੀ ਮਨਿਸਟਰੀ ਨੇ ਸੋਚਿਆ ਕਿ ਹੁਣ ਉਨ੍ਹਾਂ ਨੂੰ ਆਖਰੀ ਹਲੂਣਾਂ ਦੇ ਕੇ ਛੋਟੇ ਕਿਸਾਨਾ ਦਾ ਗਲਾ ਘੁੱਟ ਕੇ ਉਨ੍ਹਾਂ ਨੂੰ ਮਾਰ ਹੀ ਦੇਣਾ ਚਾਹੀਦਾ ਹੈ । ਤੁਸੀਂ ਖਿਆਲ ਕਰੋ, 70—80 ਫੀ ਸਦੀ ਆਬਾਦੀ ਪਿੰਡਾਂ ਵਿਚ ਵਸਦੀ ਹੈ ਜੇਕਰ ਇਸ 80 ਫੀ ਸਦੀ ਆਬਾਦੀ ਦਾ ਇਹ ਹਾਲ ਹੋਵੇ-ਇਸ ਕਿਸਮ ਦੇ ਟੈਕਸ ਲਗਾ ਕੇ ਉਨਾਂ ਦਾ ਸਤਿਆ ਨਾਸ ਕੀਤਾ ਗਿਆ, ਉਨ੍ਹਾਂ ਨੂੰ ਕਮਜ਼ੋਰ ਕੀਤੀ ਗਿਆ, ਉਨ੍ਹਾਂ ਨੂੰ ਕਰਜੇ ਦੇ ਹੇਠ ਦਬਾ-ਇਆ ਗਿਆ ਰੋਟੀ ਉਨ੍ਹਾਂ ਨੂੰ ਖਾਣ ਨੂੰ ਨਾ ਮਿਲੀ, ਕਪੜੇ ਪਹਿਨਣ ਨੂੰ ਨਾ ਮਿਲੇ ਅਤੇ ਮਕਾਨ

Deputy Speaker : Sardar Gurnam Singh.

ਸਰਦਾਰ ਗੁਰਨਾਮ ਸਿੰਘ : (ਰਾਏ ਕੋਟ) ਡਿਪਟੀ ਸਪੀਕਰ ਸਾਹਿਬਾ, ਸਰਕਾਰ ਨੇ ਹਾਊਸ ਵਿਚ ਪੰਜਾਬ ਕਮਰਸ਼ਿਅਲ ਕਰਾਪਸ ਸੈਸ (ਅਮੈਂਡਮੈਂਟ) ਬਿਲ, 1965 ਮੂਵ ਕੀਤਾ ਹੈ..........

(ਸ਼ੋਰ ਵਿਘਨ)

कामरेड राम प्यारा : ग्रान ए प्वायंट ग्राफ ग्रार्डर, मैडम । डिप्टी स्पीकर साहिबा, सरदार गुरनाम सिंह ने कमरशियल क्राप्स सैस बिल पर स्पीच करनी शुरू कर दी है । मैं उनकी स्पीच के खत्म होने तक इन्तजार नहीं कर सकता हूँ । मेरा प्वांयट ग्राफ ग्रार्डर रेज़ करने का ग्रधिकार है । इस लिए मुझे प्वांयट ग्राफ ग्रार्डर रेज़ करने की इजाजत होनी चाहिए........
(शोर) (विघ्न)

उपाध्यक्षा : मुझे नाखुशग्वार काम करने के लिए मजबूर न किया जाए । Please take your seat. (I may not be compelled to perform the unpleasant duty. Please resume your seat.)

कामरेड राम प्यारा : ग्रान ए प्वायंट ग्राफ ग्रार्डर, मैडम । डिप्टी स्पीकर साहिबा, मैं ग्रर्ज़ करना चाहता हूं कि.........(शोर)

Deputy Speaker : Please take your seat. No noise please.

कामरेड राम प्यारा : ग्रान ए प्वायंट ग्राफ ग्रार्डर, मैडम । मुझे प्वायंट ग्राफ ग्रार्डर रेज़ करने का ग्रधिकार है ।

Deputy Speaker : Comrade Ram Piara, I request you to take your seat. I will listen to you.

कामरेड राम प्यारा :* × × ×

ਸਰਦਾਰ ਜਗਜੀਤ ਸਿੰਘ ਗੋਗੋਆਣੀ : * × × (ਸ਼ੋਰ) (ਵਿਘਨ)

उपाध्यक्षा : सरदार जगजीत सिंह गोगोग्रानी ग्रौर कामरेड राम प्यारा मेरे दोनों भाई हैं । मैं उनको ग्रपने चैम्बर में बुलाऊंगी । पहले उनकी बातों को सुनूंगी ग्रौर उसके बाद फैसला दूंगी । क्या दोनों का मेरे ऊपर इतबार नहीं है ? There must be some decency and decorum of the House. (Sardar Jagjit Singh Gogoani and Comrade Ram Piara both are my brothers. I shall call them in my Chamber. I shall first hear them and give my decision after that. Have both of them not confidence in me? There must be some decency and decorum of the House.)

**Note*.—Expunged as ordered by the Chair.

कामरेड राम प्यारा : * * * * *

(हाउस में काफी शोर था और कुछ भी सुनाई नहीं दे रहा था)

Deputy Speaker : Then I adjourn the House for 15 minutes.

(इस समय हाउस 15 मिनट के लिए एडजर्न हुआ)

ਸਰਦਾਰ ਗੁਰਨਾਮ ਸਿੰਘ : ਡਿਪਟੀ ਸਪੀਕਰ ਸਾਹਿਬਾ, ਮੈਂ ਕਹਿ ਰਿਹਾ ਸੀ ਕਿ ਸਰਕਾਰ ਨੇ ਜਿਹੜਾ ਕਮਰਸ਼ਲ ਕ੍ਰਾਪਸ ਸੈਸ ਅਮੈਂਡਮੈਂਟ ਬਿਲ ਲਿਆਂਦਾ ਹੈ, ਇਹ ਗਰੀਬ ਤਬਕੇ ਤੇ ਟੈਕਸ ਲਗਾਉਣ ਦਾ ਪ੍ਰਬੰਧ ਕੀਤਾ ਹੈ । ਜਿਸ ਵੇਲੇ ਪਹਿਲੇ ਇਹ ਬਿਲ ਬਣਿਆ ਸੀ ਤਾਂ ਗੌਰਮਿੰਟ ਨੇ ਇਹ ਵਾਅਦਾ ਕੀਤਾ ਸੀ ਕਿ ਮਾਰਚ, 1966 ਤੋਂ ਅਗੇ ਇਹ ਸੈੱਸ ਨਹੀਂ ਲਗਾਇਆ ਜਾਵੇਗਾ । ਹੁਣ ਵੀ ਕਮਰਸ਼ਲ ਕ੍ਰਾਪਸ ਦਾ ਸੈੱਸ ਮਾਰਚ 1966 ਤਕ ਜਾਰੀ ਹੈ । ਹੁਣ ਸਰਕਾਰ ਨੇ ਇਹ ਵਜਾ ਦਿਤੀ ਹੈ ਕਿ ਫੋਰਥ ਫਾਈਵ ਯੀਅਰ ਪਲਾਨ ਲਈ ਰੁਪਿਆ ਚਾਹੀਦਾ ਹੈ। ਪਹਿਲੀ ਗਲ ਤਾਂ ਇਹ ਹੈ ਕਿ ਜੇ ਕਰ ਸਰਕਾਰ ਨੇ ਕੋਈ ਵਾਅਦਾ ਕੀਤਾ ਹੋਵੇ ਤਾਂ ਸਰਕਾਰ ਦਾ ਫਰਜ਼ ਹੈ ਕਿ ਉਸ ਉਪਰ ਕਾਇਮ ਰਹੇ । ਜੇ ਕਰ ਕੋਈ ਐਗ੍ਰੀਮੈਂਟ ਕਿਸੇ ਇਕ ਆਦਮੀ ਵਿਚ ਅਤੇ ਦੂਸਰੇ ਵਿਚ ਹੋਇਆ ਹੋਵੇ ਅਤੇ ਉਸ ਐਗਰੀਮੈਂਟ ਤੋਂ ਜਾਂ ਵਾਅਦੇ ਤੋਂ ਕੋਈ ਆਦਮੀ ਮੁੱਕਰ ਜਾਵੇ ਤਾਂ ਦੂਸਰਾ ਉਸ ਕਰਕੇ ਕਚਹਿਰੀ ਵਿਚ ਜਾ ਸਕਦਾ ਹੈ । ਪਰ ਜੇ ਕਰ ਸਰਕਾਰ ਵਾਅਦੇ ਤੋਂ ਮੁੱਕਰ ਜਾਵੇ ਤਾਂ ਕੋਈ ਚਾਰਾ ਨਹੀਂ ਹੈ ਜਿੰਨੀ ਦੇਰ ਤਕ ਹਾਊਸ ਦੇ ਮੈਂਬਰ ਉਸ ਵਾਅਦੇ ਨੂੰ ਅਗੇ ਰੱਖ ਕੇ ਸਰਕਾਰ ਦੇ ਬਿਲ ਨੂੰ ਨਾਮੰਜ਼ੂਰ ਨਾ ਕਰ ਦੇਣ ਜਿਵੇਂ ਕਿ ਆਪ ਨੂੰ ਮਾਲੂਮ ਹੋ ਚੁਕਿਆ ਹੈ ਸਰਕਾਰ ਕਮਜ਼ੋਰ ਹੋ ਗਈ ਹੈ । ਵਰਨਾ ਇਕ ਇਟਰ-ਨੈਸ਼ਨਲ ਟਾਈਪ ਦੀ ਲੜਾਈ ਲਗੀ ਹੋਵੇ, ਸਾਰੇ ਹਿਦੁਸਤਾਨ ਦੀ ਲੜਾਈ ਹੋਵੇ, ਪੰਜਾਬ ਵਿਚ ਐਨਾ ਨੁਕਸਾਨ ਹੋਇਆ ਹੋਵੇ, ਪੰਜਾਬ ਦੇ ਤਕਰੀਬਨ ਤਿੰਨ ਜ਼ਿਲ੍ਹੇ ਤਬਾਹ ਹੋ ਗਏ ਹੋਣ, ਇਨ੍ਹਾਂ ਹਾਲਾਤ ਵਿਚ ਸਰਕਾਰ ਲਈ ਇਕ ਗਰੀਬ ਤਬਕੇ ਤੇ ਟੈਕਸ ਲਾਉਣਾ ਬਹੁਤ ਬੁਰੀ ਗਲ ਹੈ । ਬਦਕਿਸਮਤੀ ਨਾਲ ਪੰਜਾਬ ਦੀ ਅਕਾਨਮੀ ਤਬਾਹ ਹੋ ਚੁਕੀ ਹੈ । ਇਕ ਪਾਰਟੀ ਦਾ ਰੂਲ ਸਾਰੇ ਹਿੰਦੁਸਤਾਨ ਵਿਚ ਹੈ । ਜਦੋਂ ਵੀ ਕੋਈ ਅਗਲਾ ਆਉਂਦਾ ਹੈ ਤਾਂ ਉਹ ਪਾਰਟੀ ਨਸ ਕੇ ਹਾਈ ਕਮਾਂਡ ਕੋਲ ਚਲੀ ਜਾਂਦੀ ਹੈ ਅਤੇ ਜਿਹੜਾ ਆਰਡਰ ਉਹ ਦੇਵੇ ਉਸੇ ਉਪਰ ਅਮਲ ਕਰਦੀ ਹੈ । ਜੇਕਰ ਅਟਾਨਮੀ ਹੋਵੇ ਤਾਂ ਪੰਜਾਬ ਨੂੰ ਆਪਣਾ ਕੇਸ ਸੈਂਟਰ ਦੇ ਸਾਹਮਣੇ ਰਖਣਾ ਚਾਹੀਦਾ ਸੀ । ਹੁਣ ਇਹ ਕਹਿਣਾ ਕਿ ਫੋਰਥ ਫਾਈਵ ਯੀਅਰ ਪਲਾਨ ਵਾਸਤੇ ਰੁਪਿਆ ਚਾਹੀਦਾ ਹੈ, ਇਸ ਦੇ ਬਾਰੇ ਮੈਂ ਵੀ ਕਿਹਾ ਸੀ ਅਤੇ ਬਾਬੂ ਬਚਨ ਸਿੰਘ ਜੀ ਨੇ ਵੀ ਇਨ-ਸਿਸਟ ਕੀਤਾ ਸੀ ਕਿ ਸਾਡੇ ਸਾਹਮਣੇ ਪਲਾਨ ਡਿਸਕਸ਼ਨ ਵਾਸਤੇ ਲਿਆਉ ਤਾਂ ਜੋ ਅਸੀਂ ਤੁਹਾਡੇ ਹਥ ਮਜ਼ਬੂਤ ਕਰੀਏ ਅਤੇ ਤੁਸੀਂ ਸੈਂਟਰ ਕੋਲੋਂ ਰੁਪਿਆ ਲੈ ਸਕੋ । ਕੀ ਇਹ ਸਰਕਾਰ ਸੈਂਟਰ ਨੂੰ ਨਹੀਂ ਕਹਿ ਸਕਦੀ ਕਿ ਪੰਜਾਬ ਦਾ ਲੜਾਈ ਦੀ ਵਜ੍ਹਾ ਕਰਕੇ ਬਹੁਤ ਨੁਕਸਾਨ ਹੋ ਚੁਕਿਆ ਹੈ ਅਤੇ ਗਰੀਬ ਲੋਕ ਟੈਕਸ ਦੇਣ ਦੇ ਕਾਬਲ ਨਹੀਂ ਹਨ, ਅਤੇ ਉਹ ਨਹੀਂ ਦੇ ਸਕਦੇ ? ਪਰ ਗਲ ਉਹੋ ਹੈ ਕਿ ਕਮਜ਼ੋਰ ਸਰਕਾਰ ਹੈ, ਨਹੀਂ ਕਹਿ ਸਕਦੀ । ਇਥੇ ਜ਼ਰੂਰ ਕਹਿੰਦੇ ਹਨ ਕਿ ਅਸੀਂ ਤਗੜੇ ਹਾਂ ਪਰ ਜਦੋਂ ਦਿਲੀ ਜਾਂਦੇ ਹਨ ਤਾਂ ਇਹ ਕਹਿਣ ਦੀ ਜਰੂਅਤ ਨਹੀਂ ਪੈਂਦੀ । ਤੁਹਾਨੂੰ ਪਤਾ ਹੈ ਕਿ ਲੋਕਾਂ ਦਾ ਮਾਈਂਡ ਕਿੰਨਾ ਇਰੀਟੇਟ ਹੋਇਆ ਕਿ ਪੰਜਾਬ ਰੀਲੀਫ ਲਈ ਇਕੱਠਾ ਕੀਤਾ ਹੋਇਆ ਰੁਪਿਆ ਇਕ ਮਿਨਿਸਟਰ ਸਾਹਿਬ ਦਿਲੀ ਲੈ ਕੇ ਚਲੇ ਗਏ । ਜਿਥੋਂ ਤਕ ਸਾਡੀ ਇਤਲਾਹ ਹੈ ਕੈਬਨਿਟ ਦੇ ਸਾਹਮਣੇ ਜਾਂ ਇੰਤਜ਼ਾਮੀਆਂ ਕਮੇਟੀ ਦੇ

*Note : Expunged as ordered by the Chair vide ruling at page (24)52 infra

ਰਹਿਣ ਨੂੰ ਨਾ ਮਿਲਿਆ ਤਾਂ ਫੇਰ ਸਮਝ ਲਓ ਕਿ ਤੁਹਾਡਾ ਕੀ ਹਾਲ ਹੋਵੇਗਾ। ਜੇਕਰ 80 ਫੀਸਦੀ ਲੋਕਾਂ ਦਾ ਇਹ ਹਾਲ ਕਰ ਦਿਤਾ ਗਿਆਂ ਤਾਂ ਸਰਕਾਰ ਵੀ ਨਹੀਂ ਰਹਿ ਸਕਦੀ।

ਡਿਪਟੀ ਸਪੀਕਰ ਸਾਹਿਬਾ, ਅਗਲੇ ਰੋਜ਼ ਸਰਦਾਰ ਦਰਬਾਰਾ ਸਿੰਘ, ਹੋਮ ਮਨਿਸਟਰ ਨੇ ਬਿਰਲਾ ਫਾਰਮ ਬਾਰੇ ਬਹਿਸ ਵਿਚ ਹਿਸਾ ਲੈਂਦੇ ਹੋਏ ਜੋ ਲਫਜ਼ ਕਹੇ ਉਹ ਮੈਂ ਨੋਟ ਕਰਕੇ ਰਖੇ ਹੋਏ ਹਨ। ਉਨ੍ਹਾਂ ਨੇ ਕਿਹਾ :—

> "A vast majority of the farmers own uneconomic holdings and unless they could increase their yield, there was no chance of improving their economy."

ਇਹ ਲਫਜ਼ ਹਨ ਜਿਹੜੇ ਉਨ੍ਹਾਂ ਨੇ ਉਸ ਵਕਤ ਕਹੇ ਜਦ ਕਿ ਬਿਰਲਿਆਂ ਨੂੰ ਡਿਫੈਂਡ ਕਰਨਾ ਸੀ, ਜਰਾ ਨੋਟ ਕਰੋ, ਉਨ੍ਹਾਂ ਨੇ ਕਿਹਾ ਹੈ " A vast majority of the farmers own uneconomic holdings" ਮੈਂ ਪੁਛਦਾ ਹਾਂ ਕਿ 80 ਫੀਸਦੀ ਫਾਰਮਰਜ਼ ਜਿਨ੍ਹਾਂ ਦੀ ਹੋਲਡਿਗ ਪੰਜ ਤੋਂ ਲੈ ਕੇ 10 ਏਕੜ ਤਕ ਹੈ, ਕਿਵੇਂ ਇਹ ਭਾਰ ਸਹਿ ਸਕਦੇ ਹਨ ? ਮੈਂ ਇਸ ਗਲ ਨੂੰ ਮਨਦਾ ਹਾਂ ਔਰ ਇਸ ਹਾਊਸ ਵਿਚ, ਪਬਲਿਕਲੀ ਵੀ ਇਹ ਗਲ ਕਹਿਣ ਲਈ ਤਿਆਰ ਹਾਂ ਕਿ ਮੇਜਰ ਸਾਹਿਬ ਦੀ ਜ਼ਿਮੀਦਾਰਾਂ ਨਾਲ ਬੜੀ ਦਿਲਚਸਪੀ ਹੈ ਪਰ ਮੈਂ ਉਨ੍ਹਾਂ ਤੋਂ ਪੁਛਦਾ ਹਾਂ ਕਿ ਕੀ ਪੰਜ ਤੋਂ ਦੱਸ ਏਕੜ ਦੀ ਜ਼ਮੀਨ ਵਾਲਾ ਫਾਰਮਰ ਇਸ ਸੈਸ ਨੂੰ ਦੇਣ ਦੇ ਕਾਬਲ ਹੈ ? ਕੀ ਉਸ ਦੇ ਮਕਸਦ ਲਈ, ਜਿਸ ਨੇ ਉਸ ਜ਼ਮੀਨ ਨਾਲ ਅਪਣਾ ਤੇ ਅਪਣੇ ਬਾਲ ਬਚਿਆ ਦਾ ਗੁਜ਼ਾਰਾ ਕਰਨਾ ਹੈ, ਤੁਸੀਂ ਗੰਨੇ ਨੂੰ ਕਮਰਸ਼ਲ ਕਰਾਪ ਕਹਿੰਦੇ ਹੋ, ਮਿਰਚਾਂ ਨੂੰ ਕਮਰਸ਼ਲ ਕਰਾਪ ਕਹਿੰਦੇ ਹੋ ਉਸ ਵਿਚ ਕਿਤਨੀਆਂ ਮਿਰਚਾਂ ਉਗਦੀਆਂ ਹਨ ? ਕੀ ਕਦੇ ਤੁਸੀਂ ਏਰੀਏ ਦਾ ਅਦਾਜ਼ਾ ਵੀ ਕੀਤਾ ਹੈ ? ਸੋ ਮੈਂ ਇਹ ਕਹਿੰਦਾ ਹਾਂ ਕਿ ਇਹ ਸਰਾਸਰ ਜ਼ੁਲਮ ਹੈ। ਇਸ ਤਾ ਨਤੀਜਾ ਕੀ ਹੋਇਆ ਹੈ ? ਉਹ ਇਹ ਕਿ ਇਹ ਜਿਹੜਾ ਤੁਸੀਂ ਸੈਸ ਲੈ ਰਹੇ ਹੋ ਇਸ ਦੇ ਨਾਲ ਜਿਵੇਂ ਕਹਿੰਦੇ ਹਨ ਇਕ ਪਥੱਰ ਨਾਲ ਦੋ ਪਰਿੰਦੇ ਮਾਰਨ ਵਾਲੀ ਗਲ ਹੈ। ਇਸ ਦੇ ਨਾਲ ਤੁਸਾਂ ਛੋਟੇ ਕਿਸਾਨ ਨੂੰ ਵੀ ਮਾਰ ਲਿਆ ਛੋਟੇ ਜਿਮੀਦਾਰ ਨੂੰ ਵੀ ਮਾਰ ਲਿਆ ਔਰ ਹਰੀਜਨ ਨੂੰ ਵੀ ਮਾਰ ਲਿਆ। ਇਸ ਨਾਲ ਆਪਣਾ ਮਕਸਦ ਪਰਾ ਕਰਨ ਵਿਚ ਸਾਡੀ ਸਰਕਾਰ ਨੇ ਸੌ ਫੀਸਦੀ ਕਾਮਿਯਾਬੀ ਕਰ ਲਈ ਜਿਸ ਨੂੰ ਦਸ ਸਾਲ ਤਕ ਨਹੀਂ ਮਾਰ ਸਕੀ ਉਸ ਨੂੰ ਹੁਣ ਮਾਰਨ ਵਿਚ ਕਾਮਯਾਬ ਹੋ ਗਈ। ਮੈਂ ਤਾਂ ਇਹ ਕਹਾਂਗਾ ਜਮੀਨ ਉਤੇ ਜਿਹੜਾ ਦਬਾ ਹੈ ਉਹ ਘਟਣਾ ਚਾਹੀਦਾ ਹੈ। ਤੁਸੀਂ ਪੜ ਕੇ ਵੇਖੋ, ਰੀਜ਼ਰਵ ਬੈਂਕ ਦੀਆਂ ਰੀਪੋਰਟਾਂ ਹਨ। ਉਨਾਂ ਵਿਚ ਤੁਹਾਨੂੰ ਇਹ ਗਲ ਸਪਸ਼ਟ ਮਿਲੇਗੀ ਕਿ 75 ਫੀਸਦੀ ਕਿਸਾਨ ਅਤੇ ਪਿੰਡਾਂ ਵਿਚ ਰਹਿਣ ਵਾਲਾ ਸ਼ਖਸ ਕਰਜ਼ੇ ਦੇ ਥਲੇ ਦਬਿਆ ਹੋਇਆ ਹੈ। ਇਹ ਰੀਜ਼ਰਵ ਬੈਂਕ ਦੀ ਫਾਇਡਿੰਗ ਹੈ। 75 ਫੀਸਦੀ ਉਹ ਕਿਸਾਨ ਹੈ; ਉਹ ਛੋਟਾ ਜਿਮੀਂਦਾਰ ਹੈ, ਫਾਰਮਰ ਹੈ ਜਿਸ ਦੀ ਓਨਰਸ਼ਿਪ 5-10 ਏਕੜ ਜ਼ਮੀਨ ਦੀ ਹੈ। ਤਾਂ ਕੀ ਤਸੀਂ ਇਹ ਵਾਜਬ ਸਮਝਦੇ ਹੋ ਕਿ ਉਨ੍ਹਾਂ ਉਤੇ ਇਹ ਸੈਸ ਲਗਾਇਆ ਜਾਵੇ ? ਮੈਂ ਇਸ ਗਲ ਦਾ ਫੈਸਲਾ ਮੇਜਰ ਸਾਹਿਬ ਤੇ ਹੀ ਛਡਦਾ ਹਾਂ। ਕਲ ਹੀ ਇਥੇ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ ਦਾ ਇਕ ਡੈਲੀਗੇਸ਼ਨ ਆਇਆ ਹੋਇਆ ਸੀ, ਉਨ੍ਹਾਂ ਨਾਲ ਗਲਬਾਤ ਹੋਈ। ਉਨ੍ਹਾਂ ਨੇ ਦਸਿਆ ਕਿ ਹਾਲਾਂ ਕਿ ਇੰਗਲੈਂਡ ਸੋਸ਼ਲਿਜ਼ਮ ਦੇ ਰਸਤੇ ਉਤੇ ਚਲ ਰਿਹਾ ਹੈ ਪਰ ਉਨ੍ਹਾਂ ਨੇ ਵੀ ਹੁਣ ਫਾਰਮਾਂ ਬਾਰੇ ਅਪਣਾ ਵਤੀਰਾ ਬਦਲ ਲਿਆ ਹੈ। ਉਨ੍ਹਾਂ ਨੇ ਦਸਿਆ ਕਿ ਚੂੰਕਿ ਖੁਰਾਕ ਦੀ ਕਮੀ ਹੋ ਰਹੀ ਹੈ ਇਸ ਲਈ ਅਸਾਂ ਇਹ ਫੈਸਲਾ ਕੀਤਾ ਹੈ ਕਿ ਫਾਰਮਾਂ ਵਡੀਆਂ ਵਡੀਆਂ ਕੀਤੀਆਂ ਜਾਣ ਔਰ ਇਸ ਕਰਕੇ ਲੋਕਾਂ ਨੂੰ ਇਹ ਆਗਿਆ ਦੇ ਦਿਤੀ

[ਸਰਦਾਰ ਗੁਰਨਾਮ ਸਿੰਘ]

ਹੈ ਕਿ ਉਥੋਂ ਦੇ ਫਾਰਮਰਜ਼ ਆਪਣੀ ਆਪਣੀ ਹਮਸਾਏ ਫਾਰਮਾਂ ਨੂੰ ਖਰੀਦ ਸਕਦੇ ਹਨ ਛੋਟੀ ਫਾਰਮ ਵਾਲਾ ਨਾਲ ਲਗਦੀ ਫਾਰਮ ਖਰੀਦ ਸਕਦਾ ਹੈ ਔਰ ਇਸ ਤਰ੍ਹਾਂ ਅਪਣੀ ਫਾਰਮ ਨੂੰ ਇਕਨਾਮਿਕ ਹੋਲਡਿੰਗ ਬਣਾ ਸਕਦਾ ਹੈ ਸਾਡੇ ਵਜ਼ੀਰ ਬਿਰਲਿਆਂ ਦੇ ਫਾਇਦੇ ਲਈ ਬੋਲਣ ਵੇਲੇ ਤਾਂ ਕਹਿ ਦੇਣਗੇ ਕਿ ਇਥੇ ਅਨਇਕਨਾਮਿਕ ਹੋਲਡਿੰਗਜ਼ ਹਨ ਪਰ ਜਿਸ ਵੇਲੇ ਟੈਕਸ ਲਗਾਉਣ ਦਾ ਵਕਤ ਆਉਂਦਾ ਹੈ ਤਾਂ ਸਮਝਦੇ ਹਨ ਕਿ ਇਨ੍ਹਾਂ ਅਨਇਕਨਾਮਿਕ ਹੋਲਡਿੰਗਜ਼ ਦੇ ਮਾਲਕ ਵੀ ਸੈਸ ਦੇਣ ਦੇ ਕਾਬਲ ਹਨ । ਡਿਪਟੀ ਸਪੀਕਰ ਸਾਹਿਬਾ, ਇਸ ਬਿਲ ਬਾਰੇ ਬਹੁਤ ਸਾਰੀਆਂ ਅਮੈਂਡਮੈਂਟਸ ਦੇ ਨੋਟਿਸਿਜ਼ ਆਏ ਹੋਏ ਹਨ ਔਰ ਉਹ ਅਮੈਂਡਮੈਂਟਸ ਸ਼ਾਇਦ ਇਹ ਹਨ ਕਿ ਜਿਹੜੀ ਪੰਜ ਏਕੜ ਤੋਂ ਘਟ ਦੀ ਹੋਲਡਿੰਗ ਹੈ ਉਸ ਉਤੇ ਇਹ ਸੈਸ ਨਾ ਲਗੇ । ਬੇਹਤਰ ਤਾਂ ਇਹੋ ਹੋਵੇਗਾ ਕਿ ਪੰਜ ਏਕੜ ਵਾਲਿਆਂ ਨੂੰ ਸੈਸ ਦੀ ਛੂਟ ਦੇਣ ਵਾਲੀ ਗਲ ਮਨਿਸਟਰ ਸਾਹਿਬ ਮੰਨ ਲੈਣ ਕਿਉਂਕਿ ਪੰਜ ਏਕੜ ਵਾਲੀ ਲਿਮਿਟ ਵਿਚ ਤੁਸੀਂ ਮੰਨੋਗੇ ਕਿ ਹਰੀਜਨ ਵੀ ਹੈ, ਛੋਟਾ ਕਿਸਾਨ ਵੀ ਹੈ, ਛੋਟਾ ਮੁਜ਼ਾਰਾ ਵੀ ਹੈ । ਆਇਆ ਤੁਸੀਂ ਛੋਟੇ ਕਿਸਾਨ ਨੂੰ, ਮੁਜ਼ਾਰੇ ਨੂੰ ਹਰੀਜਨ ਨੂੰ ਕੋਈ ਰਿਲੀਫ ਦੇਣਾ ਚਾਹੁੰਦੇ ਹੋ ਉਨ੍ਹਾਂ ਗਰੀਬਾਂ ਦੀ ਕੋਈ ਮਦਦ ਕਰਨਾ ਚਾਹੁੰਦੇ ਹੋ, ਇਹ ਤੁਹਾਡੇ ਹੁਣ ਇਸ ਬਿਲ ਤੇ ਰਵੀਏ ਤੋਂ ਸਾਫ ਪਤਾ ਲਗ ਜਾਏਗਾ ।

ਮੈਂ ਜ਼ਿਆਦਾ ਵਕਤ ਨਹੀਂ ਲੈਣਾ ਚਾਹੁੰਦਾਂ ਕਿਉਂਕਿ ਮੇਰਾ ਖਿਆਲ ਹੈ, ਇਸ ਬਿਲ ਉਤੇ ਬੋਲਣ ਵਾਲੇ ਦੋਹਾਂ ਤਰਫ ਤੇ ਬਹੁਤ ਸਾਰੇ ਸੱਜਣ ਹਨ । ਸੋ ਮੈਂ ਜਿਆਦਾ ਵਕਤ ਨਾ ਲੈਂਦਾ ਹੋਇਆ ਰੈਵਿਨੀਉ ਮਨਿਸਟਰ ਸਾਹਿਬ ਪਾਸ ਦਰਖਾਸਤ ਕਰਾਂਗਾ ਕਿ ਅਗਰ ਉਹ ਇਸ ਸੈਸ ਨੂੰ ਲਗਾਉਣ ਤੇ ਮਜਬੂਰ ਹਨ ਤਾਂ ਕਮ ਅਜ਼ ਕਮ ਇਕ ਤਾਂ ਜਿਹੜੀ ਪੰਜ ਏਕੜ ਵਾਲੀ ਗਲ ਹੈ ਇਸ ਨੂੰ ਮੰਨ ਲੈਣ । ਦੂਸਰੇ ਮੈਂ ਇਸ ਚੀਜ਼ ਨੂੰ ਪੰਜਾਬ ਸਰਕਾਰ ਦੀ ਕਮਜ਼ੋਰੀ ਸਮਝਾਂਗਾ ਜੇ ਇਸ ਨੇ ਪਲੈਨ ਦੇ ਬਹਾਨੇ ਹੇਠ ਇਸ ਚੀਜ ਨੂੰ ਪਾਸ ਕਰਵਾ ਲਿਆ ਮੈਂ ਪੂਰੇ ਜੋਰਦਾਰ ਸ਼ਬਦਾਂ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਟੈਕਸ ਜੇਕਰ ਲਗਾਣੇ ਹੀ ਹਨ ਤਾਂ ਉਨ੍ਹਾਂ ਉਤੇ ਲਗਾਉ ਜਿਨ੍ਹਾਂ ਦੀ ਟੈਕਸ ਦੇਣ ਦੀ ਤਾਕਤ ਹੋਵੇ । ਜਿਨ੍ਹਾਂ ਦੀ ਤਾਕਤ ਹੀ ਟੈਕਸ ਦੇਣ ਦੀ ਨਹੀਂ ਉਨ੍ਹਾਂ ਉਤੇ ਪਲੈਨ ਦਾ ਬਹਾਨਾ ਬਣਾਕੇ ਟੈਕਸ ਲਗਾਉਣਾ ਜ਼ੁਲਮ ਨਹੀਂ ਤਾਂ ਕੀ ਹੈ ? ਚੌਥੀ ਪੰਜ ਸਾਲਾ ਪਲੈਨ ਵਾਸਤੇ ਤਾਂ ਸੈਂਟਰ ਦੇ ਸਾਹਮਣੇ ਲਿਆਉਣ ਲਈ ਤੁਹਾਡੇ ਪਾਸ ਇਕ ਮਜਬੂਤ ਕੇਸ ਹੈ ਇਸ ਰੀਸੈਂਟਲੀ ਹੋਈ ਲੜਾਈ ਦਾ ਐਸਾ ਮਜ਼ਬੂਤ ਕੇਸ ਹੈ ਕਿ ਇਹ ਕੇਸ ਕਿਸੇ ਹੋਰ ਸਟੇਟ ਦਾ ਨਹੀਂ ਬਣਦਾ । ਅਗਰ ਤੁਸੀਂ ਇਸ ਕੇਸ ਨੂੰ ਸੈਂਟਰ ਦੇ ਸਾਹਮਣੇ ਨਹੀਂ ਰਖ ਸਕੇ, ਅਗਰ ਤੁਸੀਂ ਉਸ ਹਾਲਤ ਦਾ, ਜਿਸ ਵਿਚੋਂ ਇਨ੍ਹਾਂ ਦਿਨਾਂ ਵਿਚ ਪੰਜਾਬ ਗੁਜਰਿਆ ਹੈ ਫਾਇਦਾ ਨਹੀਂ ਉਠਾ ਸਕੇ ਮੈਂ ਨਾਜਾਇਜ ਫਾਇਦਾ ਨਹੀਂ ਕਹਿੰਦਾ, ਜਾਇਜ਼ ਫਾਇਦਾ ਨਹੀਂ ਉਠਾ ਸਕੇ ਤਾਂ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਮਨਿਸਟਰੀ ਵਿਚ ਉਹ ਦਲੇਰੀ ਹੀ ਨਹੀਂ ਕਿ ਜਾਕੇ ਸਾਫ ਤੌਰ ਤੇ ਸੈਂਟਰ ਨੂੰ ਕਹ ਕਿ ਲੜਾਈ ਦੀ ਵਜਾਹ ਕਰਕੇ ਪੰਜਾਬ ਦੀ ਜੋ ਹਾਲਤ ਹੋਈ ਹੈ ਉਸ ਨੂੰ ਵੇਖਦੇ ਹੋਏ ਪਲੈਨ ਵਿਚ ਘਾਟਾ ਨਹੀਂ ਕੀਤਾ ਜਾ ਸਕਦਾ, ਪਰ ਨਾਲ ਹੀ ਕਿਸੇ ਟੈਕਸ ਨੂੰ ਵੀ ਪੰਜਾਬ ਵਿਚ ਬਰਦਾਸ਼ਤ ਕਰਨ ਦੀ ਹਿੰਮਤ ਨਹੀਂ ਔਰ ਇਸ ਕਰਕੇ ਸੈਂਟਰ ਦਾ ਫਰਜ ਹੈ ਕਿ ਪੰਜਾਬ ਨੂੰ ਪਲੈਨ ਵਾਸਤੇ ਰੁਪਿਆ ਦੇਵੇ ਕਿਉਂਕਿ ਇਹ ਪੰਜਾਬ ਦੀ ਲੜਾਈ ਨਹੀਂ ਸੀ । ਪੰਜਾਬ ਨੇ ਸਾਰੇ ਹਿੰਦੁਸਤਾਨ ਦੀ ਖਾਤਿਰ ਹੀ ਕੁਰਬਾਨੀਆਂ ਦਿਤੀਆਂ । ਇਹ ਕੋਈ ਪੰਜਾਬ ਦੀ ਲੜਾਈ ਨਹੀਂ ਸੀ, ਇਹ ਇਕ ਇੰਟਰਨੈਸ਼ਨਲ ਲੜਾਈ ਸੀ ਜਿਹੜੀ ਇਕ ਮੁਲਕ ਨੇ ਦੂਸਰੇ ਮੁਲਕ ਨਾਲ ਲੜੀ । ਇਹ ਕੋਈ

ਲੋਕਲ ਗਲ ਨਹੀਂ ਸੀ । ਇਸ ਵਿਚ ਪੰਜਾਬ ਦਾ ਕਸੂਰ ਕੋਈ ਨਹੀਂ ਸੀ । ਪੰਜਾਬ ਚੂੰਕਿ ਬਾਰਡਰ ਸਟੇਟ ਹੈ ਇਸ ਲਈ ਪੰਜਾਬ ਦੇ ਲੋਕਾਂ ਨੇ ਇਸ ਲੜਾਈ ਵਿਚ ਵਧ ਚੜ੍ਹ ਕੇ ਹਿਸਾ ਪਾਇਆ, ਕੁਰਬਾਨੀਆਂ ਕੀਤੀਆਂ । ਇਥੋਂ ਤਕ ਕਿ ਪੰਜਾਬ ਦੇ ਕਿਸਾਨਾਂ ਨੇ, ਮਰਦਾਂ ਔਰ ਔਰਤਾਂ ਨੇ, ਬੁਢਿਆਂ ਔਰ ਜਵਾਨਾਂ ਨੇ ਜਾ ਜਾ ਕੇ ਲੜਾਈ ਦੇ ਮੋਰਚਿਆਂ ਉਤੇ ਜਵਾਨਾਂ ਨੂੰ ਰਸਦ ਤਕ ਪਹੁੰਚਾਈ ਉਸ ਦਾ ਮੁਲ ਇਨ੍ਹਾਂ ਗਰੀਬ ਲੋਕਾਂ ਨੂੰ ਇਹ ਮਿਲਿਆ ਕਿ ਉਨ੍ਹਾਂ ਉਤੇ ਟੈਕਸ ਲਗਾਏ ਗਏ । ਪਹਿਲੇ ਟਰੱਕਾਂ ਉਤੇ ਟੈਕਸ ਲਗਾ ਦਿਤਾ । ਹੁਣ ਕਮਰਸ਼ਲ ਕ੍ਰਾਪਸ ਉਤੇ ਸੈਸ ਲੈ ਆਏ ਹਨ ।

ਇਕ ਆਵਾਜ਼ : ਸੇਲਜ਼ ਟੈਕਸ ਵੀ ਲਗਾ ਦਿਤਾ ।

ਸਰਦਾਰ ਗੁਰਨਾਮ ਸਿੰਘ : ਟੈਕਸ ਹੀ ਟੈਕਸ ਆ ਰਹੇ ਹਨ । ਠੀਕ ਹੈ ਸੇਲਜ਼ ਟੈਕਸ ਵੀ ਹੈ । ਉਹ ਵੀ ਕੰਜ਼ਿਊਮਰ ਤੇ ਹੀ ਲਗਦਾ ਹੈ । ਜੋ ਸਰਮਾਇਆਦਾਰ ਹੈ ਉਸ ਉਤੇ ਨਹੀ ਲਗਦਾ, ਕੰਜ਼ਿਊਮਰ ਉਤੇ ਹੀ ਲਗਦਾ ਹੈ । ਤੁਸੀਂ ਵੇਖਿਆ ਕਿ ਉਸ ਦੀ ਬਾਬਤ ਵੀ ਇਥੇ ਸਤ ਦਿਨ ਤਕ ਕਿਤਨਾ ਝਗੜਾ ਪਿਆ । ਇਹ ਜਿਹੜਾ ਸੈਸ ਹੈ ਇਹ ਵੀ ਗਰੀਬ ਉਤੇ ਟੈਕਸ ਹੈ । ਮੈਂ ਕਹਾਂਗਾ ਕਿ ਗਰੀਬ ਉਤੇ ਰਹਿਮ ਕਰੋ ਕਿਉਂਕਿ ਇਹ ਬੋਲਣ ਵਾਲਾ ਤਬਕਾ ਨਹੀਂ । ਇਸ ਦੇ ਪਾਸ ਕੋਈ ਪ੍ਰੈਸ ਨਹੀਂ ਉਹ ਬੋਲ ਨਹੀਂ ਸਕਦੇ । ਇਹ ਗੂੰਗੇ ਹਨ, ਇਸ ਕਰਕੇ ਇਨ੍ਹਾਂ ਦੀ ਆਵਾਜ਼ ਤੁਹਾਡੇ ਕੰਨਾਂ ਵਿਚ ਨਹੀਂ ਪੁਜਦੀ । ਇਸ ਕਰਕੇ ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੂੰ ਖੁਦ ਬਖੁਦ ਇਹ ਖਿਆਲ ਕਰਕੇ ਇਹ ਟੈਕਸ ਉਨ੍ਹਾਂ ਉਤੇ ਨਹੀਂ ਲਗਾਉਣਾ ਚਾਹੀਦਾ ।

ਇਹ ਠੀਕ ਹੈ ਕਿ ਮੈਂ ਉਨ੍ਹਾਂ ਨੂੰ ਰੀਪਰੀਜ਼ੈਂਟ ਕਰਦਾ ਹਾਂ ਜਿਹੜੇ ਕਿ ਗੂੰਗੇ ਨੇ ਔਰ ਗਰਗ ਸਾਹਿਬ ਉਸ ਤਬਕੇ ਕੋਲੋਂ ਫਾਇਦਾ ਉਠਾਉਂਦੇ ਹਨ । ਇਥੇ ਭਾਵੇਂ ਇਹ ਚੀਫ ਪਾਰਲੀ-ਮੈਂਟਰੀ ਸੈਕਰੇਟਰੀ ਬਣੇ ਬੈਠੇ ਹਨ ਪਰ ਉਨ੍ਹਾਂ ਦੇ ਹੱਕ ਵਿਚ ਇਕ ਲਫਜ਼ ਨਹੀਂ ਕਹਿ ਰਹੇ ਹਾਲਾਂ ਕਿ ਬੜੀ ਖੁਸ਼ੀ ਨਾਲ ਕਹਿੰਦੇ ਹਨ ਕਿ ਇਹ ਖੁਦ ਖੇਤੀ ਬਾੜੀ ਕਰਾਉਂਦੇ ਹਨ ਔਰ ਇਨ੍ਹਾਂ ਕੋਲ ਆਪਣੀ ਜ਼ਮੀਨ ਹੈ । ਮੈਨੂੰ ਯਕੀਨ ਹੈ ਕਿ ਇਹ ਸੈਸ ਟੈਕਸ ਬਿਲ ਤੇ ਜ਼ਰੂਰ ਬੋਲਣਗੇ ਔਰ ਉਸ ਤਬਕੇ ਦੇ ਹੱਕ ਵਿਚ ਬੋਲਣਗੇ ਔਰ ਖਿਲਾਫ ਬਿਲਕੁਲ ਨਹੀਂ ਬੋਲਣਗੇ ।

ਮੈਂ ਮਾਲ ਮੰਤਰੀ ਸਾਹਿਬ ਨੂੰ ਕਹਿੰਦਾ ਹਾਂ ਕਿ ਤੁਸੀਂ ਦੇਖੋ ਕਿ ਜਿਸ ਤਬਕੇ ਤੇ ਇਹ ਟਕਸ ਲਗ ਰਿਹਾ ਹੈ ਉਸ ਤੇ ਪਹਿਲੇ ਕਿਤਨੇ ਟੈਕਸ ਲਗੇ ਹੋਏ ਹਨ । ਮੈਂ ਉਨ੍ਹਾਂ ਨੂੰ ਇਹ ਗਿਣ ਕੇ ਦਸਣ ਦੀ ਜ਼ਰੂਰਤ ਨਹੀਂ ਸਮਝਦਾ ਕਿਉਂਕਿ ਉਹ ਖੁਦ ਜਾਣਦੇ ਹਨ ਔਰ ਇਹ ਗਿਣ ਕੇ ਮੈਂ ਹਾਊਸ ਦਾ ਵਕਤ ਜ਼ਾਇਆ ਨਹੀਂ ਕਰਨਾ ਚਾਹੁੰਦਾ । ਇਸ ਵੇਲੇ ਗਰੀਬ ਕਿਸਾਨ ਤੇ ਪਹਿਲੇ ਹੀ 11 ਕਿਸਮ ਦੇ ਟੈਕਸ ਲਗੇ ਹੋਏ ਹਨ । ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਤੁਹਾਡੀ ਕਿਸਾਨ ਤੇ 11 ਕਿਸਮ ਦੇ ਟੈਕਸ ਲਗਾ ਕੇ ਤੱਸਲੀ ਨਹੀਂ ਹੋਈ ਜੋ ਹੁਣ ਇਹ ਸੈਸ ਟੈਕਸ ਲਗਾ ਰਹੇ ਹੋ ? ਜੇ ਅਸੀਂ ਇਨ੍ਹਾਂ ਨੂੰ ਕਹਿੰਦੇ ਹਾਂ ਕਿ ਹੋਰ ਟੈਕਸ ਗਰੀਬ ਕਿਸਾਨ ਤੇ ਨਾ ਲਗਾਉ ਤਾਂ ਇਹ ਕਹਿੰਦੇ ਹਨ ਕਿ ਇਸ ਸੈਸ ਟੈਕਸ ਤੇ ਹੀ ਸ਼ੁਕਰ ਕਰੋ, ਅਸੀਂ ਹੋਰ ਕੋਈ ਟੈਕਸ ਨਹੀਂ ਲਗਾ ਰਹੇ ਵਰਨਾ ਸੈਂਟਰ ਵਲੋਂ ਤਾਂ ਮਾਮਲਾ ਅਤੇ ਆਬਿਆਨਾ ਵਧਾਉਣ ਵਾਸਤੇ ਕਿਹਾ ਜਾ ਰਿਹਾ ਹੈ । ਅਸੀਂ ਕਹਿੰਦੇ ਹਾਂ ਕਿ ਬੇਸ਼ਕ ਮਾਮਲਾ ਵੀ ਵਧਾ ਦਿਓ ਔਰ ਅਬਿਆਨਾ ਵੀ ਵਧਾ ਦਿਓ ਔਰ ਉਸ ਨੂੰ ਮਾਰ ਦਿਓ ਤਾਕਿ ਉਹ ਮੁਰਦਾ ਬਣ ਜਾਵੇ ਔਰ ਮੁਰਦਾ ਬਣ ਕੇ ਇਕ ਵਾਰ ਉਠੇ ਤਾਂ ਸਹੀ ਔਰ ਇਨ੍ਹਾਂ ਦੇ ਗਲ ਤਾਂ ਪੈ ਜਾਵੇ । ਇਸ ਤਰ੍ਹਾਂ ਇਹ ਸਾਨੂੰ ਧਮਕੀਆਂ ਦੇਂਦੇ ਹਨ । ਮੈਂ ਕਹਿੰਦਾ ਹਾਂ ਕਿ ਕੋਈ ਇਨਸਾਫ਼ ਇਸ ਟੈਕਸ ਦੇ ਲਗਾਉਣ ਦਾ ਨਹੀਂ ਹੈ । ਇਸ ਸੈਸ ਦੇ ਮੁਤੱਲਿਕ ਮੈਂ ਮੇਜਰ

[ਸਰਦਾਰ ਗੁਰਨਾਮ ਸਿੰਘ]

ਸਾਹਿਬ ਨੂੰ ਫਿਰ ਕਹਾਂਗਾ ਕਿ ਜੇਕਰ ਤੁਸੀਂ ਇਹ ਜ਼ਰੂਰ ਲਗਾਉਣਾ ਹੀ ਹੈ ਤਾਂ ਇਹ ਗੱਲ ਤਾਂ ਜ਼ਰੂਰ ਮਨ ਲਓ ਕਿ ਇਹ ਟੈਸ ਪੰਜ ਏਕੜ ਜ਼ਮੀਨ ਵਾਲਿਆਂ ਤੇ ਨਾ ਲਗੇ । ਅਵਲ ਤਾਂ ਇਹ ਬਿਲਕੁਲ ਨਹੀਂ ਲਗਾਉਣਾ ਚਾਹੀਦਾ ਪਰ ਜੇ ਤੁਸੀਂ ਲਗਾਉਣਾ ਹੈ ਤਾਂ ਪੰਜ ਏਕੜ ਜ਼ਮੀਨ ਵਾਲੇ ਗਰੀਬ ਕਿਸਾਨਾਂ ਤੇ ਤਾਂ ਨਾ ਲਗਾਓ ।

उपाध्यक्षा : पेशतर इस के कि मैं किसी आनरेबल मेम्बर को काल अपौन करूँ मैं यह कहना चाहती हूं कि आज कामरेड राम प्यारा और सरदार गोगोवानी में जो वादविवाद हुआ है, उस के लिए मुनासिब तो यही था कि इस को वे दोनों वापस ले लेते लेकिन क्योंकि वह इस को वापस लेने के लिए तैयार नहीं हुए मैं इस वाद विवाद को हाउस की प्रोसीडिंज़ में से एक्सपंज कर देती हूं ।

अब जिन की एमेंडमैंट्स हैं पहले वह बोलेंगे । कामरेड गुरबख्श सिंह--
(Before I call upon any other hon. Member to speak I want to say that it would have been better if the remarks exchanged to-day between Comrade Ram Piara and Sardar Gogoani were withdrawn by both of them, but since they did not agree to withdraw them, I expunge those remarks from the proceedings of the House.

Now those hon. Members will speak first who have given notices of amendments).

ਕਾਮਰੇਡ ਜੰਗੀਰ ਸਿੰਘ ਜੋਗਾ : ਬੀਬੀ ਜੀ, ਸਾਡੀ ਇਸ ਬਾਰੇ ਅਮੈਂਡਮੈਂਟ ਹੈ ।

उपाध्यक्षा : सारी एमेंडमेंटस मेरे सामने हैं । (All the amendments are before me).

ਕਾਮਰੇਡ ਜੰਗੀਰ ਸਿੰਘ ਜੋਗਾ : ਸਭ ਤੋਂ ਪਹਿਲਾਂ ਇਹ ਅਮੈਂਡਮੈਂਟ ਟੇਕ ਅਪ ਹੋਣੀ ਚਾਹੀਦੀ ਹੈ ਜੋ ਇਸ ਬਿਲ ਨੂੰ ਪਬਲਿਕ ਉਪੀਨੀਅਨ ਲਈ ਸਰਕੂਲੇਟ ਕਰਨ ਵਾਸਤੇ ਹੈ--

उपाध्यक्षा : सब को बोलने का मौका मिलेगा । जिन की एमेंडमेंट्स हों पहले उन को बोलने दें । (All the hon. Members who would like to take part in the discussion of this Bill will be given time. Firstly those Members would be allowed who have given notices of Amendments).

चौधरी राम सरूप : आन ए प्वायंट आफ आर्डर, मैडम । मेरा प्वायंट आफ आर्डर यह है कि जिस वक्त बिल पर कलाज़ बाई कलाज डिस्कशन हो उस वक्त जिन लोगों ने एमेंडमैंट्स का नोटिस दिया हुआ होता है, उन को टाईम देना जरूरी होता है लेकिन फर्स्ट स्टेज पर तो हरेक मैम्बर को बोलने का हक हासल होता है--

उपाध्यक्षा : इस वक्त पब्लिक उपीनीअन लेने की एमेंडमेंट्स आई हुई हैं । (But there are amendments for the circulation of this Bill for eliciting public opinion.)

चौधरी राम सरूप : वह ठीक है । अगर पब्लिक उपीनियन के लिए या किसी कमेटी के सुपुर्द करने की एमेंडमेंटस हैं वह तो पहले ली जा सकती है लेकिन दूसरी एमेंडमेंटस पहली स्टेज पर नहीं ली जाती ।

उपाध्यक्षा : कामरेड गुरबख्श सिंह, आप जरा अपनी अमेंडमेंट को पढ़ दें ताकि इन को पता लग जाए । (Comrade Gurbaksh Singh may please read out his amendment so that Chaudhri Ram Sarup comes to know about it.)

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ (ਨਿਹਾਲ ਸਿੰਘ ਵਾਲਾ) : ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਡੀ ਆਗਿਆ ਨਾਲ ਆਪਣੀ ਅਮੈਂਡਮੈਂਟ ਪੜ੍ਹਦਾ ਹਾਂ ।

I beg to move—

That the Punjab Commercial Crops Cess (Amendment) Bill, 1965, be circulated for eliciting public opinion thereon by the 31st December, 1965.

ਮੇਰੀ ਇਹ ਜੋ ਅਮੈਂਡਮੈਂਟ ਹੈ ਜੋ ਮੈਂ ਹੁਣ ਤੁਹਾਡੇ ਸਾਹਮਣੇ ਪੜ੍ਹੀ ਹੈ ਇਸ ਦਾ ਮਤਲਬ ਇਹ ਹੈ ਕਿ ਇਨ੍ਹਾਂ ਵਪਾਰਕ ਫਸਲਾਂ ਤੇ ਕਰ ਲਗਾਣ ਦਾ ਜੋ ਇਹ ਸੋਧਨਾ ਬਿਲ ਹੈ ਜੋ ਮੇਜਰ ਸਾਹਿਬ ਨੇ ਇਸ ਹਾਊਸ ਵਿਚ ਪੇਸ਼ ਕੀਤਾ ਹੈ ਇਸ ਨੂੰ ਪਬਲਿਕ ਦੀ ਰਾਏ ਜਾਣਨ ਵਾਸਤੇ ਭੇਜਿਆ ਜਾਵੇ । ਇਸੇ ਤਰ੍ਹਾਂ ਦਾ ਇਕ ਬਿਲ ਅਜ ਤੋਂ ਤਿੰਨ ਵਰਹੇ ਪਹਿਲੇ ਉਸ ਸਮੇਂ ਪੇਸ਼ ਕੀਤਾ ਗਿਆ ਸੀ ਜਦੋਂ ਪਹਿਲੇ ਵੀ ਅੱਜ ਵਰਗੇ ਹਾਲਾਤ ਇਥੇ ਸਨ ਯਾਨੀ ਜਿਸ ਵੇਲੇ ਚੀਨ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਸੀ । ਉਸ ਵੇਲੇ ਸਰਦਾਰ ਅਜਮੇਰ ਸਿੰਘ ਹੋਰਾਂ ਨੇ ਜਿਹੜੇ ਉਸ ਵੇਲੇ ਮਾਲ ਮੰਤ੍ਰੀ ਸਨ ਉਸ ਨੂੰ ਪੇਸ਼ ਕਰਦਿਆਂ ਬਹਿਸ ਕੀਤੀ ਸੀ ਔਰ ਉਸ ਵੇਲੇ ਇਨ੍ਹਾਂ ਇਹੋ ਦਲੀਲ ਦਿੱਤੀ ਸੀ ਕਿ ਤੀਜੀ ਪੰਜ ਸਾਲਾ ਯੋਜਨਾ ਨੂੰ ਸਿਰੇ ਚੜ੍ਹਾਨ ਲਈ ਪੈਸੇ ਦੀ ਥੁੜ ਪੈ ਗਈ ਹੈ ਕਿਉਂਕਿ ਸਰਕਾਰੀ ਖਜ਼ਾਨੇ ਵਿਚ ਘਾਟਾ ਪੈਂਦਾ ਜਾਂਦਾ ਹੈ ਔਰ ਜਿਹੜੀਆਂ ਯੋਜਨਾਵਾਂ ਹਨ ਉਨ੍ਹਾਂ ਨੂੰ ਸਿਰੇ ਚੜ੍ਹਾਨ ਲਈ ਹੋਰ ਟੈਕਸ ਲਗਾਉਣ ਦੀ ਲੋੜ ਹੈ । ਉਸ ਸਮੇਂ ਵੀ, ਡਿਪਟੀ ਸਪੀਕਰ ਸਾਹਿਬਾ, ਅਸੀਂ ਉਸ ਬਿਲ ਦਾ ਵਿਰੋਧ ਕੀਤਾ ਸੀ । ਅਜ ਫਿਰ ਮੇਜਰ ਸਾਹਬ ਨੇ ਉਹ ਦਲੀਲ ਦੇ ਕੇ ਚੌਥੀ ਪੰਜ ਸਾਲਾ ਯੋਜਨਾ ਲਈ ਪੈਸੇ ਦੀ ਲੋੜ ਹੈ ਇਹ ਵਪਾਰਕ ਫਸਲਾਂ ਤੇ ਕਰ ਲਾਉਣ ਵਾਲਾ ਸੋਧਨਾ ਬਿਲ ਪੇਸ਼ ਕੀਤਾ ਹੈ । ਅਸੀਂ ਅਜ ਫਿਰ ਇਸ ਦਾ ਵਿਰੋਧ ਕਰਦੇ ਹਾਂ ਔਰ ਇਸ ਲਈ ਇਹ ਅਮੈਂਡਮੈਂਟ ਲਿਆਂਦੀ ਹੈ ਕਿ ਇਸ ਤੋਂ ਪਹਿਲੇ ਕਿ ਇਸ ਨੂੰ ਪਾਸ ਕੀਤਾ ਜਾਵੇ, ਇਹ ਜ਼ਰੂਰੀ ਹੈ ਕਿ ਲੋਕਾਂ ਦੀ ਰਾਏ ਇਸ ਬਾਰੇ ਜਾਣਨ ਵਾਸਤੇ, ਉਨ੍ਹਾਂ ਵਿਚ ਸਰਕੂਲੇਟ ਕੀਤਾ ਜਾਵੇ ਤਾਕਿ ਪਤਾ ਲਗ ਸਕੇ ਕਿ ਇਹ ਜਿਹੜਾ ਬਿਲ ਹੈ ਇਸ ਨੂੰ ਕੀ ਪੰਜਾਬ ਦੇ ਕਿਸਾਨ ਜੀ ਆਇਆਂ ਨੂੰ ਕਹਿੰਦੇ ਹਨ ਜਾਂ ਇਸ ਦਾ ਵਿਰੋਧ ਕਰਦੇ ਹਨ । ਉਸ ਵੇਲੇ ਵੀ ਅਸੀਂ ਇਹੋ ਮੋਸ਼ਨ ਹਾਊਸ ਵਿਚ ਪੇਸ਼ ਕੀਤੀ ਸੀ ਪਰ ਕੈਰੋਂ ਸਰਕਾਰ ਨੇ ਆਪਣੀਆਂ ਵੋਟਾਂ ਦੀ ਬਹੁ ਗਿਣਤੀ ਨਾਲ ਦਬਾ ਦਿੱਤਾ ਔਰ ਉਸ ਬਿਲ ਨੂੰ ਪਾਸ ਕਰ ਦਿੱਤਾਂ ਔਰ ਤਿੰਨਾਂ ਸਾਲਾਂ ਲਈ ਉਸ ਨੂੰ ਲਾਗੂ ਕਰ ਦਿੱਤਾ । ਹੁਣ ਇਹ ਸਰਕਾਰ ਜਿਹੜੀ ਆਪਣੇ ਆਪ ਨੂੰ ਕਿਸਾਨਾਂ ਦਾ ਖੈਰ ਖਾਹ ਕਹਾਉਂਦੀ ਹੈ ਔਰ ਉਨ੍ਹਾਂ ਦੇ ਪੱਖ ਦੀਆਂ ਗੱਲਾਂ ਕਰਦੀ ਹੈ, ਹੀ ਇਸ ਬਿਲ ਦੀ ਮਿਆਦ ਵਧਾਉਣ ਲਈ ਇਹ ਸੋਧਨਾ ਬਿਲ ਲੈ ਆ ਰਹੀ ਹੈ ਮੈਂ । ਸਰਕਾਰ ਨੂੰ ਵਧਾਈ ਦਿਆਂਗਾ ਜੇਕਰ ਇਹ ਇਸ ਨੂੰ ਪਾਸ ਕਰਾਣ ਤੋਂ ਪਹਿਲੇ ਲੋਕਾਂ ਦੀ ਰਾਏ ਜਾਣਨ ਵਾਸਤੇ ਭੇਜ ਦੇਵੇ ਜਾਂ ਇਹ ਇਸ ਗਲ ਨੂੰ ਮੰਨ ਲਏ ਕਿ ਜਿਹੜੇ

(ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ)

ਪੰਜ ਏਕੜ ਜ਼ਮੀਨ ਦੇ ਮਾਲਕ ਹਨ ਉਨ੍ਹਾਂ ਤੋਂ ਇਹ ਕਰ ਨਹੀਂ ਲਿਆ ਜਾਵੇਗਾ। ਔਰ ਜੇਕਰ ਇਹ ਸਰਕਾਰ ਇਹ ਗੱਲ ਨਹੀਂ ਮਨਦੀ ਤਾਂ ਸਾਨੂੰ ਇਹ ਕਹਿਣਾ ਪਏਗਾ ਕਿ ਇਹ ਨਵੀਂ ਸਰਕਾਰ ਨੇ ਵੀ ਪੁਰਾਣੀ ਸਰਕਾਰ ਦੇ ਰਾਹ ਤੇ ਚਲਣਾ ਸ਼ੁਰੂ ਕਰ ਦਿੱਤਾ ਹੈ ਔਰ ਇਹ ਕਿਸਾਨਾਂ ਨਾਲ ਦੁਸ਼ਮਨੀ ਦੀ ਪਾਲਸੀ ਤੇ ਚਲਦੇ ਹੋਏ ਉਸੇ ਕਨੂੰਨ ਦੀ ਮਿਆਦ ਵਧਾਣ ਲਈ ਪੰਜ ਸਾਲਾਂ ਲਈ ਹੋਰ ਕਿਸਾਨਾਂ ਤੇ ਕਰ ਲਗਾਣ ਲਈ ਸਾਥੋਂ ਆਗਿਆ ਲੈਣ ਲਗੀ ਹੈ। ਇਹ ਦਲੀਲ ਜੋ ਸਰਕਾਰ ਇਸ ਬਿਲ ਦੇ ਪਾਸ ਕਰਾਣ ਲਈ ਦੇ ਰਹੀ ਹੈ ਇਹੋ ਦਲੀਲ ਦੇ ਕੇ ਇਹ ਇਸ ਸੋਧਨਾ ਬਿਲ ਤੇ ਪੰਜਾਬ ਦੇ ਲੋਕਾਂ ਦੀ ਰਾਏ ਤਾਂ ਲੈ ਕੇ ਦੇਖੇ। ਡਿਪਟੀ ਸਪੀਕਰ ਸਾਹਿਬਾ, ਇਹ ਜੋ ਸੋਧਨਾ ਬਿਲ ਸਾਡੇ ਸਾਹਮਣੇ ਆਇਆ ਹੈ ਇਸ ਬਾਰੇ ਇਹ ਦੇਖਣ ਦੀ ਲੋੜ ਹੈ ਕਿ ਇਹ ਕਿਹੜੇ ਹਾਲਾਤ ਵਿਚ ਕਿਨ੍ਹਾਂ ਲੋਕਾਂ ਤੇ ਕਰ ਲਾਗੂ ਕਰਨ ਵਾਸਤੇ ਲਿਆਂਦਾ ਗਿਆ ਹੈ। ਅਜ ਤੋਂ 2½ ਤਿੰਨ ਮਹੀਨੇ ਪਹਿਲੇ ਪਾਕਿਸਤਾਨ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਔਰ ਉਸਦੇ ਘੁਸ ਬੈਠੀਏ ਹਿੰਦੁਸਤਾਨ ਦੀ ਧਰਤੀ ਵਿਚ ਘੁਸ ਆਏ ਔਰ ਸਾਡੇ ਬਹਾਦਰ ਪੰਜਾਬੀਆਂ ਨੇ ਉਨ੍ਹਾਂ ਦਾ ਮੁਕਾਬਲਾ ਕੀਤਾ। ਫੌਜ ਵਿਚ ਹਰ ਤੀਜਾ ਜਵਾਨ ਪੰਜਾਬੀ ਹੈ ਅਤੇ ਉਨ੍ਹਾਂ ਪਜਾਬੀ ਜਵਾਨਾਂ ਵਿਚ ਵੀ 90 ਫੀਸਦੀ ਫੌਜੀ ਪੰਜਾਬੀ ਕਿਸਾਨ ਹਨ। ਭਾਵੇਂ ਸਿਪਾਹੀ ਹੋਵੇ ਭਾਵੇਂ ਜਰਨੈਲ ਹੋਵੇ (ਤਾੜੀਆਂ) ਇਨ੍ਹਾਂ ਪੰਜਾਬੀ ਕਿਸਾਨਾਂ ਨੇ ਜਿਥੇ ਪੰਜਾਬ, ਰਾਜਸਥਾਨ ਅਤੇ ਕਸ਼ਮੀਰ ਦੀ ਸਰਹਦ ਤੇ ਜਾ ਕੇ ਬਾਰਡਰ ਦੀ ਰਾਖੀ ਲਈ ਕੁਰਬਾਨੀਆਂ ਕੀਤੀਆਂ ਉਥੇ ਪਿੰਡਾਂ ਦੇ ਕਿਸਾਨਾਂ ਨੇ ਡਾਂਗਾਂ ਅਤੇ ਸਲਗਾਂ ਫੜ ਕੇ ਪਾਕਿਸਤਾਨੀ ਛਾਤਾਬਰਦਾਰਾਂ ਨੂੰ ਫੜਿਆ ਅਤੇ ਸਰਕਾਰ ਦੇ ਹਵਾਲੇ ਕੀਤਾ। ਹਿੰਦ ਸਰਕਾਰ ਫੌਜ ਵਿਚ ਬਹਾਦਰੀ ਲਈ ਜਵਾਨਾਂ ਨੂੰ ਪਰਮ ਵੀਰ ਚਕਰ, ਮਹਾਵੀਰ ਚਕਰ ਤੇ ਵੀਰ ਚੱਕਰ ਦਿੰਦੀ ਹੈ ਪਰ ਸਾਡੀ ਪੰਜਾਬ ਸਰਕਾਰ ਕਿਸਾਨਾਂ ਨੂੰ ਇਸ ਜੰਗ ਵਿਚ ਬਹਾਦਰੀ ਦਿਖਾਉਣ ਦੇ ਸਿਲਸਿਲੇ ਵਿਚ ਇਹ ਸੈਸ ਦਾ ਚੱਕਰ ਦੇ ਰਹੀ ਹੈ। ਕਿੰਨੀ ਵਡੀ ਸ਼ਰਮਨਾਕ ਗੱਲ ਹੈ। ਜੋ ਪੰਜਾਬੀ ਕਿਸਾਨ ਦੇਸ਼ ਦੀ ਰਾਖੀ ਲਈ ਬਾਰਡਰ ਤੇ ਸਭ ਤੋਂ ਅਗੇ ਹੈ, ਖੇਤਾਂ ਵਿਚ ਅੰਨ ਪੈਦਾ ਕਰਨ ਵਿਚ ਸਾਰੇ ਹਿੰਦੁਸਤਾਨ ਵਿਚ ਅਗੇ ਹੈ ਉਸਨੂੰ ਬਜਾਏ ਉਤਸ਼ਾਹ ਦੇਣ ਦੇ ਕਿ ਉਹ ਹੋਰ ਲਗਨ ਨਾਲ ਕੰਮ ਕਰਨ ਉਨ੍ਹਾਂ ਨੂੰ ਸਜ਼ਾ ਦੇ ਰਹੀ ਹੈ। ਪੰਜਾਬ ਸਰਕਾਰ ਉਸ ਟੈਂਪਰੇਰੀ ਮੈਯਰ ਨੂੰ ਜੋ ਸਰਦਾਰ ਅਜਮੇਰ ਸਿੰਘ ਨੇ 2-3 ਸਾਲ ਪਹਿਲਾਂ ਸਦਨ ਵਿਚ ਪੇਸ਼ ਕੀਤਾ ਸੀ ਅਤੇ ਬਹੁ ਗਿਣਤੀ ਦੇ ਬਲਬੋਤੇ ਤੇ ਪਾਸ ਕਰਵਾਇਆ ਸੀ ਹੁਣ ਪਲੈਨਿੰਗ ਕਮਿਸ਼ਨ ਦੇ ਦਬਾ ਹੇਠ ਚੌਥੀ ਪਲੈਨ ਲਈ ਪੈਸਾ ਇਕੱਠਾ ਕਰਨ ਦੇ ਨਾਮ ਤੇ ਇਸ ਸਦਨ ਤੋਂ ਪਾਸ ਕਰਾਉਣਾ ਚਾਹੁੰਦੀ ਹੈ। ਡਿਪਟੀ ਸਪੀਕਰ ਸਾਹਿਬਾ, ਇਸ ਸਰਕਾਰ ਨੇ ਇਸ ਤਰ੍ਹਾਂ ਦੇ ਕਾਨੂੰਨ ਪਾਸ ਕਰਕੇ ਪੰਜਾਬ ਦੀ ਆਰਥਿਕਤਾ ਖਿੰਡਾ ਪੁੜਾ ਦਿਤੀ ਹੈ। ਤੁਸੀ ਜਾਣਦੇ ਹੋ ਪੰਜਾਬ ਵਿਚ ਕਈ ਕੁਦਰਤੀ ਆਫਤਾਂ ਆਈਆਂ, ਹੜ ਆਏ, ਪਾਲਾ ਪਿਆ ਮਗਰ ਪੰਜਾਬੀ ਕਿਸਾਨ ਨੇ ਕਿਸੇ ਤਰ੍ਹਾਂ ਪੇਟ ਕਟ ਕੇ ਉਨ੍ਹਾਂ ਦਾ ਮੁਕਾਬਲਾ ਕੀਤਾ। ਸੇਮ, ਹੜ੍ਹਾਂ ਅਤੇ ਬਾਰਸ਼ਾਂ ਨੇ ਉਸ ਦੀ ਆਰਥਿਕਤਾ ਬਹੁਤ ਖਰਾਬ ਕੀਤੀ ਹੋਈ ਹੈ। ਇਸ ਸਾਲ ਖੁਸ਼ਕ ਸਾਲੀ ਨੇ ਉਸ ਦੀ ਕਮਰ ਤੋੜ ਰਖੀ ਹੈ। ਸਰਕਾਰ ਨੇ ਉਨ੍ਹਾਂ ਨੂੰ ਨਹਿਰੀ ਪਾਣੀ ਨਹੀਂ ਦਿਤਾ। ਇਸ ਤਰ੍ਹਾਂ ਕੁਦਰਤੀ ਅਤੇ ਗੈਰਕੁਦਰਤੀ ਹਾਲਾਤ ਨੇ ਉਨ੍ਹਾਂ ਦੀ ਹਾਲਤ ਅੱਤ ਭੈੜੀ ਕਰ ਦਿਤੀ ਹੈ ਇਸ ਲਈ ਇਹ ਸਮਾਂ ਨਹੀਂ ਸੀ ਕਿ ਇਸ ਤਰ੍ਹਾਂ ਦਾ ਸੈਸ ਬਿਲ ਲਿਆਕੇ ਚੌਥੀ ਪਲੈਨ ਲਈ ਪੈਸਾ ਇਕੱਠਾ ਕਰਦੇ। (ਘੰਟੀ) ਮੇਜਰ ਸਾਹਿਬ, ਸੁਣਿਆ ਹੈ, ਬੜੇ ਸਿਆਣੇ ਹਨ। ਉਹ ਇਸ ਬਿਲ ਨੂੰ ਸਰਕੁਲੇਟ ਕਰਨ ਅਤੇ ਕਿਸਾਨਾਂ ਨੂੰ ਦੱਸਣ ਕਿ ਅਸੀਂ ਇਹ ਗਲ ਕਰ ਰਹੇ ਹਾਂ।

ਅਗਰ ਇਹ ਚੰਗਾ ਹੋਇਆ ਤਾਂ ਲਾਜ਼ਮੀ ਤੌਰ ਤੇ ਸੂਬੇ ਵਿਚ ਇਸ ਦਾ ਸਵਾਗਤ ਹੋਵੇਗਾ ਅਤੇ ਇਨ੍ਹਾਂ ਨੂੰ ਇਸ ਬਾਰੇ ਛੁੱਟੀ ਹੋਵੇਗੀ ਪਰ ਜੇ ਕਿਸਾਨ ਇਸ ਦਾ ਵਿਰੋਧ ਕਰਨ ਤਾਂ ਇਨ੍ਹਾਂ ਨੂੰ ਇਸ ਨੂੰ ਵਾਪਸ ਲੈ ਲੈਣਾ ਚਾਹੀਦਾ ਹੈ ।

ਦੂਜੀ ਗਲ..........

ਡਿਪਟੀ ਸਪੀਕਰ : ਹੋਰ ਕਿੰਨੀਆਂ ਗਲਾਂ ਕਹਿਣੀਆਂ ਹਨ ? (How many more points has the hon. Member to raise ?)

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : ਦੋ, ਤਿੰਨ ਗੱਲਾਂ ਕਹਿਣੀਆਂ ਹਨ । ਮੈਂ ਰਿਸੋਰਸਿਜ਼ ਬਾਰੇ ਵੀ ਕਹਿਣਾ ਹੈ । ਮੈਂ ਦਸਦਾ ਹਾਂ ਕਿ ਸਰਕਾਰ ਨੂੰ ਪੈਸਾ ਕਿਥੋਂ ਮਿਲ ਸਕਦਾ ਹੈ ਜਿਸ ਦਾ ਵਾਸਤਾ ਸਰਕਾਰ ਪਾਉਂਦੀ ਹੈ ਇਹ ਸੈਸ ਲਾਉਣ ਲਈ ਮੈਂ ਇਨ੍ਹਾਂ ਨੂੰ ਸਾਧਨ ਦਸਦਾ ਹਾਂ । ਅਗਰ ਸਰਕਾਰ ਇਕ ਗੱਲ ਕਰੇ ਤਾਂ ਇਸ ਨੂੰ ਅਠ ਕਰੋੜ ਰੁਪਿਆ ਸਾਲ ਦੀ ਆਮਦਨ ਹੋ ਸਕਦੀ ਹੈ । ਇਹ ਗੱਲ ਹੈ ਸਟੇਟ ਟ੍ਰੇਡਿੰਗ ਇਨ ਫੂਡਗਰੇਨਜ਼ । ਇਹ ਮੇਰਾ ਅੰਦਾਜ਼ਾ ਨਹੀਂ । ਇਹ ਗੱਲ ਸਰਦਾਰ ਕਪੂਰ ਸਿੰਘ ਜੀ ਨੇ ਲਿਖ ਕੇ ਕਿਹਾ ਹੈ ਕਿ ਅਗਰ ਸਰਕਾਰ ਇਹ ਸਟੇਟ ਟ੍ਰੇਡਿੰਗ ਕਰਨ ਦਾ ਪੱਕਾ ਮਨ ਬਣਾ ਲਵੇ ਤਾਂ ਇਸ ਨੂੰ 8 ਕਰੋੜ ਰੁਪਏ ਸਾਲਾਨਾ ਦੀ ਆਮਦਨ ਹੋ ਸਕਦੀ ਹੈ । ਇਸ ਬਿਲ ਰਾਹੀਂ ਤਾਂ ਇਨ੍ਹਾਂ ਨੂੰ 70-75 ਲਖ ਰੁਪਿਆ ਹੀ ਮਿਲਣਾ ਹੈ । ਫਿਰ ਇਸ ਦੀ ਅਤੇ ਹੋਰ ਨਵੇਂ ਟੈਕਸ ਲਾਉਣ ਦੀ ਵੀ ਲੋੜ ਨਾ ਪਵੇਗੀ । (ਘੰਟੀ)

ਡਿਪਟੀ ਸਪੀਕਰ : ਤੁਹਾਡੇ ਪਾਰਟੀ ਮੈਂਬਰਜ਼ ਨੇ ਵੀ ਇਸ ਮੋਸ਼ਨ ਤੇ ਬੋਲਣਾ ਹੈ । (The other Members of his party are also to speak.)

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : ਹੋਰ 5 ਮਿੰਟ ਵਿਚ ਖਤਮ ਕਰ ਦਿਆਂਗਾ ।

ਡਿਪਟੀ ਸਪੀਕਰ : ਇਕ ਮਿਨਟ ਵਿਚ ਜ਼ਰੂਰੀ ਗੱਲ ਕਰ ਲਉ । (The hon. Member may please mention some important points in a minute.)

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : ਇਹ ਹਾਊਸ ਅਤੇ ਸਰਕਾਰ ਮਿਲਕੇ ਕੇਂਦਰੀ ਸਰਕਾਰ ਤੇ ਜ਼ੋਰ ਪਾਉਣ ਕਿ ਬੈਂਕਾਂ ਨੂੰ ਨੈਸ਼ਨਲਾਈਜ਼ ਕਰੇ । ਇਨ੍ਹਾਂ ਬੈਂਕਾਂ ਨੇ ਐਮਰਜੈਂਸੀ ਦੇ ਦਿਨਾਂ ਵਿਚ ਵੀ ਮੁਲਕ ਦੀ ਆਰਥਿਕਤਾ ਨੂੰ ਸਟ ਮਾਰਨ ਤੇ ਢਿਲ ਨਹੀਂ ਕੀਤੀ । ਸਾਡੇ ਜਨ ਸੰਘੀ ਭਰਾ ਡਾਕਟਰ ਬਲਦੇਵ ਪ੍ਰਕਾਸ਼ ਵਗੈਰਾ ਅੰਮ੍ਰਿਤਸਰ ਵਿਚ ਇਨ੍ਹਾਂ ਐਮਰਜੈਂਸੀ ਦੇ ਦਿਨਾਂ ਵਿਚ ਜੋ ਪ੍ਰਾਈਵੇਟ ਬੈਂਕਾਂ ਨੇ ਰੋਲ ਅਦਾ ਕੀਤਾ ਉਸ ਤੋਂ ਇਸ ਨਤੀਜੇ ਤੇ ਪਹੁੰਚੇ ਹਨ ਕਿ ਇਹ ਬੈਂਕ ਨੈਸਨਲਾਈਜ਼ ਹੋਣੇ ਚਾਹੀਦੇ ਹਨ । ਇਨ੍ਹਾਂ ਵਿਚ ਲਗੀ 25 ਅਰਬ ਰੁਪਏ ਦੀ ਪੂੰਜੀ ਇਸ ਤਰ੍ਹਾਂ ਮੁਲਕ ਦੀ ਡਵੈਲਪਮੈਂਟ ਦੇ ਕੰਮਾਂ ਵਿਚ ਲਾਈ ਜਾ ਸਕਦੀ ਹੈ ਅਤੇ ਇਸ ਵਿਚ ਪੰਜਾਬ ਸਰਕਾਰ ਕੇਂਦਰੀ ਸਰਕਾਰ ਪਾਸੋਂ ਆਪਣਾ ਹਿੱਸਾ ਮੰਗ ਸਕਦੀ ਹੈ ।

ਫਿਰ ਪੰਜਾਬ ਸਰਕਾਰ ਨੇ ਕੁਝ ਫਾਲਤੂ ਮਹਿਕਮੇ ਬਣਾਏ ਹੋਏ ਹਨ ਜੋ ਕੁਝ ਕੰਮ ਨਹੀਂ ਕਰਦੇ ਜਿਵੇਂ ਕਿ ਪਲਾਂਟ ਪ੍ਰੋਟੈਕਸ਼ਨ ਦਾ ਮਹਿਕਮਾ ਹੈ । ਇਹ ਤਰੱਕੀ ਦਾ ਕੰਮ ਨਹੀਂ ਕਰ ਰਹੇ । ਇਨ੍ਹਾਂ ਤੇ ਸਾਰਾ ਲਾਇਆ ਪੈਸਾ ਬੇਕਾਰ ਜਾਂਦਾ ਹੈ । ਇਸ ਦੇ ਨਾਲ ਜੋ

[ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ]

ਹਾਸਪੀਟੈਲਟੀ ਦਾ ਮਹਿਕਮਾ ਹੈ ਇਹ ਵੀ ਤੋੜ ਦੇਣਾ ਚਾਹੀਦਾ ਹੈ । ਜਦ ਕੋਈ ਮਅਜ਼ਿਜ਼ ਮਹਿਮਾਨ ਆਵੇ ਤਾਂ ਉਤਨੇ ਦਿਨ ਲਈ ਪ੍ਰਬੰਧ ਕਰ ਦੇਣਾ ਚਾਹੀਦਾ ਹੈ, ਮਹਿਕਮਾ ਰਖਣ ਦੀ ਲੋੜ ਨਹੀਂ ।

ਫਿਰ ਟ੍ਰਾਂਸਪੋਰਟ ਨੂੰ ਅਗਰ ਟੋਟਲੀ ਨੈਸ਼ਨਲਾਈਜ਼ ਕਰ ਦਿਤਾ ਜਾਵੇ ਤਾਂ ਸਰਕਾਰ ਨੂੰ ਹੋਰ ਕਰੋੜਾਂ ਰੁਪਿਆ ਮਿਲ ਸਕਦਾ ਹੈ । (ਘੰਟੀ)

ਫਿਰ ਕੁਝ ਗਲਤ ਕਿਸਮ ਦੀਆਂ ਸਕੀਮਾਂ ਚਾਲੂ ਕੀਤੀਆਂ ਗਈਆਂ ਜਿਨ੍ਹਾਂ ਤੇ ਖਰਚ ਕੀਤੇ ਰੁਪਏ ਦਾ ਕੋਈ ਫਾਇਦਾ ਨਹੀਂ ਹੋਇਆ । ਇਸ ਤਰ੍ਹਾਂ ਦੀਆਂ ਸਕੀਮਾਂ ਤੇ ਖਰਚ ਨਾ ਕਰਕੇ ਬਚਤ ਕਰਨੀ ਚਾਹੀਦੀ ਹੈ । ਸਰਕਾਰ ਨੇ ਕਾਂਗੜੇ ਜ਼ਿਲ੍ਹੇ ਵਿਚ ਇਕ ਇਸ ਤਰ੍ਹਾਂ ਦੀ ਸਕੀਮ ਮਾਈਨਰ ਲਿਫਟ ਇਰੀਗੇਸ਼ਨ ਸਕੀਮਜ਼ ਦੇ ਤਹਿਤ ਸਿਧਾਰਥ ਸਕੀਮ ਬਣਾਈ ਅਤੇ ਉਸ ਤੇ 20 ਲਖ ਰੁਪਿਆ ਖਰਚ ਕੀਤਾ । ਮਾਸਟਰ ਹਰੀ ਸਿੰਘ ਐਮ. ਐਲ. ਸੀ. ਦੇ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਗਿਆ ਕਿ ਇਹ 20 ਲੱਖ ਰੁਪਿਆ ਜ਼ਾਇਆ ਗਿਆ ਅਤੇ ਇਸ ਸਕੀਮ ਨੂੰ ਖਤਮ ਕਰ ਦਿਤਾ ਹੈ । (ਘੰਟੀ) ਇਸ ਤਰ੍ਹਾਂ ਦੇ ਖਰਚ ਬਚਾਏ ਜਾ ਸਕਦੇ ਹਨ ।

उपाध्यक्षा : इस तरह के आनरेबल मैम्बरज़ के लिये मुझे कुछ और ढंग निकालना पड़ेगा । एक मिनट में खत्म करें । (I will have to devise some method for such hon. Members. He should finish within a minute.)

ਸਰਦਾਰ ਗੁਰਚਰਨ ਸਿੰਘ : On a point of order, Madam. ਡਿਪਟੀ ਸਪੀਕਰ ਸਾਹਿਬਾ, ਹਾਊਸ ਵਿਚ ਸੇਲਜ਼ ਟੈਕਸ ਬਿਲ ਪੇਸ਼ ਹੋਇਆ, ਉਸ ਤੇ ਬਹਿਸ 7 ਦਿਨ ਚਲੀ ਜਿਸ ਨੇ ਕੁਝ ਕਹਿਣਾ ਸੀ ਕਿਹਾ । ਕਈ ਮੈਂਬਰ ਇਕ ਇਕ ਘੰਟਾ ਬੋਲਦੇ ਰਹੇ ਅਤੇ ਚੇਅਰ ਅਤੇ ਕੈਬਨਟ ਵਲੋਂ ਕਿਹਾ ਗਿਆ ਕਿ ਦਿਲ ਖੋਲ੍ਹ ਕੇ ਬੋਲੋ ਅਤੇ ਵਜ਼ੀਰ ਸਾਹਿਬ ਨੇ ਅਮੈਂਡਮੈਂਟਸ ਮੰਨੀਆਂ । ਮੈਂਬਰਜ਼ ਦੀਆਂ ਦਲੀਲਾਂ ਮੰਨੀਆਂ । ਤਦ ਉਹ ਬਿਲ ਪਾਸ ਹੋਇਆ ਹੁਣ ਇਸ ਬਿਲ ਤੇ ਸਾਨੂੰ ਬੋਲਣ ਵੀ ਨਾ ਦੇਣਾ ਸਾਡੇ ਨਾਲ ਅਨਿਆਂ ਹੈ । ਪੰਜ ਪੰਜ ਮਿਨਟ ਦਾ ਵਕਤ ਬਹੁਤ ਘਟ ਹੈ.....

ਡਿਪਟੀ ਸਪੀਕਰ : ਤੁਸੀਂ ਕਿਸ ਤਰ੍ਹਾਂ ਕਹਿੰਦੇ ਹੋ ਕਿ ਬਹਿਸ ਨਹੀਂ ਹੋਵੇਗੀ, ਕਿਸੇ ਨੂੰ ਬੋਲਣ ਨਹੀਂ ਦਿਤਾ ਜਾਵੇਗਾ ? ਅਨਲਿਮਿਟਿਡ ਟਾਈਮ ਤਾਂ ਨਹੀਂ ਹੋਵੇਗਾ ਪਰ ਮੈਂ ਚੇਅਰ ਤੇ ਹੋਵਾਂਗੀ ਅਤੇ ਸਭ ਨਾਲ ਇਨਸਾਫ ਕਰਾਂਗੀ ।

ਮੈਂ ਇਕ ਗੱਲ ਹਾਊਸ ਤੋਂ ਪੁਛਣਾ ਚਾਹੁੰਦੀ ਹਾਂ । ਮੈਨੂੰ ਪਸੰਦ ਨਹੀਂ ਕਿ ਬਾਰ ਬਾਰ ਕਿਸੇ ਫੈਸਲੇ ਨੂੰ ਬਦਲਿਆ ਜਾਵੇ । ਐਡਵਾਈਜ਼ਰੀ ਕਮੇਟੀ ਨੇ ਫੈਸਲਾ ਕੀਤਾ ਸੀ ਕਿ 22-23 ਤਾਰੀਖ ਨੂੰ ਹਾਊਸ ਬੈਠੇ । ਇਥੇ ਕੁਝ ਸਜਨਾਂ ਵਲੋਂ ਇਹ ਦਰਖਾਸਤ ਆਈ ਹੈ ਕਿ ਕਲ ਸੂਰਜ ਗ੍ਰਹਿਣ ਹੈ ਇਸ ਲਈ ਉਹ ਇਸ਼ਨਾਨ ਕਰਨ ਜਾਣਾ ਚਾਹੁੰਦੇ ਹਨ ਇਸ ਲਈ ਕਲ ਸਭਾ 9 ਵਜੇ ਦੇ ਥਾਂ ਤੇ 2 ਵਜੇ ਮਿਲੇ ਤਾਕਿ ਉਹ ਇਸ਼ਨਾਨ ਕਰਕੇ ਵਾਪਸ ਆ ਸਕਣ । ਕੀ ਹਾਊਸ ਦੀ ਇਜਾਜ਼ਤ ਹੈ ? (How does the hon. Member say that this Bill will not be discussed and no Member will be allowed to speak on it. Unlimited time will not

5.00 p. m.

be allowed but when I am in the chair I will do justice with every one.

I want to ask one thing from the House. I do not like that a decision should be changed time and again. The Business Advisory Committee decided that the House should also meet on the 22nd and 23rd instant as some of the hon. Members have requested that they want to have a dip in the sacred tank on account of Solar Eclipse and they want that Sabha may meet at 2 p.m. instead of 9 a.m. Is it the sense of the House?

ਆਵਾਜ਼ਾਂ : ਨਹੀਂ ਜੀ, ਨਹੀਂ ਜੀ ।

ਚੀਫ ਪਾਰਲੀਆਮੈਂਟਰੀ ਸੈਕਟਰੀ : ਮੈਂ ਇਹ ਅਰਜ਼ ਕਰਨੀ ਹੈ ਕਿ ਕਲ ਬੇਸ਼ਕ 2 ਵਜੇ ਮੀਟ ਕਰ ਲਉ ਇਸ ਵਿਚ ਕੋਈ ਹਰਜ ਨਹੀਂ ਪਰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦਾ ਫੈਸਲਾ ਹੈ ਕਿ ਇਹ ਸੈੱਸ ਬਿਲ ਪਾਸ ਕਰਨਾ ਹੈ । ਅਸੀਂ ਇਸ ਗੱਲ ਨਾਲ ਐਗਰੀ ਕਰਦੇ ਹਾਂ ਕਿ ਹਾਊਸ ਕਲ ਬੇਸ਼ਕ 2 ਵਜੇ ਮੀਟ ਕਰੇ ।

ਸਰਦਾਰ ਗੁਰਚਰਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਮੈਡਮ । ਮੈਂ ਤੁਹਾਡੀ ਖਿਦਮਤ ਵਿਚ ਇੰਨੀ ਅਰਜ਼ ਕਰਨੀ ਹੈ ਕਿ ਜਦ ਸੇਲਜ਼ ਟੈਕਸ ਬਿਲ ਆਇਆ ਤਾਂ ਸਤ ਦਿਨਾਂ ਤਕ ਬਿਲ ਤੇ ਬਹਿਸ ਹੁੰਦੀ ਰਹੀ ਅਤੇ ਫਿਰ ਜਦ ਦਲੀਲਾਂ ਦਿੱਤੀਆਂ ਗਈਆਂ ਤਾਂ ਉਸ ਵਿਚ ਅਮੈਂਡਮੈਂਟਸ ਵੀ ਸਰਕਾਰ ਨੇ ਮੰਜ਼ੂਰ ਕੀਤੀਆਂ । ਤੇ ਅੱਜ ਜ਼ਿਮੀਦਾਰਾਂ ਤੇ ਕੈਸ਼ ਕਰਾਪ ਸੈਸ ਬਿਲ ਲਾਗੂ ਕਰਨ ਦਾ ਵਿਚਾਰ ਹੈ ਤਾਂ ਇਸ ਤੇ ਪੂਰਾ ਮੌਕਾ ਬੋਲਣ ਦਾ ਦਿੱਤਾ ਜਾਣਾ ਚਾਹੀਦਾ ਹੈ । ਕੋਈ ਟਾਇਮ ਲਿਮਿਟ ਨਹੀਂ ਹੋਣੀ ਚਾਹੀਦੀ । ਇਹ ਬੜਾ ਅਹਿਮ ਬਿਲ ਹੈ (ਵਿਘਨ)

ਡਿਪਟੀ ਸਪੀਕਰ : ਜਦ ਤੁਹਾਡੀ ਵਾਰੀ ਬੋਲਣ ਦੀ ਆਏ ਤਾਂ ਤੁਸੀਂ ਇਹ ਗੱਲਾਂ ਕਹਿ ਲੈਣਾ । ਪਰ ਇਸ ਗਲ ਵਲ ਧਿਆਨ ਦੇਣ ਦੀ ਲੋੜ ਹੈ ਕਿ ਜੇਕਰ ਕਲ ਅਸੀਂ 2 ਵਜੇ ਮੀਟ ਕਰੀਏ ਤਾਂ ਇਸ਼ਨਾਨ ਕਰਨ ਵਾਲੇ ਮੈਂਬਰ ਇਸ਼ਨਾਨ ਵੀ ਕਰ ਆਉਣਗੇ । ਫਿਰ ਉਸ ਤੋਂ ਬਾਦ ਜਦ ਤਕ ਤੁਸੀਂ ਕਹੋ ਮੈਂ ਬੈਠਣ ਨੂੰ ਤਿਆਰ ਹਾਂ । ਕੀ ਹਾਊਸ ਦੀ ਸੈਂਸ ਹੈ ? (The hon. Member may say these points when he is given time to speak on the Bill. Now the matter before the House is that we should meet at 2 p.m. tomorrow in order to give facility to the hon. Members who want to have a dip tomorrow morning on account of the Solar Eclipse. After that I am ready to sit till the hon. Members want. Is it the sense of the House?)

ਆਵਾਜ਼ਾਂ : ਬਿਲਕੁਲ ਨਹੀਂ ।

ਸਰਦਾਰ ਗੁਰਨਾਮ ਸਿੰਘ : ਡਿਪਟੀ ਸਪੀਕਰ ਸਾਹਿਬਾ, ਇਹ ਮੈਂਬਰ ਨਹੀਂ ਮੰਨਦੇ ਕਿ ਕਲ ਹਾਊਸ 2 ਵਜੇ ਮੀਟ ਕਰੇ । ਇਹ ਕਹਿੰਦੇ ਹਨ ਕਿ 9 ਵਜੇ ਹੀ ਮਿਲੇ ਜਿਸ ਤਰ੍ਹਾਂ ਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦਾ ਫੈਸਲਾ ਕੀਤਾ ਹੋਇਆ ਹੈ ।

ਟ੍ਰਾਂਸਪੋਰਟ ਅਤੇ ਚੋਣ ਮੰਤਰੀ : ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਕੁਝ ਮੈਂਬਰਾਂ ਵਲੋਂ ਇਹ ਤਜਵੀਜ਼ ਆਈ ਸੀ ਅਤੇ ਇਥੇ ਆਮ ਰਾਏ ਇਹ ਸੀ ਕਿ ਬਾਰ ਬਾਰ ਛੁੱਟੀਆਂ ਨਾ ਕੀਤੀਆਂ ਜਾਣ ਤੇ ਫਿਰ ਗੌਰਮੈਂਟ ਆਫਿਸਿਜ਼ ਵਿਚ ਵੀ ਛੁੱਟੀ ਨਹੀਂ ਇਸ ਲਈ ਪਹਿਲਾਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਇਹ ਗੱਲ ਆਈ ਸੀ ਕਿ ਹਾਊਸ 9 ਵਜੇ ਹੀ ਇਸ ਦਿਨ ਵੀ ਮੀਟ ਕਰੇ ਪਰ ਹੁਣ ਕਿਉਂਕਿ ਆਮ ਮੈਂਬਰਾਂ ਦੀ ਰਾਏ ਹੈ ਕਿ ਇਸ਼ਨਾਨ ਕਰਨ ਲਈ ਜਾਣਾ ਹੈ ਅਤੇ ਇਸ ਤਿਉਹਾਰ ਨੂੰ ਮਨਾਉਣਾ ਹੈ ਅਤੇ ਨਾਲ ਹੀ ਡਾਕਟਰ ਬਲਦੇਵ ਪਰਕਾਸ਼ ਅਤੇ ਸ੍ਰੀ ਬਲਰਾਮਜੀ ਦਾਸ ਟੰਡਨ ਵਲੋਂ ਵੀ ਇਹ ਗੱਲ ਆਈ ਕਿ ਜੇਕਰ ਤੁਸੀਂ 2 ਵਜੇ ਮੀਟ ਨਹੀਂ ਕਰ ਸਕਦੇ ਤਾਂ ਹਾਊਸ ਉਸ ਵਕਤ ਮੀਟ ਕਰ ਲਏ ਜਦ ਕਿ ਸੂਰਜ ਗ੍ਰਹਣ ਦਾ ਵਕਤ ਖਤਮ ਹੋ ਜਾਵੇ । ਇਸ ਤਰ੍ਹਾਂ ਤਿਉਹਾਰ ਵੀ ਮਨਾਇਆ ਜਾਵੇਗਾ ਸਾਨੂੰ ਹਰ ਇਕ ਦੇ ਤਿਉਹਾਰਾਂ ਦੀ ਕਦਰ ਕਰਨੀ ਚਾਹੀਦੀ ਹੈ । ਇਸ ਲਈ ਜੇਕਰ 2 ਵਜੇ ਮੀਟ ਕਰਨ ਲਈ ਹਾਊਸ ਐਗਰੀ ਨਾ ਕਰੇ ਤਾਂ ਸੂਰਜ ਗ੍ਰਹਿਣ ਦੇ ਵਕਤ ਖਤਮ ਹੋਣ ਤੋਂ ਬਾਦ 10 ਵਜੇ ਮੀਟ ਕਰ ਲਉ ।

ਕਾਮਰੇਡ ਜੰਗੀਰ ਸਿੰਘ ਜੋਗਾ : ਆਨ ਏ ਪੁਆਇੰਟ ਆਫ ਆਰਡਰ, ਮੈਡਮ । ਇਸ ਗੱਲ ਦਾ ਫੈਸਲਾ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਕੀਤਾ ਗਿਆ ਸੀ ਕਿ ਕਲ ਹਾਊਸ 9 ਵਜੇ ਮੀਟ ਕਰੇਗਾ ਅਤੇ ਇਸ ਬਿਲ ਨੂੰ ਚਲਦਾ ਰਖਣਾ ਹੈ ਇਸ ਲਈ ਇਸ ਨੂੰ ਕਲ 2 ਵਜੇ ਨਹੀਂ ਮੀਟ ਕਰਨਾ ਚਾਹੀਦਾ ਸਗੋਂ ਸਵੇਰੇ ਮੀਟ ਕਰਨਾ ਚਾਹੀਦਾ ਹੈ । ਜਦ ਸੇਲਜ਼ ਟੈਕਸ ਬਿਲ ਆਇਆ ਤਾਂ ਤਿੰਨ ਦਿਨ ਤਕ ਇਸ ਤੇ ਬਹਿਸ ਚਲਦੀ ਰਹੀ । ਅਸੀਂ ਇਸ ਬਿਲ ਤੇ ਸਾਰਿਆਂ ਨੇ ਬੋਲਣਾ ਹੈ । ਇਸ ਦਾ ਸਬੰਧ ਜ਼ਿਮੀਦਾਰਾਂ ਨਾਲ ਹੈ ਇਸ ਲਈ ਕਲ ਹਾਊਸ 9 ਵਜੇ ਹੀ ਮੀਟ ਕਰਨਾ ਚਾਹੀਦਾ ਹੈ ਤੇ ਜੇਕਰ ਕਲ ਤਿਉਹਾਰ ਮਨਾਣਾ ਹੈ ਤਾਂ ਕਲ ਦੀ ਛੁੱਟੀ ਕਰ ਦਿਉ ਅਤੇ ਪਰਸੋਂ ਫਿਰ ਮੀਟ ਕਰ ਲਉ ।

ਡਿਪਟੀ ਸਪੀਕਰ : ਪਰ ਇਕ ਹੋਰ ਸੋਹਣੀ ਸੁਜੈਸ਼ਨ ਆ ਗਈ ਹੈ ਢਿਲੋਂ ਸਾਹਿਬ ਵਲੋਂ ਕਿ 10 ਵਜੇ ਮੀਟ ਕਰ ਲਉ ਤੇ ਫਿਰ ਜਿੰਨਾ ਚਿਰ ਤਕ ਚਾਹੋਗੇ ਮੈਂ ਬੈਠਾਂਗੀ । ਕੀ ਹਾਊਸ ਦੀ ਇਹ ਰਾਏ ਹੈ ਕਿ ਕਲ ਹਾਊਸ 10 ਵਜੇ ਮੀਟ ਕਰੇ ? (Another good suggestion has come from Sardar Dhillon that the House may meet at 10 a.m. tomorrow. I can then sit till the hon. Members want me here. Is it the sense of the House that the House should meet at 10 a.m. tomorrow ?)

Voices : Yes, yes.

ਡਿਪਟੀ ਸਪੀਕਰ : ਹਾਊਸ ਸਵੇਰੇ 10 ਬਜੇ ਮੀਟ ਕਰੇਗਾ । (The House will meet at 10 a. m. tomorrow.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਮੈਡਮ । ਮੈਂ ਇੰਨੀ ਬੇਨਤੀ ਕਰਨੀ ਸੀ ਕਿ ਠੀਕ ਹੈ ਕਿ ਬਿਲ ਦੀ ਬਹਿਸ ਤੇ ਇਕੋ ਵਕਤ ਬੋਲੋ ਪਰ ਮੈਂ ਆਪ ਦੀ ਰੂਲਿੰਗ ਚਾਹੁੰਦਾ ਹਾਂ ਕਿ ਕੀ ਬਿਲ ਤੇ ਬਹਿਸ ਕਰਦਿਆਂ ਕੋਈ ਟਾਇਮ ਲਿਮਿਟ ਕਿਸੇ ਆਨਰੇਬਲ ਮੈਂਬਰ ਤੇ ਲਗਾਈ ਜਾ ਸਕਦੀ ਹੈ ਜਾਂ ਨਹੀਂ ਤੇ ਜੇਕਰ ਨਹੀਂ ਲਗਾਈ ਜਾਂਦੀ ਤਾਂ ਫਿਰ ਇਸ ਬਿਲ ਤੇ ਕਿਉਂ ਟਾਇਮ ਲਿਮਿਟ ਲਗਾਈ ਜਾ ਰਹੀ ਹੈ । ਜਦ ਤਕ ਮੈਂਬਰ ਬੋਲਣਾ ਚਾਹੁਣ ਉਨ੍ਹਾਂ ਨੂੰ ਆਗਿਆ ਹੋਣੀ ਚਾਹੀਦੀ ਹੈ ।

Deputy Speaker : Comrade Gurbaksh Singh, please wind up now.

ਕਾਮਰੇਡ ਗੁਰਬਖ਼ਸ਼ ਸਿੰਘ ਧਾਲੀਵਾਲ : ਮੈਂ, ਡਿਪਟੀ ਸਪੀਕਰ ਸਾਹਿਬਾ, ਇਹ ਅਰਜ ਕਰਨੀ ਚਾਹੁੰਦਾ ਹਾਂ ਕਿ ਇਹ ਸੋਧਨਾ ਬਿਲ ਜਿਹੜਾ ਪੇਸ਼ ਕੀਤਾ ਗਿਆ ਹੈ ਇਸ ਦੇ ਫ਼ਰੇਮ ਵਰਕ ਦੇ ਅੰਦਰ ਅੰਦਰ ਰਹਿ ਕੇ ਜੇਕਰ ਕੋਈ ਮੈਂਬਰ ਬੋਲਣਾ ਚਾਹੇ ਅਤੇ ਕਿਤੇ ਵੀ ਇਰਰੇਲੈਵੇਂਟ ਨਾ ਹੋਵੇ ਤਾਂ ਉਸ ਤੇ ਕੋਈ ਵਕਤ ਦੀ ਕੋਈ ਪਾਬੰਦੀ ਨਹੀਂ ਲਗਾਣੀ ਚਾਹੀਦੀ ਅਤੇ ਉਸ ਨੂੰ ਅਰਾਮ ਨਾਲ ਬੋਲਣ ਦੇਣਾ ਚਾਹੀਦਾ ਹੈ। ਅਤੇ ਆਪਣੇ ਜਜ਼ਬਾਤ ਅਤੇ ਲੋਕਾਂ ਦੇ ਜਜਬਾਤ ਨੂੰ ਇਥੇ ਪਰਗਟ ਕਰਨ ਦੇਣਾ ਚਾਹੀਦਾ ਹੈ। ਜੋ ਪੁਆਇੰਟਸ ਮੈਂ ਕਹਿਣੇ ਹਨ ਮੈਨੂੰ ਕਹਿ ਲੈਣ ਦਿਤੇ ਜਾਣ। ਮੈਂ ਜਿਸ ਹਲਕੇ ਤੋਂ ਆਇਆ ਹਾਂ ਉਹ ਨਿਰੋਲ ਕਿਸਾਨਾਂ ਦਾ ਹਲਕਾ ਹੈ। ਉਥੇ ਪਿਉਰਲੀ ਕਿਸਾਨ ਵਸਦੇ ਹਨ। ਜੇਕਰ ਮੈਂ ਉਨ੍ਹਾਂ ਦੇ ਜਜ਼ਬਾਤ ਦੀ ਤਰਜਮਾਨੀ ਕਰਦਿਆਂ ਕਿਤੇ ਕੋਈ ਗੱਲ ਫਾਲਤੂ ਕਹਿ ਦਿਤੀ ਜਾਂ ਰੀਪੀਟ ਕਰ ਦਿਤੀ ਤਾਂ ਤੁਸੀਂ ਬੇਸ਼ਕ ਮੈਨੂੰ ਰੋਕ ਦੇਣਾ। (ਵਿਘਨ)

ਮੈਂ, ਡਿਪਟੀ ਸਪੀਕਰ ਸਾਹਿਬਾ, ਇਹ ਗੱਲ ਸਰਕਾਰ ਨੂੰ ਦੱਸੀ ਹੈ ਕਿ ਜਿਹੜੀ ਲਿਫਟ ਸਕੀਮ ਤੇ ਕਾਂਗੜੇ ਵਿਚ 30 ਲਖ ਰੁਪਿਆ ਜ਼ਾਇਆ ਕੀਤਾ ਹੈ ਉਸ ਨੂੰ ਬਚਾਇਆ ਜਾ ਸਕਦਾ ਸੀ। ਇਸੇ ਤਰ੍ਹਾਂ ਹੋਰ ਵੀ ਲੱਖਾਂ ਰੁਪਏ ਦੀਆਂ ਰਕਮਾਂ ਹਨ ਜਿਹੜੀਆਂ ਕਿ ਬਚਾਈਆਂ ਜਾ ਸਕਦੀਆਂ ਹਨ ਅਤੇ ਇਹ ਲੱਖਾਂ ਰੁਪਏ ਸਰਕਾਰ ਦੇ ਖਜ਼ਾਨੇ ਵਿਚ ਜਾ ਸਕਦੇ ਹਨ। ਇਸ ਤਰ੍ਹਾਂ ਦੀਆਂ ਜਿੰਨੀਆਂ ਵੀ ਮੋਰੀਆਂ ਹਨ ਉਨ੍ਹਾਂ ਨੂੰ ਜੇਕਰ ਸਰਕਾਰ ਬੰਦ ਕਰੇ ਤਾਂ ਇਸ ਤਰ੍ਹਾਂ ਦਾ ਟੈਕਸ ਕਿਸਾਨਾਂ ਤੇ ਲਗਾਉਣ ਦੀ ਲੋੜ ਹੀ ਨਾ ਪਵੇ।

ਇਸ ਤੋਂ ਬਾਦ, ਡਿਪਟੀ ਸਪੀਕਰ ਸਾਹਿਬਾ, ਮੈਂ ਇਕ ਬਹੁਤ ਹੀ ਹੈਰਾਨੀ ਦੀ ਗੱਲ ਆਪ ਦੇ ਸਾਹਮਣੇ ਪੇਸ਼ ਕਰਦਾ ਹਾਂ। ਇਹ ਠੀਕ ਹੈ ਕਿ ਰਾਜਿਆਂ ਦਾ ਰਾਜ ਦੇਸ਼ ਵਿਚ ਖਤਮ ਕਰ ਦਿਤਾ ਗਿਆ ਹੈ ਪਰ ਅਜੇ ਵੀ ਕਈ ਰਾਜੇ ਹਨ ਜਿਨ੍ਹਾਂ ਨੂੰ ਜੇਬ ਖਰਚ ਲਈ ਲਖਾਂ ਰੁਪਏ ਪ੍ਰਿਵੀ ਪਰਸ ਦੀ ਸ਼ਕਲ ਵਿਚ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਦਾ ਰਾਜਾ ਜ਼ਿਲਾ ਕਾਂਗੜਾ ਵਿਚ ਹੈ। ਇਸ ਨੂੰ 1845 ਵਿਚ ਅੰਗਰੇਜ਼ਾਂ ਨੇ ਜਗੀਰ ਦਿਤੀ ਸੀ ਅਤੇ ਇਹ ਜਗੀਰ ਅਜੇ ਇਸ ਰਾਜੇ ਪਾਸ ਹੈ। ਇਸ ਤੋਂ ਇਸ ਸਾਲ ਇਕ ਲੱਖ 80 ਹਜਾਰ ਰੁਪਏ ਦੀ ਬਚਤ ਹੋਈ ਅਤੇ ਇਸ ਤੋਂ ਪਿਛਲੇ ਸਾਲ 1 ਲਖ 45 ਹਜਾਰ ਦੀ ਬਚਤ ਹੋਈ। ਚੀਜ਼ਾਂ ਦੇ ਭਾ ਦਿਨੋ ਦਿਨ ਵਧ ਰਹੇ ਹਨ। ਇਸ ਲਈ ਇਸ ਜਗੀਰ ਦੀ ਬਚਤ ਵਿਚ ਵੀ ਵਾਧਾ ਹੁੰਦਾ ਚਲਿਆ ਜਾ ਰਿਹਾ ਹੈ। ਇਸ ਜਗੀਰ ਵਿਚ ਫਲ ਆਦਿ ਲਗੇ ਹੋਏ ਹਨ। ਇਸ ਲਈ ਮੈਂ ਸਰਕਾਰ ਪਾਸ ਆਪ ਦੀ ਰਾਹੀਂ ਬੇਨਤੀ ਕਰਾਂਗਾ ਕਿ ਇਹ ਜਿਹੜੇ ਸੁਫੈਦ ਹਾਥੀਆਂ ਦੀ ਸ਼ਕਲ ਵਿਚ ਇਥੇ ਰਖੇ ਹੋਏ ਹਨ ਇਨ੍ਹਾਂ ਨੂੰ ਖਤਮ ਕਰਨਾ ਚਾਹੀਦਾ ਹੈ। ਇਹ ਉਹ ਲੋਕ ਹਨ ਜਿਨ੍ਹਾਂ ਨੇ ਅੰਗਰੇਜ਼ਾਂ ਦੀ ਪਿਠ ਪੂਰੀ ਸੀ ਤੇ ਫਿਰ ਇਨ੍ਹਾਂ ਨੂੰ ਜਗੀਰਾਂ ਮਿਲ ਗਈਆਂ ਹਨ। ਇਨ੍ਹਾਂ ਨੂੰ ਖਤਮ ਕਰਕੇ ਲੱਖਾਂ ਰੁਪਏ ਸਰਕਾਰ ਦੇ ਖਜ਼ਾਨੇ ਵਿਚ ਜਮ੍ਹਾਂ ਕੀਤੇ ਜਾ ਸਕਦੇ ਹਨ ਅਤੇ ਇਸ ਕਰਾਪ ਸੈਸ ਟੈਕਸ ਦੀ ਲੋੜ ਹੀ ਨਹੀਂ ਰਹਿੰਦੀ। ਸਰਕਾਰ ਇਸ ਤਰ੍ਹਾਂ ਇਸ ਰਾਜੇ ਕਾਂਗੜੇ ਦੀ ਜਗੀਰ ਨੂੰ ਖਤਮ ਕਰ ਕੇ ਆਪਣੀ ਆਮਦਨ ਵਿਚ ਵਾਧਾ ਕਰ ਸਕਦੀ ਹੈ। ਇਹ ਬੜੇ ਟੇਡੇ ਢੰਗ ਨਾਲ ਸਰਕਾਰ ਦੇ ਖਜਾਨੇ ਤੇ ਭਾਰ ਬਣੇ ਹੋਏ ਹਨ। (ਘੰਟੀ)

ਮੈਂ, ਡਿਪਟੀ ਸਪੀਕਰ ਸਾਹਿਬਾ, ਆਪ ਦੇ ਹੁਕਮ ਦਾ ਪਾਲਨ ਕਰਦਾ ਹੋਇਆ ਛੇਤੀ ਹੀ ਖਤਮ ਕਰਾਂਗਾ। ਅਜ ਆਪ ਕ੍ਰੋਧਵਾਨ ਹੋ। (ਵਿਘਨ)

ਡਿਪਟੀ ਸਪੀਕਰ: ਤੁਸੀਂ ਇਸ ਲਫਜ਼ ਨੂੰ ਵਾਪਸ ਲਉ। (The hon. Member should please withdraw this word.)

ਕਾਮਰੇਡ ਗੁਰਬਖ਼ਸ਼ ਸਿੰਘ ਧਾਲੀਵਾਲ : ਮੈਂ ਇਸ ਲਫਜ਼ ਨੂੰ ਵਾਪਸ ਲੈਂਦਾ ਹਾਂ।

ਮੈਂ ਇਹ ਅਰਜ਼ ਕਰਦਾ ਹਾਂ ਕਿ ਇਸ ਬਿਲ ਦਾ ਸਬੰਧ ਪੰਜਾਬ ਦੇ 80 ਫੀ ਸਦੀ ਕਿਸਾਨਾਂ ਨਾਲ ਹੈ। ਇਸ ਤੇ ਬਹਿਸ ਲਈ ਸਿਰਫ ਦੋ ਦਿਨ ਤੁਸੀਂ ਰਖੇ ਹਨ ਜਿਥੇ ਕਿ ਸੇਲਜ਼ ਟੈਕਸ ਤੇ ਵਿਚਾਰ ਕਰਨ ਲਈ ਸਤ ਦਿਨ ਦਿਤੇ ਗਏ ਹਨ। ਜੇਕਰ ਇਸ ਤਰ੍ਹਾਂ ਕੀਤਾ ਗਿਆ ਤਾਂ ਇਹ ਕਿਸਾਨਾਂ ਦੇ ਨਾਲ ਬੇਇਨਸਾਫ਼ੀ ਹੋਵੇਗੀ ਕਿ ਇਸ ਬਿਲ ਤੇ ਬਹਿਸ ਲਈ ਕੇਵਲ ਦੋ ਦਿਨ ਹੀ ਰਖੇ ਜਾਣ। (ਘੰਟੀ) ਡਿਪਟੀ ਸਪੀਕਰ ਸ਼ਾਹਿਬਾ, ਮੈਂ ਆਪ ਦਾ ਹੁੱਕਮ ਮੰਨਦਾ ਹੋਇਆ ਅੰਤ ਵਿਚ ਐਨੀ ਗਲ ਹੀ ਕਹਿਣੀ ਚਾਹੁੰਦਾ ਹਾਂ ਕਿ ਇਹ ਜਿਹੜਾ ਸੋਧਨਾ ਬਿਲ ਹੈ ਇਸ ਤੇ ਠੰਡੇ ਦਿਲ ਨਾਲ ਵਿਚਾਰ ਕੀਤੀ ਜਾਵੇ ਅਤੇ ਇਸ ਦੇ ਸਬੰਧ ਵਿਚ ਕਿਸਾਨਾਂ ਦੀ ਰਾਏ ਲੈਣ ਲਈ ਇਸ ਨੂੰ ਪੰਜਾਬ ਦੇ ਕਿਸਾਨਾਂ ਵਿਚ ਸਰਕੂਲੇਟ ਕੀਤਾ ਜਾਵੇ ਤਾਂ ਜੋ ਲੋਕਾਂ ਦੀ ਆਮ ਰਾਏ ਇਸ ਦੇ ਸਬੰਧ ਵਿਚ ਮਿਲ ਸਕੇ। ਅਜ ਪੰਜਾਬ ਦੀ ਸਰਕਾਰ ਕਾਮਰੇਡ ਰਾਮ ਕਿਸ਼ਨ ਦੀ ਸਰਕਾਰ ਹੈ ਇਸ ਲਈ ਇਸ ਨੂੰ ਚਾਹੀਦੀ ਹੈ ਕਿ ਇਹ ਬਿਲ ਸਰਕੂਲੇਟ ਕਰ ਦਿਤਾ ਜਾਵੇ ਤਾਂ ਜੋ ਲੋਕਾਂ ਦੀ ਰਾਏ ਮਿਲ ਸਕੇ। ਹੋਰ ਗੱਲਾਂ ਵੀ ਹਨ ਜਿਨ੍ਹਾਂ ਦੇ ਬਾਰੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ। ਜੇਕਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਕਾਮਰੇਡ ਸਰਕਾਰ ਬਾਰੇ ਇਹ ਰਾਏ ਪੱਕੀ ਹੋ ਜਾਵੇਗੀ ਕਿ ਇਹ ਕਿਸਾਨ ਨੂੰ ਪਾਲਣ ਦੇ ਹਕ ਵਿਚ ਨਹੀਂ ਸਗੋਂ ਇਹ ਤਾਂ ਬਿਰਲੇ ਵਰਗਿਆਂ ਨੂੰ ਪਾਲਣਾ ਚਾਹੁੰਦੇ ਹਨ ਅਤੇ ਜਾਗੀਰਦਾਰਾਂ ਦੀ ਪਿੱਠ ਤੇ ਹਥ ਧਰਨਾ ਚਾਹੁੰਦੇ ਹਨ। ਇਨ੍ਹਾਂ ਨੂੰ ਪੰਜਾਬ ਦੇ ਕਿਸਾਨ ਦੇ ਭਲੇ ਦਾ ਕੋਈ ਹਿਤ ਨਹੀਂ। ਅਜ ਬਿਰਲੇ ਨੂੰ ਪਾਲ ਰਹੇ ਹਨ ਤੇ ਕਲ ਥਾਪਰ ਦੀ ਵਾਰੀ ਆ ਜਾਵੇਗੀ। ਇਹ ਪਰਤਖ ਹੋ ਜਾਵੇਗਾ ਕਿ ਇਹ ਕਿਸਾਨ ਦਾ ਭਲਾ ਨਹੀਂ ਜਾਗੀਰਦਾਰ ਅਤੇ ਥਾਪਰ ਤੇ ਬਿਰਲਿਆਂ ਵਰਗਿਆਂ ਨੂੰ ਪਾਲਣਾ ਚਾਹੁੰਦੀ ਹੈ। ਇਸ ਲਈ ਮੇਰੀ ਤਰਮੀਮ ਇਹ ਹੈ ਕਿ ਇਸ ਬਿਲ ਨੂੰ ਜਨਤਾ ਦੀ ਰਾਏ ਲਈ ਸਰਕੂਲੇਟ ਕਰ ਦਿਤਾ ਜਾਵੇ।

ਸਾਡੀ ਇਹੋ ਰਾਏ ਹੈ ਕਿ ਇਸ ਬਿਲ ਨੂੰ ਸਰਕੂਲੇਟ ਕੀਤਾ ਜਾਵੇ ਤਾਂ ਜੋ ਪਬਲਿਕ ਉਪੀਨਅਨ ਲਈ ਜਾ ਸਕੇ! ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਾਂਗਾ ਕਿ 31 ਦਸੰਬਰ 1965 ਤੱਕ ਇਸ ਤੇ ਵਿਚਾਰ ਕਰਨਾ ਮੁਲਤਵੀ ਕਰ ਦਿਤਾ ਜਾਵੇ ਕਿਉਂਕਿ ਇਸ ਦੀ ਮਿਆਦ ਅਜੇ ਉਦੋਂ ਤੱਕ ਹੈ। ਇਨ੍ਹਾਂ ਲਫ਼ਜ਼ਾਂ ਨਾਲ ਮੈਂ ਆਪਣੀ ਅਮੈਂਡਮੈਂਟ ਮੂਵ ਕਰਦਾ ਹਾਂ।

Deputy Speaker: Motion moved—

> That the Punjab Commerical Cess (Amendment) Bill, 1965, be circulated for eliciting public opinion thereon by the 31st December, 1965.

चौधरी राम सरूप : मेरा पवायंट आफ आर्डर यह है, डिप्टी स्पीकर साहिबा, कि आप हमारे से ज़्यादती ना करें। आप कहते हैं कि कल की सिटिंग के लिये बिज़ीनैस एडवाइज़री कमेटी ने फैसला किया है, मगर आप को तो पता ही है कि इसी सैशन में बिज़नैस एडवाईज़री कमेटी के फैसले तीन-तीन बार बदलने पड़े हैं। आप को हमारे जज़बात को तो समझना चाहिये था। यह हमारी ज़िंदगी और मौत का सवाल है!

उपाध्यक्षा : आप बैठिए। आपको इस बात को ऐप्रीशियेट करना चाहिये कि मेरे पास आपकी दरखास्त छुट्टी के लिये 4 दिन से आ रही है कि इस दिन हाऊस मुलतवी हो मगर यह आप फैसला उस कमेटी से करवा सकते थे, इस हाऊस में नहीं। उनहों ने 9 की बजायें 10 बजे करने को कहा मैं ने वह अनाऊंस कर दिया। (The hon. Momber may please resume his seat. He should have appreciated that request for observing an off day tomorrow has been continuously coming to me for the last four days. But this decision could have been taken by the Business Advisory Committee and not by this House . A suggestion came for changing the time of the sitting to 10 A. M. instead of 9 A. M. tomorrow. I have announced the decesion accordingly after taking the sense of the House.)

चौधरी राम सरूप : आप किस रूल के तहत मुझे बैठने को कहती है। मैं आपका हुकम मानने से इनकार तो नहीं करवा सकता मगर यह बात कहे बगैर नहीं रह सकता कि अगर इस तरह हमारे हकूक पर छापा मारा गया तो हम बरदाशत नहीं करेंगे।

Deputy Speaker : I would request the Honourable Member to take his seat.

Sardar Gurcharan Singh On a point of order, Madam.

Deputy Speaker Please take your seat. इस तरह बार बार पवायंट आफ आर्डर करने का क्या मतलब है ? (Please take your seat. What is the purpose of rising on a point of order time and again ?)

ਕਾਮਰੇਡ ਬਾਬੂ ਸਿੰਘ ਮਾਸਟਰ : ਡਿਪਟੀ ਸਪੀਕਰ ਸਾਹਿਬਾ, ਜਦੋਂ ਕੋਈ ਪਰਸਨਲ ਐਕਸਪਲੇਨੇਸ਼ਨ ਤੇ ਬੋਲਣਾ ਚਾਹੇ ਤੁਸੀਂ 2-2 ਘੰਟੇ ਤਕ ਅਜਾਜ਼ਤ ਦੇ ਦਿੰਦੇ ਹੋ। ਜਦੋਂ ਕੋਈ ਬਿਲ ਤੇ ਬੋਲਦਾ ਹੈ ਤਾਂ ਘੰਟੀਆਂ ਵਜਣ ਲਗ ਜਾਂਦੀਆਂ ਹਨ। ਮੈਂ ਹੈਰਾਨ ਹਾਂ ਇਤਨਾ ਅਹਿਮ ਬਿਲ ਹੈ, ਕਿਸਾਨਾਂ ਦਾ ਗਲਾ ਘੁਟਿਆ ਜਾ ਰਿਹਾ ਹੈ ਪਰ ਇਸ ਤੇ ਬਹਿਸ ਨਹੀਂ ਹੋਣ ਦਿਤੀ ਜਾ ਰਹੀ।

ਡਿਪਟੀ ਸਪੀਕਰ: ਇਸ ਵਕਤ ਇਹ ਬਹਿਸ ਦਾ ਮੌਜ਼ੂੰ ਨਹੀਂ ਹੈ। ਤੁਸੀਂ ਐਵੇਂ ਬਹਿਸ ਨਾ ਵਧਾਉ। ਜੋਸ਼ ਜੀ ਦੀ ਅਮੈਂਡਮੈਂਟ ਮੂਵ ਹੋਣ ਦਿਓ (This is not the matter under discussion now. The hon. Member should not prolong the discussion, Let comrade Josh move his amendment.)

Comrade Shamsher Singh Josh : Madam, I beg to move—

That the Punjab Commercial Crops Cess (Amendment) Bill, 1965, be circulated for eliciting public opinion thereon by the 31st December, 1965.

(ਕਾਮਰੇਡ ਸ਼ਮਸ਼ੇਰ ਸਿੰਘ ਜੋਸ਼)

ਡਿਪਟੀ ਸਪੀਕਰ ਸਾਹਿਬਾ, ਇਹ ਜਿਹੜਾ ਅਮੈਂਡਿੰਗ ਬਿਲ ਇਸ ਵੇਲੇ ਹਾਊਸ ਦੇ ਵਿਚਾਰ ਗੋਚਰੇ ਹੈ, ਇਹ ਇਸ ਸੂਬੇ ਨੂੰ ਸਰਦਾਰ ਅਜਮੇਰ ਸਿੰਘ ਦੀ ਦੇਣ ਹੈ। ਉਨ੍ਹਾਂ ਨੇ ਇਹ ਬਿਲ ਕੈਰੋਂ ਸਾਹਿਬ ਦੀ ਵਜ਼ਾਰਤ ਵੇਲੇ 1962 ਦੇ ਵਿਚ ਲਿਆਂਦਾ ਸੀ। ਜਦੋਂ ਇਹ ਬਿਲ ਪਹਿਲੀ ਵਾਰ ਇਸ ਹਾਊਸ ਦੇ ਵਿਚ ਪੇਸ਼ ਹੋਇਆ ਸੀ ਤਾਂ ਉਸ ਸਮੇਂ ਦੀ ਸਰਕਾਰ ਨੇ ਇਹ ਅਸ਼ੋਰੈਂਸ ਦਵਾਈ ਸੀ ਕਿ ਇਸ ਟੈਕਸ ਦੀ ਸਰਕਾਰ ਨੂੰ ਆਰਜ਼ੀ ਤੌਰ ਤੇ ਲੋੜ ਹੈ, ਅਸੀਂ ਇਸੇ ਲਈ ਕਿਹਾ ਸੀ ਕਿ ਇਸ ਨੂੰ ਪਰਵਾਨ ਕਰ ਲਓ। ਜਦੋਂ ਸਰਦਾਰ ਅਜਮੇਰ ਸਿੰਘ ਨੇ ਇਹ ਬਿਲ ਪੇਸ਼ ਕੀਤਾ ਸੀ ਤਾਂ ਉਸ ਵੇਲੇ ਇਹ ਫੈਸਲਾ ਕੀਤਾ ਸੀ ਕਿ ਇਸ ਟੈਕਸ ਦੀ 6 ਫਸਲਾਂ ਦੇ ਵਾਸਤੇ ਲੋੜ ਹੋਵੇਗੀ ਅਤੇ ਸਰਕਾਰ ਨੂੰ ਦੋ ਫਸਲਾਂ ਤੋਂ 90 ਲੱਖ ਰੁਪਏ ਦੀ ਆਮਦਨ ਹੋਵੇਗੀ, ਇਸ ਤਰ੍ਹਾਂ ਉਨ੍ਹਾਂ ਦਾ ਇਹ ਟੀਚਾ ਸੀ ਕਿ ਇਹ ਟੈਕਸ ਦਾ ਢਾਈ ਤਿੰਨ ਕਰੋੜ ਰੁਪਿਆ ਤਾਂ 31 ਮਾਰਚ, 1966 ਤੱਕ ਪੂਰਾ ਹੋ ਜਾਵੇਗਾ। ਸਭ ਤੋਂ ਪਹਿਲਾਂ ਜਿਹੜੀ ਹੈਰਾਨੀ ਦੀ ਗੱਲ ਹੈ ਉਹ ਇਹ ਹੈ ਕਿ ਕਾਮਰੇਡ ਸਾਹਿਬ ਨੂੰ ਪਤਾ ਨਹੀਂ ਕੀ ਫਿਕਰ ਪੈ ਗਿਆ, ਅਜੇ ਇਸ ਦੀ ਮਿਆਦ ਖਤਮ ਨਹੀਂ ਹੋਈ ਕਿ ਇਸ ਦੀ ਮਿਆਦ ਵਧਾਉਣ ਦੀ ਇਨ੍ਹਾਂ ਨੂੰ ਲੋੜ ਆ ਪਈ। ਕਿਉਂ ਨਾ ਇਸ ਨੂੰ ਬਜਟ ਸੈਸ਼ਨ ਦੇ ਵਿਚ ਲਿਆਂਦਾ ਗਿਆ ? ਇਹ ਟੈਕਸ ਤਿੰਨ ਫਸਲਾਂ ਤੇ ਲੱਗੇਗਾ ਇਕ ਗੰਨਾ, ਇਕ ਕਪਾਹ ਅਤੇ ਇਕ ਮਿਰਚ ਤੇ ਲਗੇਗਾ ਅਤੇ ਇਸ ਰਾਹੀਂ 14,27,000 ਏਕੜ ਜ਼ਮੀਨ ਜਿਸ ਵਿਚ ਕਪਾਹ ਬੀਜੀ ਗਈ ਹੈ ਅਤੇ 5 ਲੱਖ 64 ਹਜ਼ਾਰ ਏਕੜ ਜਿਸ ਵਿਚ ਕਿ ਗੰਨਾ ਬੀਜਿਆ ਗਿਆ ਹੈ ਅਤੇ 66 ਹਜ਼ਾਰ ਏਕੜ ਜਿਸ ਵਿਚ ਕਿ ਮਿਰਚਾਂ ਦੀ ਬਿਜਾਈ ਹੋਈ ਹੈ, ਇਨ੍ਹਾਂ ਤਿੰਨਾਂ ਕਿਸਮਾਂ ਦੀਆਂ ਫਸਲਾਂ ਤੇ ਸਰਕਾਰ ਇਹ ਟੈਕਸ ਦੀ ਵਸੂਲੀ ਕਰੇਗੀ। ਪਰ ਇਸ ਬਿਲ ਦਾ ਜੋ ਮੰਤਵ ਹੈ ਉਸ ਬਾਰੇ ਇਸ ਵਿਚ ਲਿਖਿਆ ਹੈ ਕਿ :—

> "As one of the measures to find additional resources for the Fourth Five-Year Plan, it is proposed to continue for the Fourth Plan period the cess on Commereial Crops, levied under the Punjab Commercial Crops Cess Act, 1963, which is valid up to the kharif harvest of the agricultural year 1965-66. Hence this Bill".

ਤਾਂ ਇਸ ਦਾ ਕਾਰਨ ਇਹ ਹੈ ਫਿਰ ਇਹ 5 ਸਾਲ ਲਈ ਇਹ ਟੈਕਸ ਹੋਰ ਲਾਉਣਾ ਚਾਹੁੰਦੇ ਹਨ ਯਾਨੀ 10 ਫਸਲਾਂ ਤੇ। ਕੈਰੋਂ ਸਰਕਾਰ ਨੇ 6 ਫਸਲਾਂ ਤੇ ਲਾਇਆ ਸੀ ਤੇ ਇਹ ਸਾਡੇ ਕੋਲੋਂ 10 ਫਸਲਾਂ ਤੇ ਹੋਰ ਲਾਉਣ ਦੀ ਆਗਿਆ ਮੰਗਦੇ ਹਨ। ਇਹ ਭਾਵੇਂ ਭੋਲੇ ਭਾਲੇ ਵਜ਼ੀਰ ਨੇ ਪੇਸ਼ ਕੀਤਾ ਹੈ ਪਰ ਇਹ ਬੜਾ ਖਤਰਨਾਕ ਬਿਲ ਹੈ। ਸਾਡੀ ਸਰਕਾਰ ਪੰਜਾਬ ਦੇ ਕਿਸਾਨ ਤੇ ਇਹ ਹੋਰ ਬੋਝ ਪਾਉਣਾ ਚਾਹੁੰਦੀ ਹੈ। ਇਸ ਰਾਹੀਂ ਇਹ ਫੌਰਥ ਫਾਈਵ-ਯੀਅਰ ਪਲੈਨ ਲਈ ਪੈਸੇ ਮੰਗਦੇ ਹਨ ਕਿ ਇਸ ਪੀਰੀਅਡ ਲਈ ਇਹ ਰੁਪਿਆ ਚਾਹੀਦਾ ਹੈ। ਇਸ ਲਈ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਰੁਪਿਆ ਜੋ ਟੈਕਸ ਦੀ ਸ਼ਕਲ ਵਿਚ ਹੈ ਇਹ ਪੰਜਾਬ ਦੇ ਕਿਸਾਨ ਤੇ ਬੋਝ ਪਾਉਣ ਲਗੇ ਹਨ। ਇਸ ਲਈ ਮੈਂ ਇਸ ਬਿਲ ਦੀ ਵਿਰੋਧਤਾ ਕਰ ਰਿਹਾ ਹਾਂ। ਆਪ ਨੂੰ ਪਤਾ ਹੈ ਕਿ ਜਿਹੜੀ ਗੰਨੇ ਦੀ ਕਾਸ਼ਤ ਹੈ ਇਸ ਨਾਲ ਸ਼ੂਗਰ ਬਣਦੀ ਹੈ। ਇਹ ਬਿਲ ਸ਼ੂਗਰਕੇਨ, ਗੰਨੇ ਦੇ ਕਾਸ਼ਤਕਾਰ ਤੇ ਇਕ ਤਰ੍ਹਾਂ ਡੈਂਪਰ ਦਾ ਕਮ ਕਰੇਗਾ ਅਤੇ ਉਹ ਗੰਨਾ ਘੱਟ ਬੀਜਣ ਲਗ ਜਾਣਗੇ। ਉਹ ਕਹੇਗਾ ਕਿ ਦੂਜੀ ਫਸਲ ਬੀਜ ਲਓ ਗੰਨੇ ਦੇ ਇਲਾਵਾ ਕਿਉਂਕਿ ਉਸ ਤੇ ਇਸ ਨੂੰ ਟੈਕਸ ਦੇਣਾ ਪਏਗਾ। ਇਸ ਲਈ ਉਹ

ਗੰਨਾ ਨਹੀਂ ਬੀਜੇਗਾ । ਆਪ ਨੂੰ ਪਤਾ ਹੈ ਕਿ ਸਾਡੇ ਸੂਬੇ ਵਿਚ ਪਿਛਲੇ ਸਾਲ ਸੂਗਰ ਦੀਆਂ ਮਿਲਾਂ ਦੀ ਸੀਜ਼ਨ ਦੀ ਡਿਉਰੇਸ਼ਨ ਘੱਟ ਸੀ, ਖੰਡ ਥੋੜੀ ਪੈਦਾ ਹੋਈ ਕਿਉਂਕਿ ਜ਼ਿਮੀਂਦਾਰਾਂ ਨੇ ਗੰਨਾ ਘੱਟ ਬੀਜਿਆ, ਜਿੰਨਾ ਗੰਨਾ ਕਿ ਖੰਡ ਦੀਆਂ ਮਿਲਾਂ ਦੀ ਲੋੜ ਪੂਰੀ ਨਹੀਂ ਕਰ ਸਕਦਾ। ਸਾਡੀ ਸਰਕਾਰ ਇਕ ਪਾਸੇ ਤਾਂ ਸੂਗਰ ਦੇ ਵਡੇ ਵਡੇ ਇੰਡਸਟਰੀਅਲਿਸਟਸ ਨੂੰ ਇਨਸੈਂਟਿਵ ਦੇਣਾ ਚਾਹੁੰਦੀ ਹੈ, ਰਿਆਇਤਾਂ ਦੇਣਾ ਚਾਹੁੰਦੀ ਹੈ ਲੇਕਿਨ ਜਿਹੜਾ ਸੂਗਰਕੇਨ, ਗੰਨੇ ਦਾ ਕਾਸ਼ਤਕਾਰ ਹੈ ਉਸ ਤੇ ਡੈਂਪਰ ਦਾ ਕੰਮ ਕਰਨਾ ਚਾਹੁੰਦੀ ਹੈ । ਇਸ ਨਾਲ ਸੂਗਰ ਦੀ ਇੰਡਸਟਰੀ ਤੇ ਬੜਾ ਭੈੜਾ ਅਸਰ ਪਏਗਾ, ਚੰਗਾ ਅਸਰ ਨਹੀਂ ਪਏਗਾ । ਜਿਥੋਂ ਤਕ ਇਹ ਗਲ ਹੈ ਕਿ ਚੌਥੀ ਪੰਜ ਸਾਲਾ ਯੋਜਨਾ ਲਈ ਰਿਸੋਰਸਿਜ਼ ਦੀ ਲੋੜ ਹੈ ਅਸੀਂ ਕਦੇ ਵੀ ਇਨਕਾਰ ਨਹੀਂ ਕਰਦੇ ਕਿ ਸਾਡਾ ਦੇਸ਼ ਪਲੈਨਾਂ ਤੋਂ ਬਗੈਰ ਤਰੱਕੀ ਨਹੀਂ ਕਰ ਸਕਦਾ । ਪਲੈਨ ਲਈ ਸਰਮਾਇਆ ਚਾਹੀਦਾ ਹੈ ਲੇਕਿਨ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਡੇ ਸੂਬੇ ਨੂੰ ਪਾਕਿਸਤਾਨ ਦੇ ਨਾਲ ਲੜਾਈ ਲੜਨੀ ਪਈ ਤੇ ਸਾਡੇ ਤੇ ਲੜਾਈ ਦਾ ਬੋਝ ਪਿਆ । ਆਪ ਨੂੰ ਪਤਾ ਹੈ ਕਿ ਸਾਡੇ ਸੂਬੇ ਦਾ ਕਿੰਨਾ ਨੁਕਸਾਨ ਹੋਇਆ, ਕਿੰਨਾ ਬੋਝ ਮੁਲਕ ਦਾ ਅਸੀਂ ਚੁਕਿਆ । ਸੈਂਟਰ ਦੀ ਸਰਕਾਰ, ਕੇਂਦਰੀ ਸਰਕਾਰ, ਹਿੰਦੁਸਤਾਨ ਦੀ ਬਾਕੀ 46 ਕਰੋੜ ਜਨਤਾ ਪੰਜਾਬ ਦੀ 2 ਕਰੋੜ ਆਬਾਦੀ ਨਾਲ ਅਗਰ ਮੋਢੇ ਨਾਲ ਮੋਢਾ ਰਲਾ ਲਵੇ, ਸਾਡੇ ਬੋਝ ਨੂੰ ਥੋੜਾ ਜਿੰਨਾ ਬਰਦਾਸ਼ਤ ਕਰ ਲਵੇ, ਤਾਂ ਮੈਂ ਸਮਝਦਾ ਹਾਂ ਕਿ ਇਸ ਦੇ ਲਈ ਇਹ 8 ਕਰੋੜ ਰੁਪਿਆ ਜੋ ਸਾਡੇ ਸੂਬੇ ਦੀ ਸਰਕਾਰ ਨੇ ਲੈਣਾ ਹੈ ਸਾਡੇ ਹਾਲਾਤ ਨੂੰ ਸਮਝਦਿਆਂ ਸੈਂਟਰ ਦੀ ਸਰਕਾਰ ਵੀ ਦੇ ਸਕਦੀ ਹੈ । ਅਤੇ ਇਸ ਬੋਝ ਨੂੰ ਸਾਡੇ ਤੋਂ ਘਟਾ ਸਕਦੀ ਹੈ । ਫੇਰ ਸਾਨੂੰ ਇਹੋ ਜਿਹੇ ਟੈਕਸ ਲਾਉਣ ਦੀ ਲੋੜ ਨਹੀਂ ਰਹਿੰਦੀ । ਆਪ ਨੂੰ ਪਤਾ ਹੈ ਕਿ ਦੂਜੀ ਪੰਜ ਵਰਸ਼ੀ ਯੋਜਨਾ ਦੇ ਦੌਰਾਨ ਸਮੇਂ ਵਿਚ ਸਾਨੂੰ ਕੰਸਟੀਟਿਊਸ਼ਨ ਦੀ ਸਪੈਸ਼ਲ ਧਾਰਾ ਅਨੁਸਾਰ ਗਰਾਂਟ ਮਿਲੀ, ਜਿਹੜੀ ਤੀਜੀ ਪੰਜ ਵਰਸ਼ੀ ਯੋਜਨਾ ਵਿਚ ਨਹੀਂ ਮਿਲ ਸਕੀ । ਚੌਥੀ ਯੋਜਨਾ ਵਿਚ ਭਾਰਤ ਸਰਕਾਰ ਨੂੰ ਸਾਡੀ ਸਰਕਾਰ ਜ਼ਰੂਰ ਬਿਨੈ ਕਰੇ ਕਿ ਕੰਸਟੀਟਿਊਸ਼ਨ ਦੇ ਉਸ ਅਨੁਛੇਦ ਅਨੁਸਾਰ ਪੰਜਾਬ ਦੇ ਲਈ ਮਦਦ ਦੇਣੀ ਚਾਹੀਦੀ ਹੈ । ਜਿਵੇਂ ਜਵਾਨ ਲੜਦਾ ਹੈ ਏਸੇ ਤਰ੍ਹਾਂ ਪੈਦਾਵਾਰ ਨੂੰ ਵਧਾਉਣ ਦੀ ਲੋੜ ਹੈ । ਮਿਹਨਤ ਕਰਕੇ ਐਗਰੀਕਲਚਰ ਨੂੰ ਵਧਾਉਣਾ ਹੈ । This is the second battle front after the battle front on our borders, ਜਿਹੜਾ ਸਾਡੇ ਲਈ ਜ਼ਰੂਰੀ ਹੈ । ਇਸ ਲਈ ਇਸ ਪੱਖ ਤੋਂ ਵੀ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਫੋਰਥ ਫਾਈਵ- ਯੀਅਰ ਪਲੈਨ ਵਿਚ ਸਾਡੇ ਸੂਬੇ ਤੇ ਘੱਟ ਬੋਝ ਪੈਣਾ ਚਾਹੀਦਾ ਹੈ, ਇਸ ਸੈਕਟਰ ਤੇ ਘੱਟ ਬੋਝ ਪੈਣਾ ਚਾਹੀਦਾ ਹੈ । ਜਿਸ ਨੇ ਬੈਟਲ ਫਰੰਟ ਦਾ ਬੋਝ ਬਰਦਾਸ਼ਤ ਕੀਤਾ ਹੈ, ਉਨ੍ਹਾਂ ਦੀ ਹਾਲਤ ਸਾਡੇ ਸਾਹਮਣੇ ਹੈ । ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ, ਕਿ ਤੁਸੀਂ ਹੈਰਾਨ ਰਹਿ ਜਾਉਗੇ ਸੁਣ ਕੇ ਕਿ ਕਿਸਾਨ ਤੇ ਕਿੰਨੇ ਟੈਕਸ ਲਗੇ ਹੋਏ ਹਨ । ਪੰਜਾਬ ਦੇ ਕਿਸਾਨ ਤੇ 14 ਟੈਕਸ ਲਗੇ ਹੋਏ ਹਨ । ਪਹਿਲਾ ਹੈ ਪੰਜਾਬ ਲੈਂਡ ਰੈਵਿਨਿਊ ਐਕਟ, 1887 ਜਿਸ ਦੇ ਮੁਤਾਬਕ ਅਸੀਂ ਮਾਲੀਆ ਅਦਾ ਕਰਦੇ ਹਾਂ । ਦੂਜਾ ਹੈ ਪੰਜਾਬ ਲੈਂਡ ਰੈਵਿਨਿਊ ਸਰਚਾਰਜ ਐਕਟ, 1954 । ਤੀਜਾ ਪੰਜਾਬ ਲੈਂਡ ਰੈਵਿਨਿਊ ਸਪੈਸ਼ਲ ਅਸੈਸਮੈਂਟ ਐਕਟ, 1955 । ਚੌਥਾ ਪੰਜਾਬ ਲੈਂਡ ਰੈਵਿਨਿਊ ਸਪੈਸ਼ਲ ਚਾਰਜਿਜ਼ ਐਕਟ, 1958 । ਪੰਜਵਾਂ ਪੰਜਾਬ ਲੈਂਡ ਰੈਵਿਨਿਊ ਅਡੀਸ਼ਨਲ ਚਾਰਜਿਜ਼ ਐਕਟ । ਛੇਵਾਂ ਪੰਜਾਬ ਟੈਂਪਰੇਰੀ ਟੈਕਸੇਸ਼ਨ ਐਕਟ, 1962, ਜੋ ਥੋੜੇ ਸਮੇਂ ਲਈ ਲਗਿਆ ਸੀ । ਸਤਵਾਂ ਬੈਟਰਮੈਂਟ ਲੈਵੀ, ਜਿਹੜਾ ਹੁਣ ਵੀ ਚਲ ਰਿਹਾ ਹੈ । ਅਠਵਾਂ ਵਾਟਰ ਚਾਰਜਿਜ਼ ਜਿਹੜਾ ਕਿਸਾਨ ਪੇ ਕਰਦਾ ਹੈ । ਨੌਵਾਂ ਹਾਊਸ ਟੈਕਸ ਜਾਂ ਚੁਲ੍ਹਾ ਟੈਕਸ ਜਿਹੜਾ ਪੰਜਾਬ ਦਾ ਕਿਸਾਨ ਅਦਾ ਕਰਦਾ ਹੈ । ਦਸਵਾਂ ਐਕਸਟਰਾ ਡਿਊਟੀਜ਼ ਚੁੰਗੀ

(ਕਾਮਰੇਡ ਸ਼ਮਸ਼ੇਰ ਸਿੰਘ ਜੋਸ਼)

ਜੋ ਮਾਲ ਮੰਡੀ ਵਿਚ ਲਿਆਂਉਂਦਾ ਹੈ ਉਸ ਤੇ ਟੈਕਸ ਲਗਦਾ ਹੈ। ਇਸ ਤੋਂ ਅਗੇ ਮੈਂ ਸਮਝਦਾ ਹਾਂ ਕਿ ਸੇਲਜ਼ ਟੈਕਸ ਜਿਹੜਾ ਹੈ ਉਹ ਵੀ 17 ਕਰੋੜ ਰੁਪਿਆ ਸਾਰੇ ਸੂਬੇ ਤੇ ਬਿਕਰੀ ਟੈਕਸ ਹੈ। 80 ਫੀ ਸਦੀ ਕਿਸਾਨਾਂ ਦੀ ਆਬਾਦੀ ਹੋਣ ਕਰਕੇ 12 ਜਾਂ 13 ਕਰੋੜ ਰੁਪਿਆ ਕਿਸਾਨਾਂ ਤੇ ਬੋਝ ਪੈਣਾ ਹੈ। ਬਾਰਵ੍ਹਾਂ ਪੰਜਾਬ ਕਰਾਪ ਸਪੈਸ਼ਲ ਸੈਸ। ਡੀਫੈਂਸ ਲਈ 2 ਕਰੋੜ 87 ਲਖ ਰੁਪਿਆ ਇਕੱਠਾ ਹੋਇਆ ਹੈ। ਕਮ ਅਜ਼ ਕਮ 2 ਕਰੋੜ ਰੁਪਿਆ ਰੂਰਲ ਪਾਪੂਲੇਸ਼ਨ ਨੇ ਇਕੱਠਾ ਕਰਕੇ ਦਿੱਤਾ ਹੋਏਗਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਸਾਡੀ ਮਨਿਸਟਰੀ ਨੂੰ ਕਿ ਪੰਜਾਬ ਦੇ ਜਟ ਤੇ 13 ਟੈਕਸ ਲਗੇ ਹੋਏ ਹਨ। ਇਹ ਜੱਟ ਹਿੰਦੁਸਤਾਨ ਦੀ ਇਕਾਨਮੀ ਦੀ ਰੀੜ੍ਹ ਦੀ ਹੱਡੀ ਹੈ। ਇਸ ਤੇ ਮੁਲਕ ਦਾ ਭਵਿਖ ਕਾਇਮ ਰਹਿਣਾ ਹੈ। ਅਗਰ ਇਸ ਨੂੰ ਕਮਜ਼ੋਰ ਕਰ ਦਿਉਗੇ ਤਾਂ ਮੁਲਕ ਨੂੰ ਕਮਜ਼ੋਰ ਕਰੋਗੇ। ਇਸ ਤਰ੍ਹਾਂ ਦੇਸ਼ ਦੀ ਸੁਰੱਖਿਆ ਦੇ ਸਾਧਨਾਂ ਨੂੰ ਕਮਜ਼ੋਰ ਕਰੋਗੇ। ਇਸ ਦੇ ਨਾਲ ਮੁਲਕ ਦੀ ਇਕਾਨਮੀ ਅਗੇ ਨਹੀਂ ਜਾ ਸਕੇਗੀ। ਅੱਜ PL 480 ਦੇ ਹੇਠ ਅਮਰੀਕਾ ਤੋਂ ਦਾਣੇ ਲੈਣੇ ਪੈਂਦੇ ਹਨ। ਉਨ੍ਹਾਂ ਦਾਣਿਆਂ ਨਾਲ ਉਹ ਸਾਡੇ ਮੁਲਕ ਤੇ ਰਾਜਨੀਤੀ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜੇ ਮੁਲਕ ਦੀ ਆਜ਼ਾਦੀ ਨੂੰ ਕਾਇਮ ਰਖਣਾ ਹੈ, ਅਗਰ ਇਸ ਮੁਲਕ ਦੀ ਆਜ਼ਾਦੀ ਮਜ਼ਬੂਤ ਬਨਾਉਣੀ ਹੈ, ਮੁਲਕ ਨੂੰ ਪੈਰਾਂ ਤੇ ਖੜ੍ਹਾਂ ਕਰਨਾ ਹੈ, ਇਸ ਨੂੰ ਸੈਲਫ ਰੈਲਾਇੰਟ ਸੈਲਫ ਡੀਪੈਂਡੈਂਟ ਅਤੇ ਸੈਲਫ ਸਫੀਸ਼ੈਂਟ ਬਨਾਉਣਾ ਹੈ ਤਾਂ ਸਾਡੀ ਸਰਕਾਰ ਐਗਰੀਕਲਚਰਿਸਟ ਨੂੰ ਇਨਸੈਂਟਿਵ ਦੇਵੇ। ਸਾਡੀ ਸਰਕਾਰ ਕਿਸਾਨ ਦੀ ਪੈਦਾਵਾਰ ਦੀ ਹਦ ਰਖੇ। ਉਸ ਨੂੰ ਸਸਤੀ ਖਾਦ ਦੇਵੇ। ਉਸ ਤੇ ਟੈਕਸ ਘੱਟ ਕਰੇ। ਉਸ ਦੀਆਂ ਚੀਜ਼ਾਂ ਦੇ ਮੁਨਾਸਬ ਭਾ ਦੇਵੇ। ਉਸ ਲਈ ਚੀਜ਼ਾਂ ਪੈਦਾ ਕਰਨ ਵਾਸਤੇ ਉਸ ਦੀ ਜ਼ਮੀਨ ਨੂੰ ਵਧ ਉਪਜਾਊ ਬਨਾਂਉਣ ਲਈ ਸਹੂਲਤਾਂ ਦੇਵੇ। ਅਗਰ ਸਰਕਾਰ ਇਹ ਨਾ ਕਰੇ ਤਾਂ ਇਸ ਮੁਲਕ ਦੀਆਂ ਜ਼ਰਾਇਤ ਦੀਆਂ ਬੁਨਿਆਦਾਂ ਪੱਕੀਆਂ ਨਹੀਂ ਹੋ ਸਕਦੀਆਂ ਅਤੇ ਇਹ ਮੁਲਕ ਤੱਰਕੀ ਦੇ ਰਸਤੇ ਤੇ ਨਹੀਂ ਜਾ ਸਕਦਾ। ਸਰਕਾਰ ਨੇ ਇਸ ਦੇ ਸਿਰ ਤੇ 14 ਟੈਕਸਾਂ ਦਾ ਬੋਝ ਪਾਇਆ ਹੋਇਆ ਹੈ। ਇਸ ਮਸਲੇ ਨੂੰ ਹਲ ਕਰਨ ਦੀ ਕੋਸ਼ਿਸ਼ ਕਰੇ। ਮੈਂ ਇਹ ਨਹੀਂ ਕਹਿੰਦਾ ਕਿ ਰਿਸੋਰਸਿਜ਼ ਪੈਦਾ ਨਾ ਕਰੋ। ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਜੋ ਟੈਕਸ ਲਗਾਏ ਹੋਏ ਹਨ ਉਨ੍ਹਾਂ ਨੂੰ ਸਿੰਪਲੀਫ਼ਾਈ ਕਰੋ। ਕੋਈ ਲੋੜ ਨਹੀਂ ਸਾਰੇ ਟੈਕਸ ਲਾਉਣ ਦੀ, ਸਾਰੇ ਟੈਕਸ ਹਟਾ ਦਿਓ। ਐਗਰੀਕਲਚਰ ਟੈਕਸ ਲਾਉ। ਜ਼ਰਾਇਤੀ ਟੈਕਸ—ਜ਼ਰਾਇਤ ਦੀ ਆਮਦਨ ਤੇ ਟੈਕਸ ਲਾਉ ਜਿਸ ਤਰ੍ਹਾਂ ਸ਼ਹਿਰੀ ਆਮਦਨ ਤੇ ਟੈਕਸ ਲਗਾ ਹੋਇਆ ਹੈ। 3,000 ਰੁਪਏ ਸਾਲਾਨਾ ਤਕ ਜਿਸ ਦੁਕਾਨਦਾਰ ਦੀ ਆਮਦਨੀ ਹੋਵੇ ਉਸ ਨੂੰ ਇਨਕਮ ਟੈਕਸ ਨਹੀਂ ਦੇਣਾ ਪੈਂਦਾ। ਜਿਉਂ ਜਿਉਂ ਉਸ ਦੀ ਆਮਦਨ ਵਧਦੀ ਚਲੀ ਜਾਂਦੀ ਹੈ ਉਸ ਦੀ ਇਨਕਮ ਟੈਕਸ ਦੀ ਸ਼ਰਾ ਵਧਦੀ ਚਲੀ ਜਾਂਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਸਾਰੇ ਟੈਕਸਾਂ ਨੂੰ ਹਟਾ ਦੇਵੇ ਅਤੇ ਯੂਨੀਫਾਰਮ ਐਗਰੀਕਲਚਰ ਇਨਕਮ ਟੈਕਸ ਲਾਵੇ। 5 ਏਕੜ ਅਤੇ ਇਸ ਤੋਂ ਥਲੇ ਵਾਲੇ ਮਾਲਕ ਨੂੰ ਇੰਨਕਮ ਟੈਕਸ ਮੁਆਫ਼ ਕਰੋ, ਉਸ ਤੋਂ ਕੋਈ ਮਾਲੀਆ ਨਾ ਲਵੇ, 5 ਤੋਂ 10 ਏਕੜ ਦੇ ਮਾਲਕ ਤੋਂ 8 ਆਨੇ, 10 ਤੋਂ 20 ਏਕੜ ਵਾਲੇ ਤੋਂ 12 ਆਨੇ ਅਤੇ 30 ਏਕੜ ਵਾਲੇ ਤੇ ਇਕ ਰੁਪਿਆ ਬਿਘਾ ਲਾਇਆ ਜਾਵੇ। ਜਿਸ ਤਰ੍ਹਾਂ ਐਗਰੀਕਲਚਰ ਦੀ ਆਮਦਨੀ ਵਧਦੀ ਜਾਂਦੀ ਹੈ ਉਸੇ ਤਰ੍ਹਾਂ ਉਸ ਤੇ ਟੈਕਸ ਦੇ ਹੁਜਮ ਨੂੰ ਵਧਾ ਦਿਤਾ ਜਾਵੇ। ਕਿਸੇ ਦੀ ਜ਼ਮੀਨ ਥੋੜੀ ਹੈ ਤਾਂ ਉਸ ਤੇ ਟੈਕਸ ਸ਼ਰਾਹ ਨੂੰ ਘਟਾ ਦਿਉ। ਮੈਂ ਕਹਿੰਦਾ ਹਾਂ replace all these taxes on the peasantry by single agriculture income tax—ਇਸ ਦੇ ਨਾਲ ਰਿਸੋਰਸਿਜ਼ ਦਾ ਮਸਲਾ ਵੀ ਹਲ ਹੋ ਜਾਏਗਾ।

ਕਈ ਵਡੇ ਵਡੇ ਫਾਰਮ ਹਨ ਜਿਨ੍ਹਾਂ ਦੇ ਮਾਲਕ ਲੱਖਾਂ ਰੁਪਏ ਦੀ ਕਪਾਹ ਵੇਚਦੇ ਹਨ ਅਤੇ ਪੰਜਾਹ ਪੰਜਾਹ ਹਜ਼ਾਰ ਰੁਪਏ ਦਾ ਗੰਨਾ ਵੇਚਦੇ ਹਨ ਉਨ੍ਹਾਂ ਤੇ ਵਧ ਟੈਕਸ ਲਾਉ ਅਤੇ ਛੋਟਿਆਂ ਤੇ ਨਾ ਲਾਉ। 5 ਵਿਘੇ ਵਾਲੇ ਤੇ ਕਈ ਟੈਕਸ ਨਾ ਲਾਉ। 15 ਜਾਂ 20 ਜਾਂ 30 ਵਿਘੇ ਜ਼ਮੀਨ ਵਾਲਾ, ਜਿਸ ਦਾ ਗੁਜ਼ਾਰਾ ਨਹੀਂ ਹੁੰਦਾ, ਉਹ ਮੁਸ਼ਕਲ ਨਾਲ ਆਪਣਾ ਕੋਈ ਗੁਜ਼ਾਰਾ ਕਰਦਾ ਹੈ। ਇਸ ਲਈ ਮੈਂ ਕਾਂਗਰਸ ਹਕੂਮਤ ਨੂੰ ਕਹਿੰਦਾ ਹਾਂ ਕਿ ਤੁਸੀਂ ਆਪਣੀ ਟੈਕਸੇਸ਼ਨ ਪਾਲਸੀ ਨੂੰ ਚੈਕ ਅਪ ਕਰੋ। ਸਰਕਾਰ ਨੂੰ ਚਾਹੀਦਾ ਹੈ ਕਿ ਛੋਟੇ ਪੈਜ਼ੇਂਟ, ਥੋੜੀ ਜ਼ਮੀਨ ਵਾਲੇ ਨੂੰ ਰਿਲੀਫ ਦੇਵੇ ਉਸ ਦੀ ਸਾਰੀ ਜ਼ਮੀਨ ਲਈ। ਵਡੀਆਂ ਵਡੀਆਂ ਫਾਰਮਾਂ ਵਾਲਿਆਂ ਤੇ ਬੋਝ ਪਾਓ। ਸਾਰੇ ਤੁਹਾਡੇ ਨਾਲ ਹੋਣਗੇ, ਕਮ ਅਜ ਕਮ ਕੌਮਿਊਨਿਸਟ ਸਰਕਾਰ ਦੀ ਬੈਕ ਤੇ ਹੋਣਗੇ ਅਗਰ ਸਰਕਾਰ ਵਡੇ ਵਡੇ ਐਗਰੀਕਲਚਰਿਸਟਾਂ ਅਤੇ ਵਡੇ ਵਡੇ ਫਾਰਮਾਂ ਤੇ ਲਾਉਣ ਲਈ ਟੈਕਸੇਸ਼ਨ ਲਾਜ਼ ਲਿਆਵੇਗੀ। ਸਰਕਾਰ ਨੂੰ ਐਸੇ ਕੰਮ ਕਰਨੇ ਚਾਹੀਦੇ ਹਨ ਜਿਸ ਦੇ ਨਾਲ ਲੋਕ ਇਹ ਮਹਿਸੂਸ ਕਰਨ ਕਿ ਸਾਡੇ ਹਿਤਾਂ ਦੀ ਰਾਖੀ ਕੀਤੀ ਜਾ ਰਹੀ ਹੈ। ਲੇਕਿਨ ਅਜ ਐਗਰੀਕਲਚਰ ਸੈਕਟਰ ਦੇ ਨਾਮ ਤੇ ਮਿਡਲ ਅਤੇ ਗਰੀਬ ਕਲਾਸ ਦੇ ਕਿਸਾਨਾਂ ਨੂੰ ਮਾਰਿਆ ਜਾ ਰਿਹਾ ਹੈ। ਅਜ ਪਲਾਨਿੰਗ ਕਮਿਸ਼ਨ ਇਸ ਪਰਕਾਰ ਦੀਆਂ ਗੱਲਾਂ ਕਰ ਰਿਹਾ ਹੈ ਕਿ ਐਗਰੀਕਲਚਰ ਸੈਕਟਰ ਉਤੇ ਟੈਕਸਾਂ ਨੂੰ ਵਧਾਉ। ਅਜ ਇਹ ਕਿਹਾ ਜਾ ਰਿਹਾ ਹੈ ਕਿ ਪੰਜਾਬ ਦੇ ਅੰਦਰ ਮਾਲੀਏ ਨੂੰ ਅਤੇ ਵਾਟਰਰੇਟ ਨੂੰ ਦੁਗਣਾ ਕਰੋ ਔਰ ਅਗਰ ਟੈਕਸ ਲਗਾਉਣੇ ਹਨ ਤਾਂ ਐਗਰੀਕਲਚਰ ਸੈਕਟਰ ਤੇ ਲਗਾਉ। ਡਿਪਟੀ ਸਪੀਕਰ ਸਾਹਿਬਾ, ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਜ ਐਗਰੀਕਲਚਰ ਸੈਕਟਰ ਦੇ ਨਾਮ ਤੇ ਟੈਕਸ ਲਗਾ ਕੇ ਪੰਜਾਬ ਦੇ ਦਰਮਿਆਨੀ ਜ਼ਮੀਨ ਵਾਲੇ ਕਿਸਾਨ ਨੂੰ ਤਬਾਹ ਕਰਨ ਦਾ ਰਸਤਾ ਨਾ ਫੜ ਲਉ ਬਲਕਿ ਇਸ ਦੀ ਬਜਾਏ ਜਿਹੜੇ ਵਡੇ ਵਡੇ ਕਿਸਾਨ ਹਨ ਉਨ੍ਹਾਂ ਤੇ ਟੈਕਸ ਲਗਾਉ ਔਰ ਜਿਹੜੇ ਛੋਟੇ ਹਨ ਉਨ੍ਹਾਂ ਤੇ ਘਟ ਟੈਕਸ ਲਗਾਉ। ਇਹ ਬਹੁਤ ਇੰਪਾਰਟੈਂਟ ਮਾਮਲਾ ਹੈ ਜਿਸ ਵਲ ਸਾਡਾ ਧਿਆਨ ਆ ਰਿਹਾ ਹੈ। ਮੈਂ ਇਸ ਲਈ ਇਹ ਮੋਸ਼ਨ ਮੂਵ ਕੀਤੀ ਹੈ ਕਿ ਬਜਾਏ ਇਸ ਦੇ ਕਿ ਇਸ ਨੂੰ ਕਾਹਲੀ ਨਾਲ ਪਾਸ ਕੀਤਾ ਜਾਵੇ ਚੰਗਾ ਹੋਵੇ ਜੇ ਕਰ ਸਰਕਾਰ ਇਸ ਨੂੰ ਲੋਕ ਰਾਏ ਜਾਨਣ ਲਈ ਪਰਕਾਸ਼ਨ ਕਰੇ। ਇਸ ਦੇ ਨਾਲ ਸਰਕਾਰ ਨੂੰ ਕੋਈ ਫਰਕ ਨਹੀਂ ਪੈਣ ਲਗਾ ਕਿਉਂਕਿ 31 ਮਾਰਚ ਤਕ ਤਾਂ ਇਹ ਟੈਕਸ ਪਹਿਲਾਂ ਹੀ ਲਗਾ ਹੋਇਆ ਹੈ। ਇਸ ਕਰਕੇ ਉਦੋਂ ਤਕ ਲੋਕਾਂ ਦੀ ਰਾਏ ਦਾ ਵੀ ਪਤਾ ਲਗ ਜਾਵੇਗਾ। ਜਦੋਂ ਲੋਕਾਂ ਦੀ ਰਾਏ ਦਾ ਪਤਾ ਲਗ ਜਾਵੇ ਤਾਂ ਫ਼ਿਰ ਬਜਟ ਸੈਸ਼ਨ ਦੇ ਵਿਚ ਇਸ ਨੂੰ ਲਿਆਂਦਾ ਜਾ ਸਕਦਾ ਹੈ। ਮਗਰ ਜੇਕਰ ਪਲਾਨਿੰਗ ਕਮਿਸ਼ਨ ਦੇ ਡਾਇਰੈਕਟਿਵ ਦੇ ਨਾਮ ਹੇਠਾਂ ਜਾਂ ਸੈਂਟਰ ਦੇ ਡਾਇਰੈਕਟਿਵ ਦੇ ਨਾਮ ਹੇਠਾਂ ਪੰਜਾਬ ਦੇ ਗਰੀਬ ਕਿਸਾਨਾਂ ਤੇ ਨਵੇਂ ਨਵੇਂ ਟੈਕਸਾਂ ਦਾ ਬੋਝ ਪਾਉਣਾ ਸ਼ੁਰੂ ਕੀਤਾ ਤਾਂ we will resist those laws. We will fight against those laws. We will not tolerate such laws. ਅਸੀਂ ਫਾਈਟ ਕਰਾਂਗੇ, ਸਾਨੂੰ ਪੰਜਾਬ ਦੇ ਲੱਖਾਂ ਲੋਕਾਂ ਨੇ ਏਸੇ ਕਰਕੇ ਚੁਣ ਕੇ ਏਥੇ ਭੇਜਿਆ ਹੈ। ਪੰਜਾਬ ਦੇ ਲੋਕ ਸਰਕਾਰ ਦੀਆਂ ਇਹੋ ਜਿਹੀਆਂ ਟੈਕਸੇਸ਼ਨ ਦੀਆਂ ਪਾਲਸੀਆਂ ਨੂੰ ਟਾਲਰੇਟ ਨਹੀਂ ਕਰਨਗੇ। They will riselike one man and will fight the Government tooth and nail on every occassion if it fails to respond to the public opinion against it.

Revenue Minister : I would like to know from my hon. friend whether they are going to fight with bullets or through ballot ?

Comrade Shamsher Singh Josh : We will fight against the Government on this issue in the next general elections as also on every occasion and will even resort to direct action if the Government fails to respond to the public opinion against it.

Revenue Minister : Madam, the cat is out of the bag now.

Deputy Speaker : Motion moved—

That the Punjab Commercial Crops Cess (Amendment) Bill, 1965, be circulated for eliciting public opinion thereon by the 31st December, 1965.

Baboo Bachan Singh (Ludhiana—North) : I move—

That the Punjab Commercial Crops Cess (Amendment) Bill, 1965, be circulated for eliciting public opinion thereon up to the 31st January, 1966.

ਡਿਪਟੀ ਸਪੀਕਰ ਸਾਹਿਬਾ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਜਿਹੜੀਆਂ ਅਮੈਂਡਮੈਂਟਸ ਸਰਦਾਰ ਸ਼ਮਸ਼ੇਰ ਸਿੰਘ ਹੋਰਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਮੂਵ ਕੀਤੀਆਂ ਹਨ ਉਨ੍ਹਾਂ ਵਿਚ ਵਕਤ ਕਾਫੀ ਨਹੀਂ । ਮੇਰੀ ਰਾਏ ਵਿਚ ਕਾਫੀ ਵਕਤ ਮਿਲਣਾ ਚਾਹੀਦਾ ਹੈ ਪਬਲਿਕ ਉਪੀਨੀਅਨ ਲਈ ਕਿਉਂਕਿ ਇਹ ਬਿਲ ਬਹੁਤ ਕੰਟਰੋਵਰਸ਼ਲ ਹੈ । ਦੇਖਣ ਵਿਚ ਤਾਂ ਇਹ ਸਿਰਫ ਇਕ ਕਲਾਜ਼ ਦਾ ਹੀ ਬਿਲ ਹੈ ਲੇਕਿਨ ਇਸ ਦੇ ਵਿਚ ਗੁੰਝਲ ਅਤੇ ਭੇਦ ਐਨੇ ਹਨ ਕਿ ਜੇ ਇਹ ਪਬਲਿਕ ਉਪੀਨੀਅਨ ਲਈ ਮੁਸ਼ਤਹਿਰ ਹੋ ਜਾਏ ਤਾਂ ਗੌਰਮਿੰਟ ਨੂੰ ਖੁਦ ਪਤਾ ਲਗ ਜਾਏਗਾ ਕਿ ਜਿਸ ਰਸਤੇ ਤੇ ਗੌਰਮਿੰਟ ਚਲ ਰਹੀ ਹੈ ਲੋਕ ਇਸ ਨੂੰ ਉਸ ਰਸਤੇ ਤੇ ਚਲਣ ਨਹੀਂ ਦੇਣਾ ਚਾਹੁੰਦੇ। ਇਸ ਵੇਲੇ ਦੋ ਤਰ੍ਹਾਂ ਦੇ ਚਰਚੇ ਹਨ । ਇਕ ਚਰਚਾ ਤਾਂ ਇਹ ਹੈ ਕਿ ਕਿਸਾਨ ਦੇ ਉਪਰ ਟੈਕਸਾਂ ਦਾਂ ਬੋਝ ਬਹੁਤ ਜ਼ਿਆਦਾ ਹੈ ਔਰ ਉਹ ਕਰਜ਼ੇ ਹੇਠ ਦਬਿਆ ਹੋਇਆ ਹੈ ਇਸ ਕਰਕੇ ਉਸ ਦੀ ਮਦਦ ਹੋਣੀ ਚਾਹੀਦੀ ਹੈ ਔਰ ਦੂਸਰਾ ਰੂਲਿੰਗ ਸਰਕਲ ਹੈ ਜਿਨ੍ਹਾਂ ਵਿਚ ਇਹ ਚਰਚਾ ਹੈ ਕਿ ਦਿਹਾਤੀ ਸਰਕਲ ਦੀ ਆਮਦਨੀ ਬਹੁਤ ਵਧ ਗਈ ਹੈ, ਉਹ ਖੁਸ਼ਹਾਲ ਹੋ ਗਏ ਹਨ ਇਸ ਕਰਕੇ ਉਨ੍ਹਾਂ ਤੇ ਬਹੁਤਾ ਟੈਕਸ ਲਗਣਾ ਚਾਹੀਦਾ ਹੈ । ਮੈਂ, ਡਿਪਟੀ ਸਪੀਕਰ ਸਾਹਿਬਾ, ਹਾਊਸ ਨੂੰ ਪੰਜਾਬ ਦੀ ਪੋਜ਼ੀਸ਼ਨ ਦਸਣੀ ਚਾਹੁੰਦਾ ਹਾਂ। ਰੈਵੀਨਿਊ ਡੀਪਾਰਟਮੈਂਟ ਦੀ ਆਪਣੀ ਰੀਪੋਰਟ ਜਿਸ ਦੇ ਕਿ ਮਨਿਸਟਰ ਸਾਹਿਬ ਇਨਚਾਰਜ ਹਨ, ਉਸ ਦਾ ਮੈਂ ਹਵਾਲਾ ਦੇ ਕੇ ਅਰਜ਼ ਕਰਦਾ ਹਾਂ । 30 ਸਤੰਬਰ, 1963 ਨੂੰ ਖਤਮ ਹੋਣ ਵਾਲੀ ਰੀਪੋਰਟ ਜਿਹੜੀ ਹੈ ਉਸ ਦੇ ਵਿੱਚ ਲਿਖਿਆ ਹੈ ਕਿ ਪੰਜਾਬ ਵਿਚ ਜਿਹੜੀ ਹਲਾਂ ਹੇਠ ਜ਼ਮੀਨ ਹੈ ਉਹ ਇਕ ਕਰੋੜ 94 ਲਖ ਏਕੜ ਹੈ ਔਰ ਪੰਜਾਬ ਦੇ ਵਿਚ ਜਿਹੜੇ ਲੋਕ ਜ਼ਮੀਨ ਦੀ ਕਾਸ਼ਤ ਕਰਦੇ ਹਨ ਉਨ੍ਹਾਂ ਦੀ ਗਿਣਤੀ 40,18,239 ਹੈ । ਗੌਰਮਿੰਟ ਨੇ ਏਸੇ ਹੀ ਰੀਪੋਰਟ ਦੇ ਵਿਚ ਦਸਿਆ ਹੈ ਕਿ ਕਲਟੀਵੇਟਿਡ ਏਰੀਏ ਦੀ ਜਦ ਔਸਤ ਕਢਦੇ ਹਾਂ ਤਾਂ ਉਹ ਇਕ ਮਾਲਕ ਦੇ ਹਿੱਸੇ ਵਿਚ 4.7 ਏਕੜ ਆਉਂਦੀ ਹੈ। ਇਸ ਤੋਂ ਬਿਨਾ ਐਤਕੀ ਦੇ ਬਜਟ ਸ਼ੈਸ਼ਨ ਦੇ ਮੌਕੇ ਗੌਰਮਿੰਟ ਨੇ ਸਾਨੂੰ ਜੋ ਸਟੈਟਿਸਟੀਕਲ ਐਬਸਟਰੈਕਟ ਤਕਸੀਮ ਕੀਤਾ ਹੈ ਉਸ ਦੇ ਵਿਚ 1954 ਦੇ ਫਿਗਰ ਹਨ ਜਿਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਇਹੋ ਜਿਹੀਆਂ ਜਿਹੜੀਆਂ ਔਸਤਾਂ ਕਢਣੀਆਂ ਹਨ ਇਹ ਨਿਹਾਇਤ ਖਤਰਨਾਕ ਹਨ । ਉਦੋਂ 1954 ਵਿਚ ਗੌਰਮਿੰਟ ਆਫ ਇੰਡੀਆ ਨੇ ਸਰਵੇ ਕਰਵਾਇਆ ਸੀ ਔਰ ਪੰਜਾਬ ਗੌਰਮਿੰਟ ਨੇ ਸਰਵੇ ਕਰਕੇ ਸੈਂਟਰ ਨੂੰ ਭੇਜਿਆ ਸੀ । ਉਸ ਦੇ ਹਿਸਾਬ ਨਾਲ 25 ਲਖ 84 ਹਜ਼ਾਰ ਮਾਲਕ ਉਸ ਵੇਲੇ ਸਨ ਜਿਹੜੇ ਹੁਣ ਵਧ ਕੇ 40 ਲਖ 18 ਹਜ਼ਾਰ ਤੋਂ ਵੀ ਜ਼ਿਆਦਾ ਹੋ ਗਏ ਹਨ ਔਰ ਜੇ 30 ਸਤੰਬਰ ਤੋਂ ਹੁਣ ਤਕ ਦਾ ਵੀ ਅਰਸਾ ਗਿਣੀਏ ਤਾਂ ਸ਼ਾਇਦ 45 ਲਖ ਤੋਂ ਵੀ ਵਧ ਮਾਲਕ ਬਣ ਗਏ

ਹੋਣ । ਉਸ ਵੇਲੇ ਦੀ ਰੇਸ਼ੋ ਕੀ ਸੀ ? ਉਹ ਇਹ ਸੀ ਕਿ ਜਿਹੜੇ ਮਾਲਕ 10 ਆਰਡੀਨਰੀ ਏਕੜ ਤੋਂ ਘੱਟ ਜ਼ਮੀਨ ਰਖਦੇ ਸਨ ਉਨ੍ਹਾਂ ਦੀ ਗਿਣਤੀ 25 ਲਖ ਪੰਜ ਹਜ਼ਾਰ ਸੀ ਔਰ ਜਿਹੜੇ 10 ਏਕੜ ਤੋਂ ਉਪਰ ਵਾਲੇ ਸਨ, ਚਾਹੇ ਉਹ 20 ਤੋਂ 30 ਏਕੜ ਵਾਲੇ ਸਨ ਜਾਂ 100 ਏਕੜ ਵਾਲੇ ਸਨ ਉਨ੍ਹਾਂ ਦੀ ਗਿਣਤੀ 3 ਲਖ 84 ਹਜ਼ਾਰ ਸੀ । ਜਿਹੜੇ 10 ਏਕੜ ਤੋਂ ਘੱਟ ਵਾਲੇ ਸਨ ਉਨ੍ਹਾਂ ਦੇ ਕੋਲ 69 ਲਖ 63 ਹਜਾਰ ਏਕੜ ਜ਼ਮੀਨ ਸੀ, ਉਨ੍ਹਾਂ ਕੋਲ 2.7 ਏਕੜ ਔਸਤਨ ਜ਼ਮੀਨ ਆਉਂਦੀ ਹੈ ਜਿਹੜੀ ਕਿ ਹਲਾਂ ਹੇਠ ਸੀ ਕਿਉਂਕਿ ਉਸ ਵੇਲੇ ਦੇ ਜਿਹੜੇ ਫਿਗਰ ਹਲ ਹੇਠ ਸਨ ਉਹ ਇਕ ਕਰੋੜ 92 ਲਖ ਕੁਝ ਹਜ਼ਾਰ ਸਨ । ਹੁਣ 1963 ਦੀ ਰੀਪੋਰਟ ਦੇ ਮੁਤਾਬਿਕ ਇਹ ਕਹਿੰਦੇ ਹਨ 4.7 ਆਉਂਦੀ ਹੈ । ਉਸ ਵੇਲੇ ਕਿਉਂਕਿ 7 ਏਕੜ ਦੇ ਕਰੀਬ ਸੀ ਇਸ ਕਰਕੇ 7 ਏਕੜ ਦੀ ਔਸਤ ਕਢਦਿਆਂ ਹੋਇਆਂ ਉਸ ਵੇਲੇ ਛੋਟਾ ਜਾਂ ਦਸ ਏਕੜ ਤੋਂ ਘਟ ਜ਼ਮੀਨ ਵਾਲਾ ਜਿਹੜਾ ਕਿਸਾਨ ਸੀ ਉਸ ਨੂੰ 2.7 ਏਕੜ ਆਉਂਦੀ ਸੀ । ਹੁਣ ਜੇਕਰ ਗੌਰਮਿੰਟ ਦੇ ਆਪਣੇ ਫਿਗਰ ਦੇ ਮੁਤਾਬਿਕ ਇਹ 4.7 ਦਸਦੇ ਹਨ ਤਾਂ ਉਸ ਦੇ ਨਾਲ ਔਸਤ ਦੋ ਏਕੜ ਤੋਂ ਵੀ ਘੱਟ ਨਿਕਲਦੀ ਹੈ । ਇਹ ਕਿਹਾ ਜਾਂਦਾ ਹੈ ਕਿ ਕਿਸਾਨ ਬੜਾ ਖੁਸ਼ਹਾਲ ਹੋ ਗਿਆ ਹੈ । ਪਹਿਲੀ ਗੱਲ ਤਾਂ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਰੀਪੋਰਟ ਦੇ ਮੁਤਾਬਿਕ, ਚਾਹੇ ਕੋਈ ਛੋਟਾ ਕਿਸਾਨ ਹੈ ਜਾਂ ਬੜਾ, ਜਿਹੜੀ ਕਿਸਾਨ ਦੀ ਜ਼ਮੀਨ ਰਹਿਣ ਹੈ ਉਸ ਦਾ ਰਕਬਾ 13 ਲਖ ਤੋਂ ਉਪਰ ਹੈ । ਹੁਣ ਤੁਸੀਂ ਆਪ ਅੰਦਾਜ਼ਾ ਲਗਾਉ ਕਿ ਜੇ ਕਿਸਾਨ ਖੁਸ਼ਹਾਲ ਹੋਵੇ ਤਾਂ ਉਸ ਨੂੰ ਲਖਾਂ ਏਕੜ ਜ਼ਮੀਨ ਰਹਿਣ ਰਖਣ ਦੀ ਕੀ ਲੋੜ ਹੈ ।

चौधरी नेत राम: On a point of order, Madam. चीफ पार्लियामैन्टरी सेक्रेटरी साहिब सो रहे हैं और वह सोए सोए ही फिगर पेश कर देते हैं जिस से बाद में आप को और हमें भी दिक्कत होती है ।

ਮਾਲ ਮੰਤਰੀ : ਮੈਂ ਆਪਦੀ ਮਾਰਫਤ, ਡਿਪਟੀ ਸਪੀਕਰ ਸਾਹਿਬਾ, ਬਾਬੂ ਬਚਨ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਪਤਾ ਨਹੀਂ ਕਿਉਂ ਮੇਰੇ ਮੁਤਲਿਕ ਗਲਤ ਫਹਿਮੀ ਹੋ ਗਈ ਹੈ । ਘੱਟੋ ਘੱਟ ਮੈਂ ਤਾਂ ਕਦੇ ਵੀ ਇਹ ਨਹੀਂ ਆਖਿਆ ਕਿ ਕਿਸਾਨ ਬੜਾ ਖੁਸ਼ਹਾਲ ਹੋ ਗਿਆਂ ਹੈ।

ਬਾਬੂ ਬਚਨ ਸਿੰਘ : ਮੈਂ ਬੜਾ ਖੁਸ਼ ਹਾਂ ਕਿ ਵਜ਼ੀਰ ਸਾਹਿਬ ਨੇ ਆਪਣੀ ਪਰਸਨਲ ਪੁਜ਼ੀਸ਼ਨ ਵਾਂਜ਼ਹ ਕਰ ਦਿਤੀ ਹੈ।

ਮਾਲ ਮੰਤਰੀ : ਆਪਣੀ ਨਹੀਂ, ਗੌਰਮਿੰਟ ਦੀ ।

ਬਾਬੂ ਬਚਨ ਸਿੰਘ ਜੇਕਰ ਗੌਰਮਿੰਟ ਦੀ ਇਹ ਪੁਜ਼ੀਸ਼ਨ ਹੈ ਤਾਂ ਮੇਰਾ ਕੇਸ ਹੋਰ ਵੀ ਜ਼ਿਆਦਾ ਮਜ਼ਬੂਤ ਹੁੰਦਾ ਹੈ। ਮੈਂ ਕਹਿ ਰਿਹਾ ਸੀ ਕਿ ਸਤੰਬਰ, 1963 ਤਕ ਪੰਜਾਬ ਦੇ ਕਿਸਾਨ ਦੀ ਤਿੰਨ ਲਖ ਏਕੜ ਤੋਂ ਵਧ ਜ਼ਮੀਨ ਗਹਿਣੇ ਪਈ ਹੋਈ ਸੀ । ਮੈਂ ਪੁਛਦਾ ਹਾਂ ਕਿ ਕੀ ਕੋਈ ਖੁਸ਼ਹਾਲ ਆਦਮੀ ਆਪਣੀ ਜ਼ਮੀਨ ਗਹਿਣੇ ਰਖਦਾ ਹੈ । ਸਰਕਾਰ ਦੀ ਆਪਣੀ ਰਿਪੋਰਟ ਮੁਤਾਬਿਕ ਜਿਥੇ ਪਿਛਲੇ ਸਾਲ ਇਕ ਲਖ 45 ਹਜ਼ਾਰ 945 ਏਕੜ ਜ਼ਮੀਨ ਕਿਸਾਨ ਨੇ ਗਹਿਣੇ ਰਖੀ ਉਥੇ ਉਸਦੇ ਦੂਜੇ ਸਾਲ ਯਾਨੀ 1962-63 ਵਿਚ, ਜਿਸ ਸਾਲ ਦੀ ਇਹ ਰਿਪੋਰਟ ਹੈ, ਕਿਸਾਨ ਦੋ ਲਖ 74 ਹਜ਼ਾਰ 560 ਏਕੜ ਜ਼ਮੀਨ ਗਹਿਣੇ ਰਖਣ ਤੇ ਮਜਬੂਰ ਹੋਇਆ । ਖੈਰ ਇਹ ਤਾਂ ਇਨ੍ਹਾਂ ਨੇ ਖੁਦ ਮੰਨ ਲਿਆ ਕਿ ਕਿਸਾਨ ਖੁਸ਼ਹਾਲ ਨਹੀਂ ਪਰ ਇਹ ਹਾਊਸ ਵੀ ਜ਼ਰਾ ਗੌਰ

[ਬਾਬੂ ਬਚਨ ਸਿੰਘ]

ਕਰ ਲਵੇ ਕਿ ਉਸ ਪੰਜਾਬ ਦੇ ਕਿਸਾਨ ਦੀ ਕਿਤਨੀ ਭੈੜੀ ਹਾਲਤ ਹੈ ਜੋ ਪਹਿਲੇ ਸਾਲ ਤਾਂ 1 ਲਖ 45 ਹਜ਼ਾਰ ਏਕੜ ਤੋਂ ਵਧ ਜ਼ਮੀਨ ਗਹਿਣੇ ਰਖਦਾ ਹੈ ਪਰ ਦੂਜੇ ਸਾਲ ਹੀ ਉਹ 2 ਲਖ 74 ਹਜ਼ਾਰ ਏਕੜ ਤੋਂ ਵਧ ਜ਼ਮੀਨ ਗਹਿਣੇ ਰਖਣ ਤੇ ਮਜਬੂਰ ਹੁੰਦਾ ਹੈ । ਇਸੇ ਤਰ੍ਹਾਂ ਤੁਸੀਂ ਵੇਖ ਲਓ ਕਿ ਜਿਥੇ ਪਿਛਲੇ ਸਾਲ ਕਿਸਾਨ ਨੇ 2 ਲਖ 42 ਹਜ਼ਾਰ 437 ਏਕੜ ਜ਼ਮੀਨ ਵੇਚੀ ਉਥੇ ਉਸਦੇ ਦੂਜੇ ਸਾਲ ਹੀ ਅਤੇ ਜਿਸ ਸਾਲ ਦੀ ਇਹ ਰਿਪੋਟ ਹੈ 3 ਲਖ 48 ਹਜ਼ਾਰ ਏਕੜ ਤੋਂ ਵਧ ਜ਼ਮੀਨ ਵੇਚੀ । ਜਿਸ ਹਿਸਾਬ ਨਾਲ ਪੰਜਾਬ ਦੇ ਕਿਸਾਨ ਦੀ ਜ਼ਮੀਨ ਵਿਕ ਰਹੀ ਹੈ ਤੇ ਗਹਿਣੇ ਪੈ ਰਹੀ ਹੈ ਉਸ ਹਿਸਾਬ ਨਾਲ ਤੁਸੀਂ ਜ਼ਰਬ ਤਕਸੀਮ ਕਰਕੇ ਵੇਖ ਲਓ ਕਿ ਜੇਕਰ ਇਸੇ ਸਪੀਡ ਨਾਲ ਚਲਦੇ ਰਹੇ ਤਾਂ ਕਿਸਾਨ ਦੇ ਪਾਸ 30 ਸਾਲ ਤੋਂ ਬਾਅਦ ਇਕ ਮਰਲਾ ਜ਼ਮੀਨ ਵੀ ਨਹੀਂ ਰਹੇਗੀ ।

ਚੀਫ ਪਾਰਲੀਮੈਂਟਰੀ ਸੈਕਟਰੀ : ਇਹ ਜ਼ਮੀਨ ਖਰੀਦੀ ਕਿਸ ਨੇ ਹੈ ?

ਬਾਬੂ ਬਚਨ ਸਿੰਘ : ਇਸਨੂੰ ਹੋਰ ਕਿਸਨੇ ਖਰੀਦਣਾ ਹੈ, ਵਡੇ ਵਡੇ ਖੁਸ਼ਹਾਲ ਜ਼ਿਮੀਂਦਾਰ ਤੇ ਵਡੇ ਵਡੇ ਵਪਾਰੀ ਖਰੀਦਦੇ ਹਨ ਤੇ ਖਰੀਦਣਗੇ ।

ਇਕ ਆਵਾਜ਼ : ਬਿਰਲਾ ਖਰੀਦੇਗਾ....(ਸ਼ੋਰ)....

ਬਾਬੂ ਬਚਨ ਸਿੰਘ : ਮੈਂ ਗਰਗ ਸਾਹਿਬ ਨੂੰ ਵੀ ਦਾਵਤ ਦਿੰਦਾ ਹਾਂ ਕਿ ਉਹ ਮੇਰੇ ਜ਼ਿਲੇ ਵਿਚ ਆਉਣ ਅਤੇ ਮੈਂ ਦਸਾਂਗਾ ਕਿ ਕੌਣ ਜ਼ਮੀਨ ਖਰੀਦੇ ਗਾ । ਜ਼ਮੀਨ ਖਰੀਦੇਗਾ ਓਸਵਾਲ, ਜ਼ਮੀਨ ਖਰੀਦੇਗਾ ਬਹਿਲ ਤੇ ਰਾਜ ਕੁਮਾਰ ਸੋਨੀ ਅਤੇ ਹੋਰ ਮੈਂ ਕਿਸ ਕਿਸ ਦੇ ਨਾਮ ਲਵਾਂ ਤੇ ਦਸਾਂ ਕਿ ਕਿਸ ਤਰ੍ਹਾਂ ਸਰਮਾਏਦਾਰ ਜ਼ਮੀਨਾਂ ਖਰੀਦ ਰਹੇ ਹਨ (ਵਿਘਨ) । ਮੈਂ ਮਾਲ ਮੰਤਰੀ ਜੀ ਨੂੰ ਇਹ ਵੀ ਦੱਸ ਦਿੰਦਾ ਹਾਂ ਕਿ ਇਹ ਸਰਮਾਏਦਾਰ ਜ਼ਮੀਨਾਂ ਕਿਉਂ ਖਰੀਦਦੇ ਹਨ । ਉਹ ਸਰਕਾਰ ਨੂੰ ਧੋਖਾ ਦੇਣ ਲਈ, ਬੇਈਮਾਨੀ ਕਰਨ ਲਈ ਤੇ ਬਲੈਕ ਮਨੀ ਨੂੰ ਛੁਪਾਣ ਲਈ ਹੁਣ ਜ਼ਮੀਨਾਂ ਖਰੀਦ ਰਹੇ ਹਨ । ਉਹ ਇਹ ਦਸ ਕੇ ਕਿ ਜਿਥੇ ਕਿਸਾਨ 10 ਮਣ ਪੈਦਾ ਕਰਦਾ ਸੀ ਉਥੇ ਉਹ 40 ਮਣ ਪੈਦਾ ਕਰ ਰਹੇ ਹਨ ਤੁਹਾਡੀ ਵਾਹ ਵਾਹ ਵੀ ਲੈਣਾ ਚਾਹੁੰਦੇ ਹਨ ਅਤੇ ਤੁਹਾਡੀਆਂ ਅਖਾਂ ਵਿਚ ਮਿੱਟੀ ਪਾਕੇ ਬਲੈਕ ਮਨੀ ਵੀ ਛੁਪਾਣਾ ਚਾਹੁੰਦੇ ਹਨ । ਮੈਂ ਅਰਜ਼ ਕਰਦਾ ਹਾਂ ਕਿ ਇਕ ਵਕਤ ਆਇਆ ਸੀ ਜਦ 1900 ਤਕ ਅੰਗਰੇਜ਼ ਦੀ ਪਾਲਸੀ ਕਰਕੇ ਪੰਜਾਬ ਦਾ ਕਿਸਾਨ ਆਪਣੀ ਜ਼ਮੀਨ ਤੋਂ ਮਹਿਰੂਮ ਹੋ ਗਿਆ ਸੀ ਤੇ ਸਰਮਾਏਦਾਰ ਉਸਦੀ ਜ਼ਮੀਨ ਦਾ ਮਾਲਕ ਬਣ ਗਿਆ ਸੀ ਅਤੇ ਜਿਸ ਦੇ ਨਤੀਜੇ ਦੇ ਤੌਰ ਤੇ ਲੈਂਡ ਏਲੀਏਨੇਸ਼ਨ ਐਕਟ ਪਾਸ ਕਰਨਾ ਪਿਆ ਸੀ ਅਤੇ ਹੁਣ ਇਕ ਵਕਤ ਉਹ ਫਿਰ ਆ ਗਿਆ ਹੈ ਕਿ ਜਿਸ ਤਰ੍ਹਾਂ ਸਰਮਾਏ-ਦਾਰ ਕਿਸਾਨ ਦੀਆਂ ਜ਼ਮੀਨਾਂ ਨੂੰ ਲੁਟ ਰਿਹਾ ਹੈ ਸਾਨੂੰ ਫਿਰ ਕਿਸਾਨ ਨੂੰ ਤੁਹੱਫਜ਼ ਦੇਣਾ ਪਵੇਗਾ ਵਰਨਾ ਸਰਮਾਏਦਾਰ ਕਿਸਾਨ ਨੂੰ ਖਾ ਜਾਵੇਗਾ ।

ਚੀਫ ਪਾਰਲਿਆਮੈਂਟਰੀ ਸੈਕਟਰੀ : ਇਹ ਯੂਨੀਅਨਿਸਟ ਸਰਕਾਰ ਨਹੀਂ ।

ਬਾਬੂ ਬਚਨ ਸਿੰਘ : ਮੈਂ ਅਰਜ਼ ਕਰਦਾ ਹਾਂ ਕਿ ਇਹ ਯੂਨੀਅਨਿਸਟ ਸਰਕਾਰ ਤਾਂ ਨਹੀਂ ਲੇਕਿਨ ਉਸ ਨਾਲੋਂ ਹਜ਼ਾਰ ਦਰਜਾ ਬਦਤਰ ਹੈ (ਸ਼ੋਰ) । ਯੂਨੀਅਨਿਸਟ ਸਰਕਾਰ ਨੇ ਬਿਰਲਿਆਂ ਨੂੰ ਜ਼ਮੀਨਾਂ ਨਹੀਂ ਦਿਤੀਆਂ ਸਨ । ਮੈਂ ਅਰਜ਼ ਕਰਦਾ ਹਾਂ ਕਿ ਇਹ ਜੋ ਜ਼ਮੀਨਾਂ ਕਿਸਾਨ ਦੀਆਂ ਵਿਕਣ, ਗਹਿਣੇ ਰਖਣ ਤੇ ਆਬਾਦੀ ਵਧਣ ਕਰਕੇ ਘਟ ਰਹੀਆਂ ਹਨ ਉਸਨੂੰ ਵੇਖਦੇ ਹੋਏ ਸਰਕਾਰ ਨੂੰ ਕਿਸਾਨ ਨੂੰ ਸਬਸਿਡੀ ਦੇਣੀ ਚਾਹੀਦੀ ਸੀ ਪਰ ਇਹ ਉਨ੍ਹਾਂ ਦਾ ਗਲ

ਵਢਣ ਲਈ ਤਿਆਰ ਹੈ । ਮਾਲ ਮੰਤਰੀ ਜੀ ਮੇਰੇ ਨਾਲ ਐਗਰੀ ਕਰਨਗੇ ਕਿ ਅਮਰੀਕਾ ਜੈਸਾ ਖੁਸ਼ਹਾਲ ਮੁਲਕ ਜਿਥੇ ਸਿਰਫ 8/9 ਫੀਸਦੀ ਲੋਕ ਖੇਤੀ ਕਰਦੇ ਹਨ ਅਤੇ ਇੰਗਲੈਂਡ ਵਰਗਾ ਦੇਸ਼ ਜਿਤੇ ਸਿਰਫ 4 ਫੀਸਦੀ ਆਦਮੀ ਖੇਤੀ ਦਾ ਕੰਮ ਕਰਦੇ ਹਨ ਉਥੇ ਵੀ ਕਿਸਾਨ ਲਈ ਐਸੇ ਭੈੜੇ ਹਾਲਾਤ ਪੈਦਾ ਹੋ ਗਏ ਹਨ ਕਿ ਕੋਈ ਖੇਤੀ ਕਰਨ ਵਾਲਾ ਖੇਤੀ ਤੋਂ ਨਫਾ ਨਹੀਂ ਕਮਾ ਸਕਦਾ ਅਤੇ ਉਤੇ ਦੀਆਂ ਸਰਕਾਰਾਂ ਕਿਸਾਨਾਂ ਨੂੰ ਸਬਸਿਡੀ ਦੇ ਰਹੀਆਂ ਹਨ । ਇਹ ਇਕੋ ਇਕ ਪੰਜਾਬ ਦੀ ਸਰਕਾਰ ਹੀ ਹੋ ਸਕਦੀ ਹੈ ਜੋ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਨੂੰ ਜ਼ਬਹ ਕਰਨ ਤੇ ਤੁਲੀ ਹੋਈ ਹੈ ।

ਮਾਲ ਮੰਤਰੀ : ਮੇਰੇ ਮਾਨਯੋਗ ਬਜ਼ੁਰਗ ਨੇ ਅਮਰੀਕਾ ਤੇ ਇੰਗਲੈਂਡ ਦਾ ਹਵਾਲਾ ਦੇਕੇ ਕਿਹਾ ਹੈ ਕਿ ਉਨ੍ਹਾਂ ਦਾ ਪੈਟਰਨ ਬਹੁਤ ਚੰਗਾ ਹੈ ਤਾਂ ਕੀ ਮੈਂ ਇਸਦਾ ਮਤਲਬ ਇਹ ਲਵਾਂ ਕਿ ਉਹ ਉਥੇ ਦੀ ਤਰ੍ਹਾਂ ਹੀ 25 ਜਾਂ 30 ਹਜ਼ਾਰ ਏਕੜ ਦਾ ਇਕ ਇਕ ਓਨਰ ਇਥੇ ਹੋਣ ਦੇ ਹਕ ਵਿਚ ਹਨ ?

ਬਾਬੂ ਬਚਨ ਸਿੰਘ : ਮੈਂ ਉਨ੍ਹਾਂ ਦੇ ਗੁਡ ਪੁਆਇੰਟਸ ਦੀ ਗੱਲ ਕਰ ਰਿਹਾ ਹਾਂ, ਬੈਡ ਪੁਅਇੰਟਸ ਦੀ ਗੱਲ ਨਹੀਂ ਕਰ ਰਿਹਾ ਹਾਂ ।

ਡਿਪਟੀ ਸਪੀਕਰ : ਮੇਜਰ ਸਾਹਬ ਵੀ ਗੁਡ ਪੁਆਇੰਟਸ ਹੀ ਲੈਣ ਵਾਲੇ ਹਨ, ਬੈਡ ਪੁਆਇੰਟਸ ਉਹ ਵੀ ਨਹੀਂ ਲੈਂਦੇ । (The hon. Revenue Minister also takes their good points and not bad ones.)

ਬਾਬੂ ਬਚਨ ਸਿਘ ਤਾਂ ਇਸਦਾ ਮਤਲਬ ਹੈ ਕਿ ਇਹ ਜੋ ਸਾਹਮਣੇ ਐਨੀ ਵਡੀ ਕਤਾਰ ਮਨਿਸਟਰਾਂ ਦੀ ਬੈਠੀ ਹੋਈ ਹੈ ਉਹ ਮੇਜਰ ਸਾਹਿਬ ਨੂੰ ਕੁਝ ਕਰਨ ਨਹੀਂ ਦਿੰਦੀ । ਮੈਂ ਅਰਜ਼ ਕਰਦਾ ਹਾਂ ਇਹ ਸੈਸ ਤਿੰਨ ਫਸਲਾਂ ਤੇ ਲਗਾਇਆ ਜਾ ਰਿਹਾ ਹੈ । ਮਾਲ ਮੰਤਰੀ ਸਾਹਬ ਨੂੰ ਪਤਾ ਹੋਣਾ ਹੈ ਕਿ ਇਸ ਵਕਤ ਹਿੰਦੁਸਤਾਨ ਕਿਤਨੀ ਰੂਈ ਬਾਹਰ ਤੋਂ ਇਮਪਰਟ ਕਰ ਰਿਹਾ ਹੈ । ਇਹ ਜੋ ਇਨ੍ਹਾਂ ਨੇ ਤਿਲਸਮ ਰਚਾਇਆ ਹੋਇਆ ਸੀ ਕਿ ਹਿੰਦੁਸਤਾਨ ਬੜਾ ਕਪੜਾ ਤੇ ਸੂਤੀ ਧਾਗਾ ਬਾਹਰਲੇ ਮੁਲਕਾਂ ਨੂੰ ਐਕਸਪੋਰਟ ਕਰ ਰਿਹਾ ਹੈ ਉਹ ਪਿਛਲੇ ਦਿਨਾਂ ਵਿਚ ਟੁਟ ਗਿਆ ਹੈ ਜਦੋਂ ਕਿ ਸ੍ਰੀ ਗੁੱਜਰ ਮਲ ਮੋਦੀ ਨੇ ਬਤੌਰ ਮੋਦੀ ਸਪਿਨਿੰਗ ਐਂਡ ਵੀਵਿੰਗ ਮਿਲਜ਼ ਦੇ ਚੇਅਰਮੈਨ ਦੇ ਤਕਰੀਰ ਕਰਦੇ ਹੋਏ ਇਨ੍ਹਾਂ ਦੀ ਕਲਈ ਖੋਲ੍ਹ ਦਿਤੀ ਅਤੇ ਕਹਿ ਦਿਤਾ ਕਿ ਹਿੰਦੁਸਤਾਨ ਨੇ ਕੁਲ 54 ਕਰੋੜ ਰੁਪਏ ਦਾ ਟੈਕਸਟਾਈਲ ਦਾ ਮਾਲ ਐਕਸਪੋਰਟ ਕੀਤਾ ਅਤੇ ਉਸਦੇ ਮੁਕਾਬਲੇ ਵਿਚ 58 ਕਰੋੜ ਰੁਪਏ ਤੋਂ ਵਧ ਦੀ ਰੂਈ ਬਾਹਰ ਤੋਂ ਮੰਗਾਈ ਹੈ । ਮੈਂ ਪੁਛਦਾ ਹਾਂ ਕਿ ਕੀ ਇਸੇ ਕਾਰਕਰਦਗੀ ਤੇ ਤੁਸੀਂ ਐਨੀਆਂ ਬਗਲਾਂ ਵਜਾਂਦੇ ਫਿਰਦੇ ਹੋ । ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਪੰਜਾਬੀ ਕਿਸਾਨ ਦੇ ਨਾਲ ਇਸ ਸਰਕਾਰ ਦਾ ਜੋ ਵਤੀਰਾ ਹੈ ਉਹ ਵੀ ਵੇਖ ਲਓ 1950-51 ਵਿਚ ਪੰਜਾਬ ਵਿਚ ਸਾਰੀ 1 ਲਖ 7 ਹਜ਼ਾਰ ਗਠ ਅਮਰੀਕਨ ਰੂਈ ਦੀ ਪੈਦਾ ਹੁੰਦੀ ਸੀ ।

ਡਿਪਟੀ ਸਪੀਕਰ ਸਾਹਿਬਾ, ਇਸ ਬਾਰੇ ਸਾਡੀ ਸਰਕਾਰ ਕਦੇ ਵੀ ਇੰਨਕਾਰ ਨਹੀਂ ਕਰ ਸਕਦੀ । ਪਿਛਲੇ ਸਾਲ ਪੰਜਾਬ ਵਿਚ 6 ਲਖ 56 ਹਜ਼ਾਰ ਗੱਠ ਅਮਰੀਕਨ ਰੂਈ ਦੀ ਪੈਦਾ ਹੋਈ । ਸਾਡੀ ਸਰਕਾਰ ਬਾਹਰਲੇ ਦੇਸ਼ਾਂ ਤੋਂ ਲੌਂਗ ਸਟੇਪਲ ਵਾਲੀ ਰੂਈ ਮੰਗਵਾਉਂਦੀ ਹੈ । ਇਸ ਲਈ ਪਜਾਬ ਦੇ ਕਿਸਾਨਾਂ ਉਤੇ ਸਾਨੂੰ ਬਹੁਤ ਫਖਰ ਹੈ ਕਿਉਂਕਿ ਪੰਜਾਬ ਦੇ ਕਿਸਾਨਾਂ ਨੇ ਰੂਈ ਦੀ

(ਬਾਬੂ ਬਚਨ ਸਿੰਘ)

ਪੈਦਾਵਾਰ ਵਿਚ ਬਹੁਤ ਇਜ਼ਾਫ਼ਾ ਕੀਤਾ ਹੈ । ਅਗਰ ਸਰਕਾਰ ਪੰਜਾਬ ਦੇ ਕਿਸਾਨਾਂ ਦੀ ਮਦਦ ਕਰਦੀ ਤਾਂ ਸਰਕਾਰ ਨੂੰ ਇਸ ਵੇਲੇ ਜਿੰਨੀ ਰੂਈ ਇੰਪੋਰਟ ਕਰਨੀ ਪੈ ਰਹੀ ਹੈ, ਉਹ ਇਕੱਲਾ ਪੰਜਾਬ ਦਾ ਕਿਸਾਨ ਹੀ ਬੰਦ ਕਰ ਸਕਦਾ ਹੈ । ਮੈਨੂੰ ਬੜੇ ਅਫ਼ਸਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਸਾਡੀ ਸਰਕਾਰ ਕਿਸਾਨਾਂ ਦੇ ਨਾਲ ਸਟੈਪ-ਮਦਰਲੀ ਟਰੀਟਮੈਂਟ ਕਰ ਰਹੀ ਹੈ ।

ਡਿਪਟੀ ਸਪੀਕਰ ਸਾਹਿਬਾ, 1950-51 ਵਿਚ 3 ਲਖ 15 ਹਜ਼ਾਰ ਗੱਠ ਦੇਸੀ ਕਪਾਹ ਦੀ ਪੈਦਾ ਹੋਈ, 1963 ਵਿਚ ਪੰਜਾਬ ਵਿਚ 5 ਲਖ 9 ਹਜ਼ਾਰ ਗੱਠ ਪੈਦਾ ਹੋਈ । ਇਸ ਦੇ ਮੁਕਾਬਲੇ ਵਿਚ 1950-51 ਵਿਚ 3 ਲਖ 15 ਹਜ਼ਾਰ ਗੱਠਾਂ ਰੂਈ ਦੀਆਂ ਪੈਦਾ ਹੋਈਆਂ ਸਨ । ਇਸ ਸਾਲ 11 ਲਖ 65 ਹਜ਼ਾਰ ਗੱਠਾਂ ਪੈਦਾ ਹੋਈਆਂ । ਇਸ ਤੋਂ ਪਤਾ ਲਗਦਾ ਹੈ ਕਿ ਪੰਜਾਬ ਵਿਚ ਅਮਰੀਕਨ ਅਤੇ ਦੇਸੀ ਕਪਾਹ ਪਹਿਲਾਂ ਦੇ ਮੁਕਾਬਲੇ ਵਿਚ 4 ਗੁਣਾ ਜ਼ਿਆਦਾ ਪੈਦਾ ਹੋਈ ਹੈ । ਇਥੇ ਕਿਹਾ ਜਾਂਦਾ ਹੈ ਕਿ ਪੰਜਾਬ ਹਿੰਦੋਸਤਾਨ ਦਾ ਸੋਰਡ ਆਰਮ ਹੈ ਲੇਕਿਨ ਟੈਕਸਾਂ ਦੇ ਬਾਰੇ ਪੰਜਾਬ ਦੇ ਕਿਸਾਨ ਉਤੇ ਟੈਕਸਾਂ ਦੀ ਝੜੀ ਲਾ ਦਿੰਦੇ ਹਨ । ਇਥੇ ਜੈ ਜਵਾਨ, ਜੈ ਕਿਸਾਨ ਦਾ ਨਾਅਰਾ ਲਾਇਆ ਜਾ ਰਿਹਾ ਹੈ । ਲੇਕਿਨ ਸਰਕਾਰ ਵਲੋਂ ਕਿਸਾਨਾਂ ਨੂੰ ਟੈਕਸਾਂ ਦੇ ਬੋਝ ਨਾਲ ਦਬਾਇਆ ਜਾ ਰਿਹਾ ਹੈ । ਮੈਂ ਸਮਝਦਾ ਹਾਂ ਕਿ ਕਿਸਾਨਾਂ ਉਤੇ ਟੈਕਸ ਨਹੀਂ ਲਗਣੇ ਚਾਹੀਦੇ । ਸਰਕਾਰ ਨੂੰ ਵੀ ਕਿਸਾਨਾਂ ਉਤੇ ਟੈਕਸ ਲਾਉਣੇ ਸ਼ੋਭਾ ਨਹੀਂ ਦਿੰਦੇ । ਉਸ ਦੀ ਕਮਰ ਟੈਕਸਾਂ ਦੇ ਕਾਰਨ ਟੁਟ ਰਹੀ ਹੈ । ਇਸ ਲਈ ਸਰਕਾਰ ਨੂੰ ਕਿਸਾਨਾਂ ਦੀ ਮਦਦ ਕਰਨੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬਾ, ਮੈਂ ਗੰਨੇ ਦੇ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ । ਪੰਜਾਬ ਵਿਚ ਗੰਨਾ 17 ਲਖ ਏਕੜ ਜ਼ਮੀਨ ਉਤੇ ਪੈਦਾ ਕੀਤਾ ਜਾ ਰਿਹਾ ਹੈ । ਇਥੇ 5 ਲਖ 75 ਹਜ਼ਾਰ ਟਨ ਗੰਨਾ ਪੈਦਾ ਹੋ ਰਿਹਾ ਹੈ । ਇਸ ਦੀ ਪੈਦਾਵਾਰ ਬਾਰੇ ਕੇਂਦਰ ਸਰਕਾਰ ਦੀ ਕੀ ਰਾਏ ਹੈ ? ਪਿਛਲੇ ਸਾਲ 15 ਹਜ਼ਾਰ ਟਨ ਸ਼ੂਗਰ ਬਾਹਿਰ ਭੇਜੀ ਗਈ । ਇਸ ਸਾਲ 3 ਲਖ ਟਨ ਸ਼ੂਗਰ ਬਾਹਿਰ ਭੇਜਣੀ ਹੈ । ਇਸ ਤੋਂ ਪਤਾ ਲਗਾਇਆ ਜਾ ਸਕਦਾ ਹੈ ਕਿ ਸਰਕਾਰ ਇਸ ਕੰਮ ਵਿਚ ਕਿਸਾਨਾਂ ਦੀ ਮਦਦ ਕਰ ਰਹੀ ਜਾਂ ਰੁਕਾਵਟਾਂ ਪੈਦਾ ਕਰ ਰਹੀ ਹੈ । ਸਰਕਾਰ ਨੇ ਜਿਥੇ ਹੋਰ ਚੀਜ਼ਾਂ ਦੇ ਰਾਹੀਂ ਫਾਰੇਨ ਐਕਸਚੇਂਜ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਹੈ ਉਥੇ 4 ਸਾਲਾਂ ਵਿਚ ਸ਼ੂਗਰ ਦੀ ਆਇਟਮ ਉਤੇ ਹੀ 99 ਕਰੋੜ ਰੁਪਿਆ ਫ਼ਾਰਿਨ ਐਕਸਚੇਂਜ ਹਾਸਲ ਕੀਤੀ ਹੈ । ਸਰਕਾਰ ਵਲੋਂ ਸ਼ੂਗਰ ਮਿਲਾਂ ਨੂੰ 17 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਜਾਵੇਗੀ ਜਿਹੜੀ ਸਬਸਿਡੀ ਕਿ ਕਿਸਾਨਾਂ ਨੂੰ ਦੇਣ ਦੀ ਲੋੜ ਸੀ ਕਿਉਂਕਿ ਕਿਸਾਨ ਹੀ ਗੰਨਾ ਕਾਸ਼ਤ ਕਰਕੇ ਮਿਲਾਂ ਨੂੰ ਸਪਲਾਈ ਕਰਦਾ ਹੈ । ਸਾਡੀ ਸਰਕਾਰ ਸ੍ਰੀ ਡੀ. ਡੀ. ਪੁਰੀ, ਸ੍ਰੀ ਨਾਰੰਗ ਅਤੇ ਸ੍ਰੀ ਥਾਪਰ ਦੀ ਮਦਦ ਕਰ ਰਹੀ ਹੈ । ਮੈਂ ਸਮਝਦਾ ਹਾਂ ਕਿ ਇਹ ਵੱਡੇ ਆਦਮੀ ਹੀ ਕਿਸਾਨਾਂ ਦੀ ਜ਼ਮੀਨ ਨੂੰ ਖਰੀਦਣਗੇ । ਸਾਡੀ ਸਰਕਾਰ ਕਿਸਾਨਾਂ ਨੂੰ ਕੰਗਾਲ ਬਣਾ ਦੇਵੇਗੀ (Voices of shame, shame from the Opposition Benches).

ਡਿਪਟੀ ਸਪੀਕਰ ਸਾਹਿਬਾ, ਪਿਛਲੀ ਸਰਕਾਰ ਨੇ ਕਿਸਾਨਾਂ ਉਤੇ 1962-63 ਵਿਚ ਕਰਾਪ ਸੈਸ 4 ਰੁਪਏ ਫੀ ਏਕੜ ਲਾਇਆ ਸੀ । ਸਰਕਾਰ ਨੇ ਇਹ ਟੈਕਸ ਇਰੀਗੇਟਿਡ ਏਰੀਆ ਉਤੇ ਲਾਇਆ ਹੈ । (ਵਿਘਨ) ਮੈਂ ਮੰਨਦਾ ਹਾਂ ਕਿ ਪੰਜਾਬ ਵਿਚ ਬਹੁਤ ਹੀ ਘੱਟ ਅਨਇਰੀਗੇਟਿਡ ਜ਼ਮੀਨ ਉਤੇ ਕਮਰਸ਼ਲ ਕਰਾਪ ਪੈਦਾ ਹੁੰਦੀ ਹੈ । ਅਗਰ ਅਜਿਹਾ ਅਨਇਰੀਗੇਟਿਡ ਏਰੀਆ ਹੋਵੇਗਾ

ਤਾਂ ਉਹ 1 ਲਖ ਜਾਂ ਦੋ ਲਖ ਏਕੜ ਹੀ ਹੋ ਸਕਦਾ ਹੈ । ਪੰਜਾਬ ਵਿਚ 17 ਲਖ 4 ਹਜ਼ਾਰ ਏਕੜ ਉਤੇ ਕਪਾਹ ਅਤੇ 5 ਲਖ 75 ਹਜ਼ਾਰ ਏਕੜ ਉਤੇ ਸ਼ੂਗਰ ਪੈਦਾ ਹੁੰਦੀ ਹੈ । ਮੇਰਾ ਤਜਰਬਾ ਹੈ ਕਿ 95% ਇਰੀਗੇਟਿਡ ਜ਼ਮੀਨ ਉਤੇ ਕਮਰਸ਼ਲ ਕਰਾਪ ਪੈਦਾ ਹੁੰਦੀ ਹੈ । ਸਾਡੀ ਸਰਕਾਰ ਕਿਸਾਨਾਂ ਦੇ ਨਾਲ ਸਟੈਪ-ਮਦਰਲੀ ਟਰੀਟਮੈਂਟ ਕਰ ਰਹੀ ਹੈ । ਇਹ ਗੱਲ ਕਿਸੇ ਤੋਂ ਛਪੀ ਹੋਈ ਨਹੀਂ ਕਿ ਕਿਸਾਨਾਂ ਨੂੰ ਨਹਿਰਾਂ ਦਾਂ ਪਾਣੀ ਨਹੀਂ ਮਿਲ ਰਿਹਾ । ਨਹਿਰਾਂ ਦੇ ਪਾਣੀ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਨਾ ਦੇ ਕੇ ਪਾਕਿਸਤਾਨ ਸਰਕਾਰ ਨੂੰ ਦੇਣਾ ਚਾਹੁੰਦੀ ਹੈ ।

ਮੈਂ ਪੰਜਾਬ ਸਰਕਾਰ ਦੀ ਦਲੀਲ ਮੰਨਦਾ ਹਾਂ ਕਿ ਇਸ ਸਾਲ ਬਾਰਸ਼ਾਂ ਘੱਟ ਹੋਣ ਦੇ ਕਾਰਨ ਜੋ ਦਰਿਆਵਾਂ ਵਿਚ ਪਾਣੀ ਦੀ ਕਮੀ ਹੋਈ ਹੈ । ਲੇਕਿਨ ਡਾਕਟਰ ਰਾਮ ਮਨੋਹਰ ਲੋਹੀਆ ਨੇ ਸਰਕਾਰ ਨੂੰ ਕਈ ਸਾਲ ਪਹਿਲਾਂ ਚਿਤਾਵਣੀ ਦਿੱਤੀ ਸੀ ਕਿ ਅਗਰ ਸਰਕਾਰ ਨੇ ਇਸ ਮਸਲੇ ਨੂੰ ਹਲ ਕਰਨ ਲਈ ਕੋਸ਼ਿਸ਼ ਨਾ ਕੀਤੀ ਤਾਂ ਦੇਸ਼ ਵਿਚ ਅੰਨ ਦੀ ਹਾਲਤ ਬਦਤਰ ਹੋ ਜਾਵੇਗੀ । ਉਸ ਨੇ ਕਿਹਾ ਸੀ ਕਿ ਅਗਰ ਸਰਕਾਰ ਨੇ ਇਸ ਵਲ ਧਿਆਨ ਨਾ ਦਿੱਤਾ ਤਾਂ ਦੇਸ਼ ਵਿਚ ਫੈਮਿਨ ਦੀ ਹਾਲਤ ਹੋ ਜਾਵੇਗੀ । ਆਮ ਜਨਤਾ ਨੂੰ ਪਤਾ ਹੈ ਕਿ ਅਸੀਂ ਦੂਜਿਆਂ ਦੇਸ਼ਾਂ ਅੱਗੇ ਅਨਾਜ ਲਈ ਹੱਥ ਫੈਲਾ ਰਹੇ ਹਾਂ । ਸਾਡੀ ਸਰਕਾਰ ਨੂੰ ਮੰਗਣ ਵਿਚ ਵੀ ਕੋਈ ਸ਼ਰਮ ਨਹੀਂ ਆਉਂਦੀ । (ਘੰਟੀ) ਸਾਡੀ ਸਰਕਾਰ ਇਕ ਪਾਸੇ ਕਿਸਾਨਾਂ ਉਤੇ ਟੈਕਸ ਲਾ ਰਹੀ ਹੈ ਅਤੇ ਦੂਜੇ ਪਾਸੇ ਫੂਡ ਗਰੇਨ ਦੀ ਪੈਦਾਵਾਰ ਵਧਾਉਣ ਵਾਸਤੇ ਕਿਸਾਨਾਂ ਉਤੇ ਜ਼ੋਰ ਪਾ ਰਹੀ ਹੈ । ਸਾਨੂੰ ਪਿਛਲੇ ਸਾਲਾਂ ਦੇ ਤਜਰਬਿਆਂ ਤੋਂ ਸਬਕ ਲੈਣਾ ਚਾਹੀਦਾ ਹੈ । 1st Five-Year Plan ਵਿਚ ਪੰਜਾਬ ਵਿਚ 60 ਲਖ ਟਨ ਫੂਡਗਰੇਨਜ਼ ਪੈਦਾ ਹੋਏ । 2nd Five-Year Plan ਵਿਚ 63 ਲਖ ਟਨ ਹੋਏ ਅਤੇ 3rd Five-Year Plan ਵਿਚ 66 ਲਖ ਟਨ ਪੈਦਾ ਕਰਾਂਗੇ ।

ਪਿਛਲੀ ਸਰਕਾਰ ਨੇ 78 ਲੱਖ ਟਨ ਫੂਡਗਰੇਨ ਪੈਦਾ ਕਰਨ ਦਾ ਟੀਚਾ ਰਖਿਆ ਸੀ । ਪਿਛਲੀ ਸਰਕਾਰ ਨੇ 2 ਸਾਲਾਂ ਵਿਚ ਪੰਜਾਬ ਵਿਚ ਫੂਡਗਰੇਨਜ਼ ਦੀ ਡਬਲ ਪ੍ਰੋਡਕਸ਼ਨ ਦਾ ਨਾਅਰਾ ਲਾਇਆ ਸੀ । ਲੇਕਿਨ ਪਿਛਲੀ ਸਰਕਾਰ ਇਸ ਟੀਚੇ ਨੂੰ ਪੂਰਾ ਨਹੀਂ ਕਰ ਸਕੀ । ਇਸ ਦੇ ਬਾਅਦ ਸਾਡੇ ਖੇਤੀ ਬਾੜੀ ਦੇ ਵਰਤਮਾਨ ਵਜ਼ੀਰ ਨੇ ਅਤੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਕਿ 2 ਸਾਲਾਂ ਵਿਚ ਫੂਡਗਰੇਨਜ਼ ਦੀ ਪ੍ਰੋਡਕਸ਼ਨ ਹੰਡਰਡ ਪਰਸੈਂਟ ਤੋਂ ਵੱਧ ਨਹੀਂ ਕਰ ਸਕਾਂਗੇ ਬਲਕਿ 18% ਜ਼ਰੂਰ ਵਧਾ ਦੇਵਾਂਗੇ । ਪਿਛਲੇ ਸਾਲ ਪੰਜਾਬ ਵਿਚ 69 ਲੱਖ ਟਨ ਫੂਡਗਰੇਨਜ਼ ਪੈਦਾ ਹੋਏ । ਕੀ ਇਸ ਸਾਲ 60 ਲਖ ਟਨ ਫੂਡਗਰੇਨਜ਼ ਪੈਦਾ ਹੋ ਸਕਣਗੇ ? ਮੈਂ ਦਾਵੇ ਨਾਲ ਕਹਿੰਦਾ ਹਾਂ ਕਿ ਇਸ ਦਫਾ ਪੰਜਾਬ ਵਿਚ ਕਿਸੇ ਸੂਰਤ ਵਿਚ ਵੀ 60 ਲਖ ਟਨ ਪੈਦਾ ਨਹੀਂ ਕਰ ਸਕਦੇ । ਪੰਜਾਬ ਦੀ ਹਾਲਤ ਇਹ ਹੈ ਕਿ ਪੰਜਾਬ ਦਾ ਕਿਸਾਨ ਛੋਟੀ ਜ਼ਮੀਨ ਦਾ ਮਾਲਕ ਹੈ। 10 ਏਕੜ ਤੋਂ ਘੱਟ ਵਾਲਿਆਂ ਦੀ ਔਸਤ 1954 ਦੇ ਸਰਵੇ ਦੇ ਮੁਤਾਬਿਕ 2.7 ਏਕੜ ਤੋਂ ਜ਼ਿਆਦਾ ਨਹੀਂ ਬਣਦੀ ਹੈ । 1963 ਦੇ ਸਿਤੰਬਰ ਤਕ ਕੁਲ ਦੀ ਔਸਤ 4.7 ਏਕੜ ਬਣਦੀ ਹੈ । ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਕਿਸਾਨ ਦੀ ਹਾਲਤ ਕੀ ਹੈ । ਹਰ ਸਾਲ ਉਨ੍ਹਾਂ ਤੇ ਕਰਜ਼ਾ ਵਧਦਾ ਜਾਂਦਾ ਹੈ, ਬੇਹਿਸਾਬ ਕਰਜ਼ਾ ਉਸ ਦੇ ਸਿਰ ਹੈ । ਤੁਸੀਂ ਗ਼ੌਰ ਕਰੋ ਕਿ ਇਸ ਸਾਲ ਕਿਸਾਨ ਦੀ ਕੀ ਹਾਲਤ ਹੋਈ ਹੈ । ਉਸ ਨੂੰ ਇਕ ਦਫਾ ਪਾਣੀ ਨਹੀਂ ਮਿਲਿਆ, ਲੜਾਈ ਦੇ ਕਾਰਨ ਤਿੰਨ ਜ਼ਿਲੇ ਮੂਧੇ ਮੂੰਹ ਡਿੱਗੇ ਪਏ ਹਨ । ਇਸ ਮੌਕੇ ਤੇ ਲੋੜ ਸੀ ਕਿ ਕਿਸਾਨ ਨੂੰ ਰੀਲੀਫ ਦਿੱਤਾ ਜਾਂਦਾ, ਜ਼ਰੂਰਤ ਇਹ ਸੀ ਕਿ ਜ਼ਿਆਦਾ ਤੋਂ ਜ਼ਿਆਦਾ ਪੰਪਿੰਗ ਸੈਟ ਲਗਾਏ ਜਾਂਦੇ, ਜ਼ਿਆਦਾ ਤੋਂ ਜ਼ਿਆਦਾ ਟਿਊਬ-ਵੈਲ ਲਗਾਏ ਜਾਂਦੇ, ਪਰਕੋਲੇਸ਼ਨ ਵੈਲਜ਼ ਲਗਾਏ

6.00 p.m.

(ਬਾਬੂ ਬਚਨ ਸਿੰਘ)

ਜਾਂਦੇ, ਜ਼ਰੂਰਤ ਇਹ ਸੀ ਕਿ ਪਾਣੀ ਦਾ ਪ੍ਰਬੰਧ ਕੀਤਾ ਜਾਂਦਾ ਅਤੇ ਕਿਸਾਨ ਨੂੰ ਪੂਰੀ ਮਦਦ ਦਿੱਤੀ ਜਾਂਦੀ ਤਾਂ ਜੋ ਉਹ ਪੰਜਾਬ ਦੀ ਰੋਟੀ ਦਾ ਬੰਦੋਬਸਤ ਕਰ ਸਕਦਾ ਅਤੇ ਹਿੰਦੁਸਤਾਨ ਦੀ ਰੋਟੀ ਦਾ ਇੰਤਜ਼ਾਮ ਕਰਦਾ ਪਰ ਉਲਟਾ ਇਸ ਵੇਲੇ ਟੈਕਸਾਂ ਦਾ ਬੋਝ ਉਸ ਉਤੇ ਪਾਉਣਾ, ਮੈਂ ਸਮਝਦਾ ਹਾਂ ਕਿ ਇਹ ਸਰਕਾਰ ਦੀ ਕਮਜ਼ੋਰ ਪਾਲਸੀ ਦਾ ਨਤੀਜਾ ਹੈ । ਇਹ ਸਰਕਾਰ ਦਿੱਲੀ ਦੀ ਸਰਕਾਰ ਨੂੰ ਜ਼ੋਰ ਨਾਲ ਨਹੀਂ ਕਹਿ ਸਕਦੀ ਕਿ ਅੱਜ ਪੰਜਾਬ ਦੇ ਹਾਲਾਤ ਐਨੇ ਵਿਗੜੇ ਹੋਏ ਹਨ, ਇਹ ਮੂੰਹ ਵਿਚ ਘੁੰਙਣੀਆਂ ਪਾ ਕੇ ਬੈਠੀ ਹੋਈ ਹੈ ਅਤੇ ਦਿੱਲੀ ਦੀ ਸਰਕਾਰ ਦੇ ਸਾਹਮਣੇ ਖਾਮੋਸ਼ੀ ਧਾਰਨ ਕਰ ਲੈਂਦੀ ਹੈ । ਉਹ ਕਹਿੰਦੇ ਹਨ ਕਿ ਐਨੇ ਟੈਕਸ ਲਾਉ ਤਾਂ ਇਹ ਕਹਿੰਦੇ ਹਨ ਕਿ ਸਤਿ ਬਚਨ ਜੇਕਰ ਤੁਸਾਂ ਟੈਕਸ ਲਾਉਣੇ ਹਨ ਤਾਂ ਅਮੀਰਾਂ ਤੇ ਲਗਾਉ । ਅਸੀਂ ਤੁਹਾਨੂੰ ਕਈ ਤਰੀਕੇ ਦਸ ਸਕਦੇ ਹਾਂ ਜਿਨ੍ਹਾਂ ਨਾਲ ਤੁਸੀਂ ਬਚਤ ਕਰ ਸਕਦੇ ਹੋ । ਪਹਿਲੇ ਤੁਸੀਂ ਆਪ ਇਕਨਾਮੀ ਕਰੋ ਫਿਰ ਜਨਤਾਂ ਤੇ ਟੈਕਸ ਲਗਾ ਸਕਦੇ ਹੋ । ਗਰੀਬ ਕਿਸਾਨ ਤੇ ਟੈਕਸ ਲਗਾ ਕੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕਰੋਗੇ ਤਾਂ ਇਸ ਦੇ ਨਾਲ ਤੁਹਾਨੂੰ ਆਪ ਨੂੰ ਨੁਕਸਾਨ ਹੋਵੇਗਾ ਕਿਉਂਕਿ ਜੇਕਰ ਕਿਸਾਨ ਦੀ ਹਾਲਤ ਖਰਾਬ ਹੋ ਗਈ ਤਾਂ ਜੈ ਕਿਸਾਨ ਦਾ ਨਾਰਾ ਨਹੀਂ ਬੁਲਾ ਸਕਦੇ । ਜੇਕਰ ਤੁਸਾਂ ਜੈ ਕਿਸਾਨ ਬੁਲਾਣੀ ਹੈ ਤਾ ਕਿਸਾਨ ਦੀ ਹਾਲਤ ਨੂੰ ਦਰੁਸਤ ਕਰਨਾ ਪਵੇਗਾ । ਇਸ ਰਸਤੇ ਤੇ ਚਲਣ ਤੋਂ ਪਹਿਲੇ ਸੋਚੋ, ਗੌਰ ਕਰੋ, ਇਸ ਰਸਤੇ ਨੂੰ ਬਦਲੋ । ਅਸੀਂ ਲੋਕਾਂ ਦੇ ਨੁਮਾਇੰਦੇ ਹਾਂ ।

ਮਾਲ ਮੰਤਰੀ : ਮੈਂ ਸਿਰਫ ਇਹ ਹੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਇਸ ਗੱਲ ਤੇ ਰੋਸ਼ਨੀ ਪਾ ਦੇਣ । ਇਨ੍ਹਾਂ ਦੇ ਕਹਿਣੇ ਦੇ ਮੁਤਾਬਕ 2.7 ਏਕੜ ਦੀ ਸਾਰੀ ਹੋਲਡਿੰਗ ਬਣਦੀ ਹੈ । ਕੀ ਇਨ੍ਹਾਂ ਨੇ ਕਦੇ ਪ੍ਰੈਕਟੀਕਲ ਤਜਰਬਾ ਕੀਤਾ ਹੈ ਕਿ ਦੋ ਪੁਆਇੰਟ ਸੱਤ ਏਕੜ ਜ਼ਮੀਨ ਵਾਲਾ ਕਿਸਾਨ ਕਿੰਨੀਆਂ ਮਿਰਚਾਂ ਲਗਾਏਗਾ, ਕਿੰਨੀ ਕਪਾਹ ਬੀਜੇਗਾ ਅਤੇ ਕਿੰਨਾ ਕਮਾਦ ਲਗਾਏਗਾ । ਫਿਰ ਕੈਲਕੂਲੇਟ ਕਰ ਕੇ ਵੇਖਣ ਕਿ ਉਸ ਦੇ ਉਪਰ ਕਿੰਨਾ ਭਾਰ ਪੈਂਦਾ ਹੈ । ਕੀ ਇੰਨ੍ਹਾਂ ਨੇ ਕਦੀ ਇਸ ਪਾਸੇ ਵਲ ਵੀ ਧਿਆਨ ਦਿੱਤਾ ਹੈ ?

ਬਾਬੂ ਬਚਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਮੈਂ ਬੜਾ ਖੁਸ਼ ਹਾਂ ਕਿ ਮੇਰੀ ਪੋਜ਼ੀਸ਼ਨ ਸ਼ਾਫ ਕਰਨ ਲਈ ਰੈਵੇਨਿਊ ਮਿਨਿਸਟਰ ਸਾਹਿਬ ਨੇ ਮੇਰੇ ਤੇ ਸਵਾਲ ਕੀਤਾ ਹੈ । ਜਿਥੇ ਮੈਂ ਇਹ ਤਰਮੀਮ ਦਿੱਤੀ ਹੈ ਕਿ ਇਸ ਬਿਲ ਨੂੰ ਪਬਲਿਕ ਉਪੀਨੀਅਨ ਇਲੀਸਿਟ ਕਰਨ ਲਈ ਮੁਸ਼ਤਹਿਰ ਕੀਤਾ ਜ਼ਾਵੇ ਉਥੇ ਇਹ ਤਰਮੀਮ ਵੀ ਦਿੱਤੀ ਹੈ ਕਿ ਇਕਨੌਮਿਕ ਹੋਲਡਿੰਗ ਤੇ ਬੇਸ਼ਕ ਲਗਾ ਦਿਉ । ਮੇਰੀ ਇਹ ਤਰਮੀਮ ਮੌਜੂਦ ਹੈ, ਹਾਊਸ ਵਿਚ ਸਰਕੂਲੇਟ ਹੋਈ ਹੈ । ਉਸ ਵਿਚ ਮੈਂ ਕਿਹਾ ਹੈ ਕਿ ਇਕਨਾਮਿਕ ਹੋਲਡਿੰਗਜ਼ ਤੇ ਲਗਾ ਦਿਉ ਤਾਂ ਕੋਈ ਡਰ ਨਹੀਂ ਹੈ । ਪਰ ਗਰੀਬ ਕਿਸਾਨਾਂ ਤੇ ਜਿਨ੍ਹਾਂ ਦੀ 1954 ਦੀ ਸਰਵੇ ਦੇ ਮੁਤਾਬਿਕ ਕੁਲ ਗਿਣਤੀ 2,884,000 ਸੀ ਉਨ੍ਹਾਂ ਵਿਚੋਂ 2,505,000 ਛੋਟੇ ਕਿਸਾਨ 10 ਏਕੜ ਤੋਂ ਘੱਟ ਵਾਲੇ ਸਨ, ਹੁਣ ਉਨ੍ਹਾਂ ਦੀ ਕੁਲ ਗਿਣਤੀ 4,018,000 ਹੈ; ਉਨ੍ਹਾਂ ਵਿਚੋਂ 3,500,000 10 ਏਕੜ ਤੋਂ ਘੱਟ ਵਾਲੇ ਕਿਸਾਨ ਹਨ, ਉਨ੍ਹਾਂ ਉਪਰ ਟੈਕਸ ਨਾ ਲਗਾਉ । ਉਨ੍ਹਾਂ ਬਾਰੇ ਮੈਨੂੰ ਵੱਡਾ ਇਤਰਾਜ਼ ਹੈ । ਜ਼ਿਨ੍ਹਾਂ ਦੀ ਕਪੈਸਿਟੀ ਟੈਕਸ ਪੇ ਕਰਨ ਦੀ ਹੈ ਉਨ੍ਹਾਂ ਦੀ ਮੈਂ ਹਿਮਾਇਤ ਨਹੀਂ ਕਰਦਾ, ਉਨ੍ਹਾਂ ਕੋਲੋਂ ਗੌਰਮਿੰਟ ਬੇਸ਼ਕ ਟੈਕਸ ਲਵੇ । ਪਰ ਜਿਨ੍ਹਾਂ ਦੀ ਕਪੈਸਿਟੀ ਟੈਕਸ ਦੇਣ ਦੀ ਨਹੀਂ ਹੈ ਉਨ੍ਹਾਂ ਤੇ ਟੈਕਸ ਲਗਾਉਣ ਦੀ ਮੈਂ ਸਖਤ ਮੁਖਾਲਫਿਤ ਕਰਦਾ ਹਾਂ । ਇਸ ਲਈ ਮੈਂ ਇਹ ਪੁਆਇੰਟਸ ਹਾਊਸ

ਦੇ ਸਾਹਮਣੇ ਰਖੇ ਹਨ ਕਿ 31 ਜਨਵਰੀ ਤਕ ਇਸ ਨੂੰ ਮੁਸ਼ਤਹਿਰ ਕਰਨ ਦੀ ਤਜਵੀਜ਼ ਮੰਨ ਲਈ ਜਾਵੇ । ਜੇਕਰ ਮੰਨ ਜਾਉਗੇ ਤਾਂ ਤੁਹਾਨੂੰ ਲੋਕਾਂ ਦੀ ਰਾਏ ਦਾ ਪਤਾ ਲਗ ਜਾਏਗਾ ।

Deputy Speaker : Motion moved—

That the Punjab Commercial Crops Cess (Amendment) Bill, 1965, be cireulated for eliciting public opinion thereon upto the 31st January, 1966.

कंवर राम पाल सिंह (पुंडरी): डिप्टी स्पीकर साहिबा, यह जो कर्मशियल क्राप्स सैस बिल 1965 है यह उपर से देखने से तो बड़ा मासूम सा नज़र आता आता है । इस की वर्डिंग बड़ी मासूम है, यह कहा गया है कि 1965-66 की बजाए इस को 1970-71 तक लागू कर दिया जाए । इस से मासूमियत और क्या हो सकती है । लेकिन जब इस बिल की वर्डिंग को छोड़ कर इस के असल औरिजिनल बिल को पड़ा जाए तो पता लगता है कि यह भेड़ की शकल में भेड़िया है । इस वर्डिंग का क्या असर पड़ेगा और किस के उपर पड़ेगा वही जान सकता है जिस के दिल में दर्द होता है, जिसे ठेस लगती है, कोई तकलीफ होती है वही जान सकता है । इस मासूम बिल से कितने लोगों को तकलीफ होती है, वे लोग बरदाश्त कर सकते हैं या नहीं कर सकते, इस बात को बिना सोचे समझे उन पर बोझ लाद दिया जाता है । जब इस बिल पर गौर करते हैं तो पता लगता है कि 80 परसेंट जनता जो देहात में रहती है, जो सिर्फ अपना गुज़र ही कर सकती है उस के ऊपर यह टैकस लगाने जा रहे हैं । गुजर भी वे कैसे करते हैं । पहनने को फटे हुए चीथड़े उन को मिलते हैं, खाने को एक वक्त रोटी नसीब हो गई तो शुक्र है । जहां तक एजुकेशन का सवाल है वह तो शायद कुल 20 परसेंट लोग ऐसे होंगे जो अपने बच्चों को एजुकेशन दिला सकते हैं । उन को तो 24 घंटे पेट भरने की फिक्र लगी रहती है एजुकेशन की वात कैसे सोची जा सकती है । जिस वक्त इस बिल को 1963 में इन्ट्रोड्यूस किया गया था, इस सदन में पेश किया गया या तो उस समय गवर्नमेंट ने एशोरेंस दी थी कि इस सेस को सिर्फ तीन साल के लिये लागू किया जा रहा है । उस समय लोगों को तकलीफ बहुत हुई, वे बहुत बेज़ार थे लेकिन उन को तसल्ली दिलाई गई कि कोई बात नहीं अगर देश के लिये तीन साल दुख के भी काटनें पड़ें तो काट लेने चाहियें । लेकिन मुझे समझ नहीं आती कि जो एशोरेंस सरकार आन दी फलोर आफ दी हाउस देती है उस को पूरा क्यों नहीं करती । फिर अभी 6 महीने के लिये तो पहले बिल की म्याद ही बाकी है । क्यों इस को इतनी जलदी हाउस में पास करवाने के लिये जोर दिया जा रहा है । मुझे समझ नहीं आती कि एसी क्या कोई खास बात है कि इस को इसी सेशन में पास करवाया जा रहा है । मुझे तो उस एशोरेंस को देखते हुए और अब जो जोर इसी सैशन में पास करवाने के लिये दिया जा रहा है कुछ खदशा मालूम होता है । मुझे डर है कि कहीं इस को इसलिये तो नहीं पास करवाया जा रहा कि अगर जमींदारों पर लैंड रेवेन्यु और आबयाना बढ़ाना हो तो अगले सेशन में बढ़ा दिया जाए और कमर्शल क्राप्स सेस अब इस सेशन में पास करवा लिया जाए क्योंकि अगर दोनों बिल एक ही सेशन में लाए

[कंवर रामपाल सिंह]

जाएंगे तो हो सकता है कि मेम्बरान और भी ज्यादा रीवोल्ट करें । मुझे यह खदशा पैदा हो रहा है । गन्ना और कपास दोनों को कमर्शल क्राप्स कहा जाता है ।

मैं समझ नहीं पाया कि इन को कमर्शल क्राप्स किस ढंग से माना जाता है । बहर हाल अगर इस बात को ही थोड़ी देर के लिए मान लिया जाए तो भी इस बात से इनकार नहीं किया जा सकता कि आज हमारे देश के उपर संकट का जमाना आया हुआ है । ऐसा संकट देश पर आया हुआ है जब कि हमें ज्यादा से ज्यादा फारेन ऐक्सचेंज की जरूरत है और उस फारेन ऐक्सचेंज को हासिल करने के लिए आप के पास कौन कौन सी क्राप्स है ? आप इस सम्बन्ध में सैंट्रल गवर्नमैंट की रिपोर्टस को पढ़ कर देखिए । उन से पता चलेगा कि काटन और शूगरकेन दोनों ही ऐसी चीजें हैं जो आप को फारेन ऐक्सचेंज लेकर देती है । अगर आप को देश के लिए फारेन ऐक्सचेंज की जरूरत नहीं है फिर तो ठीक है, जरूर यह सैंस लगाया जाए लेकिन अगर देश को फारेन ऐक्सचेंज की जरूरत है तो जरूरत इस बात की है कि इन क्राप्स को इन्सेन्टिव दिया जाए । जो टैक्स उन पर लगा हुआ है उसे हटाया जाए । इन्सैन्टिव के लिए फारमर्ज को इस सिलसिले में लोन्ज और सबसिडीज दी जानी चाहिए जिस से यह क्राप्स देश के अन्दर ज्यादा से ज्यादा मात्रा में पैदा हों और इस के जरिए हम अपने देश के लिए ज्यादा से जयादा फारेन एक्सचेंज हासिल कर सकें । डिपटी स्पीकर साहिबा आप देखिए कि हम हर रोज अखबारों में पढ़ते है और जानते हैं कि आज का जमाना 'फार्मज और आर्मज का है । इस के साथ ही हमारे प्रधान मन्त्री ने भी एक नया नारा दिया है और वह है "जय जवान जय किसान" जिस का यही मतलब निकलता है कि आज का जमाना फार्मज और आर्मज का ही जमाना है । हमारे देश का नौजवान देश की रक्षा के लिए बार्डर पर लड़ा है, लड़ रहा है और शायद आगे भी उसे दुश्मन के साथ लड़ना पड़े । दूसरी तरफ हम भी यहां पर रोज स्पीचिज़ देते हैं, गवर्नमेंट की तरफ से भी यही अपील की जाती है कि देश में एक इंच ज़मीन भी एसी न रहे जिस पर काश्त न की गई हो ताकि देश को खुराक के लिए दूसरों के सामने न झुकना पड़े और हम अपनी अनाज की कमी को खुद पूरा कर सकें । लेकिन मुझे समझ नहीं आता कि इस तरफ क्यों ध्यान नहीं दिया गया जब कि इस बिल को हाउस के सामने पेश किया गया है इस बात का ख्याल न करते हुए कि वह लोग यह सैस दे सकते हैं या नहीं दे सकते, उन के अन्दर इस टैक्स को देने की कैपेसिटी है या नहीं, यह बिल लाया गया है । क्या इस से आप समझते हैं कि प्रोडकशन में इन्क्रीज होगी । मैं तो इस बात को नहीं मानता । शायद गवर्नमैंट मानती हो । जो लोग इस के हक में हैं और कहते हैं कि टैकस और लगाए जायें वह तो शायद मानते हों मगर मैं तो नहीं

समझ पाया कि जब तक आप किसानों को, ज़मींदारों को इन्सैन्टिव न देंगे तब तक आप प्रोडकशन किस चीज़ की करेंगे, आप कैसे प्रोडकशन को वढ़ाएंगे ।

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਡੀ ਪਰਮਿਸ਼ਨ ਨਾਲ ਆਨਰੇਬਲ ਮੈਂਬਰ ਸਾਹਿਬ ਕੋਲੋਂ ਇਕ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ । ਉਨ੍ਹਾਂ ਨੇ ਕਿਹਾ ਹੈ ਕਿਉਂਕਿ ਗੰਨਾ ਫਾਰਨ ਐਕਸਚੇਂਜ ਲਿਆਉਂਦਾ ਹੈ--ਗੰਨੇ ਤੋਂ ਚੀਨੀ ਬਣਦੀ ਹੈ, ਚੀਨੀ ਬਾਹਰ ਐਕਸਪੋਰਟ ਹੁੰਦਾ ਹੈ ਜਿਸ ਦੇ ਨਾਲ ਅਸੀਂ ਫਾਰਨ ਅਕਸਚੇਂਜ ਅਰਨ ਕਰਦੇ ਹਾਂ, ਇਸ ਲਈ ਇਸ ਸੈਸ ਨਾਲ ਕਿਸਾਨਾਂ ਨੂੰ ਜਿਹੜਾ ਇਨਸੈਂਟਿਵ ਹੈ ਉਹ ਖਤਮ ਹੋ ਜਾਵੇਗਾ ਔਰ ਅਸੀਂ ਫਾਰਨ ਐਕਸਚੇਂਜ ਅਰਨ ਨਹੀਂ ਕਰ ਸਕਾਂਗੇ । ਮੈਂ ਉਨ੍ਹਾਂ ਆਨਰੇਬਲ ਮੈਂਬਰ ਸਾਹਿਬ ਕੋਲੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਦੀ ਰਾਏ ਵਿਚ ਫਾਰਨ ਐਕਸਚੇਂਜ ਜ਼ਰੂਰੀ ਹੈ ਜਾਂ ਖ਼ੁਰਾਕ ਦਾ ਮਸਲਾ ਜ਼ਰੂਰੀ ਹੈ ?

ਡਿਪਟੀ ਸਪੀਕਰ : ਮੇਜਰ ਸਾਹਿਬ, ਜੇ ਤੁਸੀਂ ਇਕ ਇਕ ਪੁਆਇੰਟ ਦੀ ਇਸ ਤਰ੍ਹਾਂ ਕਲੈਰੀਫੀਕੇਸ਼ਨ ਮੰਗਣ ਲਗ ਪਏ ਤਾਂ ਕੰਮ ਨਹੀਂ ਚਲਣਾ । ਤੁਸਾਂ ਹੀ ਜਵਾਬ ਦੇਣਾ ਹੈ, ਤੁਸੀਂ ਸਾਰੀਆਂ ਗਲਾਂ ਦਾ ਇਕੱਠਾ ਜਵਾਬ ਦੇ ਦੇਣਾ । (If the hon. Revenue Minister wants clarification on every point then the proceedings cannot go on smoothly. Since he is to reply to debate he may cover all the points at that time.)

कंवर राम पाल सिंह: जैसा कि मेंजर साहिब ने पूछा, मैं समझता हुं कि खुराक का मसला भी हमारे सामने है और फारेन ऐक्सचेंज का मसला भी हमारे सामने है । दोनों ही बड़े अहम मसले हैं । दोनों मसले बराबर की अहमियत रखते है । डिप्टी स्पीकर साहिबा, जिस तरह की हालत आज देश मे चल रही है । उस सम्बन्ध में मै एक अमरीकन स्टेटसमैन के विचार आप के सामने रखना चाहता हूं । मिस्टर वैन्डाल विल्की (Wendall Walkie) ने रूस को विज़िट किया और फिर अमरीका वापिस आया तो उस ने कहा था:

> "Russian Farms have defeated the Nazi Armies.
>
> He meant that where the Russian Farms produced grain for the nation, they also contributed healthy soldiers to the Russian Army, who ultimately succeeded in beating back the German invasion."

इन शब्दों की तरफ आप का ध्यान दिलोते हुए मैं इस बात पर ज़ोर देना चाहता हूं कि आज हमारें देश के अन्दर फ्रन्ट के ऊपर जो नौजवान लड़ रहे हैं, जो देश की रक्षा के लिए हर कुरबानी करने को तैयार बैठे हैं, उन में मैजारिटी ऐसे नौजवानों की है जो देहातों के अन्दर फारमर और किसान तबका से सम्बन्ध रखते हैं । आज आप को फ्रन्ट पर 99 फी सदी किसान का ही बेटा मिलेगा। अगर फांरमर्ज़ को इन्सैन्टिव न दिया गया, किसानों कि हालत को मज़बूत न किया गया और अगर उन के पास अपने बाल बच्चों को पालनें की कैपेसिटी ही न रहने दी तो किस तरह से आप इस बात की उम्मीद कर सकते हैं कि वह अपने बच्चों को पाल पोस कर इस कदर बहादुर और जवान बना दे कि वह देश की रक्षा

[कंवर राम पाल सिंह]

के लिए फौज में जा सके ? तो मुझे समझ नहीं आती कि इस तरह की लैजिस्लेशन से कैसे "जय जवान जय किसान" का नारा जो कि हमें अपनें प्रधान मन्त्री जी ने दिया है, कामयाब होगा । (घंटी)

Deputy Speaker : Kindly wind up.

कंवर राम पाल सिंह : तो, डिप्टी स्पीकर साहिबा, मैं समझता हूं कि अगर इस वक्त जमींदार की मदद न की गई तो आप ही अन्दाज़ा लगाएं कि देश के साथ क्या गुज़रेगी । इस देश की क्या हालत होगी जिस की 80 फी सदी आबादी गांव से ताल्लुक रखने वाली है ? (घंटी)

मैं सिर्फ दो तीन ज़रूरी बातों का ही जिक्र करना चाहता हूं । पूछेंगे कि उन को क्या इन्सैन्टिव दिए जाएं । ठीक बात है, बड़ा माकूल सवाल है । मैं इस सम्बन्ध में यही कहूंगा कि आप को सब से पहले टैक्स-पेयर की कैपेसिटी को जज करना चाहिए । आप को देखना चाहिए कि इस वक्त टैक्स-पेअर की कैपेसिटी क्या है । आप देखें कि हर सैशन में इस बात को उठाया जाता है कि ज़मींदार को ज़ोनल सिस्टम ने तबाह कर दिया है । उस को हटाया जाए ताकि वह अनाज को अच्छे भाव पर बेच कर इतनी कैपेसिटी पैदा कर सके कि आप के इन टैक्सों के देने के लायक बन पाए । लेकिन गवर्नमैंट इस तरफ ध्यान नहीं देती । एक तरफ उन को अपनी प्रोडयूस की पूरी आमदनी हासिल करने की इज़ाजत नहीं दी जाती और दूसरी तरफ उन को कहा जाता है कि ज्यादा पैदा करो और इस के साथ ही साथ तीसरें टैक्स पर टैक्स लगा कर दबाया जाता है । आखिर किसी चीज़ की कोई हद होती है । वह इस कदर टैक्स कैसे दे सकते हैं जब कि उन को उन की प्रोड्यूस की इतनी आमदनी ही नहीं होती कि वह अपना गुजारा कर सकें और टैक्स दें सकें । उन की अब टैक्स अदा करने की कैपेसिटी ही नहीं रही ।

इस के साथ ही साथ दूसरी तरफ क्या होता है ? मिल मालिकों की क्या हालत है ? किसानों को तो कोई इन्सैन्टिव नहीं दिया जाता मगर जो बड़े बड़े मिल ओनर्ज़ हैं उन को बड़े बड़े इन्सैन्टिव दिए जाते हैं । अभी पिछले दिनों बिल आया कि जो मिल वाले अपनी चीनी को बाहर भेजते हैं, ऐक्सपोर्ट करते हैं उन को उस पर टैक्स की छूट देनी है । वह बिल पास किया गया । उन को टैक्स की छूट दी गई ।

उपाध्यक्षा : अब आप वाइंड अप करें । दूसरों ने भी बोलना है । (The hon. Member may now wind up. Others are also to participate in the discussion.)

कंवर राम पाल सिंह : डिप्टी स्पीकर साहिबा, मैं सिर्फ तीन-चार मिन्ट और लूंगा और इस के बाद इस बिल पर नहीं बोलूंगा । सिर्फ इसी फस्ट रीडिंग पर ही बोलूंगा । हां तो में आप को बता रहा था कि बड़े-बड़े मिल मालिकों को किस तरह से रिलीफ दी जाती है और गरीब किसानों को बिल्कुल नजर अन्दाज़ किया जाता है । पिछले सैशन में चौबीस लाख रुपए की ऐक्स ग्रेशिया ग्रांट श्री डी. डी. पुरी को दी गई थी । उस के लिए रीजन क्या दिए गए थे ? यह कहा गया कि गन्ने का जूस कम हो गया था और उन को इस तरह से जो घाटा हुआ उस घाटे को मेक अप करने के लिए उन को चौबीस लाख रुपए की ऐक्स ग्रेशिया ग्रांट दी गई । मैं यह पूछता हूं कि जब किसानों का इस तरह कोई नुकसान हो जाता है तो क्या आप उनको भी इस तरह से कोई ऐक्स ग्रेशिया ग्रांट देते हैं ? उन का तो सिर्फ मामला ही मुआफ किया जाता है और उस की भी बाकायदा तौर पर असैस्मैंट होती है, परसैंटेज निकाली जाती है । अगर फिक्स्ड परसैंटेज नहीं बनती तो वह भी मुआफ नहीं किया जाता । में समझ नहीं पाया की इस सम्बन्ध में गवर्नमैंट की क्या पालिसी है ? क्या वह यही चाहते हैं कि जो कल्टीवेटर तबका है, जो आप को ज़िन्दा रखने के लिए खुराक पैदा कर के देता है उसे बिल्कुल खत्म ही कर दिया जाए ?

(आपोजीशन की तरफ से प्रशंसा)

बजाय इस के कि आप उन को कोई इन्सैन्टिव दें उन पर टैक्स लगाए जाते हैं । एक तरफ तो, जैसा कि मैंने अभी अभी श्री डी. डी. पुरी वाली बात बताई, गन्ने का जूस कम हो जाने पर उन के घाटे को पूरा किया जाता है और दूसरी तरफ किसानों की क्या मदद की जाती है उस की मिसाल मैं आप को बताता हूं । मैं तो आप को करनाल की बाबत ही बता सकता हूं । बाकी ज़िलों में भी इसी तरह की हालत है या नहीं इस की बाबत में नहीं कह सकता । करनाल में तो यह हालत है कि गन्दम और चने की फसलों को सोइन्ग सीज़न में इस तरह का कीड़ा लग जाता है कि वह पैदा होते ही खत्म हो जाती है । जमींदार की हालत यह है कि उसे बीज नहीं मिलता । महंगे भाव पर बीज मिलता है । और उसे वह महंगा बीज लेकर दो-दो और कई बार तीन-तीन दफा उसी फसल के लिए बीजना पड़ता है । लेकिन इस बारे में गवर्नमैंट ने कोई स्टैप नहीं लिया कि उन को कोई किसी किसम की यह सबसिडी देती या उन कीड़ों को मारने का कोई इंतजाम करती लेकिन इस के बावजूद इस का नारा यह है कि ज्यादा से ज्यादा अनाज पैदा करो । इस की यह बात मुझे तो समझ में नहीं आती ।

फिर, डिप्टी स्पीकर साहिबा, मैं कुछ सीलिंग के बारे में ज़रूर कुछ कहूंगा । इस ने छुटते ही यह किया कि किसानों की ज़मीनों पर सीलिंग लगा दी । मुझे इस बात में कोई इतराज़ नहीं है कि इकोनामीकल होल्डिंग सब के पास होनी चाहिए लेकिन जांचने की बात यह है कि क्या एक ही तबका पर यह

[कंवर राम पाल सिंह]

सीलिंग लागू होनी चाहिए। कोई गलत न समझे, मेरा मतलब सिर्फ किसानों से ही है ताकि कोई गलत न समझ ले। किसानों की होल्डिंग पर ज़रूर सीलिंग लगाई जाए। इस बारे में प्लेनिंग कमीशन की जो रिपोर्ट है, जो कि ट्रीब्यून अखबार में मैंने पढ़ी थी उस में कमीशन नें यह कहा था की फरेगमेंटेशन आफ होल्डिंगज़ जो हो रही है इस से प्रोडक्शन को खास धक्का पहुंच रहा है। आज के ट्रीब्यून अखबार में मैंने पढ़ा है कि हिमाचल प्रदेश के चीफ मिनिस्टर श्री प्रमार ने कहा है कि अगर फरैगमेंटेशन आफ होल्डिंग्ज़ को न रोका गया तो जो हम प्रोडकशन को बढ़ानें का नारा देते हैं वह कभी भी बढ़ नहीं सकेगी। अगर यह सरकार किसान की होल्डिगज़ पर सीलिंग लगाती है तो इसे दूसरों पर भी सीलिंग लगानी चाहिए। यह नहीं होना चाहिए कि एक के साथ तो सौतीली मां वाला सलूक किया जाए और दूसरे तबका को उस के राईट से भी ज्यादा हिस्सा दे दिया जाए; यह ठीक न होगा। इस से हर सूझ बूझ रखने वाले इन्सान के मन में यह बात पैदा होगी कि जब किसान की होल्डिंग पर सीलिंग लगाई जा रही है तो इंडस्ट्री पर सीलिंग क्यों न लगाई जाए ? इसी तरह से व्योपारियों की दौलत पर क्यों सीलिंग न लगाई जाए ? इसी तरह से कैपिटीलिस्टस की इनकम पर क्यों सीलिंग न लगाई जाए और अर्बन प्रापर्टी पर सीलिंग क्यों न हो ? क्या वहां पर इकोनामिक होल्डिग का ख्याल नहीं है ? क्या उन की भी इकोनामिक होल्डिंग को देखा गया है ? उन लोगों की इकोनामिक होल्डिग का ख्याल तो आया है और उन की होल्डिग पर इन्हों ने सीलिंग लगा दी है जिन के पास न तो अपने जीवन को कायम रखने के लिए पूरे साधन ही हैं, जिन के बच्चों की एजूकेशन का पूरा इंतज़ाम नहीं और जिन को और किसी किस्म की सहूलतें नहीं मिलतीं। अभी एक स्टेटमैंट यहां आई थी जिस से पता चलता था कि जो स्कूल शहरों में खोले जाएंगे उन की बिल्डिंग्ज़ पर 50 फी सदी रुपया तो सरकार लगाएगी और 50 फी सदी वहां की जनता को लगाना होगा लेकिन देहात के स्कूलों के लिए बिलकुल और ही बात रखी हुई है। वहां तो अगर देहात के लोग स्कूल की बिल्डिग बनवा कर दें और साथ ही कई हज़ार रुपया दें तब जा कर स्कूल खोला जाता है या किसी स्कूल को अपग्रेड किया जाता है। तो मैं पूछना चाहता हूं कि क्या उन लोगों के साथ यही इनसाफ हो रहा हैं। फिर इस बिल के लगाए जाने के लिए यह रीज़न दिया गया है कि नैक्स्ट प्लान के लिए पैसे चाहिएं। लेकिन देखने वाली बात यह है कि जिन लोगों से पैसे लिए जाते हैं उन के लिए तो प्लान में कोई योजना होती नहीं और होती भी है तो उसको इम्पलीमैंट नहीं किया जाता। अगर प्रैक्टीकल तौर पर जो होता है उस को ध्यान से देखा जाए तो पता लगता है कि यह प्लानिंग जो होती है यह देहात के गरीब लोगों के लिए नहीं की जाती। अगर इस में किसी अर्बन एरिया के लिए स्कूल की प्रोवीज़न होती है तो उस की बिल्डिंग

भी बन जाती है और उस के लिए स्टाफ भी प्रोवाइड हो जाता है लेकिन अगर किसी देहात के लिए कोई स्कूल प्रोवाइड हो तो उस के लिए कुछ नहीं किया जाता। इस की वजह यह है कि देहात के गरीब लोगों का न तो कोई प्रेस ही है और न ही कोई प्लेटफार्म ही होता है। वह तो एक ऐसी कलास है जिस के बारे में जस्टिस गुरनाम सिंह जी ने ठीक ही कहा है कि वह तो गूंगों की कलास है। यह एक फेंसी कलास है जिस को मार भी दिया जाए तो वह उफ नहीं करेगी। और जब तक वह एक बार मर नहीं जाएगी उस वक्त तक यह ऊपर उठ भी नहीं सकेगी। इस लिए मैं गवर्नमैंट से अपील करूंगा कि वह इस कलास पर रहम करें और इस बिल को अगले सैशन तक मुलतवी कर दे। तब तक हम इस बारे में स्टडी भी कर लेंगे कि आया किसान इस टैकस को दे भी सकते हैं या नहीं दे सकते।

ਸਰਦਾਰ ਕਰਮ ਸਿੰਘ ਕਿਰਤੀ : (ਜਾਲੰਧਰ ਛਾਉਣੀ) ਡਿਪਟੀ ਸਪੀਕਰ ਸਾਹਿਬਾ, ਅਜ ਜਿਹੜਾ ਇਹ ਬਿਲ ਮੇਜਰ ਸਾਹਬ ਨੇ ਇਥੇ ਪੇਸ਼ ਕੀਤਾ ਹੈ, ਅਜ ਤੋਂ ਤਿੰਨ ਸਾਲ ਪਹਿਲੇ ਇਨ੍ਹਾਂ ਹੀ ਮੈਂਬਰਾਂ ਦੇ ਸਾਹਮਣੇ ਇਕ ਇਹੋ ਜਿਹਾ ਬਿਲ ਪੇਸ਼ ਕੀਤਾ ਗਿਆ ਸੀ ਔਰ ਇਨ੍ਹਾਂ ਨੇ ਪਾਸ ਕੀਤਾ ਸੀ ਲੇਕਿਨ ਉਸ ਦੇ ਬਾਦ ਉਸ ਬਿਲ ਦੇ ਖਿਲਾਫ ਬੋਲਣ ਵਾਲੇ ਮੈਂਬਰਾਂ ਨੇ ਉਨ੍ਹਾਂ ਤਿੰਨਾਂ ਸਾਲਾਂ ਵਿਚ ਜਦੋਂ ਕਿ ਉਹ ਐਕਟ ਲਾਗੂ ਰਿਹਾ, ਨਾ ਤਾਂ ਇਸ ਦੇ ਖਿਲਾਫ ਕੋਈ ਭੁਖ-ਹੜਤਾਲ ਕੀਤੀ, ਨਾ ਕੋਈ ਜਲਸੇ ਕੀਤੇ ਔਰ ਨਾ ਹੀ ਕੋਈ ਜਲੂਸ ਕਢੇ ਔਰ ਨਾ ਹੀ ਉਨ੍ਹਾਂ ਨੇ ਇਥੋਂ ਬਾਹਰ ਜਾ ਕੇ ਕੋਈ ਇਸ ਦੇ ਖਿਲਾਫ ਲੋਕਾਂ ਵਿਚ ਲੈਕਚਰ ਹੀ ਕੀਤਾ। ਕਿਸੇ ਨੇ ਵੀ ਇਸ ਇਸ਼ੂ ਨੂੰ ਬਾਹਰ ਜਾ ਕੇ ਟੇਕ ਅਪ ਨਹੀਂ ਸੀ ਕੀਤਾ। ਔਰ ਇਹ ਹੀ ਵਜ੍ਹਾ ਹੈ ਕਿ ਅਜ ਫਿਰ ਇਹ ਬਿਲ ਪੰਜਾਂ ਸਾਲਾਂ ਲਈ ਐਕਸਟੈਨਸ਼ਨ ਲਈ ਆ ਗਿਆ ਹੈ। ਅਜ ਵੀ ਉਹ ਇਸ ਦੇ ਖਿਲਾਫ ਤਕਰੀਰਾਂ ਕਰਦੇ ਚਲੇ ਜਾਣਗੇ ਔਰ ਇਸ ਤੋਂ ਅਗੇ ਕਈ ਹੋਰ ਕਦਮ ਨਹੀਂ ਉਠਾਣਗੇ। ਇਸ ਤੋਂ ਮੈਂ ਸਮਝਦਾ ਹਾਂ ਕਿ ਇਹ ਸਨਸੀਅਰ ਨਹੀਂ ਹਨ ਔਰ ਇਥੇ ਖਾਲੀ ਤਕਰੀਰਾਂ ਹੀ ਕਰਣ ਜਾਣਦੇ ਹਨ ਔਰ ਤਕਰੀਰਾਂ ਕਰ ਕੇ ਚਲੇ ਜਾਂਦੇ ਹਨ।

उपाध्यक्षा : सरदार करम सिंह जी, ज़रा वक्त का भी ख्याल रखो। जो बिजनेस एडवाजरी कमेटी की रिपोर्ट आई हुई है उस के मुताबिक इस बिल पर 22 और 23 तारीख को बहस चलनी है और कल इस बिल को पास करना है और अगर ज़रूरत पड़ी तो इस के लिए कल नान-स्टाप सिटिंग-करनी होगी। इस लिए आप जल्दी जल्दी खतम करें। (The hon. Member Sardar Karam Singh Kirti may please keep the time also in view. According to the Report of the Business Advisory Committee this Bill is to be discussed on the 22nd and 23rd instant and it is to be passed tomorrow. If need be there may be a non-stop sitting tomorrow for the purpose. So he should finish his speech soon.)

चौधरी राम सरूप : डिप्टी स्पीकर साहिबा, इस बारे में मैं यह अर्ज़ करनी चाहता हूं कि इस सिलसले में बिजनेस एडवाईज़री कमेटी की मीटिंग कोई पांच

[चौधरी राम सरूप]

दफा हुई है और हर बार उस ने अपना पहला फैसला बदला है और यह उस ने हाउस की राए को देख कर किया है। हाउस की राए यह है कि हम इस बिल पर खुले तौर पर बोलना चाहते हैं और जब हम इस पर बोलने लगते हैं तो आप हम को बीच में टोकती रहती हैं यह बड़े अफसोस की बात है....

उपाध्यक्षा : मैं यह बात तो नहीं कह रही कि कल को जरूर खतम हो। मैं तो इस बारे में हाउस की राए जानना चाहती हूं। (I am not saying that this Bill must be passed tomorrow. I want to know the sense of the House in this behalf.)

चौधरी राम सरूप : यह सवाल नहीं है। सवाल तो यह है कि इस हाउस के हरेक मैम्बर को यह हक हासल है कि वह किसी बिल पर अपनी राए का खुले तौर पर इज़हार कर सकता है। डिप्टी स्पीकर साहिबा, यह एक तो टैक्सेशन का बिल है और दूसरी बात यह है कि यह बिल देहात के गरीब किसानों के साथ ताल्लुक रखता है। अगर आप हमें इस पर बोलने से टोकेंगी तो आप एक बहुत बड़ी ज्यादती करेंगी—

उपाध्यक्षा : मेरा तो फर्ज़ यह है कि हाउस के सामने बिज़नेस एडवाईज़री कमेटी का जो डिसियन हो रखूं इस बारे में जो हाउस की राए हो वही जानने के लिए मैं यह कह रही हूं। (My duty is to place the decision of the Business Advisory Committee before the House. I am saying this to know the sense of the House.)

चौधरी राम सरूप : डिप्टी स्पीकर साहिबा, आप जब रूस गई हुई थीं हमारा यह ख्याल था कि आप बाहर के हालात को देख कर कुछ न कुछ नर्म हो कर आएंगी लेकिन आप तो वैसी की वैसी ही रही हैं। मुझे अफसोस से यह बात कहनी पड़ती है कि जिस वक्त आप रूस गई हुई थीं तो उस वक्त उन्होंने बिलों पर मैम्बर साहिबान को बोलने की खुली छुट्टी दे रखी थी और उन्हों ने किसी के साथ ज़िद नहीं की और इस तरह से पांच दफा उन्होंने बिज़नेस एडवाईजरी कमेटी की राए जानने के लिए मजबूर किया और उन्हों ने इस बारे में एक बार भी एतराज़ नहीं किया। फिर यह बिल तो ज़मींदारों के साथ सम्बंध रखता है और आप हमें कैद कर के, मजबूर कर के बोलने की इजाजत न दे कर यह बिल पास कराना चाहती हैं। यह डेमोक्रेसी के असूलों के खिलाफ है। यह सरासर गलत चीज़ हो रही है। हम ने कभी आप को डिसअप्रोव नहीं किया लेकिन हमारे बार बार आप से रिक्वेस्ट करने के बाद भी आप के दिल में जमींदारों के लिए रहम नहीं आ रहा। सब से ज्यादा अफसोस तो इस बात पर है कि अगर आप ने इस बिल को ज़रूर पास कराना है तो—

उपाध्यक्षा : चौधरी राम सरूप जी, आप इतने पुराने पालीयामेंटेरियन हैं और मेरी बात को समझ नहीं रहे। मैं तो यही पूछ रही हूं कि बिजनेस एडवाईज़री कमेटी ने जो रिपोर्ट की थी वह यह थी कि कल तक इस बिल को पास करना है। (The hon. Member Chaudhri Ram Sarup is an old Parliamentarian but he is not understanding what I say. I am asking that according to the Report of the Business Advisory Committee this Bill is to be passed by tomorrow.)

चौधरी राम सरूप : पर बिज़नेस एडवाईज़री कमेटी ने बोलने वालों पर कोई टाईम लिमिट नहीं लगाई हुई और यह नहीं कहा हुआ कि अगर कोई मैम्बर बोल रहा हो तो आप घंटी बजाती रहें।

उपाध्यक्षा : मैं हाउस की इस बेतरतीबी को देखते हुए इसे 15 मिन्ट के लिए एक्सटेण्ड करती हूं और इस बारे में इस की राए जानना चाहती हूं। (Keeping in view this disorder in the House, I extend the sitting by 15 minutes and I want to know the sense of the House in this regard.)

ਸਰਦਾਰ ਕੁਲਬੀਰ ਸਿੰਘ : ਡਿਪਟੀ ਸਪੀਕਰ ਸਾਹਿਬਾ, ਹਾਊਸ ਦੇ ਦੋਵੇਂ ਤਰਫ ਦੇ ਮੈਂਬਰਾਂ ਨੇ ਜਿਨ੍ਹਾਂ ਸੈਂਟੀਮੈਂਟਸ ਦਾ ਇਜ਼ਹਾਰ ਕੀਤਾ ਹੈ, ਉਨ੍ਹਾਂ ਦੇ ਪੇਸ਼ੇਨਜ਼ਰ ਇਹ ਬੜਾ ਜ਼ਰੂਰੀ ਹੈ ਕਿ ਸਭ ਨੂੰ ਖੁਲ੍ਹ ਦਿੱਤੀ ਜਾਵੇ ਕਿ ਉਹ ਪੂਰੀ ਤਰ੍ਹਾਂ ਇਸ ਬਿਲ ਤੇ ਆਪਣੇ ਵਿਚਾਰ ਪੇਸ਼ ਕਰ ਸਕਣ। ਹਾਊਸ ਦੀ ਇਹ ਸੈਂਸ ਹੈ ਕਿ ਜਿਸ ਤਰ੍ਹਾਂ ਦੂਸਰੇ ਟੈਕਸ ਬਾਰੇ ਸਭ ਨੂੰ ਬੋਲਣ ਦਾ ਮੌਕਾ ਦਿੱਤਾ ਗਿਆ ਸੀ ਇਸ ਤਰ੍ਹਾਂ ਇਸ ਟੈਕਸ ਬਿਲ ਤੇ ਭੀ ਖੁਲ੍ਹ ਹੋਣੀ ਚਾਹੀਦੀ ਹੈ ਤਾਂ ਜੋ ਉਹ ਲੋਗ ਜੋ ਇਥੇ ਦਿਹਾਤੀਆਂ ਨੂੰ ਰੈਪਰੇਜ਼ੈਂਟ ਕਰਦੇ ਹਨ ਉਨ੍ਹਾਂ ਦੇ ਵਿਚਾਰ ਦਸ ਸਕਣ......

ਡਿਪਟੀ ਸਪੀਕਰ : ਤੁਸੀਂ ਪੁਆਇੰਟ ਨਹੀਂ ਕੈਚ ਕੀਤਾ। ਸਵਾਲ ਇਹ ਹੈ ਕਿ ਕਲ੍ਹ ਹਾਊਸ ਨਾਨ-ਸਟਾਪ ਚਲਣਾ ਹੈ ਜਾਂ ਨਹੀਂ। (ਵਿਘਨ) (The hon. Member has not grasped the point. The question is whether the sitting to be held tomorrow is to proceed non-stop or not.)

ਟ੍ਰਾਂਸਪੋਰਟ ਅਤੇ ਚੋਣ ਮੰਤ੍ਰੀ : ਡਿਪਟੀ ਸਪੀਕਰ ਸਾਹਿਬਾ, ਤੁਹਾਨੂੰ ਯਾਦ ਹੋਵੇਗਾ ਕਿ ਹਾਊਸ ਨੇ ਪਿਛਲੇ ਬੁਧਵਾਰ ਤਕ ਬਿਜ਼ਨੈਸ ਖਤਮ ਕਰਨੀ ਸੀ। ਉਸ ਤੋਂ ਬਾਅਦ ਫਿਰ ਐਕਸਟੈਨਸ਼ਨ ਹੋਈ ਅਤੇ ਫਿਰ ਆਖਿਰ ਇਹ ਫੈਸਲਾ ਹੋਇਆ ਕਿ 22 ਅਤੇ 23 ਤਰੀਕ ਦੇ ਦਿਨ ਹੋਰ ਦਿਉ। ਇਹ ਫੈਸਲਾ ਬਿਜ਼ਨੈਸ ਐਡਵਿਜ਼ਰੀ ਕਮੇਟੀ ਦਾ ਸੀ। ਸਰਕਾਰ ਨੇ ਕੋਈ ਇਤਰਾਜ਼ ਨਹੀਂ ਕੀਤਾ, ਉਸ ਨੂੰ ਮੰਨਿਆ। ਤੁਸੀਂ ਇਥੇ ਰਿਪੋਰਟ ਲਿਆਂਦੀ ਅਤੇ ਉਹ ਐਪਰੂਵ ਹੋ ਗਈ। ਇਸ ਤਰ੍ਹਾਂ ਬਾਰ ਬਾਰ ਰੀਲੈਕਸ ਕਰਦੇ ਆ ਰਹੇ ਹਾਂ। ਪਰ ਕਿਤੇ ਤਾਂ ਆਖਿਰ ਖੜੇ ਹੋਣਾ ਚਾਹੀਦਾ ਹੈ। ਜਿਵੇਂ ਉਸ ਦਿਨ ਫੈਸਲਾ ਹੋਇਆ ਸੀ ਉਸ ਮੁਤਾਬਿਕ ਜਦੋਂ ਸਿਨੇਡਾਈ ਅਡਜਰਨਮੈਂਟ ਦੀ ਮੋਸ਼ਨ ਆਵੇਗੀ ਤਾਂ ਤੁਸੀਂ ਜੋ ਮਰਜ਼ੀ ਫੈਸਲਾ ਕਰ ਲੈਣਾ। ਅਗਰ ਇਤਨੀ ਬਾਰ ਲੈਟੀਚਯੂਡ ਦੇਣ ਦੇ ਬਾਵਜੂਦ ਕਲ ਵੀ ਬਿਜ਼ਨੈਸ ਖਤਮ ਨਾ ਹੋਵੇ ਤਾਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਕੋਈ ਮਾਅਨੇ ਨਹੀਂ ਰਖਦੀ। ਇਕ ਚੀਜ਼ ਹਾਊਸ ਐਪਰੂਵ ਕਰੇ ਅਤੇ ਫਿਰ ਉਸ ਤੇ ਅਮਲ ਨਾ ਕਰੇ ਤਾਂ ਇਹ ਠੀਕ ਨਹੀਂ ਹੋਵੇਗਾ।

ਸਰਦਾਰ ਗੁਰਚਰਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਮੈਨੂੰ ਦੋਬਾਰਾ ਉਸੇ ਪੁਆਇੰਟ ਤੇ ਖੜਾ ਹੋਣਾ ਪਿਆ ਹੈ। ਇਹ ਬੜਾ ਇੰਪਾਰਟੈਂਟ ਬਿਲ ਹੈ ਅਤੇ ਇਸ ਤੇ ਬੋਲਣ ਦਾ ਸਭ ਦਾ ਫਰਜ਼ ਬਣਦਾ ਹੈ। ਅਗਰ ਕੋਈ ਮੈਂਬਰ ਇਰ ਰੈਲੇਵੈਂਟ ਬੋਲਦਾ ਹੈ ਤਾਂ ਤੁਸੀਂ ਉਸ ਨੂੰ ਆਰਡਰ ਦੇ ਕੇ ਬਿਠਾ ਦਿਉ ... .

ਡਿਪਟੀ ਸਪੀਕਰ : ਸਵਾਲ ਇਹ ਹੈ ਕਿ ਹਾਊਸ ਨਾਨ-ਸਟਾਪ ਚਲਣਾ ਚਾਹੀਦਾ ਹੈ ਕਿ ਨਹੀਂ ? (The question is whether the House should sit non-stop or not.)

ਸਰਦਾਰ ਗੁਰਚਰਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਇਕ ਵਾਰੀ ਮੈਨੂੰ ਸਰਦਾਰ ਗੁਰਨਾਮ ਸਿੰਘ ਹੋਰਾਂ ਦੀ ਥਾਂ ਬਿਜ਼ਨੈਸ ਐਡਵਿਜ਼ਰੀ ਕਮੇਟੀ ਵਿਚ ਜਾਣ ਦਾ ਮੌਕਾ ਮਿਲਿਆ ਸੀ ਜਦੋਂ ਕਿ ਸੇਲਜ਼ ਟੈਕਸ ਬਿਲ ਤੇ ਬਹਿਸ ਚਲ ਰਹੀ ਸੀ। ਚਾਰ ਪੰਜ ਦਫਾ ਮੀਟਿੰਗਜ਼ ਹੋਈਆਂ ਕਿਉਂਕਿ ਉਸ ਬਿਲ ਦੀ ਆਪੋਜ਼ੀਸ਼ਨ ਹੋ ਰਹੀ ਸੀ। ਜਿਥੇ ਦੋ ਦਿਨ ਰਖੇ ਗਏ ਸਨ ਉਥੇ ਉਹ 7-8 ਦਿਨ ਚਲਿਆ ਸੀ। ਇਹ ਬਿਲ ਵੀ ਘੱਟ ਜ਼ਰੂਰੀ ਨਹੀਂ ਹੈ। ਅਸੀਂ ਚਾਹੁੰਦੇ ਹਾਂ ਕਿ ਇਸ ਤੇ 3-4 ਦਿਨ ਬਹਿਸ ਹੋਵੇ। ਕੋਈ ਕੈਦ ਨਹੀਂ ਹੋਣੀ ਚਾਹੀਦੀ। ਅਸੀਂ ਸੀ. ਏ. ਜਾਂ ਡੀ. ਏ. ਲੈਣ ਲਈ ਨਹੀਂ ਕਹਿ ਰਹੇ ਸਗੋਂ ਅਸੀਂ ਚਾਹੁੰਦੇ ਹਾਂ ਕਿ ਇਹ ਬਿਲ ਇਕ ਦਮ ਜਲਦੀ ਵਿਚ ਨਾ ਪਾਸ ਕੀਤਾ ਜਾਵੇ। ਅਸੀਂ ਸੀ. ਏ. ਅਤੇ ਡੀ. ਏ ਵੀ ਛਡਣ ਲਈ ਤਿਆਰ ਹਾਂ। ਅਸੀਂ ਸਭ ਕੁਝ ਛਡ ਸਕਦੇ ਹਾਂ ਪਰ ਇਸ ਤੇ ਵਿਚਾਰ ਪੂਰੀ ਹੋਣੀ ਚਾਹੀਦੀ ਹੈ।

(ਤਾੜੀਆਂ)

ਸਰਦਾਰ ਗੁਰਦਰਸ਼ਨ ਸਿੰਘ (ਨਾਭਾ) **:** ਡਿਪਟੀ ਸਪੀਕਰ ਸਾਹਿਬਾ, ਤੁਸੀਂ ਜਿਸ ਬਿਜ਼ਨੈਸ ਐਡਵਿਜ਼ਰੀ ਕਮੇਟੀ ਦੀ ਰਿਪੋਰਟ ਦਾ ਜ਼ਿਕਰ ਕੀਤਾ ਹੈ, ਮੈਂ ਇਸ ਦਾ ਇਹਤਰਾਮ ਕਰਦਾ ਹਾਂ। ਜੇ ਬਿਜ਼ਨੈਸ ਐਡਵਿਜ਼ਰੀ ਕਮੇਟੀ ਦੀ ਹਰ ਰਿਪੋਰਟ ਐਕਸੈਪਟ ਕੀਤੀ ਜਾਂਦੀ ਅਤੇ ਹਾਊਸ ਉਸ ਅਨੁਸਾਰ ਚਲਿਆ ਹੁੰਦਾ ਤਾਂ ਮੈਂ ਇਤਰਾਜ਼ ਨਾ ਕਰਦਾ। ਤੁਸੀਂ ਦੇਖਿਆ ਕਿ ਸਰਕਾਰ ਜੋ ਸੇਲਜ਼ ਟੈਕਸ ਦਾ ਬਿਲ ਲਿਆਈ ਸੀ ਉਸ ਤੇ ਬਹਿਸ ਹੋਈ ਅਤੇ ਬਹੁਤ ਸਾਰੀਆਂ ਅਮੈਂਡਮੈਂਟਸ ਉਸ ਵਿਚ ਮੰਨੀਆਂ ਗਈਆਂ ਭਾਵੇਂ ਉਸ ਨੂੰ ਪਾਸ ਕਰਨ ਵਿਚ 6-7 ਦਿਨ ਦੀ ਦੇਰ ਹੀ ਹੋਈ। ਹੁਣ ਜੋ ਬਿਲ ਸਾਡੇ ਸਾਹਮਣੇ ਹੈ ਇਹ ਵੀ ਬਹੁਤ ਇੰਪਾਰਟੈਂਟ ਹੈ ਅਤੇ ਜ਼ਿਮੀਂਦਾਰਾਂ ਨਾਲ ਤਅੱਲੁਕ ਰਖਦਾ ਹੈ। ਇਸ ਤੇ ਬਹਿਸ ਲਈ ਵੀ ਪੂਰਾ ਵਕਤ ਮਿਲਣਾ ਚਾਹੀਦਾ ਹੈ। ਅਸੀਂ ਨਾਨ-ਸਟਾਪ ਸਿਟਿੰਗ ਲਈ ਬਿਲਕੁਲ ਤਿਆਰ ਨਹੀਂ ਹਾਂ। ਜੋ ਬਿਜ਼ਨੈਸ ਐਡਵਿਜ਼ਰੀ ਕਮੇਟੀ ਦੀ ਰਿਪੋਰਟ ਹੈ ਉਸ ਵਿਚ ਹਾਊਸ ਨੂੰ ਨਾਨ-ਸਟਾਪ ਚਲਾਉਣ ਦਾ ਜ਼ਿਕਰ ਨਹੀਂ ਹੈ। ਰਿਪੋਰਟ ਇਹ ਹੈ ਕਿ 23 ਤਰੀਕ ਨੂੰ ਹਾਊਸ ਇਕ ਘੰਟੇ ਲਈ ਐਕਸਟੈਂਡ ਕੀਤਾ ਜਾ ਸਕਦਾ ਹੈ ਅਗਰ ਲੋੜ ਹੋਵੇ। ਸਾਡੇ ਪਾਸ 24 ਤਰੀਕ ਦਾ ਦਿਨ ਖਾਲੀ ਹੈ। ਸੋ ਹਾਊਸ ਨੂੰ ਐਕਸਟੈਂਡ ਕਰ ਸਕਦੇ ਹਾਂ। 24-25 ਨੂੰ ਮੀਟਿੰਗ ਕਰ ਲਈ ਜਾਵੇ। ਵਕਤ ਹਰ ਮੈਂਬਰ ਨੂੰ ਮਿਲਣਾ ਚਾਹੀਦਾ ਹੈ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਰੋਪੜ) **:** ਡਿਪਟੀ ਸਪੀਕਰ ਸਾਹਿਬਾ, ਇਹ ਜੋ ਬਿਲ ਹੈ ਇਹ ਪੰਜਾਬ ਦੇ ਇਕ ਬਹੁਤ ਵਡੇ ਤਬਕੇ ਨਾਲ ਤਅੱਲੁਕ ਰਖਦਾ ਹੈ। ਇਸ ਤੇ ਬਹਿਸ ਪੂਰੀ ਤਰ੍ਹਾਂ ਖੁਲ੍ਹ ਕੇ ਹੋਣੀ ਚਾਹੀਦੀ ਹੈ ਪਰ ਨਾਨ-ਸਟਾਪ ਸੈਸ਼ਨ ਨਹੀਂ ਹੋਣਾ ਚਾਹੀਦਾ। ਸਗੋਂ ਮੈਂ ਤੁਹਾਨੂੰ

(ਕਾਮਰੇਡ ਸ਼ਮਸ਼ੇਰ ਸਿੰਘ ਜੋਸ਼)

ਵਧਾਈ ਦਿਦਾ ਹਾਂ ਕਿ ਤੁਸੀਂ ਇਸ ਗੱਲ ਦਾ ਝੰਡਾ ਉਠਾਇਆ ਅਤੇ ਇਥੇ ਨਾਨ-ਸਟਾਪ ਸੈਸ਼ਨ ਨਹੀਂ ਹੋਣ ਦਿਤਾ ਵਰਨਾ ਇਹ ਸਰਕਾਰ ਤਾਂ ਚਾਹੁੰਦੀ ਹੈ ਕਿ ਜਿਸ ਤਰ੍ਹਾਂ ਕੈਰੋਂ ਸਰਕਾਰ ਵੇਲੇ ਨਾਨ-ਸਟਾਪ ਸੈਸ਼ਨ ਹੋਇਆ ਕਰਦੇ ਸਨ, ਹੁਣ ਵੀ ਹੁੰਦੇ। ਹੁਣ ਨਾਨ-ਸਟਾਪ ਸੈਸ਼ਨ ਨਹੀਂ ਹੋਣਾ ਚਾਹੀਦਾ ਅਤੇ ਇਸ ਤੇ ਖੁਲ੍ਹ ਕੇ ਬਹਿਸ ਹੋਣੀ ਚਾਹੀਦੀ ਹੈ ।

ਗਿਆਨੀ ਕਰਤਾਰ ਸਿੰਘ (ਦਸੂਆ) : ਡਿਪਟੀ ਸਪੀਕਰ ਸਾਹਿਬਾ, ਇਹ ਜੋ ਤਜ਼ਵੀਜ਼ ਇਥੇ ਆਈ ਹੈ ਮੈਂ ਇਸ ਦਾ ਵਿਰੋਧ ਕਰਨ ਲਈ ਖੜਾ ਹੋਇਆ ਹਾਂ। ਮੇਰੀ ਦਲੀਲ ਇਹ ਹੈ ਕਿ ਜੋ ਬਿਲ ਪਹਿਲਾਂ ਅਸੀਂ ਪਾਸ ਕੀਤਾ ਉਹ ਪੰਜਾਬ ਦੀ ਜ਼ਿਆਦਾ ਤੋਂ ਜ਼ਿਆਦਾ 15 ਲੱਖ ਆਬਾਦੀ ਨਾਲ ਤਅੱਲੁਕ ਰਖਦਾ ਸੀ ਮਗਰ ਇਹ ਬਿਲ ਪੌਣੇ ਦੋ ਕਰੋੜ ਵਸੋਂ ਨਾਲ ਸਬੰਧ ਰਖਦਾ ਹੈ। ਇਸ ਲਈ ਇਸ ਨੂੰ ਪੂਰੀ ਅਹਿਮੀਅਤ ਦਿਤੀ ਜਾਣੀ ਚਾਹੀਦੀ ਹੈ। ਬਾਕੀ ਕੁਝ ਮਿਲੇ ਜਾਂ ਨਾ ਪਰ ਜੋ ਸਾਡੇ ਭਾਈ ਬਾਹਰ ਬੈਠੇ ਹਨ ਉਨ੍ਹਾਂ ਨੂੰ ਇਹ ਤਸੱਲੀ ਤਾਂ ਹੋਵੇ ਕਿ ਜਿਨ੍ਹਾਂ ਬਦਿਆਂ ਨੂੰ ਉਨ੍ਹਾਂ ਨੇ ਆਪਣੇ ਨੁਮਾਇੰਦੇ ਬਣਾ ਕੇ ਅਸੈਂਬਲੀ ਵਿਚ ਬਿਠਾਇਆ ਉਨ੍ਹਾਂ ਨੇ ਇਸ ਸਿਲਸਿਲੇ ਵਿਚ ਪੂਰਾ ਜ਼ੋਰ ਤੇ ਵਾਹ ਲਾਇਆ (ਤਾੜੀਆਂ) ਜੇ ਉਨ੍ਹਾਂ ਨੂੰ ਇੰਨੀ ਤਸੱਲੀ ਵੀ ਨਾ ਹੋਵੇ ਤਾਂ ਬੜੀ ਭੈੜੀ ਗੱਲ ਹੋਵੇਗੀ। ਇਹ ਕਿਹਾ ਜਾਵੇਗਾ ਕਿ ਇਸ ਤੋਂ ਪਹਿਲਾਂ ਜੋ ਸੇਲਜ਼ ਟੈਕਸ ਦਾ ਬਿਲ ਸੀ ਉਸ ਤੇ ਉਨ੍ਹਾਂ ਲੋਕਾਂ ਦੇ ਨੁਮਾਇੰਦਿਆਂ ਨੇ ਪੂਰਾ ਜ਼ੋਰ ਲਾਇਆ ਅਤੇ ਬਹੁਤ ਲੜੇ, ਅਸੈਂਬਲੀ ਦੇ 7 ਦਿਨ ਲਵਾ ਦਿਤੇ। ਇਹ ਬਿਲ ਦਿਹਾਤੀਆਂ ਦਾ ਆਪਣਾ ਹੈ। ਉਨ੍ਹਾਂ ਵਿਚੋਂ ਇਥੇ ਬੜੀ ਗਿਣਤੀ ਮੌਜੂਦ ਹੈ। ਸੋ ਅਗਰ ਉਨ੍ਹਾਂ ਬਾਰੇ ਇਹ ਖਿਆਲ ਜਾਵੇ ਕਿ ਉਨ੍ਹਾਂ ਨੇ ਇਥੇ ਕੁਝ ਕਿਹਾ ਹੀ ਨਹੀਂ ਤਾਂ ਇਹ ਚੰਗੀ ਗੱਲ ਨਹੀਂ ਹੋਵੇਗੀ। ਮੈਂ ਇਹ ਕਹਾਂਗਾ ਕਿ ਇਸ ਸੈਂਸ ਵਿਚ ਭਾਵੇਂ ਨਾਨ-ਸਟਾਪ ਸਿਟਿੰਗ ਕਰ ਦਿਉ ਕਿ ਜਿੰਨੇ ਦਿਨ ਚਾਹੇ ਸੈਸ਼ਨ ਚਲਦਾ ਰਹੇ, ਅਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ਪਰ ਇਹ ਨਹੀਂ ਕਿ ਨਾਨ-ਸਟਾਪ ਦਾ ਇਹ ਭਾਵ ਲਿਆ ਜਾਵੇ ਕਿ ਅਜ ਜਾਂ ਕਲ ਹੀ ਸਾਨੂੰ ਸਰਕਾਰ ਇਹ ਕਹੇ ਕਿ ਲਾਉ ਅੰਗੂਠਾ ਇਸ ਤੇ। ਇਸ ਬਿਲ ਨੂੰ ਚਲਦਾ ਰਖਣਾ ਚਾਹੀਦਾ ਹੈ ਵਰਨਾ ਹੋਰ ਵੀ ਡਿਸਕ੍ਰਿਮੀਨੇਸ਼ਨ ਭਾਸੇਗੀ ਅਤੇ ਇਹ ਅਵਾਜ਼ ਆਏਗੀ ਕਿ ਪੰਜਾਬ ਵਿਧਾਨ ਸਭਾ ਵਿਚ ਕਿਸਾਨਾਂ ਨਾਲ ਡਿਸਕ੍ਰਿਮੀਨੇਸ਼ਨ ਕੀਤੀ ਜਾ ਰਹੀ ਹੈ। ਇਸ ਨੂੰ ਚਲਣਾ ਚਾਹੀਦਾ ਹੈ।

ਜਿਥੇ ਤਕ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦਾ ਸਬੰਧ ਹੈ ਇਸ ਦਾ ਜ਼ਿਕਰ ਕੀਤਾ ਗਿਆ ਹੈ ਪਰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਕੋਈ ਪਾਬੰਦੀ ਇਸ ਹਾਊਸ ਤੇ ਨਹੀਂ। ਇਸ ਬਿਲ ਤੇ ਲੋਕਾਂ ਨੂੰ ਖੁਲ੍ਹ ਕੇ ਬਹਿਸ ਕਰਨ ਦੀ ਆਗਿਆ ਦਿਤੀ ਜਾਣੀ ਚਾਹੀਦੀ ਹੈ। ਬਿਜ਼ਨੈਸ ਐਡ-ਵਾਇਜ਼ਰੀ ਕਮੇਟੀ ਵਲੋਂ ਕੋਈ ਪਾਬੰਦੀ ਨਹੀਂ ਲਗਾਈ ਜਾ ਸਕਦੀ ਅਤੇ ਇਹ ਫੈਸਲਾ ਨਹੀਂ ਕੀਤਾ ਜਾ ਸਕਦਾ ਕਿ ਇਸ ਬਿਲ ਨੂੰ ਅਜ ਹੀ ਖਤਮ ਕਰਨਾ ਹੈ ਅਤੇ ਨਾ ਹੀ ਕੀਤਾ ਗਿਆ ਹੈ। ਬਿਲ ਪਾਸ ਹੋਣਾ ਚਾਹੀਦਾ ਹੈ ਜਦ ਉਸ ਤੇ ਵਿਚਾਰ ਪੂਰੀ ਹੋ ਜਾਵੇ। ਹੋ ਸਕਦਾ ਹੈ ਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਨੇ ਨਸੀਹਤ ਕੀਤੀ ਹੋਵੇ ਕਿ ਇਸ ਤਰ੍ਹਾਂ ਕੀਤਾ ਜਾਵੇ ਪਰ ਬਿਜ਼ਨੈਸ ਐਡ-ਵਾਇਜ਼ਰੀ ਕਮੇਟੀ ਇਸ ਹਾਊਸ ਦੀ ਹਾਕਮ ਨਹੀਂ। ਉਹ ਸੁਜੈਸਟ ਕਰ ਸਕਦੀ ਹੈ। ਠੀਕ ਹੈ ਉਸ ਨੇ ਕੋਈ ਸੁਜੈਸ਼ਨ ਕੀਤੀ ਹੋਵੇਗੀ ਅਤੇ ਇਸ ਹਾਊਸ ਨੇ ਉਸ ਨੂੰ ਐਪਰੂਵ ਕੀਤਾ ਹੋਵੇਗਾ ਪਰ ਇਸ ਵਿਚ ਅਸੀਂ ਦਸ ਵਾਰੀ ਤਬਦੀਲੀ ਕਰ ਸਕਦੇ ਹਾਂ (ਪ੍ਰਸ਼ੰਸਾ) ਇਸ ਲਈ ਅਸਾਨੂੰ ਬਿਜ਼ਨੈਸ ਐਡ-ਵਾਇਜ਼ਰੀ ਕਮੇਟੀ ਦੀ ਪਾਬੰਦੀ ਕਰਨੀ ਜ਼ਰੂਰੀ ਨਹੀਂ। ਮੈਂਬਰਾਂ ਨੂੰ ਖੁਲ੍ਹ ਹੋਣੀ ਚਾਹੀਦੀ ਹੈ ਕਿ ਉਹ ਇਸ ਬਿਲ ਤੇ ਖੁਲ੍ਹ ਕੇ ਆਪਣੇ ਵਿਚਾਰ ਪਰਗਟ ਕਰਨ। ਬਸ ਮੈਂ ਇਤਨੀ ਹੀ ਗਲ ਆਪ ਦੇ ਸਾਹਮਣੇ ਅਰਜ਼ ਕਰਨੀ ਸੀ।

ਸ੍ਰੀ ਮੋਹਨ ਲਾਲ : ਡਿਪਟੀ ਸਪੀਕਰ ਸਾਹਿਬਾ, ਮੈਂ ਵੀ ਸਰਦਾਰ ਗੁਰਦਿਆਲ ਸਿੰਘ ਢਿਲੋਂ ਨੂੰ ਅਪੀਲ ਕਰਨ ਵਾਸਤੇ ਹੀ ਖੜ੍ਹਾ ਹੋਇਆ ਹਾਂ। ਉਨ੍ਹਾਂ ਨੇ ਹੁਣ ਵੇਖ ਲਿਆ ਹੈ ਕਿ ਇਸ ਹਾਊਸ ਦੀ ਕੀ ਸੈਂਸ ਹੈ ਅਤੇ ਹਾਊਸ ਸਾਰਾ ਇਸ ਗੱਲ ਤੇ ਯੂਨਾਨੀਮਸ ਹੈ ਕਿ ਇਸ ਬਿਲ ਤੇ ਖੁਲ੍ਹ ਕੇ ਵਿਚਾਰ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ। ਬਾਕੀ ਇਥੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰੀਪੋਰਟ ਦਾ ਜ਼ਿਕਰ ਕੀਤਾ ਗਿਆ ਹੈ। ਉਸ ਰਿਪੋਰਟ ਵਿਚ ਜਿਥੇ ਤਕ ਮੈਨੂੰ ਜ਼ਬਾਨੀ ਯਾਦ ਹੈ ਇਸ ਬਿਲ ਤੇ ਵਿਚਾਰ ਕਰਨ ਲਈ ਦੋ ਦਿਨ ਮੁਕੱਰਰ ਕੀਤੇ ਗਏ ਸਨ ਅਤੇ ਇਹ ਵੀ ਸੀ ਕਿ ਜੇਕਰ ਇਸ ਬਿਲ ਤੇ ਵਿਚਾਰ 23 ਤਰੀਕ ਨੂੰ ਖਤਮ ਨਾ ਹੋਈ ਤਾਂ ਸੈਸ਼ਨ ਦਾ ਵਕਤ ਇਕ ਘੰਟਾ ਹੋਰ ਵਧਾ ਦਿਤਾ ਜਾਵੇਗਾ। ਇਸ ਤੋਂ ਛੁਟ ਕਿਸੇ ਨਾਨ-ਸਟਾਪ ਸੈਸ਼ਨ ਦਾ ਕੋਈ ਜ਼ਿਕਰ ਉਸ ਰੀਪੋਰਟ ਵਿਚ ਨਹੀਂ ਸੀ। ਇਹ ਪਤਾ ਨਹੀਂ ਕਿ ਇਸ ਦੀ ਇੰਟਰਪ੍ਰੇਟੇਸ਼ਨ ਤੁਸੀਂ ਨਾਨ-ਸਟਾਪ ਦੀ ਕਿਸ ਤਰ੍ਹਾਂ ਲੈ ਲਈ।

(ਵਿਘਨ)

ਡਿਪਟੀ ਸਪੀਕਰ : ਇਹ ਗੱਲ ਤੁਸੀਂ ਦਰੁਸਤ ਨਹੀਂ ਕਹੀ। ਮੈਂ ਤਾਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰੀਪੋਰਟ ਦਾ ਹਵਾਲਾ ਦਿਤਾ ਹੈ ਅਤੇ ਇਹ ਪੁਛਿਆ ਹੈ ਮੈਂਬਰ ਸਾਹਿਬਾਨ ਤੋਂ ਕਿ ਕੀ ਕਲ ਇਸ ਬਿਲ ਨੂੰ ਮੁਕਾ ਲਿਆ ਜਾਵੇਗਾ ਜਾਂ ਅਗ ਚਲਾਇਆ ਜਾਵੇਗਾ। (The hon. Member has not put the correct position. I only referred to the report of the Business Advisory Committee and wanted to know the sense of the House whether we will be able to pass this Bill tomorrow or the Session is to continue further.)

ਸ੍ਰੀ ਮੋਹਨ ਲਾਲ : ਮੈਂ ਤਾਂ ਇੰਨੀ ਅਰਜ਼ ਕੀਤੀ ਹੈ, ਡਿਪਟੀ ਸਪੀਕਰ ਸਾਹਿਬਾ, ਕਿ ਇਸ ਰਿਪੋਰਟ ਵਿਚ ਕਿਤੇ ਵੀ ਨਾਨ-ਸਟਾਪ ਸਿਟਿੰਗ ਕਰਨ ਦਾ ਕੋਈ ਜ਼ਿਕਰ ਨਹੀਂ। ਦੋ ਦਿਨ ਇਸ ਬਿਲ ਤੇ ਵਿਚਾਰ ਕਰਨ ਵਾਸਤੇ ਰਖੇ ਹਨ ਅਤੇ ਇਹ ਵੀ ਉਸ ਰਿਪੋਰਟ ਵਿਚ ਸੀ ਕਿ ਜੇਕਰ ਲੋੜ ਪਈ ਤਾਂ 23 ਤਰੀਕ ਦੀ ਸਿਟਿੰਗ ਨੂੰ ਇਕ ਘੰਟਾ ਹੋਰ ਵਧਾਇਆ ਜਾਵੇਗਾ। ਇਸ ਦਾ ਭਾਵ ਇਹ ਹੈ ਕਿ ਜੇਕਰ ਬਿਲ ਪਾਸ ਨਹੀਂ ਹੁੰਦਾ ਤਾਂ ਇਹ ਅਗੇ ਚਲੇਗਾ। ਮੈਂ ਆਪ ਤੋਂ ਖਿਮਾ ਮੰਗਦਾ ਹਾਂ ਇਹ ਗੱਲ ਕਹਿੰਦਿਆਂ ਕਿ ਇਸ ਦਾ ਮਤਲਬ ਇਹ ਨਹੀਂ ਕਿ ਨਾਨ-ਸਟਾਪ ਸਿਟਿੰਗ ਕੀਤੀ ਜਾਵੇਗੀ। ਜੇਕਰ ਕਲ ਇਕ ਘੰਟਾ ਸਿਟਿੰਗ ਨੂੰ ਵਧਾ ਕੇ ਵੀ ਬਿਲ ਪਾਸ ਨਹੀਂ ਹੁੰਦਾ ਤਾਂ ਇਹ ਅਗਲੇ ਦਿਨ ਫਿਰ ਚਲੇਗਾ। ਇਸ ਵਿਚ ਨਾਨ-ਸਟਾਪ ਦਾ ਕਿਤੇ ਜ਼ਿਕਰ ਨਹੀਂ। ਸਰਦਾਰ ਗੁਰਦਿਆਲ ਸਿੰਘ ਢਿਲੋਂ ਆਪ ਬੜੇ ਸਿਆਣੇ ਹਨ ਅਤੇ ਆਸ ਹੈ ਕਿ ਉਹ ਹਾਊਸ ਦੀ ਸੈਂਸ ਨੂੰ ਧਿਆਨ ਵਿਚ ਰਖਦੇ ਹੋਏ ਆਪ ਹੀ ਇਸ ਗੱਲ ਨੂੰ ਮੰਨ ਲੈਣਗੇ ਕਿ ਇਸ ਬਿਲ ਨੂੰ ਅਗੇ ਚਲਾਇਆ ਜਾਵੇਗਾ। ਭਾਵੇਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਕੋਈ ਫੈਸਲਾਂ ਹੋਵੇ ਫਿਰ ਵੀ ਡੈਮੋਕਰੇਸੀ ਵਿਚ ਰਾਏ ਆਮਾ ਨੂੰ ਪਹਿਲ ਦਿਤੀ ਜਾਂਦੀ ਹੈ। ਇਸ ਲਈ ਮੈਂ ਆਪ ਦੀ ਰਾਹੀਂ ਸਰਦਾਰ ਗੁਰਦਿਆਲ ਸਿੰਘ ਢਿਲੋਂ ਪਾਸ ਪਰਾਰਥਨਾ ਕਰਾਂਗਾ ਕਿ ਉਹ ਹਾਊਸ ਦੀ ਇਸ ਸੈਂਸ ਨੂੰ ਮੰਨ ਲੈਣ ਅਤੇ ਇਸ ਬਿਲ ਤੇ ਖੁਲ੍ਹੀ ਵਿਚਾਰ ਕਰਨ ਦਾ ਮੈਂਬਰਾਂ ਨੂੰ ਮੌਕਾ ਦੇਣ ਤਾਂ ਜੋ ਸਾਰੇ ਵਿਚਾਰ ਆ ਸਕਣ ਇਸ ਬਿਲ ਦੇ ਸਬੰਧ ਵਿਚ।

ਡਿਪਟੀ ਸਪੀਕਰ : ਢਿਲੋਂ ਸਾਹਿਬ, ਦੋ ਮਿੰਟ ਬਾਕੀ ਰਹਿ ਗਏ ਹਨ, ਕੀ ਤੁਸੀਂ ਕੁਝ ਕਹਿਣਾ ਚਾਹੋਗੇ ? (Addressing the Transport and Education Minister Sardar Gurdial Singh Dhillon) (There are only two minutes left in the hour of interruption. Would you like to say something ?)

ਟ੍ਰਾਂਸਪੋਰਟ ਅਤੇ ਚੋਣ ਮੰਤਰੀ : ਜੇਕਰ, ਡਿਪਟੀ ਸਪੀਕਰ ਸਾਹਿਬਾ, ਤੁਹਾਡਾ ਵਿਚਾਰ ਵੀ ਇਸੇ ਤਰ੍ਹਾਂ ਦਾ ਹੈ ਕਿ ਇਸ ਬਿਲ ਤੇ ਵਿਚਾਰ ਨੂੰ ਚਲਾਇਆ ਜਾਵੇ ਅਤੇ ਪੰਚਾਂ ਦਾ ਵਿਚਾਰ ਵੀ ਇਹ ਹੈ ਕਿ ਸੈਸ਼ਨ ਚਲਣਾ ਚਾਹੀਦਾ ਹੈ ਤਾਂ ਜੋ ਪੰਚ ਕਹਿੰਦੇ ਹਨ ਉਨ੍ਹਾਂ ਨੂੰ ਮੰਨਣਾ ਚਾਹੀਦਾ ਹੈ। ਮੈਂ ਉਸ ਵਿਚ ਕੀ ਕਰ ਸਕਦਾ ਹਾਂ। (ਪ੍ਰਸ਼ੰਸਾ)

ਡਿਪਟੀ ਸਪੀਕਰ : ਸਦਨ ਕਲ ਦਸ ਵਜੇ ਸਵੇਰੇ ਮਿਲੇਗਾ। (The House will meet at 10 a.m. tomorrow.)

(*The Sabha then adjourned till 10.00 a.m. on Tuesday, the 23rd November, 1965*).

1602/24-3-66--386—C. P. and S., Pb., Patiala.

Punjab Vidhan Sabha Debates

23rd November, 1965

Vol. II—No. 25

OFFICIAL REPORT

CONTENTS

Tuesday, the 23rd November, 1965

Price : Rs 4.00 Paise

ERRATA

TO

PUNJAB VIDHAN SABHA DEBATES VOL. II, No. 25,

DATED THE 23RD NOVEMBER, 1965

Read	*For*	*On page*	*Line*
सप्लीमैंट्रीज़	सप्लीमट्रीज़	(25) 1	last
गवर्नमेंट	गवर्नमट	(25) 2	13th from below
स्टैंप	स्टैंप	(25) 3	6
बहुत	कहुत	(25) 3	11
मन्त्री	मत्री	(25) 3	13
फैसला	फसला	(25) 5	6
ਕੀਤਾ	ਕੀਤੀ	(25) 6	5
ਪੂਰਾ	ਪਰਾ	(25) 6	10
	ਪੁਰਾ	(25) 7	12th from below
ਸ਼ਾਸਨ ਮੰਤਰੀ	ਸਾਸਨ ਮੰਤ੍ਰੀ	(25) 6	7th from below
लैंड	लैड	(25) 7	21
ਆਨਰੇਬਲ	ਅਨਰੇਬਲ	(25) 8	8
चौधरी देवी लाल	चौधरी `वी लाल	(85) 8	11
थे	थ	(25) 8	15
ਮੰਤਰੀ	ਮਤਰੀ	(25) 8	20
ਦਿਨ	ਦਿਣ	(25) 8	20
बैक्वर्ड	बैक्र्बड	(25) 10	12
ਕਾਲਜ	ਕਾਲਜੀ	(25) 10	3rd from below
मैरिट	मेंरिट	(25) 11	5
please	pleased	(25) 12	last but one
Vol.	Tol.	(25) 12	—do—
Hydel	Hedel	(25) 17	1
forecast	forcast	(25) 19	21
great	G eat	(25) 19	4th from below
decision	decisison	(25) 19	—do—
ਦੀ	ਨੀ	(25) 20	14
ਵੱਸ	ਬਸ	(25) 21	9
चौधरी	चौ धरी	(25) 21	20
आक्ट्राय	आक्टायी	(25) 21	24
ਬਾਬੂ	ਬਾਬੂ	(25) 21	8th from below

(Contd. .. .. 2)

Read	*For*	*On page*	*Line*
Aggression	Aggressions	(25)22	2
है	हैर	(25)22	13
बुंगे	बुगे	(25)22	last but one
में	मैं	(25)25	11th from below
Deputy Speaker	Deputy Speake	(25)26	7
only if	only. If	(25)33	8
please	plcase	(25)33	13
साइन	सा न	(25)35	10
ਮੇਰੀ	ਕਰੀ	(25)37	2
Sardar Trilochan Singh	Sardar Tarilochan Singh	(25)42	9—10
करूंगी	करेगी	(25)43	10
भेज	मेज	(25)43	12
Memter is	Member	(25)44	last but one
ऐसे	एसे	(25)47	11
नम्रता	नर्मता	(25)48	6th from below
ਮਹਿਕਮੇ	ਮਾਹਕਮੇ	(25)50	5th from below
Inconclusive	In conclusive	(25)53	9
ਬਰਪਾ	ਬਮਾ	(25)54	15th from below
ਬੇਸ਼ੀ	ਪੇਸ਼ੀ	(25)62	6
टैक्स	टक्स	(25)65	last but one
अमैण्डमैंट	अमण्डमैंट	(25)66	4
बार	वोट	(25)66	12
आते	आत	(25)66	14
ਵੈਲਥ	ਵਲਥ	(25)69	14
ਫਾਰਿਨ	ਫਾਇਰਨ	(25)69	5th from below
ਕਰਕੇ ਅਤੇ	ਕਰਕੇ ਅਤੇ ਅਤੇ	(25)70	17
कामरेड	आमरेड	(25)72	11th from below
लाइट	अलाइट	(25)73	16th from below
एक्सपर्ट्स	एेक्सपर्ट्स	(25)73	8th from below
		(25)74	12
ताज्जुब	तोज्जुब	(25)76	13
क्रास	क्रॉस	(25)76	16
कराते	कराने	(25)76	last but one
डिप्टी	य डिप्टी	(25)76	last but one
ਸਰਦਾਰ ਉਮਰਾਓ ਸਿੰਘ	ਸਰਦਾਰ ਉਮਰਾਓ ਸਿੰਘ ਪੱਟੀ	(25)80	First

———

PUNJAB VIDHAN SABHA

Tuesday, the 23rd November, 1965

The Vidhan Sabha met in the Vidhan Bhawan, Sector 1, Chandigarh, at 10 *a.m of the Clock. Deputy Speaker (Shrimati Shanno Devi) in the Chair.*

Statement Reg. Question No. 3044

सिंचाई तथा विद्युत मंत्री : एक बात तो मैं इस हाऊस में यह अर्ज़ कर देनी चाहता हूं कि जिस बात की सरदार दरबारा सिंह ने बिरला ब्रादर्ज़ को ज़मीन देने के मुताल्लिक ऐशोरैंस दी थी कि हम अगर कोई ज़मीन उन्हें नहीं देंगे, उस के मुताल्लिक ऐग्रीकल्चर डिपार्टमैंट कार्यवाही कर रहा है कि और ज़मीन प्राईवेट ओनर्ज़ को न दी जाये ।

आवाज़ें :—सप्लीमैंटरी मैडम ।

उपाध्यक्षा : यह तो एक स्टेटमैंट के मुताल्लिक जवाब दे रहे हैं, कोई सप्लीमैंटरी इस सिलसिले में नहीं किया जा सकता । (He is saying this in connection with a statement. No supplementaries can be raised with regard to this).

सिंचाई मंत्री : कामरेड शमशेर सिंह जोश के एक सवाल के जवाब में मैं यह स्टेटमैंट हाऊस की टेबल पर ले करता हू ।

Statement by Chaudhri Rizaq Ram, Irrigation and Power Minister relating to Unstarred Question No. 3044

Unstarred Question No. 3044 by Comrade Shamsher Singh Josh related to survey of Rupar and Kharar Sub-Divisions for providing Bhakra Canal Waters. It is regretted that two diferent replies to the same Assembly Question were furnished. One of the replies was based on information available with the Irrigation Department. The other reply was prepared by the General Manager, Bhakra Dam.

2. Surveys for various purposes are conducted from time to time, Schemes which are considered suitable are only taken up for execution. In a very large number of cases, the surveys indicate that there is no possibility of extending canal irrigation.

3. No scheme for making irrigation supplies available from the Bhakra System have been executed in the Rupar and Kharar Sub-Divisions. A survey was, however, done covering a part of Rupar Sub-Divisison. The scheme was not executed. The reply forwarded by the General Manager, Bhakra Dam, may be deemed to be the reply to the Assembly Question.

ਕਾਮਰੇਡ ਸ਼ੱਮਸ਼ੇਰ ਸਿੰਘ ਜੋਸ਼ : On a point of order, Madam.

उपाध्यक्षा : बाबू बचन सिंह जी, मैं निहायत अदब से और अफसोस से कहती हूं कि हाउस का जो फैसला था उस के मुताबिक आज सैशन खत्म होना था । पार्लीयामेंटरी एफेयर्ज़ के मिनिस्टर ने मान लिया था। लेकिन आज इस चीज़ पर ज्यादा वक्त लिया जा रहा है। कल तमाम की तमाम काल अटैंशन मोशन्ज़ ले ली जाएं। मैं आप से दरखास्त करूंगी कि हाउस का काम चलने दीजिए। (I am sorry to say that as per earlier decision of the House, the Session was to come to a close today. The Minister for Parliamentary Affairs had also accepted it.

[उपाध्यक्षा]

However, this matter is being unduly prolonged. All the Call Attention Motions will be taken up tomorrow. I request you to let the House proceed with its business.)

श्री जगन्नाथ : आन ए प्वायंट आफ आर्डर, मैडम।

उपाध्यक्षा : आप बैठिए। (Please resume your seat.)

ਸਰਦਾਰ ਕਰਮ ਸਿੰਘ ਕਿਰਤੀ : ਡਿਪਟੀ ਸਪੀਕਰ ਸਾਹਿਬ ਅਜ ਤੋਂ ਢਾਈ ਸਾਲ ਪਹਿਲਾਂ ਇਸ ਹਾਊਸ ਵਿਚ ਇਹ ਬਿਲ ਆਇਆ ਸੀ । ਉਸ ਵੇਲੇ ਕਾਫੀ ਹਮਦਰਦੀ ਸੀ ਕਿਸਾਨਾਂ ਨਾਲ ਜਦੋਂ ਇਹ ਬਿਲ ਪੇਸ਼ ਹੋਇਆ...... (ਵਿਘਨ)

बाबू बचन सिंह : मैडम, मैं आप से एक रिक्वेस्ट करना चाहता हूं कि श्री जगन्नाथ जो बात कहना चाहते हैं मैंने उस को गौर से देखा और पढ़ा है। वह इतनी इम्पार्टेंट चीज़ है कि अगर आप आगे चलना चाहते हैं तो हाउस चल नहीं सकता। गवर्नमैंट की तरफ से फैमिन के मुतालिक ऐसा जवाब दिया गया है कि गवर्नमैंट की कोई रिस्पांसिबिलिटी नहीं।

उपाध्यक्षा : बाबू बचन सिंह जी, मैं सरदार कर्म सिंह किरती की स्पीच को जारी रखना चाहती हूं। मेरे पास आ जाएं। आप को यहां सीधी बात करने की इजाज़त नहीं।

(I want Sardar Karam Singh Kirti to continue his speech. You may come to me in my Chamber. You cannot be allowed to interrupt like this.)

श्री जगन्नाथ : आप की तरफ से रूलिंग है। आप पहले बात सुन लीजिए, ज्यादा क्लेश होगा, क्या फायदा ?

उपाध्यक्षा : यह बहुत नामुनासिब बात है। मुझे क्यों मजबूर करते हो ? ਸਰਦਾਰ ਕਰਮ ਸਿੰਘ ਕਿਰਤੀ ਦੀ ਸਪੀਚ ਦੇ ਬਾਅਦ ਮੇਰੇ ਪਾਸ ਕਾਗਜ਼ ਭੇਜ ਦਿਉ ਮੈਂ ਦੇਖ ਲਵਾਂਗੀ।

(This is very improper. Why force my hand ? Send the paper to me. I will see if it can be taken up after the speech of Sardar Karam Singh Kirti.)

ਬਾਬੂ ਅਜੀਤ ਕੁਮਾਰ : ਤੁਹਾਡਾ ਭੇਜਿਆ ਹੋਇਆ ਹੈ ।

ਡਿਪਟੀ ਸਪੀਕਰ : ਤੁਸੀਂ ਬੈਠ ਜਾਉ । (Please resume your seat.)

(Noise.)

उपाध्यक्षा : मुझे इस किस्म का शोर देख कर आज इस बिल की संजीदगी पर शक हो गया है। (Seeing this disorder, I have started doubting the seriousness under-lying this Bill.)

12.00 noon

चौधरी नेत राम : डिप्टी स्पीकर साहिबा, भिवानी तहसील में कहत पड़ा हुआ है और आप हमें बात करने की भी इजाजत नहीं दे रहीं।

Deputy Speaker ; Please resume your seat.

(At this stage Baboo Bachan Singh rose on a point of order.)

बाबू जी, आप को यह बात शोभा नहीं देती। (This sort of behaviour does not become of the hon. Member.)

ਬਾਬੂ ਬਚਨ ਸਿੰਘ : ਡਿਪਟੀ ਸਪੀਕਰ ਸਹਿਬਾ, ਸ਼ੋਭਾ ਕਿਉਂ ਨਹੀਂ ਦਿੰਦਾ, I have a right to raise a point of order and I must exercise that right.

उपाध्यक्षा : बाबू बचन सिंह जी आप को right तो है लेकिन एसे House का काम किस तरह चलेगा। या तो आप यह decide कर लो कि today is the day of points of orders. आप इस point of order में अपनी बात खत्म करें। (Of course he has the right to raise a point of order but then how will the House proceed with its business.. The alternative is that the House may decide that today is the day of points of order. Let him finish this matter with this point of order.)

ਬਾਬੂ ਬਚਨ ਸਿੰਘ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸ੍ਰੀ ਜਗਨਨਾਥ ਹੋਰਾਂ ਵਲੋਂ ਭੀਵਾਨੀ ਤਹਿਸੀਲ ਵਿਚ ਕਹਿਤ ਦੇ ਬਾਰੇ ਇਕ ਕਾਲ ਅਟੈਨਸ਼ਨ ਨੋਟਿਸ ਦਿੱਤਾ ਗਿਆ ਸੀ। ਮਗਰ ਉਸ ਨੂੰ ਇਹ ਕਹਿ ਕੇ ਡਿਸਅਲਾਉ ਕੀਤਾ ਗਿਆ ਸੀ ਕਿ ਉਥੇ ਕਹਿਤ ਪੈਣ ਦੀ ਗੌਰਮੈਂਟ ਦੀ ਜ਼ਿਮੇਵਾਰੀ ਨਹੀਂ ਹੈ।

ਡਿਪਟੀ ਸਪੀਕਰ : ਬਾਬੂ ਬਚਨ ਸਿੰਘ ਜੀ ਅਗਰ ਕੋਈ ਗਲਤੀ ਹੋ ਗਈ ਹੈ ਤਾਂ ਉਸ ਨੂੰ ਦਰੁਸਤ ਵੀ ਕੀਤਾ ਜਾ ਸਕਦਾ ਹੈ ਉਹ ਆਪਣਾ ਕਾਲ ਅਟੈਨਸ਼ਨ ਨੋਟਿਸ ਦੇ ਦੇਣ ਮੈਂ ਕਲ ਨੂੰ ਟੇਕ ਅਪ ਕਰ ਲਵਾਂਗੀ।

(The mistake, if any, can be rectified any time. Let him give me the notice, I will take it up tomorrow.)

ਸਰਦਾਰ ਕਰਮ ਸਿੰਘ ਕਿਰਤੀ : ਡਿਪਟੀ ਸਪੀਕਰ ਸਾਹਿਬਾ, ਅਜ ਤੋਂ ਢਾਈ ਸਾਲ ਪਹਿਲੇ ਇਹੋ ਬਿਲ ਹਾਊਸ ਦੇ ਵਿਚ ਪੇਸ਼ ਹੋਇਆ ਸੀ ਔਰ ਉਸ ਵੇਲੇ ਇਹ ਜਿਹੜੇ ਮੈਂਬਰ ਹਾਜ਼ਿਰ ਹਨ ਇਨ੍ਹਾਂ ਨੇ ਉਸ ਤੇ ਵਿਚਾਰ ਪਰਗਟ ਕੀਤੇ ਸਨ। ਜਿਹੜੇ ਕਿਸਾਨ ਨਾਲ ਹਮਦਰਦੀ ਰਖਦੇ ਸਨ ਉਨ੍ਹਾਂ ਨੇ ਇਸ ਦੀ ਮੁਖਾਲਫਤ ਕੀਤੀ ਸੀ। ਕਾਫੀ ਸੋਚ ਵਿਚਾਰ ਤੋਂ ਬਾਅਦ ਉਸ ਵੇਲੇ ਇਹ ਬਿਲ ਪਾਸ ਕੀਤਾ ਗਿਆ ਸੀ। ਉਹ ਬਿਲ ਪਾਸ ਕਰਨ ਤੋਂ ਪਹਿਲਾਂ ਕੁਝ ਗਲਾਂ ਹੋਈਆਂ ਔਰ ਜਦੋਂ ਮਨਿਸਟਰੀ ਨੇ ਇਹ ਸਮਝਿਆ ਕਿ ਟੈਕਸ ਤਾਂ ਜ਼ਰੂਰ ਲਗਣਾ ਹੈ ਤਾਂ ਉਨ੍ਹਾਂ ਨੇ ਉਸ ਬਿਲ ਨੂੰ ਮੋਡੀਫਾਈ ਕਰਕੇ ਕੁਝ ਟੈਕਸ ਘਟਾ ਕੇ ਪਾਸ ਕੀਤਾ। ਅਜ ਤੋਂ ਢਾਈ ਸਾਲ ਪਹਿਲਾਂ ਜਿਹੜੀ ਚੀਜ਼ ਹੋਈ ਸੀ ਉਸ ਨੂੰ ਅਗਾਹਾਂ ਲਈ ਅਕਸਟੈਂਡ ਕਰਨ ਲਈ ਇਹ ਬਿਲ ਪੇਸ਼

[ਸਰਦਾਰ ਕਰਮ ਸਿੰਘ ਕਿਰਤੀ]

ਹੋਇਆ ਹੈ। ਢਾਈ ਸਾਲ ਪਹਿਲੇ ਜਦੋਂ ਇਹ ਬਿਲ ਪੇਸ਼ ਹੋਇਆ ਸੀ ਉਦੋਂ ਦੇ ਹਾਲਾਤ ਦਾ ਤੇ ਹੁਣ ਦੇ ਹਾਲਾਤ ਦਾ ਮੁਕਾਬਲਾ ਕਰਨਾ ਬਹੁਤ ਜ਼ਰੂਰੀ ਹੈ। ਮੈਂ ਸਮਝਦਾ ਹਾਂ ਕਿ ਹੁਣ ਜਿਹੜਾ ਮਨਿਸਟਰੀ ਨੇ ਇਹ ਬਿਲ ਲਿਆਂਦਾ ਹੈ ਇਹ ਖੁਸ਼ੀ ਦੇ ਨਾਲ ਨਹੀਂ ਲਿਆਂਦਾ ਬਲਕਿ ਹਾਲਾਤ ਅਜਿਹੇ ਹਨ ਜਿਨ੍ਹਾਂ ਕਰਕੇ ਐਕਸਟੈਨਸ਼ਨ ਕਰਨ ਲਈ ਇਸ ਨੂੰ ਲਿਆਉਣਾ ਜ਼ਰੂਰੀ ਸੀ। ਉਦੋਂ ਪੰਜਾਬ ਦੀ ਹਾਲਤ ਇਸ ਤਰ੍ਹਾਂ ਦੀ ਨਹੀਂ ਸੀ ਜਿਸ ਤਰ੍ਹਾਂ ਦੀ ਅਜ ਹੈ। ਅਜ ਬਾਰਡਰ ਤੇ ਹਾਲਾਤ ਦੀ ਵਜਾਹ ਕਰਕੇ ਜਿਥੇ ਪਾਕਿਸਤਾਨ ਨਾਲ ਲੜਾਈ ਹੋਈ ਹੈ, ਬਾਰਡਰ ਦੇ ਬਹੁਤ ਸਾਰੇ ਲੋਕ ਉਜੜ ਗਏ ਹਨ ਅਤੇ ਬੱਚੇ ਯਤੀਮ ਰਹਿ ਗਏ ਹਨ। ਉਨ੍ਹਾਂ ਦੀ ਦੇਖ ਭਾਲ ਲਈ ਅਤੇ ਡੀਫੈਂਸ ਦੇ ਖਰਚਿਆਂ ਲਈ ਫੰਡ ਇਕਠੇ ਕਰਨ ਦੀ ਲੋੜ ਹੈ। ਇਨ੍ਹਾਂ ਹਾਲਾਤ ਨੂੰ ਮੁਖ ਰਖ ਕੇ ਪੰਜਾਬ ਗੌਰਮੈਂਟ ਨੇ ਇਸ ਸੈਸ ਦੀ ਐਕਸਟੈਨਸ਼ਨ ਮੰਗੀ ਹੈ। ਇਸ ਟੈਕਸ ਦੀ ਜਦੋਂ ਦੀ ਉਗਾਰਹੀ ਹੋ ਰਹੀ ਹੈ ਉਦੋਂ ਦੀ ਨਾ ਕੋਈ ਐਜੀਟੇਸ਼ਨ ਹੋਈ ਹੈ ਅਤੇ ਨਾ ਹੀ ਕਿਸੇ ਨੇ ਕੋਈ ਪਰੋਟੈਸਟ ਹੀ ਕੀਤਾ ਹੈ। ਇਸ ਲਈ ਸ਼ਾਇਦ ਸਰਕਾਰ ਨੇ ਇਹ ਸਮਝਿਆ ਹੋਵੇਗਾ ਕਿ ਜਿਹੜਾ ਕਿਸਾਨ ਹੈ ਉਹ ਇਸ ਬੋਝ ਨੂੰ ਬਰਦਾਸ਼ਤ ਕਰਨ ਦੇ ਕਾਬਲ ਹੈ। ਲੇਕਿਨ ਮੈਂ ਸਰਕਾਰ ਦੇ ਧਿਆਨ ਵਿਚ ਕੁਝ ਜ਼ਰੂਰੀ ਗੱਲਾਂ ਲਿਆਉਣੀਆ ਚਾਹੁੰਦਾ ਹਾਂ। ਕਿਸਾਨ ਐਸੀ ਥਾਂ ਤੇ ਪੈਦਾ ਹੋਇਆ ਹੈ ਜਿਥੇ ਉਸ ਨੂੰ ਕੋਈ ਚਾਨਸ ਬੋਲਣ ਦਾ ਨਹੀਂ ਮਿਲਦਾ ਅਤੇ ਨਾ ਹੀ ਉਸ ਦੀ ਕੋਈ ਜੱਥੇਬੰਦੀ ਹੈ ਜਿਸ ਦੇ ਰਾਹੀਂ ਉਹ ਰਿਪਰੀਜ਼ੈਂਟ ਕਰੇ ਕਿ ਕਿਸਾਨਾਂ ਨੂੰ ਫਲਾਂ ਫਲਾਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਦੂਸਰੇ ਪਾਸੇ ਤੁਸੀਂ ਜਾਣਦੇ ਹੋ ਕਿ ਜਦੋਂ ਏਥੇ ਵਿਕਰੀ ਟੈਕਸ ਦਾ ਬਿਲ ਪੇਸ਼ ਹੋਣਾ ਸੀ ਤਾਂ ਵਪਾਰ ਮੰਡਲ ਵਾਲਿਆਂ ਨੇ ਉਸ ਦੇ ਪੇਸ਼ ਹੋਣ ਤੋਂ ਇਕ ਦਿਨ ਪਹਿਲਾਂ ਹੜਤਾਲ ਕਰ ਦਿੱਤੀ ਸੀ ਲੇਕਿਨ ਕਿਸਾਨ ਵਿਚਾਰਾ ਕਿਧਰ ਜਾਵੇ ਉਸ ਦੀ ਤਾਂ ਕੋਈ ਆਰਗੇਨਾਈਜੇਸ਼ਨ ਨਹੀਂ। ਨਾ ਇਸ ਹਾਊਸ ਦੇ ਵਿਚ ਕਿਸਾਨਾਂ ਦਾ ਕੋਈ ਬਲਾਕ ਹੈ ਅਤੇ ਨਾ ਹੀ ਇਸ ਹਾਊਸ ਦੇ ਬਾਹਰ ਉਨ੍ਹਾਂ ਦਾ ਕੋਈ ਬਲਾਕ ਹੈ ਜਿਹੜਾ ਇਹ ਰਿਪਰੀਜ਼ੈਂਟ ਕਰ ਸਕੇ ਕਿ ਕਿਸਾਨਾਂ ਦੀਆਂ ਕੀ ਕੀ ਤਕਲੀਫਾਂ ਹਨ ਅਤੇ ਕੀ ਉਸ ਦਾ ਹੱਲ ਹੈ। ਇਸ ਲਈ ਏਥੇ ਸਪੀਚ ਕਰਨ ਨਾਲ ਇਹ ਖਤਮ ਹੋਣ ਵਾਲੀ ਗਲ ਨਹੀਂ ਹੈ। ਇਸ ਵੇਲੇ ਪੰਜਾਬ ਦੇ ਵਿਚ ਕਿਸਾਨ ਦੀ ਜੋ ਹਾਲਤ ਹੈ ਉਹ ਕਿਸੇ ਤੋਂ ਗੁਝੀ ਛਿਪੀ ਹੋਈ ਨਹੀਂ ਹੈ।

(Shri Ram Saran Chand Mital, a Member of the Panel of Chairmen, in the Chair.)

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ ਅਜ ਜਦੋਂ ਅਸੀਂ ਹਾਊਸ ਦੇ ਵਿਚ ਆ ਰਹੇ ਸੀ ਤਾਂ ਕਾਂਗਰਸ ਦੇ ਜਿਤਨੇ ਵੀ ਦਿਹਾਤੀ ਮੈਂਬਰ ਸੀ ਉਨ੍ਹਾਂ ਨੇ ਆਪਣੀਆਂ ਬਾਹਵਾਂ ਤੇ ਕਾਲੇ ਬਿੱਲੇ ਬੰਨ੍ਹੇ ਹੋਏ ਸਨ ਔਰ ਕਿਰਤੀ ਸਾਹਿਬ ਵੀ ਉਨ੍ਹਾਂ ਵਿਚ ਸ਼ਾਮਲ ਸਨ। ਸਾਨੂੰ ਇਹ ਖਿਆਲ ਸੀ ਕਿ ਇਹ ਮੁਖਾਲਫਤ ਕਰਦੇ ਹਨ। ਪਰ ਕਿਰਤੀ ਸਾਹਿਬ ਦਾ ਹੁਣ ਪਤਾ ਹੀ ਨਹੀਂ ਚਲਦਾ ਕਿ ਇਹ ਹਕ ਵਿਚ ਕਹਿ ਰਹੇ ਹਨ ਜਾਂ ਇਸ ਦੀ ਮਖਾਲਫਤ ਕਰ ਰਹੇ ਹਨ।

श्री चेयरमैन : प्वायंट आफ आर्डर के बहाने ऐसी वैसी बातें कहना शोभा नहीं देता। मैं नम्रता पूर्वक प्रार्थना करूंगा कि हमें हाऊस की प्रोसीडिंग्ज़ डिगनिटी के साथ कन्डक्ट करनी चाहिए और जो मैम्बर साहिब स्पीच कर रहे हों उन्हें खुली अपरचूनिटी दी जानी चाहिए ताकि वह अपने विचार पेश कर सकें। (It is unbecoming to raise extraneous matters through a point of order. I would humbly submit that the proceedings of the House should proceed in a dignified

manner and the member who is in possession of the House should get full opportunity for giving expression to his views .)

ਸਰਦਾਰ ਅਜਾਇਬ ਸਿੰਘ ਸੰਧੂ : ਆਪਨੇ ਪਾਰਲੀਮੈਂਟਰੀ ਪਰੋਸੀਜਰ ਦਾ ਜ਼ਿਕਰ ਕੀਤਾ ਹੈ ਲੇਕਿਨ ਮੈਂ ਅਰਜ਼ ਕਰਦਾ ਹਾਂ ਕਿ ਇਹ ਪਰੋਸੀਜਰ ਇਹ ਤਾਂ ਕਿਤੇ ਨਹੀਂ ਕਹਿੰਦੀ ਕਿ ਜੋ ਅੰਦਰ ਕਹਿੰਦੇ ਹੋ ਉਹ ਬਾਹਰ ਨਾ ਕਹੋ ਅਤੇ ਜੋ ਘੰਟਾ ਪਹਿਲਾਂ ਕਹਿੰਦੇ ਹੋ ਉਹ ਬਾਅਦ ਵਿਚ ਬਦਲ ਦਿਉ। ਅਜ ਸੁਬਾਹ ਉਨ੍ਹਾਂ ਨੇ ਕਾਲੇ ਬਿੱਲੇ ਲਗਾ ਕੇ ਪਰੋਟੈਸਟ ਕੀਤਾ ਸੀ ਪਰ ਹੁਣ ਠੰਡੇ ਹੋ ਗਏ ਹਨ।

Mr. Chairman : The hon. Member is a Law Graduate and is a practising lawyer. He must know that it is not for anybody to control and regulate the speech of an hon. Member. He also knows that a point of Order can be raised relating to a point of Procedure in the House. So, this is no point of Order.

ਮਾਲ ਮੰਤਰੀ : ਚੇਅਰਮੈਨ ਸਾਹਿਬ ਸੰਧੂ ਸਾਹਿਬ ਨੇ ਜੋ ਕਾਲੇ ਬਿਲਿਆਂ ਦੀ ਗਲ ਕੀਤੀ ਹੈ ਉਸ ਬਾਰੇ ਮੈਂ ਉਨ੍ਹਾਂ ਦੀ ਗਲਤ ਫਹਮੀ ਦੂਰ ਕਰਨੀ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਮੈਂਬਰਾਂ ਨੂੰ ਕਾਲਾ ਕਪੜਾ ਤਕਸੀਮ ਹੋਇਆ ਪਰ ਇਹ ਕਿਉਂ ਤਕਸੀਮ ਹੋਇਆ ਇਸ ਦਾ ਉਨ੍ਹਾਂ ਨੂੰ ਪਤਾ ਨਹੀਂ। ਦਰ ਅਸਲ ਗੱਲ ਇਹ ਹੈ ਕਿ ਅਜ ਸੂਰਜ ਗ੍ਰਹਿਣ ਸੀ ਇਸ ਲਈ ਕਾਲੇ ਕਪੜੇ ਨਾਲ ਸੂਰਜ ਵੇਖਣ ਲਈ ਕਾਲਾ ਕਪੜਾ ਦਿਤਾ ਗਿਆ ਤਾਕਿ ਅੱਖਾਂ ਨੂੰ ਨੁਕਸਾਨ ਨਾ ਪਹੁੰਚੇ। ਇਹ ਤਾਂ ਮੈਂਬਰ ਸਾਹਿਬਾਨ ਦੀ ਸੇਵਾ ਕੀਤੀ ਗਈ ਹੈ ਤਾਕਿ ਉਨ੍ਹਾਂ ਦੀਆਂ ਅੱਖਾਂ ਖਰਾਬ ਨਾ ਹੋ ਜਾਣ। (ਹਾਸਾ)

ਚੌਧਰੀ ਦਰਸ਼ਨ ਸਿੰਘ : ਮੇਜਰ ਸਾਹਿਬ ਨੇ ਜੋ ਤਸ਼ਰੀਹ ਕੀਤੀ ਹੈ ਉਹ ਠੀਕ ਨਹੀਂ। ਸੂਰਜ ਗ੍ਰਹਿਣ ਤਾਂ 12 ਵਜੇ ਹਟ ਜਾਣਾ ਹੈ ਪਰ ਜੋ ਗ੍ਰਹਿਣ ਜੱਟ ਤੇ ਲਗਣਾ ਹੈ ਉਹ ਲਗਾਤਾਰ ਪੰਜ ਸਾਲ ਰਹਿਣਾ ਹੈ ਇਸ ਲਈ ਕਾਲੇ ਬਿੱਲੇ ਉਸ ਗ੍ਰਹਿਣ ਤੋਂ ਬਚਣ ਲਈ ਲਗਾਏ ਹਨ। (ਹਾਸਾ)

चौधरी देवी लाल : ग्रान ए प्वायंट ग्राफ ग्रार्डर, मैं यह जो वजीर साहिब ने इस की वजह बताई है कि ग्रहण था उस बारे में मैं ग्रर्ज़ करता हूं कि मैं यहां 10 बज कर 5 मिन्ट पर ग्राया था। मुझे कांग्रेसी मैम्बर मिले उन के हाथों में यह काले बिल्ले थे ग्रौर एक बिल्ला उन्होंने यहां मेरे लगा दिया। ग्रपना ग्रहण उतार कर मुझ पर ग्रपना ग्रहण डाल कर खुद चले गए। ग्राखिर यह हर किसम का ग्रहण मेरे गले ही क्यों पड़ता है। कैरों वाला ग्रहण भी मेरे गले पड़ा था ग्रौर यह ग्रहण भी मेरे गले डाल दिया ग्रौर ग्रपना उतार कर चुप बैठ गए। मैं ग्रापका रूलिंग चाहता हूं कि क्या यह इस ढंग से किसी मैम्बर के साथ चार सौ बीस कर सकते हैं (हंसी) मेरे लगा कर ग्रपने जेबों में डाल कर बैठ गए हैं। स्पीच इन्होंने खिलाफ देनी है लेकिन वोट खिलाफ नहीं देना है। (शोर)

ਸਰਦਾਰ ਕਰਮ ਸਿੰਘ ਕਿਰਤੀ : ਕਿਸਾਨ ਦੀ ਕਿਸਮਤ ਹੀ ਐਸੀ ਹੈ ਕਿ ਉਸ ਨਾਲ ਅੰਦਰ ਵੀ ਮਖੌਲ ਹੁੰਦਾ ਹੈ ਤੇ ਬਾਹਰ ਵੀ ਮਖੌਲ ਹੀ ਹੁੰਦਾ ਹੈ। ਉਸ ਦਾ ਕੋਈ ਸਿਨਸੀਅਰ ਲੀਡਰ ਨਹੀਂ। ਇਸੇ ਲਈ ਉਸ ਦੀ ਇਹ ਫੇਟ ਹੋ ਰਹੀ ਹੈ। ਉਸ ਗਰੀਬ ਦਾ ਨਾ ਕੋਈ ਸਿਨਸੀਅਰ ਲੀਡਰ ਹੀ ਹੈ ਨਾ ਹੀ ਉਸ ਦਾ ਕੋਈ ਪਰੈਸ ਪਲੇਟਫਾਰਮ ਹੈ ਅਤੇ ਨਾ ਉਸ ਦੀ ਕੋਈ ਸਟਰਾਂਗ ਵਾਇਸ ਹੈ। ਕਿਸਾਨ ਦੀ ਮਿਸਾਲ ਤਾਂ ਬਿਲਕੁਲ ਉਸ ਤਰ੍ਹਾਂ ਹੈ ਜਿਸ ਤਰ੍ਹਾਂ ਆਜ਼ਾਦੀ ਮਿਲਣ ਤੋਂ ਬਾਅਦ ਇਕ

[ਸਰਦਾਰ ਕਰਮ ਸਿੰਘ ਕਿਰਤੀ]

ਐਸ. ਪੀ. ਨੇ ਸਾਰੇ ਥਾਣੇਦਾਰਾਂ ਨੂੰ ਬੁਲਾਕੇ ਕਿਹਾ ਕਿ ਦੇਖੋ ਹੁਣ ਅਸੀਂ ਆਜ਼ਾਦ ਹੋ ਗਏ ਹਾਂ ਤੇ ਹੁਣ ਅਸੀਂ ਲੋਕਾਂ ਦੇ ਮਾਲਕ ਨਹੀਂ ਸਗੋਂ ਨੌਕਰ ਬਣ ਗਏ ਹਾਂ ਇਸ ਲਈ ਹੁਣ ਉਨ੍ਹਾਂ ਤੋਂ ਕੋਈ ਰਿਸ਼ਵਤ ਨਹੀਂ ਲੈਣੀ ਅਤੇ ਨਾ ਹੀ ਉਨ੍ਹਾਂ ਤੇ ਕੋਈ ਜ਼ੁਲਮ ਕਰਨਾ ਹੈ। ਉਨ੍ਹਾਂ ਨੇ ਕਿਹਾ ਚੰਗਾ ਜੀ ਇਸੇ ਤਰ੍ਹਾਂ ਕਰਾਂਗੇ। ਕੁਝ ਦੇਰ ਬਾਅਦ ਉਨ੍ਹਾਂ ਦੀ ਫਿਰ ਮੀਟਿੰਗ ਹੋਈ ਅਤੇ ਐਸ. ਪੀ. ਨੇ ਉਨ੍ਹਾਂ ਨੂੰ ਪੁਛਿਆ ਕਿ ਦਸੋ ਕੀ ਹਾਲ ਚਾਲ ਹੈ। ਉਨ੍ਹਾਂ ਨੇ ਕਿਹਾ ਕੀ ਪੁਛਦੇ ਹੋ ਮਾੜਾ ਹਾਲ ਹੈ ਹਰੀਜਨਾਂ ਪਾਸ ਜਾਂਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਸਾਡੇ ਖਾਸ ਰਾਈਟਸ ਹਨ ਤੇ ਸਾਨੂੰ ਖਾਸ ਰਿਆਤਾਂ ਮਿਲੀਆਂ ਹਨ। ਇਸ ਲਈ ਸਾਡੇ ਕੋਲ ਹੁਣ ਨਾ ਆਓ। ਸ਼ਹਿਰਾਂ ਵਾਲਿਆਂ ਕੋਲ ਜਾਂਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਹੁਣ ਸਾਨੂੰ ਆਜ਼ਾਦੀ ਮਿਲ ਗਈ ਹੈ ਇਸ ਲਈ ਤੁਹਾਨੂੰ ਸਾਡੇ ਕੋਲ ਆਉਣ ਦਾ ਕੋਈ ਹਕ ਨਹੀਂ। ਉਹ ਕਹਿਣ ਲਗੇ ਕਿ ਜਨਾਬ ਹੁਣ ਤਾਂ ਅਸੀਂ ਭੁਖੇ ਮਰ ਰਹੇ ਹਾਂ। ਉਨ੍ਹਾਂ ਵਿਚ ਇਕ ਸਿਆਣਾ ਸੀ। ਉਸ ਨੇ ਕਿਹਾ ਕਿ ਹੁਣ ਤੁਸੀਂ ਉਸ ਪਾਸ ਜਾਓ ਜਿਸ ਦਾ ਕੋਈ ਵਾਲੀਵਾਰਸ ਨਹੀਂ ਤੇ ਉਸ ਦਾ ਕੁਟਾਪਾ ਕਰੋ। ਉਹ ਤੁਹਾਨੂੰ ਖੁਸ਼ ਕਰਨਗੇ। ਉਨ੍ਹਾਂ ਇਸੇ ਤਰ੍ਹਾਂ ਹੀ ਕੀਤਾ ਅਤੇ ਜਾ ਕੇ ਕਿਸਾਨ ਦਾ ਕੁਟਾਪਾ ਕਰਨਾ ਸ਼ੁਰੂ ਕਰ ਦਿਤਾ। ਅਧੇ ਕਿਸਾਨ ਇਕ ਪਾਸੇ ਹੋ ਗਏ ਤੇ ਕਹਿਣ ਲਗੇ ਥਾਣੇਦਾਰ ਸਾਹਿਬ ਤੁਸੀਂ ਠੀਕ ਕੀਤਾ ਹੈ ਇਹ ਆਦਮੀ ਹੀ ਐਸਾਂ ਸੀ ਕਿ ਇਸਦੀ ਖਬਰ ਲੈਣ ਵਾਲੀ ਸੀ। ਇਸ ਤਰ੍ਹਾਂ ਸਭ ਨੇ ਮਾਰ ਖਾਦੀ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਕਿਸਾਨ ਦਾ ਕੋਈ ਲੀਡਰ ਨਹੀਂ ਜੋ ਉਨ੍ਹਾਂ ਨੂੰ ਆਰਗੇਨਾਈਜ਼ ਕਰ ਸਕੇ ਤੇ ਉਨ੍ਹਾਂ ਵਲੋਂ ਵਾਇਸ ਰੇਜ਼ ਕਰ ਸਕੇ। ਇਹੋ ਵਜਾਹ ਹੈ ਕਿ ਉਸ ਦੀ ਅਜ ਐਨੀ ਭੈੜੀ ਹਾਲਤ ਹੋ ਰਹੀ ਹੈ ਕਿ ਕੋਈ ਸੁਣਨ ਵਾਲਾ ਨਹੀਂ। ਮੈਂ ਅਰਜ਼ ਕਰਦਾ ਹਾਂ ਕਿ ਸੈਸ ਲਗਾਣਾ ਹੈ ਤਾਂ ਜੀ ਸਦਕੇ ਲਾਓ ਪਰ ਉਹਨਾਂ ਦੀ ਹਾਲਤ ਵਲ ਵੀ ਨਜ਼ਰ ਮਾਰੋ ਤੇ ਉਨ੍ਹਾਂ ਦੀ ਹਾਲਤ ਦਰੁਸਤ ਕਰੋ। ਬਿਕਰੀ ਟੈਕਸ ਦੇ ਬਾਰੇ ਬੋਲਦੇ ਹੋਏ ਮੈਂਬਰਾਂ ਨੇ ਬੜਾ ਸ਼ੋਰ ਪਾਇਆ ਕਿ ਇਸ ਦੇ ਪਾਸ ਹੋਣ ਨਾਲ ਇਨਸਪੈਕਟਰ ਇਹ ਕਰਨਗੇ, ਉਹ ਕਰਨਗੇ ਅਤੇ ਐਨੇ ਇਨਸਪੈਕਟਰ ਤੇ ਹਾਕਮ ਪੈਦਾ ਹੋ ਜਾਣਗੇ ਪਰ ਤੁਸੀਂ ਇਹ ਤਾਂ ਵੇਖੋ ਕਿ ਅਜ ਕਿਸਾਨ ਲਈ ਕਿਤਨੇ ਹਾਕਮ ਪੈਦਾ ਹੋ ਗਏ ਹਨ ਜੋ ਉਸ ਦਾ ਖਹਿੜਾ ਨਹੀਂ ਛਡਦੇ। ਕਿਸਾਨ ਲਈ ਜਿਤਨੇ ਮਹਿਕਮੇ ਬਣਦੇ ਹਨ ਉਨ੍ਹਾਂ ਦੇ ਨਾਲ ਉਸ ਦੇ ਹਾਕਮਾਂ ਵਿਚ ਵਾਧਾ ਹੀ ਵਾਧਾ ਹੁੰਦਾ ਜਾ ਰਿਹਾ ਹੈ ਅਤੇ ਸਾਰੇ ਕਰਮਚਾਰੀ ਉਸ ਦੇ ਦੁਆਲੇ ਹੋਏ ਹੋਏ ਹਨ। ਜੇਕਰ ਕਿਸਾਨ ਹਲ ਚਲਾਂਦਾ ਹੈ ਤਾਂ ਇਕ ਸਪਾਹੀ ਆ ਜਾਂਦਾ ਹੈ ਕਿ ਫਲਾਣੇ ਪਿੰਡ ਵਿਚ ਮਝ ਚੋਰੀ ਹੋ ਗਈ ਸੀ ਅਤੇ ਉਹ ਤੇਰੇ ਖੇਤ ਵਿਚ ਦੀ ਲੰਘੀ ਸੀ ਇਸ ਲਈ ਚਲ ਥਾਣੇ। ਉਸ ਤੋਂ ਬਾਅਦ ਕਦੇ ਬੀ. ਡੀ. ਓ. ਦੇ ਮਹਿਕਮੇ ਵਾਲਾ ਤੇ ਕਦੇ ਕਿਸੇ ਹੋਰ ਮਹਿਕਮੇ ਵਾਲਾ ਆ ਕੇ ਉਸ ਤੇ ਸਵਾਰ ਹੋ ਜਾਂਦਾ ਹੈ ਤੇ ਉਸ ਨੂੰ ਕੋਈ ਕੰਮ ਨਹੀਂ ਕਰਨ ਦਿੰਦਾ, ਸਾਰਾ ਦਿਨ ਉਸ ਨੂੰ ਭਜਾਈ ਰਖਦਾ ਹੈ। ਜਿਤਨੇ ਵੀ ਮਕਿਮੇ ਤੇ ਅਫਸਰ ਉਸ ਲਈ ਬਣੇ ਹਨ ਉਹ ਬਜਾਏ ਉਸ ਦੀ ਕੋਈ ਸੇਵਾ ਤੇ ਮਦਦ ਕਰਨ ਦੇ ਉਸ ਨੂੰ ਤੰਗ ਹੀ ਕਰਦੇ ਹਨ। ਇਕ ਸੌ ਰੁਪਏ ਦਾ ਗਰਾਮ ਸੇਵਕ ਵੀ ਪਿੰਡ ਵਿਚ ਜਾ ਕੇ ਹਾਕਮ ਬਣ ਜਾਂਦਾ ਹੈ ਤੇ ਇਹ ਨਹੀਂ ਕਹਿੰਦਾ ਕਿ ਮੈਂ ਤੇਰੀ ਸੇਵਾ ਕਰਨ ਲਈ ਆਇਆ ਹਾਂ ਬਲਕਿ ਕਿਸਾਨ ਨੂੰ ਕਹਿੰਦਾ ਹੈ ਫਲਾਣੇ ਨੂੰ ਬੁਲਾ ਲਿਆ ਤੇ ਫਲਾਣੇ ਨੂੰ ਬੁਲਾ ਲਿਆ। ਇਹ ਤਾਂ ਉਹ ਗੱਲ ਹੈ ਕਿ 'ਮਰਜ਼ ਬੜ੍ਹਤਾ ਗਿਆ ਜੂੰ ਜੂੰ ਦਵਾ ਕੀ'। ਜਿਤਨੇ ਮਾਹਕਮੇ ਤੇ ਅਫਸਰ ਉਸ ਦੀ ਸੇਵਾ ਲਈ ਬਣਦੇ ਜਾ ਰਹੇ ਹਨ ਉਸ ਦੀ ਹਾਲਤ ਭੈੜੀ ਹੀ ਹੁੰਦੀ ਜਾ ਰਹੀ ਹੈ ਤੇ ਉਸਦੀ ਸੋਸ਼ਲ ਤੇ ਮਾਇਕ ਹਾਲਤ ਵਿਚ ਕੋਈ ਸੁਧਾਰ ਨਹੀਂ ਹੋਇਆ। ਦਰਅਸਲ ਪਤਾ ਨਹੀਂ ਕਿਉਂ ਸਰਕਾਰ ਵੀ ਉਸ ਨੂੰ ਉਪਰ ਨਹੀਂ ਚੁਕਣਾ ਚਾਹੁੰਦੀ ਹੈ। ਸ਼ਾਇਦ ਇਸੇ ਕਰਕੇ ਐਗਰੀਕਲਚਰ ਦਾ ਮਹਿਕਮਾ ਕਿਸੇ ਇਕ ਤੇ ਹੋਲ ਟਾਈਮ ਵਜ਼ੀਰ ਦੇ ਪਾਸ ਨਹੀਂ ਤੇ ਜਿਸ ਵਜ਼ੀਰ ਪਾਸ ਵੀ ਐਗਰੀਕਲਚਰ ਦਾ ਮਹਿਕਮਾ ਹੈ ਉਹ ਨਥੀ ਬੋ ਦੀ ਤਰ੍ਹਾਂ ਹੀ

ਹੈ ਤੇ ਉਸ ਪਾਸ ਵਾਹੂ ਦਾ ਮਹਿਕਮਾ ਸਮਝ ਕੇ ਹੀ ਦਿਤਾ ਹੋਇਆ ਹੈ। ਜੇਕਰ ਕਿਸਾਨ ਨੇ ਖਾਦ ਲੈਣੀ ਹੋਵੇ ਤਾਂ ਕਿਸੇ ਹੋਰ ਵਜ਼ੀਰ ਕੋਲ ਜਾਵੇ, ਪਾਣੀ ਲੈਣਾ ਹੋਵੇ ਤਾਂ ਕਿਸੇ ਦੂਸਰੇ ਪਾਸ ਜਾਵੇ, ਬਿਜਲੀ ਲੈਣੀ ਹੋਵੇ ਸਰਦਾਰ ਗੁਰਦਿਆਲ ਸਿੰਘ ਪਾਸ ਜਾਵੇ, ਮੋਘਾ ਲੈਣਾ ਹੋਵੇ ਤਾਂ ਚੌਧਰੀ ਰਿਜ਼ਕ ਰਾਮ ਪਾਸ ਜਾਵੇ, ਤਕਾਵੀ ਲਈ ਮੇਜਰ ਸਾਹਿਬ ਪਾਸ ਜਾਵੇ, ਚੰਗੇ ਪਸ਼ੂਆਂ ਲਈ ਕੈਪਟਨ ਸਾਹਿਬ ਕੋਲ ਜਾਵੇ ਗਰਜ਼ੇਕਿ ਕਿਸਾਨ ਨਾਲ ਤਲਕ ਰਖਣ ਵਾਲੇ ਮਹਿਕਮੇ ਕਿਸੇ ਇਕ ਵਜ਼ੀਰ ਕੋਲ ਨਹੀਂ ਅਤੇ ਕਿਸਾਨ ਨੂੰ ਥਾਂ ਥਾਂ ਤੇ ਧਕੇ ਖਾਣੇ ਪੈਂਦੇ ਹਨ। ਮੈਂ ਸੁਝਾ ਦਿੰਦਾ ਹਾਂ ਕਿ ਕਿਸਾਨ ਨਾਲ ਤਲਕ ਰਖਣ ਵਾਲੇ ਸਾਰੇ ਦੇ ਸਾਰੇ ਮਹਿਕਮੇ ਇਕ ਹੋਲ ਟਾਈਮ, ਵਜ਼ੀਰ ਦੇ ਪਾਸ ਹੋਣੇ ਚਾਹੀਦੇ ਹਨ ਅਤੇ ਉਸਦੀਆਂ ਸਾਰੀਆਂ ਲੋੜੀਂਦੀਆਂ ਚੀਜ਼ਾਂ ਪਾਣੀ ਖਾਦ, ਤਕਾਵੀ, ਬਿਜਲੀ, ਬੀਜ ਆਦਿ ਸਭ ਕੁਝ ਐਗਰੀਕਲਚਰ ਦੇ ਵਜ਼ੀਰ ਦੇ ਸਪੁਰਦ ਹੋਵੇ ਤਾਕਿ ਕਿਸਾਨ ਦੀਆਂ ਸਾਰੀਆਂ ਸ਼ਿਕਾਇਤਾਂ ਇਕ ਆਦਮੀ ਪਾਸ ਜਾ ਕੇ ਹੀ ਦੂਰ ਹੋ ਜਾਣ ਅਤੇ ਇਸ ਮਹਿਕਮੇ ਦਾ ਵਜ਼ੀਰ ਵੀ ਇਕ ਤਕੜਾ ਆਦਮੀ ਹੋਣਾ ਚਾਹੀਦਾ ਹੈ। ਐਗਰੀਕਲਚਰ ਦੇ ਮਹਿਕਮੇ ਦੀ ਤਾਂ ਉਹ ਮਿਸਾਲ ਹੈ ਜਿਸ ਤਰ੍ਹਾਂ ਇਕ ਅਮਲੀ ਨੇ ਇਕ ਦੁਕਾਨ ਖੋਲ੍ਹ ਲਈ। ਕਿਸੇ ਦਿਨ ਉਸ ਦੀ ਦੁਕਾਨ ਤੋਂ ਦੋ ਚਾਰ ਫਰਲਾਂਗ ਤੇ ਇਕ ਕਤਲ ਹੋ ਗਿਆ। ਉਥੇ ਤਫਤੀਸ਼ ਲਈ ਥਾਣੇਦਾਰ ਆਇਆ ਅਤੇ ਉਸ ਨੂੰ ਕਹਿਣ ਲਗਾ ਅਮਲੀਆ ਇਥੇ ਕਤਲ ਹੋ ਗਿਆ। ਅਮਲੀ ਕਹਿਣ ਲਗਾ ਕਿ ਹਾਂ ਜੀ ਕਤਲ ਹੋ ਗਿਆ। ਥਾਣੇਦਾਰ ਨੇ ਕਿਹਾ ਤੂੰ ਉਸ ਨੂੰ ਪਛਾਣੇਗਾ ਉਹ ਕਹਿਣ ਲਗਾ ਕਿ ਹਾਂ ਜੀ ਪਛਾਣ ਲਵਾਂਗਾ ।

ਮੈਂ ਕਤਲ ਹੋਏ ਆਦਮੀ ਨੂੰ ਬਖੂਬੀ ਜਾਣਦਾ ਹਾਂ । ਥਾਣੇਦਾਰ ਅਫੀਮੀ ਦੀ ਗਲ ਸੁਣ ਕੇ ਖੁਸ਼ ਹੋ ਗਿਆ । ਥਾਣੇਦਾਰ ਨੇ ਕਿਹਾ ਕਿ ਉਸ ਆਦਮੀ ਦਾ ਸਿਰ ਸਰੀਰ ਦੇ ਨਾਲ ਨਹੀਂ ਹੈ । ਇਸ ਦਾ ਜਵਾਬ ਅਫੀਮੀ ਨੇ ਥਾਣੇਦਾਰ ਨੂੰ ਦਿਤਾ ਕਿ ਮੈਂ ਉਸ ਆਦਮੀ ਨੂੰ ਬਿਨਾ ਸਿਰ ਤੋਂ ਹਮੇਸ਼ਾ ਵੇਖਦਾ ਰਿਹਾ ਹਾਂ । ਉਹ ਮੇਰੇ ਪਾਸ ਬਿਨਾ ਸਿਰ ਤੋਂ ਹੀ ਚਾਹ ਪੀਣ ਲਈ ਆਉਂਦਾ ਸੀ। ਇਹੋ ਹੀ ਹਾਲਤ ਸਾਡੀ ਸਰਕਾਰ ਦੀ ਖੇਤੀ ਬਾੜੀ ਦੀ ਪ੍ਰੋਡਕਸ਼ਨ ਦੇ ਬਾਰੇ ਹੈ । ਸਰਕਾਰ ਫੂਡਗਰੇਨਜ਼ ਦੀ ਡਬਲ ਪ੍ਰੋਡਕਸ਼ਨ ਕਰਨ ਦਾ ਨਾਰਾ ਲਾਉਂਦੀ ਹੈ, ਜਦੋਂ ਸਰਕਾਰ ਕੋਲੋਂ ਪੁਛਿਆ ਜਾਂਦਾ ਹੈ ਕਿ ਕਿਵੇਂ ਪ੍ਰੋਡਕਸ਼ਨ ਡਬਲ ਕਰੋਗੇ ਤਾਂ ਸਰਕਾਰ ਕਹਿੰਦੀ ਹੈ ਕਿ ਜਿਸ ਤਰ੍ਹਾਂ ਪਹਿਲਾਂ ਖੇਤੀ ਦੀ ਉਪਜ ਵਧਾਈ ਜਾਂਦੀ ਸੀ ਉਸੇ ਤਰ੍ਹਾਂ ਹੀ ਅਸੀਂ ਪ੍ਰੋਡਕਸ਼ਨ ਡਬਲ ਕਰਾਂਗੇ । ਸਰਕਾਰ ਦੇ ਪਾਸ ਜ਼ਮੀਂਦਾਰਾਂ ਵਾਸਤੇ ਖੇਤੀ ਦੀ ਪ੍ਰੋਡਕਸ਼ਨ ਵਧਾਉਣ ਲਈ ਬਿਜਲੀ ਖਾਦ ਅਤੇ ਪਾਣੀ ਨਹੀਂ ਹੈ । ਮੈਨੂੰ ਸਮਝ ਨਹੀਂ ਆਉਂਦੀ ਕਿ ਸਰਕਾਰ ਖੇਤੀ ਬਾੜੀ ਦੀ ਡਬਲ ਪ੍ਰੋਡਕਸ਼ਨ ਬਿਨਾ ਸਾਧਨਾਂ ਤੋਂ ਕਿਵੇਂ ਵਧਾ ਸਕਦੀ ਹੈ । ਕੁਝ ਦਿਨਾਂ ਦੀ ਗਲ ਹੈ । ਕਿਸਾਨ ਕਣਕ ਦੀ ਬਜਾਈ ਸ਼ੁਰੂ ਕਰਨ ਲਗਾ । ਉਸ ਵੇਲੇ ਕਿਸਾਨ ਨੂੰ ਖਾਦ ਨਹੀਂ ਮਿਲੀ। ਇਸ ਦੇ ਮੁਤਾਲਿੱਕ ਸਾਡੇ ਜ਼ਿਲ੍ਹੇ ਦੀ ਡਿਸਟਰਿਕਟ ਕਮੇਟੀ ਦੀ ਮੀਟਿੰਗ ਵਿਚ ਗਲ ਹੋਈ । ਉਥੇ ਖਾਦ ਦੇ ਬਾਰੇ ਜ਼ਿਕਰ ਹੋਇਆ । ਉਸ ਕਮੇਟੀ ਵਿਚ ਦਸਿਆ ਗਿਆ ਕਿ 2,300 ਟਨ ਖਾਦ ਦੀ ਲੋੜ ਹੈ ਅਤੇ ਇਸ ਵੇਲੇ 700 ਟਨ ਹੀ ਖਾਦ ਜ਼ਿਲ੍ਹੇ ਵਿਚ ਮੌਜੂਦ ਹੈ। ਇਹ ਖਾਦ ਵੀ ਕਿਤਾਬਾਂ ਦੇ ਵਿਚ ਹੀ ਸ਼ੋ ਕੀਤੀ ਗਈ। ਅਸਲ ਵਿਚ ਕੋਈ ਖਾਦ ਜ਼ਮੀਂਦਾਰਾਂ ਨੂੰ ਦੇਣ ਲਈ ਮੌਜੂਦ ਨਹੀਂ ਹੈ । ਕਿਸਾਨਾਂ ਨੂੰ ਵਕਤ ਸਿਰ ਖਾਦ ਨਹੀਂ ਮਿਲਦੀ ਹੈ। ਸਰਕਾਰ ਕਿਸਾਨਾਂ ਉਤੇ ਟੈਕਸ ਲਾਉਂਦੀ ਹੈ । ਅਗਰ ਸਰਕਾਰ ਨੇ ਕਿਸਾਨਾਂ ਉਤੇ ਟੈਕਸ ਲਾਉਣੇ ਹਨ ਤਾਂ ਸਰਕਾਰ ਨੂੰ ਜ਼ਮੀਂਦਾਰਾਂ ਦੀ ਹਾਲਤ ਵੀ ਸੁਧਾਰਨੀ ਚਾਹੀਦੀ ਹੈ ਤਾਂ ਜੋ ਉਹ ਟੈਕਸ ਪੇ ਕਰ ਸਕਣ। (ਵਿਘਨ)

ਸਰਦਾਰ ਜਗਜੀਤ ਸਿੰਘ ਗੋਗੋਆਣੀ : ਚੇਅਰਮੈਨ ਸਾਹਿਬ, ਕੀ ਆਪ ਜੀ ਨੂੰ ਇਨ੍ਹਾਂ ਦੀ ਕੋਈ ਗਲ ਸਮਝ ਆਈ ਹੈ ?

ਸਰਦਾਰ ਕਰਮ ਸਿੰਘ ਕਿਰਤੀ : ਚੇਅਰਮੈਨ ਸਾਹਿਬ, ਹਰ ਇਕ ਦੀ ਵਖਰੀ ਵਖਰੀ ਸਮਝ ਹੁੰਦੀ ਹੈ । ਮੈਂ ਸਮਝਦਾ ਹਾਂ ਕਿ ਇਹ ਬਿਲ ਬੇਜ਼ਰਰ ਹੈ ਅਤੇ ਇਹ ਪਾਸ ਹੋਣਾ ਚਾਹੀਦਾ ਹੈ। ਇਸ ਬਿਲ ਦੇ ਨਾਲ ਕਿਸਾਨਾਂ ਨੂੰ ਕੋਈ ਤਕਲੀਫ ਮਹਿਸੂਸ ਨਹੀਂ ਹੋਵੇਗੀ ਕਿਉਂਕਿ ਇਸ ਵੇਲੇ ਇਸ ਕਾਨੂੰਨ ਦੀ ਮਿਆਦ ਹੀ ਵਧਾਈ ਜਾ ਰਹੀ ਹੈ।

ਸਰਦਾਰ ਗਿਆਨ ਸਿੰਘ ਰਾੜੇਵਾਲਾ (ਸਿਰਹੰਦ) : ਚੇਅਰਮੈਨ ਸਾਹਿਬ, ਮੈਂ ਪਹਿਲਾਂ ਆਪਦਾ ਸ਼ੁਕਰੀਆ ਅਦਾ ਕਰਦਾ ਹਾਂ ਕਿਉਂਕਿ ਮੈਨੂੰ ਆਪ ਦੀ ਸਦਾਰਤ ਵਿਚ ਆਪਣੇ ਖਿਆਲਾਤ ਦਾ ਇਜ਼ਹਾਰ ਕਰਨ ਦਾ ਮੌਕਾ ਮਿਲਦਾ ਹੈ । ਅਜ ਜਿਹੜਾ ਅਮੈਂਡਿੰਗ ਬਿਲ ਹਾਊਸ ਵਿਚ ਪੇਸ਼ ਹੋਇਆ ਹੈ, ਇਸ ਦਾ ਉਰੀਜੀਨਲ ਬਿਲ 1963 ਵਿਚ ਹਾਊਸ ਵਿਚ ਪੇਸ਼ ਹੋਇਆ ਸੀ । ਗਾਲਬਨ ਮੈਂ ਇਸ ਬਿਲ ਦੇ ਬਾਰੇ ਆਪਣੇ ਖਿਆਲਾਤ ਦਾ ਇਜ਼ਹਾਰ 27 ਮਾਰਚ, 1963 ਨੂੰ ਕੀਤਾ ਸੀ । ਮੈਂ ਉਸ ਵੇਲੇ ਇਸ ਬਿਲ ਦੀ ਮੁਖਾਲਫਤ ਕੀਤੀ ਸੀ । ਮੈਂ ਕਿਹਾ ਸੀ ਕਿ ਇਹ ਟੈਕਸ ਕਿਸਾਨਾਂ ਉਤੇ ਨਾ ਲਾਉ । ਉਸ ਵੇਲੇ ਇਸ ਦੇ ਬਾਰੇ ਕੁਝ ਦਲੀਲਾਂ ਵੀ ਹਾਊਸ ਵਿਚ ਰਖੀਆਂ ਸਨ । ਸ਼ਾਇਦ ਮੇਰੀ ਉਹ ਸਪੀਚ ਪਰਿੰਟ ਹੋਕੇ ਹੀ ਅਸੈਂਬਲੀ ਦੇ ਰੀਕਾਰਡ ਵਿਚ ਮੌਜੂਦ ਹੋਵੇਗੀ । ਸੋ ਇਸ ਬਾਰੇ ਮੇਰੀ ਮੰਨੀ ਪ੍ਰਮੰਨੀ ਰਾਏ ਵੀ ਉਹੀ ਹੀ ਕਾਇਮ ਹੈ ਕਿ ਜ਼ਮੀਂਦਾਰਾਂ ਉਤੇ ਪਹਿਲਾਂ ਹੀ ਬਹੁਤ ਟੈਕਸ ਲੱਗੇ ਹੋਏ ਹਨ ਅਤੇ ਉਨ੍ਹਾਂ ਉਤੇ ਹੋਰ ਟੈਕਸ ਨਹੀਂ ਚਾਹੀਦੇ । ਖਿਆਲ ਕੀਤਾ ਜਾਂਦਾ ਹੈ ਕਿ ਜ਼ਮੀਂਦਾਰ ਕਮਊਨਿਟੀ ਆਰਗੇਨਾਈਜ਼ਡ ਨਹੀਂ ਹੈ ਅਤੇ ਜ਼ਮੀਂਦਾਰ ਹੜਤਾਲ ਨਹੀਂ ਕਰ ਸਕਦੇ। ਇਸ ਕਰਕੇ ਹੀ ਸਰਕਾਰ ਕਿਸਾਨਾਂ ਉਤੇ ਟੈਕਸਾਂ ਦੀ ਝੜੀ ਲਾ ਦਿੰਦੀ ਹੈ । ਅਗਰ ਜ਼ਮੀਂਦਾਰਾਂ ਦੇ ਵਿਚ ਹੜਤਾਲ ਕਰਨ ਦੀ ਜਾਗਰਿਤੀ ਆ ਜਾਵੇ ਤਾਂ ਸ਼ਾਇਦ ਹੀ ਸਰਕਾਰ ਕਿਸਾਨਾਂ ਉਤੇ ਕਿਸੇ ਕਿਸਮ ਦਾ ਨਾਵਾਜਿਬ ਟੈਕਸ ਲਗਾ ਸਕੇ । ਇਥੇ ਕਿਹਾ ਜਾਂਦਾ ਹੈ ਕਿ ਕਿਸੇ ਗਲ ਨੂੰ ਰੀਪੀਟ ਨਾ ਕੀਤਾ ਜਾਵੇ । ਸਾਨੂੰ ਮਜਬੂਰਨ ਹੀ ਪੁਰਾਣੀਆਂ ਗਲਾਂ ਰੀਪੀਟ ਕਰਨੀਆਂ ਪੈਂਦੀਆਂ ਹਨ । ਮੈਂ 27 ਮਾਰਚ, 1963 ਵਿਚ ਵੀ ਜ਼ਿਕਰ ਕੀਤਾ ਸੀ ਕਿ ਕਿਸਾਨਾਂ ਉਤੇ ਪਹਿਲਾਂ ਲੈਂਡ ਰੈਵੇਨਯੂ ਸਰਚਾਰਜ ਲਗਿਆ ਹੋਇਆ ਹੈ, Special Surcharge, Additional Surcharge, Temporary Taxation ਲਾਇਆ ਗਿਆ। ਫੇਰ Betterment Levy Tax ਲਾਇਆ ਗਿਆ । ਸਰਕਾਰ ਹੁਣ ਫਿਰ Commercial crops Cess ਜ਼ਿਮੀਂਦਾਰਾਂ ਉਤੇ ਲਾ ਰਹੀ ਹੈ । ਪਹਿਲਾਂ ਇਹ ਟੈਕਸ 3 ਸਾਲਾਂ ਲਈ ਲਾਇਆ ਗਿਆ ਸੀ ਲੇਕਿਨ ਸਾਡੀ ਸਰਕਾਰ ਇਸ ਦੀ ਮਿਆਦ ਚੌਥੀ ਫਾਈਵ-ਈਅਰ ਪਲੈਨ ਤਕ ਵਧਾਈ ਜਾ ਰਹੀ ਹੈ । ਜ਼ਮੀਂਦਾਰ ਦੀ ਹਾਲਤ ਟੈਕਸਾਂ ਦੇ ਕਾਰਨ ਖਰਾਬ ਹੋ ਚੁਕੀ ਹੈ । ਮੈਂ ਸਮਝਦਾ ਹਾਂ ਕਿ ਜ਼ਮੀਂਦਾਰ ਦੀ ਹਾਲਤ ਨੂੰ ਮਦੇਨਜ਼ਰ ਰਖਦੇ ਹੋਏ ਇਸ ਬਿਲ ਨੂੰ ਮੁਲਤਵੀ ਕਰ ਦਿਤਾ ਜਾਵੇ ਕਿਉਂਕਿ ਇਸ ਐਕਟ ਦੀ ਮਿਆਦ ਪਹਿਲਾਂ ਹੀ 31 ਮਾਰਚ, 1966 ਤਕ ਹੈ । ਇਥੇ ਪਲੀਡ ਕੀਤਾ ਜਾਂਦਾ ਹੈ ਕਿ ਅਗਲਾ ਸਾਲ ਇਲੈਕਸ਼ਨ ਸਾਲ ਹੋਵੇਗਾ, ਉਸ ਵੇਲੇ ਸਰਕਾਰ ਨੂੰ ਟੈਕਸ ਲਾਉਣਾ ਮੁਨਾਸਿਬ ਨਹੀਂ ਲਗਦਾ । ਮੈਂ ਸਰਕਾਰ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਜ਼ਮੀਂਦਾਰ ਇਸ ਟੈਕਸ ਨੂੰ ਇਲੈਕਸ਼ਨ ਦੇ ਵੇਲੇ ਭੁਲ ਜਾਣਗੇ ? ਅਗਰ ਇਹ ਬਿਲ ਕੁਝ ਦੇਰ ਲਈ ਮੁਲਤਵੀ ਹੋ ਜਾਂਦਾ ਤਾਂ ਇਸ ਇਸ਼ੂ ਉਤੇ ਸਰਕਾਰ ਨੂੰ ਸੋਚਣ ਦਾ ਮੌਕਾ ਮਿਲ ਜਾਣਾ ਸੀ। ਇਸ ਦੇ ਅਲਾਵਾ ਪਲੈਨਿੰਗ ਕਮੀਸ਼ਨ ਨੂੰ ਵੀ ਸੋਚਣ ਲਈ ਮੌਕਾ ਮਿਲ ਜਾਣਾ ਸੀ । ਮੈਨੂੰ ਬੜੇ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਇਸ ਵੇਲੇ ਦੇਸ਼ ਦੀ ਵਾਗਡੋਰ ਜਿਨ੍ਹਾਂ ਦੇ ਹਥ ਹੈ, ਉਨ੍ਹਾਂ ਨੂੰ ਜ਼ਮੀਂਦਾਰਾਂ ਦੀ ਹਾਲਤ ਦਾ ਕੁਝ ਪਤਾ ਨਹੀਂ ਹੈ । ਮੈਨੂੰ ਜ਼ਾਤੀ ਤਜਰਬਾ ਹੈ ਕਿ ਅਜਿਹੇ ਵੀ ਆਦਮੀ ਸਰਕਾਰੀ ਪੋਸਟਾਂ ਉਤੇ ਲੱਗੇ ਹੋਏ ਹਨ ਜਿਹੜੇ ਕਿ ਕਹਿੰਦੇ ਹਨ ਕਿ ਕਣਕ ਦੀ ਫਸਲ ਸਾਲ ਵਿਚ 2 ਵਾਰ ਕਿਉਂ ਪੈਦਾ ਨਹੀਂ ਕੀਤੀ ਜਾਂਦੀ। ਤੁਸੀਂ ਜਾਣਦੇ ਹੋ ਕਿ ਕਿਸਾਨ ਦੇਸ਼ ਦੀ ਬੈਕ ਬੋਨ ਹੁੰਦੀ ਹੈ । ਅਗਰ ਕਿਸੇ ਦੀ ਰੀੜ੍ਹ ਦੀ

ਹੱਡੀ ਟੁੱਟ ਜਾਂਦੀ ਹੈ ਤਾਂ ਉਹ ਜ਼ਿਆਦਾ ਚਿਰ ਤਕ ਜੀ ਨਹੀਂ ਸਕਦਾ । ਉਸੇ ਤਰ੍ਹਾਂ ਅਗਰ ਕਿਸਾਨ ਦੀ ਹਾਲਤ ਖਰਾਬ ਕਰ ਦਿਤੀ ਗਈ ਤਾਂ ਦੇਸ਼ ਦੀ ਹਾਲਤ ਵੀ ਠੀਕ ਨਹੀਂ ਰਹਿ ਸਕਦੀ । ਇਸ ਕਰਕੇ ਜ਼ਮੀਂਦਾਰਾਂ ਉਤੇ ਜ਼ਿਆਦਾ ਟੈਕਸ ਨਾ ਲਾਉ । ਹਾਊਸ ਵਿਚ ਆਪੋਜ਼ੀਸ਼ਨ ਦੇ ਮੈਂਬਰਾਂ ਵਲੋਂ ਕਿਹਾ ਗਿਆ ਕਿ ਆਪੋਜ਼ੀਸ਼ਨ ਇਸ ਸਿਲਸਿਲੇ ਵਿਚ ਸੂਬੇ ਵਿਚ ਅੰਦੋਲਨ ਚਲਾਵੇਗੀ । ਉਨ੍ਹਾਂ ਨੇ ਕਿਹਾ ਕਿ ਜ਼ਮੀਂਦਾਰ ਰਿਜ਼ਿਸਟ ਕਰਨਗੇ । ਇਸ ਲਈ ਸਰਕਾਰ ਨੂੰ ਇਸ ਦੇ ਬਾਰੇ ਫਿਰ ਸੋਚਣਾ ਚਾਹੀਦਾ ਹੈ ਤਾਂ ਜੋ ਸੂਬੇ ਵਿਚ ਅਜਿਹੀ ਹਾਲਤ ਪੈਦਾ ਨਾ ਹੋਵੇ । ਮੈਂ ਸਮਝਦਾ ਹਾਂ ਕਿ ਅਗਰ ਸਰਕਾਰ ਇਸ ਦੇ ਬਾਰੇ ਸਾਰਾ ਕੇਸ ਪਲੈਨਿੰਗ ਕਮੀਸ਼ਨ ਦੇ ਸਾਹਮਣੇ ਪੇਸ਼ ਕਰਦੀ ਤਾਂ ਪਲੈਨਿੰਗ ਕਮੀਸ਼ਨ ਦੇ ਮੈਂਬਰ ਇਸ ਪਹਿਲੂ ਨੂੰ ਜ਼ਰੂਰ ਮੰਨ ਜਾਂਦੇ ਕਿ ਇਹ ਟੈਕਸ ਕਿਸਾਨਾਂ ਉਤੇ ਨਾ ਲਾਉ । ਜਿਹੜੀ ਰਿਪੋਰਟ ਟ੍ਰਿਬਯੂਨ ਵਿਚ under the Caption "In conclusive talks on Punjab for 1966-67 Plan" ਛਪੀ ਹੈ ਉਸ ਤੋਂ ਪਤਾ ਚਲਦਾ ਹੈ ਕਿ ਇਸ ਟੈਕਸ ਦੇ ਬਾਰੇ ਚੀਫ ਮਨਿਸਟਰ ਸਾਹਿਬ ਨੇ ਪਲੈਨਿੰਗ ਕਮੀਸ਼ਨ ਦੇ ਨਾਲ ਕੋਈ ਜ਼ਿਕਰ ਨਹੀਂ ਕੀਤਾ । ਚੀਫ ਮਨਿਸਟਰ ਸਾਹਿਬ ਨੇ ਪਲੈਨਿੰਗ ਕਮੀਸ਼ਨ ਦੇ ਨਾਲ ਇਹ ਟੈਕਸ ਨਾ ਲਾਉਣ ਦੇ ਬਾਰੇ ਕੋਈ ਜ਼ੋਰ ਨਹੀਂ ਪਾਇਆ । ਜੋ ਕੁਝ ਟ੍ਰਿਬਯੂਨ ਵਿਚ ਛਪਿਆ ਹੈ ਮੈਂ ਉਹ ਹਾਊਸ ਵਿਚ ਪੜ੍ਹਨਾ ਚਾਹੁੰਦਾ ਹਾਂ ।

> "The Punjab Government had agreed to raise a certain amount of additional resources for the Plan some time ago. After the Indo-Pakistan fighting which had its impact on the economy of this border State, Punjab is reported to have said that it could not expect to raise resources at that level".

ਅਗਰ ਚੀਫ ਮਨਿਸਟਰ ਸਾਹਿਬ ਕਹਿੰਦੇ ਕਿ ਪੰਜਾਬ ਦਾ ਕਿਸਾਨ ਹੋਰ ਟੈਕਸ ਪੇ ਨਹੀਂ ਕਰ ਸਕਦਾ ਤਾਂ ਮੈਂ ਸਮਝਦਾ ਹਾਂ ਕਿ ਪਲੈਨਿੰਗ ਕਮਿਸ਼ਨ ਵਾਲੇ ਵੀ ਇਸ ਟੈਕਸ ਨੂੰ ਖਤਮ ਕਰਨ ਦੇ ਹੱਕ ਵਿਚ ਹੋ ਜਾਂਦੇ । ਜਿਵੇਂ ਕਿ ਮੈਂ ਪਹਿਲਾਂ ਅਰਜ਼ ਕਰ ਚੁੱਕਾ ਹਾਂ ਕਿ ਕਿਸਾਨ ਹੀ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਇਹ ਹੀ ਦੇਸ਼ ਦੀ ਰਖਿਆ ਕਰਦੇ ਹਨ। ਮੈਂ ਕਿਸੇ ਲਗਾਉ ਦੇ ਨਾਲ ਗਲ ਨਹੀਂ ਕਰ ਰਿਹਾ। ਮੈਂ ਕਿਸੇ ਦੂਸਰੀ ਕਮਯੂਨਿਟੀ ਨੂੰ ਕ੍ਰਿਟੀਸਾਈਜ਼ ਨਹੀਂ ਕਰ ਰਿਹਾ ਲੇਕਿਨ ਇਹ ਹਕੀਕਤ ਹੈ ਕਿ ਜ਼ਿਮੀਂਦਾਰ ਹੀ ਦੇਸ਼ ਦੀ ਰਖਿਆ ਕਰਦਾ ਹੈ। ਪੰਜਾਬ ਦੇ ਕਿਸਾਨ ਨੇ ਹੀ ਆਪਣੇ ਬਚੇ ਫੌਜ ਵਿਚ ਭੇਜੇ ਹਨ । ਮੈਂ ਇਸ ਵੇਲੇ ਕਿਸੇ ਰਿਜਨ ਦੀ ਗਲ ਨਹੀਂ ਕਰਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਹਿੰਦੀ ਅਤੇ ਪੰਜਾਬੀ ਰਿਜਨ ਦੇ ਕਿਸਾਨਾਂ ਨੇ ਹੀ ਦੇਸ਼ ਦੀ ਰਖਿਆ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਹੈ। ਇਸ ਲਈ ਕਿਸਾਨ ਜੋ ਕਿ ਦੇਸ਼ ਦੀ ਰੀੜ੍ਹ ਦੀ ਹੱਡੀ ਹੈ, ਉਸ ਨੂੰ ਟੈਕਸਾਂ ਦੇ ਬੋਝ ਨਾਲ ਦਬਾਇਆ ਨਾ ਜਾਵੇ। ਕਿਸਾਨ ਨੂੰ ਹੋਰ ਕਮਜ਼ੋਰ ਨਾ ਕੀਤਾ ਜਾਵੇ। ਇਸ ਗਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਪੰਜਾਬ ਦੇ ਕਿਸਾਨਾਂ ਦੇ ਲੜਕਿਆਂ ਨੇ ਹੀ ਦੇਸ਼ ਦੀ ਰਖਿਆ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਉਸ ਪੰਜਾਬ ਦੇ ਵੀਰ ਜਵਾਨਾਂ ਨੇ ਹੀ ਬਹਾਦਰੀ ਦੇ ਜੌਹਰ ਦਿਖਾਏ ਲੇਕਿਨ ਇਸ ਦਾ ਕਰੈਡਿਟ ਕੋਈ ਹੋਰ ਹੀ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਚਾਹੇ ਸਰ ਸਿਕੰਦਰ ਹੋਵੇ ਚਾਹੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਹੋਵੇ, ਚਾਹੇ ਕਾਮਰੇਡ ਰਾਮ ਕਿਸ਼ਨ ਹੋਵੇ, ਅਗਰ ਕੋਈ ਇਹ ਕਹੇ ਕਿ ਮੈਂ ਬੜਾ ਆਰਗੇਨਾਈਜ਼ ਕੀਤਾ ਹੈ, ਤਾਂ ਮੈਂ ਬਿਲਾ ਖੌਫੇ ਤਰਦੀਦ ਇਹ ਗਲ ਕਹਿ ਸਕਦਾ ਹਾਂ ਕਿ ਪੰਜਾਬ ਦੇ ਹਰ ਜ਼ਮੀਂਦਾਰ ਨੇ, ਹਰ ਸ਼ਖਸ ਨੇ ਸੂਓ ਮੋਟੋ ਆਪਣੇ ਇਨੀਸ਼ੀਏਟਿਵ ਤੇ ਇਸ ਡੀਫੈਂਸ ਵਿਚ ਕੰਮ ਕੀਤਾ ਹੈ। ਇਸ ਲਈ ਮੈਂ ਕਹਿ ਰਿਹਾ ਹਾਂ ਕਿ ਇਸ ਪੈਜ਼ੰਟ ਨੂੰ ਤਬਾਹ ਹੋਣ ਤੋਂ ਬਚਾਇਆ ਜਾਵੇ। ਪੰਜਾਬ ਦੀ ਹਾਲਤ ਕੀ ਹੈ, ਪੰਜਾਬ ਦੇ ਅੰਦਰ ਜ਼ਿਮੀਂਦਾਰੀ ਦੀ ਹਾਲਤ ਦਾ ਹਵਾਲਾ ਇਕ ਕਿਤਾਬ ਸਟੈਟਿਸਟੀਕਲ ਐਬਸਟ੍ਰੈਕਟ ਵਿਚ ਦਿਤਾ ਹੋਇਆ

[ਸਰਦਾਰ ਗਿਆਨ ਸਿੰਘ ਰਾੜੇਵਾਲਾ]

ਹੈ। ਕਲ ਬਾਬੂ ਬਚਨ ਸਿੰਘ ਹੋਰਾਂ ਨੇ ਉਸ ਬਾਰੇ ਕਿਹਾ ਸੀ । ਮੈਂ ਇਸ ਦੇ ਬਾਰੇ ਡੀਟੇਲਜ਼ ਵਿਚ ਨਹੀਂ ਜਾਂਦਾ, ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਵਿਚ ਕਿਸ ਕਿਸਮ ਦੀ ਜ਼ਮੀਂਦਾਰੀ ਹੈ। ਜਿਹੜੀ ਇਨ੍ਹਾਂ ਨੇ ਰੀਸਰਚ ਕੀਤੀ ਹੈ ਉਸ ਦੇ ਮੁਤਾਬਕ ਪੈਜ਼ੰਟ ਪ੍ਰੋਪ੍ਰਾਈਟਰਸ਼ਿਪ 2984 ਸਾਰੀਆਂ ਹੋਲਡਿੰਗਜ਼ ਹਨ। ਇਸ ਵਿਚ 30 ਏਕੜ ਤੋਂ ਥੱਲੇ ਹਨ 2885,10 ਏਕੜ ਅਤੇ 30 ਏਕੜ ਦੇ ਦਰਮਿਆਨ 2505 ਹੋਲਡਿੰਗਜ਼ ਹਨ .... (*Interruptions*) ਮੈਂ ਹੋਲਡਿੰਗਜ਼ ਦਾ ਜ਼ਿਕਰ ਕਰ ਰਿਹਾ ਹਾਂ ਰਕਬੇ ਦਾ ਜ਼ਿਕਰ ਨਹੀਂ ਕਰ ਰਿਹਾ ਹਾਂ, 2984 ਹੋਲਡਿੰਗਜ਼ ਡਿਫਰੈਂਟ ਸਾਈਜ਼ ਦੀਆਂ .... (ਵਿਘਨ) ਮੇਰੀ ਅਰਜ਼ ਕਰਨ ਦਾ ਮਤਲਬ ਇਹ ਹੈ ਕਿ ਪੰਜ ਏਕੜ ਵਾਲਿਆਂ ਦੀ ਇਨ੍ਹਾਂ ਨੇ ਸਰਵੇ ਨਹੀਂ ਕਰਵਾਈ, 10 ਏਕੜ ਵਾਲਿਆਂ ਦੀ ਕਰਵਾਈ ਹੈ 10 ਤੋਂ 30 ਦੇ ਦਰਮਿਆਨ ਹੋਲਡਿੰਗਜ਼ ਲੋਕਾਂ ਕੋਲ ਜ਼ਿਆਦਾ ਹੈ ਇਥੇ ਪੈਜ਼ੰਟ ਪ੍ਰੋਪ੍ਰਾਈਟਰਸ਼ਿਪ ਹੈ। ਅਠ ਹੋਲਡਿੰਗਜ਼ ਅਜਿਹੀਆਂ ਹਨ ਜਿਹੜੀਆਂ 100 ਏਕੜ ਤੋਂ ਜ਼ਿਆਦਾ ਹਨ ਜਿਹੜੀਆਂ ਕਿ ਸਾਰੇ ਪੰਜਾਬ ਦੇ ਅੰਦਰ ਹਨ ....

(*Interruptions* by Babu Bachan Singh) ਮੈਂ ਇਹ ਫਿਗਰਜ਼ ਸਟੈਟਿਸਟੀਕਲ ਐਬਸਟ੍ਰਕਟ 1964 ਦੇ ਸਫ਼ਾ 81 ਤੋਂ ਪੜ੍ਹ ਕੇ ਦਸ ਰਿਹਾ ਹਾਂ। ਇਹ ਬਿਲਕੁਲ ਕ੍ਰੈਕਟ ਫਿਗਰਜ਼ ਹਨ। ਇਹ ਠੀਕ ਹੈ ਕਿ ਇਹ ਹਜ਼ਾਰ ਦੇ ਖਾਨੇ ਵਿਚ ਦਿਤੀਆਂ ਹੋਈਆਂ ਹਨ। ਇਥੇ ਪੈਜ਼ੇਂਟ ਪ੍ਰੋਪ੍ਰਾਈਟਰਸ਼ਿਪ ਦੀ ਓਵਰਵੈਲਮਿੰਗ ਮੈਜਾਰੇਟੀ ਹੈ । ਇਸ ਲਈ ਇਹ ਟੈਕਸ ਛੋਟੇ ਜ਼ਮੀਂਦਾਰਾਂ ਉਪਰ ਲਗਾਇਆ ਜਾ ਰਿਹਾ ਹੈ। ਇਸੇ ਸਿਲਸਿਲੇ ਵਿਚ ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਇਹ ਡਾਇਰੈਕਟ ਟੈਕਸੇਸ਼ਨ ਹੈ ਜਿਹੜਾ ਕਿ ਜ਼ਮੀਂਦਾਰਾਂ ਤੇ ਪੈ ਰਿਹਾ ਹੈ, ਇਸ ਦੇ ਇਲਾਵਾ ਇਨਡਾਇਰੈਕਟ ਟੈਕਸੇਸ਼ਨ ਵੀ ਜ਼ਮੀਂਦਾਰ ਨੂੰ ਬਰਦਾਸ਼ਤ ਕਰਨਾ ਪੈਂਦਾ ਹੈ । ਕੰਜ਼ੀਊਮਰਜ਼ ਦੇ goods ਤੇ ਜਿਨ੍ਹਾਂ ਵੀ ਟੈਕਸ ਲਗਦਾ ਹੈ—ਮਸਲਨ ਮਿਲ ਕਲਾਥ, ਮੈਚਿਜ਼ ਵਗੈਰਾ ਹਨ, ਇਨ੍ਹਾਂ ਤੇ ਜਿਹੜਾ ਟੈਕਸ ਲਗਦਾ ਹੈ ਉਸ ਦੇ ਬੋਝ ਦਾ ਇਕ ਬੜਾ ਹਿਸਾ ਇਨਡਾਇਰੈਕਟਲੀ ਜ਼ਮੀਂਦਾਰ ਤੇ ਪੈਂਦਾ ਹੈ। ਇਸ ਦੇ ਇਲਾਵਾ ਜਿਹੜੇ ਇਨਵੈਸਟ ਮੈਂਟ ਗੁਡਜ਼ ਐਗਰੀਕਲਚਰ ਲਈ ਵਰਤੇ ਜਾਂਦੇ ਹਨ ਮਸਲਨ, ਟ੍ਰੈਕਟਰਜ਼ ਹਨ, ਡੀਜ਼ਲ ਹੈ, ਇਨ੍ਹਾਂ ਤੇ ਟੈਕਸਾਂ ਦਾ ਬੋਝ ਵੀ ਜ਼ਮੀਂਦਾਰ ਤੇ ਪੈਂਦਾ ਹੈ ਜਿਹੜਾ ਕਿ ਨਾ ਕਾਬਲੇ ਬਰਦਾਸ਼ਤ ਹੈ। ਤੁਸਾਂ ਅਜ ਹੀ ਵੇਖਿਆ ਹੋਵੇਗਾ ਕਿ ਇਥੇ ਅਜ ਹੰਗਾਮਾ ਬਪਾ ਹੋ ਗਿਆ ਸੀ ਕਿਉਂਕਿ ਭਿਵਾਨੀ ਵਿਚ ਕਹਿਤ ਪੈ ਰਿਹਾ ਹੈ, ਮਹਿਜ਼ ਭਿਵਾਨੀ ਵਿਚ ਹੀ ਨਹੀਂ, ਮਹਿੰਦਰ-ਗੜ੍ਹ ਦੇ ਅੰਦਰ, ਬਠਿੰਡੇ ਦੇ ਅੰਦਰ ਵੀ ਕਹਿਤ ਪੈ ਰਿਹਾ ਹੈ। ਪੰਜਾਬ ਕਾਲ ਦਾ ਸ਼ਿਕਾਰ ਹੋ ਰਿਹਾ ਹੈ। ਇਹ ਠੀਕ ਹੈ ਕਿ ਪੰਜਾਬ ਗੌਰਮਿੰਟ ਦਾ ਵਸ ਨਹੀਂ ਚਲਦਾ ਕਿਉਂ ਜੋ ਦਰਿਆਵਾਂ ਵਿਚ ਹੀ ਪਾਣੀ ਨਾ ਹੋਵੇ ਤਾਂ ਨਹਿਰਾਂ ਵਿਚ ਕਿਥੋਂ ਆਵੇਗਾ ? ਲੇਕਿਨ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਸਾਨ ਨੂੰ ਪਾਣੀ ਨਹੀਂ ਮਿਲਦਾ। ਮੈਂ ਹੁਸ਼ਿਆਰਪੁਰ ਗਿਆ ਸੀ ਉਥੇ ਕਿਸਾਨ ਲੇਟ ਵੈਰਾਇਟੀ ਕਣਕ ਦੀ ਬੀਜਣੀ ਚਾਹੁੰਦੇ ਹਨ ਲੇਕਿਨ ਲੋਕਾਂ ਨੂੰ ਕੀਮੀਆਈ ਖਾਦ ਨਹੀਂ ਮਿਲੀ। ਉਨ੍ਹਾਂ ਨੂੰ ਖਾਦ ਅਤੇ ਪਾਣੀ ਤਾਂ ਦਸਤਯਾਬ ਨਹੀਂ ਹੋ ਰਿਹਾ ਲੇਕਿਨ ਉਨ੍ਹਾਂ ਤੇ ਟੈਕਸ ਜ਼ਰੂਰ ਲਗਾਇਆ ਜਾ ਰਿਹਾ ਹੈ। ਤੁਸਾਂ ਅਜ ਹੀ ਟ੍ਰੀਬਿਊਨ ਵਿਚ ਪੜ੍ਹਿਆ ਹੋਵੇਗਾ ਕਿ ਪਟਿਆਲਾ ਡਵੀਜ਼ਨ ਦੇ ਲੋਕਾਂ ਨੇ ਛਪੜਾਂ ਨਾਲ ਆਬਪਾਸ਼ੀ ਸ਼ੁਰੂ ਕਰ ਦਿਤੀ ਹੈ ਉਹ ਕਹਿੰਦੇ ਹਨ ਕਿ ਲਿਵਿੰਗ ਮੈਮੋਰੀ ਵਿਚ ਅਜਿਹੀਆਂ ਕੰਡੀਸ਼ਨਜ਼ ਕਦੇ ਨਹੀਂ ਹੋਈਆਂ ਸਨ ਜਿਹੜੀਆਂ ਇਸ ਵੇਲੇ ਸਾਰੀ ਪਟਿਆਲਾ ਡਵੀਜ਼ਨ ਵਿਚ ਵੇਖਣ ਵਿਚ ਆ ਰਹੀਆਂ ਹਨ। ਜ਼ਿਮੀਂਦਾਰ ਪੈਦਾ ਕਰਨਾ ਚਾਹੁੰਦੇ ਹਨ ਉਹ ਆਪਣੇ ਵਿਤ ਤੋਂ ਬਾਹਰ ਹੋ ਕੇ ਕਮਾਈ ਕਰਦੇ ਹਨ। ਇਹ ਬੇਸ਼ਕ ਕਹੀ ਜਾਣ ਕਿ ਪੰਜਾਬ ਵਿਚ ਜ਼ਮੀਨ ਖਾਲੀ ਪਈ ਹੋਈ ਹੈ ਲੇਕਿਨ ਪੰਜਾਬ ਵਿਚ ਇਕ ਇੰਚ ਜ਼ਮੀਨ ਵੀ ਖਾਲੀ ਨਹੀਂ ਪਈ ਹੋਈ। ਕਿਉਂਕਿ ਜ਼ਿਮੀਂਦਾਰ ਇਕ ਇਕ ਇੰਚ ਜ਼ਮੀਨ ਨੂੰ ਕਾਸ਼ਤ ਕਰਨ ਦੀ ਕੋਸ਼ਸ਼ ਕਰਦਾ ਹੈ । ਕੋਈ ਵੀ ਸਜਨ ਜਾ ਕੇ ਵੇਖ

ਸਕਦਾ ਹੈ ਕਿ ਉਨ੍ਹਾਂ ਨੇ ਟਿੱਬੇ ਵੀ ਵਾਹ ਕੇ ਬੀਜਣ ਦੀ ਕੋਸ਼ਸ਼ ਕੀਤੀ ਹੋਈ ਹੈ। ਉਨ੍ਹਾਂ ਵਲੋਂ ਕੋਈ ਕਸਰ ਨਹੀਂ ਰਹਿੰਦੀ ਪਰ ਉਨ੍ਹਾਂ ਨੂੰ ਖਾਦ ਨਹੀਂ ਮਿਲਦੀ ਉਨ੍ਹਾਂ ਨੂੰ ਪਾਣੀ ਨਹੀਂ ਮਿਲਦਾ। ਉਹ ਵਿਚਾਰੇ ਕੀ ਕਰਨ । ਸਗੋਂ ਉਨ੍ਹਾਂ ਦੀ ਮਾਯੂਸੀ ਤੋਂ ਫਾਇਦਾ ਉਠਾਉਂਦਿਆਂ ਹੋਇਆਂ ਇਹੋ ਜਿਹੇ ਬਿਲ ਲਿਆ ਕੇ ਉਨ੍ਹਾਂ ਤੇ ਤਸ਼ੱਦਦ ਕੀਤਾ ਜਾਂਦਾ ਹੈ ਉਨ੍ਹਾਂ ਨੂੰ ਮਜ਼ਬੂਰ ਕੀਤਾ ਜਾਂਦਾ ਹੈ ਕਿ ਉਹ ਹੋਰ ਟੈਕਸ ਪੇ ਕਰਨ। ਦੇਹਾਤ ਵਿਚ ਟੈਕਸੇਸ਼ਨ ਦੇ ਸਾਰੇ ਸਟਰਕਚਰ ਨੂੰ ਐਗਜ਼ਾਮਿਨ ਕਰਨ ਦੀ ਲੋੜ ਹੈ। ਅਪੋਜ਼ੀਸ਼ਨ ਵਲੋਂ ਤਜਵੀਜ਼ ਆਈ ਸੀ, ਮੈਂ ਸਮਝਦਾ ਹਾਂ ਕਿ ਇਸ ਦੇ ਉਪਰ ਕਈਆਂ ਸਾਲਾਂ ਤੋਂ ਵਿਚਾਰ ਕੀਤਾ ਜਾ ਰਿਹਾ ਹੈ, ਇਥੇ ਵੱਡੇ ਵੱਡੇ ਵਾਇਦੇ ਕੀਤੇ ਗਏ ਸਨ, ਸ਼ੇਖੀਆਂ ਭਗਾਰੀਆਂ ਗਈਆਂ ਸਨ ਕਿ ਪੰਜ ਏਕੜ ਤਕ ਮਾਲੀਆ ਮਾਫ ਕਰ ਦੇਣਾ ਹੈ। ਮੈਂ ਸਮਝਦਾ ਹਾਂ ਇਹ ਬਿਲਕੁਲ ਠੀਕ ਤਜਵੀਜ਼ ਹੈ। ਕੋਈ ਵਜਾਹ ਨਹੀਂ ਹੈ ਕਿ ਐਗਰੀਕਲਚਰ ਤੇ ਇਨਕਮਟੈਕਸ ਨਾ ਲਗਾਇਆ ਜਾਵੇ। ਇਸ ਤੋਂ ਜ਼ਿਆਦਾ ਰੀਜ਼ਨੇਬਲ ਬਾਤ ਹੋਰ ਕੋਈ ਨਹੀਂ ਹੋ ਸਕਦੀ। ਸਾਰੇ ਟੈਕਸੇਸ਼ਨ ਸਟਰਕਚਰ ਨੂੰ ਚੇਂਜ ਕਰਕੇ ਇਨਕਮ ਟੈਕਸ ਆਇਦ ਕਰੋ । ਇਕੋ ਟੈਕਸ ਸਭ ਤੇ ਹੋ ਜਾਵੇਗਾ। ਟੈਕਸੇਸ਼ਨ ਵਿਚ ਸਿੰਪਲੀਫਿਕੇਸ਼ਨ ਬਿਲਕੁਲ ਨਹੀਂ ਹੈ। ਟੈਕਸ ਆਫਟਰ ਟੈਕਸ ਲਗਾ ਕੇ ਹੋਰ ਵੀ ਇਸ ਨੂੰ ਕੰਨਫਿਊਜ਼ਡ ਬਣਾਇਆ ਜਾ ਰਿਹਾ ਹੈ। ਰੈਸ਼ਨਲਾਈਜ਼ੇਸ਼ਨ ਜਾਂ ਸਿੰਪਲੀਫੀਕੇਸ਼ਨ ਲਿਆਉਣ ਦੀ ਕੋਈ ਤਜਵੀਜ਼ ਨਹੀਂ ਲਿਆਂਦੀ ਜਾ ਰਹੀ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਗੌਰਮਿੰਟ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਹ ਬਿਲ ਅਗਲੇ ਸਾਲ ਫਿਰ ਲਿਆਂਦਾ ਜਾ ਸਕਦਾ ਹੈ ਅਜੇ ਤਾਂ ਉਨ੍ਹਾਂ ਪੇ ਕਰਨਾ ਹੈ ਭਾਵੇਂ ਉਨ੍ਹਾਂ ਦੀ ਫਸਲ ਨਹੀਂ ਹੋ ਰਹੀ, ਕਹਿਤ ਪਿਆ ਹੋਇਆ ਹੈ, ਕਾਲ ਪਿਆ ਹੋਇਆ ਹੈ, ਫਿਰ ਵੀ ਉਨ੍ਹਾਂ ਪੇ ਕਰਨਾ ਹੈ । ਇਸ ਲਈ ਮੈਂ ਦੋਬਾਰਾ ਅਰਜ਼ ਕਰਦਾ ਹਾਂ ਕਿ ਇਸ ਗਲ ਦਾ ਖਿਆਲ ਕਰਦੇ ਹੋਇਆਂ ਇਸ ਨੂੰ ਮਾਰਜ਼ੇ ਇਲਤਵਾ ਵਿਚ ਪਾ ਦਿਉ।

ਬਿਜਲੀ ਦੇ ਸਿਲਸਿਲੇ ਵਿਚ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਨੇ ਪ੍ਰੈਸ ਵਾਲਿਆਂ ਨੂੰ ਇਹ ਕਿਹਾ ਸੀ

"The responsibility of the construction of the Beas Dam should be entirely of the Centre."

ਪਰ ਇਸ ਵਕਤ ਤਕ ਕੋਈ ਸੀਰੀਅਸ ਅਟੈਂਪਟ ਇਸ ਕੰਮ ਲਈ ਨਹੀਂ ਕੀਤੀ ਗਈ। ਇਹ ਪੰਜਾਬ ਦਾ ਮੋਸਟ ਇੰਮਪਾਰਟੈਂਟ ਪ੍ਰੋਜੈਕਟ ਹੈ ਪੰਜਾਬ ਨੂੰ ਇਸ ਤੋਂ ਫਾਇਦਾ ਪਹੁੰਚਣਾ ਸੀ। ਜੇਕਰ ਇਹ ਬਣਿਆ ਹੁੰਦਾ ਤਾਂ ਜਿਹੜੀ ਤਕਲੀਫ ਇਸ ਵੇਲੇ ਆ ਰਹੀ ਹੈ, ਇਹ ਨਹੀਂ ਆਉਂਦੀ। ਇਸ ਵਕਤ ਟੀਊਬਵੈਲਾਂ ਲਈ ਬਿਜਲੀ ਨਹੀਂ ਮਿਲ ਰਹੀ, ਕਾਰਖਾਨਿਆਂ ਲਈ ਬਿਜਲੀ ਨਹੀਂ ਮਿਲ ਰਹੀ। ਇੰਡਸਟਰੀ ਅਤੇ ਐਗਰੀਕਲਚਰ ਦੋਨੋਂ ਸਫਰ ਕਰ ਰਹੀਆਂ ਹਨ । ਪਰ ਇਸ ਨੂੰ ਕੋਈ ਪ੍ਰਾਇਰਟੀ ਨਹੀਂ ਦਿਤੀ ਜਾ ਰਹੀ ਸਗੋਂ ਲਮਕਾਇਆ ਜਾ ਰਿਹਾ ਹੈ। ਬਿਆਸ ਤੇ ਗੋਬਿੰਦ ਸਾਗਰ ਲਿੰਕ ਨੂੰ ਮੁਕੰਮਲ ਕਰਨ ਦੀ ਕੋਸ਼ਸ਼ ਕੀਤੀ ਜਾਂਦੀ ਤਾਂ ਬਿਜਲੀ ਦੀ ਸ਼ਾਰਟੇਜ ਨਾ ਹੁੰਦੀ। ਗੋਬਿੰਦ ਸਾਗਰ ਵਿਚ ਪਾਣੀ ਦਾ ਲੈਵਲ ਨਾ ਘਟ ਹੁੰਦਾ। ਬਿਆਸ ਡੈਮ ਤੋਂ ਪੰਜਾਬ ਵਿਚ 15 ਤੋਂ 20 ਫੀ ਸਦੀ ਨੂੰ ਫਾਇਦਾ ਪਹੁੰਚਣਾ ਸੀ ਕੋਈ ਵਜਾਹ ਨਹੀਂ ਹੈ ਕਿ ਸੈਂਟਰ ਉਪਰ ਪ੍ਰੈਸ਼ਰ ਪਾ ਕੇ ਇਸ ਸਕੀਮ ਨੂੰ ਉਨ੍ਹਾਂ ਦੇ ਹਵਾਲੇ ਨਾ ਕੀਤਾ ਜਾਵੇ। ਪੰਜਾਬ ਦੀ ਸਾਰੀ ਤਵਜੁਹ ਇਸ ਲਿੰਕ ਉਤੇ ਲਗਣੀ ਚਾਹੀਦੀ ਹੈ ਤਾਕਿ ਇਰੀਗੇਸ਼ਨ ਸਫਰ ਨਾ ਕਰੇ। ਇਰੀਗੇਸ਼ਨ ਕਿਸ ਤਰ੍ਹਾਂ ਸਫਰ ਕਰਦੀ ਹੈ ? ਇਰੀਗੇਸ਼ਨ ਵਾਸਤੇ ਪਾਣੀ ਗੋਬਿੰਦ ਸਾਗਰ ਤੋਂ ਲੈਣਾ ਹੈ ਔਰ ਜਦੋਂ ਪਾਣੀ ਦਾ ਲੈਵਲ ਉਥੇ ਥਲੇ ਚਲਾ ਜਾਂਦਾ ਹੈ ਤਾਂ ਬਿਜਲੀ ਦੀ ਪੈਦਾਵਾਰ ਘਟ ਹੋ ਜਾਂਦੀ ਹੈ। ਉਸ ਕਮੀ ਨੂੰ ਪੂਰਾ ਕਰਨ ਲਈ ਹੀ ਇਹ ਲਿੰਕ ਪ੍ਰੋਵਾਈਡ ਕੀਤਾ ਗਿਆ ਹੈ। ਜਿਸ ਤਰ੍ਹਾਂ ਨਾਲ ਉਥੇ ਕੰਮ ਹੋ ਰਿਹਾ ਹੈ, ਨਾ ਮਾਲੂਮ ਕਿਤਨੇ ਸਾਲ ਲਗ ਜਾਣ। ਇਸ ਲਈ ਮੈਂ ਇਸ ਪਾਸੇ ਵਲ ਗੌਰਮੈਂਟ ਦਾ ਖ਼ਾਸ ਤੌਰ ਤੇ ਧਿਆਨ ਦਵਾਉਂਦਾ ਹੋਇਆ ਮਨਿਸਟਰ ਸਾਹਿਬ ਦੀ ਸੇਵਾ ਵਿਚ ਅਰਜ਼ ਕਰਦਾ ਹਾਂ ਕਿ ਇਸ ਬਿਲ ਨੂੰ ਅਗਲੇ ਸੈਸ਼ਨ

[ਸਰਦਾਰ ਗਿਆਨ ਸਿੰਘ ਰਾੜੇਵਾਲਾ]
ਤਕ ਅਲਤਵਾ ਵਿਚ ਪਾ ਦਿਤਾ ਜਾਵੇ। ਤੁਸੀਂ ਇਸ ਨੂੰ ਵਿਦਹੋਲਡ ਕਰ ਲਉ, ਇਸ ਨੂੰ ਸਸਪੈਂਡ ਕਰ ਦਿਉ, ਇਹੋ ਮੇਰੀ ਬਾਰ ਬਾਰ ਪ੍ਰਾਰਥਨਾ ਹੈ।

ਸਰਦਾਰ ਕੁਲਬੀਰ ਸਿੰਘ (ਫਿਰੋਜ਼ਪੁਰ): ਜਨਾਬ ਚੇਅਰਮੈਨ ਸਾਹਿਬ, ਸਾਡੇ ਸਾਹਮਣੇ ਜਿਹੜਾ ਕਮਰਸ਼ਲ ਕਰਾਪਸ ਉਤੇ ਸੈਸ ਹੈ ਉਸ ਨੂੰ ਐਕਸਟੈਂਡ ਕਰਨ ਵਾਸਤੇ ਜਿਹੜਾ ਬਿਲ ਆਇਆ ਹੈ, ਇਸ ਨੂੰ ਲਿਆਉਣ ਤੋਂ ਪਹਿਲਾਂ ਸਰਕਾਰ ਨੂੰ ਇਹ ਸੋਚਣਾ ਚਾਹੀਦਾ ਸੀ ਕਿ ਇਸ ਵੇਲੇ ਕਿਸਾਨਾਂ ਦੀ ਹਾਲਤ ਕੀ ਹੈ? ਇਸ ਵੇਲੇ ਉਨ੍ਹਾਂ ਉਤੇ ਬੇਸ਼ੁਮਾਰ ਕਿਸਮ ਦੇ ਟੈਕਸ ਲਗੇ ਹੋਏ ਹਨ ਔਰ ਉਨ੍ਹਾਂ ਟੈਕਸਾਂ ਬਾਰੇ ਉਨ੍ਹਾਂ ਨੂੰ ਰੈਸ਼ਨਲਾਈਜ਼ ਕਰਨ ਵਾਸਤੇ ਅਜੇ ਤਕ ਕੋਈ ਇੰਕੁਆਇਰੀ ਨਹੀਂ ਕੀਤੀ ਗਈ। ਇਹ ਵੀ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਕਿ ਆਇਆ ਕਿਸਾਨਾਂ ਵਿਚ ਮੌਜੂਦਾ ਟੈਕਸਾਂ ਨੂੰ ਬਰਦਾਸ਼ਤ ਕਰਨ ਦੀ ਕੈਪੈਸਿਟੀ ਵੀ ਹੈ ਜਾਂ ਨਹੀਂ। ਮਿਸਾਲ ਦੇ ਤੌਰ ਤੇ ਲੈਂਡ-ਰੈਵੀਨੀਊ ਹੈ—ਇਹ ਬੜਾ ਪੁਰਾਣਾ ਟੈਕਸ ਹੈ। ਇਸ ਲੈਂਡ ਰੈਵੀਨਿਊ ਉਤੇ ਸਰਚਾਰਜ ਵੀ ਲਗਿਆ, ਸਪੈਸ਼ਲ ਸਰਚਾਰਜ ਲਗਿਆ, ਐਡੀਸ਼ਨਲ ਡਿਊਟੀ ਲਗਾਈ ਗਈ, ਆਬਿਆਨਾ ਵੀ ਲਗਾਇਆ ਗਿਆ ਮਗਰ ਲੈਂਡ ਰੈਵੀਨੀਊ ਦੀ ਤਸ਼ਖੀਸ ਅਜ ਤਕ ਨਹੀਂ ਕੀਤੀ ਗਈ ਕਿ ਕੀ ਹੁਣ ਜ਼ਮੀਂਦਾਰ ਤਬਕਾ ਇਸ ਨੂੰ ਬਰਦਾਸ਼ਤ ਕਰਨ ਦੇ ਕਾਬਲ ਭੀ ਹੈ ਜਾਂ ਨਹੀਂ। ਉਜਲ ਸਿੰਘ ਕਮੇਟੀ ਬਣੀ। ਉਸ ਦੀ ਰਿਪੋਰਟ ਅਜ ਤਕ ਸਾਡੇ ਸਾਹਮਣੇ ਨਹੀਂ ਆਈ। ਪਰ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਇਸ ਗੱਲ ਉਤੇ ਜ਼ੋਰ ਦਿਤਾ ਹੈ ਕਿ ਕਾਸਟ ਆਫ ਪ੍ਰੋਡਕਸ਼ਨ ਨੂੰ ਕੰਸਿਡਰੇਸ਼ਨ ਵਿਚ ਲਿਆ ਜਾਣਾ ਚਾਹੀਦਾ ਹੈ। ਅਜ ਤਕ ਦੁਨੀਆਂ ਦੀ ਕਿਸੇ ਇੰਡਸਟਰੀ ਉਤੇ ਕੰਮ ਸ਼ੁਰੂ ਨਹੀਂ ਕੀਤਾ ਗਿਆ ਜਿਸ ਬਾਰੇ ਪਹਿਲਾਂ ਹੀ ਇਹ ਨਾ ਵੇਖ ਲਿਆ ਗਿਆ ਹੋਵੇ ਕਿ ਉਸ ਉਤੇ ਖਰਚ ਕਿਤਨਾ ਪੈਂਦਾ ਹੈ, ਕੰਮ ਕਰਨ ਵਾਲੇ ਨੂੰ ਕੀ ਬਚਦਾ ਹੈ। ਜਦ ਤਕ ਇਹ ਚੀਜ਼ਾਂ ਨਾ ਵੇਖ ਲਈਆਂ ਜਾਣ ਤਦ ਤਕ ਉਸ ਇੰਡਸਟਰੀ ਬਾਰੇ ਟੈਕਸੇਸ਼ਨ ਦਾ ਕੋਈ ਢਾਂਚਾ ਨਹੀਂ ਖੜਾ ਕੀਤਾ ਜਾਂਦਾ। ਬਦਕਿਸਮਤੀ ਨਾਲ ਕਿਸਾਨ ਉਤੇ ਇਤਨਾ ਬੋਝ ਹੈ ਕਿ ਉਸ ਦੀ ਜਿਹੜੀ ਮਿਹਨਤ ਹੈ ਉਸ ਦਾ ਅਜ ਤਕ ਕੋਈ ਖਿਆਲ ਨਹੀਂ ਕੀਤਾ ਜਾਂਦਾ ਰਿਹਾ। ਲੈਂਡ ਰੈਵੀਨੀਊ ਦਾ ਜਿਹੜਾ ਮੌਜੂਦਾ ਢਾਂਚਾ ਹੈ ਉਸ ਵਿਚ ਕਿਸਾਨ ਜਿਹੜਾ ਜਿਸਮਾਨੀ ਕੰਮ ਕਰਕੇ ਮਿਹਨਤ ਕਰਦਾ ਹੈ ਉਸ ਨੂੰ ਕਿਸੇ ਸ਼ਕਲ ਵਿਚ ਨਹੀਂ ਗਿਣਿਆ ਜਾਂਦਾ। ਹਾਲਾਂਕਿ ਜਿਹੜਾ ਮਾਮਲਾ ਹੈ, ਇਹ ਜ਼ਮੀਨ ਦੀ ਆਮਦਨੀ ਉਤੇ ਟੈਕਸ ਹੈ ਔਰ ਉਸ ਦੇ ਇਕ ਚੌਥਾਈ ਤੋਂ ਜ਼ਿਆਦਾ ਸਰਕਾਰ ਕਿਸੇ ਵੀ ਹਾਲਤ ਵਿਚ ਨਹੀਂ ਲੈ ਸਕਦੀ ਲੇਕਿਨ ਅਜ ਉਸ 1/4 ਨੂੰ ਅਸੈਸ ਕਰਨ ਵਾਸਤੇ ਕਾਸਟ ਆਫ ਪ੍ਰੋਡਕਸ਼ਨ ਨੂੰ ਨਹੀਂ ਗਿਣਿਆ ਜਾਂਦਾ, ਕਿਸਾਨ ਦੀ ਮਿਹਨਤ ਨੂੰ ਨਹੀਂ ਗਿਣਿਆ ਜਾਂਦਾ। ਸਾਰੀ ਫਸਲ ਨੂੰ ਮੁਨਾਫਾ ਹੀ ਮੁਨਾਫਾ ਸਮਝ ਕੇ ਲਗਾਇਆ ਜਾਂਦਾ ਹੈ। ਉਸ ਨੂੰ ਬੁਨਿਆਦ ਰਖ ਕੇ ਹੋਰ ਟੈਕਸ ਲਗਾਏ ਜਾਂਦੇ ਹਨ, ਇਕ ਦੇ ਉਪਰ ਦੂਸਰਾ, ਦੂਸਰੇ ਉਪਰ ਤੀਸਰਾ ਟੈਕਸ ਲਗਾਇਆ ਜਾਂਦਾ ਹੈ ਔਰ ਫੇਰ ਉਨ੍ਹਾਂ ਟੈਕਸਾਂ ਬਾਰੇ ਕਦੇ ਵੀ ਇਸ ਗਲ ਦੀ ਇਨਕੁਆਇਰੀ ਨਹੀਂ ਕੀਤੀ ਜਾਂਦੀ ਕਿ ਕਿਸਾਨ ਉਨ੍ਹਾਂ ਨੂੰ ਦੇ ਵੀ ਸਕਦਾ ਹੈ ਜਾਂ ਨਹੀਂ। ਚਾਹੀਦਾ ਤਾਂ ਇਹ ਸੀ ਕਿ ਕੋਈ ਟੈਕਸ ਰੈਸ਼ਨਲਾਈਜ਼ੇਸ਼ਨ ਕਮੇਟੀ ਬਣਾਈ ਜਾਂਦੀ, ਉਸ ਦੇ ਵਿਚ ਹਾਊਸ ਦੇ ਮੈਂਬਰ ਵੀ ਸ਼ਾਮਲ ਹੁੰਦੇ, ਕੁਝ ਇਕਨਾਮਿਕ ਐਕਸਪਰਟਸ ਹੁੰਦੇ, ਜਿਹੜੀ ਜ਼ਿਮੀਂਦਾਰਾਂ ਉਤੇ ਜਿਤਨੇ ਵੀ ਟੈਕਸ ਹਨ ਉਨ੍ਹਾਂ ਸਾਰਿਆਂ ਦੀ ਜਾਂਚ ਪੜਤਾਲ ਕਰਦੀ ਔਰ ਉਸ ਤੋਂ ਬਾਅਦ ਕਿਸੇ ਨਤੀਜੇ ਉਤੇ ਪੁਜਦੀ। ਪਰ ਇਥੇ ਹੁੰਦਾ ਕੀ ਹੈ? ਕਮੇਟੀਆਂ ਬਣਾਈਆਂ ਜਾਂਦੀਆਂ ਹਨ। ਉਨ੍ਹਾਂ ਦੀਆਂ ਰਿਪੋਰਟਾਂ ਰਖੀਆਂ ਜਾਂਦੀਆਂ ਹਨ। ਮਿਸਾਲ ਦੇ ਤੌਰ ਤੇ ਉਜਲ ਸਿੰਘ ਕਮੇਟੀ ਹੈ। ਜਿਵੇਂ ਮੈਂ ਹੁਣੇ ਅਰਜ਼ ਕੀਤੀ ਹੈ, ਉਸ ਕਮੇਟੀ ਨੇ ਕਿਹਾ ਕਿ ਕਾਸਟ ਆਫ ਪ੍ਰੋਡਕਸ਼ਨ ਨੂੰ ਵੀ ਅਸੈਸ ਕਰਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਬੈਟਰਮੈਂਟ ਲੈਵੀ ਦੀ ਕਮੇਟੀ ਸਰਦਾਰ ਦਰਬਾਰਾ ਸਿੰਘ ਦੀ ਕਮੇਟੀ ਬਣੀ। ਉਸ ਦੀ ਰਿਪੋਰਟ ਨੂੰ ਵੀ ਪਬਲਿਸ਼ ਨਹੀਂ ਕੀਤਾ ਗਿਆ। ਸਮਝ ਨਹੀਂ ਆਉਂਦੀ ਕਿ ਕਮੇਟੀਆਂ ਵੀ ਬਣਾਈਆਂ

ਜਾਂਦੀਆਂ ਹਨ ਪਰ ਉਨ੍ਹਾਂ ਦੀਆਂ ਰਿਪੋਰਟਾਂ ਨੂੰ ਕਿਉਂ ਪਬਲਿਸ਼ ਨਹੀਂ ਕੀਤਾ ਜਾਂਦਾ ਔਰ ਬਗੈਰ ਸੋਚੇ ਸਮਝੇ ਟੈਕਸ ਉਤੇ ਟੈਕਸ ਲਗਾਇਆ ਜਾਂਦਾ ਹੈ।

ਚੇਅਰਮੈਨ ਸਾਹਿਬ, ਕਿਹਾ ਜਾਂਦਾ ਹੈ ਜੈ ਜਵਾਨ ਜੈ ਕਿਸਾਨ। ਜੈ ਜਵਾਨ ਜੈ ਕਿਸਾਨ ਦਾ ਨਾਅਰਾ ਲਗਾਇਆ ਜਾਂਦਾ ਹੈ। ਇਹ ਨਾਅਰਾ ਦਰ ਅਸਲ ਇਕ ਹੀ ਹੈ, ਇਸ ਦੇ ਦੋ ਹਿੱਸੇ ਹਨ। ਜਿਹੜਾ ਕਿਸਾਨ ਦਾ ਬੇਟਾ ਖੇਤੀ ਕਰਨ ਵਾਲਾ ਹੈ ਉਹੀ ਦੇਸ਼ ਦੀ ਰਾਖੀ ਕਰਨ ਲਈ ਫੌਜ ਦਾ ਸਿਪਾਹੀ ਬਣਦਾ ਹੈ ਇਸ ਵਾਸਤੇ ਤੁਸੀਂ ਅੰਦਾਜ਼ਾ ਲਗਾਉ ਕਿ ਜੇਕਰ ਕਿਸਾਨ ਉਤੇ ਮਾਲੀ ਤੌਰ ਤੇ ਐਨਾ ਜ਼ਿਆਦਾ ਬੋਝ ਪਾਇਆ ਜਾਵੇ ਜਿਸ ਦੇ ਥਲੇ ਉਹ ਚੂਰ ਚੂਰ ਹੋ ਜਾਵੇ ਤਾਂ ਮੁਲਕ ਕਿਵੇਂ ਕਾਇਮ ਰਹਿ ਸਕਦਾ ਹੈ? ਅਜ ਜਦ ਫੌਜ ਵਿਚ ਭਰਤੀ ਹੁੰਦੀ ਹੈ ਤਾਂ ਭਰਤੀ ਵਾਲੇ ਦਫਤਰ ਵਿਚ ਦੋ ਦੋ ਹਜ਼ਾਰ ਆਦਮੀ ਪੁਜਦੇ ਹਨ ਪਰ ਮੁਸ਼ਕਲ ਨਾਲ ਉਨ੍ਹਾਂ ਵਿਚੋਂ ਦਸ ਦਸ ਬਾਰਾਂ ਬਾਰਾਂ ਆਦਮੀ ਹੀ ਸਪੈਸਿਫੀਕੇਸ਼ਨਜ਼ ਦੇ ਮੁਤਾਬਕ ਚੁਣੇ ਜਾਂਦੇ ਹਨ। ਉਨ੍ਹਾਂ ਦੀ ਛਾਤੀ ਦੀ ਚੌੜਾਈ ਦਿਨੋਂ ਦਿਨ ਘਟ ਹੁੰਦੀ ਜਾ ਰਹੀ। ਤੁਸੀਂ ਅੰਦਾਜ਼ਾ ਲਗਾਉ ਕਿ ਜੇ ਮਾਲੀ ਔਰ ਜਿਸਮਾਨੀ ਤੌਰ ਤੇ ਇਹ ਕਲਾਸ ਖਤਮ ਹੁੰਦੀ ਚਲੀ ਗਈ, ਕਮਜ਼ੋਰ ਹੁੰਦੀ ਚਲੀ ਗਈ ਤਾਂ ਮੁਲਕ ਕਿਥੋਂ ਜ਼ਿੰਦਾ ਰਹਿ ਸਕੇਗਾ? ਇਹ ਸੋਚਣ ਵਾਲੀ ਗਲ ਹੈ ਕਿ "ਜੈ ਜਵਾਨ ਜੈ ਕਿਸਾਨ" ਦਾ ਨਾਅਰਾ ਕਾਮਯਾਬ ਨਹੀਂ ਹੋਣ ਲਗਾ ਜੇਕਰ ਕਿਸਾਨ ਦੀਆਂ ਜ਼ਰੂਰਤਾਂ ਵਲ ਧਿਆਨ ਨਾ ਰਖਿਆ ਗਿਆ। ਕਿਸਾਨਾਂ ਉਪਰ ਜਿਹੜੇ ਕਈ ਕਿਸਮ ਦੇ ਟੈਕਸ ਲਗੇ ਹੋਏ ਹਨ ਇਨ੍ਹਾਂ ਦਾ ਜਾਇਜ਼ਾ ਲੈਣ ਲਈ ਸਰਕਾਰ ਨੂੰ ਇਕ ਕਮੇਟੀ ਬਨਾਉਣੀ ਚਾਹੀਦੀ ਹੈ ਉਸ ਵਿਚ ਇਨ੍ਹਾਂ ਸਾਰੀਆਂ ਗੱਲਾਂ ਉਪਰ ਪੂਰੀ ਗੰਭੀਰਤਾ ਨਾਲ ਸੋਚ ਵਿਚਾਰ ਕਰਨੀ ਚਾਹੀਦੀ ਹੈ। ਮਿਸਾਲ ਦੇ ਤੌਰ ਤੇ ਤਿੰਨ ਚੀਜ਼ਾਂ ਹਨ—

(1) ਮਿਹਨਤ
(2) ਪਾਣੀ ਔਰ
(3) ਖਾਦ

ਇਹ ਤਿੰਨੇ ਚੀਜ਼ਾਂ ਖੇਤੀ ਵਿਚ ਬੜੀਆਂ ਮੁਢਲੀਆਂ ਹਨ। ਜਿਥੋਂ ਤਕ ਖਾਦ ਦਾ ਤਅਲੱਕ ਹੈ ਸੈਂਟਰਲ ਗੌਰਮੈਂਟ ਖਾਦ ਉਤੇ ਪੰਜ ਰੁਪੈ ਫੀ ਬੋਰੀ ਮੁਨਾਫਾ ਲੈ ਰਹੀ ਹੈ, ਹੁਣ ਪੰਜਾਬ ਗੌਰਮੈਂਟ ਨੇ ਵੀ ਇਸ ਦੀ ਕੀਮਤ ਦੋ ਰੁਪੈ ਵਧਾ ਦਿਤੀ ਹੈ। ਰੇਟਸ ਵਧ ਗਏ ਹਨ। ਇਹੀ ਕਿਸਾਨਾਂ ਨਾਲ ਰਿਆਇਤ ਕੀਤੀ ਜਾ ਰਹੀ ਹੈ ਕਿਉਂਕਿ ਗੰਨੇ ਦੀ ਜ਼ਿਆਦਾ ਪੈਦਾਵਾਰ ਕਰਨੀ ਹੈ। ਜਿਹੜਾ ਕਿਸਾਨ-ਮੁਲਕ ਨੂੰ ਫਾਰਿਨ ਐਕਸਚੇਂਜ ਪੈਦਾ ਕਰਕੇ ਦਿੰਦਾ ਹੈ, ਜਿਹੜਾ ਖੇਤ ਵਿਚ ਮਿਹਨਤ ਕਰਕੇ ਤੁਹਾਡੇ ਵਾਸਤੇ ਅੰਨ ਪੈਦਾ ਕਰਦਾ ਹੈ ਉਸੇ ਉਤੇ ਜ਼ਿਆਦਾ ਤੋਂ ਜ਼ਿਆਦਾ ਬੋਝ ਪਾਇਆ ਜਾ ਰਿਹਾ ਹੈ। ਖਾਦ ਤੋਂ ਬਾਅਦ ਦੂਜੀ ਜ਼ਰੂਰਤ ਪਾਣੀ ਦੀ ਹੈ। ਪਾਣੀ ਦੇ ਬਾਰੇ , ਜਿਸ ਤਰ੍ਹਾਂ ਅਸੀਂ ਵੇਖ ਰਹੇ ਹਾਂ, ਹਰ ਰੋਜ਼ ਅਸੈਂਬਲੀ ਵਿਚ ਸਵਾਲ ਹੁੰਦੇ ਹਨ। ਹਜ਼ਾਰਾਂ ਟਿਊਬਵੈਲਜ਼ ਪਿਛਲੇ ਸਾਲਾਂ ਵਿਚ ਲਗਾਏ ਗਏ ਹਨ ਲੇਕਿਨ ਬਿਜਲੀ ਨਾ ਮਿਲਣ ਕਰਕੇ ਉਹ ਖੜ੍ਹੇ ਹਨ ਲੋਕਾਂ ਨੇ ਤਕਾਵੀਆਂ ਲਈਆਂ, ਕਰਜ਼ੇ ਲਏ। ਕਰਜ਼ਿਆਂ ਦੀ ਮਿਆਦ ਵੀ ਖਤਮ ਹੋ ਗਈ ਹੈ। ਤਕਾਵੀਆਂ ਦੀਆਂ ਕਿਸ਼ਤਾਂ ਦੀ ਅਦਾਇਗੀ ਦਾ ਵਕਤ ਆ ਗਿਆ ਹੈ ਲੇਕਿਨ ਟਿਊਬਵੈਲਜ਼ ਕੰਮ ਨਹੀਂ ਕਰ ਰਹੇ, ਚਲ ਨਹੀਂ ਰਹੇ। ਜਿਸ ਵੇਲੇ ਤਕਾਵੀ ਦੀ ਵਸੂਲੀ ਵਾਸਤੇ ਬੰਦਾ ਪੁਜਦਾ ਹੈ ਤਾਂ ਉਸ ਤੋਂ ਲੁਕਦੇ ਫਿਰਦੇ ਹਨ ਔਰ ਪੈਸੇ ਦੇ ਦਵਾ ਕੇ ਉਸ ਤੋਂ ਖਲਾਸੀ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਐਸਾ ਕਿਉਂ ਹੁੰਦਾ ਹੈ? ਜਿਥੇ ਇੰਡਸਟਰੀ ਦੇਸ਼ ਦੀ ਖੁਸ਼ਹਾਲੀ ਵਾਸਤੇ ਜ਼ਰੂਰੀ ਹੈ ਉਥੇ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਹੜਾ ਦੇਸ਼ ਦਾ ਇਕਨਾਮਿਕ ਢਾਂਚਾ ਹੈ ਉਸ ਦੀ ਬੁਨਿਆਦ ਖੇਤੀ ਉਤੇ ਨਿਰਭਰ ਕਰਦੀ ਹੈ ਔਰ ਦੂਜੇ ਦਰਜੇ ਉਤੇ ਇੰਡਸਟਰੀ ਆਉਂਦੀ ਹੈ। ਲੇਕਿਨ ਜਿਸ ਗਲ ਉਤੇ ਫਸਟ ਪ੍ਰਾਇਰਟੀ

[ਸਰਦਾਰ ਕੁਲਬੀਰ ਸਿੰਘ]

ਦਿੱਤੀ ਜਾਣੀ ਚਾਹੀਦੀ ਹੈ ਉਹੀ ਸੋਰਸ ਠੀਕ ਤੌਰ ਤੇ ਵਰਕ ਨਾ ਕਰੇ ਤਾਂ ਇੰਡਸਟਰੀ ਕਿਸ ਕੰਮ ਆਏਗੀ ? ਮੁਲਕ ਨੂੰ ਜ਼ਿੰਦਾ ਰਖਿਆ ਜਾ ਸਕਦਾ ਹੈ, ਖੁਦ ਦਾਰੀ ਨਾਲ ਔਰ ਕੌਮੀਅਤ ਨਾਲ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਥੇ ਭੁੱਖ ਹੀ ਭੁੱਖ ਹੋਵੇ ਉਥੇ ਇਹ ਦੋਵੇਂ ਚੀਜ਼ਾਂ ਕਿਵੇਂ ਆ ਸਕਦੀਆਂ ਹਨ।

ਤੀਸਰੀ ਗਲ ਇਹ ਹੈ ਕਿ ਕਿਸਾਨ ਉਤੇ ਕਰਜ਼ਾ ਵਧਦਾ ਜਾ ਰਿਹਾ ਹੈ ਔਰ ਇਸ ਦੇ ਨਤੀਜੇ ਦੇ ਤੌਰ ਤੇ ਉਸ ਦੀ ਹਾਲਤ ਮਾਲੀ ਤੌਰ ਤੇ ਬੜੀ ਖਰਾਬ ਹੋ ਰਹੀ ਹੈ। ਤਕਾਵੀ ਦੇਣ ਦਾ ਮੌਕਾ ਹੋਵੇ, ਫਸਲ ਦੇ ਬੀਜਣ ਦਾ ਔਰ ਫਸਲ ਦੀ ਕਟਾਈ ਦਾ ਮੌਕਾ ਹੋਵੇ ਤਾਂ ਧਿਆਨ ਕਰੋ ਕਿਸ ਤਰ੍ਹਾਂ ਅਫਸਰ ਬਗੈਰ ਮੌਕਾ ਵੇਖੇ ਕਰਜ਼ੇ ਦੀ ਵਸੂਲੀ ਵਾਸਤੇ ਜਾਂਦੇ ਹਨ। ਜਿਵੇਂ ਮੈਂ ਪਹਿਲੇ ਅਰਜ਼ ਕੀਤੀ ਹੈ, ਉਹ ਲੁਕਦਾ ਫਿਰਦਾ ਹੈ ਔਰ ਰਿਸ਼ਵਤ ਦੇ ਕੇ ਪਿਆਦੇ ਤੋਂ ਛੁਟਕਾਰਾ ਕਰਾਉਣ ਦੀ ਕੋਸ਼ਿਸ਼ ਕਰਦਾ ਹੈ।

ਇਸ ਤੋਂ ਅਲਾਵਾ ਜਿਹੜੀਆਂ ਹੋਲਡਿੰਗਜ਼ ਹਨ ਇਹ ਦਿਨ ਬਦਿਨ ਛੋਟੀਆਂ ਹੁੰਦੀਆਂ ਚਲੀਆਂ ਜਾ ਰਹੀਆਂ ਹਨ। ਹੁਣੇ ਹੁਣੇ ਇਥੇ ਰਾੜੇਵਾਲਾ ਸਾਹਿਬ ਨੇ ਹਾਊਸ ਵਿਚ ਫਿਗਰਜ਼ ਦਿੱਤੀਆਂ ਹਨ ਇਹ ਤਾਂ ਬਹੁਤ ਪੁਰਾਣੀਆਂ ਫਿਗਰਜ਼ ਹਨ। ਪਿਛਲੇ ਦਸਾਂ ਸਾਲਾਂ ਦੇ ਵਿਚ ਇਨ੍ਹਾਂ ਵਿਚ ਹੋਰ ਵੀ ਜ਼ਿਆਦਾ ਅਜ਼ਾਫਾ ਹੋ ਚੁਕਿਆ ਹੈ। ਦਿਨ ਬਦਿਨ ਜ਼ਮੀਨ ਉਪਰ ਬੋਝ ਵਧਦਾ ਜਾ ਰਿਹਾ ਹੈ। ਹੋਲਡਿੰਗਜ਼ ਛੋਟੀਆਂ ਹੋਣ ਕਰਕੇ ਅਨਇਕਨਾਮਿਕ ਹਨ। ਤੁਸੀਂ ਆਪ ਹੀ ਸੋਚੋ ਕਿ ਜਿਥੇ ਇਸ ਕਦਰ ਅਨਇਕਨਾਮਿਕ ਹੋਲਡਿੰਗਜ਼ ਹੋਣਗੀਆਂ ਉਥੇ ਲੋਕਾਂ ਲਈ ਖੇਤੀ ਕਿਵੇਂ ਫਾਇਦੇਮੰਦ ਸਾਬਤ ਹੋ ਸਕਦੀ ਹੈ। ਇਸ ਚੀਜ਼ ਨੂੰ ਰੋਕਣ ਵਾਸਤੇ ਫੌਰੀ ਤੌਰ ਤੇ ਕਦਮ ਚੁੱਕਣ ਦੀ ਜ਼ਰੂਰਤ ਹੈ।

ਸਰਕਾਰ ਨੇ ਬੜੇ ਵਾਇਦੇ ਕੀਤੇ ਕਿ ਲੈਂਡ ਰੀਫਾਰਮਜ਼ ਹੋ ਜਾਣਗੀਆਂ. ਮੁਜ਼ਾਰਿਆਂ ਨੂੰ ਜ਼ਮੀਨਾਂ ਦਿੱਤੀਆਂ ਜਾਣਗੀਆਂ, ਕਿਸਾਨਾਂ ਨੂੰ ਇਨਸੈਂਟਿਵਜ਼ ਦਿੱਤੇ ਜਾਣਗੇ ਔਰ ਕਿਸਾਨ ਰਜ ਕੇ ਰੋਟੀ ਖਾ ਸਕੇਗਾ, ਉਸ ਨੂੰ ਪਤਾ ਲਗ ਜਾਏਗਾ ਕਿ ਮੈਂ ਮਾਲਕ ਹਾਂ ਲੇਕਿਨ ਹੁਣ ਕਈ ਸਾਲ ਹੋ ਗਏ ਹਨ 9 ਲਖ ਏਕੜ ਸਰਪਲਸ ਜ਼ਮੀਨ ਸਰਕਾਰ ਨੇ ਲਈ ਪਰ ਹੁਣ ਤਕ ਸਿਰਫ ਇਕ ਲਖ ਏਕੜ ਹੀ ਤਕਸੀਮ ਹੋ ਸਕੀ ਹੈ। ਅਜ ਤਕ ਇਸ ਕਾਨੂੰਨ ਵਿਚ ਬਾਰ ਬਾਰ ਅਮੈਂਡਮੈਂਟਸ ਆਉਂਦੀਆਂ ਰਹੀਆਂ ਹਨ ਪਰ ਜਿਸ ਮਕਸਦ ਵਾਸਤੇ ਇਹ ਲੈਂਡ ਰੀਫਾਰਮਜ਼ ਦਾ ਕਨੂੰਨ ਬਣਾਇਆ ਗਿਆ ਸੀ ਉਹ ਪੂਰਾ ਨਹੀਂ ਹੋ ਸਕਿਆ। ਮਾਲਕ ਨੂੰ ਪਤਾ ਨਹੀਂ ਕਿ ਜ਼ਮੀਨ ਮੇਰੇ ਕੋਲ ਰਹਿਣੀ ਹੈ, ਮੁਜ਼ਾਰੇ ਨੂੰ ਪਤਾ ਨਹੀਂ ਕਿ ਜ਼ਮੀਨ ਉਸ ਨੂੰ ਮਿਲਣੀ ਵੀ ਹੈ ਜਾਂ ਨਹੀਂ। ਜਦ ਹਾਲਤ ਇਹ ਹੈ ਤਾਂ ਕੋਈ ਦਿਲਚਸਪੀ ਕਿਉਂ ਲਵੇ। ਨਤੀਜਾ ਇਹ ਹੋਇਆ ਹੈ ਕਿ 12 ਸਾਲ ਦੇ ਬਾਅਦ ਵੀ ਕਿਸੇ ਨੂੰ ਪਤਾ ਨਹੀਂ ਕਿ ਉਸ ਦਾ ਮੁਸਤਕਬਿਲ ਕੀ ਹੈ ? ਅਜ ਤਕ ਕੋਈ ਮੁਸਤਕਿਲ ਗੱਲ ਨਹੀਂ ਹੋਣੀ ਤਾਂ ਉਹ ਕਿਤਨਾ ਕੁ ਮਨ ਲਗਾ ਸਕਦੇ ਹਨ। ਇਸ ਬਾਰੇ ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ। ਫਿਰ ਜਿਨ੍ਹਾਂ ਦਿਨਾਂ ਵਿਚ ਇਹ ਟੈਕਸ ਲਗਾਇਆ ਜਾ ਰਿਹਾ ਹੈ ਉਨ੍ਹਾਂ ਬਾਰੇ ਸਾਰੀ ਦੁਨੀਆਂ ਜਾਣਦੀ ਹੈ ਕਿ ਇਹ ਸਾਲ ਖੁਸ਼ਕੀ ਦਾ ਸਾਲ ਹੈ ਔਰ ਇਸ ਖੁਸ਼ਕੀ ਕਰਕੇ ਟਿਊਬਵੈਲਾਂ ਲਈ ਬਿਜਲੀ ਨਹੀਂ ਦੇ ਸਕੇ ਔਰ ਨਾ ਹੀ ਨਹਿਰਾਂ ਵਿਚ ਪਾਣੀ ਹੀ ਦੇ ਸਕੇ ਹਾਂ। ਪਿਛਲੇ ਦਿਨਾਂ ਵਿਚ ਪੰਜਾਬ ਸਰਕਾਰ ਨੇ ਐਲਾਨ ਕੀਤਾ ਸੀ ਕਿ ਇਸ ਮਹੀਨੇ ਦੇ ਸ਼ੁਰੂ ਤੋਂ ਨਹਿਰਾਂ ਵਿਚ ਪਾਣੀ ਚਾਲੂ ਰਖਿਆ ਜਾਵੇਗਾ ਔਰ ਇਹ ਐਲਾਨ 30 ਤਾਰੀਖ ਨੂੰ ਹੋਇਆ ਸੀ ਲੇਕਿਨ 30 ਤਰੀਖ ਤੋਂ ਹੀ ਨਹਿਰਾਂ ਵਿਚ ਬੰਦੀ ਹੋ ਗਈ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਇਕ ਬਟਾ ਪੰਜ ਹਿਸਾ ਜ਼ਮੀਨਾਂ ਵਿਚ ਵੀ ਬਿਜਾਈ ਨਹੀਂ ਹੋ ਸਕੀ। ਸਿਰਫ ਉਹੋ ਲੋਕ ਆਪਣੀਆਂ ਜ਼ਮੀਨਾਂ ਕਾਸ਼ਤ ਕਰ ਸਕੇ ਹਨ ਜਿਨ੍ਹਾਂ ਨੇ ਵੇਲੇ ਸਿਰ ਵਤਰ ਨੂੰ ਦਬ ਲਿਆ ਸੀ ਵਰਨਾ ਬਾਕੀ ਦੀਆਂ ਜ਼ਮੀਨਾਂ ਵਿਚ ਕਾਸ਼ਤ ਨਹੀਂ ਹੋ ਸਕੀ।

ਜਿਥੋਂ ਤਕ ਖਾਦ ਦਾ ਤਾਲੁਕ ਹੈ, ਇਕ ਤਾਂ ਇਹ ਮਹਿੰਗਾ ਹੈ ਔਰ ਸਰਕਾਰ ਇਸ ਵਿਚੋਂ ਮੁਨਾਫਾ ਕਮਾ ਰਹੀ ਹੈ ਔਰ ਇਹ ਉਹ ਸਰਕਾਰ ਕਰ ਰਹੀ ਹੈ ਜਿਹੜੀ ਆਪਣੇ ਆਪ ਨੂੰ ਇਕ ਸੋਸ਼ਲਿਸਟ ਸਰਕਾਰ ਕਹਾਉਂਦੀ ਹੈ। ਦੂਜੀ ਗੱਲ ਇਹ ਹੈ ਕਿ ਇਸ ਖਾਦ ਦੀ ਬੜੀ ਮੈਲ ਡਿਸਟ੍ਰੀ-ਬਿਊਸ਼ਨ ਹੋ ਰਹੀ ਹੈ। ਇਹ ਖਾਦ ਕਈਆਂ ਹੱਥਾਂ ਵਿਚੋਂ ਹੋ ਕੇ ਕਿਸਾਨਾਂ ਪਾਸ ਪਹੁੰਚਦੀ ਹੈ ਇਸ ਕਰਕੇ ਉਨ੍ਹਾਂ ਨੂੰ ਬੜੇ ਮਹਿੰਗੇ ਭਾ ਤੇ ਮਿਲਦੀ ਹੈ। ਪਹਿਲੇ ਇਹ ਕੋਆਪ੍ਰੇਟਿਵ ਡਿਪੂਆਂ ਤੇ ਜਾਂਦੀ ਹੈ ਜਿਥੋਂ ਇਹ ਉਨ੍ਹਾਂ ਲੋਕਾਂ ਵਿਚ ਡਿਸਟ੍ਰੀਬੀਊਟ ਕੀਤੀ ਜਾਂਦੀ ਹੈ ਜਿਨ੍ਹਾਂ ਪਾਸ ਜ਼ਰਾ ਵੀ ਜ਼ਮੀਨ ਨਹੀਂ ਹੁੰਦੀ ਔਰ ਉਹ ਆਦਮੀ ਅਗੇ ਉਸ ਖਾਦ ਨੂੰ ਬਲੈਕ ਵਿਚ ਵੇਚਦੇ ਹਨ। ਫਿਰ ਕਈ ਜਗ੍ਹਾ ਤੇ ਤਾਂ ਇਸ ਦੇ ਪਰਮਿਟ ਵੀ ਇਸ਼ੂ ਕੀਤੇ ਜਾਂਦੇ ਹਨ ਔਰ ਜਿਨ੍ਹਾਂ ਨੂੰ ਉਹ ਪਰਮਿਟ ਮਿਲਦੇ ਹਨ ਉਹ ਅਗਾਹਾਂ ਪੰਜ ਪੰਜ ਜਾਂ ਛੇ ਛੇ ਰੁਪਏ ਮੁਨਾਫਾ ਲੈ ਕੇ ਵੇਚ ਦਿੰਦੇ ਹਨ। ਫਿਰ ਇਹ ਖਾਦ ਸ਼ਰਾਬ ਕਢਣ ਵਿਚ ਇਸਤੇਮਾਲ ਕੀਤੀ ਜਾਂਦੀ ਹੈ। ਇਸ ਦੀ ਮੈਲ ਡਿਸਟਰੀਬਿਊਸ਼ਨ ਹੋਣ ਕਰਕੇ ਇਹ ਕਿਸਾਨਾਂ ਨੂੰ ਨਹੀਂ ਮਿਲ ਰਹੀ।

ਦੂਜੀ ਗੱਲ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਜੰਗ ਦੇ ਦੌਰਾਨ ਜੋ ਕੰਮ ਸਾਡੇ ਪੰਜਾਬ ਦੇ ਲੋਕਾਂ ਨੇ ਕੀਤਾ ਹੈ ਉਸ ਦੀ ਐਪਰੀਸੀਏਸ਼ਨ ਸਾਰੇ ਦੇਸ਼ ਨੇ ਔਰ ਸਾਰੀ ਦੁਨੀਆਂ ਨੇ ਕੀਤੀ ਹੈ। ਔਰ ਜਿਨ੍ਹਾਂ ਮੁਖਤਲਿਫ ਤਬਕਿਆਂ ਨੇ ਚੰਗਾ ਕੰਮ ਕੀਤਾ ਹੈ ਉਨ੍ਹਾਂ ਦੀ ਲੋਕਾਂ ਨੇ ਐਪਰੀਸੀਏਸ਼ਨ ਕੀਤੀ ਹੈ ਔਰ ਸਾਡੀ ਸਰਕਾਰ ਨੇ ਜੋ ਉਨ੍ਹਾਂ ਦੀ ਬਹਾਦਰੀ ਦੀ ਕਦਰ ਕੀਤੀ ਹੈ ਉਸ ਬਾਰੇ ਮੈਂ ਅਰਜ਼ ਕਰਦਾ ਹਾਂ। ਉਨ੍ਹਾਂ ਵਿਚੋਂ ਪਹਿਲਾ ਤਬਕਾ ਟਰਕਾਂ ਅਤੇ ਮੋਟਰਾਂ ਵਾਲਿਆਂ ਦਾ ਹੈ ਜਿਨ੍ਹਾਂ ਨੇ ਬੜਾ ਖਤਰਾ ਮੁਲ ਲੈ ਕੇ ਅਗਲੇ ਮੋਰਚਿਆਂ ਤੇ ਆਪਣੀਆਂ ਫੌਜਾਂ ਨੂੰ ਐਮੂਨੀਸ਼ਨ ਅਤੇ ਖੁਰਾਕ ਪਹੁੰਚਾਈ ਸੀ। ਉਹ ਉਥੇ ਉਥੇ ਆਪਣੇ ਟਰਕ ਔਰ ਲਾਰੀਆਂ ਲੈ ਜਾਂਦੇ ਰਹੇ ਹਨ ਜਿਥੇ ਕਿ ਉਨ੍ਹਾਂ ਤੋਂ ਉਮੀਦ ਵੀ ਨਹੀਂ ਕੀਤੀ ਜਾ ਸਕਦੀ ਸੀ। ਉਨ੍ਹਾਂ ਦੀ ਬਹਾਦਰੀ ਤੇ ਅਣਥਕ ਕੰਮ ਦੀ ਪਰਸ਼ੰਸਾ ਸਾਡੇ ਫੌਜੀ ਜਰਨੈਲਾਂ ਨੇ ਵੀ ਕੀਤੀ ਹੈ ਪਰ ਸਾਡੀ ਪੰਜਾਬ ਸਰਕਾਰ ਨੇ ਉਨ੍ਹਾਂ ਤੇ ਮੋਟਰ ਟੈਕਸ ਵਧਾ ਕੇ ਉਨ੍ਹਾਂ ਦੇ ਕੰਮ ਦੀ ਕਦਰ ਕੀਤੀ ਹੈ। (ਆਪੋਜ਼ੀਸ਼ਨ ਵਲੋਂ ਹਾਸਾ)

ਦੂਜਾ ਤਬਕਾ ਉਹ ਹੈ ਜਿਨ੍ਹਾਂ ਨੇ ਵਾਲਨਟਰੀ ਬੇਸਿਜ਼ ਤੇ ਨੈਸ਼ਨਲ ਰੀਲੀਫ ਫੰਡ ਲਈ ਲਖਾਂ ਰੁਪਏ ਇਕਠੇ ਕੀਤੇ ਹਨ ਔਰ ਖੁਦ ਚੰਦੇ ਦਿੱਤੇ ਹਨ ਔਰ ਉਨ੍ਹਾਂ ਦੀ ਸੇਵਾ ਦਾ ਇਨ੍ਹਾਂ ਉਨ੍ਹਾਂ ਨੂੰ ਇਹ ਇਵਜ਼ਾਨਾ ਦਿਤਾ ਹੈ ਕਿ ਸੇਲਜ਼ ਟੈਕਸ ਬਿਲ ਪਾਸ ਕਰਕੇ ਉਨ੍ਹਾਂ ਨੂੰ ਕਰੜੇ ਸ਼ਿਕੰਜੇ ਵਿਚ ਜਕੜ ਦਿਤਾ ਹੈ।

ਤੀਜੀ ਕਲਾਸ ਜੋ ਹੈ ਉਹ ਹੈ ਫੌਜੀ ਜਵਾਨਾਂ ਦੀ ਜਿਨ੍ਹਾਂ ਨੇ ਇਸ ਜੰਗ ਵਿਚ ਵਧ ਚੜ੍ਹ ਕੇ ਕੁਰਬਾਨੀਆਂ ਦਿਤੀਆਂ ਹਨ। ਉਨ੍ਹਾਂ ਦਾ ਰਗੜਾ ਇਹ ਇਸ ਸੈਸ ਬਿਲ ਦੇ ਨਾਲ ਖੰਨ੍ਹ ਰਹੇ ਨੇ। ਇਹ ਇਸ ਤਰ੍ਹਾਂ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਸਿਲਾ ਉਨ੍ਹਾਂ ਨੂੰ ਦੇ ਰਹੇ ਨੇ। ਜੇਕਰ ਤੁਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਵੇਖੋ ਔਰ ਇਸ ਟੈਕਸ ਤੋਂ ਵਸੂਲ ਹੋਣ ਵਾਲੀ ਰਕਮ ਨੂੰ ਦੇਖੋ ਤਾਂ ਮੈਂ ਸਮਝਦਾ ਹਾਂ ਕਿ ਇਸ ਰਕਮ ਨੂੰ ਬੜੀ ਆਸਾਨੀ ਨਾਲ ਛੋੜਿਆ ਜਾ ਸਕਦਾ ਸੀ। ਇਸ ਟੈਕਸ ਤੋਂ ਕੋਈ ਖਾਸ ਲੰਬੀ ਚੌੜੀ ਆਮਦਨ ਹੋਣ ਵਾਲੀ ਨਹੀਂ ਹੈ, ਇਹ ਸ਼ਾਇਦ ਇਕ ਕਰੋੜ ਰੁਪਏ ਦੇ ਕਰੀਬ ਹੋਵੇ। (ਮਾਲ ਮੰਤਰੀ: ਅਨੁਮਾਨ ਹੈ ਇਹ 70 ਲਖ ਦੇ ਕਰੀਬ ਹੋਵੇਗੀ) ਮੰਨ ਲਿਆ ਕਿ 70 ਲਖ ਹੀ ਹੋਵੇਗੀ ਤਾਂ ਵੀ ਅਧੀ ਇਸ ਦੇ ਵਸੂਲ ਕਰਨ ਤੇ ਖਰਚ ਹੋ ਜਾਣੀ ਹੈ।

ਇਕ ਅਵਾਜ਼: ਇਸ ਦੇ ਵਸੂਲ ਹੋਣ ਤੇ ਖਰਚ ਕੁਝ ਨਹੀਂ ਹੋਣਾ ਕਿਉਂਕਿ ਇਹ ਨੰਬਰਦਾਰਾਂ ਦੇ ਜ਼ਰੀਏ ਵਸੂਲ ਹੋਣਾ ਹੈ।

ਸਰਦਾਰ ਕੁਲਬੀਰ ਸਿੰਘ: ਜੇਕਰ ਨੰਬਰਦਾਰ ਹੀ ਵਸੂਲ ਕਰਨਗੇ ਤਾਂ ਵੀ ਉਹ ਪੰਚੋਤਰਾ ਤਾਂ ਲੈਣਗੇ ਹੀ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਕੀ ਇਹ ਬਿਹਤਰ ਨਾ ਹੁੰਦਾ ਕਿ ਇਹ ਟੈਕਸ ਉਨ੍ਹਾਂ ਤੇ ਲਾਗੂ ਨਾ ਕੀਤਾ ਜਾਂਦਾ ਔਰ ਉਨ੍ਹਾਂ ਨੂੰ ਇਸ ਮੌਕੇ ਤੇ ਡਿਸਕਰੇਜ ਨਾ ਕੀਤਾ ਜਾਂਦਾ ਕਿਉਂਕਿ ਇਸ ਦੇ ਲਾਗੂ ਕਰਨ ਨਾਲ ਉਨ੍ਹਾਂ ਲੋਕਾਂ ਦੇ ਅੰਦਰ ਦੁਸ਼ਨ ਭਾਵਨਾ ਪੈਦਾ ਹੋਵੇਗੀ। ਇਹ ਬਿਹਤਰ ਨਾ ਹੁੰਦਾ ਕਿ ਬਜਾਏ ਇਸ ਟੈਕਸ ਦੇ ਲਾਗੂ ਕਰਨ ਦੇ ਸੈਂਟਰਲ ਗੌਰਮਿੰਟ ਨੂੰ ਕਿਹਾ ਜਾਂਦਾ ਹੈ ਕਿ ਇਸ ਜੰਗ ਦੀ ਵਜਾਹ ਕਰ ਕੇ ਸਾਡੇ ਉਪਰ ਬੜਾ ਬੋਝ ਪਿਆ ਹੈ, ਇਸ ਲਈ ਉਹ ਸਾਡੀ ਕੋਈ ਮਦਦ ਕਰੇ। ਪਰ ਇਸ ਸਰਕਾਰ ਨੇ ਇਹ ਤਾਂ ਕੀਤਾ ਨਹੀਂ ਉਲਟਾ ਆਪਣੇ ਲੋਕਾਂ ਤੇ ਆਪਣੇ ਆਪ ਟੈਕਸ ਲਗਾਈ ਜਾ ਰਹੀ ਹੈ।

ਆਖਰੀ ਗਲ ਮੈਂ ਇਹ ਕਰਨੀ ਹੈ ਕਿ ਇਸ ਹਾਊਸ ਵਿਚ ਖੇਤੀ ਕਰਨ ਵਾਲੇ ਬਹੁਤ ਮੈਂਬਰ ਹਨ ਔਰ ਉਨ੍ਹਾਂ ਵਿਚੋਂ ਕਾਂਗਰਸ ਪਾਰਟੀ ਵਿਚ ਵੀ ਬਹੁਤ ਹਨ ਔਰ ਉਸ ਪਾਰਟੀ ਵਿਚ ਵੀ ਉਹ ਬਹੁ ਸੰਮਤੀ ਰਖਦੇ ਹਨ ਔਰ ਉਨ੍ਹਾਂ ਦੀ ਪਾਰਟੀ ਹਾਊਸ ਵਿਚ ਮੈਜਾਰੇਟੀ ਰਖਦੀ ਹੈ ਔਰ ਉਹ ਨਹੀਂ ਚਾਹੁੰਦੇ ਕਿ ਟੈਕਸ ਲਗਾਇਆ ਜਾਵੇ ਪਰ ਇਸ ਦੇ ਬਾਵਜੂਦ ਇਸ ਬਿਲ ਨੂੰ ਇਥੇ ਪਾਸ ਕਰਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੋ ਬਿਲ ਵੀ ਇਥੇ ਪੇਸ਼ ਕੀਤਾ ਜਾਂਦਾ ਹੈ ਪਹਿਲੇ ਇਨ੍ਹਾਂ ਦੀ ਪਾਰਟੀ ਮੀਟਿੰਗ ਵਿਚ ਰਾਏ ਪਾਸ ਕੀਤੀ ਜਾਂਦੀ ਹੈ। ਉਥੇ ਇਨ੍ਹਾਂ ਨੇ ਇਸ ਬਿਲ ਨੂੰ ਅਪੋਜ਼ ਨਹੀਂ ਕੀਤਾ। ਇਥੇ ਤਕਰੀਰਾਂ ਵੀ ਇਸ ਦੇ ਖਿਲਾਫ ਕਰਦੇ ਹਨ ਔਰ ਅਜ ਤਾਂ ਉਹ ਕਾਲੇ ਬਿਲੇ ਲਾ ਕੇ ਵੀ ਆਏ ਹੋਏ ਹਨ, ਪਰ ਇਹ ਵੋਟ ਫਿਰ ਇਸ ਦੇ ਹੱਕ ਵਿਚ ਦਿੰਦੇ ਹਨ। ਇਸ ਤੋਂ ਸਾਫ ਜ਼ਾਹਰ ਹੈ ਕਿ ਇਹ ਜੋ ਕੁਝ ਇਥੇ ਕਹਿੰਦੇ ਹਨ, ਉਹ ਕਹਿਣਾ ਨਹੀਂ ਚਾਹੁੰਦੇ। ਇਸ ਲਈ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਚੰਗਾ ਹੋਏ ਜੇ ਇਹ ਕਪੜਿਆਂ ਤੋਂ ਬਾਹਰ ਕਾਲੇ ਬਿੱਲੇ ਲਾਣ ਦੀ ਬਜਾਏ ਆਪਣੇ ਅੰਦਰ ਲਗਾਉਣ ਤਾਕਿ ਉਨ੍ਹਾਂ ਦੇ ਦਿਲ ਤੇ ਅਸਰ ਪੈ ਸਕੇ ਔਰ ਇਨ੍ਹਾਂ ਵਿਚ ਹੌਸਲਾ ਆ ਜਾਵੇ ਤਾਕਿ ਇਹ ਇਸ ਤਰ੍ਹਾਂ ਦੇ ਬਿਲ ਮੰਨਜ਼ੂਰ ਕਰਨ ਤੋਂ ਨਾਂਹ ਕਰ ਦੇਣ।

(इस समय बहुत सारे मैंम्बर बोलने के लिये खड़े हो गए।)

श्री सभापति : आप फिक्र न करें। सब को बोलने के लिये टाईम दिया जाएगा।

ਇਕ ਆਵਾਜ਼ : ਬੈਂਕ ਬੈਂਚਰਜ਼ ਨੂੰ ਵੀ ਵਕਤ ਮਿਲਣਾ ਚਾਹੀਦਾ ਹੈ उन को भी मिलेगा।

(The hon. Members need not worry. Those who want to speak will get time. Even the back benchers will be given time to speak.)

ਸਰਦਾਰ ਗੁਰਬੰਤਾ ਸਿੰਘ (ਕਰਤਾਰਪੁਰ, ਐਸ. ਸੀ.): ਚੇਅਰਮੈਨ ਸਾਹਿਬ, ਇਹ ਜਿਹੜਾ ਬਿਲ ਪੇਸ਼ ਕੀਤਾ ਗਿਆ ਹੈ ਮੈਂ ਇਸ ਦੀ ਮੁਖਾਲਫਤ ਕਰਨ ਲਈ ਖੜ੍ਹਾ ਹੋਇਆ ਹਾਂ। ਅਜ ਤੋਂ ਦੋ ਢਾਈ ਸਾਲ ਪਹਿਲਾਂ ਇਹੋ ਹੀ ਬਿਲ ਇਸ ਅਸੈਂਬਲੀ ਵਿਚ ਪੇਸ਼ ਕੀਤਾ ਗਿਆ ਸੀ। ਉਸ ਵਕਤ ਇਸ ਦੀ ਮੁਖਾਲਫਤ ਹੋਈ ਸੀ। ਉਸ ਦੀ ਮੁਖਾਲਫਤ ਪਾਰਟੀ ਮੀਟਿੰਗ ਵਿਚ ਵੀ ਹੋਈ ਸੀ ਤੇ ਇਥੇ ਹਾਊਸ ਵਿਚ ਵੀ ਹੋਈ ਸੀ ਲੇਕਿਨ, ਚੇਅਰਮੈਨ ਸਾਹਿਬ, ਉਸ ਵੇਲੇ ਸਰਕਾਰ ਨੇ ਇਹ ਦਾਹਵਾ ਕੀਤਾ ਸੀ ਕਿ ਇਸ ਬਿਲ ਨੂੰ ਤਿੰਨਾਂ ਸਾਲਾਂ ਤੋਂ ਬਾਅਦ ਦੋਬਾਰਾ ਨਹੀਂ ਲਿਆਵਾਂਗੇ। ਔਰ ਉਸ ਵੇਲੇ ਇਹ ਟੈਕਸ ਸਿਰਫ ਤਿੰਨਾਂ ਸਾਲਾਂ ਵਾਸਤੇ ਲਗਾਇਆ ਗਿਆ ਸੀ ਜਿਸ ਤਰ੍ਹਾਂ ਹਰੀਜਨ ਕਲਿਆਣ ਟੈਕਸ ਇਕ ਸਾਲ ਵਾਸਤੇ ਲਗਾਇਆ ਗਿਆ ਸੀ। ਉਸ ਵੇਲੇ ਸਰਕਾਰ ਨੇ ਮੈਂਬਰਾਂ ਨਾਲ ਵਾਇਦਾ ਕੀਤਾ ਸੀ ਕਿ ਇਸ ਨੂੰ ਫਿਰ ਦੋਬਾਰਾ ਨਹੀਂ ਲਗਾਵਾਂਗੇ ਲੇਕਿਨ ਮੇਜਰ ਸਾਹਿਬ ਨੇ, ਉਸ ਵਕਤ ਜਿਹੜਾ ਵਾਇਦਾ ਕੀਤਾ ਸੀ ਉਹ ਤੋੜ ਕੇ ਇਸ ਨੂੰ ਫਿਰ ਲੈ ਆਏ ਹਨ। (ਵਿਘਨ) ਚੇਅਰਮੈਨ ਸਾਹਿਬ

ਇਸ ਟੈਕਸ ਦੀ ਕੁਲ ਉਗਰਾਈ ਦਾ ਅੰਦਾਜ਼ਾ ਤਕਰੀਬਨ 68 ਜਾਂ 70 ਲਖ ਰੁਪਏ ਹੁੰਦੀ ਹੈ ਔਰ ਜੇਕਰ ਬਾਰਡਰ ਦੇ ਜਿਹੜੇ ਇਹ ਤਿੰਨ ਜ਼ਿਲ੍ਹੇ ਹਨ ਯਾਨੀ ਅੰਮ੍ਰਿਤਸਰ, ਗੁਰਦਾਸਪੁਰ ਔਰ ਫਿਰੋਜ਼ਪੁਰ, ਅਗਰ ਇਨ੍ਹਾਂ ਨੂੰ ਵਿਚੋਂ ਕਢ ਦਿਤਾ ਜਾਵੇ ਤਾਂ ਇਸ ਰਕਮ ਵਿਚੋਂ 22 ਜਾਂ 23 ਲਖ ਰੁਪਏ ਨਿਕਲ ਜਾਂਦੇ ਹਨ। ਸੋ ਇਹ 40-45 ਲਖ ਰੁਪਏ ਦਾ ਸੌਦਾ ਹੈ ਜਿਸ ਲਈ ਪੰਜਾਬ ਸਰਕਾਰ ਕਿਸਾਨਾਂ ਨੂੰ ਆਪਣੇ ਗਲ ਪਵਾ ਰਹੀ ਹੈ। ਮੈਂ ਅਰਜ਼ ਕਰਾਂ ਕਿ ਇਹ ਅੰਮ੍ਰਿਤਸਰ, ਗੁਰਦਾਸਪੁਰ ਜਾਂ ਫਿਰੋਜ਼ਪੁਰ ਜ਼ਿਲ੍ਹਿਆਂ ਦਾ ਹੀ ਸਵਾਲ ਨਹੀਂ ਹੈ ਤੁਸੀਂ ਤਾਂ ਉਨ੍ਹਾਂ ਲੋਕਾਂ ਤੇ ਵੀ ਇਹ ਸੈਸ ਲਗਾ ਰਹੇ ਹੋ ਜਿਨ੍ਹਾਂ ਨੇ ਖੁਦ ਆਪਣੀ ਹਥੀਂ ਆਪਣੀਆਂ ਫਸਲਾਂ ਮੁਲਕ ਦੀ ਖਾਤਰ ਉਜਾੜ ਦਿਤੀਆਂ। ਮੈਂ ਮਿਸਾਲ ਦਿੰਦਾ ਹਾਂ ਆਦਮਪੁਰ ਅੱਡੇ ਦੀ। ਉਥੇ ਬੰਬਾਰੀ ਹੋਣ ਲਗੀ, ਪਾਕਿਸਤਾਨੀ ਪੈਰਾਟਰੂਪਰ ਉਤਰਨ ਲਗੇ । ਉਸ ਆਦਮਪੁਰ ਦੇ ਅਡੇ ਦੀ ਇਰਦ ਗਿਰਦ ਕੁਝ ਫਾਸਲੇ ਤੇ ਜਦੋਂ ਕਿਸਾਨ ਆਪਣੀਆਂ ਫਸਲਾਂ ਕਟਣ ਲਗੇ ਤਾਂ ਉਨ੍ਹਾਂ ਦੀਆਂ ਮੱਕੀ, ਕਪਾਹ ਅਤੇ ਗੰਨੇ ਦੀਆਂ ਫਸਲਾਂ ਵਿਚੋਂ ਉਨ੍ਹਾਂ ਤੇ ਗੋਲੀਆਂ ਵਰ੍ਹਨ ਲਗੀਆਂ ਪੈਰਾਟਰੂਪਰਾਂ ਦੀਆਂ , ਤੁਸੀਂ ਹੈਰਾਨ ਹੋਵੋਗੇ ਕਿ ਉਸ ਇਲਾਕੇ ਦੇ ਜ਼ਮੀਂਦਾਰਾਂ ਨੇ ਸਾਰੇ ਜ਼ਿਲ੍ਹੇ ਜਲੰਧਰ ਦੇ ਟ੍ਰੈਕਟਰ ਇਕੱਠੇ ਕੀਤੇ, ਉਨ੍ਹਾਂ ਨਾਲ ਸੁਹਾਗੇ ਬੰਨੇ ਤਾਂ ਆਪ ਹੀ ਆਪਣੀਆਂ ਖੜੀਆਂ ਫਸਲਾਂ ਜੋ ਹਾਲੇ ਪੱਕੀਆਂ ਵੀ ਨਹੀਂ ਸੀ ਤਬਾਹ ਕਰ ਦਿਤੀਆਂ, ਸਿਰਫ ਇਸ ਲਈ ਕਿ ਉਨ੍ਹਾਂ ਵਿਚ ਕਿਤੇ ਪਾਕਿਸਤਾਨੀ ਛਾਤਾਬਰਦਾਰ ਨਾ ਛਿਪੇ ਰਹਿਣ। ਇਹ ਟੈਕਸ ਉਨ੍ਹਾਂ ਕਿਸਾਨਾਂ ਤੇ ਵੀ ਲਗਣਾ ਹੈ। ਪਹਿਲਾਂ ਉਨ੍ਹਾਂ ਨੇ ਜ਼ਮੀਨਾਂ ਹਵਾਈ ਅਡੇ ਲਈ ਦਿਤੀਆਂ, ਫਿਰ ਬੰਬਾਰੀ ਹੋਈ, ਫਿਰ ਮੁਲਕ ਦੀ ਖਾਤਰ ਆਪਣੀਆਂ ਫਸਲਾਂ ਤੇ ਸੁਹਾਗਾ ਫੇਰਿਆ।

One Voice : They are true nationalists

ਸਰਦਾਰ ਗੁਰਬੰਤਾ ਸਿੰਘ: ਮੈਂ ਫਿਰ ਅਰਜ਼ ਕਰਾਂ ਕਿ ਇਹ ਸੈਸ ਕਮਰਸ਼ਲ ਕਰਾਪਸ ਯਾਨੀ ਗੰਨੇ, ਕਪਾਹ ਅਤੇ ਮਿਰਚਾਂ ਤੇ ਲਾ ਰਹੇ ਹੋ । ਮਿਰਚਾਂ ਦੀ ਤਾਂ ਕੋਈ ਬਹੁਤ ਫਸਲ ਨਹੀਂ ਹੁੰਦੀ। ਮੈਨੂੰ ਯਾਦ ਹੈ ਕਿ 3 ਸਾਲ ਹੋਏ ਤਾਂ ਜ਼ਿਮੀਂਦਾਰਾਂ ਦੀਆਂ ਮਿਨਤਾਂ ਕੀਤੀਆਂ ਜਾਂਦੀਆਂ ਸੀ ਕਿ ਗੰਨਾ ਬੀਜੋ, ਦੇਸ਼ ਨੂੰ ਖੰਡ ਦੀ ਲੋੜ ਹੈ। ਸੋ ਉਨ੍ਹਾਂ ਨੇ ਗੰਨਾ ਬੀਜਿਆ। ਅਸੀਂ ਤੁਸੀਂ ਵੀ ਅਤੇ ਡਾਕਟਰ ਗੋਪੀ ਚੰਦ ਭਾਰਗਵ ਨਾਲ ਗਲ ਕਰੋ ਤਾਂ ਉਹ ਕਹਿੰਦੇ ਹਨ ਕਿ ਆਪ ਹੀ ਆਪਣੇ ਘਰ ਦੀਆਂ ਜ਼ਰੂਰਤਾਂ ਪੂਰੀਆਂ ਕਰੋ। ਕਮਾਦ ਬੀਜੋ ਗੁੜ ਬਣਾਉ ਤੇ ਚਾਹ ਪੀਉ। ਕਪਾਹ ਬੀਜੋ ਤੇ ਖੱਦਰ ਪਾਉ ਜੋ ਅਸੀਂ ਤੁਸੀਂ ਪਹਿਨਦੇ ਹੀ ਹਾਂ। ਤੁਸੀਂ ਉਨ੍ਹਾਂ ਨੂੰ ਆਪਣੀਆਂ ਜ਼ਰੂਰਤਾਂ ਵੀ ਪੂਰੀਆਂ ਨਹੀਂ ਕਰਨ ਦੇਣੀਆਂ। ਪੰਜਾਬ ਵਿਚ ਉਨ੍ਹਾਂ ਜ਼ਮੀਂਦਾਰਾਂ ਦੀ ਮੈਜਾਰਿਟੀ ਹੈ ਜਿਨ੍ਹਾਂ ਪਾਸ 5 ਏਕੜ ਤੋਂ ਘਟ ਜ਼ਮੀਨ ਹੈ। ਤੁਸੀਂ ਦਸੋ ਉਹ ਕੀ ਕਮਾਦ ਬੀਜਣਗੇ ਦੋ ਨਹੀਂ ਤਾਂ 4 ਕਨਾਲਾਂ ਜਾਂ ਹਦ ਇਕ ਏਕੜ। ਓਸ ਨੇ ਆਪਣੇ ਡੰਗਰਾਂ ਨੂੰ ਵੀ ਗੁੜ ਖਵਾਉਣਾ ਹੁੰਦਾ ਹੈ, ਸਾਰਾ ਸਾਲ ਆਪਣੀ ਚਾਹ ਪੀਣੀ ਹੁੰਦੀ ਹੈ। ਜੇ ਮਿਲ ਨੂੰ ਗੰਨਾ ਲੈ ਕੇ ਜਾਂਦੇ ਹਨ ਤਾਂ ਤੁਹਾਡੇ ਹੁਕਮ ਮੁਤਾਬਕ 2 ਆਨੇ ਮਣ ਪਿਛੇ ਕਟੌਤੀ ਕਰਾਉਂਦੇ ਹਨ ਪਰ ਜਦੋਂ ਤੁਸੀਂ ਖੰਡ ਤਕਸੀਮ ਕਰਦੇ ਹੋ ਤਾਂ ਸ਼ਹਿਰ ਵਾਲਿਆਂ ਨੂੰ ਜ਼ਿਆਦਾ ਤੇ ਉਸ ਨੂੰ ਘਟ ਦਿਤੀ ਜਾਂਦੀ ਹੈ। ਉਹ ਗੰਨਾ ਬੀਜਦਾ ਹੈ, ਮਿਲ ਨੂੰ ਲੈ ਕੇ ਜਾਂਦਾ ਹੈ 2 ਆਨੇ ਮਣ ਪਿਛੇ ਕਟੌਤੀ ਵੀ ਕਰਾਉਂਦਾ ਹੈ ਪਰ ਖੰਡ ਉਸ ਨੂੰ ਫਿਰ ਵੀ ਘੱਟ ਮਿਲਦੀ ਹੈ। ਹੁਣ ਉਸ ਤੇ ਸੈਸ ਨੂੰ ਰੀਵਾਈਵ ਕਰ ਰਹੇ ਹੋ ਜਿਸ ਬਾਰੇ ਵਾਇਦਾ ਕੀਤਾ ਸੀ ਕਿ 3 ਸਾਲ ਮਗਰੋਂ ਇਹ ਨਹੀਂ ਰਹੇਗਾ। ਕਪਾਹ ਬਾਰੇ ਇਹ ਗੱਲ ਹੈ ਕਿ ਬਹੁਤ ਘਟ ਜ਼ਮੀਂਦਾਰ ਕਪਾਹ ਬੀਜਦੇ ਹਨ। ਸੇਮ ਕਰਕੇ ਦੋ ਤਿੰਨਾਂ ਜ਼ਿਲ੍ਹਿਆਂ ਵਿਚ ਕਪਾਹ ਬੰਦ ਹੋ ਗਈ ਹੈ ਜਾਂ ਬਹੁਤ ਘਟ ਗਈ ਹੈ ਪਰ ਫਿਰ ਵੀ ਤੁਸੀਂ ਇਸ ਤੇ ਟੈਕਸ ਲਗਾ ਰਹੇ ਹੋ। ਸੋ ਇਹ ਸੈਸ ਵਾਪਸ ਲੈ ਲੈਣਾ ਚਾਹੀਦਾ ਹੈ। ਫਿਰ ਇਹ ਟੈਕਸ ਦਰਅਸਲ ਫੌਜੀਆਂ ਤੇ ਲਗ ਰਿਹਾ ਹੈ। ਕਿਸੇ ਪਿੰਡ ਵਿਚ ਚਲੇ ਜਾਉ ਉਥੇ 100—50 ਬੰਦੇ ਜ਼ਰੂਰ ਮਿਲਟਰੀ ਵਿਚ ਹੋਣਗੇ ਭਾਵੇਂ ਹਰਿਆਨਾ ਪ੍ਰਾਂਤ ਦਾ ਜ਼ਿਲ੍ਹਾ ਹੋਵੇ ਜਾਂ ਪੰਜਾਬੀ ਰਿਜਨ ਦਾ। ਸੋ ਇਹ ਟੈਕਸ ਉਨ੍ਹਾਂ ਤੇ ਹੈ ਜੋ ਮੁਲਕ ਲਈ ਆਪਣੀ ਜਾਨਾਂ ਕੁਰਬਾਨ ਕਰਦੇ ਹਨ। ਇਹ ਉਨ੍ਹਾਂ ਨੂੰ ਇਨਾਮ ਦਿਤਾ ਜਾ ਰਿਹਾ ਹੈ।

[*Shri Rup Singh Phul a member of the Panel of Chairmen in the Chair*.]

ਫਿਰ ਜ਼ਿਮੀਂਦਾਰਾਂ ਦੀ ਅੱਜ ਹਾਲਤ ਕੀ ਹੈ। ਇਥੇ ਦਸਿਆ ਗਿਆ ਹੈ ਕਿ ਉਨ੍ਹਾਂ ਨੂੰ ਬਿਜਲੀ ਨਹੀਂ ਮਿਲਦੀ। ਮੈਂ ਦਸਦਾ ਹਾਂ ਕਿ ਹਾਲਤ ਬਿਜਲੀ ਦੀ ਇਹ ਹੈ ਕਿ ਕਦੇ ਲੋਡ ਘੱਟ ਤੇ ਕਦੇ ਜ਼ਿਆਦਾ। ਮੈਨੂੰ ਬਾਕੀ ਪੰਜਾਬ ਦਾ ਤਾਂ ਪਤਾ ਨਹੀਂ ਪਰ ਜ਼ਿਲ੍ਹਾ ਜਲੰਧਰ ਵਿਚ ਲੋਡ ਦੀ ਇਸ ਕਮੀ ਪੇਸ਼ੀ ਕਰਕੇ ਲੋਕਾਂ ਦੀਆਂ ਮੋਟਰਾਂ ਲੂਹੀਆਂ ਗਈਆਂ ਹਨ। ਨਾਲ ਹੀ ਬਾਰਿਸ਼ਾਂ ਘਟ ਹੋਈਆਂ। ਨਹਿਰਾਂ ਚੋਂ ਪਾਣੀ ਨਹੀਂ ਮਿਲਿਆ। ਜਿਸ ਜ਼ਿਮੀਂਦਾਰ ਨੇ ਸਾਰੀਆਂ ਫਸਲਾਂ ਨੂੰ ਛੱਡ ਕੇ ਜੇ ਗੰਨੇ ਨੂੰ ਪਾਣੀ ਲਾਇਆ ਹੋਵੇ ਤਾਂ ਹੁਣ ਉਸ ਤੇ ਇਹ ਸੈਸ ਲਗੇਗਾ। ਫਿਰ ਉਸ ਨੂੰ ਤੁਸੀਂ ਮਿਲ ਏਰੀਏ ਵਿਚ ਗੁੜ ਵੀ ਨਹੀਂ ਬਣਾਉਣ ਦੇਣਾ, ਮਸ਼ੀਨੀ ਬੇਲਣਾ ਵੀ ਨਹੀਂ ਲਾਉਣ ਦੇਣਾ, ਉਹ ਖੰਡਸਾਰੀ ਵੀ ਨਹੀਂ ਬਣਾ ਸਕਦਾ। ਉਸ ਤੇ ਇਹ ਭਾਰ ਨਹੀਂ ਪਾਉਣਾ ਚਾਹੀਦਾ। ਮੇਜਰ ਸਾਹਿਬ ਜ਼ਿਮੀਂਦਾਰਾਂ ਦੇ ਹਮਦਰਦ ਹਨ, ਜ਼ਿਮੀਂਦਾਰ ਵੀ ਹਨ ਭਾਵੇਂ ਬਹੁਤੀ ਇਨ੍ਹਾਂ ਦੀ ਜ਼ਮੀਨ ਯੂ. ਪੀ. ਵਿਚ ਹੈ। ਜ਼ਿਮੀਂਦਾਰਾਂ ਤੇ ਇਹ 40—45 ਲੱਖ ਰੁਪਏ ਦਾ ਭਾਰ ਪਾ ਕੇ ਭਲਾ ਕੀ ਬਣੇਗਾ। ਅਗਰ ਇਹ ਕਹਿੰਦੇ ਹਨ ਕਿ ਪੈਸੇ ਦੀ ਸਰਕਾਰ ਨੂੰ ਲੋੜ ਹੈ ਤਾਂ ਮੈਂ ਦਸਦਾ ਹਾਂ ਕਿ ਕਿਥੋਂ ਇਨ੍ਹਾਂ ਨੂੰ ਪੈਸਾ ਮਿਲ ਸਕਦਾ ਹੈ। ਮੈਨੂੰ ਸਰਦਾਰ ਬਲਵੰਤ ਸਿੰਘ ਜੋ ਕਿ ਐਸਟੀਮੇਟਸ ਕਮੇਟੀ ਦੇ ਚੇਅਰਮੈਨ ਹਨ ਨੇ ਦਸਿਆ ਕਿ ਸਰਕਾਰ ਨੇ ਇਕ ਮਿਲ ਨੂੰ ਲਕੜੀ ਦੇਣੀ ਹੈ। ਪਹਿਲਾਂ ਲਕੜੀ ਦੀ ਕੀਮਤ ਜ਼ਿਆਦਾ ਸੀ ਹੁਣ ਘਟਾ ਦਿਤੀ ਹੈ। ਸਰਕਾਰੀ ਅਫਸਰ ਨੂੰ ਐਸਟੀਮੇਟਸ ਕਮੇਟੀ ਦੇ ਸਾਹਮਣੇ ਜਵਾਬ ਨਹੀਂ ਆਇਆ ਕਿ ਕੀਮਤ ਕਿਉਂ ਘਟਾਈ ਹੈ।

ਇਕ ਆਵਾਜ਼ : ਇਹ ਗਲਤ ਹੈ, ਕੀਮਤ ਸਗੋਂ ਵਧੀ ਹੈ।

ਸਰਦਾਰ ਗੁਰਬੰਤਾ ਸਿੰਘ : ਤੁਸੀਂ ਉਨ੍ਹਾਂ ਤੋਂ ਪੁਛ ਲਉ ਮੈਨੂੰ ਤਾਂ ਐਸਟੀਮੇਟਸ ਕਮੇਟੀ ਦੇ ਚੇਅਰਮੈਨ ਨੇ ਦਸਿਆ ਹੈ। ਮੇਰੀ ਵੀ ਤਸੱਲੀ ਕਰਵਾ ਦਿਉ ਕਿ ਕੀਮਤ ਘਟਾਈ ਨਹੀਂ। ਫਿਰ ਬਿਰਲੇ ਨੂੰ ਇਕ ਹਜ਼ਾਰ ਏਕੜ ਜ਼ਮੀਨ ਦਿਤੀ ਹੈ। ਮੈਂ ਚੈਲੰਜ ਕਰਦਾ ਹਾਂ ਕਿ ਜੋ ਜ਼ਮੀਨ 30 ਰੁਪਏ ਏਕੜ ਤੇ ਦਿਤੀ ਹੈ ਉਹ ਹੁਣ 200 ਰੁਪਏ ਕਿਰਾਏ ਤੇ ਜਾ ਸਕਦੀ ਹੈ। ਇਸ ਵਿਚੋਂ ਵੀ ਸਰਕਾਰ ਨੂੰ 2 ਲੱਖ ਰੁਪਏ ਦਾ ਫਾਇਦਾ ਹੋ ਸਕਦਾ ਹੈ। ਫਿਰ ਸਰਕਾਰ ਨੇ ਚੀਪ ਪਾਪੂਲੈਰਿਟੀ ਦੀ ਖਾਤਰ ਕੁਝ ਟੈਕਸ ਛੱਡ ਦਿਤੇ ਸਨ ਕਿਉਂਕਿ ਉਹ ਅਮੀਰਾਂ ਤੇ ਲਗਦੇ ਹਨ। ਆਖਿਰ ਜੋ ਆਦਮੀ ਮਕਾਨ ਖਰੀਦਦਾ ਹੈ ਉਹ ਅਮੀਰ ਹੀ ਹੋਵੇਗਾ। ਉਸ ਦੀ ਰਜਿਸਟ੍ਰੇਸ਼ਨ ਦੀ ਫੀਸ ਘਟਾ ਦਿਤੀ। ਇਸੇ ਤਰ੍ਹਾਂ ਹੋਰ ਵੀ ਟੈਕਸ ਚੀਪ ਪਾਪੂਲੈਰਿਟੀ ਦੀ ਖਾਤਰ ਟੈਕਸ ਛੱਡੇ। ਇਕ ਪਾਸੇ ਕਹਿੰਦੇ ਹਨ ਪੈਸੇ ਦੀ ਲੋੜ ਹੈ ਦੂਜੇ ਪਾਸੇ ਇਸ ਤਰ੍ਹਾਂ ਟੈਕਸ ਛੱਡ ਰਹੇ ਹਨ। ਅਸੈਂਬਲੀ ਵਿਚ ਸੇਲਜ਼ ਟੈਕਸ ਦਾ ਬਿਲ ਆਇਆ। ਹਾਲਾਂਕਿ ਭਾਰ ਉਸ ਦਾ ਕਨਜ਼ਯੂਮਰ ਤੇ ਹੀ ਪੈਣਾ ਸੀ ਪਰ ਕਿਸ ਤਰ੍ਹਾਂ ਉਸ ਦਾ ਸਤਿਆਨਾਸ ਕੀਤਾ ਗਿਆ ਕਿਉਂਕਿ ਉਸ ਤੇ ਬੋਲਣ ਵਾਲੇ ਬਹੁਤ ਸਨ, ਕਿਸਾਨਾਂ ਲਈ ਬੋਲਣ ਵਾਲਾ ਕੋਈ ਨਹੀਂ। ਮੈਨੂੰ ਇਥੇ ਦੀਵਾਨਾ ਜੀ ਦੀ ਯਾਦ ਆਉਂਦੀ ਹੈ ਜੋ ਜ਼ਿਮੀਂਦਾਰਾਂ ਦੀ ਨੁਮਾਇੰਦਗੀ ਕਰਏ ਹੁੰਦੇ ਸਨ। ਅਗਰ ਇਹ ਟੈਕਸ ਉਨ੍ਹਾਂ ਦੇ ਜ਼ਮਾਨੇ ਵਿਚ ਲਗਦਾ ਤਾਂ ਇਸ ਤਰ੍ਹਾਂ ਵਪਾਰੀ ਐਜ਼ੀਟੇਸ਼ਨ ਕਰਦੇ ਸਨ ਇਸੇ ਤਰ੍ਹਾਂ ਉਹ ਵੀ ਕਰਦੇ, ਜ਼ਿਮੀਂਦਾਰ ਵੋਕਲ ਨਹੀਂ ਹਨ ਇਸ ਲਈ ਸਰਕਾਰ ਸਮਝਦੀ ਹੈ ਉਨ੍ਹਾਂ ਤੇ ਜਿੰਨੇ ਮਰਜ਼ੀ ਟੈਕਸ ਲਾਉ। ਤੁਸੀਂ ਦੇਖੋ ਹਰੀਜਨਾਂ ਲਈ ਇਕ ਟੈਕਸ ਲੱਗਾ। 3 ਕਰੋੜ 86 ਲੱਖ ਰੁਪਿਆ ਇਕੱਠਾ ਕੀਤਾ ਗਿਆ। ਪਹਿਲੀ ਪੰਜਾਬ ਸਰਕਾਰ ਨੇ ਹਿੰਦ ਸਰਕਾਰ ਦੀ ਮਰਜ਼ੀ ਨਾਲ 1 ਕਰੋੜ 14 ਲੱਖ ਰੁਪਏ ਉਸ ਵਿਚ ਪਾ ਕੇ ਉਸ ਨੂੰ 5 ਕਰੋੜ ਬਣਾਇਆ। ਬੜੀ ਹੈਰਾਨੀ ਹੁੰਦੀ ਹੈ ਕਿ ਉਸ ਵਿਚੋਂ ਵੀ ਇਹ ਸਰਕਾਰ $3\frac{1}{4}$ ਕਰੋੜ ਰੁਪਿਆ ਖਾ ਗਈ। ਅੱਜ ਉਹ 1 ਕਰੋੜ 83 ਲੱਖ

ਰੁਪਏ ਦੀਆਂ ਗੱਲਾਂ ਕਰਦੇ ਹਨ ਪਰ 3 ਕਰੋੜ 17 ਲੱਖ ਰੁਪਏ ਦੀ ਗੱਲ ਨਹੀਂ ਕਰਦੇ। ਪਤਾ ਨਹੀਂ ਉਸ ਰਕਮ ਨੂੰ ਇਹ ਕਿਥੇ ਅਤੇ ਕਿਸ ਤਰ੍ਹਾਂ ਨਾਲ ਹਜ਼ਮ ਕਰ ਗਏ ਹਨ। ਇਹ ਕਿਸਾਨ ਦਾ ਮਸਲਾ ਹੈ। ਜਦ ਟੈਕਸ ਲਿਆ ਗਿਆ ਸੀ ਤਾਂ ਕਿਹਾ ਗਿਆ ਸੀ ਕਿ ਇਸ ਨੂੰ ਹਰੀਜਨਾਂ ਤੇ ਖਰਚ ਕੀਤਾ ਜਾਵੇਗਾ ਪਰ ਪੈਸਾ ਹਰੀਜਨਾਂ ਦੇ ਨਾਮ ਤੇ ਖਰਚ ਨਹੀਂ ਕੀਤਾ ਜਾ ਰਿਹਾ। ਇਸ ਗਲ ਦਾ ਤਕੜੇ ਹੋ ਕੇ ਫੈਸਲਾ ਕਰਨਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਮੈਂ ਇਸ ਲਈ ਤੁਹਾਡੀ ਮਾਰਫਤ ਮੇਜਰ ਸਾਹਿਬ ਨੂੰ ਕਹਾਂਗਾ ਕਿ ਇਸ ਬਿਲ ਨੂੰ ਵਾਪਿਸ ਲੈ ਲਿਆ ਜਾਵੇ ਕਿਉਂਕਿ ਇਸ ਚਾਲ੍ਹੀ ਪੰਤਾਲੀ ਲੱਖ ਰੁਪਏ ਦਾ ਭਾਰ ਗਰੀਬ ਕਿਸਾਨ ਤੇ ਪੈਣਾ ਹੈ, ਛੋਟੇ ਕਿਸਾਨ ਤੇ ਅਤੇ ਜ਼ਿਮੀਂਦਾਰ ਤੇ ਪੈਣਾ ਹੈ। ਇਸ ਦੇ ਸਬੰਧ ਵਿਚ ਸ਼ਰਤ ਇਸ ਤੋਂ ਪਿਛੋਂ ਸਰਕਾਰ ਨੇ ਲਾਈ ਸੀ ਕਿ 5 ਏਕੜ ਦੇ ਮਾਲਕ ਤੇ ਮਾਮਲਾ ਮਾਫ ਕਰ ਦਿਤਾ ਜਾਵੇਗਾ। ਇਹ ਫੈਸਲਾ ਇਸ ਲਈ ਕੀਤਾ ਸੀ ਕਿ ਕਿਸਾਨ ਨੂੰ ਫਾਇਦਾ ਪਹੁੰਚੇ। ਫਿਰ ਇਹ ਵੀ ਫੈਸਲਾ ਕੀਤਾ ਗਿਆ ਅਤੇ ਇਸ ਗਲ ਦਾ ਐਲਾਨ ਵੀ ਕੀਤਾ ਗਿਆ ਸੀ ਕਿ ਅਸੀਂ 11 ਹਜ਼ਾਰ ਟਿਊਬ-ਵੈਲ ਹੋਰ ਲਗਾ ਰਹੇ ਹਾਂ। ਕੀ ਸਰਕਾਰ ਦਸ ਸਕਦੀ ਹੈ ਕਿ ਇਸ ਫੈਸਲੇ ਅਨੁਸਾਰ ਕਿੰਨੇ ਟਿਊਬਵੈਲ ਲਗਾਏ ਗਏ ਹਨ। ਐਵੇਂ ਗੱਲਾਂ ਨਾਲ ਤਾਂ ਕਿਸਾਨ ਦਾ ਕੁਝ ਸੌਰਨ ਵਾਲਾ ਨਹੀਂ। ਅੱਜ ਕਿਸਾਨ ਦੀ ਕੀ ਹਾਲਤ ਹੈ ? ਲੋਕੀਂ ਖਾਦ ਲਈ ਤਰਸਦੇ ਹਨ, ਸੀਮਿੰਟ ਦੀ ਬੋਰੀ ਲਈ ਤਰਸਦੇ ਹਨ। ਖੈਰ ਸੀਮਿੰਟ ਦੀ ਬੋਰੀ ਤੇ ਤਾਂ ਸਰਕਾਰ ਦਾ ਕੋਈ ਕੰਟਰੋਲ ਨਹੀਂ ਪਰ ਖਾਦ ਦੀ ਬੋਰੀ ਦੀ ਇਹ ਹਾਲਤ ਹੈ ਕਿ ਨਹੀਂ ਮਿਲ ਰਹੀ। ਕਦੇ ਉਹ ਸਮਾਂ ਸੀ ਕਿ ਅਸੀਂ ਕਿਸਾਨ ਦੇ ਮਗਰ ਮਗਰ ਖਾਦ ਦੀ ਬੋਰੀ ਲਈ ਫਿਰਦੇ ਸਾਂ ਤੇ ਉਹ ਵਰਤਦਾ ਨਹੀਂ ਸੀ ਪਰ ਹੁਣ ਕਿਉਂਕਿ ਉਸ ਨੂੰ ਪਤਾ ਲਗ ਗਿਆ ਹੈ ਕਿ ਖਾਦ ਨਾਲ ਪੈਦਾਵਾਰ ਵਧਾਈ ਜਾ ਸਕਦੀ ਹੈ ਇਸ ਲਈ ਉਹ ਖਾਦ ਦੀ ਬੋਰੀ ਲਈ ਸਾਡੇ ਮਗਰ ਮਗਰ ਫਿਰਦਾ ਹੈ ਪਰ ਅਸੀਂ ਉਸ ਨੂੰ ਖਾਦ ਵੀ ਸਪਲਾਈ ਨਹੀਂ ਕਰ ਸਕਦੇ। ਕਣਕ ਦੀ ਬਿਜਾਈ ਹੋਏ ਨੂੰ ਕਿੰਨਾ ਚਿਰ ਹੋ ਗਿਆ ਹੈ ਪਰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਹੁਣ ਖਾਦ ਆਈ ਹੈ ਜਦ ਕਿ ਜ਼ਿਮੀਂਦਾਰ ਨੂੰ ਪਹਿਲਾਂ ਲੋੜ ਸੀ। ਹੁਣ ਉਹ ਖਾਦ ਮਾਂਈਡਿਡ ਹੋ ਗਿਆ ਹੈ ਅਤੇ ਫਰਟਿਲਾਇਜ਼ਰ ਵਰਤਣਾ ਚਾਹੁੰਦਾ ਹੈ ਪਰ ਅਸੀਂ ਸਪਲਾਈ ਨਹੀਂ ਕਰ ਸਕਦੇ। (ਵਿਘਨ) ਇਹ ਕਹਿੰਦੇ ਹਨ ਕਿ ਅਸੀਂ ਪਹਿਲੀ ਸਰਕਾਰ ਵੇਲੇ ਕਿਸਾਨਾਂ ਨੂੰ ਦੁੱਖੀ ਕੀਤਾ ਸੀ। ਮੈਂ ਇਸ ਗਲ ਨੂੰ ਮੰਨਦਾ ਹਾਂ ਅਸੀਂ ਉਸ ਵੇਲੇ ਚਾਹੁੰਦੇ ਸਾਂ ਕਿ ਕਿਸਾਨ ਦੀ ਪੈਦਾਵਾਰ ਨੂੰ ਦੁਗਣੀ ਕਰ ਦਿਤਾ ਜਾਵੇ। ਇਹ ਗਲ ਮੈਂ ਹੁਣ ਵੀ ਕਹਿਣ ਨੂੰ ਤਿਆਰ ਹਾਂ ਕਿ ਜੇਕਰ ਤੁਸੀਂ ਅੱਜ ਵੀ ਵੇਲੇ ਸਿਰ ਖਾਦ ਕਿਸਾਨ ਨੂੰ ਦਿਉ, ਵੇਲੇ ਸਿਰ ਪਾਣੀ ਉਸ ਨੂੰ ਦਿਉ, ਵੇਲੇ ਸਿਰ ਬਿਜਲੀ ਦੇ ਕੁਨੈਕਸ਼ਨ ਦਿਉ ਤਾਂ ਵੇਖੋ ਪੈਦਾਵਾਰ ਕਿੰਨੀ ਵਧ ਜਾਂਦੀ ਹੈ।

ਇਥੇ ਚੇਅਰਮੈਨ ਸਾਹਿਬ, ਬਿਰਲੇ ਦਾ ਤਾਂ ਇਕ ਬਹਾਨਾ ਬਣਾਇਆ ਗਿਆ ਹੈ ਕਿ ਬਿਰਲਾ ਬੀਜ ਚੰਗਾ ਪੈਦਾ ਕਰੇਗਾ। ਅਸੀਂ ਇਹ ਦੇਖਦੇ ਹਾਂ ਕਿ ਪੰਜਾਬ ਦਾ ਕਿਸਾਨ ਕਿੰਨਾ ਪ੍ਰਸਿੱਧ ਹੈ। ਇਹ ਯੂ. ਪੀ. ਵਿਚ ਜਾ ਕੇ ਚੰਗੀ ਖੇਤੀ ਕਰ ਸਕਦਾ ਹੈ ਅਤੇ ਆਪਣਾ ਰਿਕਾਰਡ ਕਾਇਮ ਕਰ ਸਕਦਾ ਹੈ, ਯੂ. ਪੀ. ਵਿਚ ਫਾਰਮਾਂ ਬਣਾ ਸਕਦਾ ਹੈ। ਫਿਰ ਇਥੇ ਹੀ ਨਹੀਂ ਬਾਹਰਲੇ ਦੇਸ਼ਾਂ ਵਿਚ ਜਾ ਕੇ ਵੀ ਪੈਦਾਵਾਰ ਕਰ ਸਕਦਾ ਹੈ। ਆਸਟ੍ਰੇਲੀਆ ਤੇ ਅਮਰੀਕਾ ਵਿਚ ਜਾ ਕੇ ਵੇਖੋ ਕਿ ਕਿਸ ਤਰ੍ਹਾਂ ਪੰਜਾਬ ਦੇ ਕਿਸਾਨ ਨੇ ਵੱਡੀਆਂ ਵੱਡੀਆਂ ਫਾਰਮਾਂ ਕਾਇਮ ਕਰ ਦਿਤੀਆਂ ਹਨ ਪਰ ਉਹ ਇਥੇ ਆਪਣੇ ਪੰਜਾਬ ਵਿਚ ਬੀਜ ਨਹੀਂ ਪੈਦਾ ਕਰ ਸਕਦਾ। ਕੀ ਬਿਰਲਾ ਇਕ ਪੰਜਾਬੀ ਕਿਸਾਨ ਤੋਂ ਮੋਟਾ ਬੀਜ ਪੈਦਾ ਕਰ ਸਕਦਾ ਹੈ ? (ਹਾਸਾ) (ਵਿਘਨ) ਪੰਜਾਬ ਦਾ ਕਿਸਾਨ ਚੇਅਰਮੈਨ ਸਾਹਿਬ, ਖੇਤੀ ਦੀ ਪ੍ਰੋਡਿਊਸ ਵਿਚ ਸਾਰੀ ਦੁਨੀਆਂ ਨਾਲੋਂ ਅੱਗੇ ਹੈ। ਅਜ ਤੁਸੀਂ ਯੂ. ਪੀ. ਦੀ ਤਰਾਈ ਦੇ ਇਲਾਕੇ ਵਿਚ ਜਾ ਕੇ ਵੇਖੋ ਕਿ ਕਿਸ ਤਰ੍ਹਾਂ ਪੰਜਾਬ ਦੇ ਕਿਸਾਨ ਨੇ ਉਥੇ ਜਾ ਕੇ ਫਾਰਮਾਂ ਕਾਇਮ ਕੀਤੀਆਂ ਹਨ

[ਸਰਦਾਰ ਗੁਰਬੰਤਾ ਸਿੰਘ]
ਅਤੇ ਫਸਲਾਂ ਪੈਦਾ ਕੀਤੀਆਂ ਹਨ, ਕਿਸ ਤਰ੍ਹਾਂ ਪੰਜਾਬ ਦਾ ਕਿਸਾਨ ਖੇਤੀ ਕਰ ਸਕਦਾ ਹੈ। ਇਸ ਲਈ ਇਸੇ ਤਰੀਕੇ ਨਾਲ ਪੰਜਾਬ ਦਾ ਕਿਸਾਨ ਮੈਨੂੰ ਯਕੀਨ ਹੈ ਕਿ ਬੀਜ ਚੰਗਾ ਪੈਦਾ ਕਰ ਸਕਦਾ ਹੈ। ਪੰਜਾਬ ਦਾ ਕਿਸਾਨ ਹਰ ਥਾਂ ਅੱਗੇ ਹੀ ਅੱਗੇ ਹੈ ਬਸ਼ਰਤੇ ਕਿ ਇਸ ਨੂੰ ਪੂਰੀਆਂ ਫੈਸਿਲੀਟੀਜ਼ ਦਿਤੀਆਂ ਜਾਣ। ਇਹ ਬੀਜ ਖੁਦ ਪੈਦਾ ਕਰ ਸਕਦਾ ਹੈ।

ਚੇਅਰਮੈਨ ਸਾਹਿਬ, ਤੁਸੀਂ ਆਪ ਵੀ ਜਾਣਦੇ ਹੋ ਕਿ ਇਸ ਗਲ ਦਾ ਫੈਸਲਾ ਕੀਤਾ ਗਿਆ ਸੀ ਕਿ ਅੰਬਾਲੇ ਜ਼ਿਲ੍ਹੇ ਵਿਚ ਚੋਆਂ ਦਾ ਮਾਰਿਆ ਹੋਇਆ ਇਲਾਕਾ ਰੀਕਲੇਮ ਕੀਤਾ ਜਾਵੇਗਾ ਅਤੇ ਇਹ ਸਾਰੇ ਦਾ ਸਾਰਾ ਹਰੀਜਨਾਂ ਨੂੰ ਦਿਤਾ ਜਾਵੇਗਾ। ਇਸੇ ਤਰ੍ਹਾਂ ਸਤਲੁਜ ਦੇ ਬੈਡ ਦਾ ਇਲਾਕਾ ਰੀਕਲੇਮ ਕੀਤਾ ਜਾਵੇਗਾ ਅਤੇ ਇਸ ਤੇ ਜਾਂ ਤਾਂ ਗੌਰਮਿੰਟ ਆਪ ਫਾਰਮਾਂ ਕਾਇਮ ਕਰੇਗੀ ਜਾਂ ਹਰੀਜਨਾਂ ਨੂੰ ਉਹ ਜ਼ਮੀਨ ਦਿਤੀ ਜਾਵੇਗੀ। ਮੈਨੂੰ ਪਤਾ ਹੈ ਕਿ ਇਸ ਤਰ੍ਹਾਂ 50 ਹਜ਼ਾਰ ਏਕੜ ਜ਼ਮੀਨ ਅਬਾਲੇ ਜ਼ਿਲ੍ਹੇ ਵਿਚ ਚੋਆਂ ਤੋਂ ਰੀਕਲੇਮ ਕੀਤੀ ਗਈ ਹੈ ਪਰ ਉਨ੍ਹਾਂ ਦੇ ਪਿੰਡਾਂ ਵਾਲਿਆਂ ਨੂੰ ਕੋਈ ਜ਼ਮੀਨ ਨਹੀਂ ਦਿਤੀ ਗਈ। ਤੇ ਨਾ ਹੀ ਇਸ ਤਰ੍ਹਾਂ ਰੀਕਲੇਮ ਕੀਤੀ ਜ਼ਮੀਨ ਹਰੀਜਨਾਂ ਨੂੰ ਦਿਤੀ ਗਈ ਹੈ।

ਫਿਰ ਦੂਜੇ ਪਾਸੇ ਚੇਅਰਮੈਨ ਸਾਹਿਬ, ਇਕ ਹੋਰ ਗਲ ਵੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣੇ ਵਾਲਿਆਂ ਨੇ ਆਪਣੇ ਤਜਰਬਿਆਂ ਲਈ ਜ਼ਮੀਨ ਐਕਵਾਇਰ ਕੀਤੀ ਸੀ ਅਤੇ ਜਿਨ੍ਹਾਂ ਪਿੰਡਾਂ ਨੂੰ ਉਖੇੜਿਆ ਗਿਆ ਹੈ ਉਨ੍ਹਾਂ ਨੂੰ ਅਜੇ ਤਕ ਕੋਈ ਜ਼ਮੀਨ ਨਹੀਂ ਦਿਤੀ ਗਈ ਅਤੇ ਹੁਣ ਐਗਰੀਕਲਚਰਲ ਯੂਨੀਵਰਸਿਟੀ ਵਾਲੇ ਹੋਰ ਜ਼ਮੀਨ ਦੀ ਮੰਗ ਕਰ ਰਹੇ ਹਨ। ਲੁਧਿਆਣੇ ਵਿਚ ਛੋਟੀਆਂ ਛੋਟੀਆਂ ਜ਼ਮੀਨਾਂ ਦੇ ਮਾਲਕਾਂ ਦੀ ਜ਼ਮੀਨ ਨੂੰ ਐਕਵਾਇਰ ਕਰ ਲਿਆ ਗਿਆ ਹੈ। ਉਥੇ ਹੋਰ ਜ਼ਮੀਨ ਮੰਗੀ ਜਾ ਰਹੀ ਹੈ। ਜਦ ਉਥੇ ਟੈਕਨੀਕਲ ਸਕਿਲ ਵੀ ਹੈ ਚੰਗੇ ਅਫਸਰ ਵੀ ਮੌਜੂਦ ਹਨ, ਸਰਕਾਰ ਦੇ ਕਰਿੰਦੇ ਵੀ ਹਨ ਤਾਂ ਫਿਰ ਇਹ ਸਾਰੀ ਰੀਕਲੇਮ ਕੀਤੀ ਜ਼ਮੀਨ ਕਿਉਂ ਨਾ ਉਸ ਯੂਨੀਵਰਸਿਟੀ ਨੂੰ ਦੇ ਦਿਤੀ ਜਾਵੇ, ਬਜਾਏ ਬਿਰਲੇ ਨੂੰ ਦੇਣ ਦੇ ? ਇਸ ਨਾਲ ਜਨਤਾ ਵੀ ਰਾਜ਼ੀ ਹੋ ਜਾਵੇਗੀ ਅਤੇ ਲੁਧਿਆਣੇ ਜ਼ਿਲ੍ਹੇ ਵਿਚ ਜਿਹੜੀਆਂ ਛੋਟੀਆਂ ਛੋਟੀਆਂ ਜ਼ਮੀਨਾਂ ਨੂੰ ਐਕਵਾਇਰ ਕੀਤਾ ਜਾ ਰਿਹਾ ਹੈ, ਇਸ ਦੀ ਵੀ ਲੋੜ ਨਹੀਂ ਪਵੇਗੀ।

ਪਰ, ਚੇਅਰਮੈਨ ਸਾਹਿਬ, ਹਮੇਸ਼ਾਂ ਹੀ ਕਿਸਾਨ ਅਤੇ ਜ਼ਿਮੀਂਦਾਰ ਨਾਲ ਧੱਕਾ ਹੁੰਦਾ ਚਲਾ ਆ ਰਿਹਾ ਹੈ, ਇਸ ਨਾਲ ਸਦਾ ਹੀ ਬੇਇਨਸਾਫੀ ਕੀਤੀ ਜਾਂਦੀ ਹੈ ਅਤੇ ਇਸ ਦੀਆਂ ਜ਼ਰੂਰੀਆਤ ਨੂੰ ਪੂਰਾ ਨਹੀਂ, ਕੀਤਾ ਜਾਂਦਾ ਕਿਉਂਕਿ ਇਹ ਵੋਕਲ ਨਹੀਂ, ਇਨ੍ਹਾਂ ਦੀ ਆਵਾਜ਼ ਨਹੀਂ ਅਤੇ ਨਾ ਹੀ ਇਹ ਜ਼ੋਰ ਨਾਲ ਬੋਲ ਸਕਦੇ ਹਨ, ਨਾ ਹੀ ਕੋਈ ਗਲ ਕਹਿ ਸਕਦੇ ਹਨ। ਇਸ ਲਈ ਮੈਂ ਤੁਹਾਡੀ ਰਾਹੀਂ, ਚੇਅਰਮੈਨ ਸਾਹਿਬ, ਸਰਕਾਰ ਪਾਸ ਬੇਨਤੀ ਕਰਾਂਗਾ ਕਿ ਆਉ ਫੇਰ ਇਸ ਤੇ ਬੈਠ ਕੇ ਵਿਚਾਰ ਕਰ ਲਿਆ ਜਾਵੇ ਅਤੇ ਸਲਾਹ ਕਰ ਲਈ ਜਾਵੇ। ਇਥੇ ਬਿਲ ਨੂੰ ਵਾਪਿਸ ਲੈ ਆਉ ਅਤੇ ਪਾਰਟੀ ਵਿਚ ਫਿਰ ਰਖ ਕੇ ਇਸ ਤੇ ਵਿਚਾਰ ਕਰ ਲਿਆ ਜਾਵੇ। ਅਸੀਂ ਲਿਖ ਕੇ ਦਿਤਾ ਸੀ ਕਿ ਪਾਰਟੀ ਦੀ ਮੀਟਿੰਗ ਕਿਸੇ ਛੁਟੀ ਵਾਲੇ ਦਿਨ ਨਾ ਰੱਖੀ ਜਾਵੇ ਪਰ ਇਨ੍ਹਾਂ ਨੇ ਉਸ ਦਿਨ ਰੱਖੀ ਜਿਸ ਦਿਨ ਛੁਟੀ ਸੀ। ਮੈਂਬਰ ਚਲੇ ਗਏ ਅਤੇ ਇਨ੍ਹਾਂ ਨੇ ਇਸ ਨੂੰ ਪਾਸ ਕਰਵਾ ਲਿਆ। ਅੱਜ ਪਾਰਟੀ ਦੀ ਮੀਟਿੰਗ ਬੁਲਾ ਕੇ ਉਸ ਵਿਚ ਦੁਬਾਰਾ ਵਿਚਾਰ ਕੀਤੀ ਜਾ ਸਕਦੀ ਹੈ। ਕਾਮਰੇਡ ਜੀ ਦੀ ਵਜ਼ਾਰਤ ਹੈ, ਕਾਮਰੇਡ ਬੜੇ ਸ਼ਰੀਫ ਆਦਮੀ ਹਨ। ਉਨ੍ਹਾਂ ਨੂੰ ਕਿਸਾਨਾਂ ਦੇ ਹਿਤਾਂ ਦਾ ਖਿਆਲ ਵੀ ਹੈ ਅਤੇ ਗਰੀਬਾਂ ਦੀ ਮਦਦ ਵੀ ਕਰਦੇ ਹਨ ਇਸ ਲਈ ਹੁਣ ਉਨ੍ਹਾਂ ਲਈ ਮੌਕਾ ਹੈ ਕਿ ਇਸ ਬਿਲ ਨੂੰ ਵਾਪਿਸ ਲੈ ਲੈਣ। ਮੈਂ, ਚੇਅਰਮੈਨ ਸਾਹਿਬ, ਆਪ ਦੀ ਰਾਹੀਂ ਅਧੀਨਗੀ ਨਾਲ ਅਪੀਲ ਕਰਾਂਗਾ ਇਸ ਸਰਕਾਰ ਪਾਸ, ਕਿ ਸਰਕਾਰ ਜੋ ਅੱਜ ਇਹ ਕਹਿੰਦੀ ਹੈ ਕਿ ਇਹ ਗਰੀਬਾਂ ਦੀ ਹਮਦਰਦ ਸਰਕਾਰ ਹੈ, ਉਹ ਅੱਜ ਸਾਹਮਣੇ ਨਿਤਰੇ ਅਤੇ ਇਸ ਬਿਲ ਨੂੰ ਵਾਪਿਸ ਲੈਏ ।

ਚੇਅਰਮੈਨ ਸਾਹਿਬ, ਇਕ ਸਾਲ ਤਾਂ ਇਸ ਸਰਕਾਰ ਨੇ ਇਸ ਗਲ ਦਾ ਪਰਚਾਰ ਕਰਦਿਆਂ ਲੰਘਾ ਲਿਆ ਕਿ ਜਿਹੜੇ ਮਾੜੇ ਕੰਮ ਪਿਛਲੀ ਸਰਕਾਰ ਨੇ ਕੀਤੇ ਸਨ ਉਨ੍ਹਾਂ ਨੂੰ ਅਸੀਂ ਖਤਮ ਕਰਨਾ ਹੈ ਅਤੇ ਉਨ੍ਹਾਂ ਦਾ ਨਾਂ ਤਕ ਮਿਟਾ ਦੇਣਾ ਹੈ। ਅਤੇ ਅਸੀਂ ਉਨ੍ਹਾਂ ਦੀ ਥਾਂ ਤੇ ਚੰਗੇ ਕਮ ਕਰਨੇ ਹਨ। ਫਿਰ ਜਿਹੜੀਆਂ ਮਾੜੀਆਂ ਨੀਤੀਆਂ ਸਨ ਉਨ੍ਹਾਂ ਨੂੰ ਜੇਕਰ ਖਤਮ ਕਰਨਾ ਹੈ ਤਾਂ ਪਿਛਲੀ ਸਰਕਾਰ ਦੇ ਫੈਸਲਿਆਂ ਅਤੇ ਕੰਮਾਂ ਵਲ ਵੀ ਤੱਕੋ। ਪਿਛਲੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਪੰਜ ਏਕੜ ਤਕ ਜ਼ਮੀਨ ਤੇ ਮਾਲੀਆ ਮੁਆਫ ਕਰ ਦੇਣਾ ਹੈ। ਇਨ੍ਹਾਂ ਨੇ ਇਸ ਨੂੰ ਨਹੀਂ ਕੀਤਾ ਸਗੋਂ ਇਸ ਬਿਲ ਰਾਹੀਂ ਹੋਰ ਟੈਕਸ ਲਗਾਇਆ ਜਾ ਰਿਹਾ ਹੈ। ਮੈਂ ਅੰਤ ਵਿਚ ਇੰਨਾ ਹੀ ਕਹਾਂਗਾ ਕਿ ਇਸ ਬਿਲ ਨੂੰ ਸਰਕਾਰ ਵਾਪਿਸ ਲੈ ਲਵੇ। ਇਨ੍ਹਾਂ ਕਹਿ ਕੇ ਮੈਂ ਆਪ ਪਾਸੋਂ ਖਿਮਾਂ ਮੰਗਦਾ ਹਾਂ।

ठाकुर मेहर सिंह (डेहरा गोपी पुर) : चेयरमैन साहिब, यह जो कमर्शल क्राप सैस बिल आज इस हाऊस में ज़ेरे बहस है इस के बारे में मैं सरकार से यह कहूंगा कि यह जो सरकार का फैसला है इस बिल को पास करने का इस के लिए सब से बेहतर बात यह है कि इस बिल को सरकार वापिस ले ले। इस बिल से ज्यादा हमारे सूबे के किसानों को और दुख देने वाली कोई बात नहीं हो सकती। (विरोधी पक्ष की ओर से प्रशंसा) सरकार के अपने अदादोशुमार के मुताबिक चेयरमैन साहिब, यह बात कही गई है कि इस सैस से हमारे सूबे को 60, 70 लाख की आमदनी होने वाली है। इस में यह भी कहा गया है कि इस सैस को बार्डर के तीन ज़िलों में नहीं लगाया जा रहा। अमृतसर, गुरदासपुर और फिरोज़पुर के तीन ज़िलों को इस से मुस्तस्ना करार दिया गया है। इस हिसाब से और भी सैस कम हो जाएगा यानी कोई 30, 40 लाख के करीब होगा। फिर इस में से 10—15 लाख अमले पर खर्च हो जाएगा। इस लिये इस बिल से कोई ज्यादा फायदा पहुंचने वाला नहीं है। यह बात आप जानते हैं कि दिहात में मुल्क की 85 फीसदी आबादी बसती है और इस टैक्स का असर उन पर पड़ने वाला है। और वह अपना रोष सरकार के विरुद्ध प्रकट करेंगे।

फिर, चेयरमैन साहिब, सन् 1963 में यह सैस लगाया गया था और सरकार की तरफ से एलान किया गया था और हम भी अपने इलाके में गए और देखा कि एक एक कनाल पर भी जिसने गन्ना बीज रखा था टैक्स लगा दिया गया। और वसूल किया गया। हम लोगों को कहते रहे कि यह तो आर्ज़ी टैक्स है और सिर्फ तीन साल के लिये है इस के बाद नहीं लिया जाएगा। आज फिर गवर्नमैंट दोबारा नए सिरे से इस टैक्स को लगाने जा रही है। इस का नतीजा क्या होगा कि पंजाब की 85 फीसदी आबादी सरकार से नाराज़ हो जाएगी। अगर इन्हें रुपया ही चाहिए तो मैं आप के ज़रिये सरकार को कई दूसरे तरीके बता सकता हूं जिन के द्वारा रुपया वसूल हो सकता है। मिसाल के तौर पर सैरिक्लचर का महकमा है। इस पर लाखों रुपया तो खर्च किया जाता है और हज़ारों रुपया की आमदन भी नहीं। अगर इस महकमा को हटा दिया जाए तो फिर इस टैक्स के लगाने की ज़रूरत ही नहीं रह जाती। टैक्सों के मामले में भी ऐसे ही हालात हैं। जब टक्स लगता है तो यह समझ कर कि ज़मींदार अमीर हैं इस लिये उन पर टैक्स लगाया जाता है मगर कोई बोलता तक नहीं। मगर जब सरमायेदारों पर लगाने का टैक्स आता

[ठाकुर मेहर सिंह]

है तो चारों तरफ शोर मच जाता है। आप ने देखा होगा कि यहां पर बिकरी टैक्स आया तो कितनी अमैंडमैंट्स आईं और बहुत सी सरकार को माननी भी पड़ीं। इस बिल के मुताल्लिक मैं ने एक अमण्डमैंट दी थी कि 5 एकड़ से कम जमीन वालों को इस ऐक्ट से मुस्तस्ना करार दे दिया जाये मगर वह एमैंडमैंट आज तक न छपी है और न ही डिस्ट्रीब्यूट हुई है। मैं जानता हूं कि टैक्स लगा कर रुपया इकट्ठा करने का तरीका इस सरकार ने अपनाया है, मगर ऐसा यह अपनी फजूल खर्चियों को बन्द कर के कर सकती थी। मैं कहता हूं 45 प्रति शत लोग हैं जो कुरबानियां करके आगे आये हैं। आप ने इतने मिनिस्टर्ज़ बढाए मगर काम करने वाले इन में चन्द एक हैं। बहुत से तो ऐसे हैं जो हमेशा अपना डिसक्रीशनरी फंड तकसीम करने पर ही लगे रहते हैं, और कोई उन को काम नहीं। आप देखें जो वोट कैयुल्टीज़ की लिस्ट छपी है इसमें लिखा है कांगड़ा जिला के 193 जवान शहीद हुए, 296 जख्मी हुए और 60 लापता हैं। मगर फिर भी फ्रंट पर यह खिदमत करते नज़र आते हैं। खर्च को बचत पर विचार नहीं करते। इस जगह के लिये उन्हीं लोगों को आगे लिया जाता है जिन्होंने पहले कुरबानियां दी हैं। इस लिये मैं कहूंगा कि यह टैक्स हम पर लगाने की बजाये वापस लिया जाये।

PERSONAL EXPLANATION BY THE HOME AND DEVELOPMENT MINISTER

गृह मन्त्री : On a point of personal explanation, Sir. जब मैं यहां पर हाज़र नहीं था तो यह कहा गया कि मैं ने कुछ अल्फाज़ सिख लाईट इनफैंटरी के मुताल्लिक कहे हैं। डिफैंस के मुताल्लिक जो मेरी स्पीचिज़ हुई हैं, मैं ने उन सब को एक एक कर के देखा है, मैं ने यह अल्फाज़ कहे थे, "हमारी उस फौज ने जिस में यह भी शामिल है, सभी ने बड़ी बहादरी से लड़ाई लड़ी है और कोई भी किसी से पीछे नहीं रहा।" बस जी यही मैं अर्ज़ करना चाहता था।

कुंवर राम पाल सिंह : On a point of order, Sir. क्या कोई भाई माईक पर काला बिल्ला लगा कर अपने सामने रख सकता है ?

श्री सभापति : आप यह काला बिला उठा लें (The hon. Member should remove this black badge.)

ਸਰਦਾਰ ਸ਼ਮਸ਼ੇਰ ਸਿੰਘ : ਬਹੁਤ ਸਾਰੇ ਮੈਂਬਰ ਸਾਹਿਬਾਨ ਦੇ ਲਾਏ ਹੋਏ ਹਨ।

ਸ੍ਰੀ ਸਭਾਪਤੀ : ਤੁਸੀਂ ਮਾਈਕ ਤੋਂ ਉਠਾ ਲਉ ਜੀ। (The hon. Member should remove it from the mike.)

(ਇਸ ਵੇਲੇ ਬਿੱਲਾ ਮਾਈਕ ਤੋਂ ਉਤਾਰ ਲਿਆ ਗਿਆ)

THE PUNJAB COMMERCIAL CROPS CESS, (AMENDMENT), BILL, 1965

(Resumption of Discussion.)

ਸਰਦਾਰ ਸ਼ਮਸ਼ੇਰ ਸਿੰਘ (ਲੁਧਿਆਣਾ, ਦੱਖਣ): ਚੇਅਰਮੈਨ ਸਾਹਿਬ, ਇਹ ਗੱਲ ਠੀਕ ਹੈ ਕਿ ਆਪਣੀਆਂ ਸਕੀਮਜ਼ ਨੂੰ ਕਾਮਿਆਬ ਬਣਾਉਣ ਵਾਸਤੇ ਸਰਕਾਰ ਲਈ ਟੈਕਸ ਲਾਉਣਾ ਬੜਾ ਜ਼ਰੂਰੀ

ਹੈ। ਸਾਡੇ ਮੁਲਕ ਦੀਆਂ ਕੁਝ ਸਕੀਮਾਂ ਚਾਲੂ ਹੋਈਆਂ ਅਤੇ ਦੱਸਿਆ ਗਿਆ ਕਿ ਸਾਡੀ ਪਰ ਕੈਪੀਟਾ ਇਨਕਮ ਦੇ ਵਿਚ ਵਾਧਾ ਹੋਇਆ ਹੈ ਪਰ ਪੰਡਤ ਨਹਿਰੂ ਜੀ ਨੇ ਪਰ ਕੈਪੀਟਾ ਇਨਕਮ ਦੇ ਵਾਧੇ ਦੇ ਮੁਤਾਬਿਕ ਇਹ ਕਿਹਾ ਸੀ ਕਿ ਠੀਕ ਹੈ ਕਿ ਜਿਵੇਂ ਇਹ ਕਹਿੰਦੇ ਹਨ ਪਰ ਕੈਪੀਟਾ ਇਨਕਮ ਵਿਚ ਵਾਧਾ ਹੋਇਆ ਹੈ ਪਰ ਅਵਾਮ ਦੀ ਹਾਲਤ ਤਾਂ ਵੈਸੀ ਦੀ ਵੈਸੀ ਹੀ ਹੈ। ਇਸ ਲਈ ਜੇ ਸਰਕਾਰ ਨੇ ਕੋਈ ਟੈਕਸ ਲਾਉਣਾ ਵੀ ਹੈ ਤਾਂ ਉਹ ਉਥੇ ਲਾਵੇ ਜਿਥੇ ਕਿ ਪਰ ਕੈਪੀਟਾ ਇਨਕਮ ਦੇ ਵਿਚ ਵਾਧਾ ਹੋਇਆ ਹੈ। ਅਜ ਉਸ ਕਿਸਾਨ ਤੇ ਟੈਕਸ ਲਾਉਣ ਨੂੰ ਇਹ ਤਿਆਰ ਹੋਏ ਹਨ ਜਿਹੜਾ ਇਨ੍ਹਾਂ ਨੂੰ ਅੰਨ ਪੈਦਾ ਕਰਕੇ ਦਿੰਦਾ ਹੈ, ਪਰ ਜਿਸ ਦੀ ਕਦਰ ਇਤਨੀ ਹੀ ਹੈ ਕਿ ਪਸ਼ੂਆਂ ਤੋਂ ਦੂਸਰੇ ਦਰਜੇ ਤੇ ਅਜ ਜ਼ਿਮੀਂਦਾਰ ਨੂੰ ਸਮਝਿਆ ਜਾਂਦਾ ਹੈ। ਇਸ ਪਾਸੇ ਸਰਕਾਰ ਨੂੰ ਟੈਕਸ ਲਾਉਣ ਦੀ ਬਜਾਏ ਕੁਝ ਸੰਕੋਚ ਕਰਨਾ ਚਾਹੀਦਾ ਸੀ। ਸਰਕਾਰ ਨੇ ਇਕ ਸਰਦਾਰ ਉਜਲ ਸਿੰਘ ਕਮੇਟੀ ਕਿਸਾਨ ਦੀ ਪਰ ਕੈਪੀਟਾ ਇਨਕਮ ਦੇਖਣ ਵਾਸਤੇ ਬਣਾਈ ਸੀ ਪਰ ਇਸ ਦੀ ਰਿਪੋਰਟ ਦੇ ਚੇਅਰਮੈਨ ਸਾਹਿਬ. ਅਜੇ ਤਕ ਕਿਸੇ ਨੂੰ ਦਰਸ਼ਨ ਕਰਨੇ ਵੀ ਨਸੀਬ ਨਹੀਂ ਹੋਏ। (ਇਕ ਮਾਨ ਯੋਗ ਮੈਂਬਰ:—ਨਾ ਹੋਣੇ ਹੀ ਹਨ) ਮੈਂ ਹਾਊਸ ਦੀ ਗਿਆਤ ਵਾਸਤੇ ਦੱਸ ਦਿਆਂ ਕਿ ਮੈਨੂੰ ਸਰਦਾਰ ਉਜਲ ਸਿੰਘ ਹੋਰਾਂ ਨਾਲ ਇਕ ਦਫਾ ਗਲ ਕਰਨ ਦਾ ਇਤਫਾਕ ਹੋਇਆ। ਮੈਂ ਪੁਛਿਆ ਕਿ ਇਸ ਰਿਪੋਰਟ ਦਾ ਕੀ ਹੋਇਆ। ਉਹ ਕਹਿਣ ਲਗੇ ਕਿ ਅਸੀਂ ਤਾਂ ਰਿਪੋਰਟ ਦੇ ਦਿਤੀ ਹੈ ਅਤੇ ਸਰਕਾਰ ਨੂੰ ਇਹ ਸਿਫਾਰਸ਼ ਕੀਤੀ ਹੈ ਕਿ ਇਸ ਵੇਲੇ ਕਿਸਾਨ ਨੂੰ ਗੰਦਮ 53 ਰੁਪਏ 50 ਪੈਸੇ ਪਰ ਕੁਇੰਟਲ ਘਰ ਪੈਂਦੀ ਹੈ। ਪਰ ਤੁਸੀਂ ਦੇਖਿਆ ਹੋਵੇਗਾ ਕਿ ਕਿਸਾਨ ਨੂੰ ਗੰਦਮ ਦੜਾ 48 ਰੁਪਏ ਅਤੇ 50 ਰੁਪਏ ਫੀ ਕੁਵਿੰਟਲ ਦੇ ਭਾਓ ਦੇਣੀ ਪੈ ਰਹੀ ਹੈ। ਫੇਰ ਵੀ ਉਸ ਦੇ ਉਤੇ ਇਹ ਸੈਸ ਲਾ ਦੇਣੀ ਕਿ ਗ਼ਰੀਬ ਕਿਸਾਨ ਤੇ ਇਹ ਜ਼ੁਲਮ ਨਹੀਂ ? ਇਹ ਬਾਹਰੋਂ ਨਾਂ ਪੁਛਣ, ਆਪਣੀਆਂ ਸੀਡ ਫਾਰਮਾਂ ਵੇਖ ਲੈਣ ਕਿ ਉਹ ਕਿਵੇਂ ਘਾਟੇ ਦੇ ਵਿਚ ਜਾ ਰਹੀਆਂ ਹਨ। ਪਰ ਫੇਰ ਵੀ ਜਿਥੋਂ ਤਕ ਅੰਨ ਦੀ ਪੈਦਾਵਾਰ ਵਧਾਉਣ ਦਾ ਤਆਲੁਕ ਹੈ ਕਿਸਾਨ ਦਿਨ ਬਦਿਨ ਅਗੇ ਪੈਦਾਵਾਰ ਵਧਾਉਂਦਾ ਹੀ ਜਾ ਰਿਹਾ ਹੈ। ਦੂਸਰੇ ਪਾਸੇ ਤੁਸੀਂ ਉਸ ਦੀ ਆਪਣੀ ਹਾਲਤ ਦਾ ਜਾਇਜ਼ਾ ਲਓ। ਉਹ ਆਪਣੇ ਬਚਿਆਂ ਦਾ ਗਲਾ ਘੁਟਦਾ ਹੈ, ਉਨ੍ਹਾਂ ਨੂੰ ਪੂਰਾ ਕਪੜਾ ਵੀ ਪਹਿਨਣ ਲਈ ਨਹੀਂ ਦੇ ਸਕਦਾ, ਨਾ ਪੂਰੀ ਖੁਰਾਕ ਹੀ ਦੇ ਸਕਦਾ ਹੈ, ਪੀਣ ਨੂੰ ਦੁਧ ਹੀ ਨਹੀਂ ਤਾਂ ਘਿਓ ਕਿਥੋਂ ਖਾਏਗਾ। ਜਿਹੜਾ ਦੁਧ ਹੁੰਦਾ ਹੈ ਉਹ ਸ਼ਹਿਰਾਂ ਵਾਲੇ ਚੁਆ ਕੇ ਲੈ ਜਾਂਦੇ ਹਨ।

(Deputy Speaker in the Chair.)

ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਕਿਸਾਨ ਤੇ ਹੋਰ ਬੋਝ ਨਾ ਪਾਓ ਇਹ ਨਾ ਹੋਵੇ ਕਿ ਉਹ ਸਹਾਰ ਹੀ ਨਾ ਸਕੇ। ਜੇ ਤੁਸੀਂ ਉਸ ਦੀ ਹੋਰ ਕੋਈ ਇਮਦਾਦ ਨਹੀਂ ਕਰ ਸਕਦੇ ਤਾਂ ਘਟ ਤੋਂ ਘਟ ਇਹ ਤਾਂ ਕਰੋ ਕਿ ਜੋ ਪਾਬੰਦੀਆਂ ਉਸ ਦੇ ਲਈ ਜ਼ੋਨ ਬਣਾ ਕੇ ਲਾਈਆਂ ਹਨ, ਉਹ ਹੀ ਖ਼ਤਮ ਕਰ ਦਿਓ। ਇਸ ਦੇ ਨਾਲ ਭਾਓ ਕੁਝ ਉਚਾ ਹੋ ਜਾਵੇਗਾ ਅਤੇ ਜ਼ਿਮੀਂਦਾਰ ਨੂੰ ਕੁਝ ਸਹਾਰਾ ਹੋਵੇਗਾ। ਜੇ ਤੁਸੀਂ ਕਹੋ ਕਿ ਕਿਸਾਨਾਂ ਦੀ ਪਰ ਕੈਪੀਟਾ ਇਨਕਮ ਵਧੀ ਹੈ ਤਾਂ ਇਹ ਸ਼ਾਇਦ ਭੁਲੇਖੇ ਤੋਂ ਸਵਾਏ ਹੋਰ ਕੁਝ ਨਹੀਂ ਹੈ। ਪਤਾ ਨਹੀਂ ਸਰਕਾਰ ਅੰਨ੍ਹੀ ਹੈ ਜੋ ਇਸ ਨੂੰ ਸਹੀ ਹਾਲਤ ਨਜ਼ਰ ਨਹੀਂ ਆਉਂਦੀ। ਪਤਾ ਨਹੀਂ ਇਹ ਸਰਕਾਰ ਬੋਲੀ ਹੈ ਜੋ ਇਨ੍ਹਾਂ ਨੂੰ ਠੀਕ ਗੱਲ ਨਹੀਂ ਸੁਣਦੀ। ਮੈਂ ਕਹਿੰਦਾ ਹਾਂ ਚਲੋ ਛੱਡੋ ਸਾਰੀ ਗੱਲ ਜਿਹੜੀ ਪਰ ਕੈਪੀਟਾ ਇਨਕਮ ਵਧੀ ਹੈ ਅਤੇ ਜੋ ਜ਼ਿਮੀਂਦਾਰ ਦੀ ਐਸ ਵੇਲੇ ਦੀ ਇਨਕਮ ਹੈ ਉਸ ਦਾ 40 ਫੀ ਸਦੀ ਛੱਡ ਕੇ ਸਾਨੂੰ ਦੇ ਦੇਓ। ਸਾਡੇ ਹੋਮ ਮਨਿਸਟਰ ਸਾਹਿਬ ਨੰਦਾ ਸਾਹਿਬ ਨੇ ਇਕ ਗੱਲ ਨਿਹਾਇਤ ਹੀ ਇਮਾਨਦਾਰੀ ਦੇ ਨਾਲ ਕਹੀ ਹੈ "ਯੇਹ ਜੋ ਸਰਮਾਏਦਾਰ ਲੋਗ ਹੈਂ ਉਨ ਸੇ ਭੀ ਚੰਦਾ ਵਗੈਰਾ ਹਮ ਲੇਤੇ ਹੈਂ, ਉਨ ਕਾ ਭੀ ਮੂੰਹ ਰਖਨਾ ਹੋਤਾ ਹੈ। ਇਸ ਕੇ ਸਵਾਏ ਹਮੇਂ ਔਰ ਕੋਈ ਰਾਸਤਾ ਨਹੀਂ ਹੈ ਜੋ ਸ਼ਾਰਟ ਕਟ ਹੋ"......

ਡਿਪਟੀ ਸਪੀਕਰ : ਤੁਸੀਂ ਆਪਣੀ ਗੱਲ ਕਰੋ, ਸੈਂਟਰ ਦੇ ਮਨਿਸਟਰ ਨੂੰ ਕਿਉਂ ਕਰਿਟੀਸਾਈਜ਼ ਕਰਦੇ ਹੋ ? (Let the hon. Member proceed with his arguments, he needs not criticise the Central Minister.)

ਸਰਦਾਰ ਸ਼ਮਸ਼ੇਰ ਸਿੰਘ : ਮੈਂ, ਬੀਬੀ ਜੀ, ਕਰਿਟੀਸਾਈਜ਼ ਨਹੀਂ ਕੀਤਾ, ਮੈਂ ਤਾਂ ਉਨ੍ਹਾਂ ਦੀ ਤਾਰੀਫ ਕੀਤੀ ਹੈ। ਤੁਸੀਂ ਕਹਿੰਦੇ ਹੋ ਕਿ ਅਸੀਂ ਕਿਸਾਨ ਦੀ ਇਮਦਾਦ ਕਰਦੇ ਹਾਂ ਪਰ ਤੁਸੀਂ ਖੁਦ ਜਾ ਕੇ ਵੇਖੋ ਉਸ ਨੇ ਟਰੈਕਟਰ ਜੇ ਖਰੀਦਣਾ ਹੋਵੇ ਤਾਂ ਬਲੈਕ ਦੇ ਵਿਚੋਂ ਮਿਲਦਾ ਹੈ, ਜੇ ਉਸ ਨੂੰ ਆਇਲ ਇੰਜਨ ਦੀ ਲੋੜ ਹੋਵੇ ਤਾਂ ਬਲੈਕ ਵਿਚੋਂ ਮਿਲਦਾ ਹੈ। ਤੁਸੀਂ ਜੇ ਸਹੀ ਹਾਲਾਤ ਦਾ ਪਤਾ ਲੈਣਾ ਹੋਵੇ ਤਾਂ ਜ਼ਰਾ ਸੀ. ਆਈ. ਡੀ. ਵਾਲੇ ਨੂੰ ਤਾਂ ਪੁਛੋ ਕਿ ਉਹ ਕਿਤਨੇ ਕਿਤਨੇ ਵਿਚ ਖਰੀਦ ਕੇ ਲਿਆਉਂਦੇ ਹਨ। ਜਿਤਨੀ ਵੀ ਚੀਜ਼ ਦੀ ਜ਼ਰੂਰਤ ਕਿਸਾਨ ਨੂੰ ਹੈ, ਉਹ ਬਲੈਕ ਵਿਚੋਂ ਹੀ ਉਸ ਨੂੰ ਮਿਲ ਸਕਦੀ ਹੈ, ਹੋਰ ਕੋਈ ਰਾਹ ਨਹੀਂ। ਫਿਰ ਉਸ ਦੀ ਜ਼ਰੂਰਤ ਦੀ ਹਰ ਚੀਜ਼ ਤੇ ਜ਼ਿਆਦਾ ਟੈਕਸ ਵਧਾਇਆ ਗਿਆ ਹੈ। ਡੀਜ਼ਲ ਤੇ ਟੈਕਸ ਹੈ। ਸਾਡੀ ਸਰਕਾਰ ਮੰਨਦੀ ਹੈ ਕਿ ਜੇ ਮੈਕਨਾਈਜ਼ਡ ਫਾਰਮਿੰਗ ਹੋਵੇ ਤਾਂ ਪੈਦਾਵਾਰ ਵਧਦੀ ਹੈ। ਪੈਦਾਵਾਰ ਵਧਾਣ ਦੇ ਤਰੀਕੇ ਹਨ ਕਿ ਡੀਜ਼ਲ ਤੇ ਟੈਕਸ ਅਤੇ ਟਰੈਕਟਰ ਤੇ ਡਿਊਟੀ ਉੜਾ ਦਿਤੀ ਜਾਏ। ਜਿਹੜਾ ਟਰੈਕਟਰ ਖਰੀਦਣਾ ਚਾਹੁੰਦਾ ਹੈ ਉਸ ਨਾਲ ਐਨੀਆਂ ਸਖ਼ਤੀਆਂ ਨਾ ਹੋਣ ਜੋ ਹੁਣ ਹੁੰਦੀਆਂ ਹਨ। ਹੁਣ ਸਾਡੀ ਸਰਕਾਰ ਇਸ ਸੈਸ ਨੂੰ ਜਾਰੀ ਰਖਣਾ ਚਾਹੁੰਦੀ ਹੈ। ਮੈਂ ਸਮਝਦਾ ਹਾਂ ਕਿ ਇਹ ਬੜੀ ਕਾਬਲੇ ਅਫਸੋਸ ਗਲ ਹੈ। ਹੋਰ ਚੀਜ਼ਾਂ ਹਨ ਜਿਥੋਂ ਰੁਪਿਆ ਬਚਾਇਆ ਜਾ ਸਕਦਾ ਹੈ। ਮਾਸਟਰ ਗੁਰਬੰਤਾ ਸਿੰਘ ਨੇ ਸੁਝਾ ਦਿਤੇ ਹਨ। ਅਜ ਉਹ ਕੁਰਸੀ ਤੇ ਨਹੀਂ।ਜਦੋਂ ਮਾਸਟਰ ਜੀ ਕੁਰਸੀ ਤੇ ਸਨ ਤਾਂ ਉਦੋਂ ਉਨ੍ਹਾਂ ਨੂੰ ਇਹ ਨੁਕਸ ਨਜ਼ਰ ਨਹੀਂ ਆਉਂਦੇ ਸਨ ਤਾਂ ਭੀ ਜੋ ਗੱਲਾਂ ਉਨ੍ਹਾਂ ਨੇ ਹੁਣ ਕਹੀਆਂ ਹਨ ਉਨ੍ਹਾਂ ਤੇ ਅਮਲ ਕਰੋ। ਇਹ ਕੁਰਸੀ ਹਮੇਸ਼ਾ ਨਹੀਂ ਰਹਿਣ ਵਾਲੀ। ਇਹ ਚਲੀ ਜਾਣੀ ਹੈ, ਤੁਸੀਂ ਚਲੇ ਜਾਣਾ ਹੈ।

ਮਾਲ ਮੰਤਰੀ : ਸਭ ਨੇ ਚਲੇ ਜਾਣਾ ਹੈ।

ਸਰਦਾਰ ਸ਼ਮਸ਼ੇਰ ਸਿੰਘ : ਠੀਕ ਹੈ ਸਭ ਨੇ ਚਲੇ ਜਾਣਾ ਹੈ। ਬਸ, ਡਿਪਟੀ ਸਪੀਕਰ ਸਾਹਿਬਾ, ਮੈਂ ਤਾਂ ਐਨੀਆਂ ਗਲਾਂ ਹੀ ਕਹਿਣੀਆਂ ਸਨ। ਇਸ ਬਿਲ ਨੂੰ ਹੋਰ ਅਗੇ ਲਈ ਲਾਉਣਾ ਕਿਸਾਨਾਂ ਨਾਲ ਨਿਹਾਇਤ ਸਖ਼ਤੀ ਹੈ।

ਸਰਦਾਰ ਗੁਰਦਰਸ਼ਨ ਸਿੰਘ (ਨਾਭਾ): ਡਿਪਟੀ ਸਨਪੀਕਰ ਸਾਹਿਬਾ, ਇਹ ਜਿਹੜਾ ਬਿਲ ਇਸ ਹਾਊਸ ਦੇ ਸਾਹਮਣੇ ਹੈ ਮੈਂ ਇਸ ਦੀ ਮੁਖਾਲਫਤ ਕਰਨ ਲਈ ਖੜ੍ਹਾ ਹੋਇਆ ਹਾਂ। ਦੋ ਢਾਈ ਸਾਲ ਪਹਿਲਾਂ ਇਕ ਸੈਸ਼ਨ ਵਿਚ ਇਹ ਬਿਲ ਆਇਆ ਸੀ। ਉਸ ਵੇਲੇ ਵੀ ਮੈਂ ਇਸ ਦੀ ਮੁਖਾਲਫਤ ਕੀਤੀ ਸੀ। ਉਸ ਦੇ ਕੁਝ ਕਾਰਨ ਹਨ। ਡਿਪਟੀ ਸਪੀਕਰ ਸਾਹਿਬਾ, ਪਹਿਲਾਂ ਤਾਂ ਇਸ ਤੇ ਬਹਿਸ ਵਿਚ ਕੁਛ ਮਤ ਭੇਦ ਕਰੀਏਟ ਕੀਤਾ ਗਿਆ ਜ਼ਿਮੀਂਦਾਰ ਅਤੇ ਨੌਨ ਜ਼ਿਮੀਂਦਾਰ ਤਬਕੇ ਵਿਚ, ਕਿਸਾਨ, ਰੂਰਲ ਅਤੇ ਅਰਬਨ ਦੇ ਸਬੰਧ ਵਿਚ। ਮੈਂ ਸਮਝਦਾ ਹਾਂ ਕਿ ਅਗਰ ਸਚੇ ਦਿਲੋਂ ਦੇਖੀਏ ਤਾਂ ਇਹ ਇਕ ਬੜਾ ਬੁਰਾ ਨਜ਼ਰੀਆ ਹੈ ਕਿਉਂਕਿ ਅਗਰ ਪੰਜਾਬ ਨੇ ਤਰਕੀ ਕਰਨੀ ਹੈ, ਪੰਜਾਬ ਨੇ ਵਧਣਾ ਫੁਲਣਾ ਹੈ ਤਾਂ ਜ਼ਰੂਰੀ ਹੈ ਕਿ ਦੋਨੋਂ—ਰੂਰਲ ਅਤੇ ਅਰਬਨ ਏਰੀਆਜ਼ ਦੀ ਤਰਕੀ ਹੋਵੇ। ਜਿਹੜਾ ਸਾਡੇ ਵਿਚ ਸ਼ੰਕਾ ਜਾਂ ਜਿਹੜੀਆਂ ਸਾਡੇ ਵਿਚ ਕੋਈ ਇਹੋ ਜਿਹੀਆਂ ਚੀਜ਼ਾਂ ਪੈਦਾ ਹੁੰਦੀਆਂ ਹਨ ਦਿਲ ਵਿਚੋਂ ਉਸ ਨੂੰ ਦੂਰ ਕਰਨ ਲਈ ਸਭ ਤੋਂ ਵਡੀ ਜ਼ਿਮੇਂਦਾਰੀ ਸਾਡੀ ਸਰਕਾਰ ਦੀ ਹੈ ਅਤੇ ਉਨ੍ਹਾਂ ਮੈਂਬਰਾਂ ਦੀ ਜ਼ਿਮੇਂਦਾਰੀ ਹੈ ਜੋ ਇਨ੍ਹਾਂ ਟਰੇਜ਼ਰੀ ਬੈਂਚਿਜ਼ ਤੇ ਬੈਠਦੇ ਹਨ। ਡਿਪਟੀ ਸਪੀਕਰ ਸਾਹਿਬਾ, ਤੁਹਾਡੇ ਸਾਹਮਣੇ ਇਕੋ ਹੀ ਮਿਸਾਲ ਦੇ ਕੇ ਅਗੇ ਜਾਵਾਂਗਾ। ਜਦੋਂ ਸੇਲਜ਼ ਟੈਕਸ ਬਿਲ ਹਾਊਸ ਦੇ ਸਾਹਮਣੇ ਆਇਆ ਤਾਂ ਉਹ ਬਿਲ ਛੇ ਸਤ ਦਿਨ ਡਿਸਕਸ ਹੁੰਦਾ ਰਿਹਾ। ਸਰਕਾਰ ਨੇ ਨਾ ਕੋਈ ਗਿਲੋਟੀਨ ਦੀ ਮੰਗ ਕੀਤੀ ਤੇ ਨਾ ਕੋਈ ਤਰੀਕਾ ਇਸਤੇਮਾਲ ਕੀਤਾ ਤਾਂ ਜੋ ਉਸ ਡਿਸਕਸ਼ਨ ਨੂੰ ਬੰਦ ਕਰ ਦਿਤਾ ਜਾਂਦਾ। ਅਜ ਸਪੈਸ਼ਲ ਕਰਾਪ ਸੈਸ ਬਿਲ ਆਇਆ ਹੈ ਤਾਂ ਮੂਵ ਕੀਤਾ ਹੈ ਕਿ ਅਜ ਸਦਨ ਉਠਣ

ਤੋਂ ਪਹਿਲਾਂ ਇਸ ਤੇ ਸਾਰੀ ਡਿਸਕਸ਼ਨ ਕੀਤੀ ਜਾਵੇ। ਸਰਕਾਰ ਵਲੋਂ ਤਾਂ ਕੋਸ਼ਿਸ਼ ਕੀਤੀ ਜਾਣੀ ਚਾਹੀ-ਦੀ ਹੈ ਕਿ ਕਿਸਾਨਾਂ ਦੇ ਇੰਟਰੈਸਟ ਨੂੰ ਨਾ ਕੁਚਲਿਆ ਜਾਵੇ ਜਾਂ ਕੋਈ ਹੋਰ ਇਹੋ ਜਿਹੀ ਚੀਜ਼ ਨਾ ਹੋਵੇ। ਮੈਂ ਸਮਝਦਾ ਹਾਂ ਕਿ ਕੁਝ ਇਹ ਜੋ ਟਰੇਜ਼ਰੀ ਬੈਂਚਜ਼ ਤੇ ਬੈਠੇ ਹਨ ਕੋਸ਼ਿਸ਼ ਕਰਦੇ ਵੀ ਹਨ। ਡਿਪਟੀ ਸਪੀਕਰ ਸਾਹਿਬਾ, ਕਲ ਇਸ ਸਦਨ ਵਿਚ ਜਿਸ ਵੇਲੇ ਇਕ ਮੈਂਬਰ ਕੰਵਰ ਰਾਮਪਾਲ ਸਿੰਘ ਬੋਲ ਰਹੇ ਸਨ ਤਾਂ ਮੇਜਰ ਸਾਹਿਬ ਨੇ ਬੜੇ ਸੀਰੀਅਸ ਹੋ ਕੇ ਇਕ ਸਵਾਲ ਪੇਸ਼ ਕੀਤਾ ਕਿ ਫਾਰਿਨ ਐਕਸਚੇਂਜ ਦੀ ਲੋੜ ਹੈ, ਇਸ ਵੇਲੇ ਪੈਦਾਵਾਰ ਵਧਾਉਣ ਦੀ ਲੋੜ ਹੈ। ਮੈਂ ਮੇਜਰ ਸਾਹਿਬ ਦੀ ਇਨਫਰਮੇਸ਼ਨ ਵਾਸਤੇ ਉਨ੍ਹਾਂ ਦੀ ਆਪਣੀ ਕੈਬਨਟ ਦਾ ਜੋ ਫੈਸਲਾ ਹੈ ਉਹ ਦਸਣਾ ਚਾਹੁੰਦਾ ਹਾਂ ਜੋ 'ਟ੍ਰਿਬਿਊਨ ਤਾਰੀਖ, 31 ਅਕਤੂਬਰ, 1965 ਵਿਚ ਦਿਤਾ ਗਿਆ ਹੈ।

ਇਸ ਵਿਚ ਅਗਰ ਮੇਜਰ ਸਾਹਿਬ ਦੇਖਣ ਤਾਂ ਪਤਾ ਲਗੇਗਾ ਕਿ ਜਿਹੜਾ ਸਾਲ ਅਜੇ ਆ ਰਿਹਾ ਹੈ ਉਸ ਸਾਲ ਵਿਚ ਫਾਰੈਸਟ ਲਈ 58.14 ਲਖ ਰੁਪਿਆ ਰਖਿਆ ਗਿਆ ਸੀ। ਅਗਲੇ ਸਾਲ ਵਾਸਤੇ ਇਸ ਨੂੰ ਵਧਾ ਕੇ ਇਕ ਕਰੋੜ ਕਰ ਦਿਤਾ ਹੈ। ਸਾਇਲ ਕਨਜ਼ਰਵੇਸ਼ਨ ਵਾਸਤੇ ਪਹਿਲੇ ਸਾਲ 65 ਲਖ ਰੁਪਿਆ ਤੇ ਅਗਲੇ ਸਾਲ 1 ਕਰੋੜ 97 ਲਖ ਰੁਪਿਆ ਰਖਿਆ ਗਿਆ ਹੈ। ਮੈਂ ਮੇਜਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਪਤਾ ਹੋਏਗਾ ਕਿ ਕੈਬਨਟ ਦਾ ਡਸੀਜ਼ਨ ਹੈ ਕਿ ਜਿਹੜੀ ਪੰਜਾਬ ਦੀ ਫਾਰੈਸਟ ਵਲਥ ਹੈ ਉਸ ਦੀ ਐਕਸਪਲਾਇਟੇਸ਼ਨ ਕਰਨ ਲਈ ਥਾਪਰ ਨੂੰ ਠੇਕਾ ਦਿਤਾ ਹੈ ਇਸ ਤਰ੍ਹਾਂ ਸੂਬੇ ਨੂੰ ਇਕ ਵਿਸ਼ਿਅਸ ਸਰਕਲ ਵਿਚ ਪਾਇਆ ਗਿਆ ਹੈ। ਇਹ ਜੰਗਲ ਕਟਣੇ ਅਤੇ ਹੋਰ ਜੰਗਲ ਲਾਉਣੇ ਹਨ। ਫਾਰੈਸਟ ਤੇ ਹੋਰ ਜ਼ਿਆਦਾ ਰੁਪਿਆ ਖਰਚ ਹੋਣਾ ਹੈ ਇਹ ਫੈਸਲਾ ਕਰਨ ਵੇਲੇ ਤੁਹਾਡਾ ਖਿਆਲ ਕਿਥੇ ਗਿਆ ਸੀ। ਫਾਰੈਸਟ ਦੀ ਐਕਸਪਲਾਇਟੇਸ਼ਨ ਤੁਸੀਂ ਕਿਉਂ ਨਾ ਕੀਤੀ ? ਕਿਥੇ ਗਈ ਤੁਹਾਡੀ ਦੂਰ ਅੰਦੇਸ਼ੀ ? ਜਿਥੋਂ ਤਕ ਇਸ ਕਮਰਸ਼ਲ ਕਰਾਪਸ ਸੈਸ ਦਾ ਤਅਲੁਕ ਹੈ ਇਸ ਬਾਰੇ ਜੋਗਾ ਸਾਹਿਬ ਨੇ ਵੀ ਅਤੇ ਹੋਰ ਜਿਹੜੇ ਮੈਂਬਰ ਬੋਲੇ ਹਨ ਉਨ੍ਹਾਂ ਨੇ ਬੜੇ ਸਪੱਸ਼ਟ ਰੂਪ ਵਿਚ ਇਹ ਦਸਿਆ ਹੈ ਕਿ ਪੰਜਾਬ ਦੇ ਕਿਸਾਨ ਤੇ 14 ਜਾਂ 15 ਟੈਕਸ ਲਗਦੇ ਹਨ। ਮੈਂ ਉਨ੍ਹਾਂ ਨੂੰ ਦਹਰਾਉਣਾ ਨਹੀਂ ਚਾਹੁੰਦਾ। ਮੈਂ ਤੁਹਾਡੇ ਸਾਹਮਣੇ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਟੈਕਸ ਪੇ ਕਰਨ ਦੀ ਕਪੈਸਿਟੀ ਪਹਿਲਾਂ ਦੇਖਣੀ ਚਾਹੀਦੀ ਹੈ। ਅਸੀਂ ਚਾਹੁੰਦੇ ਹਾਂ ਕਿ ਉਸੇ ਨੀਤੀ ਤੇ ਚਲ ਸਕੀਏ ਜਿਸ ਨਾਲ ਤੁਹਾਡੀ ਸਰਕਾਰ ਨੂੰ ਕਾਇਮ ਕੀਤਾ ਸੀ। ਮੈਂ ਆਸ ਕਰਦਾ ਸੀ ਕਿ ਸਰਕਾਰ ਕਿਸਾਨ ਦੀ ਪੇਇੰਗ ਕਪੈਸਿਟੀ ਨੂੰ ਨਜ਼ਰਅੰਦਾਜ਼ ਨਹੀਂ ਕਰੇਗੀ। ਇਹ ਠੀਕ ਹੈ ਕਿ ਪੰਜਾਬ ਦੀ ਤਰੱਕੀ ਲਈ ਟੈਕਸ ਲਾਉਣੇ ਪੈਂਦੇ ਹਨ। ਪਰ ਦੇਖਣਾ ਚਾਹੀਦਾ ਹੈ ਕਿ ਕੀ ਕੋਈ ਇਹੋ ਜਿਹਾ ਤਬਕਾ ਵੀ ਹੈ ਇਸ ਸੂਬੇ ਵਿਚ ਜਿਹੜਾ ਜ਼ਿਆਦਾ ਟੈਕਸ ਦੇ ਸਕਦਾ ਹੈ। ਕਈ ਤਰ੍ਹਾਂ ਦੀਆਂ ਬਚਤਾਂ ਵੀ ਹੋ ਸਕਦੀਆਂ ਹਨ ਜੋ ਐਮਰਜੈਂਸੀ ਨੂੰ ਮਦੇਨਜ਼ਰ ਰਖਦੇ ਹੋਏ ਸਾਨੂੰ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਬਾਰੇ ਮੈਂ ਪਹਿਲਾਂ ਦਸਿਆ ਹੈ। ਅਗਰ ਅਸੀਂ ਠੀਕ ਤਰ੍ਹਾਂ ਚਲਦੇ ਤਾਂ ਪਿਛਲੀ ਪਲੈਨ ਦੇ ਪਹਿਲੇ ਈਅਰ ਵਿਚ ਅਸੀਂ 1 ਕਰੋੜ 73 ਲਖ ਰੁਪਿਆ ਬਚਾ ਸਕਦੇ ਸਾਂ। ਡਿਪਟੀ ਸਪੀਕਰ ਸਾਹਿਬਾ, ਇਹ ਜਿਹੜਾ ਕਮਰਸ਼ਲ ਕਰਾਪ ਸੈਸ ਟੈਕਸ ਹੈ, ਮੈਂ ਇਸ ਨੂੰ ਇਸ ਲਈ ਅਪੋਜ਼ ਕਰਦਾ ਹਾਂ ਕਿਉਂਕਿ ਜਿਹੜਾ ਸ਼ੂਗਰਕੇਨ ਅਸੀਂ ਪਰੋਡਿਊਸ ਕਰਦੇ ਹਾਂ ਅਤੇ ਉਸ ਤੋਂ ਜਿਹੜੀ ਸ਼ੂਗਰ ਅਸੀਂ ਪਰੋਡਿਊਸ ਕਰਦੇ ਹਾਂ ਉਹ ਅਸੀਂ ਬਾਹਰਲੇ ਮੁਲਕਾਂ ਵਿਚ ਭੇਜਦੇ ਹਾਂ ਅਤੇ ਇਸ ਤੋਂ ਫਾਇਰਨ ਐਕਸਚੇਂਜ ਅਰਨ ਕਰਦੇ ਹਾਂ। ਜ਼ਿਮੀਂਦਾਰ ਕੋਲ ਇਕ ਕੈਸ਼ ਕਰਾਪ ਕਾਟਨ ਹੈ। ਡਿਪਟੀ ਸਪੀਕਰ ਸਾਹਿਬਾ, ਇਸ ਤੋਂ ਵੀ ਅਸੀਂ ਫਾਰਿਨ ਐਕਸਚੇਂਜ ਅਰਨ ਕਰਦੇ ਹਾਂ। ਇਨ੍ਹਾਂ ਦੋਨਾਂ ਚੀਜ਼ਾਂ ਤੇ ਅਸੀਂ ਇਹ ਸੈਸ ਲਾਉਣਾ ਸ਼ੁਰੂ ਕੀਤਾ। ਇਕ ਪਾਸੇ ਤਾਂ ਅਸੀਂ ਕਹਿੰਦੇ ਹਾਂ ਕਿ ਫਾਰਿਨ ਐਕਸਚੇਂਜ ਦੀ ਲੋੜ ਹੈ ਅਤੇ ਦੂਜੇ ਪਾਸੇ ਜਿਹੜੇ ਫਾਰਿਨ ਐਕਸਚੇਂਜ ਅਰਨ ਕਰਨ ਦੇ ਸਾਧਨ ਹਨ ਅਸੀਂ ਉਨ੍ਹਾਂ

[ਸਰਦਾਰ ਗੁਰਦਰਸ਼ਨ ਸਿੰਘ]

ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਾਂ। ਡਿਪਟੀ ਸਪੀਕਰ ਸਾਹਿਬਾ, ਮੈਂ ਇਕੋ ਹੀ ਮਿਸਾਲ ਦੇਣਾ ਚਾਹੁੰਦਾ ਹਾਂ। 1963-64 ਵਿਚ ਕਾਟਨ ਹੇਠ ਏਰੀਆ ਟੋਟਲ 1,731,868 ਏਕੜ ਸੀ। ਉਹ ਹੁਣ 1,634,748 ਏਕੜ ਰਹਿ ਗਿਆ ਹੈ। ਤਕਰੀਬਨ 87 ਹਜ਼ਾਰ ਏਕੜ ਏਰੀਆ ਕਾਟਨ ਹੇਠੋਂ ਨਿਕਲ ਗਿਆ ਹੈ। ਇਸ ਦਾ ਈਫੈਕਟ ਕਾਟਨ ਦੀ ਪਰੋਡਕਸ਼ਨ ਤੇ ਪਿਆ ਹੈ, ਤੇ ਫਾਰਿਨ ਐਕਸਚੇਂਜ ਦੀ ਅਰਨਿੰਗ ਤੇ ਇਸ ਦਾ ਅਸਰ ਪਿਆ ਹੈ। ਜਿਥੋਂ ਤਕ ਚਿੱਲੀਜ਼ ਦਾ ਸਵਾਲ ਹੈ ਮੈਂ ਇਸ ਮਾਮਲੇ ਵਿਚ ਨਹੀਂ ਜਾਂਦਾ। ਪਰ, ਡਿਪਟੀ ਸਪੀਕਰ ਸਾਹਿਬਾ, ਮੈਂ ਇਕ ਚੀਜ਼ ਜ਼ਰੂਰ ਕਹਾਂਗਾ। ਸਰਦਾਰ ਕਰਮ ਸਿੰਘ ਕਿਰਤੀ ਨੇ ਆਪਣੀ ਸਪੀਚ ਵਿਚ ਕਿਹਾ ਸੀ ਕਿ ਇਹ ਟੈਕਸ ਜ਼ਿਮੀਂਦਾਰ ਤਬਕੇ ਤੇ ਇਸ ਕਰਕੇ ਲਾਇਆ ਜਾਂਦਾ ਹੈ ਕਿਉਂਕਿ ਢਾਈ ਸਾਲ ਹੋਏ ਜਿਸ ਵੇਲੇ ਇਹ ਟੈਕਸ ਲਗਿਆ ਸੀ ਉਸ ਵੇਲੇ ਜ਼ਿਮੀਂਦਾਰਾਂ ਨੇ ਨਾ ਕੋਈ ਐਜੀਟੇਸ਼ਨ ਕੀਤੀ ਸੀ ਤੇ ਨਾ ਕੋਈ ਮੁਜ਼ਾਹਰਾ ਕੀਤਾ ਸੀ। ਉਨ੍ਹਾਂ ਨੇ ਸਰਕਾਰ ਤੇ ਵਿਸ਼ਵਾਸ ਕੀਤਾ ਸੀ। ਮੈਂ ਸਮਝਦਾ ਹਾਂ ਉਸ ਵਿਸ਼ਵਾਸ਼ ਨੂੰ ਪੂਰਾ ਨਾ ਕਰਨਾ ਬੁਜ਼ਦਿਲੀ ਦਾ ਸਬੂਤ ਹੈ। ਮੈਂ ਸਮਝਦਾ ਹਾਂ ਇਸ ਵਿਚ ਜ਼ਿਮੀਂਦਾਰ ਤਬਕੇ ਦੀ ਗਲਤੀ ਹੋਈ। ਉਨ੍ਹਾਂ ਨੇ ਸਰਕਾਰ ਤੇ ਵਿਸ਼ਵਾਸ ਕੀਤਾ ਅਤੇ ਉਹ ਹਮੇਸ਼ਾ ਕਰਦੇ ਵੀ ਹਨ। ਸਰਕਾਰ ਨੇ ਕਿਹਾ ਕਿ ਇਹ ਟੈਕਸ 3 ਸਾਲ ਵਾਸਤੇ ਲਗਾ ਰਹੇ ਹਾਂ। ਇਨ੍ਹਾਂ ਦੇ ਕਹਿਣ ਤੇ ਵਿਸ਼ਵਾਸ ਕਰਨਾ ਫਰਾਖਦਿਲੀ ਸੀ। ਜ਼ਿਮੀਂਦਾਰਾਂ ਨੇ ਫਰਾਖਦਿਲੀ ਦਿਖਾਈ। ਉਸ ਵੇਲੇ ਇਨ੍ਹਾਂ ਨੇ ਤਜਰਬਾ ਕੀਤਾ ਸੀ। ਡਿਪਟੀ ਸਪੀਕਰ ਸਾਹਿਬਾ, ਮੈਂ ਇਹੋ ਹੀ ਕਹਾਂਗਾ ਕਿ ਜ਼ਿਮੀਂਦਾਰ ਦੀ ਟੈਕਸ ਪੇ ਕਰਨ ਦੀ ਜਿਹੜੀ ਕਪੈਸਟੀ ਹੈ ਉਹ ਬਹੁਤ ਕਮ ਹੈ। ਉਸ ਦਾ ਖਿਆਲ ਕਰਕੇ ਅਤੇ ਅਤੇ ਫਾਰਿਨ ਐਕਸਚੇਂਜ ਦਾ ਖਿਆਲ ਕਰਕੇ ਸਾਨੂੰ ਇਹ ਟੈਕਸ ਕਦੀ ਨਹੀਂ ਲਾਉਣਾ ਚਾਹੀਦਾ। ਔਰ ਖਾਸ ਕਰਕੇ ਇਕ ਐਸੇ ਵੇਲੇ ਜਦ ਕਿ ਹਾਲੇ ਇਸ ਦੀ ਮਿਆਦ ਬਾਕੀ ਹੈ। ਡਿਪਟੀ ਸਪੀਕਰ ਸਾਹਿਬਾ, ਸਦਨ ਨੂੰ ਪਤਾ ਹੈ ਕਿ ਇਸ ਦੀ ਮਿਆਦ 31 ਮਾਰਚ, 1966 ਤਕ ਹੈ ਇਸ ਕਰਕੇ ਕੀ ਖਾਸ ਲੋੜ ਪੈ ਗਈ ਸੀ ਇਸ ਨੂੰ ਹੁਣੇ ਪਾਸ ਕਰਨ ਦੀ ਜਦੋਂ ਕਿ ਇਸ ਦੀ ਮਿਆਦ ਪਹਿਲੇ ਹੀ ਬਾਕੀ ਰਹਿੰਦੀ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਸਦਨ ਦੇ ਇਤਿਹਾਸ ਵਿਚ ਇਹ ਇਕੋ ਹੀ ਤਗਮਾ ਹੈ ਜਿਹੜਾ ਕਿਸਾਨਾਂ ਨੂੰ ਦਿੱਤਾ ਜਾ ਰਿਹਾ ਹੈ। ਮਿਆਦ ਅਜੇ ਰਹਿੰਦੀ ਹੈ ਫੇਰ ਵੀ ਕਹਿ ਦਿੱਤਾ ਹੈ ਕਿ ਟੈਕਸ ਅਸੀਂ ਅਗਾਹਾਂ ਨੂੰ ਵੀ ਲਗਾਵਾਂਗੇ। ਮੈਂ ਸਮਝਦਾ ਹਾਂ ਕਿ ਇਹ ਬਿਲਕੁਲ ਬੇਮੌਕਾ ਚੀਜ਼ ਕੀਤੀ ਜਾ ਰਹੀ ਹੈ। ਇਸ ਵੇਲੇ ਇਕ ਪਾਸੇ ਤਾਂ ਕਿਸਾਨ ਨੇ ਜੰਗ ਦਾ ਮੁਕਾਬਲਾ ਕੀਤਾ ਹੈ ਅਤੇ ਦੂਸਰੇ ਪਾਸੇ ਬਾਰਸ਼ ਵੀ ਨਹੀਂ ਹੋਈ। ਇਸ ਕਰਕੇ ਇਹ ਮੌਕਾ ਨਹੀਂ ਸੀ ਉਨ੍ਹਾਂ ਨੂੰ ਇਹ ਗਲ ਕਹਿਣ ਦਾ ਕਿ ਤੁਹਾਡੇ ਤੇ ਅਗਾਹਾਂ ਨੂੰ ਵੀ ਟੈਕਸ ਜਾਰੀ ਰਖਿਆ ਜਾਵੇਗਾ। ਇਸ ਚੀਜ਼ ਦਾ ਕਿਸਾਨਾਂ ਤੇ ਬਹੁਤ ਬੁਰਾ ਅਸਰ ਪਏਗਾ। ਇਹ ਬਿਲ ਲਿਆ ਕੇ ਇਨ੍ਹਾਂ ਨੇ ਕਿਸਾਨਾਂ ਦੇ ਮਨਾਂ ਵਿਚ ਇਕ ਖਦਸ਼ਾ ਖੜਾ ਕਰ ਦਿੱਤਾ ਹੈ। ਸਾਨੂੰ ਇਹ ਮਾਲੂਮ ਹੁੰਦਾ ਹੈ ਕਿ ਇਨ੍ਹਾਂ ਨੇ ਇਸ ਟੈਕਸ ਨੂੰ ਐਕਸਟੈਂਸ਼ਨ ਦੇ ਕੇ ਅਗਲਾ ਜਿਹੜਾ ਬਜਟ ਸੈਸ਼ਨ ਆਵੇਗਾ ਉਸ ਦੇ ਵਿਚ ਕਿਸਾਨ ਦਾ ਆਬਿਆਨਾ ਅਤੇ ਮਾਲੀਆ ਵਧਾਉਣ ਦੀ ਕੋਸ਼ਿਸ਼ ਕਰਨੀ ਹੈ। ਇਸ ਕਰਕੇ ਮੈਂ ਕਹਾਂਗਾ ਕਿ ਸਰਕਾਰ ਵਲੋਂ ਏਥੇ ਸਟੇਟਮੈਂਟ ਆਉਣੀ ਚਾਹੀਦੀ ਹੈ ਕਿ ਕਿਸਾਨਾਂ ਤੇ ਹੋਰ ਕੋਈ ਟੈਕਸ ਨਹੀਂ ਲਾਇਆ ਜਾਵੇਗਾ ਤਾਕਿ ਉਨ੍ਹਾਂ ਦੇ ਮਨ ਵਿੱਚੋਂ ਡਰ ਦੂਰ ਹੋਵੇ। ਇਸ ਟੈਕਸ ਦੀ ਜੋ ਰੀਅਲਾਈਜ਼ੇਸ਼ਨ ਹੋਣੀ ਹੈ ਉਸ ਵਲ ਵੀ ਧਿਆਨ ਮਾਰਨ ਦੀ ਲੋੜ ਹੈ । ਸਾਡੇ ਸਾਰੇ ਪੰਜਾਬ ਦੇ ਵਿਚ ਗੰਨੇ ਦੀ ਕਾਸ਼ਤ ਹੇਠਾਂ ਪੰਜ ਲਖ ਏਕੜ ਟੈਕਸੇਬਲ ਜ਼ਮੀਨ ਹੈ। ਉਸ ਦੇ ਵਿਚੋਂ ਗੁਰਦਾਸਪੁਰ, ਅੰਮ੍ਰਿਤਸਰ ਫੀਰੋਜ਼ਪੁਰ ਨੂੰ ਅਤੇ ਗੁੜਗਾਵਾਂ ਜਿਹੜਾ ਪਹਿਲੇ ਹੀ ਪਛੜਿਆ ਹੋਇਆ ਹੈ, ਨੂੰ ਵਿੱਚੋਂ ਕੱਢ ਦਿਤਾ ਜਾਵੇ ਤਾਂ ਬਾਕੀ ਥੋੜਾ ਰਕਬਾ ਟੈਕਸੇਬਲ ਰਹਿ ਜਾਂਦਾ ਹੈ। ਏਸੇ ਤਰ੍ਹਾਂ ਕਾਟਨ ਦਾ ਟੈਕਸੇਬਲ ਏਰੀਆ 5 ਲਖ 9 ਹਜ਼ਾਰ ਏਕੜ ਰਹਿੰਦਾ ਹੈ ਔਰ ਨਾਨਟੈਕਸੇਬਲ ਏਰੀਆ 3 ਲਖ 80 ਹਜ਼ਾਰ ਏਕੜ ਬਣਦਾ ਹੈ। ਇਸ ਕਰਕੇ ਮੈਨੂੰ ਸਮਝ ਨਹੀਂ ਆਉਂਦੀ ਕਿ ਸਿਰਫ ਪੰਜ ਸਤ ਲਖ ਏਕੜ ਪਿਛੇ ਸਰਕਾਰ ਕਿਉਂ

ਐਵੇਂ ਬਦਨਾਮੀ ਖੱਟ ਰਹੀ ਹੈ। ਇਹ ਕਹਿੰਦਾ ਹੋਇਆ ਮੈਂ ਇਹ ਸਜੈਸ਼ਨ ਦਿਆਂਗਾ ਕਿ ਸਰਕਾਰ ਨੂੰ ਇਹ ਟੈਕਸ ਨਹੀਂ ਲਗਾਉਣਾ ਚਾਹੀਦਾ ਔਰ ਇਹ ਜਿਹੜਾ ਬਿਲ ਹੈ ਇਸ ਨੂੰ ਵਾਪਿਸ ਲੈਣਾ ਚਾਹੀਦਾ ਹੈ ।

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬਾ, ਮੈਨੂੰ ਹੁਣੇ ਹੁਣੇ ਇਤਲਾਹ ਮਿਲੀ ਹੈ ਕਿ ਤੁਸੀਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਕੀਤੀ ਹੈ ਜਿਸ ਵਿਚ ਕੁਝ ਫੈਸਲੇ ਵੀ ਕੀਤੇ ਹਨ। ਮੈਂ ਤੁਹਾਡੇ ਕੋਲੋਂ ਜਾਨਣਾ ਚਾਹੁੰਦਾ ਹਾਂ ਕਿ ਮੈਂ ਕਦੋਂ ਜਵਾਬ ਦੇਣ ਲਈ ਖੜ੍ਹਾ ਹੋ ਸਕਦਾ ਹਾਂ। ਮੈਂ ਪੰਜ ਚਾਰ ਮਿਨਟ ਲਈ ਬਾਹਰ ਜਾਣਾ ਚਾਹੁੰਦਾ ਹਾਂ।

ਡਿਪਟੀ ਸਪੀਕਰ : ਮੇਜਰ ਸਾਹਿਬ, ਕੋਈ ਗਲ ਨਹੀ ਤੁਸੀਂ ਬੇਸ਼ਕ ਜਾਉ, ਮੈਂ ਆਪੇ ਹੀ ਤੁਹਾਨੂੰ ਬੁਲਾ ਲਵਾਂਗੀ। (The hon. Minister for Revenue may go out, I shall call him.)

ਸਰਦਾਰ ਗੁਰਚਰਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਮੈਂ ਸਮਝਦਾ ਹਾਂ ਕਿ ਸਾਡੇ ਨਾਲ ਡਿਸਕਰਿਮੀਨੇਸ਼ਨ ਹੋ ਰਹੀ ਹੈ। ਇਹ ਚੀਜ਼ ਠੀਕ ਨਹੀਂ ਹੈ। ਉਸ ਦਿਨ ਸੇਲਜ਼ ਟੈਕਸ ਬਿਲ ਵਾਲੇ ਦਿਨ ਵੀ ਡਿਸਕਰਿਮੀਨੇਸ਼ਨ ਹੋਈ ਸੀ। ਇਹ ਗਲ ਤੁਹਾਡੇ ਲਈ ਠੀਕ ਨਹੀਂ।

ਡਿਪਟੀ ਸਪੀਕਰ : ਸਰਦਾਰ ਗੁਰਚਰਨ ਸਿੰਘ ਜੀ, ਇਸ ਤਰ੍ਹਾਂ ਦੀ ਸ਼ਹਿਰੀ ਅਤੇ ਦੇਹਾਤੀ ਦਾ ਭੇਦ ਭਾਵ ਨਹੀਂ ਹੋਣਾ ਚਾਹੀਦਾ। (He should not differentiate between ruralites and urbanites)

ਸਰਦਾਰ ਗੁਰਚਰਨ ਸਿੰਘ : ਤੁਸੀਂ ਕਰ ਰਹੇ ਹੋ । Certainly you are doing it.

Deputy Speaker : Please resume your seat.

Sardar Gurcharan Singh : Certainly you are doing.

Deputy Speaker : The hon. member is very wise and sensible. He should behave properly.

श्री मोहन लाल (बटाला) : डिप्टी स्पीकर साहिबा, मैं उन ख्यालात को जो मैम्बर साहिबान ने मुझ से पहले हाउस के सामने रखे हैं दोहराऊंगा नहीं। जैसा कि आप जानते हैं हाउस के सब मैम्बर साहिबान का और लोगों का भी यह ख्याल है, सही तौर पर कि कि आज इस जंग की वजह से किसान ने काफी सफर किया है और उस के साथ ही साथ जो खुशकसाली रही है उस की वजह से भी। खास तौर पर तीन ज़िलों में जो कि सीधे जंग की लपेट में आए हैं हर एक किसान ने बहुत ज्यादा सफर किया है। इस लिये सरकार का ध्यान हाउस के हर सैक्शन की तरफ से उस तरफ खींचा गया था कि वह मुनासिब मौका नहीं टैक्सिज़ का बोझ डालने का। खैर सरकार ने उस बात को मानना मुनासिब नहीं समझा। सरदार गुरदर्शन सिंह जी सरकार का ध्यान एक अशोरेंस की तरफ दिला रहे थे जो कि 1963 में जब यह बिल पेश हुआ इस सदन में, उस वक्त के रैवेन्यु मिनिस्टर सरदार अजमेर सिंह ने दी थी। उन की रिपोर्टिड स्पीच इस वक्त पर मेरे पास है। उन्होंने वाज़ा तौर पर यह कहा था कि यह टैक्स सिर्फ थर्ड फाइव इयर प्लैन के साल 1965-66

[श्री मोहन लाल]
तक होगा। वह यकीनदहानी यहां पर कराई गई थी। मगर आज सरकार ने मुनासिब समझा है कि उस के बावजूद फोर्थ फाइव इयर प्लैन के पांच सालों के लिये इस एक्ट को फिर लागू करें। जहां तक पिछली सरकार की यकीनदहानी का ताल्लुक है उस के कितने माने समझ रही है हमारी मौजूदा सरकार इस के मुताल्लिक तो मैं कहना मुनासिब नहीं समझता हालांकि पिछले बिल में इन्होंने पिछली सरकार के बनाए हुए बिल का सहारा लिया था और इन्होंने कहा था कि यह सेल्ज टैक्स बिल तो पिछली सरकार बना गई थी इस लिए हम इस बिल को पेश कर रहे हैं, परन्तु इस ऐक्ट के मुताल्लिक जो यकीनदहानी दिलाई गई थी, उस वक्त की सरकार की तरफ से कि केवल तीन साल के लिये यह एक्ट लागू रहेगा, अब उन के ध्यान में वह बात नहीं। खैर वह बात तो अलहदा रही। मैं अब जिस बात की तरफ सरकार का ध्यान खासतौर पर दिलाना चाहता हूं वह न उस वक्त की सरकार ने जो अशोरेंस दी थी वह है और न उस वक्त जो नुक्ताचीनी हुई थी वह है और न ही उस वक्त के मैम्बर साहिबान की फीलिंग्ज के मुताल्लिक है। लेकिन आज की सरकार के जो कर्णधार हैं उन की उस वक्त क्या फीलिंग्ज थीं, उन्होंने उस वक्त क्या कहा था मैं अपनी सरकार का ध्यान उस तरफ दिलाना चाहता हूं। यह हमारे आज के चीफ मिनिस्टर साहिब, उस वक्त के कामरेड राम किशन जी एम० एल० ए० की 13 मार्च, 1963 की स्पीच है। उस वक्त जब जैनरल डिस्कशन आन दी बजट हो रही थी तो इस टैक्स पर बोलते हुए उन्होंने यह अल्फाज कहे थे जो यहां पर मैं कोट कर रहा हूं उन की जो रिपोर्टिड स्पीच है वह इस तरह है।

"जो टैक्स एक्स्टरा लैंड रैवेन्यु की शक्ल में शूगरकेन, काटन और चिल्लीज़ पर लगाया जा रहा है उस का नया असर लोगों पर पड़ने वाला है। एक तरफ तो हम कहते हैं सारे हिन्दुस्तान के नेता लोग कहते हैं कि प्राइसिज़ नहीं बढ़ने देनी चाहिएं और जो प्रोडक्शन है उसे ज्यादा से ज्यादा बढ़ाना चाहिए, दूसरी तरफ हम यह टैक्स लगा कर एक तो कीमतें बढ़ा रहे हैं क्योंकि इस टैक्स से इन चीज़ों की कीमतें तो लाज़मी तौर पर बढ़ेंगी, दूसरी इस से प्रोडक्शन बढ़ने की बजाए कम हो जाएगी क्योंकि किसान का, ज़मींदार का, इन चीज़ों को काश्त करने का जो पहले इनसैंटिव था वह खत्म हो जाएगा।"

तब कामरेड राम किशन जी ने उस बिल की मुखालिफत में दो रीज़न्ज़ दिये थे एक यह कि इस से चीज़ों की कीमतें बढ़ेंगी दूसरे यह कि किसान का इन चीज़ों को पैदा करने का इनसैंटिव खत्म हो जाएगा। आगे उन्होंने इस की तफसील में कहा--

"इस सिलसिले में आप चीन की मिसाल देखें। मौजूदा चीन की जो सरकार बनी है इस से पहले वहां मार्शल च्यांग काई शेक की सरकार थी। मार्शल च्यांग काई शेक एक बड़े अच्छे ऐडमिनिस्ट्रेटर भी थे और आला दर्जे के आप जनरल भी थे और उन के पास बड़े अच्छे आर्मज़ भी थे और फौजें भी बड़ी अच्छी थीं लेकिन वह कमियोनिस्ट फौजों से हार गए और उस का कारण यह था कि वहां चीज़ों की कीमतें इन्फलेशन की वजह से बहुत बढ़ गई जिस की वजह से उस के फौजी कम्युनिस्टों के पास अपने आर्मज़ बेच आते थे और आप उधर चले जाते थे।"

इस लिये यह बहुत जरूरी चीज है कि हम पंजाब के अन्दर आम जरूरत की कमोडिटीज़ की प्राईसिज़ को कायम रखें और प्राइसिज़ बढ़ने न दें और अगर इन कमोडिटीज़ की प्राइसिज़ को कायम रखना है तो इन को हमें प्राडक्शन बढ़ानी होगी और प्राडक्शन बढ़ाने के लिये हमें जमींदारों को इन्सैंटिव देना होगा। यह तो एक जगह पर उन की स्पीच है। उस के बाद कहते हैं।

उपाध्यक्षा : पंडित जी अगर आप कामरेड जी की स्पीचें पढ़ कर सुनाएंगे तो सारा दिन इस में ही खत्म हो जाएगा। आप अपनी बात ही कहें जो कहनी है। (It will take the whole day, if the hon. Member were to quote the Chief Minister. He should confine himself to the matter he wants to raise.)

श्री मोहन लाल : मैं, डिप्टी स्पीकर साहिबा, बहुत थोड़ा वक्त लूंगा और मैं तो सिर्फ उन को याद दिहानी करा रहा हूं कि लोगों की आवाज़ की उस वक्त वह कितनी कदर करते थे और इस बारे में उन को अपनी राए क्या थी। पिछली सरकार की एशोरेंस न सही लेकिन शायद उन पर अपने ख्यालात का ही ज़रूरी असर पड़े। इस के बाद 17 मार्च की उन की यह स्पीच है जिस में उन्होंने कहा था :—

> "कहने का मतलब है कि हमें टैक्सेशन को ओवर आल पिक्चर को रीव्यू करना होगा। मैं डिटेल्ज़ में नहीं जाना चाहता लेकिन जहां तक हाई टैक्सेशन का सम्बन्ध है इस ने कभी किसी कन्टरी को पे नहीं किया क्योंकि इस से इन्वैस्टमैंट के अन्दर कमी हो जाती है और सेविंग के अन्दर कमी हो जाती है। जिस प्रकार के राज्य की हम स्थापना करना चाहते हैं और जो सामाजिक ढांचा हम कायम करने जा रहे हैं उस की राह में यह रोड़े अटकाता है–संसार के सभी देशों ने इस फंडेमैंटल असूल को माना है कि टैक्सेशन के अन्दर कमी की जानी चाहिए ताकि ज्यादा रुपया इन्वैस्ट हो।"

तो मैं उन को उन के पुराने विचार ही याद करा रहा हूं ताकि उन की अलाइट में वह इस बिल को देखें। आगे फिर उन्होंने कहा —

> "जब आप एक सोशलिस्ट स्टेट बनाने जा रहे हैं तो यह जरूरी है कि गरीब आदमियों को टैक्सों में रीलीफ दिया जाए और जो बड़े २ आदमी हैं और जो टैक्सों का जितना बोझ और बरदाश्त कर सकते हैं उन पर उतना बोझ डाला जाए।"

अब इस बिल को भी हमें देखना होगा कि यह प्रिंसीपल इस पर जो उन्होंने उस वक्त रखा था कितना लागू होता है। इस कमर्शियल क्राप्स सैस बिल, 1963 पर जब बहस हो रही थी तो उस वक्त कामरेड जी ने जो तकरीर की थी उस के ऐक्सपर्ट्स मैं आप को सुनाता हूं ताकि उन को याद दिहानी हो जाए कि . . , . .

उपाध्यक्षा : कामरेड जी को सब कुछ अच्छी तरह याद होगा। आप अपनी तरफ से जो कुछ कहना चाहते हैं, कहें। (The Chief Minister must be remembering all that quite well. The hon. Member should advance his arguments.)

Chief Minister : Madam, Deputy Speaker, I stand for every word of the speeches which I made on the Floor of this House.

श्री फतेह चन्द विज : ग्रान ए प्वायंट ग्राफ ग्रार्डर, मैडम। यह बिल जो सदन में डिस्कस हो रहा है अगर वाकई काला बिल है जैसा कि कांग्रेसी मैम्बर काले बैज लगा कर ग्राए हैं ग्रौर मुख्य मंत्री जी भी काला कोट पहन कर ग्राए हैं तो फिर वापस ले लिया जाए।

उपाध्यक्षा : ग्रापने काला बिल्ला नहीं लगाया इसी लिये वापस नहीं हो रहा है। (This is not being withdrawn because the hon. Member is not displaying a black badge.)

श्री फतेह चन्द विज : मैं भी लगा लेता हूं। फिर तो वापस लें।

श्री मोहन लाल : डिप्टी स्पीकर साहिबा, बड़ी खुशी की बात है कि चीफ मिनिस्टर साहिब ने इस वक्त कहा कि जो स्पीच उन्होंने उस वक्त की थी उस के एक-एक लफ्ज के वह ग्राज भी पाबन्द है। इस लिये मैं ग्रब ग्रौर भी ज़रूरी समझता हूं कि इस बिल पर जो उन की स्पीच थी उस के कुछ ऐक्सपर्टस उन को ग्रौर इस सदन को बता दूं ताकि उन्होंने जो कुछ उस वक्त कहा था उस की लाइट में वह इस बिल के बारे में सोचें। यह स्पीच उन्होंने 28 मार्च, 1963 को की थी ग्रौर इस में उन्होंने कहा है--

> "लेकिन इस के साथ साथ जिन सोर्सिज को हम ने टैप करना है उन को सैटिस-फाई करना भी ज़रूरी है--इस लिये पंजाब में शूगर की प्राडक्शन बढ़ाने के लिये ज़रूरी है कि लोगों को ज्यादा से ज्यादा गन्ना पैदा करने के लिये इंसैंटिव दिया जाए---मैं जानता हूं कि ग्राप को साधनों की ज़रूरत है लेकिन शूगर केन ग्रौर काटन की जो ग्रनइकनामिक होलडिंग्ज हैं उन के लिये ग्राप को ज़रूर छूट देनी चाहिए ग्रौर इस के साथ ही जो ग्रार्मड फोर्सिज़ के काम करते हैं उन को भी एग्ज़ैंप्शन देनी चाहिये।....हमारी जितनी नैशनल इन्कम होती है उस में तो 47 प्रतिशत किसानों की जेबों में से ग्राती है। मैं गुज़ारिश करूंगा कि किसानों को कोई न कोई इन्सैंटिव दिया जाना चाहिए ग्रौर जो ग्रनइकनामिक होल्डिंग्ज़ के मालिक हैं उन को छूट देनी चाहिए। जहां तक मिर्चों पर सैस लगाने के ताल्लुक है मैं सजैस्ट करूंगा कि जो हिल्ली एरियाज हैं वहां पर कम से कम दो कनाल तक जो मिर्चों की काश्त करे उसे छूट देनी चाहिए--लेकिन यह देखना ज़रूरी हो जाता है कि जिन लोगों से टैक्स लिया जाए उन को सैटिसफाई भी किया जाए जो इकानामिक होलडिंग्ज वाले किसान हैं उन से ग्राप बेशक सैस लें लेकिन जो ग्रनइकनामिक होलडिंग्ज वाले हैं उन को ग्राप को छूट देनी चाहिए।"

तो इस में इन्होंने दो बातें कहीं ग्रौर बड़ी खुशी की बात है कि ग्राज भी वह उन बातों पर पूरी तरह से पाबन्द हैं। एक तो उन्होंने यह कहा कि जितनी ग्रनइकनामिक होलडिंग्ज हैं उन को छूट देनी चाहिए ग्रौर दूसरे जहां तक मिर्चों का सम्बन्ध है हिल्ली एरियाज में दो कनाल तक जो बीजें उन को छूट देनी चाहिए। ग्रब वह खुद भी कहते हैं कि उन्होंने

जो कुछ उस वक्त कहा था उस के लिए एक एक लफ ज पर वह इस वक्त भी पूरी तरह से पाबन्द हैं। तो मेरा ख्याल है कि जो कुछ उन्होंने उस वक्त कहा था जिस पर वह पाबन्द हैं उस की लाइट में वह इस बिल पर अपने द्वारा विचार बनाएंगे। डिप्टी स्पीकर साहिबा, इन्होंने 28 मार्च 1963 को इस बिल के बारे में स्पीच की थी।

उपाध्यक्षा : आप सीनियर मैम्बर हैं। आप को पता ही है और मुझे खुशी है कि आज आनरेबल मैम्बरों ने इस बिल के बारे में 10, 12 मिनट से ज्यादा वक्त नहीं लिया। इस लिये आप वाइंड अप करें। (The hon. Member is a Senior Member. He knows it and I am happy that no Member took more than 10-12 minutes today while speaking on this Bill. He may now wind up.)

बाबू बचन सिंह : आन ए प्वायंट आफ आर्डर, मैडम। क्या किसी आनरेबल मैम्बर को किसी भी पुरानी स्पीच जो इस बिल से सम्बन्ध रखती हो, उस को हाउस में कोट करने की इजाजत नहीं है ? अगर है तो उसे वह लाइन्ज़ कोट करने की इजाज़त होनी चाहिए ताकि वह बातें इनकम्पलीट न रह जाएं।

उपाध्यक्ष : अगर कामरेड राम किशन की स्पीचों को यहां पर कोट करने की इजाजत हो जाए तो उस के लिये 3 या 4 दिन चाहिएं। इस लिये पंडित मोहन लाल अब वाइंड अप करें। (If the quoting of the Chief Minister's previous speeches were permitted it will need 3-4 days. The hon. Member may, therefore, now wind up.)

श्री मोहन लाल : डिप्टी स्पीकर साहिबा, मैं 5 मिनट में ही अपनी स्पीच खत्म कर दूंगा। चीफ मिनिस्टर साहिब ने 28 मार्च 1963 को इस के बारे में स्पीच की थी। टाइम की कमी के कारण उन की स्पीच का कुछ ही हवाला देना चाहता हूं। वह यह है कि--

> "किसी काम को वैलप्लैंड ढंग से चलाने के लिए पहले लोगों से अपील करके उन की नुक्ता-नजर को सही ढंग पर लाना होता है। फिर इस के बाद उन को इस बात पर रजामन्द करना होता है कि आया वह प्लैनिंग के मुताबिक सरकार की तरफ से जो बोझा डाला जाए उस को सही मायनों में उठाने को तैयार भी हैं।"

मैं अर्ज करना चाहता हूं कि इन्होंने उस वक्त फरमाया था कि आया लोग इस बोझ को उठाने के लिये तैयार भी हैं या नहीं। इस लिये अब वह खुद महसूस करें कि लोग इस टैक्स को पे करने के लिये कितने रज़ामन्द हैं। क्या वह लोगों को यह टैक्स पे कराने में रज़ामन्द करा सके हैं या नहीं। इस बिल के बारे में हाऊस के माननीय सदस्यों की जो फीलिंग्ज़ हैं उन को सामने रखते हुए वह खुद अन्दाजा लगा सकते हैं कि यह टैक्स लगाना किस हद तक जस्टीफाइड हो सकता है।

[श्री मोहन लाल]

वैसे तो समय ही बहुत कम है लेकिन मैं इस वक्त ज्यादा डिटेल्ज में जाना भी नहीं चाहता हूं। इस बिल के मुताल्लिक चौधरी रिजक राम ने भी उस समय स्पीच की थी। उनकी भी दो तीन लाइनें हाउस में कोट करना मुनासिब समझता हूं। मैं समझता हूं कि आप मुनासिब समझेंगी और उन को कोट करने की इजाज़त भी दे देंगी। उन्होंने 27 मार्च 1963 को स्पीच की थी। उन्होंने कहा था कि :—

"मैं समझता हूं कि किसान पर पिछले आठ दस सालों में जो टैक्स लगाए गए उन के होते हुए यह डायरैक्ट सैस बहुत मुनासिब नहीं है। पहले ही काफी टैक्स 1952, 1954, 1956, 1958 और 1960 में सरचार्ज, ऐडीशनल सरचार्ज और बैटरमेंट लैवी की शक्ल में किसानों पर लगाए जा चुके हैं। किसान आज यह महसूस करता है कि उस पर टैक्सों का बोझ बहुत ज्यादा है, अगर सारे टैक्स का हिसाब लगाया जाए जिस में मालगुज़ारी, सरचार्ज एडीशनल सरचार्ज बैटरमेंट फी, बैटरमैंट चार्जिज भी शामिल हों तो कोई तोज्जुब नहीं होगा कि चालीस रुपए फी एकड़ से भी ज्यादा टैक्स किसान को देने पड़ते हैं।"

मैं अर्ज़ करना चाहता हूं कि उन्होंने कैश क्रॉप्स में छूट देने के लिये कहा था। उस वक्त के हालात और आज के हालात को देखते हुए अन्दाजा लगाया जा सकता है कि अब हालात में कितना फर्क पड़ गया है।

डिप्टी स्पीकर साहिबा, उस वक्त सरदार गुरदयाल सिंह ढिल्लों ने भी 28 मार्च 63 को स्पीच की थी। मैं उन की स्पीच की भी कुछ लाइन्ज़ हाउस में पढ़ना ज़रूरी समझता हूं। उस वक्त सरदार अजमेर सिंह माल मंत्री थे। सरदार गुरदयाल सिंह ढिल्लों ने माल मंत्री को कहा था कि...

"ਮੈਂ ਸਰਦਾਰ ਅਜਮੇਰ ਸਿੰਘ ਜੀ ਨੂੰ ਕਹਿੰਦਾ ਹਾਂ ਕਿ ਜਿਨ੍ਹਾਂ ਨਾਲ ਇਹ ਕਹਿੰਦੇ ਹਨ ਕਿ ਸਾਡਾ ਪਿਆਰ ਹੈ ਉਨ੍ਹਾਂ ਨਾਲ ਜ਼ੁਲਮ ਹੋਇਆ ਹੈ"।

ਉਨ੍ਹਾਂ ਨੇ ਅਗੇ ਕਿਹਾ ਕਿ—

" 3 ਸਾਲ ਬਾਅਦ ਇਹ ਮਿਹਰਬਾਨੀ ਕਰਨਾ ਕਿ ਇਹ ਪਰਮਾਨੈਂਟ ਫੀਚਰ ਨਾ ਬਣ ਜਾਵੇ। ਜੇ ਇਸ ਟੈਕਸ ਨੂੰ ਪਰਮਾਨੈਂਟ ਫੀਚਰ ਬਨਾਉਣਾ ਹੈ ਤਾਂ ਫੇਰ ਪਰਮਾਨੈਂਟ ਫੀਚਰ ਸਿਧੇ ਢੰਗ ਨਾਲ ਕਰੋ, ਸੈਟਲਮੈਂਟ ਰਿਵਾਈਜ਼ ਕਰੋ, ਸਟੇਟਿਸਟਿਕਸ ਲਉ, ਬੋਰਡ ਆਫ ਇਕਨਾਮਿਕ ਇਨਕੁਆਰੀ ਦੀਆਂ ਰਿਪੋਰਟਾਂ ਦਿਤੀਆਂ ਹਨ, ਕਮੇਟੀ ਬਣਾਉ"।

डिप्टी स्पीकर साहिबा, मैंने उन की अपनी स्पीचें इस लिये कोट की हैं ताकि उन के अपनी कही हुई बातों का एहसास हो सके। इस लिये सरकार को चाहिए कि हाउस के मैम्बरों के जजबात का ख्याल रखे और इन साहिबान ने उस वक्त जो कुछ कहा था उस का भी बिल पास कराने समय ध्यान रखें (घंटी) । डिप्टी स्पीकर साहिबा, मैं आप का शुक्रिया अदा करता हूं कि आप ने मुझे अपने ख्यालात का इज़हार करने के लिये समय दिया।

ਕਾਮਰੇਡ ਜੰਗੀਰ ਸਿੰਘ ਜੋਗਾ (ਤਲਵੰਡੀ ਸਾਬੋ) : ਡਿਪਟੀ ਸਪੀਕਰ ਸਾਹਿਬਾ, ਮੈਂ ਇਸ ਬਿਲ ਦੀ ਮੁਖਾਲਫਤ ਕਰਨ ਲਈ ਖੜਾ ਹੋਇਆ ਹਾਂ ਕਿਉਂਕਿ ਇਸ ਬਿਲ ਦਾ ਅਸਰ ਪੰਜਾਬ ਦੀ 85 ਫੀ ਸਦੀ ਆਬਾਦੀ ਉਤੇ ਭੈੜਾ ਪੈ ਰਿਹਾ ਹੈ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਪੰਜਾਬ ਦੀ 85 ਫੀ ਸਦੀ ਆਬਾਦੀ ਜ਼ਮੀਨ ਉਤੇ ਗੁਜ਼ਾਰਾ ਕਰਦੀ ਹੈ। ਇਸ ਤੋਂ ਅਲਾਵਾ ਸਾਡੇ ਸੂਬੇ ਵਿਚ ਇੰਡਸਟਰੀ ਬਹੁਤ ਘਟ ਸਥਾਪਿਤ ਹੋਈ ਹੈ। ਜਿਹੜੀ ਇੰਡਸਟਰੀ ਲੁਧਿਆਣੇ ਅਤੇ ਅੰਮ੍ਰਿਤਸਰ ਵਿਚ ਲੱਗੀ ਹੋਈ ਸੀ ਉਹ ਵੀ ਪਾਕਿਸਤਾਨ ਅਤੇ ਭਾਰਤ ਦੀ ਲੜਾਈ ਦੇ ਕਾਰਨ ਬਿਲ-ਕੁਲ ਤਬਾਹ ਹੋ ਗਈ ਹੈ। ਇਸ ਦੇ ਕਾਰਨ ਹਜ਼ਾਰਾਂ ਦੀ ਤਾਦਾਦ ਵਿਚ ਮਜ਼ਦੂਰ ਬੇਕਾਰ ਹੋ ਗਏ ਹਨ। ਲੜਾਈ ਦੇ ਕਾਰਨ ਪੰਜਾਬ ਦੀ ਹਾਲਤ ਹਰ ਪਾਸਿਉਂ ਖਰਾਬ ਹੋ ਗਈ ਹੈ। ਕਲ ਬਾਬੂ ਬਚਨ ਸਿੰਘ ਨੇ ਪੰਜਾਬ ਸਰਕਾਰ ਵਲੋਂ ਜਿਹੜੀਆਂ ਰਿਪੋਰਟਾਂ ਹਾਊਸ ਵਿਚ ਪੇਸ਼ ਹੋਈਆਂ, ਉਨ੍ਹਾਂ ਦੇ ਫਿਗਰਜ਼ ਕੋਟ ਕੀਤੇ ਸਨ। ਉਹ ਫਿਗਰਜ਼ ਜ਼ਮੀਨ ਦੇ ਬਾਰੇ ਸਨ। ਪਿਛਲੇ ਸਾਲ ਇਸ ਦੇ ਬਾਰੇ ਸਵਾਲ ਹਾਊਸ ਵਿਚ ਪੁਛਿਆ ਸੀ, ਉਸ ਦਾ ਜਵਾਬ ਆਇਆ ਸੀ ਕਿ ਸੂਬੇ ਵਿਚ 65 ਫੀ ਸਦੀ ਅਜਿਹੇ ਕਿਸਾਨ ਹਨ ਜਿਨ੍ਹਾਂ ਦੇ ਪਾਸ 5 ਏਕੜ ਤੋਂ ਘਟ ਜ਼ਮੀਨ ਹੈ, 20 ਫੀ ਸਦੀ ਅਜਿਹੇ ਕਿਸਾਨ ਹਨ ਜਿਨ੍ਹਾਂ ਦੇ ਪਾਸ 5—10 ਏਕੜ ਦੇ ਦਰਮਿਆਨ ਜ਼ਮੀਨ ਹੈ। 12 ਫੀ ਸਦੀ ਅਜਿਹੇ ਕਿਸਾਨ ਹਨ ਜਿਨ੍ਹਾਂ ਦੇ ਪਾਸ 10—20 ਏਕੜ ਦੇ ਦਰਮਿਆਨ ਜ਼ਮੀਨ ਹੈ। ਅਤੇ 3 ਫੀ ਸਦੀ ਅਜਿਹੇ ਕਿਸਾਨ ਹਨ ਜਿਨ੍ਹਾਂ ਦੇ ਪਾਸ 20 ਤੋਂ 30 ਏਕੜ ਦੇ ਦਰਮਿਆਨ ਜ਼ਮੀਨ ਹੈ। ਇਨ੍ਹਾਂ ਫਿਗਰਜ਼ ਤੋਂ ਪਤਾ ਲਗਦਾ ਹੈ ਕਿ ਸਾਡੇ ਸੂਬੇ ਵਿਚ ਮੇਜਾਰਿਟੀ 5 ਏਕੜ ਵਾਲੇ ਕਿਸਾਨਾਂ ਦੀ ਹੈ। ਕੀ ਕੋਈ ਜ਼ਮੀਂ-ਦਾਰ 5 ਏਕੜ ਜ਼ਮੀਨ ਉਤੇ ਗੁਜ਼ਾਰਾ ਕਰ ਸਕਦਾ ਹੈ? ਕੀ ਉਹ ਇੰਨੀ ਘਟ ਜ਼ਮੀਨ ਵਿਚ ਆਪਣੇ ਬਾਲ ਬੱਚੇ ਦਾ ਪੇਟ ਪਾਲ ਸਕਦਾ ਹੈ ?

ਅਸੀਂ ਵੇਖਿਆ ਹੈ ਕਿ ਪਿਛਲੇ 14—15 ਸਾਲਾਂ ਵਿਚ ਬਹੁਤ ਸਾਰੇ ਗੁਲਾਮ ਦੇਸ਼ ਆਜ਼ਾਦ ਹੋਏ ਹਨ। ਉਨ੍ਹਾਂ ਮੁਲਕਾਂ ਨੇ ਇਸ ਮਸਲੇ ਨੂੰ ਹਲ ਕਰਨ ਲਈ ਮੁਖਤਲਿਫ ਸਟੈਪਸ ਚੁਕੇ ਹਨ। ਮਿਸਰ ਬਹੁਤ ਛੋਟਾ ਦੇਸ਼ ਹੈ। ਉਥੇ ਜਾਗੀਰਦਾਰੀ ਸਿਸਟਮ ਨੂੰ ਖਤਮ ਕੀਤਾ ਗਿਆ। ਉਥੇ ਜ਼ਮੀਨ ਉਤੇ ਇਕ ਟੈਕਸ ਲਗਿਆ ਹੋਇਆ ਹੈ। ਅਜ ਮਿਸਰ ਵਿਚ ਜ਼ਮੀਨ ਤੇ 15 ਟੈਕਸ ਨਹੀਂ ਹਨ, ਇਕ ਹੀ ਟੈਕਸ ਉਥੇ ਹੈ। ਇੰਡੋਨੇਸ਼ੀਆ ਸਾਡੇ ਨਾਲ ਹੀ ਆਜ਼ਾਦ ਹੋਇਆ ਸੀ ਉਥੇ ਵੀ ਜ਼ਮੀਨ ਤੇ ਇਕ ਹੀ ਟੈਕਸ ਹੈ। ਬਰਮਾ ਵੀ ਸਾਡੇ ਨਾਲ ਹੀ ਆਜ਼ਾਦ ਹੋਇਆ ਸੀ, ਉਸ ਦੀ ਹਾਲਤ ਵੀ ਸਾਡੇ ਨਾਲੋਂ ਮੁਖਤਲਿਫ ਹੈ। ਕੀ ਵਜਾਹ ਹੈ ਕਿ ਹਿੰਦੁਸਤਾਨ ਵਿਚ ਅਤੇ ਖਾਸ ਕਰ ਪੰਜਾਬ ਵਿਚ ਅਜਿਹੇ ਹਾਲਾਤ ਹਨ ਕਿ ਜ਼ਮੀਨ ਤੇ 14—15 ਟੈਕਸ ਲਗੇ ਹੋਏ ਹਨ। ਦੂਸਰੇ ਟੈਕਸਾਂ ਦਾ ਬੋਝ ਵੀ ਟੇਢੇ ਤਰੀਕੇ ਨਾਲ ਕਿਸਾਨ ਤੇ ਪੈਂਦਾ ਹੈ। ਅਜ ਵੇਖਣਾ ਤਾਂ ਇਹ ਹੈ ਕਿ ਕਿਸਾਨ ਜਿਹੜਾ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ ਜੇ ਕਰ ਇਹ ਤਬਾਹ ਹੋ ਗਿਆ ਤਾਂ ਇਸ ਦਾ ਕੀ ਨਤੀਜਾ ਨਿਕਲੇਗਾ। ਇਸ ਦਾ ਅਸਰ ਸਾਰੇ ਪੰਜਾਬ ਤੇ ਪੈਂਦਾ ਹੈ। ਇਸ ਲਈ ਮੈਨੂੰ ਇਹ ਗਲ ਕਹਿਣ ਵਿਚ ਕੋਈ ਹਿਚਕਚਾਹਟ ਨਹੀਂ ਹੈ ਕਿ ਜੇਕਰ ਵੇਖਿਆ ਜਾਵੇ ਕਿ ਹਿੰਦੁਸਤਾਨ ਦੀਆਂ ਫੌਜਾਂ ਨੇ ਜਿਨ੍ਹਾਂ ਨੇ ਲੜਾਈ ਲੜੀ ਹੈ ਉਨ੍ਹਾਂ ਵਿਚੋਂ ਤਿੰਨਾਂ ਪਿਛੇ ਇਕ ਪੰਜਾਬੀ ਕਿਸਾਨ ਹੈ। ਲੜਦਾ ਵੀ ਪੰਜਾਬ ਦਾ ਕਿਸਾਨ ਹੈ, ਅੰਨ ਵੀ ਪੰਜਾਬ ਦਾ ਕਿਸਾਨ ਦਿੰਦਾ ਹੈ ਪਰ ਪੰਜਾਬ ਦੀ ਮਿਨਿਸਟਰੀ ਦਾ ਖਿਆਲ ਹੈ ਕਿ ਜਦੋਂ ਤਕ ਕਿਸਾਨ ਦੀ ਛਿਲ ਭੇਡ ਦੀ ਤਰ੍ਹਾਂ ਨਹੀਂ ਛਿਲੀ ਜਾਵੇਗੀ ਉਸ ਵੇਲੇ ਤਕ ਉਨ੍ਹਾਂ ਨੂੰ ਸ਼ਾਂਤੀ ਨਹੀਂ ਹੋਵੇਗੀ। ਦੂਸਰੇ ਪਾਸੇ ਭੱਤੇ ਤੇ ਅਲਾਉਂਸ ਵਧਾ ਰਹੇ ਹਨ, ਨਵੇਂ ਮਹਿਕਮੇ ਖੋਲ੍ਹੀ ਜਾ ਰਹੇ ਹਨ ਅਤੇ 12 ਕਮਿਸ਼ਨਰ ਮੁਕਰਰ ਕੀਤੇ ਹੋਏ ਹਨ। ਜਟਾਂ ਦੀ ਮਿਸਾਲ ਹੈ ਕਿ ਅੱਰਲਾ ਖੋੜ੍ਹ ਟੱਪ ਕੇ ਦੂਸਰੇ ਪਾਸੇ ਜਾਣਾ ਪੈਂਦਾ ਹੈ, ਬਿਲਕੁਲ ਉਹੋ ਗਲ ਕੀਤੀ ਹੋਈ ਹੈ। ਇਕ ਪਾਸੇ ਤਾਂ ਇਹ ਗੱਲ ਅਤੇ

[ਕਾਮਰੇਡ ਜੰਗੀਰ ਸਿੰਘ ਜੋਗਾ]

ਦੂਸਰੇ ਪਾਸੇ ਕਿਸਾਨ ਦਾ ਖ਼ੂਨ ਚੂਸਿਆ ਜਾ ਰਿਹਾ ਹੈ, ਉਸ ਪਰ ਟੈਕਸ ਤੋਂ ਟੈਕਸ ਲਗਾਇਆ ਜਾ ਰਿਹਾ ਹੈ। ਸਰਕਾਰ ਨੂੰ ਇਹ ਜੁਰਅਤ ਕਿਉਂ ਹੋਈ ? ਇਸ ਲਈ ਹੋਈ ਕਿ ਵਪਾਰੀਆਂ ਨੇ ਹੜਤਾਲ ਕੀਤੀ, ਹਾਲਾਂਕਿ ਉਹ ਪੰਜਾਬ ਵਿਚ 15 ਫੀ ਸਦੀ ਹਨ, ਸਰਕਾਰ ਐਨੀ ਘਬਰਾਈ ਕਿ ਉਸ ਨੇ ਮਰਲਾ ਟੈਕਸ ਵਾਪਸ ਲੈ ਲਿਆ ਅਤੇ ਕਿਹਾ ਕਿ ਕਿਸਾਨਾਂ ਦੀ ਛਿਲ ਲਾਹੋ। ਕਾਮਰੇਡ ਸਰਕਾਰ ਵਪਾਰੀਆਂ ਨੂੰ ਰਿਆਇਤਾਂ ਦਿੰਦੀ ਜਾਂਦੀ ਹੈ. ਕਾਰਖਾਨੇਦਾਰਾਂ ਨੂੰ ਰਿਆਇਤਾਂ ਦਿੰਦੀ ਜਾਂਦੀ ਹੈ। ਪਰ ਨਿਹੱਥੇ ਕਿਸਾਨਾਂ , ਗਰੀਬ ਕਿਸਾਨਾਂ ਤੇ ਇਸ ਲਈ ਟੈਕਸ ਲਗਾਈ ਜਾਂਦੀ ਹੈ ਕਿਉਂ ਜੋ ਉਹ ਨਾ ਚੂੰ ਕਰਦੇ ਹਨ ਅਤੇ ਨਾ ਚਰਾਂ ਕਰਦੇ ਹਨ, ਉਨ੍ਹਾਂ ਦਾ ਗੱਲ ਘੁਟਦੀ ਜਾਂਦੀ ਹੈ। ਗੰਨੇ ਤੇ ਜ਼ਿਆਦਾ ਟੈਕਸ ਲਗਾਈ ਜਾਂਦੀ ਹੈ ਤਾਂ ਜੋ ਅਗੇ ਨੂੰ ਲੋਕੀਂ ਗੰਨਾ ਨਾ ਬੀਜਣ। ਇਨ੍ਹਾਂ ਨੇ ਲੱਖਾਂ ਦਾ ਟੀਚਾ ਬਣਾਇਆ ਹੋਇਆ ਹੈ ਜੇਕਰ ਟੈਕਸਾਂ ਦੀ ਭਰਮਾਰ ਇਸ ਤਰ੍ਹਾਂ ਰਹੀ ਤਾਂ ਉਹ ਟੀਚੇ ਪੂਰੇ ਨਹੀਂ ਹੋਣਗੇ। ਕਾਰਖਾਨੇਦਾਰਾਂ ਨੂੰ ਤਾਂ 40 ਲਖ ਰੁਪਿਆ ਦੇਣ ਨੂੰ ਤਿਆਰ ਹਨ। ਉਸ ਦਿਨ ਸਾਰਾ ਦਿਨ ਬਹਿਸ ਤੇ ਜ਼ਾਇਆ ਹੋਇਆ ਸੀ ਪਰ ਦੂਸਰੇ ਪਾਸੇ ਜਿਹੜਾ ਕਿਸਾਨ ਖੰਡ ਵਾਸਤੇ ਗੰਨਾ ਪੈਦਾ ਕਰਦਾ ਹੈ ਉਸ ਦੀ ਮਦਦ ਕਰਨ ਨੂੰ ਤਿਆਰ ਨਹੀਂ ਹਨ। ਸੈਂਟਰ ਦੀ ਸਰਕਾਰ ਨੇ ਖੰਡ ਦੇ ਕਾਰਖਾਨੇਦਾਰਾਂ ਨੂੰ 80 ਕਰੋੜ ਰੁਪਏ ਦੀ ਮਦਦ ਦਿਤੀ ਹੈ ਪਰ ਗੰਨਾ ਪੈਦਾ ਕਰਨ ਵਾਲਿਆਂ ਨੂੰ, ਕਪਾਹ ਪੈਦਾ ਕਰਨ ਵਾਲਿਆਂ ਨੂੰ ਕੋਈ ਮਦਦ ਨਹੀਂ ਹੈ। ਜੋ ਕੁਝ ਉਹ ਆਪਣੀ ਹਿੰਮਤ ਨਾਲ ਪੈਦਾ ਕਰਦਾ ਹੈ ਉਹ ਵੀ ਉਸ ਕੋਲੋਂ ਖੋਹਣ ਦੀ ਕੋਸ਼ਸ਼ ਕਰਦੇ ਹਨ। ਮੈਂ ਕਾਮਰੇਡ ਦੀ ਵਜ਼ਾਰਤ ਨੂੰ ਅਰਜ਼ ਕਰਾਂਗਾ ਕਿ ਇਹ ਕਾਲਾ ਧੱਬਾ ਤੁਸੀਂ ਨਾ ਲਵਾਉ, (Interruptions) ਕੋਈ ਹੋਰ ਜ਼ਰਾਏ ਢੂੰਡੋ, ਇਹ ਸ਼ੋਭਾ ਨਹੀਂ ਦਿੰਦੇ। ਮੈਂ ਆਸ ਕਰਦਾ ਹਾਂ ਕਿ ਕਿਸਾਨ ਦੀ ਹਾਲਤ ਦਾ ਖਿਆਲ ਕਰਦੇ ਹੋਇਆਂ ਉਹ ਨਵੇਂ ਬਿਲ ਨੂੰ ਵਾਪਸ ਲੈ ਲੈਣਗੇ ਇਨ੍ਹਾਂ ਸ਼ਬਦਾਂ ਨਾਲ ਮੈਂ ਬਿਲ ਦੀ ਮੁਖਾਲਫਿਤ ਕਰਦਾ ਹਾਂ।

ਸਰਦਾਰ ਗੁਰਮੇਜ ਸਿੰਘ : (ਫਤਿਹ ਗੜ੍ਹ) : ਇਹ ਬਿਲ ਲਿਆਉਣਾ ਕਿਸਾਨਾਂ ਦੇ ਨਾਲ ਬੜਾ ਭਾਰੀ ਧੱਕਾ ਕਰਨਾ ਹੈ, ਬੜੀ ਭਾਰੀ ਬੇਇਨਸਾਫੀ ਹੈ ਇਹ ਇਸ ਵਾਸਤੇ ਕੀਤੀ ਜਾ ਰਹੀ ਹੈ ਕਿਉਂਕਿ ਜ਼ਿਮੀਂਦਾਰਾਂ ਦਾ ਕੋਈ ਅਖਬਾਰ ਨਹੀਂ ਹੈ, ਜ਼ਬਾਨ ਨਹੀਂ ਹੈ, ਆਵਾਜ਼ ਨਹੀਂ ਕੱਢ ਸਕਦੇ, ਜਥੇਬੰਦੀ ਨਹੀਂ ਹੈ। ਕਿਸਾਨਾਂ ਉਪਰ ਪਹਿਲੇ ਹੀ ਬਹੁਤ ਬੋਝ ਹੈ। ਥੋੜੀ ਦੇਰ ਹੋਈ ਪਾਕਿਸਤਾਨ ਨੇ ਹਮਲਾ ਕੀਤਾ ਤਾਂ ਪੰਜਾਬ ਦਿਆਂ ਕਿਸਾਨਾਂ ਨੇ ਆਪਣੇ ਬੱਚੇ ਸ਼ਹੀਦ ਕਰਵਾਏ, ਉਹ ਮਹਾਜ਼ ਤੇ ਜਾ ਕੇ ਲੜਦੇ ਰਹੇ। ਸਾਡੇ ਨਿਹੱਥੇ ਲੋਕਾਂ ਨੇ ਪੈਰਾ ਟਰੂਪਰਜ਼ ਨੂੰ ਪਕੜ ਕੇ ਦੇਸ਼ ਦੇ ਨਾਲ ਵਫਾਦਾਰੀ ਦਾ ਸਬੂਤ ਦਿਤਾ ਹੈ। ਕਿਸਾਨ ਨੇ ਪੈਦਾਵਾਰ ਨੂੰ ਵਧਾ ਕੇ ਡੀਫੈਂਸ ਵਿਚ ਬਹੁਤ ਮਦਦ ਕੀਤੀ ਹੈ। ਉਸ ਦਾ ਸਿਲਾ ਇਹ ਹਕੂਮਤ ਉਨ੍ਹਾਂ ਨੂੰ ਦੇ ਰਹੀ ਹੈ। ਸਾਡੇ ਪ੍ਰਾਈਮ ਮਿਨਿਸਟਰ ਸ਼ਾਸਤਰੀ ਸਾਹਿਬ ਤਾਂ ਨਾਹਰਾ ਲਗਾਉਂਦੇ ਹਨ ਜੈ ਜਵਾਨ, ਜੈ ਕਿਸਾਨ ਪਰ ਦੂਸਰੇ ਪਾਸੇ ਪੰਜਾਬ ਸਰਕਾਰ ਇਸ ਤਰ੍ਹਾਂ ਨਾਲ ਕਿਸਾਨ ਦਾ ਗਲ ਘੁਟ ਰਹੀ ਹੈ ਕਿ--

ਨਾ ਰੋਨੇ ਕੀ ਇਜਾਜ਼ਤ ਹੈ ਨਾ ਫਰਿਆਦ ਕੀ ਹੈ,
ਦਮ ਘੁਟ ਕੇ ਮਰ ਜਾਊਂ ਯਿਹ ਮਰਜ਼ੀ ਮੇਰੇ ਸੈਯਾਦ ਕੀ ਹੈ।

ਕਦੀ ਤਾਂ ਕਿਸਾਨ ਨੂੰ ਬਾਰਸ਼ਾਂ ਜ਼ਿਆਦਾ ਹੋਣ ਨਾਲ ਹੜ੍ਹ ਮਾਰ ਲੈਂਦੇ ਹਨ, ਕਦੀ ਆਫਤ ਆਈ ਤਾਂ ਬਾਰਸ਼ ਹੋਈ ਨਾ ਅਤੇ ਸੋਕੇ ਨੇ ਫਸਲ ਮਾਰ ਲਈ, ਕਦੀ ਗੜੇ ਪੈ ਗਏ, ਕਦੀ ਨਹਿਰਾਂ ਦਾ ਪਾਣੀ ਬੰਦ ਹੋ ਗਿਆ , ਕਦੀ ਟਿਊਬਵੈਲਾਂ ਦੀ ਬਿਜਲੀ ਬੰਦ ਹੋ ਗਈ, ਕਦੀ ਬਿਜਾਈ ਲਈ ਖਾਦ ਨਾ ਮਿਲੀ, ਕਦੀ ਮੌਕੇ ਤੇ ਠੀਕ ਬੀ ਨਾ ਮਿਲਿਆ । ਉਸ ਕਿਸਾਨ ਨੂੰ ਸਾਡੀ ਸਰਕਾਰ ਤੁਹਫਾ ਦੇ ਰਹੀ ਹੈ। ਟਰੱਕਾਂ ਵਾਲਿਆਂ ਨੇ ਮਹਾਜ਼ ਤੇ ਸੇਵਾ ਕੀਤੀ ਸੀ, ਉਨ੍ਹਾਂ ਨੂੰ ਵੀ ਤੁਹਫਾ ਦਿਤਾ ਸੀ, ਫਿਰ ਸੇਲਜ਼ ਟੈਕਸ ਲਗਾ ਕੇ ਸ਼ਹਿਰੀਆਂ ਨੂੰ ਵੀ ਤੁਹਫਾ ਦਿਤਾ , ਅਜ ਦਿਹਾਤੀਆਂ ਉਪਰ ਉਨ੍ਹਾਂ ਦਾ ਵਾਰ

ਚਲ ਰਿਹਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਗੰਨੇ, ਕਪਾਹ ਅਤੇ ਮਿਰਚਾਂ ਤੇ ਜਿਹੜਾ ਟੈਕਸ ਲਗਾਇਆ ਜਾ ਰਿਹਾ ਹੈ ਇਸ ਦਾ ਅਸਰ ਛੋਟੇ ਕਿਸਾਨਾਂ ਤੇ ਜ਼ਿਆਦਾ ਪੈਂਦਾ ਹੈ। ਇਨ੍ਹਾਂ ਦੇ ਕੋਲ ਵੱਡੇ ਵੱਡੇ ਸਰਮਾਇਦਾਰ ਬਿਰਲੇ ਅਤੇ ਟਾਟੇ ਜਿਹੇ ਹਨ ਜਿਨ੍ਹਾਂ ਨੂੰ ਹਜ਼ਾਰ ਏਕੜ ਜ਼ਮੀਨ ਦੇ ਦਿਤੀ ਹੈ ਉਨ੍ਹਾਂ ਉਪਰ ਟੈਕਸ ਲਗਾ ਸਕਦੇ ਹਨ। ਉਸ ਹਜ਼ਾਰ ਏਕੜ ਜ਼ਮੀਨ ਵਿਚੋਂ 2,3 ਲਖ ਰੁਪਿਆ ਬਚਾਇਆ ਜਾ ਸਕਦਾ ਸੀ। ਪੰਜਾਬ ਦੇ ਕਿਸਾਨ ਦੀ ਤਾਂ ਹਾਲਤ ਹੈ ਕਿ ਜੇਕਰ ਹਕੂਮਤ ਉਸ ਦੀ ਪਿਠ ਠੋਕੇ, ਸੈਂਟਰ ਮਦਦ ਕਰੇ, ਪਾਣੀ ਦਾ ਇੰਤਜ਼ਾਮ ਚੰਗਾ ਹੋਵੇ, ਖਾਦ ਦਾ ਠੀਕ ਪ੍ਰਬੰਧ ਹੋਵੇ ਤਾਂ ਕਰੋੜਾਂ ਰੁਪਿਆ ਜਿਹੜਾ ਬਾਹਰੋਂ ਅੰਨ ਮੰਗਵਾਉਣ ਉਪਰ ਖਰਚ ਕੀਤਾ ਜਾਂਦਾ ਹੈ ਉਹ ਪੰਜਾਬ ਦਾ ਕਿਸਾਨ ਬਚਾ ਸਕਦਾ ਹੈ । ਪੰਜਾਬ ਦੇ ਕਿਸਾਨ ਨੇ ਯੂ. ਪੀ. ਦੀਆਂ ਤਰਾਈਆਂ ਨੂੰ ਆਬਾਦ ਕੀਤਾ ਹੈ, ਜੰਗਲ ਆਬਾਦ ਕੀਤੇ ਹਨ, ਰਾਜਸਥਾਨ ਨੂੰ ਆਬਾਦ ਕੀਤਾ ਹੈ। ਸਭ ਤੋਂ ਜ਼ਿਆਦਾ ਅੰਨ ਪੈਦਾ ਕਰਨ ਵਿਚ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਨਾਂ ਪੈਦਾ ਕੀਤਾ ਹੈ।ਵਾਹੀ ਕਰਨ ਵਿਚ ਇਸ ਨੇ ਬਹੁਤ ਕਾਮਯਾਬੀ ਹਾਸਲ ਕੀਤੀ ਹੈ। ਪੰਜਾਬ ਦੇ ਕਿਸਾਨ ਦੀ ਹੇਠੀ ਕਰਨ ਲਈ, ਨੱਕ ਕਟਣ ਲਈ ਬੀਜ ਪੈਦਾ ਕਰਨ ਵਾਸਤੇ ਬਿਰਲਿਆਂ ਨੂੰ ਲਿਆਂਦਾ ਹੈ। ਕੀ ਉਹ ਇਸ ਕੇਸ ਵਿਚ ਬਹੁਤ ਕਾਮਯਾਬ ਹੈ ਅਤੇ ਬੀਜ ਪੈਦਾ ਕਰਕੇ ਹਿੰਦੁਸਤਾਨ ਦੇ ਕਿਸਾਨ ਦੇਵੇਗਾ ? ਇਸ ਤੋਂ ਮਾੜੀ ਗਲ ਹੋਰ ਕੀ ਹੋ ਸਕਦੀ ਹੈ ? ਪਿਛੇ ਜਿਹੇ ਡੀਜ਼ਲ ਦੀ ਕੀਮਤ ਵਧਾ ਦਿਤੀ ਗਈ ਹੈ । ਫਿਰ ਜਿਹੜੇ ਟਰੈਕਟਰਜ਼ ਉਹ ਲੈਂਦੇ ਹਨ ਉਨ੍ਹਾਂ ਦੇ ਪਾਰਟਸ ਦੀ ਔਰ ਇੰਪਲੀਮੈਂਟਸ ਦੀ ਕੀਮਤ ਬਹੁਤ ਵਧ ਗਈ ਹੈ । ਖਾਦ ਦੀ ਕੀਮਤ ਵਧ ਗਈ ਹੈ। ਜਿਹੜਾ ਗੰਨਾ ਸਾਡੇ ਜ਼ਿਮੀਂਦਾਰ ਪੈਦਾ ਕਰਦੇ ਹਨ, ਮਿਲਾਂ ਤੇ ਭੇਜਦੇ ਹਨ ਉਸ ਤੋਂ ਬਣੀ ਹੋਈ ਖੰਡ ਬਾਹਰ ਜਾਂਦੀ ਹੈ, ਦੇਸ਼ ਨੂੰ ਫਾਰਿਨ ਐਕਸਚੇਂਜ ਮਿਲਦਾ ਹੈ। ਪਰ ਉਸ ਗੰਨਾ ਪੈਦਾ ਕਰਨ ਵਾਲੇ ਜ਼ਿਮੀਂਦਾਰ ਨੂੰ ਖੰਡ ਵੀ ਨਹੀਂ ਮਿਲਦੀ। ਸ਼ਹਿਰਾਂ ਦੇ ਮੁਕਾਬਲੇ ਵਿਚ ਪਿੰਡਾਂ ਵਾਲਿਆਂ ਨੂੰ ਪੂਰੀ ਖੰਡ ਹੀ ਨਹੀਂ ਮਿਲਦੀ। ਸ਼ਾਇਦ ਪਿੰਡਾਂ ਵਾਲਿਆਂ ਨੂੰ ਇਨਸਾਨ ਹੀ ਨਹੀਂ ਸਮਝਿਆ ਜਾਂਦਾ। ਮੈਂ ਪੁਛਦਾ ਹਾਂ ਕਿ ਉਨ੍ਹਾਂ ਨਾਲ ਇਸ ਕਦਰ ਕਿਉਂ ਵਿਤਕਰਾ ਕੀਤਾ ਜਾਂਦਾ ਹੈ ? ਇਹ ਵਿਤਕਰਾ ਸਰਕਾਰ ਨੂੰ ਛੇਤੀ ਤੋਂ ਛੇਤੀ ਦੂਰ ਕਰਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹੋਇਆ ਅਪਣੀ ਜਗਾਹ ਲੈਂਦਾ ਹਾਂ।

ਸਰਦਾਰ ਉਮਰਾਓ ਸਿੰਘ: (ਪੱਟੀ) ਡਿਪਟੀ ਸਪੀਕਰ ਸਾਹਿਬਾ, ਇਹ ਬਿਲ ਵੇਖ ਕੇ ਮੈਨੂੰ ਇਕ ਪੁਰਾਣੀ ਗਲ ਯਾਦ ਆ ਗਈ ਹੈ। ਜਦੋਂ ਦੇਸ਼ ਵਿਚ ਰੇਲਾਂ ਨਹੀਂ ਸਨ, ਸੜਕਾਂ ਨਹੀਂ ਸਨ, ਸ਼ਹਿਰਾਂ ਵਿਚ ਜਾਣ ਦੇ ਸਾਧਨ ਨਹੀਂ ਸਨ ਉਸ ਵੇਲੇ ਇਕ ਛੋਟੇ ਜਿਹੇ ਕਸਬੇ ਵਿਚ ਇਕ ਮੇਲਾ ਹੋਇਆ । ਉਥੇ ਇਕ ਕਿਸਾਨ ਚਲਾ ਗਿਆ। ਉਸ ਕਿਸਾਨ ਨੇ ਉਥੇ ਜਾ ਕੇ ਵੇਖਿਆ ਕਿ ਹਲਵਾਈ ਨੇ ਮਠਿਆਈ ਤੋਂ ਪੈਸੇ ਕਮਾਏ , ਕਪੜੇ ਵਾਲੇ ਨੇ ਕਪੜੇ ਵਿਚੋਂ ਪੈਸੇ ਕਮਾਏ, ਦਰਜੀ ਨੇ ਸਵਾਈ ਤੋਂ ਪੈਸੇ ਕਮਾਏ ਯਾਨੀ ਹਰ ਇਕ ਦੁਕਾਨਦਾਰ ਨੇ ਆਪਣੀ ਅਪਣੀ ਦੁਕਾਨ ਤੋਂ ਪੈਸੇ ਕਮਾਏ। ਮੇਲੇ ਵਿਚ ਹੋ ਗਿਆ ਰਸ਼ ਔਰ ਉਸ ਕਿਸਾਨ ਦੀ ਕਿਸੇ ਨੇ ਪਗ ਲਾਹ ਲਈ। ਉਹ ਘਰ ਪੁਜਿਆ । ਜਦੋਂ ਪਿੰਡ ਵਿਚ ਆਇਆ ਤਾਂ ਲੋਕਾਂ ਨੇ ਪੁਛਿਆ, "ਕਿਉਂ ਭਾਈ, ਮੇਲਾ ਕਿਸ ਤਰ੍ਹਾਂ ਦਾ ਸੀ ?" ਉਹ ਕਹਿਣ ਲਗਾ ਕਿ ਆਪਾਂ ਤਾਂ ਪਗ ਲਵਾ ਆਏ ਹਾਂ।

ਤੁਸਾਂ ਵੇਖਿਆ ਕਿ ਇਥੇ ਕਿਧਰੇ ਤਾਂ ਬਿਉਪਾਰੀਆਂ ਨੂੰ ਰਿਆਇਤਾਂ ਮਿਲੀਆਂ ਕਿਧਰੇ ਕਿਸੇ ਨੂੰ ਰਿਆਇਤਾਂ ਮਿਲੀਆਂ। ਕੁਝ ਉਨ੍ਹਾਂ ਨੇ ਡਰਾ ਧਮਕਾ ਕੇ, ਐਜੀਟੇਸ਼ਨਾਂ ਕਰਕੇ ਰਿਆਇਤਾਂ ਲੈ ਲਈਆਂ, ਕੁਝ ਸਾਡੇ ਫਾਈਨੈਂਨਸ ਮਨਿਸਟਰ ਸਾਹਿਬ ਨੂੰ ਮਿਲ ਮਿਲਾ ਕੇ, ਅੰਗੂਰ ਖਾ ਖਵਾ ਕੇ ਰਿਆਇਤਾਂ ਲੈ ਲਈਆਂ। ਉਨ੍ਹਾਂ ਦਾ ਕੰਮ ਹੋ ਗਿਆ। ਪਰ ਜਦੋ ਅਸੀਂ ਵਾਪਸ ਪਿੰਡਾਂ ਵਿਚ ਜਾਵਾਂਗੇ ਤਾਂ ਉਸੇ ਕਿਸਾਨ ਵਾਂਗ ਕਹਾਂਗੇ ਕਿ ਭਾਈ ਅਸੀਂ ਤਾਂ ਪਗ ਲਵਾਉਣ ਗਏ ਸਾਂ ਪਗ ਲਵਾਕੇ ਆ ਗਏ ਹਾਂ। ਜਦੋਂ ਕਿਸਾਨ ਸਾਡੇ ਕੋਲੋਂ ਪੁਛਣਗੇ ਕਿ ਇਸ ਸੈਸ਼ਨ ਵਿਚ ਕਿਸਾਨਾਂ ਦੇ ਭਲੇ ਲਈ ਕੀ ਕੁਝ ਹੋਇਆ ਹੈ

[ਸਰਦਾਰ ਉਮਰਾਓ ਸਿੰਘ ਪੱਟੀ]

ਤਾਂ ਅਸੀਂ ਇਹੋ ਕਹਿ ਸਕਾਂਗੇ ਕਿ ਭਾਈ! ਟੈਕਸ ਲਗਵਾ ਕੇ ਆ ਗਏ ਹਾਂ, ਜਿਥੇ ਅੱਗੇ ਰੱਬ ਦਾ ਭਾਣਾ ਮੰਨਦੇ ਸੋ ਹੁਣ ਵੀ ਮੰਨੀ ਚਲੋ। ਡਿਪਟੀ ਸਪੀਕਰ ਸਾਹਿਬਾ, ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜਿਹੜਾ ਮੌਜੂਦਾ ਵਕਤ ਹੈ ਇਹ ਇਸ ਕਿਸਮ ਦਾ ਬਿਲ ਲਿਆਉਣ ਦਾ ਸਮਾਂ ਨਹੀਂ ਸੀ। ਬਹਰ-ਹਾਲ, ਹਾਲਤ ਇਹ ਹੈ ਕਿ ਜਿਸ ਇਲਾਕੇ ਵਿਚੋਂ ਮੈਂ ਆਇਆਂ ਹਾਂ ਉਥੇ ਪ੍ਰਾਪੇਗੰਡਾ ਕਰ ਕਰ ਕੇ ਬਟਾਲਾ ਮਿੱਲ ਵਾਸਤੇ ਗੰਨਾ ਬਿਜਵਾਇਆ ਗਿਆ। ਲੜਾਈ ਛਿੜ ਗਈ। ਗੰਨੇ ਦੀ ਫਸਲ ਤਿਆਰ ਹੈ। ਪਰ ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਬਾਰਡਰ ਤੋਂ ਸਤ ਮੀਲ ਦੇ ਅੰਦਰ ਅੰਦਰ ਗੰਨਾ ਨਹੀਂ ਲਾਉਣਾ। ਕਿਸਾਨ ਚੀਕਦਾ ਫਿਰਦਾ ਹੈ। ਫੌਜੀ ਉਥੇ ਬੈਠੇ ਹੋਏ ਹਨ। ਜੇ ਕਿਸਾਨ ਵੇਲਨਾ ਲਗਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਇਸ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ । ਕਿਹਾ ਜਾਂਦਾ ਕਿ ਰਾਤ ਵੇਲੇ ਚਾਨਣ ਨਹੀਂ ਹੋਣ ਦੇਣਾ ਕਿਉਂਕਿ ਦੁਸ਼ਮਨ ਨੂੰ ਪਤਾ ਲਗ ਜਾਵੇਗਾ । ਉਹ ਵੇਲਨਾ ਵੀ ਨਹੀਂ ਲਗਾ ਸਕਦਾ। ਹਕੀਕਤ ਇਹ ਹੈ ਕਿ ਜਿਹੜੀਆਂ ਗੰਨੇ ਔਰ ਕਪਾਹ ਦੀਆਂ ਕਰਾਪਸ ਹਨ, ਇਨ੍ਹਾਂ ਨੇ ਜੰਗ ਵਿਚ ਵੀ ਬੜੀ ਮਦਦ ਕੀਤੀ ਹੈ, ਜੇਕਰ ਕਮਾਦ ਔਰ ਕਪਾਹ ਦੀ ਫਸਲ ਦਾ ਮੌਕਾ ਨਾ ਹੁੰਦਾ ਤਾਂ ਸ਼ਾਇਦ ਇਹ ਜਿਹੜੀ ਅਸਾਂ ਜਿੱਤ ਪ੍ਰਾਪਤ ਕੀਤੀ ਹੈ ਉਤਨੀ ਨਾ ਹੋ ਸਕਦੀ। ਡਿਪਟੀ ਸਪੀਕਰ ਸਾਹਿਬਾ, ਮੈਂ ਆਪ ਦੇ ਜ਼ਰੀਏ ਹਾਊਸ ਨੂੰ ਇਕ ਗੱਲ ਦਸਣੀ ਚਾਹੁੰਦਾ ਹਾਂ ਜਿਹੜੀ ਕਿ ਅਖਬਾਰਾਂ ਵਿਚ ਵੀ ਨਹੀਂ ਆਈ। ਸਾਡੇ ਬਾਰਡਰ ਉਤੇ ਇਕ ਭੂਰਾ ਕਰੀਮ ਪੁਰਾ ਪਿੰਡ ਹੈ। ਸਾਡੇ ਕਿਸੇ ਫੌਜੀ ਨੂੰ ਵੀ ਨਹੀਂ ਸੀ ਪਤਾ ਕਿ ਦੁਸ਼ਮਨ ਦੇ ਉਥੇ ਟੈਂਕ ਆਏ ਸਨ। ਪੁਲਿਸ ਨੂੰ ਵੀ ਨਹੀਂ ਸੀ ਪਤਾ। ਮਹੀਨਾ ਡੇਢ ਮਹੀਨਾ ਬਾਅਦ ਜ਼ਮੀਂਦਾਰ ਜਦ ਕਮਾਦ ਦੇ ਖੇਤ ਵਿਚ ਗਏ ਤਾਂ ਉਥੋਂ, ਪਾਕਿਸਤਾਨ ਦਾ ਇਕ ਪੈਟਨ ਟੈਂਕ, ਜਿਹੜਾ ਕਿ ਉਸ ਖੇਤ ਵਿਚ ਫਸਿਆ ਹੋਇਆ ਸੀ, ਧਰੂ ਕੇ ਲਿਆਂਦੇ ਔਰ ਫੌਜ ਦੇ ਹਵਾਲੇ ਕੀਤਾ। ਅਜਿਹੀਆਂ ਕਰਾਪਸ ਨੇ ਸਾਨੂੰ ਮਿਲਟਰੀ ਦੇ ਨੁਕਤਾ ਨਿਗਾਹ ਤੋਂ ਵੀ ਫਾਇਦਾ ਪਹੁੰਚਾਇਆ ਹੈ।

SEVENTH REPORT OF THE BUSINESS ADVISORY COMMITTEE

उपाध्यक्षा : सरदार उमराओ सिंह जी, मैंने एक ज़रूरी एनाऊंसमेंट करनी है। वह मुझे पहिले कर लेने दीजिए और उस के बाद आप अपनी तकरीर जारी कर लेना।

बिज़नैस ऐडवाईजरी कमेटी आज साढ़े बारह बजे बैठी और उस ने यह फैसला किया कि कल बुद्धवार, 24 नवम्बर, 1965 को हाउस नौ बजे मिलेगा और नान-स्टाप चलेगा जब तक कि बिज़नैस खत्म न हो जाए। उस के बाद सिने डाई एड्जर्न होगा।

इस के अलावा आज जो स्टेटमैंट मिस्टर प्रबोध चन्द्र, शिक्षा मन्त्री ने किया था उसके बारे में गवर्नमैण्ट एक स्टेटमैंट करेगी और उस के बाद इस पर कोई डिस्कशन नहीं होगी। यह बिजनैस ऐडवाईज़री कमेटी की रिपोर्ट में आप के सामने रखती हूं। (I have to make an important announcement. Let me do so. The hon. Member may continue his speech thereafter.

The Business Advisory Committee met today at 12-30 p.m. and decided that the House would meet on Wednesday, the 24th November, 1965, at 9 a.m. and would rise only after finishing the business on the agenda. Thereafter, it will adjourn *Sine-die*.

Besides, the Government will make a statement pertaining to the one made by Mr. Prabodh Chandra,

today. This will not be discussed. I place this Report of the Business Advisory Committee before the House.)

Chief Parliamentary Secretary (Shri Ram Partap Garg) : Madam, I beg to move—

> That the recommendations contained in the Seventh Report of the Business Advisory Committee be adopted.

Deputy Speaker : Motion moved—

> That the recommendations contained in the Seventh Report of the Business Advisory Committee be adopted.

Deputy Speaker : Question is—

> That the recommendations contained in the Seventh Report of the Business Advisory Committee be adopted.

The motion was carried

THE PUNJAB COMMERCIAL CROPS CESS (AMENDMENT) BILL, 1965

(Resumption of Discussion)

ਸਰਦਾਰ ਉਮਰਾਓ ਸਿੰਘ (ਪੱਟੀ): ਮੈਂ ਅਰਜ਼ ਕਰ ਰਿਹਾ ਸੀ ਕਿ ਅਜਿਹੀਆਂ ਕਰਾਪਸ ਉਪਰ, ਜਿਹੜੀਆਂ ਮੁਲਕ ਦੀ ਡਿਫੈਂਸ ਲਈ ਵੀ ਮਦਦ ਕਰ ਰਹੀਆਂ ਹੋਣ, ਟੈਕਸ ਲਗਾਉਣਾ ਇਸ ਵਕਤ ਸਿਆਣਪ ਵਾਲੀ ਗਲ ਨਹੀਂ ਸੀ। ਮੈਂ ਆਪਣੇ ਲੀਡਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਡਿਫੈਂਸ ਪਰਪਜ਼ਿਜ਼ ਵਾਸਤੇ ਔਰ ਇਸ ਵਕਤ ਖਾਮਖਾਹ ਦੇ ਕ੍ਰਿਟੀਸਿਜ਼ਮ ਤੋਂ ਬਚਣ ਵਾਸਤੇ ਚੰਗੀ ਗਲ ਇਹੋ ਹੈ ਕਿ ਇਸ ਬਿਲ ਨੂੰ ਇਸ ਮੌਕੇ ਤੇ ਵਾਪਸ ਹੀ ਲੈ ਲਿਆ ਜਾਵੇ। ਆਖਿਰ ਇਸ ਦੇ ਨਾਲ 40—45 ਲੱਖ ਰੁਪਏ ਦੀ ਹੀ ਆਮਦਨੀ ਹੋਣੀ ਹੈ। ਇਹ 40—45 ਲਖ ਰੁਪਿਆ ਤਾਂ ਜਿਹੜਾ ਇਥੇ ਚੰਡੀਗੜ੍ਹ ਵਿਚ ਕਰਾਸਿੰਗਜ਼ ਨੂੰ ਚੌੜਾ ਕੀਤਾ ਜਾ ਰਿਹਾ ਹੈ ਉਸ ਨੂੰ ਦੋ ਤਿੰਨ ਸਾਲ ਮੁਲਤਵੀ ਕਰਕੇ ਵੀ ਬਚਾਇਆ ਜਾ ਸਕਦਾ ਹੈ। ਮਤਲਬ ਕਹਿਣ ਦਾ ਇਹ ਹੈ ਕਿ ਇਹ 40—45 ਲੱਖ ਰੁਪਿਆ ਕਿਸੇ ਦੂਸਰੀ ਮਦ ਵਿਚੋਂ ਕਢਕੇ ਸਾਨੂੰ ਇਸ ਫਜ਼ੂਲ ਦੇ ਕ੍ਰਿਟੀਸਿਜ਼ਮ ਤੋਂ ਬਚਣਾ ਚਾਹੀਦਾ ਹੈ।

Deputy Speaker: Please wind up.

ਸਰਦਾਰ ਉਮਰਾਓ ਸਿੰਘ: ਡਿਪਟੀ ਸਪੀਕਰ ਸਾਹਿਬਾ, ਇਕੋ ਗੱਲ ਹੋਰ ਕਹਿ ਕੇ ਖਤਮ ਕਰ ਰਿਹਾ ਹਾਂ। ਜੇ ਕਿਸੇ ਨੇ ਇੰਡਸਟਰੀ ਲਈ ਲੋਨ ਲੈਣਾ ਹੋਵੇ ਤਾਂ ਉਸ ਉਤੇ 3 ਫੀ ਸਦੀ ਸੂਦ ਹੈ ਮਗਰ ਜਦ ਕਿਸੇ ਕਿਸਾਨ ਨੇ ਲੈਣਾ ਹੋਵੇ ਤਾਂ 5 ਫੀ ਸਦੀ ਸੂਦ। ਉਹ ਵੀ ਤਹਿਸੀਲਦਾਰ ਕੋਲੋਂ ਤਸਦੀਕ ਕਰਵਾ ਕਰਵਾ ਕੇ, ਸਰਟਿਫਿਕੇਟ ਲੈ ਲੈ ਕੇ ਮਿਲਦਾ ਹੈ। ਸੋ ਇਹ ਜਿਹੜੀਆਂ ਚੀਜ਼ਾਂ ਹਨ ਜਿਨ੍ਹਾਂ ਨਾਲ ਸਾਡੀ ਸਰਕਾਰ ਨੂੰ ਫਜ਼ੂਲ ਵਿਚ ਕ੍ਰਿਟਿਸਿਜ਼ਮ ਦਾ ਸਾਹਮਣਾ ਕਰਨਾ ਪੈਂਦਾ ਹੋਵੇ, ਇਨ੍ਹਾਂ ਨੂੰ ਦਰੁਸਤ ਕਰਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਜਗਾਹ ਲੈਂਦਾ ਹਾਂ।

पंडित मोहन लाल दत्त (अम्ब) : श्रीमती जी, आज देश एक महान संकट में से गुज़र रहा है और मौजूदा हालात में फरदोबशर को ज्यादा से ज्यादा कुरबानी करनी चाहिए। देश के बचाव के लिए और देश को हर हालत में स्वावलम्बी बनाने के लिये जो योजनाएं

[पंडित मोहन लाल दत]

हाथ में लेनी हैं उन को कामयाब बनाने के लिये बहुत ज्यादा धन की आवश्यकता है। ऐसी हालत में हमें हर एक मसले पर बड़ी गम्भीरता के साथ और बड़ी सन्जीदगी के साथ विचार करनी चाहिए। किसी को भी अपने किसी मखसूस मफाद के हित में कोई ऐसी बात नहीं करनी चाहिए जिस से देश को नुक्सान पहुंचे। जहां पर इस कदर भारी रुपए की जरूरत है वहां, उपाध्यक्षा महोदया, इस हाउस में मैंने एक खास किस्म का माहौल देखा है। जब व्यापारियों के ऊपर टैक्स लगाने का मौका आता है तो जो व्यापारियों के साथ हमदर्दी रखने वाले सदस्य हैं वह उस समय तो कहते हैं कि उन पर टैक्स लगने चाहिएं लेकिन जब जमींदारों पर....... The hon. Member was still in possession of the House when it adjourned.

उपाध्यक्षा : सदन कल नौ बजे मिलेगा।

(The House stands adjourned till 9.00 a.m. to-morrow.)

The Sabha then adjorned till 9. 00 a.m. on Wednesday, the 24th November, 1965.

2.30 p.m.

7286PVS—30-5-66—C., P. & S., Pb., Chd.

PUNJAB VIDHAN SABHA DEBATES

24th November, 1965

Vol. II—No. 26

OFFICIAL REPORT

CONTENTS

Wednesday, the 24th November, 1965

Punjab Vidhan Sabha Secretariat, Chandigarh

Price : [illegible]

P.T.O.

ERRATA

to

Punjab Vidhan Sabha Debates, Vol. II, No. 26, dated the 24th, November, 1965.

Read	*For*	*Page*	*Line*
ਬਜਟ	ਬਜ	(26) 6	9
ਪੰਚਾਇਤ ਰੁਪਿਆ ਜਮ੍ਹਾਂ ਕਰ ਦੇਵੇ	ਪੰਚਾਇਤ ਰੁਪਿਆ ਜਮਾਂ ਕਰ ਦੇਵੋ	(26) 12	8
ਦੂਸਰੇ	ਦਸਰੇ	(26) 17	13 from below
areas	ereas	(26) 17	6 from below
ਲੈਂਦਾ ਹਾਂ	ਲੈਂਦਾ	(26) 20	10 from below
ਮਹਿਸੂਸ	ਮਹਿਸਸ	(26) 20	Last
Delete the words [Minister for Irrigation and Power]		(26) 21	5 from below
ਫੈਲੀ	ਫਲੀ	(26) 24	last but one
ਮੁਖ	ਮੁੱਖ	(26) 25	5
ਇਨ੍ਹਾਂ	ਇਨ	(26) 25	7
inflict	inlict	(26) 26	24
there	there ?	(26) 26	9 from below
quanungos	qanogos	(26) 28	last
221.	211.	(26) 31	37
Preliminary	Prelminary	(26) 32	7
मूव	भूव	(26) 33	43
attention	atieution	(26) 33	57

P.T.O.

Read	*For*	*Page*	*Line*
Control	Controle	(26) 33	61
transportation	transporation	(26) 33	62
Member	ember	(26) 34	8
Conflict	Conflicit	(26) 40	32
Chief	Chie	(26) 42	1
Silting-up	Siltin-up	(26) 46	49
Chief	Cbief	(26) 48	2
Privileges	Provileges	(26) 49	3
ਸੈਂਕਟਿਟੀ	ਸੈਕੱਟਿਰੀ	(26) 52	5
been	baen	(26) 55	25
ਸ਼੍ਰੀ	ੀ	(26) 56	20
desirable	deriable	(26) 58	29
afterwards	afterwords	(26) 58	32
holding	hoiding	(26) 61	13
dictated	dic ated	(26) 62	7
समापति	समापति	(26) 63	13
ਕਰਨ	ਕਰਨਾ	(26) 65	9
ਹੋਈਆਂ	ਹੋਇਆ	(26) 67	25
its	it	(26) 67	last
permanent	prrmanent	(26) 67	last
कोटा	ोटा	(26) 70	10
Principal	Prtncipal	(26) 73	9 from below
Deputy	Depnty	(26) 75	3
in	jn	(26) 75	9
Cess	eess	(26) 75	25
Opposition	opposirion	(26) 87	4 from below
ਬਲਕਿ	ਬਲਾਕ	(26) 92	3
ਮਨਜ਼ੂਰ	ਮਨਜ਼ੂ	(26) 99	8
ਚੇਅਰਮੈਨ ਸਾਹਿਬ	ਚੇਅਮਨ ਸਾਹਿਬਾ	(26) 105	7
EXPLANATION	EXPANATION	(26) 111	1

Read	*for*	*Page*	*Line*
ਟੱਟਨੇ	ਟਟਨੇ	(26) 117	20
ਕੈਪੈਸਿਟੀ	ਕੈਪੈਸਿੀ	(26) 118	13
ਮਾਲ ਮੰਤ੍ਰੀ	ਮਾਲ ਮਤ੍ਰੀ	(26) 128	1
public	pnblic	(26) 131	23
ਪਿੰਡ	ਪਿਡ	(26) 139	8 from below
ਬੈਠੇ	ੈਠੇ	(26) 141	27
ਕੋਲੋਂ	ਕੋਲਂ	(26) 148	6
ਫੇਰ	ਫਰ	(26) 148	7
ਕਾਮਰੇਡ ਬਾਬੂ ਸਿੰਘ ਮਾਸਟਰ	ਕਾਮਰੇਡ ਬਾਬੂ ਸਿੰਘ ਮਾਸਟਰ	(26) 155	9 from below
ਮਾਲ ਮੰਤਰੀ	ਮਾਲ ਮਤਰੀ	(26) 167	10 ,, ,,
enforcement	enforsement	(26) 169	8 ,, ,,
ਡਾਕਟਰ ਬਲਦੇਵ ਪ੍ਰਕਾਸ਼	ਡਾਰਟਰ ਬਲਦੇਵ ਪ੍ਰਕਾਸ਼	(26) 174	6 ,, ,,
Crops cess	Crops	(26) 182	10
Jasdev Singh Sandhu	Jagdev Singh Sandhu	(26) 186	29
Teja Singh, Sardar	Tej Singh, Sardar	(26) 187	21
Delete the word Rs.		App. (i)	5 from below
sustaining	substaining	App. (ii)	3 ,, ,,
of	ef	App. (ii)	Last
head	headt	App. V	12
areas	a eas	App. VII	5
concurrence	concurrene	App. VII	29
Elections	election	App.	5
Ditto	Ditio	App. XVI	last
Scheme	Schemes	App. XiX	16
in	n	App. XX	13

P.T.O.

Read	*For*	*Page*	*Line*
Legislation	egislation	App. XX	14
disclosure	desclosure	App XXI	25
tax up	tax is up	App. XXIII	10 from below
hauled	haulled	App. XXIV	13
fictitious	frctitiously	App. XXIV	31
Prem Chand Bhardwaj	Prem Chahd Bhardwaj	App. XXV	27
Shrimati Om Prabha Jain	Shrimati Om Prakash Jain	1	10
inundated	inun-dated	3	13
hostilities	hostitilies	3	35
seized	sized	3	8 from below
employed	un-employed	5	10
Sober	Sobre	6	30

———

PUNJAB VIDHAN SABHA

Wednesday, the 24th November, 1965

The Sabha met in the Vidhan Bhavan, Sector 1, Chandigarh at 9.00 a.m. of the Clock. Deputy Speaker (Shrimati Shanno Devi) in the Chair.

STARRED QUESTIONS AND ANSWERS

VISITS BY MINISTERS TO SANGRUR DISTRICT

*8779. **Comrade Bhan Singh Bhaura** : Will the Chief Minister be pleased to state —

(a) the names of the Ministers who visited Sangrur District in the month of September, 1965, alongwith the names of places where they addressed rallies;

(b) whether the legislators of the said district were informed, about the said tours etc.; if not, the reasons for the same?

Shri Ram Kishan : (a) The requisite information is laid on the Table of the House.

(b) Normally copies of tour programmes of Ministers are invariably forwarded to the Legislators of the districts concerned. However, due to short notice, emergency and security reasons the Legislators were not informed of the tour programmes.

STATEMENT

Name ef the Minister	Dates	Places where Defence Rallies were addressed
(1) Comrade Ram Kishan	18-9-1965	.. Sunam
(2) Shri Darbara Singh	4-9-1965	.. Sangrur
(3) Shri Ajmer Singh	11-9-1965	.. Mehal Kalan Barnala, Sangrur, Bhawanigarh.
	17-9-1965	Sangrur Malerkotla, Sherpur.
	18-9-1965	Narwana Uchana and Jind.

मुख्य मन्त्री : यह जो स्टेटमेंट ले की है इसमें संगरूर भी था लेकिन वह शायद गलती से आया नहीं ।

ਕਾਮਰੇਡ ਭਾਨ ਸਿੰਘ ਭੌਰਾ : ਕੀ ਚੀਫ਼ ਮਨਿਸਟਰ ਸਾਹਿਬ, ਦੱਸਣਗੇ ਕਿ ਉਨ੍ਹਾਂ ਨੇ ਜੋ ਦਸਿਆ ਹੈ ਕਿ ਸ਼ਾਰਟ ਨੋਟਿਸ ਕਰਕੇ ਉਹ ਆਪਣੇ ਟੂਰ ਪਰੋਗਰਾਮ ਆਪੋਜ਼ੀਸ਼ਨ ਦੇ ਮੈਂਬਰਾਂ ਪਾਸ ਭੇਜ ਨਹੀਂ ਸਕੇ, ਤਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਬੀ. ਡੀ. ਓਜ਼. ਦੀ ਮਾਰਫਤ ਸ਼ਾਰਟ ਨੋਟਿਸ ਵਿਚ ਵੀ ਇਨਫਾਰਮ ਨਹੀਂ ਕੀਤੇ ਜਾ ਸਕਦੇ ਸੀ, ਜਦ ਉਨ੍ਹਾਂ ਦੀ ਮਾਰਫਤ ਪਬਲਿਕ ਰੈਲੀਜ਼ ਦਾ ਇੰਤਜ਼ਾਮ ਕਰਾਇਆ ਜਾਂਦਾ ਰਿਹਾ ਹੈ ?

मुख्य मन्त्री : आम तौर पर मिनिस्टर्ज़ के टूर प्रोग्राम्ज़ की कापीज़ तमाम एम० एल० एज़० को भेजी जाती हैं । इस केस में शायद जल्दी करके नहीं जा सकी होंगी । आगे के लिये मैं यकीन दिलाता हूँ कि यह गलती नहीं होगी और तमाम लैजिस्लेटर्ज़ को यह भेजे जायेंगे ।

डाक्टर बलदेव प्रकाश : इस सवाल के जवाब में कहा गया है कि सिक्योरिटी रीज़न्ज़ करके और एमरजेंसी करके मिनिस्टर्ज़ के प्रोग्राम्ज़ की पब्लिसिटी नहीं की गई थी तो मैं पूछना चाहता हूँ कि इसकी क्या वजह है कि जिन मीटिंग्ज़ को मिनिस्टर साहिबान उन दिनों एड्रेस करते रहे हैं उनकी पब्लिसिटी तो होती रही है और आपोज़ीशन के मेम्बर्ज़ को इस बारे में इत्तलाह नहीं भेजी जाती रही, तो क्या उनको एम०एल० एज़० से ही खतरा था और पब्लिक जलसों में जाने से और उन्हें एड्रेस करने में खतरा नहीं था ?

मुख्य मन्त्री : एम० एल० एज़० से क्या खतरा हो सकता है। यह बात नहीं है, यही हो सकता है कि जल्दी में कहीं किसी एम० एल० ए० को इत्तलाह न भेजी जा सकी हो क्योंकि एमरजेंसी की वजह से उन्हें कई बार बड़ी जल्दी में आना जाना पड़ा है । मैं जब संगरूर गया था तो वहां कई एम०एल० एज तो आए हुए थे लेकिन कई नहीं आए थे । तो हो सकता है कि जल्दी में किसी को इत्तलाह वक्त पर न पहुंच सकी हो । इसकी और कोई वजह नहीं है ।

श्री ओम् प्रकाश अग्निहोत्री : क्या चीफ मिनिस्टर साहब बतायेंगे कि क्या एमरजेंसी को मूख्य रखते हुए मिनिस्टर साहिबान कम टूर रखने के लिये तैयार हैं ?

मुख्य मन्त्री : एमरजेंसी में तो आप जानते हैं कि कई बार ज्यादा टूर करने ज़रूरी हो जाते हैं ।

ਕਾਮਰੇਡ ਗੁਰਬਖ਼ਸ਼ ਸਿੰਘ ਧਾਲੀਵਾਲ : ਚੀਫ਼ ਮਨਿਸਟਰ ਸਾਹਿਬ ਨੇ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਹੈ ਕਿ ਐਮਰਜੈਂਸੀ ਕਰਕੇ ਸੀਕਿਉਰਿਟੀ ਮਈਅਰਜ਼ ਲੈਣੇ ਸਨ, ਇਸ ਕਰਕੇ ਐਮ. ਐਲ. ਏਜ਼ ਨੂੰ ਮਨਿਸਟਰਾਂ ਦੇ ਟੂਰ ਪਰੋਗਰਾਮਾਂ ਬਾਰੇ ਇਤਲਾਹ ਨਹੀਂ ਦਿੱਤੀ ਗਈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਕੀ ਕਾਰਨ ਹੈ ਕਿ ਅਫਸਰਾਂ ਨੂੰ ਔਰ ਬੀ. ਡੀ. ਓਜ਼ ਨੂੰ ਉਨ੍ਹਾਂ ਦੇ ਟੂਰ ਪਰੋ-ਗਰਾਮਾਂ ਬਾਰੇ ਇਤਲਾਹ ਦਿੱਤੀ ਜਾਂਦੀ ਰਹੀ ਹੈ ਪਰ ਐਮ. ਐਲ. ਏਜ਼. ਨੂੰ ਨਹੀਂ ਦਿੱਤੀ ਗਈ ? ਸਰਦਾਰ ਅਜਮੇਰ ਸਿੰਘ ਹੋਰੀਂ ਉਸ ਜ਼ਿਲ੍ਹੇ ਵਿਚ ਚਾਰ ਪੰਜ ਥਾਵਾਂ ਤੇ ਗਏ ਔਰ ਸਰਦਾਰ ਦਰਬਾਰਾ ਸਿੰਘ ਵੀ ਗਏ ਔਰ ਉਨ੍ਹਾਂ ਪਬਲਿਕ ਜਲਸੇ ਵੀ ਐਡਰੈਸ ਕੀਤੇ ਪਰ ਐਮ. ਐਲ. ਏਜ਼. ਨੂੰ ਖਬਰ ਨਾ ਦਿੱਤੀ । ਇਸ ਦਾ ਕੀ ਕਾਰਨ ਹੈ ?

उपाध्यक्षा : उन्होंने बता तो दिया है कि इस में शायद गलती हुई है । (He has already said that this was an omission.)

श्री बलरामजी दास टण्डन : डिप्टी स्पीकर साहिबा, अगर तो वाकई गलती हुई है जैसा कि बताया गया है कि यह गलती हुई है, तब तो यह कोई बड़ी बात नहीं है लेकिन इसमें जो यह बताया गया है कि सिक्योरिटी के रीज़न्ज़ की वजह से एम०एल०एज़० को इत्तलाह नहीं दी गई तो यह एक बड़ी अहम बात हो जाती है क्योंकि इस सवाल में सिर्फ एम० एल०एज़० के बारे में ही पूछा गया था । तो मैं पूछना चाहता हूँ कि क्या मिनिस्टर साहिबान को एम०एल०एज़० से ही खतरा था ?

मुख्य मन्त्री : नहीं, ऐसी बात नहीं है । सिक्योरिटी का एक रीज़न शायद हो लेकिन असल बात यह है कि कहीं किसी ज़िले में शायद किसी को इत्तलाह न दी जा सकी हो । मैंने पहले ही अर्ज़ किया है कि अगर कहीं यह गलती हो गई है तो आयंदा यह नहीं होगी । कहीं कोई और खास बात हुई है और किसी आनरेबल मैम्बर को मालूम है तो मेरे नोटिस में लाएं, तो मैं उसकी वजह मालूम कर लूंगा और आनरेबल मैम्बर को कनविंस कराने की कोशिश करूँगा और अगर वह कनविंस न हो सके तो मैं अपनी गलती मान लूंगा ।

Deputy Speaker : Next question please.

ਕਾਮਰੇਡ ਭਾਨ ਸਿੰਘ ਭੌਰਾ : ਸਪਲੀਮੈਂਟਰੀ ਪਲੀਜ਼ ।

Deputy Speaker: No please, No more supplementaries on this question.

ਕਾਮਰੇਡ ਭਾਨ ਸਿੰਘ ਭੌਰਾ : ਬੜਾ ਜ਼ਰੂਰੀ ਸਪਲੀਮੈਂਟਰੀ ਹੈ ।

Deputy Speaker : No please. Please take your seat.

ਕਾਮਰੇਡ ਭਾਨ ਸਿੰਘ ਭੌਰਾ : ਇਹ ਸਪਲੀਮੈਂਟਰੀ ਜ਼ਰੂਰ ਕਰਨਾ ਹੈ । ਸਵਾਲ ਵੀ ਮੇਰਾ ਸੀ ।

उपाध्यक्षा : यह ठीक है कि आप का सवाल है लेकिन जब मैं दूसरे मैम्बर साहिबान को सप्लीमैंटरी पूछने की इजाजत देती रही हूँ तो आप एक बार भी खड़े नहीं हुए ।(There is no doubt that this question is in his name. But he has not even stood up in his seat to catch my eye, when I have been permitting other Members to put their supplementaries. Now I cannot allow him.)

ਕਾਮਰੇਡ ਭਾਨ ਸਿੰਘ ਭੌਰਾ : ਮੈਂ ਕਈ ਵਾਰ ਖੜਾ ਹੁੰਦਾ ਰਿਹਾ ਹਾਂ ਪਰ ਤੁਸੀਂ ਨਹੀਂ ਦੇਖਿਆ ।

उपाध्यक्षा : अब मैं अगला सवाल बुला चुकी हूँ ? (I have already called the next question).

श्री बलरामजी दास टंण्डन: डिप्टी स्पीकर साहिबा, जितनी देर अब हो चुकी है इतनी देर में अगर आप इजाज़त दे देतीं तो दो तीन सप्लीमेंटरीज़ पूछे गए होते ।

Deputy Speaker : Order please.

ਕਾਮਰੇਡ ਭਾਨ ਸਿੰਘ ਭੌਰਾ : ਆਨ ਏ ਪੁਆਇੰਟ ਆਫ ਆਰਡਰ, ਮੈਡਮ ।

उपाध्यक्षा : आप अपना प्वायंट आफ आर्डर रेज़ कर सकते हैं लकिन आपको सप्लीमेंटरी पूछने की इजाज़त नहीं दूंगी । (The hon. Member can raise his point of order but I would not permit him to put supplementaries.)

ਕਾਮਰੇਡ ਭਾਨ ਸਿੰਘ ਭੌਰਾ : ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜਲਦੀ ਵਿਚ ਇਤਲਾਹ ਨਹੀਂ ਦਿੱਤੀ ਜਾ ਸਕੀ । ਪਰ ਮੈਂ ਅਰਜ਼ ਕਰਦਾ ਹਾਂ ਕਿ ਸਰਦਾਰ ਅਜਮੇਰ ਸਿੰਘ ਮੇਰੇ ਹਲਕੇ ਵਿਚ ਜਦੋਂ ਗਏ ਸੀ ਤਾਂ ਇਨ੍ਹਾਂ ਨਾਲ ਕਾਂਗਰਸੀ ਐਮ. ਐਲ. ਏਜ਼ ਸੀ ਪਰ ਆਪੋਜੀਸ਼ਨ ਦੇ ਕਿਸੇ ਮੈਂਬਰ ਨੂੰ ਵੀ ਇਤਲਾਹ ਨਹੀਂ ਦਿੱਤੀ ਗਈ ਸੀ । ਇਨ੍ਹਾਂ ਨੂੰ ਸਰਦਾਰ ਪ੍ਰਤਾਪ ਸਿੰਘ ਦੇ ਵੇਲੇ ਦੀ ਆਦਤ ਪਈ ਹੋਈ ਹੈ, ਇਸੇ ਕਰਕੇ ਇਨ੍ਹਾਂ ਦੂਜੇ ਮੈਂਬਰਾਂ ਨੂੰ ਇਤਲਾਹ ਨਹੀਂ ਦਿੱਤੀ । ਮੈਂ ਇਸ ਬਾਰੇ ਆਪ ਦੀ ਰੂਲਿੰਗ ਚਾਹੁੰਦਾ ਹਾਂ ।

ਯੋਜਨਾ ਅਤੇ ਸਥਾਨਕ ਸ਼ਾਸਨ ਮੰਤਰੀ (ਸਰਦਾਰ ਅਜਮੇਰ ਸਿੰਘ) : ਡਿਪਟੀ ਸਪੀਕਰ ਸਾਹਿਬਾ, ਜਿਹੜੀ ਇਨਸਿਨੂਏਸ਼ਨ ਮੇਰੇ ਦੋਸਤ ਨੇ ਕੀਤੀ ਹੈ ਮੈਂ ਉਸ ਨੂੰ ਸਟ੍ਰਾਂਗਲੀ ਰਿਫਿਊਟ ਕਰਦਾ ਹਾਂ ਔਰ ਇਸ ਤੇ ਰੀਜ਼ੈਂਟ ਕਰਦਾ ਹਾਂ । ਮੈਂ ਅਰਜ਼ ਕਰਦਾ ਹਾਂ ਕਿ ਕਿਸੇ ਨੂੰ ਨਾ ਇਤਲਾਹ ਦੇਣ ਵਾਲੀ ਕੋਈ ਐਸੀ ਬਾਤ ਨਹੀਂ ਸੀ ਜਿਸ ਤਰਾਂ ਉਨ੍ਹਾਂ ਕਿਹਾ ਹੈ । ਅਸਲ ਗੱਲ ਇਹ ਹੈ ਕਿ ਐਮਰਜੈਂਸੀ ਦੀ ਵਜ੍ਹਾ ਕਰਕੇ ਛੇਤੀ ਵਿਚ ਕੋਈ ਪਰੋਗਰਾਮ ਬਣਾਇਆ ਨਹੀਂ ਜਾ ਸਕਿਆ ਸੀ ਔਰ ਉਨ੍ਹਾਂ ਦਿਨਾਂ ਵਿਚ ਨਾ ਹੀ ਕੋਈ ਪਰੋਗਰਾਮ ਛਾਪੇ ਜਾਂਦੇ ਸੀ । ਸਿਰਫ ਡਿਪਟੀ ਕਮਿਸ਼ਨਰ ਨੂੰ ਕਹਿ ਦਿੱਤਾ ਜਾਂਦਾ ਸੀ ਕਿ ਫਲਾਣੇ ਫਲਾਣੇ ਨੂੰ ਇਤਲਾਹ ਦੇ ਦਿਉ ਔਰ ਹੋ ਸਕਦਾ ਹੈ ਕਿ ਕਿਸੇ ਮੌਕੇ ਤੇ ਕਿਸੇ ਐਮ. ਐਲ. ਏ. ਨੂੰ ਇਤਲਾਹ ਨਾ ਦਿੱਤੀ ਜਾ ਸਕੀ ਹੋਵੇ ਵਰਨਾ ਸਾਡੀ ਕੋਈ ਐਸੀ ਇਨਟੈਨਸ਼ਨ ਨਹੀਂ ਸੀ ਕਿ ਕਿਸੇ ਨੂੰ ਐਵਾਇਡ ਕੀਤਾ ਜਾਵੇ । I strongly resent what my hon. Friend has said.

ਸਰਦਾਰ ਗੁਰਚਰਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਮੈਡਮ । ਡਿਪਟੀ ਸਪੀਕਰ ਸਾਹਿਬਾ, ਮੈਂ ਬੜੇ ਅਦਬ ਨਾਲ ਤੁਹਾਡੀ ਖਿਦਮਤ ਵਿੱਚ ਅਰਜ਼ ਕਰਦਾ ਹਾਂ ਕਿ ਜਦੋਂ ਤੁਸੀਂ ਚੇਅਰ ਵਿੱਚ ਬੈਠੇ ਹੋਏ ਹੁੰਦੇ ਹੋ ਔਰ ਤੁਹਾਨੂੰ ਪਤਾ ਹੁੰਦਾ ਹੈ ਕਿ ਕਿਸੇ ਮੈਂਬਰ ਨੇ ਕੀ ਕਹਿਣਾ ਹੈ ਪਰ ਫਿਰ ਵੀ ਤੁਸੀਂ ਉਹ ਕਹਿਣ ਦੀ ਇਜਾਜ਼ਤ ਦੇ ਦਿੱਤੀ ਹੈ । ਤੁਹਾਨੂੰ ਹੁਣ ਪਤਾ ਸੀ ਕਿ ਕਾਮਰੇਡ ਭਾਨ ਸਿੰਘ ਭੌਰਾ ਨੇ ਪੁਆਇੰਟ ਆਫ ਆਰਡਰ ਰੇਜ਼ ਕਰਦਿਆਂ ਕਰਦਿਆਂ ਆਪਣਾ ਸਪਲੀਮੈਂਟਰੀ ਪੁਟ ਕਰਨਾ ਹੈ you have purposely done it. ਮੈਂ ਇਸ ਤੇ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਜਦ ਤੁਹਾਨੂੰ ਪਤਾ ਸੀ ਕਿ ਉਨ੍ਹਾਂ ਨੇ ਪੁਆਇੰਟ ਆਫ ਆਰਡਰ ਤੇ ਸਪਲੀਮੈਂਟਰੀ ਕਰਨਾ ਹੈ, ਤਾਂ ਤੁਸੀਂ ਕਿਉਂ ਇਜਾਜ਼ਤ ਦਿੱਤੀ ?

Deputy Speaker: Please withdraw your words. ਇਹ ਤੁਹਾਨੂੰ ਆਦਤ ਪੈ ਗਈ ਹੈ ਕਿ ਜੋ ਜੀ ਆਇਆ ਚੇਅਰ ਨੂੰ ਕਹਿ ਦਿੱਤਾ । (Please withdraw your words. You have developed the habit of casting aspersions on the Chair.)

ਸਰਦਾਰ ਗੁਰਚਰਨ ਸਿੰਘ : ਮੈਂ ਤਾਂ ਬੜੇ ਅਦਬ ਨਾਲ ਕਿਹਾ ਹੈ ।

ਦਿਉ । ਪਰ ਜੇ ਕਰ ਮੈਂ ਇਹ ਗੱਲ ਕਹੀ ਤਾਂ ਫਿਰ ਸਰਦਾਰ ਗੁਰਚਰਨ ਸਿੰਘ ਤੰਗ ਹੋ ਜਾਣਗੇ। ਪਿਛਲੇ ਰਾਜੇ ਮਹਰਾਜੇ ਖਤਮ ਹੋ ਗਏ ਅਤੇ ਉਨ੍ਹਾਂ ਦੀ ਥਾਂ ਟ੍ਰਾਂਸਪੋਰਟਰਜ਼ ਨੇ ਲੈ ਲਈ, ਨਵੇਂ ਰਾਜੇ ਬਣ ਗਏ । ਜਦੋਂ ਅਸੀਂ ਕਹਿੰਦੇ ਹਾਂ ਕਿ ਟ੍ਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰੋ ਤਾਂ ਫਿਰ ਕਹਿੰਦੇ ਹਨ ਕਿ ਸਿਖਾਂ ਦੀਆਂ ਮੋਟਰਾਂ ਖੋਹ ਲਈਆਂ । ਫਿਰ ਇਹ ਗੱਲ ਉਹ ਸਿਖ ਕਹਿੰਦਾ ਹੈ ਜਿਸ ਨੂੰ ਸਾਹਨੇਵਾਲ ਦਾ ਵੀ ਕੋਈ ਟਿਕਟ ਨਹੀਂ ਦਿੰਦਾ । ਉਹਨੂੰ ਕਹਿੰਦੇ ਹਨ ਕਿ ਖੰਨੇ ਦਾ ਦੇਵਾਂਗੇ ਯਾਨੀ ਦੂਰ ਦਾ ਦੇਵਾਂਗੇ । ਉਹ ਗਰੀਬ ਕਿਸਾਨ ਨੂੰ exploit ਕੀਤਾ ਜਾ ਰਿਹਾ ਹੈ । ਅਸੀਂ ਕਹਿੰਦੇ ਹਾਂ ਕਿ ਅਰਬਨ ਪ੍ਰਾਪਰਟੀ ਤੇ ਸੀਲਿੰਗ ਲਗਾਉ । ਕਈਆਂ ਆਦਮੀਆਂ ਦੀਆਂ ਦਸ ਦਸ ਏਕੜ ਜ਼ਮੀਨ ਵਿੱਚ ਕੋਠੀਆਂ ਬਣੀਆਂ ਹੋਈਆਂ ਹਨ ਅਤੇ ਇਸ ਦੇ ਵਿਰੁਧ ਕਈਆਂ ਪਾਸ ਰਹਿਣ ਨੂੰ ਜਗ੍ਹਾ ਵੀ ਨਹੀਂ ਹੈ । ਇਸ ਤੇ ਸੀਲਿੰਗ ਲਗਾਉ ਅਤੇ ਜਦੋਂ ਇਸ ਵਾਧੂ ਜ਼ਮੀਨ ਨੂੰ open auction ਵਿਚ ਵੇਚੋਗੇ ਤਾਂ ਤੁਹਾਨੂੰ ਕਰੋੜਾਂ ਰੁਪਿਆ ਮਿਲ ਜਾਵੇਗਾ । ਅਤੇ ਇਸ ਤਰ੍ਹਾਂ Cess Bill ਰਾਹੀਂ ਕਿਸਾਨ ਨੂੰ ਤੰਗ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਅੱਗੇ ਮੈਂ ਕੈਟਲ ਬ੍ਰੀਡਿੰਗ ਫਾਰਮਿੰਗ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ।

ਜ਼ਰੂਰਤ ਇਸ ਵੇਲੇ ਇਸ ਗੱਲ ਦੀ ਹੈ ਕਿ ਇਸਨੂੰ ਲਿਮਿਟ ਕਰੋ । ਤੁਸੀਂ ਵੇਖੋ ਇਸ ਵੇਲੇ ਕਿਤਨੇ ਕੈਟਲ ਬਰੀਡਿੰਗ ਫਾਰਮਜ਼ Land lords ਲੋਕਾਂ ਨੇ ਬਣਾਏ ਹੋਏ ਹਨ, ਪਤਾ ਨਹੀਂ ਕਿ ਉਸ ਵਿੱਚ ਜਾਨਵਰ ਕਿਤਨੇ ਹਨ । ਇਹ ਇਕ Loop hole ਹੈ ਅਤੇ ਅਜਿਹੇ ਫਾਰਮ ਬੰਦ ਕਰਕੇ ਗਰੀਬ ਕਿਸਾਨ ਨੂੰ ਕਾਸ਼ਤ ਲਈ ਜ਼ਮੀਨ ਦਿੱਤੀ ਜਾ ਸਕਦੀ ਹੈ । ਜਿਸ ਨਾਲ ਖੁਰਾਕ ਦਾ ਮਸਲਾ ਵੀ ਹਲ ਹੁੰਦਾ ਹੈ ਅਤੇ ਸਰਕਾਰ ਦੀ ਆਮਦਨੀ ਦਾ ਸਾਧਨ ਵੀ ਵਧਦਾ ਹੈ । ਇਸੇ ਤਰ੍ਹਾਂ ਭੇਡਾਂ ਪਾਲਣ ਵਾਲੇ ਫਾਰਮ ਹਨ। ਉਨ੍ਹਾਂ ਵਿੱਚ ਵੀ ਪਤਾ ਨਹੀਂ ਕਿ ਭੇਡਾਂ ਹਨ ਵੀ ਕਿ ਨਹੀਂ ਔਰ ਜੇ ਹਨ ਤਾਂ ਕਿਤਨੀਆਂ ਹਨ। ਇਸ ਤਰ੍ਹਾਂ ਦੀਆਂ ਸਾਰੀਆਂ ਦੀ ਸਾਰੀਆਂ ਖਤਮ ਕਰਕੇ ਕਿਸਾਨ ਨੂੰ ਕਾਸ਼ਤ ਲਈ ਜ਼ਮੀਨ ਦਿਉ।

ਚੇਅਰਮੈਨ ਸਾਹਿਬ, ਪੰਜਾਬ ਵਿੱਚ ਲੈਂਡ ਰੀਫਾਰਮਜ਼ ਕਿਸ ਤਰ੍ਹਾਂ ਦੀਆਂ ਕੀਤੀਆਂ ਗਈਆਂ ਹਨ ? ਜਦ ਗਰੀਬ ਕੁਝ ਕਹਿੰਦਾ ਹੈ, ਢਾਈਆਂ ਮਾਰਦਾ ਹੈ, ਚਿਲਾਂਦਾ ਹੈ ਤਾਂ ਲੈਂਡ-ਲਾਰਡ ਅਤੇ ਆਗੂਆਂ ਦਾ ਉਸ ਵਲ ਧਿਆਨ ਨਹੀਂ ਆਉਂਦਾ। ਇਹ ਚੀਜ਼ ਵੇਖ ਕੇ ਮੈਨੂੰ ਇਕ ਸ਼ੇਅਰ ਯਾਦ ਆ ਗਿਆ ਹੈ—

ਮੇਰਾ ਇਸ਼ਕ ਈਮਾਨ ਸੀ ਕੋਲ ਤੇਰੇ,
ਤੂੰ ਵਡ ਦਿੱਤਾ ਕਿਸੇ ਹੋਰ ਤਾਈਂ ।
ਰੱਬ ਸਾਰੇ ਗੁਨਾਹੀਆਂ ਨੂੰ ਬਖਸ਼ ਦੇਂਦਾ,
ਪਰ ਨਾ ਬਖਸ਼ਦਾ ਇਸ਼ਕ ਦੇ ਚੋਰ ਤਾਈਂ ।

ਚੇਅਰਮੈਨ ਸਾਹਿਬ, ਮੈਨੂੰ ਵਿਸ਼ਵਾਸ ਹੈ ਕਿ ਜਿਹੜੇ ਗਰੀਬ ਕਿਸਾਨ ਹਨ । ਗਰੀਬ ਮਜ਼ਦੂਰ ਹਨ, ਗਰੀਬ ਹਰੀਜਨ ਹਨ ਜਾਂ ਬੜਾ ਦਬਿਆ ਹੋਇਆ ਗਰੀਬ ਮੁਜ਼ਾਰਾ ਹੈ, ਉਹ ਸਭ ਇਕ ਹੋ ਜਾਣਗੇ ਔਰ ਇਕ ਹੋ ਕੇ ਲੈਂਡਲਾਰਡਜ਼ ਨੂੰ, ਕੈਪੀਟਿਲਿਸਟ ਨੂੰ, ਇੰਡਸਟਰੀਅਲਿਸਟ ਨੂੰ ਪੁਛਣਗੇ, ਕਿ ਜਿਸ ਦੁਨੀਆਂ ਵਿੱਚ ਅਸੀਂ ਭੁੱਖੇ ਮਰਦੇ ਪਏ ਹਾਂ, ਤੁਸੀਂ ਕਿਵੇਂ ਐਸ਼ .ਕਰ ਸਕਦੇ ਹੋ ? ਕਹਿਣ ਦਾ ਭਾਵ ਹੈ ਕਿ ਜਿਹੜਾ ਹੁਣ ਸਾਡਾ ਨਿਜ਼ਾਮ ਹੈ, ਜੋ ਸਾਡੀ ਪਾਲੀਸੀ ਹੈ ਉਸ ਵਿੱਚ ਜਿਹੜੀ ਆਰਥਕਤਾ ਹੈ, ਉਸ ਨੂੰ ਹਰ ਇਕ ਇਨਸਾਨ ਨੇ ਮਿਲਕੇ ਸ਼ੇਅਰ ਕਰਨਾ ਹੈ ।

ਕਾਮਰੇਡ ਬਾਬੂ ਸਿੰਘ ਮਾਸਟਰ: On a point of information, Sir. ਮੈਂ ਆਨਰੇਬਲ ਮੈਂਬਰ ਪਾਸੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਬਿਰਲੇ ਔਰ ਵੱਡੇ ਵੱਡੇ ਲੋਕੀਂ ਰਾਮ ਕਿਸ਼ਨ ਦੀ ਜੇਬ ਵਿੱਚ ਹਨ ਉਨ੍ਹਾਂ ਦੇ ਬਾਰੇ ਵੀ ਦੱਸਣ ।

ਸਰਦਾਰ ਜਾਗੀਰ ਸਿੰਘ ਦਰਦ : ਜਦੋਂ ਤਕ ਜਿਹੜੀ ਆਰਥਕ ਸੱਤਾ ਹੈ, ਇਸ ਨੂੰ ਤਕਸੀਮ ਨਹੀਂ ਕੀਤਾ ਜਾਂਦਾ ਤਦ ਤਕ ਗਰੀਬ ਬਚ ਨਹੀਂ ਸਕਦਾ । ਗਰੀਬ ਦੀ ਆਰਥਕ ਹਾਲਤ ਤਾਂ ਇਕ ਪਾਸੇ ਰਹੀ ਉਸ ਨੂੰ ਸੋਸ਼ਲ ਪੁਜੀਸ਼ਨ ਵੀ ਬਰਾਬਰ ਦੀ ਨਹੀਂ ਦਿੱਤੀ ਜਾਂਦੀ । ਤੁਸੀਂ ਵੇਖਿਆ ਹੀ ਹੈ ਕਿ ਇਥੇ ਹਾਊਸ ਵਿੱਚ ਰਜ਼ਾਈ ਪੇਸ਼ ਕੀਤੀ ਗਈ । ਉਸ ਨੂੰ ਚੁੱਕ ਕੇ ਇਕ ਹਰੀਜਨ ਮੈਂਬਰ ਲਿਆਇਆ, ਪੇਸ਼ ਕਰ ਦਿੱਤੀ ਇਕ ਜੱਟ ਨੇ, Is it a social equality ? ਮਗਰ ਜਿਸ ਮੁਲਕ ਵਿੱਚ ਤੁਸੀਂ ਗਰੀਬਾਂ ਨੂੰ ਬਚਾਉਣ ਦੀ ਗੱਲ ਕਰਦੇ ਹੋ ਉਹ ਤਦ ਹੀ ਹੋ ਸਕਦਾ ਹੈ ਜੇਕਰ ਗਰੀਬ ਉੱਤੇ ਜਿਹੜਾ ਪ੍ਰੈਸ਼ਰ ਹੈ ਉਹ ਘਟ ਕੀਤਾ ਜਾਵੇ ਔਰ ਜਿਨ੍ਹਾਂ ਦੇ ਹੱਥ ਵਿੱਚ ਇਕਨਾਮਿਕ ਪਾਵਰ ਹੈ ਉਹ ਉਨ੍ਹਾਂ ਕੋਲੋਂ ਲੈ ਕੇ ਗਰੀਬਾਂ ਵਿੱਚ ਬਰਾਬਰ ਬਰਾਬਰ ਵੰਡੀ ਜਾਵੇ । ਉਸ ਵਕਤ ਹੀ ਗਰੀਬ ਦੇ ਪੱਲੇ ਕੋਈ ਤਾਕਤ ਹੋਵੇਗੀ । ਇਕ ਛੋਟੀ ਜਿਹੀ ਮਿਸਾਲ ਹੈ । ਇੰਗਲਿਸ਼ ਵਾਈਨ ਹੈ ? ਉਸ ਨੂੰ ਕੌਣ ਪੀਂਦਾ ਹੈ ? ਕੀ ਗਰੀਬ ਪੀਂਦਾ ਹੈ ? ਨਹੀਂ । ਉਸ ਉੱਤੇ ਜ਼ਿਆਦਾ ਤੋਂ ਜ਼ਿਆਦਾ ਟੈਕਸ ਲਗਾਉਣਾ ਚਾਹੀਦਾ ਹੈ । ਜਿਹੜੇ ਸਿਨੇਮਾ ਹਾਊਸਿਜ਼ ਹਨ ਇਨ੍ਹਾਂ ਨੂੰ ਨੈਸ਼ਨਲਾਈਜ਼ ਕਰਨਾ ਚਾਹੀਦਾ ਹੈ । ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਲੜਕਿਆਂ ਨੇ ਜਿਹੜੀ ਜਾਇਦਾਦ ਬਣਾਈ, ਉਸ ਬਾਰੇ ਉਨ੍ਹਾਂ ਨੇ ਪਸ਼ਚਾਤਾਪ ਕੀਤਾ ਹੈ ਔਰ ਕਿਹਾ ਹੈ ਕਿ ਉਹ ਸਾਰੀ ਪ੍ਰਾਪਰਟੀ ਅਸੀਂ ਦੇਸ਼ ਦੇ ਹਵਾਲੇ ਕਰਨਾ ਚਾਹੁੰਦੇ ਹਾਂ । ਕਿਉਂ ਨਹੀਂ ਉਨ੍ਹਾਂ ਦੀ ਪ੍ਰਾਪਰਟੀ ਨੂੰ ਲੈ ਲਿਆ ਜਾਂਦਾ । ਪਰ ਅਫਸੋਸ ਕਿ ਸਾਡੀ ਸਰਕਾਰ ਪਾਸ ਕੋਈ ਕਾਨੂੰਨ ਹੀ ਨਹੀਂ ਹੈ ਕਿ ਪ੍ਰਾਪਰਟੀ ਲੈ ਸਕੇ ਪਰ ਜਿੱਥੇ ਸਰਕਾਰ ਦੇ ਖਜ਼ਾਨੇ ਵਿੱਚ ਘਾਟਾ ਪੈਂਦਾ ਹੈ ਉਥੇ ਕੈਰੋਂ ਪਰਵਾਰ ਨੂੰ ਪਸ਼ਚਾਤਾਪ ਕਰਨ ਦਾ ਮੌਕਾ ਵੀ ਨਹੀਂ ਦਿੱਤਾ ਜਾ ਰਿਹਾ । ਇਸ ਤੋਂ ਇਲਾਵਾ ਮਹਾਰਾਜਾ ਫਰੀਦਕੋਟ ਪਾਸ 12 ਹਜ਼ਾਰ ਏਕੜ ਜ਼ਮੀਨ ਹੈ ਜਿਹੜੀ ਜੇ ਇਕ ਹਜ਼ਾਰ ਰੁਪਿਆ ਵੀ ਫੀ ਏਕੜ ਕੀਮਤ ਹੋਵੇ ਤਾਂ ਉਸਦੀ ਕੀਮਤ ਇਕ ਕਰੋੜ 20 ਲਖ ਰੁਪੈ ਬਣਦੀ ਹੈ (ਵਿਘਨ) ਕੀ ਇਹ ਲੈਂਡ ਰੀਫਾਰਮਜ਼ ਹੋ ਰਹੀਆਂ ਹਨ ? ਆਖਿਰ ਗਰੀਬਾਂ ਨੂੰ ਜ਼ਮੀਨ ਮਿਲੇ ਕਿਵੇਂ ? ਇਕਲੇ ਫੀਰੋਜ਼ਪੁਰ ਦੇ ਜ਼ਿਲੇ ਵਿੱਚ ਜਿਹੜੀ ਟੋਟਲ ਜ਼ਮੀਨ ਹੈ ਉਸਦਾ $\frac{1}{2}$ ਹਿੱਸਾ ਸਿਰਫ ਛੇ ਵੱਡੇ ਲੈਂਡ ਲਾਰਡਜ਼ ਪਾਸ ਹੈ ਅਤੇ ਬਾਕੀ $\frac{1}{2}$ ਤੇ 50 ਹਜ਼ਾਰ ਟੱਬਰ ਆਬਾਦ ਹਨ । ਕੀ ਇਹੋ ਲੈਂਡ ਰੀਫਾਰਮਜ਼ ਹਨ ? ਅਗਰ ਠੀਕ ਤਰ੍ਹਾਂ ਨਾਲ ਲੈਂਡ ਰੀਫਾਰਮਜ਼ ਨਾ ਹੋਇਆ ਔਰ ਅਰਬਨ ਪ੍ਰਾਪਰਟੀ ਦੀ ਠੀਕ ਵੰਡ ਨਾ ਕੀਤੀ ਗਈ, ਉਸ ਉੱਤੇ ਸੀਲਿੰਗ ਨਾ ਲਗਾਈ ਗਈ, ਤਾਂ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਗਰੀਬਾਂ ਦਾ ਨਾਂ ਲੈ ਲੈ ਚੀਕਣਾ ਸਿਰਫ ਕਰਾਕੋਡਾਈਲ ਟੀਅਰਜ਼ ਵਾਲੀ ਗੱਲ ਹੀ ਹੋਵੇਗੀ, ਖਾਲੀ ਰੋ ਕੇ ਵਿਖਾਉਣ ਵਾਲੀ ਹੀ ਗੱਲ ਹੋਵੇਗੀ । ਚੇਅਰਮੈਨ ਸਾਹਿਬ, ਦੁਖ ਦੀ ਗੱਲ ਤਾਂ ਇਹ ਹੈ ਕਿ ਇਸ ਮੁਲਕ ਵਿੱਚ ਤੈਰਨਾ ਉਹ ਸਿਖਾਉਂਦਾ ਹੈ ਜਿਸ ਨੇ ਆਪਣਾ ਪੈਰ ਕਦੀ ਪਾਣੀ ਵਿੱਚ ਨਹੀਂ ਪਾਇਆ । ਲੈਂਡ ਰੀਫਾਰਮਜ਼ ਇਥੇ ਮਹਾਰਾਜਾ ਫਰੀਦਕੋਟ ਕਰ ਰਿਹਾ ਹੈ । ਜਿਨ੍ਹਾਂ ਦੇ ਆਪਣੇ ਫਾਰਮ ਚੌਤੀ ਚੌਤੀ ਹਜ਼ਾਰ ਏਕੜ ਦੇ ਹਨ ਉਹ ਲੈਂਡ ਰੀਫਾਰਮਜ਼ ਦੀਆਂ ਗੱਲਾਂ ਕਰਦੇ ਹਨ । ਇਹ ਤਾਂ ਉਹੀ ਗੱਲ ਹੋਈ ਕਿ ਇਕ ਕਸਾਈ ਪਿਆ ਜੀਵ ਹਤਿਆ ਦੇ ਖਿਲਾਫ ਪ੍ਰਚਾਰ ਜੈਨੀਆਂ ਨੂੰ ਕਰਦਾ ਫਿਰੇ । ਅਖੀਰ ਵਿੱਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਅਮੀਰ ਲੋਕ ਕਿਸੇ ਦੇ ਦੋਸਤ ਜਾਂ ਦੁਸ਼ਮਨ ਨਹੀਂ ਹੁੰਦੇ । ਉਨ੍ਹਾਂ ਦਾ ਕੋਈ ਮਜ਼ਬ ਨਹੀਂ ਹੁੰਦਾ, ਉਨ੍ਹਾਂ ਲਈ ਤਾਂ ਆਪਣਾ ਹੀ ਹਿਤ ਸਭ ਤੋਂ ਵੱਡਾ ਦੋਸਤ ਹੁੰਦਾ ਹੈ । ਜਿਵੇਂ ਕਿਸੇ ਨੇ ਲਾਰਡ ਵੈਲਜ਼ਲੀ ਕੋਲੋਂ ਪੁਛਿਆ ਕਿ ਇੰਗਲੈਂਡ ਦੀ ਫਾਰੇਨ ਪਾਲਿਸੀ ਕੀ ਹੈ, ਤੁਹਾਡੇ ਦੁਨੀਆਂ ਵਿੱਚ ਕਿਹੜੇ ਦੋਸਤ ਹਨ ਤੇ ਕਿਹੜੇ ਦੁਸ਼ਮਨ ਤਾਂ ਉਨ੍ਹਾਂ ਨੇ ਜਵਾਬ ਦਿੱਤਾ

> "England has no permanent friend and no permanent enemies but it own self-interests are prrmanent."

[ਸਰਦਾਰ ਜਾਗੀਰ ਸਿੰਘ ਦਰਦ]

ਸੋ ਚੇਅਰਮੈਨ ਸਾਹਿਬ, ਜਿਹੜਾ ਅਮੀਰ ਆਦਮੀ ਹੁੰਦਾ ਹੈ ਨਾ ਉਸ ਦਾ ਨਾ ਕੋਈ ਦੋਸਤ ਹੁੰਦਾ ਹੈ ਨਾ ਮਿੱਤਰ, ਉਸ ਦੀ ਦੋਸਤੀ ਤਾਂ ਤਰਾਜ਼ੂ ਦੀ ਡੰਡੀ ਵੇਖਕੇ ਹੁੰਦੀ ਹੈ ਕਿ ਉਹ ਕਿਸ ਤਰਫ਼ ਝੁਕਦੀ ਹੈ । ਜੇਕਰ ਮਹਾ ਪੰਜਾਬੀ ਤਕੜੇ ਹਨ ਤਾਂ ਮਹਾ ਪੰਜਾਬ ਜ਼ਿੰਦਾਬਾਦ ਅਤੇ ਜੇਕਰ ਪੰਜਾਬੀ ਸੂਬੇ ਵਾਲੇ ਤਕੜੇ ਹਨ ਤਾਂ ਪੰਜਾਬੀ ਸੂਬਾ ਜ਼ਿੰਦਾ ਬਾਦ । ਤੁਹਾਡਾ ਬਹੁਤ ਬਹੁਤ ਸ਼ੁਕਰੀਆ ।

ਸਰਦਾਰ ਗੁਰਚਰਨ ਸਿੰਘ : ਮੇਰੀ ਗੁਜ਼ਾਰਿਸ਼, ਚੇਅਰਮੈਨ ਸਾਹਿਬ, ਇਹ ਹੈ ਕਿ ਕੀ ਤੁਹਾਨੂੰ ਉਹ ਚਿਟ ਮਿਲ ਗਈ ਹੈ ? ਸਾਡੇ ਨਾਲ ਵੀ ਇਨਸਾਫ ਹੋਣਾ ਚਾਹੀਦਾ ਹੈ । None from this party spoke yesterday.

श्री सभापति (श्री राम सरन चन्द मित्तल) : कल आपोज़ीशन की तरफ से सरदार शमशेर सिंह जोश और सरदार गुरनाम सिंह बोले । मेरे पास सारा हिसाब लिखा हुआ है (Yesterday, Sarvshri Shamsher Singh Josh and Gurnam Singh spoke from the opposition. I have got the statement with me.)

Sardar Gurcharan Singh : Just find out the time.

श्री सभापति : कांग्रेस बैंचिज़ की तरफ से आठ मेम्बर पहले बोल चुके हैं और नौवाँ अब बोला है । आप की आपोज़ीशन पार्टीज़ की तरफ से नौ बोल चुके हैं (Eight Members from the Congress Benches had already participated in the discussion and the ninth one has just spoken. Whereas nine Members from the opposition parties have taken part in it.)

ਸਰਦਾਰ ਗੁਰਚਰਨ ਸਿੰਘ : ਸਾਡੇ ਵਲੋਂ ਤਾਂ ਅਮੈਂਡਮੈਂਟਸ ਸਨ । ਕਾਂਗਰਸ ਵਾਲਿਆਂ ਨੇ ਤਾਂ ਇਤਨੀਆਂ ਅਮੈਂਡਮੈਂਟਸ ਹੀ ਨਹੀਂ ਭੇਜੀਆਂ ।

श्री सभापति : यह जरूरी नहीं है । बहस में कोई मेम्बर हिस्सा ले सकता है । (It is not necessary. Any Member can participate in the discussion)

टिक्का जगजीत सिंह (नारायणगढ़) : चेयरमैन साहिब, मैं आपका बड़ा मशकूर हूँ कि आपने मुझे बोलने के लिये मौका दिया । आज कमरशल क्राप्स सैस बिल पर बहस हो रही है । यह सन् 1963 में पहिले भी हाउस के सामने आया था और उस वक्त भी बहुत से लोगों ने इसकी मुखालिफत की थी लेकिन आज फिर इस बिल को दुबारा यहां पर पेश किया गया है । उस वक्त तो यह फैसला किया गया था कि यह सैस सिर्फ तीन साल के लिये लगाया जा रहा है और यह वादा किया गया था कि तीन साल के बाद इस सैस को और नहीं बढ़ाया जाएगा मगर फिर भी इस बिल को लाया गया है । ठीक है, एमरजेंसी है और सभी लोगों को इस वक्त हर तरह से मदद करनी चाहिए । सभी लोग इस लड़ाई में लड़े और आगे भी लड़ेंगे । इसमें किसी खास खास लोगों के हिस्सा लेने की बात नहीं है । देश के लिये जो भी कुरबानी की जा सकती है वह हर कोई करता है और करनी भी चाहिए । लेकिन शायद बहुत से लोगों को इसमें असली बात का पता नहीं । वह समझते हैं कि शायद यह सैस सरकार बड़े बड़े ज़मींदारों के ऊपर लगा रही है । लेकिन इस सिलसिले में मैं आपके सामने थोड़े से फैक्ट्स एंड फिगर्ज़ पेश करना चाहता हूँ । आप देखें कि हमारे पंजाब के अन्दर जो टोटल होल्डिंग्ज़ हैं वह गवर्नमेंट के अपने हिसाब किताब के मुताबिक 29,84,000 हैं । उसमें से 60 एकड़ से कम वाली होल्डिंग्ज़ 29,10,000 है और

जो 60 एकड़ से ज्यादा वाली हैं वह 25,000 होल्डिंग्ज़ हैं । अगर आप 25,000 पर लगा दें तो ठीक है, कोई एतराज़ वाली बात नहीं लेकिन जो 2,910,000 वाले लोगों पर टैक्स लगाया जा रहा है उनके लिये किसी के दिल में दर्द पैदा नहीं होता । जब मैं यह कहता हूँ कि शायद कोई यह समझ ले कि मैं भी ज़मींदार हूँ और इसीलिये यह कह रहा हूँ या यह टैक्स मुझ पर लग रहा है इसलिये इसके बारे में कुछ कहने के लिये खड़ा हुआ हूँ, यह बात नहीं है। मैं हाउस को बता देना चाहता हूँ कि मेरे ऊपर कोई टैक्स नहीं लग रहा लेकिन मैं इस बात पर ज़ोर देना चाहता हूँ कि जिसका असर 2,910,000 होल्डिंग्ज़ पर काम करने वालों पर पड़ना है उसके लिये भी किसी को दर्द होना चाहिए ।

इस सिलसिले में एक और बड़े ताज्जुब की बात है। आम तौर पर यह रवायत चली आ रही है कि जिस वक्त भी हमारी सैंटर की सरकार या स्टेट की सरकार कोई टैक्स लगाती है तो उस टैक्स को लगाने से पहले इतना इन्तज़ाम किया जाता है कि उसके सम्बन्ध में जो इत्तलाह है वह वक्त से पहिले लीक आउट न हो जाए, लोगों को पता न लग जाए ताकि वह किसी किस्म की कोई बात न कर डालें। सब दोस्तों को पता है कि जब जब भी सैंटर में टैक्स वगैरा की इत्तलाह, वक्त से पहले लीक आउट हुई है तो ऐसे केसिज़ में वहां पर बड़े-बड़े आदमियों को, बड़े-बड़े अफसरों को इस बात के लिये खैंचा गया है, डांटा गया है और उनके खिलाफ ऐक्शन लिया गया है। लेकिन इस टैक्स की पोज़ीशन क्या है ? 31 मार्च, 1966 तक तो पहले ही लागू है। उसके लिये तो कानून में कोई रुकावट नहीं है। उसके बाद आप इस बात का और डंडा उन लोगों को मार सकते हैं। लेकिन पता नहीं कि क्यों इस मकसद के लिये छः महीने पहिले ही इस बिल को यहां पर पेश कर दिया गया है। इसमें कुछ शरारत मालूम होती है। कुछ नीयत का पता चलता है और ऐसा मालूम होता है कि शायद दाल में कुछ काला हो और वह यह कि शायद अगले सैशन में सरकार कुछ और टैक्सों को भी लाना चाहती हो और न चाहती हो कि इनको इकट्ठा यहां पर एक ही सैशन में पेश किया जाए। इसलिये यह टैक्स तो इस सैशन में लगा लिया और दूसरे टैक्स अगले सैशन में लगवा लेंगे । वरना मैं समझता हूँ इस वक्त कोई ऐसा मौका नहीं था कि इस बिल को पेश किया जाता ।

इस साल खास तौर से ज़मींदार का, किसान का जितना एरिया है उसमें क्राप्स फेल हो चुकी हैं। कुछ पानी की कमी की वजह से फसलें फेल हुई हैं और कुछ बारिश न होने के कारण भी फसल नहीं हो पाई। ठीक ऐसे वक्त पर इस तरह का क्राप सैस लगा देना, मैं समझता हूँ, कि खुद गवर्नमैंट के लिये भी अच्छा साबित नहीं होगा । जिस तरह से कल बताया गया था कि गवर्नमेंट ने पहले भी कोई 13 या 14 टैक्स किसानों पर लगाए हुए हैं। इस वक्त मैं इस झगड़े में नहीं पड़ता कि यह ठीक लगे हुए हैं या ठीक नहीं लगे हुए।

12.00 noon

फिर बहुत सारे भाई सीलिंग के बारे में कहते हैं। मैं कहता हूँ कि सीलिंग कहीं भी नहीं लगनी चाहिए और अगर यह ज़रूर लगानी ही है तो यह आन इनकम लगाई जाए, चाहे किसान हों चाहे कैपिटलिस्टस हों, चाहे कोई व्यापारी हो, इन सब की इनकम पर एक लेवल पर सीलिंग हो। यदि इस तरह से कर दिया जाए तो इसमें किसी को एतराज़ नहीं होगा लेकिन जब यह एक किस्म की चीज़ों पर तो लगा दी जाती है और दूसरी किस्म की पर नहीं लगाई जाती तो लोग उस

[टिक्का जगजीत सिंह]
पर सोचने लगते हैं। इसलिये मैं कहता हूँ कि हर चीज़ किसी ग्रसूल के मुताबिक करनी चाहिए ताकि किसी को कोई एतराज़ का मौका न मिले।

फिर एक सवाल शहरी ग्रौर देहाती का उठाया जाता है ग्रौर इस बारे में यह कहा जाता है कि शहरियों को क्या-क्या फैसिलेटीज़ दी जाती हैं ग्रौर देहाती को क्या-क्या दी जाती हैं। ग्रभी ग्रभी एक सवाल शूगर के बारे में उठाया गया था कि देहात के लोगों को यह कितनी दी जाती है ग्रौर उसके मुकाबिला में शहर के लोगों को कितनी दी जाती है ग्रौर इसके जवाब में, बताया गया था कि देहात के लोगों को शहर वालों का चौथा हिस्सा मिलती है। इस बारे में मैं ग्रापके सामने एक मिसाल पेश करता हूँ कि किस तरह से देहात वालों से इमत्याज़ी सलूक किया जाता है। ग्रभी एमरजेंसी के दिनों में हलवाइयों को जो चीनी का कोटा मिलता था बन्द कर दिया गया था ग्रौर उसके थोड़े दिनों के बाद वह फिर खोल दिया गया था। लेकिन ग्राप सुन कर हैरान होंगे कि शहर के हलवाइयों का कोटा तो जब इस बारे में ग्रार्डर हुए उसी वक्त खोल दिया गया था लेकिन इसके मुकाबले में देहात के हलवाइयों का कोटा ग्रभी तक वहां पर नहीं पहुंचा। हालांकि दीवाली ग्रौर दुशहरा के त्यौहार भी गुज़र चुके हैं ग्रौर उनको चीनी नहीं मिली।

इसी तरह से कोई नेच्युरल कलैमेटी पड़ जाती है तब भी देहात के लोगों से रिलीफ देने में इम्त्याज़ी सलूक किया जाता है। जब यह देखते हैं कि किसी कलैमिटी की वजह से शूगर इण्डस्टरी को नुकसान पहुंचा है ग्रौर उन को घाटा पड़ रहा है तो यह किसी न किसी बहाने मदद देते हैं। ग्रभी इन्होंने शूगर इण्डस्टरी वालों को एक्सपोर्ट करने के बहाने से 20 लाख के करीब रकम दी, इसी तरह से पहले भी कोई 25 लाख रुपये की रकम उन्हें दी गई थी लेकिन इसके मुकाबिला में ग्राप देखें कि हमारी तहसील नारायण गढ़ में मार्च के महीने में ग्रोले पड़े थे ग्रौर उन ग्रोलों की वजह से वहां लोगों के हजारों जानवर मारे गये थे। इस बारे में एक सवाल नं: 8335 भी किया गया था ग्रौर उसके जवाब में गवर्नमेंट ने माना है कि इन ग्रोलों की वजह से वहां 836 मवेशी मरे थे ग्रौर उनमें सब तरह के मवेशी थे बड़े भी थे ग्रौर छोटे भी थे, यानी उनमें से भैंसें भी थीं, मेल बफेलोज़ भी थे ग्रौर गाय ग्रौर बकरियां भी थीं लेकिन उन लोगों की मदद के लिये सरकार की तरफ से एक पैसा भी नहीं दिया गया : इस की वजह यह है कि उनकी जो लोग ग्रावाज़ उठाते हैं उनकी कोई सुनवाई नहीं है। इसलिये मैं कहता हूँ कि इस तरह से इम्त्याज़ी सलूक नहीं किया जाना चाहिए ग्रौर शहरियों को मदद मिलती है तो देहात वालों को भी मिलनी चाहिए।

एक बात मैं ज़मीनों की एकुइज़ीशन के बारे में कहना चाहता हूँ। बहुत ज़मीनें एक्वायर तो कर ली जाती हैं ग्रौर जिस काम के लिये वह एक्वायर की जाती हैं वह उसमें शुरू नहीं किया जाता ग्रौर इसका नतीजा यह होता है कि वह ज़मीन काफी ग्ररसा तक खाली पड़ी रहती है। इस बारे में कई मिसालें दे सकता हूँ। एक केस का मुझे पता है जिसमें तीन हज़ार एकड़ ज़मीन एकुग्रायर की गई हुई है ग्रौर इसको दो साल गुज़र चुके हैं ग्रौर जिस परपज़ के लिये यह एक्वायर की गई थी। वह काम वहां ग्रभी तक शुरू नहीं किया गया। ग्रगर उस ज़मीन को काश्त में लाया जाता तो उससे काफी ग्रनाज पैदा किया जा सकता था। यह ठीक है कि हमें डिफेंस के कामों

को प्रायर्टी देनी चाहिए ग्रौर जो ज़मीन उसके लिये चाहिए वह देनी चाहिए लेकिन जब तक वह खाली पड़ी रहती है उसमें काश्त का इन्तज़ाम ज़रूर होना चाहिए चाहे यह गवर्नमेंट खुद ही क्यों न कराए । इसके साथ ही मैं यह बात भी गवर्नमेंट के ध्यान में लाना चाहता हूँ कि ग्रगर यह कोई ऐसी ज़मीन एक्वायर करती है जिसमें कोई ग्रबादी है तो उस ज़मीन को ग्रपने कब्ज़े में लेने से पहले इसे चाहिए कि जो लोग वहां पर बसते हैं उनको पहले यह वहीं दूसरी जगह पर ग्राबाद करने का इंतजाम कर ले ।

इसके बाद मैं एक बात एडमिनिस्ट्रेशन पर जो खर्च हो रहा है उस के बारे में भी कहना चाहता हूँ । यह खर्च पिछले कई सालों में पहले से दस या 15 गुना हो गया है । इसलिये जिस रेशो में यह बढ़ा है उसी रेशो में इसे कम भी करना चाहिए ।

यह ठीक है कि गवर्नमेंट को टैक्स लगाना पड़ रहा है क्योंकि इसे पैसे की ज़रूरत है इसलिये मैं कहता हूँ कि ग्रगर ग्रापने यह टैक्स ज़रूर लगाना है तो लगा लें लेकिन किसान की हालत पर रहम खाते हुए इन्हें ज़ोनल सिस्टम को भी खत्म कर देना चाहिए ताकि वह ग्रपना फालतू ग्रनाज दूसरे सूबों में भेज कर वहां पर जो रेट हैं उन पर बेच कर कम्पेंनसेट भी हो सके ।

इसके ग्रलावा एक बात मैं ट्रैक्टरज़ के बारे में भी कहना चाहता हूँ । मुझे पता चल है, पता नहीं कि इसमें कहां तक सच्चाई है, कि सैंट्रल गवर्नमेंट या हमारी स्टेट गवर्नमेंट ट्रैक्टरज़ की कीमत बढ़ाने लगी है ग्रौर इस हद तक बढ़ाने का ख्याल रखती है कि यह पहले से चार-चार या पांच-पांच हज़ार रुपये महंगे हो जायेंगे ग्रौर यह इसलिये कर रही है ताकि जो ट्रैक्टर हमारे ग्रपने देश में बनने लगे ह उनके लिये मार्किट पैदा हो सके क्योंकि इस तरह से इम्पोर्टिड ट्रैक्टरज़ की कीमत इतनी बढ़ जायेगी कि लोग उनको न खरीद कर देसी बने हुए ट्रैक्टरज़ खरीदने लगेंगे । इस तरह से जो ट्रैक्टरज़ मैनुफक्चर करने वाले कैपीटलिस्ट्स हैं उनको यह गवर्नमेंट सबसीडाईज़ करना चाहती है । लेकिन मैं समझता हूँ कि यह चीज़ कोई ग्रच्छी नहीं साबत होगी ग्रौर इसका हमारी एग्रीकल्चरल प्रोडक्शन पर बहुत बुरा ग्रसर पड़ेगा ।

इसके साथ ही मैं एक बात ग्रौर कहना चाहता हूँ कि यह सेस गवर्नमेंट ने लगाना ही है तो मैदानी इलाकों म यह बेशक लगा ले लेकिन जो हिल्ली एरियाज़ हैं या बैकवर्ड एरियाज़ है उन इलाकों पर यह सैस लागू न किया जाए क्योंकि वहां के किसान बहुत पिछड़े हुए हैं । यह ठीक है कि वहां पर यह कमरशियल कराप्स बहुत कम पैदा की जाती हैं फिर भी उनको इससे माफी होनी चाहिए ।

कामरेड राम प्यारा (करनाल) : चेयरमैन साहिब, यह जो बिल इस वक्त हाउस के सामने पेश है इस पर जो तकरीरें हुई हैं उनको मैंने सुना है ग्रौर उनके सुनने के बाद मैं इस नतीजे पर पहुँचा हूँ कि उनमें से एक ग्राध तकरीर ऐसी की गई है जिसमें तकरीर करने वाले ने रियलिस्टिक वियू को सामने रखकर की है। चेयरमैन साहिब, मेरे ग्रन्दाज़ा के मुताबिक इस वक्त पंजाब में कोई 40 या 42 लाख कुल लैण्ड ग्रोनर्ज़ हैं जिन में से कुछ थोड़ी ज़मीन वाले हैं ग्रौर कुछ ज़यादा वाले हैं ग्रौर गवर्नमेंट की फिगर्ज़ पर मबनी जो मेरा ग्रन्दाज़ा है मुश्किल से 10 या 12 फीसदी किसान या ज़मींदार ऐसे नहीं हैं जिन पर यह टैक्स लागू होता है ग्रौर शायद 25 लाख

[कामरेड राम प्यारा]

ऐसे होंगे जिन पर इस टैक्स के अलावा जो सरचार्ज लगता है वह भी नहीं लगता क्योंकि वह जो मामला देते हैं वह भी दस रुपये से कम होता है। इसलिये जो बहुत भारी ऐडवोकेसी या नुमांयंदगी की गई है कि न लगाया जाय यह छोटे और गरीब जमींदार के नाम पर बड़े जमीदारों के फायदे के लिये की गई है, छोटों की आड़ लेकर बड़ों का फायदा सोचा जा रहा है। चेयरमैन साहिब, हमारी डिवलपिंग इकोनौमी है, इसमें टैक्सिज़ तो लगेंगे ही। अगर कोई मुझे यह कहे कि मैंने सेल्ज़ टैक्स की फिर मुखालिफित क्यों की तो वह मैं सेल्ज़ टैक्स बढ़ाने की नहीं की बल्कि उस हैरासमेंट की की जो इनके हाथों उन की होती है। तो टैक्सों के बगैर तो गुज़ारा नहीं है क्योंकि हम ही स्कूल, सड़कें, और हस्पताल वगैरह मांगते हैं। फिर यहां पर कैपसिटी टू पे की बात चली। मैं इस बात के हक में हूँ कि टैक्स उन पर लगना चाहिए जो दे सकने की हालत में हों, जिनकी कपैसिटी हो दूसरों पर अगर लगा हुआ भी है तो माफ होना चाहिए। मगर क्या मैं उनसे पूछूं जिन्होंने कपैसिटी के नाम पर क्रिटिसाईज किया कि जब यहां पर लैजिस्लेटर्ज़ के लिये मैडीकल रिलीफ का बिल आया था तो उस वक्त वह कहां थे, उस वक्त उन्होंने इस बात का ख्याल क्यों नहीं किया जिनकी आमदनी पहले ही ज्यादा है उनको वह सहूलतें क्यों मुहैय्या की जाए वह रिलीफ लेने के लिये असैम्बली की तनखाह भूल गये, पैनशनें भूल गये, ज़मीनों वगैरह की आमदनी भूल गये, क्या यही तरीका है डिबेट का? इतने लरनिड हो कर भी एक रूखी ही बात की गई। हम सोशलिस्ट पैटर्न को कमिटिड हैं यानी जिनकी आमदन कम है उनको रिलीफ मिले, जिनके रिसोर्सिज़ ज़यादा हैं उन पर टैक्स लगें। जहा तक पांच एकड़ वालों को छूट देने की बात है कोई भी इस बात के हक में नहीं हो सकता कि इन लोगों पर यह लगे। मैं तो कहता हूँ कि यह पांच एकड़ से बढ़ा कर दस एकड़ किया जाए यानी दस एकड़ तक जमीन वालों को छूट दी जाए। मगर चेयरमैन साहिब, यहां पर तो छोटे जमीदारों का नाम लेकर बड़े-बड़े मगरमच्छों का केस ऐडवोकेट किया जाता है। मैं एक दो मिसालें आपके सामने रखता हूँ: हमारे करनाल ज़िला के ज़िला परिषद के एक चेयरमैन हैं उन्होंने फौज में या अंग्रेज़ की कुछ खिदमत की होगी उसके सिले में उन की कुछ ज़मीन मिनटगुमरी में थी। उनके पास सात आठ सौ एकड़ ज़मीन अब करनाल में है। वह वहीं रहता है मगर जब सरपलस ज़मीन का ऐक्ट बना तो बजाए इसके उसके पास 50,60 एकड़ ज़मीन रहती उसने अपने आपको रफ्यूजी डिक्लेयर करवा लिया और अपने नाम ही नहीं, अपनी मां के नाम, अपनी बीवी के नाम और अपने तीन लड़कों के नाम अलग अलग ज़मीन करवा ली। उस ऐक्ट के लागू होने से एक दिन पहले इस तरह कर लिया और 350 एकड़ से ऊपर रिज़र्व करवा ली हालांकि हक उनका सिर्फ 70, 80 एकड़ तक ही का था। क्या यहां पर ऐसे मगरमच्छों के लिये आप लड़ रहे हैं? एक दूसरे साहिब हैं वह हमारे ज़िले में डिप्टी कमिश्नर थे, उनका भाई अमृतसर में डिप्टी कमिश्नर है, एक भाई हाई कोर्ट का जज है, एक भाई फिरोज़पुर में जिला परिषद् का चेयरमन है। उनसे दो सौ एकड़ ज़मीन सरप्लस निकली जो उन्होंने दबाई हुई थी। एक गोली गांव है वहां से सिर्फ पांच एकड़ जमीन सरप्लस निकली थी मगर जब मैं ने शिकायत की तो 297 एकड़ जमीन सरप्लस निकली। ऐसे लोग गरीब नहीं हैं। उन पर यह क्यों न लगे। मैं कहता हूँ कि यह सैस सलेब सिस्टम पर लगाया जाए। यह मेरी रैविन्यु मिनिस्टर साहिब को तजवीज़ है कि जिस तरह से स्पैशल चार्ज एक्ट में है यानी जो 50 रुपये मालिया देता है वह इतना

टैक्स दे, जो सौ मालिया देता है वह इतना टैक्स दे, जो 150 रुपय मालिया देता है वह इतना दे वगैरह इसी तरह से यह सैस भी दस एकड़ तक के मालिक को छोड़ कर सलैब सिस्टम पर लगाया जाए। अगर यह कहें कि अब तो सीलिंग मुकर्रर हो गई है लोगों के पास 30 एकड़ से ज्यादा जमीन है ही नहीं तो मैं इसे सही नहीं मानता। एक एक कुनबे ने बेईमानी से, धक्के से, रिश्वत दे कर या पोलीटिकल प्रैशर से बहुत ज्यादा ज़मीन अपने कब्जे में रखी हुई है और इस बात का सबूत यह है कि जहां पर बाप बेटे के नाम पर जुदा ज़मीन है वहां पर उनका काम काज इकट्ठा है, माल एक ही दुकान पर इकट्ठा ही जाता है, सारा रुपया बाप के नाम पर ही बैंक में जमा होता है। इन पर यह टैक्स लगना चाहिए और ज्यादा लगना चाहिए और इस तरह से जो आप दस एकड़ वालों को छोड़ेंगे तो उसकी कमी उनसे पूरी की जाए। यह नहीं कि गरीबों का नाम लेकर इनको भी छोड़ दिया जाए।

मेरी इत्तलाह के मुताबिक पंजाब में दो सवा दो करोड़ एकड़ रकबा है ज़मीन का। उसमें से जो टैक्स लगने के जुमरे मे आता है वह तकरीबन 20–25 लाख एकड़ ही है।

श्री सभापति (श्री रामसरन चंद मित्तल) : चूंकि इस समय सदन में कोई भी पेनल आफ चेयरमैन का सदस्य नहीं है और चूंकि मुझे बाहर जाना है इसलिये अगर सदन आज्ञा दे तो प्रिंसिपल रलाराम जी को यहां पर तशरीफ रखने के लिये कहा जाए। (Because no Member of the Panel of Chairmen is at the moment present in the House, and I have to go out, therefore, if the House agrees Principal Rala Ram may be requested to occupy the Chair.)

आवाजें : हां जी ठीक है।

कामरेड राम प्यारा : तो दो सवा दो करोड़ एकड़ जमीन में से सिर्फ 20–25 लाख एकड़ जमीन टैक्सेबल बनती है यानी कुल रकबे का 10–12 फीसदी रकबा ऐसा है जिन पर इसका असर होगा। इसमें से भी जिसके पास पांच एकड़ ही जमीन है वह गन्ना बीघा दो बीघा से ज्यादा नहीं बोता, हां खादर के इलाका में शायद लोगों को ज्यादा गन्ना बोना पड़ता हो वरना ज्यादा बड़े बड़े जमींदार ऐसे हैं जिन्होंने अपनी ज़मीन बेच ली है और उनका बैंकों में लाखों रुपया जमा है। कई दोस्त दुकानदारों की बात करते हैं मगर यह जमींदार जिनका लाखों रुपया बैंकों में जमा है यह लोग मनी लैंडिंग का काम करते हैं, सूद खाते हैं और इसमें एक दूसरा जुर्म यह करते हैं कि उनके पास इसके लिये लाईसेंस नहीं है (*At this stage Prtncipal Rala Ram occupied the Chair*) क्या ऐसे लोगों को इस टैक्स से बचाने के लिये यह कहा जाता है? इसलिये केटेगरीज़ बननी चाहिएं जिनकी आमदनी कम है उन पर यह न लगे, सरकार उनको सबसिडी दे, फर्टेलाइज़र सस्ते भाव पर दे मगर यह नहीं कि छोटे जमींदारों के नाम पर बहुत बड़े-बड़े लैंडलार्डज़ को, बड़ी-बड़ी तनखाहों वालों को पैनशनों वालों को इस टैक्स से छूट दी जाए। जब यह टैक्स लगा था तो यह अन्दाज़ा था कि तकरीबन 22 लाख लैंडलार्डज़ में से यह टैक्स 7 लाख पर लगेगा। अब कुछ लैंड, फ्रैगमेंटेशन की वजह से जो कुछ जायज़ की गई है और कुछ नाजायज़ भी की गई है, तो लैंड-लार्डज़ की तादाद बढ़ गई है और मेरी इत्तलाह के मुताबिक 10-12 फीसदी पर यह टैक्स एप्लाई होता है। जो छोटे ज़मींदार हैं, गरीब हैं उनको इस टैक्स से छूट दी जाए (घंटी) मगर जो

[कामरेड राम प्यारा]

बड़े जमींदार हैं उन पर सलैब सिस्टम के मुताबिक ज्यादा टैक्स लगना चाहिए। एक चीज़ मैं आपकी इजाज़त से और कहना चाहता हूँ कि जो ज़मीनें लीज़ पर दी गई हैं उनमें से करनाल जिला में भी ऐसी ज़मीनें हैं। इसके बारे में गवर्नमेंट की तरफ से सीलिंग लगाई गई है तो फिर गवर्नमेंट को हक नहीं कि लैंड ओनर की जमीन को इकट्ठा करके दूसरे लोगों को दे दिया जाए। मैंने इसके बारे में प्राइम मिनिस्टर साहिब को एप्रोच किया कि पंजाब में लीज़ पर जो ज़मीनें दी जा रही हैं उन पर कोई सीलिंग लगा दी जाए और मेरे कहने पर सैंटर ने इस बात को टेक अप किया कि लीज़िज़ पर सीलिंग होगी। इसलिये मैं यह कहूंगा कि सैंटर की इस हिदायत के सामने यह गवर्नमेंट तो लीज़ देने के मुजाज़ नहीं और कम्पीटेंट नहीं है कि बिरला को बड़ी बड़ी ज़मीनें दे दी जाएं। इस बात का संबंध लीगल एसपेक्ट से है अगर बाकी के केसों में लीज़ पर सीलिंग लगाई जा सकती है तो इस लीज़ पर सरकार की तरफ से क्यों कोई सीलिंग नहीं लगाई गई जो कि बिरला को दी गई है। इससे साफ ज़ाहर है कि यह हकूमत बड़े बड़े सरमाया दारों को नाराज़ नहीं कर सकती। न बिरला को इन्कार कर सकती है और न ही थापर को। यह तो उन्हें ओबलाइज करना चाहते हैं और इसका क्या नतीजा निकलने वाला है? यह सब आपके सामने आएगा कि स्टेट का भट्ठा बैठेगा। मैं यह कहूँगा कि जितने भी लैंड रिफार्मज़ हैं उनमें त्रुटियां हैं और इससे बड़े ज़िमीदारों को फायदा होने वाला है। इसलिये मैं इस बात की तो मुखालफित नहीं करता कि यह टैक्स न लगाया जाए, लेकिन साथ ही यह भी कहना चाहता हूँ कि शहरी जायदाद पर भी सीलिंग लगा देनी चाहिए। शहर के मकानों पर सीलिंग हो दुकानों पर सीलिंग लगाई जाए, फैक्टरियों की इन्कम पर सीलिंग लगाई जाए और अगर इसके बारे में गवर्नमेंट या आपोज़ीशन वाले कोई भी चीज लायेंगे तो I will be the first man to support it whole heartedly. With these words I thank you, Mr. Chairman.

ਸਰਦਾਰ ਹਰੀ ਸਿੰਘ (ਫਿਲੌਰ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਅਤੀ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਅੱਜ ਚਾਰ ਸਾਲ ਬਾਅਦ ਬੋਲਣ ਲਈ ਵਕਤ ਦਿੱਤਾ ਹੈ। ਅੱਜ ਜਿਹੜਾ ਬਿਲ ਸਦਨ ਵਿੱਚ ਅੰਡਰ ਡਿਸਕਸ਼ਨ ਹੈ ਇਹ ਕਮਰਸ਼ਲ ਕਰਾਪ ਤੇ ਸੈਸ ਲਗਾਣ ਬਾਰੇ ਹੈ। ਮੈਂ ਇਸ ਦੇ ਸਬੰਧ ਵਿੱਚ ਹੀ ਆਪਣੇ ਵਿਚਾਰ ਰਖਣਾ ਚਾਹੁੰਦਾ ਹਾਂ ਅਤੇ ਇਸੇ ਲਈ ਹੀ ਖੜਾ ਹੋਇਆ ਹਾਂ। ਇਹ ਬਿਲ ਅੱਜ ਕਲ ਚਾਲੂ ਹੈ ਅਤੇ ਇਸ ਨੇ ਮਾਰਚ, 66 ਵਿੱਚ ਜਾ ਕੇ ਖਤਮ ਹੋਣਾ ਹੈ। ਮੈਂ ਮੇਜਰ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਨੇ ਇਸ ਬਿਲ ਨੂੰ ਪੇਸ਼ ਕਰਨ ਵਿੱਚ ਕਾਹਲ ਤੋਂ ਕੰਮ ਲਿਆ ਹੈ, ਉਹ ਆਪ ਤਾਂ ਬੜੇ ਹੀ ਠੰਡੇ ਸੁਭਾ ਦੇ ਹਨ ਪਰ ਪਤਾ ਨਹੀਂ ਇਸ ਬਿਲ ਨੂੰ ਪੇਸ਼ ਕਰਨ ਵਿੱਚ ਉਨ੍ਹਾਂ ਨੂੰ ਤੇਜ਼ੀ ਕਿਥੋਂ ਆ ਗਈ। ਇਸ ਨੂੰ ਬਜਟ ਸੈਸ਼ਨ ਵਿੱਚ ਪੇਸ਼ ਕੀਤਾ ਜਾ ਸਕਦਾ ਸੀ ਅਤੇ ਤਦ ਤਕ ਇਸ ਤੇ ਚੰਗੀ ਤਰ੍ਹਾਂ ਨਾਲ ਵਿਚਾਰ ਕੀਤੀ ਜਾ ਸਕਦਾ ਸੀ।

ਜਿੱਥੋਂ ਤਕ ਟੈਕਸ ਦਾ ਸਬੰਧ ਹੈ ਟੈਕਸਾਂ ਦੀ ਲੋੜ ਹੈ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਟੈਕਸ ਦੇਸ਼ ਦੀ ਉਸਾਰੀ ਲਈ, ਦੇਸ਼ ਦੀ ਰਖਿਆ ਲਈ, ਜ਼ਰੂਰੀ ਹਨ ਪਰ ਵੇਖਣਾ ਇਹ ਚਾਹੀਦਾ ਹੈ ਕਿ ਕਿਸੇ ਟੈਕਸ ਨੂੰ ਕਿਸ ਇਕਨਾਮਿਕ ਸੈਕਟਰ ਤੇ ਲਗਾਇਆ ਜਾ ਰਿਹਾ ਹੈ ਅਤੇ ਕਿਸੇ ਟੈਕਸ ਦਾ ਸੁਸਾਇਟੀ ਦੇ ਕਿਸ ਹਿੱਸੇ ਤੇ ਅਸਰ ਪਏਗਾ ਅਤੇ ਕਿਸ ਖੇਤਰ ਤੇ ਇਹ ਜ਼ਿਆਦਾ ਨੁਕਸਾਨਦੇਹ ਸਾਬਿਤ ਹੋ ਸਕਦਾ ਹੈ। ਇਸ ਟੈਕਸ ਨੂੰ ਪੰਜਾਬ ਦੇ ਸਾਰਿਆਂ ਨਾਲੋਂ ਗਰੀਬ ਸੈਕਟਰ ਤੇ ਲਗਾਇਆ

ਜਾ ਰਿਹਾ ਹੈ ਉਹ ਹੈ ਕਿਸਾਨੀ ਦਾ ਸੈਕਟਰ । ਕਾਮਰੇਡ ਰਾਮ ਪਿਆਰਾ ਜੀ ਨੇ ਇਸ ਬਾਰੇ ਵਿਚ ਆਪਣਾ ਜੋ ਨੁਕਤਾ ਪੇਸ਼ ਕੀਤਾ ਹੈ ਮੈਂ ਉਸ ਨਾਲ ਐਗਰੀ ਨਹੀਂ ਕਰਦਾ । (ਵਿਘਨ)

[*Depnty Speaker in the Chair*

ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬਾ, ਕਿ ਜਿਹੜੀ ਮੂਲ ਐਕਟ ਦੀ ਪ੍ਰੋਸੀਜਰਲ ਕਲਾਜ਼ ਹੈ ਇਸ ਵਿੱਚ ਕਲਾਜ਼ 4, ਸਬ ਸੈਕਸ਼ਨ (1) ਵਿੱਚ ਇਹ ਗਲ ਲਿਖੀ ਹੋਈ ਹੈ ਕਿ—

"4. (1) The Assessing Aut hority shall, in respect of each harvest for which a cess is payable under this Act. cause to be prepared in the prescribed manner a notice of demand jn respect of the cess payable by each landowner containing the following particulars, namely :—"

ਇਸ ਵਿੱਚ ਪਰਟੀਕੁਲਰ ਦਿੱਤੇ ਹੋਏ ਹਨ। ਇਸ ਲਈ ਮੈਂ, ਡਿਪਟੀ ਸਪੀਕਰ ਸਾਹਿਬਾ, ਅਰਜ਼ ਕਰਾਂ ਕਿ ਇਹ ਨੋਟਿਸ ਆਫ ਡੀਮਾਂਡ ਨਹੀਂ ਦਿੱਤੇ ਜਾ ਰਹੇ । ਮੈਂ ਤਸੀਲ ਵਿਚੋਂ ਅਤੇ ਜ਼ਿਲਾ ਹੈਡਕੁਆਰਟਰ ਤੋਂ ਵੀ ਪਤਾ ਕੀਤਾ ਹੈ ਕਿ ਕਿਸਾਨ ਨੂੰ ਇਸ ਤਰ੍ਹਾਂ ਦਾ ਕੋਈ ਨੋਟਿਸ ਆਫ ਡੀਮਾਂਡ ਨਹੀਂ ਦਿੱਤਾ ਜਾਂਦਾ । ਫਿਰ ਇਸ ਵਿੱਚ ਇਹ ਵੀ ਦਰਜ ਹੈ ਕਿ ਸਤ ਤੋਂ 15 ਦਿਨਾਂ ਦੇ ਅੰਦਰ ਨੋਟਿਸ ਆਫ ਡੀਮਾਂਡ ਦੇ ਵਿਰੁਧ ਕੋਈ ਆਬਜੈਕਸ਼ਨ ਹੋਵੇ ਤਾਂ ਕੀਤਾ ਜਾ ਸਕਦਾ ਹੈ । ਜਦ ਨੋਟਿਸ ਹੀ ਨਹੀਂ ਦਿੱਤਾ ਗਿਆ ਤਾਂ ਉਹ ਆਬਜੈਕਸ਼ਨ ਕਿਵੇਂ ਦਾਖਲ ਕੀਤਾ ਜਾ ਸਕਦਾ ਹੈ ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬਾ, ਇਸ ਦੀ ਅਪੀਲ ਲਈ 30 ਦਿਨਾਂ ਦੀ ਮਿਆਦ ਰਖੀ ਹੈ ਕਿ ਫਸਲ ਬੀਜਣ ਵਾਲਾ 30 ਦਿਨਾਂ ਤਾਈਂ ਅਪੀਲ ਕਰ ਸਕਦਾ ਹੈ । ਜੇਕਰ ਨੋਟਿਸ ਆਫ ਡੀਮਾਂਡ ਹੀ ਨਹੀਂ ਦਿੱਤਾ ਗਿਆ ਤਾਂ ਅਪੀਲ ਕਿਹਦੀ ਕਰੇਗਾ ? ਇਸ ਲਈ ਇਹ ਗੱਲ ਮੈਂ ਮੇਜਰ ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਨੋਟਿਸ ਆਫ ਡੀਮਾਂਡ ਦਾ ਜੋ ਪ੍ਰੋਵੀਜ਼ਨ ਐਕਟ ਵਿੱਚ ਹੈ ਇਸ ਨੂੰ ਜਲਦੀ ਤੋਂ ਜਲਦੀ ਲਾਗੂ ਕਰਨ ਤਾਂ ਕਿ ਕਿਸਾਨਾਂ ਨੂੰ ਪਤਾ ਲੱਗ ਸਕੇ ਕਿ ਕਿੰਨਾ ਪੈਸਾ ਅਦਾ ਕਰਨਾ ਹੈ ।

ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬਾ, ਇਕ ਹੋਰ ਕਲਾਜ਼ ਹੈ 1 ਉਸ ਵਿੱਚ ਇਹ ਲਿਖਿਆ ਹੋਇਆ ਹੈ ਕਿ

"11. (2)(a) the area of land on which no eess is to be levied undert he proviso to sub-scction (1) of section 3;"

ਇਸ ਦੇ ਬਾਰੇ ਵਿੱਚ ਇਹ ਨਹੀਂ ਪਤਾ ਲੱਗਦਾ ਕਿ ਕਿੰਨੇ ਏਰੀਆ ਵਿੱਚ ਛੋਟ ਦਿੱਤੀ ਜਾਣੀ ਹੈ ਤੇ ਕਿੰਨੇ ਏਰੀਆ ਤੇ ਇਸ ਨੂੰ ਲਗਾਇਆ ਜਾਣਾ ਹੈ । ਇਸ ਲਈ ਮੈਂ ਮੇਜਰ ਸਾਹਿਬ ਨੂੰ ਫਿਰ ਬੇਨਤੀ ਕਰਾਂਗਾ ਕਿ ਇਸ ਦੇ ਬਾਰੇ ਵਿੱਚ ਜਲਦੀ ਤੋਂ ਜਲਦੀ ਕਿਰਪਾ ਕਰਕੇ ਦੱਸਣ ਕਿ ਕਿੰਨੇ ਏਰੀਆ ਨੂੰ ਲੈਵੀ ਦੀ ਜ਼ਦ ਤੋਂ ਛਡਣਾ ਹੈ । ਮੈਂ 5 ਏਕੜ ਦੀ ਗੱਲ ਨਹੀਂ ਕਰਦਾ ਕਿਉਂਕਿ 5 ਏਕੜ ਵਾਲਾ ਤਾਂ ਗੰਨੇ ਦੀ ਕਾਸ਼ਤ ਨਹੀਂ ਕਰ ਸਕਦਾ ਜਾਂ ਮਿਰਚਾਂ ਨਹੀਂ ਲਗਾ ਸਕਦਾ । ਇਸ ਪਾਸੇ ਫੌਰੀ ਧਿਆਨ ਦੇਣ ਦੀ ਲੋੜ ਹੈ ।

ਫਿਰ ਇਹ ਦਸਿਆ ਗਿਆ ਕਿ ਇਹ ਮੈਚਿਉਰਡ ਕਰਾਪ ਤੇ ਲਗਾਇਆ ਜਾਵੇਗਾ । ਇਸ ਸਬੰਧ ਵਿੱਚ ਮੈਂ ਬੇਨਤੀ ਕਰਾਂ ਕਿ ਅਸਾਡੀਆਂ ਫਸਲਾਂ ਸਨ 47 ਤੋਂ ਬਾਅਦ ਕਦੇ ਵੀ ਮੈਚਿਉਰ ਨਹੀਂ ਹੋਈਆਂ । ਕਿਸੇ ਜਟ ਦੀ ਵੀ ਕਦੇ ਫਸਲ ਮੈਚਿਉਰ ਨਹੀਂ ਹੋਈ । ਹਾਂ ਪਟਵਾਰਖਾਨੇ ਵਿੱਚ ਬੈਠ ਕੇ ਕਾਗਜ਼ਾਂ ਤੇ

[ਸਰਦਾਰ ਹਰੀ ਸਿੰਘ]

ਭਾਵੇਂ ਮੈਚਿਉਰਡ ਵਿਖਾ ਦਿੱਤੀ ਹੋਵੇ । ਕਿਉਂਕਿ ਸਨ 47 ਤੋਂ ਬਾਅਦ ਹਰ ਸਾਲ ਬਾਰਸ਼ਾਂ ਹੁੰਦੀਆਂ ਰਹੀਆਂ ਅਤੇ ਹੁਣ ਜਿਹੜਾ ਸਾਲ ਚਾਲੂ ਹੈ, ਜਿਸ ਵਿੱਚ ਸੈਸ ਨੂੰ ਲਾਗੂ ਕਰਨ ਲੱਗੇ ਹੋ ਇਸ ਵਿੱਚ ਖੁਸ਼ਕਸਾਲੀ ਦੇ ਆਸਾਰ ਹਨ । ਗੰਨਾ ਸਾਰੇ ਦਾ ਸਾਰਾ ਤਬਾਹ ਹੋ ਗਿਆ ਹੈ । ਅਸੀਂ ਕਿਸਾਨਾਂ ਨੂੰ ਪਾਣੀ ਤਕ ਨਹੀਂ ਦੇ ਸਕੇ ।

ਮੈਂ, ਡਿਪਟੀ ਸਪੀਕਰ ਸਾਹਿਬਾ, ਇਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਜਿੱਥੋਂ ਤਕ ਇਸ ਟੈਕਸ ਦਾ ਸਬੰਧ ਹੈ ਕਿਸਾਨ ਨੇ ਦੇ ਹੀ ਦੇਣਾ ਹੈ, ਪਰ ਉਸ ਕਿਸਾਨ ਨੇ ਜਿਸ ਨੇ ਇਸ ਲੜਾਈ ਵਿੱਚ ਕੁਰਬਾਨੀ ਕੀਤੀ ਹੈ, ਇਸ ਜੰਗ ਦੇ ਦਿਨਾਂ ਵਿੱਚ ਜਿੱਥੇ ਜਿੱਥੇ ਵੀ ਅਸੀਂ ਫੰਡ ਇਕੱਠਾ ਕਰਨ ਲਈ ਗਏ ਗਰੀਬ ਤੋਂ ਗਰੀਬ ਕਿਸਾਨ ਦੇ ਦਿਲ ਵਿੱਚ ਦੇਸ਼ ਲਈ ਅਸੀਂ ਦਰਦ ਤਕਿਆ ਅਤੇ ਕਈ ਇਕ ਨੇ ਇਹ ਕਿਹਾ ਕਿ ਮੈਂ ਪੈਸੇ ਤਾਂ ਨਹੀਂ ਦੇ ਸਕਦਾ ਪਰ ਮੇਰਾ ਬੌਲਦ ਲੈ ਲਉ ਤੇ ਇਸ ਨੂੰ ਵੇਚ ਕੇ ਪੈਸੇ ਵਟ ਲਉ । ਇਥੋਂ ਤਕ ਕੁਰਬਾਨੀ ਇਸ ਕਿਸਾਨ ਨੇ ਕੀਤੀ ਹੈ ਕਿ ਆਪਣੇ ਬੌਲਦ ਤਕ ਦੇ ਦਿੱਤੇ ਹਨ ਅਤੇ ਕੋਈ ਪਰਵਾਹ ਨਹੀਂ ਕੀਤੀ, ਉਨ੍ਹਾਂ ਨੂੰ ਤਾਂ ਸਰਕਾਰ ਵਲੋਂ ਇਨਸੈਨਟਿਵ ਦਿੱਤਾ ਜਾਣਾ ਚਾਹੀਦਾ ਸੀ ਪਰ ਤੁਸੀਂ ਉਨ੍ਹਾਂ ਤੇ ਇਹ ਟੈਕਸ ਲਾਗੂ ਕਰ ਰਹੇ ਹੋ । ਪਰ ਇਸ ਦੇ ਬਾਵਜੂਦ ਵੀ ਕਿਸਾਨਾਂ ਦੀ ਇਹ ਆਦਤ ਹੈ ਕਿ ਵਤਨ ਦੇ ਨਾਮ ਤੇ ਮਰ ਮਿਟਨ ਨੂੰ ਤਿਆਰ ਹਨ, ਮਰ ਮਿਟ ਗਏ ਹਨ ਅਤੇ ਕਦੇ ਵੀ ਪਿਛਾਂ ਹਟਣ ਵਾਲੇ ਨਹੀਂ । (ਪ੍ਰਸ਼ੰਸਾ)

ਇਹ ਗਰੀਬ ਕਿਸਾਨ ਹੀ ਹਨ ਜਿਹੜੇ ਕੁਰਬਾਨੀਆਂ ਕਰਦੇ ਹਨ ਅਤੇ ਦੇਸ਼ ਦੇ ਹਿਤ ਮਰਦੇ ਹਨ ਪਰ

'ਵੋ ਅਪਨੀ ਖੂ ਨਾ ਛੋੜੇਂਗੇ ਹਮ ਅਪਨੀ ਵਜ਼ਹ ਕਿਉਂ ਬਦਲੇਂ ।

ਇਸ ਗੱਲ ਦੇ ਬਾਵਜੂਦ ਵੀ ਕਿ ਸਰਕਾਰ ਵਲੋਂ ਇਨ੍ਹਾਂ ਗਰੀਬ ਕਿਸਾਨਾਂ ਤੇ ਵਧੀਕੀਆਂ ਕੀਤੀਆਂ ਜਾ ਰਹੀਆਂ ਹਨ ਇਨ੍ਹਾਂ ਨੇ ਆਪਣੀ ਵਜ਼ਹ ਨਹੀਂ ਬਦਲੀ ।

ਡਿਪਟੀ ਸਪੀਕਰ ਸਾਹਿਬਾ, ਮੇਰਾ ਪਿੰਡ ਜੀ. ਟੀ. ਰੋਡ ਦੇ ਬਿਲਕੁਲ ਲਾਗੇ ਹੈ ਅਤੇ ਮੈਂ ਵੇਖਦਾ ਰਿਹਾ ਹਾਂ ਕਿ ਜਦ ਫੌਜਾਂ ਬਾਰਡਰ ਤੇ ਜਾਂਦੀਆਂ ਸਨ ਤਾਂ ਇਨ੍ਹਾਂ ਕਿਸਾਨਾਂ ਨੇ ਲੰਗਰ ਲਗਾ ਦਿੱਤੇ, ਕਿਸਾਨਾਂ ਵਲੋਂ ਜਵਾਨਾਂ ਲਈ ਚਾਹ ਦਾ ਇੰਤਜ਼ਾਮ ਸੀ, ਉਨ੍ਹਾਂ ਦੀ ਸੇਵਾ ਹਰ ਮੁਮਕਿਨ ਤਰੀਕੇ ਨਾਲ ਕੀਤੀ। ਜਵਾਨਾਂ ਦੇ ਦਿਹਰਿਆਂ ਤੇ ਲਾਲੀਆਂ ਭਖਦੀਆਂ ਸਨ ਅਤੇ ਉਹ ਗਾਂਦੇ ਸਨ

'ਵਾਹ ਰੇ ਸ਼ੌਕੇ ਸ਼ਹਾਦਤ ਕੂਏ ਕਾਤਿਲ ਕੀ ਤਰਫ
ਗੁਨਗੁਨਾਤਾ ਰਕਸ ਕਰਤਾ ਝੂਮਤਾ ਜਾਤਾ ਹੂੰ ਮੈਂ"

ਇਹ ਇਸ ਸ਼ੇਅਰ ਦੀ ਓਰਿਜਨੈਲਿਟੀ ਹੈ । ਇਸ ਲਈ ਮੈਂ ਮੇਜਰ ਸਾਹਿਬ ਅੱਗੇ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦਾ ਟੈਕਸ ਇਨ੍ਹਾਂ ਕਿਸਾਨਾਂ ਤੇ ਨਹੀਂ, ਲੱਗਣਾ ਚਾਹੀਦਾ ।

ਸਰਕਾਰ ਇਹ ਕਹਿੰਦੀ ਹੈ ਕਿ ਅਸੀਂ ਐਗਰੀਕਲਚਰ ਪ੍ਰੋਡਕਸ਼ਨ ਨੂੰ ਵਧਾਣਾ ਹੈ, ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਇਹ ਤਾਂ ਹੀ ਵਧ ਸਕਦੀ ਹੈ ਜੇਕਰ ਕਿਸਾਨ ਨੂੰ ਇਨਸੈਂਟਿਵ ਦਿੱਤਾ ਜਾਵੇ । ਇਨ੍ਹਾਂ ਸਾਲਾਂ ਵਿੱਚ ਸਰਕਾਰ ਨੇ ਆਪਣੀ ਐਗਰੀਕਲਚਰ ਦੀ ਪਾਲਿਸੀ ਨੂੰ ਸਟ੍ਰੀਮ ਲਾਈਨ ਨਹੀਂ ਕੀਤਾ । ਖੇਤੀ ਦੇ ਸਹਾਇਕ ਮਹਿਕਮਿਆਂ ਦੇ ਵੱਖ ਵੱਖ ਵਿਭਾਗਾਂ ਵਿੱਚ ਕੋਈ ਕਿਸੇ ਕਿਸਮ ਦੀ ਕੁਆਰਡੀਨੇਸ਼ਨ ਕਾਇਮ ਨਹੀਂ ਕੀਤੀ ।

ਸਭ ਤੋਂ ਜ਼ਰੂਰੀ ਚੀਜ਼ ਇਸ ਵਕਤ ਜ਼ਿਮੀਂਦਾਰ ਲਈ ਹੈ ਖਾਦ, ਇਹ ਵੀ ਦੇਣ ਦਾ ਅਜੇ ਤਕ ਸਰਕਾਰ ਤੋਂ ਕੋਈ ਮੁਕੰਮਲ ਇੰਤਜ਼ਾਮ ਨਹੀਂ ਹੋਇਆ......

Deputy Speaker : Please wind up now.

ਸਰਦਾਰ ਹਰੀ ਸਿੰਘ : ਮੈਂ ਵਾਈਂਡ ਅਪ ਹੀ ਕਰਦਾ ਚਲਾ ਆ ਰਿਹਾ ਹਾਂ । ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਸਰਕਾਰ ਖੇਤੀ ਵਿੱਚ ਸਹਾਇਤਾ ਦੇਣ ਦੇ ਜਿਹੜੇ ਵੀ ਨਵੇਂ ਮੈਥਡ ਹਨ ਉਹ ਅਡਾਪਟ ਨਹੀਂ ਕਰ ਸਕੀ । ਹੋਰ ਤਾਂ ਕੀ ਕਰਨਾ ਸੀ ਅਜੇ ਤਕ ਇਹ ਸਰਕਾਰ ਪ੍ਰਾਇਮਰੀ ਐਜੂਕੇਸ਼ਨ ਵੀ ਕੰਪਲਸਰੀ ਨਹੀਂ ਕਰ ਸਕੀ । ਜਾਪਾਨ ਵਿੱਚ ਸਭ ਤੋਂ ਪਹਿਲਾ ਕੰਮ ਜਿਹੜਾ ਕੀਤਾ ਗਿਆ ਉਹ ਪ੍ਰਾਇਮਰੀ ਐਜੂਕੇਸ਼ਨ ਦਾ ਕੰਪਲਸਰੀ ਕਰਨਾ ਸੀ । ਹਿੰਦੁਸਤਾਨ ਨਾਲੋਂ ਭਾਵੇਂ ਉਥੇ ਲੈਂਡ-ਮੈਨ ਰੇਸ਼ੋ ਘਟ ਹੈ, ਪਰ ਫੀ ਏਕੜ ਪੈਦਾਵਾਰ ਉਹ ਸਾਡੇ ਕੋਲੋਂ ਵੱਧ ਹਾਸਲ ਕਰਦੇ ਹਨ । ਸਾਡੇ ਮੁਲਕ ਵਿੱਚ ਕਿਸਾਨ ਨੂੰ ਕੋਈ ਫੈਸਿਲਿਟੀ ਨਹੀਂ, ਇਸਦੀ ਮਿਹਨਤ ਦੀ ਕੋਈ ਕਦਰ ਨਹੀਂ, ਇਨ੍ਹਾਂ ਨੂੰ ਤਾਂ ਜੇ ਕੋਈ ਇਸ ਦੇ ਲਈ ਫਿਕਰ ਹੈ ਤਾਂ ਉਹ ਟੈਕਸ ਲਾਉਣ ਦਾ ਹੈ ।

ਸਰਕਾਰ ਵਲੋਂ ਬਲਾਕ ਡੀਵਲਪਮੈਂਟ ਦਾ ਕੰਮ ਹੋ ਰਿਹਾ ਹੈ । ਜਿਹੜੇ ਇਨ੍ਹਾਂ ਬਲਾਕਾਂ ਨੂੰ ਚਲਾਉਣ ਵਾਲੇ ਅਫਸਰ ਹਨ ਉਨ੍ਹਾਂ ਨੂੰ ਖੇਤੀ ਦੀ ਉਨਤੀ ਦਾ ਕੰਮ ਉਕਾ ਹੀ ਨਹੀਂ ਆਉਂਦਾ ਬਲਕਿ ਉਨ੍ਹਾਂ ਦਾ ਤਾਂ ਇਨ੍ਹਾਂ ਬਲਾਕਾਂ ਨੂੰ ਮਹਿਜ਼ ਬਲਾਕ ਕਰਨ ਦਾ ਕੰਮ ਹੈ, that is, to block the development. ਇਨ੍ਹਾਂ ਬਲਾਕਾਂ ਦੇ ਚਲਾਉਣ ਵਾਸਤੇ ਉਹ ਬਿਲਕੁਲ ਨਾ-ਅਹਿਲ ਹਨ । ਉਹ ਪੈਦਾਵਾਰ ਵਧਾ ਨਹੀਂ ਰਹੇ ਸਗੋਂ ਘਟਾ ਰਹੇ ਹਨ, ਕੰਮ ਕਰ ਰਹੇ ਹਨ ।

ਭੁਵਨੇਸ਼ਰ ਵਿੱਚ ਕਾਂਗਰਸ ਪਾਰਟੀ ਵਲੋਂ ਸੋਸ਼ਲਿਜ਼ਮ ਦਾ ਨਾਹਰਾ ਲਾਇਆ ਗਿਆ ਸੀ । ਮੈਂ ਇਸ ਦੇ ਲਈ ਜਿਸ ਤਰ੍ਹਾਂ ਦਾ ਸਾਡੇ ਮੁਲਕ ਵਿੱਚ ਸੋਸ਼ਲਿਜ਼ਮ ਆ ਰਿਹਾ ਹੈ ਇਹੋ ਢੁਕਵੀਂ ਮਿਸਾਲ ਦੇ ਸਕਦਾ ਹਾਂ ਕਿ ਸੋਸ਼ਲਿਜ਼ਮ ਦਾ ਦਰਖਤ ਹਰਾ ਜ਼ਰੂਰ ਹੋਇਆ ਹੈ ਪਰ ਉਲਟਾ ਲਟਕ ਰਿਹਾ ਹੈ, ਇਸ ਦੀਆਂ ਜੜਾਂ ਉਪਰ ਹਨ, ਟਹਿਣੀਆਂ, ਪੱਤੇ ਤੇ ਤਨਾ ਹੇਠਾਂ ਵਲ ਹਨ । ਚੰਗਾ ਹੁੰਦਾ ਜੇ ਇਹ ਦਰਖਤ ਸਿੱਧਾ ਕਰਕੇ ਲਾਇਆ ਜਾਂਦਾ । ਪਰ ਹੁਣ ਵੀ ਜੇ ਇਹ ਸਿਧਾ ਕਰਨਾ ਹੈ ਤਾਂ ਉਸ ਦੇ ਲਈ ਸਾਨੂੰ ਸਾਇਲ ਤਿਆਰ ਕਰਨਾ ਪਵੇਗਾ । ਇਹ ਸਾਇਲ ਹੈ ਫੋਰਸਿਜ਼ ਦਾ ਬੈਲੈਂਸ ਕਾਇਮ ਕਰਨਾ । ਜਦ ਤਕ ਬਰਾਹੇਰਾਸਤ ਟੈਕਸ ਜ਼ਿਮੀਂਦਾਰ ਉੱਤੇ ਲਗਦੇ ਰਹਿਣਗੇ ਇਸ ਮੁਲਕ ਵਿੱਚ ਸੋਸ਼ਲਿਜ਼ਮ ਦੀਆਂ ਜੜਾਂ ਮਜ਼ਬੂਤ ਨਹੀਂ ਹੋ ਸਕਦੀਆਂ । ਤੁਸੀਂ ਕੋਸ਼ਿਸ਼ ਕਰੋ ਕਿ ਇਨ੍ਹਾਂ ਟੈਕਸਾਂ ਦਾ ਜਲਦੀ ਤੋਂ ਜਲਦੀ ਫਾਹਾ ਵਢਿਆ ਜਾਵੇ ਅਤੇ ਉਹ ਤਦ ਹੀ ਹੋ ਸਕੇਗਾ ਜਦੋਂ ਅਸੀਂ ਸੋਸ਼ਲਿਜ਼ਮ ਨੂੰ ਭਰਪੂਰ ਤਾਕਤ ਨਾਲ ਲਾਗੂ ਕਰੀਏ । ਅਸੀਂ ਸਾਰੀ ਇਕਾਨੋਮੀ ਨੂੰ ਰੀਓਰੀਐਨਟੇਟ ਕਰੀਏ ।

ਇਕ ਗੱਲ ਇੰਟਰਨੈਸ਼ਨਲ ਸਫੀਅਰ ਦੀ ਵੀ ਮੈਂ ਕਰ ਦੇਣੀ ਜ਼ਰੂਰੀ ਸਮਝਦਾ ਹਾਂ । ਉਹ ਇਹ ਕਿ ਸਾਡੀ ਨੈਸ਼ਨਲ ਇਕਾਨੋਮੀ ਵਿੱਚ ਵਦੇਸ਼ਾਂ ਵਿਚੋਂ ਐਸਾ ਅਨਸਰ ਦਾਖਲ ਹੋ ਰਿਹਾ ਹੈ ਅਤੇ ਤਾਕਤ ਫੜ ਰਿਹਾ ਹੈ ਜੋ ਸਾਰੀ ਦੁਨੀਆਂ ਵਿੱਚ ਹੀ ਸੋਸ਼ਲਿਜ਼ਮ ਨੂੰ ਖਤਮ ਕਰਨ ਤੇ ਲਗਿਆ ਹੋਇਆ ਹੈ, ਪਰ ਦੂਸਰੇ ਪਾਸੇ ਅਸੀਂ ਹਾਂ ਕਿ ਅੱਜ ਤਕ ਕਾਇਦੇ ਕਾਨੂੰਨ ਦੇ ਪਿੱਛੇ ਲੱਗੇ ਹੋਏ ਹਾਂ । ਸਾਨੂੰ ਐਸੀ ਫੋਰਸ ਨਾਲ ਟਕਰ ਕਾਨੂੰਨ ਲਾਂਭੇ ਕਰਕੇ, ਡਟ ਕੇ ਲੈਣੀ ਚਾਹੀਦੀ ਹੈ । ਇਹਦੇ ਲਈ ਮੈਂ ਇਕ ਉਰਦੂ ਦੇ ਸ਼ਾਇਰ ਦਾ ਸ਼ੇਅਰ ਪੜ੍ਹ ਕੇ ਆਪਣੀ ਸੀਟ ਲੈਣੀ ਵਾਜਬ ਸਮਝਦਾ ਹਾਂ । ਉਹ ਇਹ ਹੈ—

"ਬਜ਼ਮੇ ਸਾਕੀ ਮੇਂ ਨਹੀਂ ਕੁਛ ਕਾਮ ਅਕਲੋ ਹੋਸ਼ ਕਾ,
ਮਸਤ ਜਾਨਾ ਚਾਹੀਏ ਮਦਹੋਸ਼ ਆਨਾ ਚਾਹੀਏ ।"

ਮਾਲ ਮੰਤ੍ਰੀ (ਸਰਦਾਰ ਹਰਿੰਦਰ ਸਿੰਘ ਮੇਜਰ) : ਡਿਪਟੀ ਸਪੀਕਰ ਸਾਹਿਬਾ, ਮੈਂ ਆਪ ਦੀ ਇਜਾਜ਼ਤ ਨਾਲ ਹਾਊਸ ਦੀ ਇਹ ਰਾਏ ਲੈਣੀ ਚਾਹੁੰਦਾ ਹਾਂ ਕਿ ਕਿਤਨੀ ਦੇਰ ਤਕ ਇਹ ਹਾਊਸ ਬੈਠਣਾ ਚਾਹੁੰਦਾ ਹੈ ਤਾਂ ਜੋ ਮੈਨੂੰ ਇਹ ਪਤਾ ਲੱਗ ਸਕੇ ਕਿ ਮੇਰੀ ਵਾਰੀ ਬੋਲਣ ਦੀ ਕਦੋਂ ਤਕ ਆਵੇਗੀ ਕਿਉਂ ਜੋ ਮੈਂ ਸਾਰਿਆਂ ਦੀਆਂ ਗੱਲਾਂ ਦਾ ਜਵਾਬ ਦੇਣਾ ਹੈ ।

ਡਿਪਟੀ ਸਪੀਕਰ : ਇਸ ਬਾਰੇ ਹਾਊਸ ਡੀਸਾਈਡ ਕਰ ਸਕਦਾ ਹੈ । ਸ਼ੈਡੂਲਡ ਟਾਈਮ ਦੇ ਮੁਤਾਬਕ ਇਹ ਹਾਊਸ ਡੇਢ ਵਜੇ ਤਕ ਖਤਮ ਹੋ ਜਾਵੇਗਾ ਇਸ ਦੇ ਮੁਤਾਲਿਕ ਪਹਿਲਾਂ ਕਿਸੇ ਸਟੇਜ ਤੇ ਫੈਸਲਾ ਹੋ ਚੁੱਕਾ ਹੈ । ਬਾਕੀ ਜਿੱਥੋਂ ਇਕ ਦੂਸਰੇ ਦੇ ਦਮ ਵੇਖਣ ਦਾ ਸਵਾਲ ਹੈ, ਤੁਸੀਂ ਮੇਰੀ ਪਰਵਾਹ ਨਾ ਕਰੋ ਪਹਿਲਾਂ ਤੁਸੀਂ ਆਪਣਾ ਦਮ ਵੇਖ ਲਉ । ਅਕਲਮੰਦੀ ਦਾ ਤਕਾਜ਼ਾ ਤਾਂ ਇਹੋ ਹੈ ਕਿ ਤੁਹਾਨੂੰ ਕਮ ਤੋਂ ਕਮ ਸਮਾਂ ਲੈਣਾ ਚਾਹੀਦਾ ਹੈ । ਜੇ ਕਹੋ ਮੈਂ ਟਾਈਮ ਲਿਮਿਟ ਕਰ ਦਿਆਂ, ਜੇ ਕਹੋ ਇਕ ਇਕ ਤੋਂ ਪੁਛ ਲਵਾਂ ਕਿ ਉਹ ਕਿਤਨਾ ਵਕਤ ਲਵੇਗਾ । (The House can decide in this respect. According to the scheduled time this House will adjourn at 1-30 P.M., it was so decided at some previous stage. As regards the stamina of each side, both the sides may judge it themselves. They need not bother about me. The wisdom demands that you should take the least time to dispose of the business. If the House so desires I may enquire from the hon. Members in regard to the fixing of time limit for speeches.)

ਬਾਬੂ ਬਚਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਅੱਜ ਨਾਨ-ਸਟਾਪ ਸਿਟਿੰਗ ਹੈ । ਸਾਡਾ ਏਥੇ ਬੈਠਣ ਦਾ ਇਕੋ ਇਕ ਮਕਸਦ ਇਹ ਹੈ ਕਿ ਅੱਜ ਜਿਤਨੀ ਵੀ ਡੰਝ ਲਾਹੁਣਾ ਚਾਹੀਏ ਲਾਹ ਲਈਏ।

ਡਿਪਟੀ ਸਪੀਕਰ : ਮੈਨੂੰ ਕੋਈ ਇਤਰਾਜ਼ ਨਹੀਂ ਜਿਤਨੀ ਮਰਜ਼ੀ ਡੰਝ ਤੁਸੀਂ ਲਾਹ ਲਉ । ਮੇਰਾ ਮਕਸਦ ਤਾਂ ਤੁਹਾਡੀ ਰਾਏ ਲੈਣ ਤੋਂ ਹੀ ਸੀ । (I have no objection. The hon. Members may speak to their hearts content. What I wanted was to assess the sense of the House.)

ਚੌਧਰੀ ਦਰਸ਼ਨ ਸਿੰਘ : ਜੇਕਰ ਬੋਲਣ ਵਾਲਿਆਂ ਦੇ ਨਾਉਂ ਤੁਹਾਡੇ ਕੋਲ ਪੁਜ ਗਏ ਹਨ, ਤਾਂ ਠੀਕ ਹੈ ਨਹੀਂ ਤਾਂ ਮੰਗਵਾ ਲਉ । ਉਸ ਦੇ ਆਧਾਰ ਤੇ ਟਾਈਮ ਫਿਕਸ ਕਰਕੇ ਸਾਰਿਆਂ ਨੂੰ ਬੋਲਣ ਦਾ ਮੌਕਾ ਦਿਉ......

उपाध्यक्षा : I do not want your protection. आप अपनी आदत से मजबूर हैं । आप हमेशा चेयर को डिक्टेट करने की कोशिश करते हैं ।(I do not want your protection. The hon. Member is helpless by his nature. He always tries to dictate the Chair.)

ਸਰਦਾਰ ਗੁਰਚਰਨ ਸਿੰਘ (ਮੋਗਾ) : ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਡਾ ਅਤੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਤੇ ਜਿਹੜਾ ਕਿਸਾਨ ਦੇ ਵਿਰੁਧ ਆਇਆ ਹੈ ਬੋਲਣ ਦਾ ਮੌਕਾ ਦਿੱਤਾ । ਇਹ ਬਿਲ 1963 ਵਿੱਚ ਜਦੋਂ ਕਿ ਕੈਰੋਂ ਸਾਹਿਬ ਦਾ ਪੰਜਾਬ ਵਿੱਚ ਰਾਜ ਸੀ, ਉਸ ਵੇਲੇ ਦੀ ਪੈਦਾਵਾਰ ਹੈ ਜਿਹੜੀ ਕਿ ਪੰਜਾਬ ਦੇ ਕਿਸਾਨ ਨੂੰ ਵਿਰਸੇ ਵਿੱਚ ਮਿਲੀ ਹੈ। ਉਸ ਵੇਲੇ ਦੀ ਸਰਕਾਰ ਨੇ ਇਕ ਫੈਸਲਾ ਕੀਤਾ ਸੀ ਅਤੇ ਉਸ ਵਿੱਚ ਇਹ ਅੰਡਰ-ਟੇਕਿੰਗ ਕੀਤੀ ਸੀ ਕਿ ਇਹ

ਮਹਿਜ਼ ਦਸੰਬਰ 1965 ਤਕ ਹੀ ਹੈ, ਇਸ ਤੋਂ ਬਾਅਦ ਇਹ ਲਾਗੂ ਨਹੀਂ ਹੋਵੇਗਾ । ਪਰ ਮੌਜੂਦਾ ਸਰਕਾਰ ਨੇ ਇਹ ਫੈਸਲਾ ਹੁਣ ਕੀਤਾ ਹੈ ਕਿ ਬਜਾਏ 3 ਸਾਲ ਦੇ ਇਹ ਹੁਣ 5 ਸਾਲ ਲਈ ਹੋਰ ਕਰ ਦਿੱਤਾ ਜਾਵੇ । ਜੇ ਕਰ ਸਹੀ ਹਾਲਤ ਵਿੱਚ ਕਿਸਾਨ ਦੀ ਮਾਲੀ ਹਾਲਤ ਵੇਖੀ ਜਾਵੇ ਤਾਂ ਮੈਂ ਕਹਿ ਸਕਦਾ ਹਾਂ ਕਿ ਇਹ ਸਰਕਾਰ ਕਿਸੇ ਵੀ ਪੱਖ ਨਾਲ ਜ਼ਿਮੀਂਦਾਰ ਤੇ ਹੋਰ ਟੈਕਸ ਲਾਉਣ ਦੀ ਹਕਦਾਰ ਨਹੀਂ । ਅੱਜ ਉਸ ਤੇ ਪਹਿਲਾਂ ਹੀ ਇਤਨੇ ਟੈਕਸ ਜ਼ਿਆਦਾ ਹਨ ਕਿ ਉਸ ਵਿੱਚ ਹੋਰ ਟੈਕਸ ਦੇਣ ਦੀ ਹਿੰਮਤ ਹੀ ਨਹੀਂ । ਤੁਸੀਂ ਖੁਦ ਅੰਦਾਜ਼ਾ ਲਾਉ ਕਿ ਜ਼ਿਮੀਂਦਾਰ ਟੈਕਸ ਦਿੰਦਾ ਕਿਹੜੇ ਕਿਹੜੇ ਹੈ । ਉਹ ਹਨ, ਵਾਟਰ-ਰੇਟ, ਲੈਂਡ-ਰੈਵੇਨੀਊ, ਬੈਟਰਮੈਂਟ ਲੈਵੀ, ਸਰਚਾਰਜ, ਸਪੈਸ਼ਲ ਸਰਚਾਰਜ, ਫੇਰ ਹੈ ਚੁਲ੍ਹਾ ਟੈਕਸ, ਚੌਕੀਦਾਰਾ ਟੈਕਸ, ਹਰੀਜਨ ਕਲਿਆਣ ਕਾਰੀ ਟੈਕਸ । ਇਸ ਤੋਂ ਇਲਾਵਾ ਹੋਰ ਨਵੇਂ ਨਵੇਂ ਰਿਵਾਜ ਹਨ । ਇਸ ਨੂੰ ਫੈਸਿਲੀਟੀਜ਼ ਦੇਣ ਵਾਸਤੇ, ਜੇ ਕਿਸੇ ਨੇ ਆਪਣੇ ਬਚਿਆਂ ਨੂੰ ਪਿੰਡਾਂ ਵਿਚ ਤਾਲੀਮ ਦਿਵਾਉਣੀ ਹੋਵੇ ਤਾਂ ਐਜੂਕੇਸ਼ਨ ਮਨਿਸਟਰ ਸਾਹਿਬ ਪੰਚਾਇਤ ਨੂੰ ਕਹਿੰਦੇ ਹਨ ਕਿ ਪਹਿਲਾਂ ਇਤਨੇ ਪੈਸੇ ਜਮ੍ਹਾ ਕਰਾਉ ਅਸੀਂ ਸਕੂਲ ਬਣਾ ਦਿਆਂਗੇ । ਜਿੱਥੇ ਇਨ੍ਹਾਂ ਨੂੰ ਇਹ ਵੇਖਣਾ ਚਾਹੀਦਾ ਸੀ ਕਿ ਇਸ ਚੀਜ਼ ਦੀ ਏਥੇ ਨੀਡ ਹੈ ਜਾਂ ਨਹੀਂ ਉਥੇ ਅੱਜ ਪਹਿਲਾਂ ਫੰਡਜ਼ ਦੇਖਦੇ ਹਨ। ਜੇ ਕਿਸੇ ਸ਼ਹਿਰ ਦੇ ਵਿੱਚ ਸਕੂਲ ਬਣਾਉਣਾ ਹੋਵੇ ਤਾਂ ਪਹਿਲਾਂ ਇਹ ਪਤਾ ਲੱਗਦਾ ਹੈ ਕਿ ਸਕੂਲ ਬਣਨਾ ਸ਼ੁਰੂ ਹੋ ਗਿਆ । ਇਨ੍ਹਾਂ ਦਾ ਮਕਸਦ ਹਮੇਸ਼ਾ ਗਿਣਤੀ ਪੂਰੀ ਕਰਨ ਤਾਈਂ ਹੁੰਦਾ ਹੈ। ਜੇ ਇਨ੍ਹਾਂ ਦੀ ਗਿਣਤੀ ਮੁਤਾਬਿਕ ਮਿਡਲ ਸਕੂਲ ਘਟ ਹਨ, ਭਾਵੇਂ ਕਿਸੇ ਜਗ੍ਹਾ ਦੀ ਮੰਗ ਇਸ ਸਕੂਲ ਦੀ ਹੋਵੇ ਜਾ ਨਾ ਉਥੇ ਮਿਡਲ ਸਕੂਲ ਹੀਬ ਣਾਏ ਜਾਂਦੇ ਹਨ । ਮੈਂ ਪੁਛਦਾ ਹਾਂ ਕਿ ਕੀ ਇਸ ਤਰ੍ਹਾਂ ਦੀਆਂ ਸ਼ਰਤਾਂ ਜ਼ਿਮੀਂਦਾਰਾਂ ਲਈ ਹੀ ਹਨ ਜਾਂ ਹੋਰ ਕਿਸੇ ਤੇ ਵੀ ਲਾਉਂਦੇ ਹੋ ? ਜੇ ਪੁਛਿਆ ਜਾਂਦਾ ਹੈ ਕਿ ਦਿਹਾਤੀਆਂ ਦਾ ਤੁਸੀਂ ਕੀ ਭਲਾ ਕਰਦੇ ਹੋ ਤਾਂ ਕਹਿੰਦੇ ਹਨ ਕਿ ਬਜਟ ਦਾ 80% ਅਸੀਂ ਦਿਹਾਤੀਆਂ ਤੇ ਲਾਉਂਦੇ ਹਾਂ । ਮੈਂ ਪੁਛਦਾ ਹਾਂ ਤੁਸੀਂ ਜ਼ਿਮੀਂਦਾਰ ਦੀ ਤਕਲੀਫ ਕਦੇ ਸੁਣੀ ਹੈ, ਕਦੇ ਉਸ ਬਾਰੇ ਗ਼ੌਰ ਕਰਕੇ ਠੰਢੇ ਦਿਲ ਨਾਲ ਜਵਾਬ ਵੀ ਦਿੱਤਾ ਹੈ ? ਜਦੋਂ ਵੀ ਕਦੇ ਕਿਸਾਨ ਦੇ ਭਲੇ ਬਾਰੇ ਕਾਮਰੇਡ ਜੀ ਤੋਂ ਅਸੀਂ ਪੁਛਿਆ ਤਾਂ ਜਿਵੇਂ ਕੋਈ ਦਵਾਈਆਂ ਵੇਚਣ ਵਾਲਾ ਮਜਮਾ ਲਾਕੇ ਦੋ ਦੋ ਆਨੇ ਦੀਆਂ ਪੁੜੀਆਂ ਵੇਚਦਾ ਹੋਵੇ, ਇਹ ਵੀ ਅੱਧੇ ਬੈਠੇ ਤੇ ਅੱਧੇ ਖੜੇ ਜਵਾਬ ਦੇ ਦਿੰਦੇ ਹਨ : "ਹਮ ਗ਼ੌਰ ਕਰੇਂਗੇ ।" ਅਜੀਬ ਤਮਾਸ਼ਾ ਬਣਾਇਆ ਹੋਇਆ ਹੈ ਇਨ੍ਹਾਂ ਨੇ । ਜੇ ਕਿਸੇ ਸਭਾ ਵਿੱਚ ਇਨ੍ਹਾਂ ਨੂੰ ਭਾਸ਼ਨ ਕਰਨ ਲਈ ਕਹਿ ਦਿਉ ਤਾਂ 2-2 ਘੰਟੇ ਇਹ ਬੋਲਦੇ ਨਹੀਂ ਥਕਦੇ । ਮੈਂ ਦਿਹਾਤੀ ਲੋਕਾਂ ਬਾਰੇ ਹਾਊਸ ਨੂੰ ਦੱਸ ਦਿਆਂ ਕਿ ਮੁਲਕ ਦੀ ਆਜ਼ਾਦੀ ਬਰਕਰਾਰ ਰਖਣ ਵਾਸਤੇ ਜਿਤਨੀ ਕੁਰਬਾਨੀ ਇਸ ਤਬਕੇ ਨੇ ਦਿੱਤੀ ਹੈ ਹੋਰ ਕਿਸੇ ਕਮਿਊਨਿਟੀ ਨੇ ਨਹੀਂ ਦਿੱਤੀ । ਇਹੋ ਤਬਕਾ ਹੈ ਜੋ ਹਜ਼ਾਰਾਂ ਦੀ ਤਾਦਾਦ ਵਿੱਚ ਤੁਹਾਨੂੰ ਸਿਪਾਹੀ ਭਰਤੀ ਕਰਾਉਂਦਾ ਹੈ, ਹੋਰ ਤਬਕਾ ਛੇਤੀ ਛੇਤੀ ਨੇੜੇ ਨਹੀਂ ਲਗਦਾ ।

ਅੱਜ ਫਖਰ ਹੈ ਪੰਜਾਬ ਦੇ ਲੋਕਾਂ ਨੂੰ, ਖਾਸ ਕਰ ਕਿਸਾਨਾਂ ਨੂੰ ਫਖਰ ਹੈ । ਹਿੰਦੁਸਤਾਨ ਐਡਾ ਵੱਡਾ ਮੁਲਕ ਹੈ । ਹਿੰਦੁਸਤਾਨ ਵਿੱਚ ਪੰਜਾਬ ਇਹ ਛੋਟਾ ਸੂਬਾ ਹੈ । ਅੱਜ ਸਾਰੇ ਹਿੰਦੁਸਤਾਨ ਵਿਚੋਂ 56 ਫੀ ਸਦੀ ਪੰਜਾਬੀ ਡੀਫੈਂਸ ਵਿੱਚ ਸੇਵਾ ਕਰ ਰਹੇ ਹਨ । ਫੌਜ ਵਿੱਚ 56 ਫੀ ਸਦੀ ਪੰਜਾਬੀ ਹਨ । ਜੇ ਮੈਂ ਕਹਿ ਦਿਆਂ ਕਿ 99 ਫੀ ਸਦੀ ਹਨ ਤਾਂ ਗਲਤ ਨਹੀਂ ਕਹਿ ਰਿਹਾ । ਪਰ ਥਾਊਜ਼ੈਂਡ ਜਾਂ ਪਰ ਟੂ ਥਾਊਜ਼ੈਂਡ ਦੇਖੀਏ ਤਾਂ ਐਗਰੀਕਲਚਰਿਸਟ 99 ਫੀ ਸਦੀ ਡੀਫੈਂਸ ਵਿੱਚ ਹਨ, ਫੌਜ ਵਿੱਚ ਹਨ। ਕੋਈ ਇਕ ਫੀ ਸਦੀ ਸ਼ਹਿਰੀ ਹੁੰਦੇ ਹੋਣਗੇ । ਜੇ ਟੈਕਸ ਲਾਉਣਾ ਹੈ ਤਾਂ ਕਹਿੰਦੇ ਹਨ ਕਿ ਲਾ ਦਿਉ ਪੇਂਡੂਆਂ ਤੇ । ਇਨ੍ਹਾਂ ਨੇ ਵਿੰਗੇ ਟੇਢੇ ਢੰਗ ਨਾਲ ਕਿਹਾ ਕਿ ਮੈਂ ਮੁੰਡਿਆਂ ਨੂੰ ਕਿਹਾ ਕਿ ਮੁਲਕ ਲਈ ਡੀਫੈਂਸ ਫੰਡ ਇਕੱਠਾ ਕਰਨਾ ਹੈ । ਤੇ ਏਥੇ ਆ ਕੇ ਟੈਕਸ ਲਾਉਣਾ ਹੈ । ਕਹਿੰਦੇ ਹਨ ਕਿ ਮੁਲਕ ਦੇ ਮੁਫਾਦ ਲਈ ਖਰਚ ਕਰਨਾ ਹੈ । ਇਸ ਤਰ੍ਹਾਂ ਇਨ੍ਹਾਂ ਨੇ ਲਿਹਾਜ਼ਾਂ ਪੂਰੀਆਂ ਕੀਤੀਆਂ ਹਨ । ਐਜੂਕੇਸ਼ਨ ਮਨਿਸਟਰ ਉਹ ਸੀ ਤੇ ਉਸ ਨੇ ਕਿਹਾ ਕਿ ਮੈਂ ਮੁੰਡਿਆਂ ਨੂੰ ਕਿਹਾ ਕਿ ਤੁਸੀਂ ਪੈਸੇ

[ਸਰਦਾਰ ਗੁਰਚਰਨ ਸਿੰਘ]

ਇਕੱਠੇ ਕਰ ਲਉ । ਏਸ ਤਰ੍ਹਾਂ ਰੈਵੀਨਿਉ ਮਨਿਸਟਰ ਸਾਹਿਬ ਕਹਿ ਦੇਣ ਕਿ ਮੈਂ ਪਟਵਾਰੀਆਂ ਨੂੰ ਕਹਿ ਦਿੰਦਾ ਹਾਂ ਕਿ ਪੈਸੇ ਇਕਠੇ ਕਰੋ । ਜੇਲ ਦੇ ਮਨਿਸਟਰ ਕਹਿ ਦੇਣ ਕਿ ਮੈਂ ਕੈਦੀਆਂ ਨੂੰ ਕਹਿ ਦਿੰਦਾ ਹਾਂ ਕਿ ਆਪਣੇ ਘਰ ਦਿਆਂ ਤੋਂ ਪੈਸੇ ਮੰਗਾ ਕੇ ਦਿਉ । ਇਹ ਕੋਈ ਤਰੀਕਾ ਹੈ ? ਤੁਸੀਂ ਟੈਕਸ ਲਾਉਣਾ ਹੈ, ਕਿਸ ਕਲਾਸ ਤੇ ਅਤੇ ਕਿਸ ਢੰਗ ਨਾਲ ਲਾਉਣਾ ਹੈ ? ਇਹ ਕੋਈ ਤਰੀਕਾ ਨਹੀਂ ਕਿ ਕਿਸਾਨ ਤੇ ਲਾਉ ਜਿਹੜਾ ਇਸ ਮੁਲਕ ਨੂੰ ਅੰਨ ਇਕੱਠਾ ਕਰਕੇ ਦਿੰਦਾ ਹੈ । ਉਸ ਦੀ ਹਾਲਤ ਅੱਜ ਐਨੀ ਭੈੜੀ ਹੋ ਗਈ ਹੈ ਕਿ ਕਹੀ ਨਹੀਂ ਜਾਂਦੀ । ਡਿਪਟੀ ਸਪੀਕਰ ਸਾਹਿਬਾ, ਇਹ ਤਿੰਨ ਫਸਲਾਂ ਨੂੰ ਕਮਰਸ਼ਲ ਕਰਾਪਸ ਕਹਿੰਦੇ ਹਨ—ਕਪਾਹ, ਮਿਰਚਾਂ ਤੇ ਗੰਨਾ । ਡਿਪਟੀ ਸਪੀਕਰ ਸਾਹਿਬਾ, ਮੈਂ ਗੰਨੇ ਦੇ ਮੁਤੱਲਿਕ ਅਰਜ਼ ਕਰ ਦੇਵਾਂ । ਸਾਡੀ ਸਰਕਾਰ ਨੇ ਗੰਨੇ ਤੇ ਟੈਕਸ ਲਾ ਦਿੱਤਾ । ਪਹਿਲੀ ਗੱਲ ਇਹ ਹੈ ਕਿ ਪੰਜਾਬ ਦੇ ਕਿਸਾਨ ਗੰਨਾ ਘਟ ਬੀਜਦੇ ਹਨ । ਇਸ ਦੇ ਬੀਜਣ ਲਈ ਉਨ੍ਹਾਂ ਦੀ ਗੁੰਜਾਇਸ਼ ਨਹੀਂ । ਜੇ ਗੰਨਾ ਕਮਰਸ਼ਲ ਕਰਾਪ ਹੋਵੇ ਤਾਂ ਕੋਈ ਵਜਹ ਨਹੀਂ ਕਿ ਕਿਸਾਨ ਇਸ ਨੂੰ ਏਥੇ ਨਾ ਬੀਜਣ । ਅੱਜ ਯੂ. ਪੀ. ਵਿੱਚ ਜਾ ਕੇ ਦੇਖੋ । ਯੂ. ਪੀ. ਦਾ ਜ਼ਿਮੀਂਦਾਰ ਓਥੇ ਜ਼ਿਆਦਾ ਤੋਂ ਜ਼ਿਆਦਾ ਰਕਬਾ ਗੰਨੇ ਥਲੇ ਰਖਦਾ ਹੈ । ਉਥੋਂ ਦੀ ਜ਼ਮੀਨ ਜ਼ਿਆਦਾ ਬਾਰਸ਼ ਨੂੰ ਬਰਦਾਸ਼ਤ ਕਰ ਸਕਦੀ ਹੈ । ਸਾਡੀ ਜ਼ਮੀਨ ਵਿੱਚ ਵਾਟਰ-ਲਾਗਿੰਗ ਹੈ । ਏਥੇ ਜ਼ਿਆਦਾ ਬਾਰਸ਼ ਬਰਦਾਸ਼ਤ ਨਹੀਂ ਕਰਦੀ । ਜ਼ਿਆਦਾ ਬਾਰਸ਼ ਹੁੰਦੀ ਹੈ ਤਾਂ ਗੰਨਾ ਖਰਾਬ ਹੋ ਜਾਂਦਾ ਹੈ ਤੇ ਬਾਰਸ਼ ਘਟ ਹੋਣ ਨਾਲ ਗੰਨਾ ਸੜ ਜਾਂਦਾ ਹੈ । ਇਸ ਸਾਲ ਕਮਾਦ, ਗੰਨਾ ਬਹੁਤ ਘਟ ਬੀਜਿਆ ਹੈ । ਮੈਂ ਸਮਝਦਾ ਹਾਂ ਕਿ ਹਜ਼ਾਰਾਂ ਲਖਾਂ ਏਕੜ ਵਿਚੋਂ ਕੋਈ ਹੋਵੇਗਾ ਜਿੱਥੇ ਕਿ 400 ਮਣ ਫੀ ਏਕੜ ਤੋਂ ਵੱਧ ਐਵਰੇਜ ਹੋਵੇਗੀ । ਮੇਰਾ ਖ਼ਿਆਲ ਹੈ ਕੋਈ ਨਹੀਂ ਹੋਵੇਗਾ । ਇਸ ਦਾ ਭਾਉ ਹੈ ਦੋ ਰੁਪਏ ਫੀ ਮਣ । ਉਸ ਤੇ ਲੇਬਰ, ਮਜ਼ਦੂਰੀ, ਮਿਲ ਤਕ ਭੇਜਣ ਵਾਸਤੇ ਭਾੜਾ ਲਗਦਾ ਹੈ । ਜ਼ਿਮੀਂਦਾਰ ਦੇ ਪੱਲੇ ਰੁਪਿਆ, ਸਵਾ ਰੁਪਿਆ ਫੀ ਮਣ ਹੀ ਰਹਿ ਜਾਂਦਾ ਹੈ । ਇਹ ਸਾਰੇ ਸਾਲ ਦੀ ਖੱਟੀ ਹੈ । ਉਹ ਉਸ ਜ਼ਮੀਨ ਵਿੱਚ ਹੋਰ ਕੋਈ ਫਸਲ ਨਹੀਂ ਬੀਜ ਸਕਦਾ । ਜੇ ਜ਼ਿਮੀਂਦਾਰ ਮੱਕੀ ਬੀਜਦਾ ਹੈ ਤਾਂ ਉਸ ਦੇ ਮਗਰੋਂ ਕਣਕ ਜਾਂ ਹੋਰ ਕੋਈ ਫਸਲ ਉਸ ਜ਼ਮੀਨ ਵਿੱਚ ਬੀਜ ਸਕਦਾ ਹੈ । ਕਮਾਦ ਦੀ ਇਕੋ ਫਸਲ ਸਾਲ ਵਿੱਚ ਹੁੰਦੀ ਹੈ । ਜਿਵੇਂ ਮੈਂ ਕਿਹਾ ਹੈ ਕੋਈ ਜ਼ਿਮੀਂਦਾਰ 400 ਮਣ ਫੀ ਏਕੜ ਗੰਨੇ ਦੀ ਉਪਜ ਤੋਂ ਐਕਸੀਡ ਨਹੀਂ ਕਰਦਾ । ਇਹ ਕਹਿੰਦੇ ਹਨ ਕਿ ਗੰਨਾ ਕਮਰਸ਼ਲ ਕਰਾਪ ਹੈ । ਪਿੰਡਾਂ ਵਾਲਿਆਂ ਨੂੰ ਘਟ ਖੰਡ ਦਿੱਤੀ ਜਾਂਦੀ ਹੈ ਤੇ ਸ਼ਹਿਰਾਂ ਵਾਲਿਆਂ ਨੂੰ ਵੱਧ ਦਿੱਤੀ ਜਾਂਦੀ ਹੈ । ਇਹ ਪਿੰਡਾਂ ਵਾਲਿਆਂ ਦੀ ਹੱਤਕ ਹੈ, ਜੋ ਪਿੰਡਾਂ ਵਾਲੇ ਮਹਿਸੂਸ ਕਰਦੇ ਹਨ ਕਿ ਇਹ ਕਾਂਗਰਸ ਸਰਕਾਰ ਨੇ ਉਨ੍ਹਾਂ ਲਈ ਓਸੇ ਤਰ੍ਹਾਂ ਲਿਖ ਦਿੱਤਾ ਹੈ. ਜਿਵੇਂ ਅੰਗਰੇਜ਼ਾਂ ਨੇ ਇਹ ਕਿਹਾ ਸੀ ਕਿ 'dogs and Indians are not allowed.' ਇਨ੍ਹਾਂ ਨੇ ਸ਼ਹਿਰੀਆਂ ਵਾਸਤੇ ਕਰਨਾ ਹੈ ਤੇ ਦਿਹਾਤੀਆਂ ਵਾਸਤੇ ਨਹੀਂ ਕਰਦੇ। ਅਸੀਂ ਵੀ ਇਸ ਮੁਲਕ ਦੇ ਰਹਿਣ ਵਾਲੇ ਹਾਂ, ਟੈਕਸ ਦਿੰਦੇ ਹਾਂ । ਖੰਡ ਪੈਦਾ ਅਸੀਂ ਕਰੀਏ ਅਤੇ ਸਾਨੂੰ ਖੰਡ ਦਾ ਕੋਟਾ ਘਟ । ਇਹ ਸਾਡੀ ਹੱਤਕ ਹੈ । ਦਿਹਾਤ ਵਾਲਿਆਂ ਨਾਲ ਇਸ ਕਰਕੇ ਇਸ ਤਰ੍ਹਾਂ ਕੀਤਾ ਜਾਂਦਾ ਹੈ, ਕਿਉਂਕਿ ਉਹ ਲੋਕ ਮੋਬਲਾਈਜ਼ ਨਹੀਂ । ਉਨ੍ਹਾਂ ਦਾ ਪਰੈਸ ਨਹੀਂ, ਦਿਹਾਤੀਆਂ ਕੋਲ ਸਟੇਜ ਨਹੀਂ । ਤੋ, ਡਿਪਟੀ ਸਪੀਕਰ ਸਾਹਿਬਾ, ਮੈਂ ਇਸ ਤੋਂ ਅੱਗੇ ਚਲ ਕੇ ਅਰਜ਼ ਕਰਦਾ ਹਾਂ ਕਿ ਸਾਡੇ ਪੰਜਾਬੀ ਯੂਨੀਵਰਸਿਟੀ ਬਣਾਉਣ ਲਗੇ ਜਿਸ ਵਿੱਚ ਦੇਹਾਤੀ ਲੋਕਾਂ ਦੀ ਕੁਝ ਜ਼ਿਆਦਾ ਸਿੰਪਥੀਜ਼ ਹੋਣ ਦਾ ਖ਼ਿਆਲ ਸੀ , ਉਸ ਵੇਲੇ ਦੀ ਸਰਕਾਰ ਨੇ ਕਿਹਾ ਕਿ ਇਨ੍ਹਾਂ ਨੂੰ ਯੂਨੀਵਰਸਿਟੀ ਤਾਂ ਦੇਣੀ ਹੈ, ਇਨ੍ਹਾਂ ਤੇ ਯੂਨੀਵਰਸਿਟੀ ਟੈਕਸ ਠੋਕ ਦਿੱਤਾ । ਹੋਰ ਯੂਨੀਵਰਸਿਟੀਆਂ ਵੀ ਬਣੀਆਂ ਹਨ, ਪੰਜਾਬ ਯੂਨੀਵਰਸਿਟੀ ਹੈ । ਸਰਕਾਰ ਹੋਰ ਸੌ ਕਰੋੜ ਰੁਪਿਆ ਹਰ ਸਾਲ ਖਰਚ ਕਰਦੀ ਹੈ । ਜੇ ਸਾਡੇ ਵਾਸਤੇ ਪੈਸਾ ਖਰਚ ਕਰਨਾ

ਹੈ ਤਾਂ ਸਾਡੇ ਕੋਲੋਂ ਹੀ ਲੈਂਦੇ ਹਨ । ਜੇ ਹੋਰ ਕਿਸੇ ਵਾਸਤੇ ਬਣੇ ਤਾਂ ਉਨ੍ਹਾਂ ਨੂੰ ਪੁਛਣਾ ਨਹੀਂ । ਕੀ ਅਸੀਂ ਇਸ ਮੁਲਕ ਦੇ ਬਾਸ਼ਿੰਦੇ ਨਹੀਂ ? ਅਸੀਂ ਕਿਰਾਏ ਤੇ ਲਿਆਂਦੇ ਹੋਏ ਹਾਂ ? ਜੋ ਦੇ ਸਕਦਾ ਹੈ ਉਸ ਤੇ ਟੈਕਸ ਲਾਉ । ਜਿਹੜਾ ਨਹੀਂ ਦੇ ਸਕਦਾ ਉਸ ਤੇ ਨਾ ਲਾਉ । ਜਿਹੜਾ ਟੈਕਸ ਦੀ ਈਵੇਜ਼ਨ ਕਰਦਾ ਹੈ ਉਸ ਨੂੰ ਸਜ਼ਾ ਦੇਣੀ ਚਾਹੀਦੀ ਹੈ । ਮੇਰੇ ਲੀਡਰ ਸਰਦਾਰ ਗੁਰਨਾਮ ਸਿੰਘ ਨੇ ਮਸ਼ਵਰੇ ਵਾਸਤੇ ਏਥੇ ਮਨਿਸਟਰ ਸਾਹਿਬ ਨੂੰ ਇਕ ਗੱਲ ਕਹੀ ਸੀ ਕਿ ਜਿਹੜੇ ਟੈਕਸ ਈਵੇਜ਼ਨ ਕਰਦੇ ਹਨ ਉਨ੍ਹਾਂ ਨੂੰ ਪਕੜੋ । ਹਰ ਸ਼ਹਿਰ ਵਿੱਚ ਹਜ਼ਾਰਾਂ ਦੀ ਤਾਦਾਦ ਵਿੱਚ ਪ੍ਰਾਈਵੇਟ ਕਾਰਾਂ ਟੈਕਸੀਆਂ ਚਲਦੀਆਂ ਹਨ। ਮਨਿਸਟਰ ਸਾਹਿਬ ਨੇ ਕਿਹਾ ਕਿ ਤੁਸੀਂ ਦਸੋ । ਇਕ ਦਿਨ ਮੈਂ ਮਨਿਸਟਰ ਸਾਹਿਬ ਨੂੰ ਦਸਿਆ ਕਿ ਜਿਹੜੇ ਟਰਾਂਸ- ਪੋਰਟਰਜ਼ ਹਨ—ਮੈਂ ਵੀ ਟਰਾਂਸਪੋਰਟਰ ਹਾਂ ਤੇ ਹੁਣ ਵੀ ਹਾਂ..(ਵਿਘਨ) ਮੈਂ ਟੈਕਸ ਈਵੇਜ਼ਨ ਦਾ ਜ਼ਿਕਰ ਕਰ ਰਿਹਾ ਹਾਂ । ਮੈਂ ਕਹਿੰਦਾ ਹਾਂ ਕਿ ਟੈਕਸ ਈਵੇਜ਼ਨ ਹੁੰਦੀ ਹੈ । ਕਈ ਟਰਾਂਸਪੋਰਟਰਜ਼ ਟੈਕਸ ਨਹੀਂ ਦਿੰਦੇ, ਉਹ ਇਸ ਦੀ ਚੋਰੀ ਕਰਦੇ ਹਨ, । ਉਸ ਚੋਰੀ ਦੇ ਟੈਕਸ ਦੇ ਬਦਲੇ ਉਨ੍ਹਾਂ ਤੋਂ ਹੋਰ ਕੰਮ ਲਿਆ ਜਾਂਦਾ ਹੈ । ਈਲੈਕਸ਼ਨ ਵੇਲੇ ਜਾਂ ਈਲੈਕਸ਼ਨ ਕਾਨਫਰੰਸ ਵੇਲੇ ਕਾਂਗਰਸ ਰੂਲਿੰਗ ਪਾਰਟੀ ਨੇ ਉਨ੍ਹਾਂ ਨੂੰ ਇਸਤੇਮਾਲ ਕਰਨਾ ਹੁੰਦਾ ਹੈ। ਉਸ ਸਮੇਂ ਉਨ੍ਹਾਂ ਤੋਂ ਦਸ ਦਸ ਜਾਂ ਵੀਹ ਵੀਹ ਹਜ਼ਾਰ ਰੁਪਿਆ ਲੈਂਦੇ ਹੋ । ਕਦੇ ਉਸ ਦਾ ਰਿਕਾਰਡ, ਰਜਿਸਟਰ ਜਾਂ ਵਾਊਚਰ ਦੇਖੇ ਹਨ ਕਿ ਇਹ ਰੁਪਿਆ ਉਸ ਨੇ ਕਿਥੇ ਦਿਖਾਇਆ ਜਾਂ ਬਲੈਕ ਦੇ ਖਾਤੇ ਵਿੱਚ ਪਾਇਆ ਹੈ ? ਕੀ ਉਸ ਤੇ ਟੈਕਸ ਅਦਾ ਕੀਤਾ ਗਿਆ ਹੈ ? ਉਸ ਤੋਂ ਲਖਾਂ ਰੁਪਿਆ ਲੈਂਦੇ ਹੋ । ਕੀ ਉਹ ਕਿਸੇ ਰਜਿਸਟਰ ਵਿੱਚ ਕਿਸੇ ਕੰਪਨੀ ਨੇ ਸ਼ੋ ਕੀਤਾ ਹੈ ? ਜੇ ਦਿਖਾਏ ਹੋਣ ਤਾਂ ਮੈਂ ਗੁਨਾਹਗਾਰ ਹਾਂ । ਜਿਸ ਤਰ੍ਹਾਂ ਸਰਦਾਰ ਗੁਰਨਾਮ ਸਿੰਘ ਜੀ ਨੇ ਕਿਹਾ ਸੀ, ਮੈਂ ਅਰਜ਼ ਕਰ ਰਿਹਾ ਸੀ ਕਿ ਮੈਂ ਇਕ ਮਿਸਾਲ ਦਸਾਂਗਾ । ਇਨ੍ਹਾਂ ਦੀ ਨਾਲਾਇਕੀ ਹੈ, ਬਲਕਿ ਮੈਂ ਕਹਾਂਗਾ ਕਿ ਚੋਰਾਂ ਦੀ ਸਰਕਾਰ ਹੈ ਜੋ ਚੋਰਾਂ ਦੀ ਮਦਦ ਕਰਦੀ ਹੈ।

ਡਿਪਟੀ ਸਪੀਕਰ : ਚੰਗੇ ਲਫਜ਼ ਵਰਤੋ, ਜੋ ਕਹਿਣਾ ਹੈ ਕਹੋ । ਮਿਹਰਬਾਨੀ ਕਰਕੇ ਇਹ ਲਫਜ਼ ਵਾਪਸ ਲਉ । (Please use decent language and say whatever you like. Please withdraw these words.)

ਸਰਦਾਰ ਗੁਰਚਰਨ ਸਿੰਘ : ਇਹ ਲੋਕ ਕਹਿਦੇ ਨੇ..

ਡਿਪਟੀ ਸਪੀਕਰ : ਇਹ ਲਫਜ਼ ਵਾਪਸ ਲਉ । (Please withdraw these words.)

ਸਰਦਾਰ ਗੁਰਚਰਨ ਸਿੰਘ : ਲਓ, ਮੈਂ ਵਾਪਸ ਲੈ ਲੈਂਦਾ ਹਾਂ ।

ਡਿਪਟੀ ਸਪੀਕਰ : ਮੇਜਰ ਸਾਹਿਬ, ਮੈਂ ਤੁਹਾਨੂੰ ਦਰਖਾਸਤ ਕਰਦੀ ਹਾਂ, ਤੁਸੀਂ ਬਹੁਤ ਅਛਾ ਕੰਮ ਕਰ ਰਹੇ ਹੋ, ਬਿਹਤਰ ਹੈ ਕਿ ਤੁਸੀਂ ਦੋ ਚਾਰ ਮੈਂਬਰਾਂ ਨੂੰ ਲਾਬੀ ਵਿੱਚ ਲੈ ਜਾਉ ਅਤੇ ਉਨ੍ਹਾਂ ਨਾਲ ਸਲਾਹ ਕਰ ਲਉ । (I would request Sardar Harinder Singh Major, the Minister for Revenue that he should better take a few members to the lobbies and consult them. He is doing very good work.)

ਮਾਲ ਮੰਤ੍ਰੀ (ਸਰਦਾਰ ਹਰਿੰਦਰ ਸਿੰਘ ਮੇਜਰ) : ਉਹੀ ਗੱਲ ਡਿਸਕਸ ਕਰ ਰਹੇ ਹਾਂ ।

ਡਿਪਟੀ ਸਪੀਕਰ : ਜਿਹੜਾ ਸਾਰੇ ਦਿਨ ਦੀ ਬਹਿਸ ਦੇ ਬਾਅਦ ਕਹਿਣਾ ਹੈ ਉਹ ਪਹਿਲਾਂ ਹੀ ਕਹਿ ਦਿਉ । (He may say now what he wants to say after full day's debate.)

ਮਾਲ ਮੰਤ੍ਰੀ (ਸਰਦਾਰ ਹਰਿੰਦਰ ਸਿੰਘ ਮੇਜਰ) : ਮੇਰੇ ਵਿਚ ਐਨੀ ਸ਼ਕਤੀ ਤਾਂ ਨਹੀਂ ਕਿ ਮੈਂ ਮੈਂਬਰਾਂ ਨੂੰ ਕੋਈ ਵਿਪ ਏਧਰ ਜਾਂ ਓਧਰ ਜਾਰੀ ਕਰ ਸਕਾਂ । ਮੈਂ ਤਾਂ ਆਪਣੇ ਢੰਗ ਨਾਲ ਅਪੀਲ ਕਰਦਾ ਹਾਂ ਜੋ ਪਰਸਪਰ ਪਿਆਰ ਤੇ ਮਬਨੀ ਹੈ। ਉਹ ਮੈਂ ਕਰ ਰਿਹਾ ਹਾਂ । ਵੈਸੇ ਮੈਨੂੰ ਪੂਰਾ ਯਕੀਨ ਹੈ ਕਿ ਮੈਂਬਰ ਸਾਹਿਬਾਨ ਮੇਰੇ ਨਾਲ ਪਿਆਰ ਕਰਦੇ ਨੇ । ਮੈਂ ਇਨ੍ਹਾਂ ਸਾਰਿਆਂ ਦੀ ਸੇਵਾ ਕਰਦਾ ਹਾਂ । ਇਸ ਲਈ ਬਾਹਰ ਜਾਣ ਦੀ ਲੋੜ ਨਹੀਂ, ਏਥੇ ਹੀ ਕੰਮ ਹੋ ਜਾਏਗਾ ।

ਡਿਪਟੀ ਸਪੀਕਰ : ਮੈਂ ਵੀ ਏਹੀ ਕਹਿਣਾ ਸੀ ਕਿ ਤੁਹਾਡੇ ਪਿਆਰ ਨਾਲ ਹੀ ਸਾਰਿਆਂ ਨੇ ਮੰਨ ਲੈਣਾ ਹੈ । (I was also of the view that they all will agree by his persuasive efforts.)

ਸਰਦਾਰ ਗੁਰਚਰਨ ਸਿੰਘ : ਪਰਾਈਵੇਟ ਕਾਰਜ਼ ਦੇ ਮੁਤੱਲਿਕ ਮੈਂ ਟਰਾਂਸਪੋਰਟ ਮਨਿਸਟਰ ਸਾਹਿਬ ਨੂੰ ਅਰਜ਼ ਕੀਤੀ ਸੀ ਕਿ ਸਾਡੇ ਪੰਜਾਬ ਵਿੱਚ ਪਰਾਈਵੇਟ ਕਾਰਾਂ ਟੈਕਸੀਆਂ ਦੇ ਤੌਰ ਤੇ ਚਲ ਰਹੀਆਂ ਹਨ। ਪਰਾਈਵੇਟ ਕਾਰਾਂ ਅਤੇ ਟੈਕਸੀਆਂ ਦੇ ਨੰਬਰ ਪਲੇਟ ਵਿੱਚ ਫ਼ਰਕ ਹੈ। ਜਿਹੜੀ ਕਾਲੀ ਪਲੇਟ ਪਰਾਈਵੇਟ ਕਾਰ ਦੀ ਹੈ ਉਹ ਟੈਕਸੀ ਦੀ ਨਹੀਂ ਹੋਏਗੀ । ਕਾਰਾਂ ਦਾ ਆਮ ਕੋਈ ਰੰਗ ਹੋਏਗਾ ਅਤੇ ਟੈਕਸੀ ਦਾ ਇਕ ਪਰੈਸਕਰਾਈਬਡ ਰੰਗ—ਕਾਲਾ ਅਤੇ ਪੀਲਾ ਰੰਗ ਹੋਏਗਾ ।

ਸਰਕਾਰ ਨੂੰ ਜਦੋਂ ਗੌਰਮੈਂਟ ਡੀਊਟੀ ਲਈ ਪ੍ਰਾਈਵੇਟ ਟੈਕਸੀਆਂ ਦੀ ਲੋੜ ਹੁੰਦੀ ਹੈ ਤਾਂ ਉਦੋਂ ਇਹ ਕਹਿੰਦੇ ਹਨ ਕਿ ਭਾਈ ਦੇਖੋ ਦੋ ਰੰਗੀ ਗੱਡੀ ਕੋਈ ਨਹੀਂ ਲਿਆਉਣੀ, ਪ੍ਰਾਈਵੇਟ ਟੈਕਸੀਆਂ ਲਿਆਉ । ਪਿੱਛੇ ਜੇਹੇ ਏਥੇ ਸਾਰੇ ਸੂਬਿਆਂ ਦੇ ਐਜੂਕੇਸ਼ਨ ਮਨਿਸਟਰਾਂ ਦੀ ਕਾਨਫਰੰਸ ਹੋਈ। ਉਨ੍ਹਾਂ ਦੇ ਸਟਾਫ ਲਈ ਅਤੇ ਉਨ੍ਹਾਂ ਲਈ 80 ਪ੍ਰਾਈਵੇਟ ਕਾਰਾਂ ਦੀ ਲੋੜ ਪਈ । ਸਰਕਾਰ ਨੇ ਆਡਰ ਕੀਤਾ ਕਿ 80 ਦੀਆਂ 80 ਉਹ ਕਾਰਾਂ ਲਿਆਉ ਜਿਹੜੀਆਂ ਇਕ ਰੰਗ ਦੀਆਂ ਹੋਣ, ਜਿਹੜੀਆਂ ਟੈਕਸ ਦੀ ਚੋਰੀ ਕਰਦੀਆਂ ਹੋਣ । ਹੁਣ, ਡਿਪਟੀ ਸਪੀਕਰ ਸਾਹਿਬਾ, ਇਨ੍ਹਾਂ ਨੂੰ ਚੋਰਾਂ ਦੇ ਹਿੱਸੇਦਾਰ ਨਾ ਕਹੀਏ ਤਾਂ ਹੋਰ ਕੀ ਕਿਹਾ ਜਾ ਸਕਦਾ ਹੈ। ਇਹ ਹਮੇਸ਼ਾਂ ਇਸ ਕਿਸਮ ਦੀਆਂ ਕਾਰਾਂ ਮੰਗਵਾਉਂਦੇ ਹਨ । ਮੈਂ ਕਹਿੰਦਾ ਹਾਂ ਕਿ ਅਗਰ ਇਹ ਉਨ੍ਹਾਂ ਤੇ ਲੁਧਿਆਣੇ, ਅੰਮ੍ਰਿਤਸਰ ਔਰ ਚੰਡੀਗੜ੍ਹ ਵਰਗੀਆਂ ਥਾਵਾਂ ਤੇ ਟੈਕਸ ਲਗਾਉਂਦੇ ਤਾਂ ਅੱਜ ਇਨ੍ਹਾਂ ਨੂੰ ਜੱਟਾਂ ਤੇ ਟੈਕਸ ਲਗਾਉਣ ਦੀ ਲੋੜ ਨਾ ਪੈਂਦੀ ।

ਡਿਪਟੀ ਸਪੀਕਰ ਸਾਹਿਬਾ, ਮੈਂ ਗੰਨੇ ਦੇ ਮੁਤੱਲਿਕ ਪਹਿਲਾਂ ਦੱਸਿਆ ਸੀ ਹੁਣ ਕਪਾਹ ਦੇ ਬਾਰੇ ਦੱਸਦਾ ਹਾਂ ਕਿ ਇਹ ਕਿਸ ਤਰ੍ਹਾਂ ਕਮਰਸ਼ਲ ਬਣੀ । ਕਪਾਹ ਆਮ ਤੌਰ ਤੇ ਦੋ ਜ਼ਿਲਿਆਂ ਵਿੱਚ, ਫੀਰੋਜ਼ਪੁਰ ਅਤੇ ਬਠਿੰਡੇ ਵਿੱਚ ਚੰਗੀ ਹੁੰਦੀ ਹੈ। ਹਿਸਾਰ ਵਿੱਚ ਵੀ ਹੁਣ ਹੋਣ ਲੱਗ ਪਈ ਹੈ । ਕਪਾਹ ਦੇ ਉੱਤੇ ਇਨ੍ਹਾਂ ਨੇ, ਡਿਪਟੀ ਸਪੀਕਰ ਸਾਹਿਬਾ, ਉਦੋਂ ਸੈਸ ਲਾਉਣਾ ਸ਼ੁਰੂ ਕੀਤਾ ਹੈ ਜਦੋਂ ਜ਼ਿਮੀਂਦਾਰਾਂ ਨੂੰ ਉਸ ਵਿੱਚ ਘਾਟਾ ਪੈਣ ਲੱਗ ਪਿਆ ਹੈ। ਫੀਰੋਜ਼ਪੁਰ ਵਿੱਚ ਇਕ ਹੈਲੀਕਾਪਟਰ ਦਵਾਈ ਛਿੜਕਾਉਂਦਾ ਤਬਾਹ ਹੋ ਗਿਆ ਹੈ ਜਿਸ ਵਿੱਚ ਵਿਚਾਰੇ ਪਾਇਲਟ ਵੀ ਮਰ ਗਏ । ਇਸ ਦੇ ਇਲਾਵਾ ਅਠ ਦਸ ਆਦਮੀ ਜ਼ਹਿਰ ਦੇ ਕਾਰਣ ਵੈਸੇ ਕੀੜੇ ਮਾਰਨ ਵਾਲੀਆਂ ਦਵਾਈਆਂ ਨਾਲ ਮਰ ਗਏ । ਅਜ ਜ਼ਿਮੀਂਦਾਰਾਂ ਕੋਲ ਬਲੈਕ ਵਿੱਚ ਦਵਾਈਆਂ ਖਰੀਦ ਕੇ ਸਪਰੇ ਕਰਨ ਦੀ ਤੌਫੀਕ ਨਹੀਂ । ਸਾਡੀ ਸਰਕਾਰ ਨੇ ਏਸ ਘਾਟੇ ਦੇ ਸਮੇਂ ਉਨ੍ਹਾਂ ਦੀ ਕਪਾਹ ਦੀ ਫਸਲ ਤੇ ਸੈਸ ਲਾ ਦਿੱਤਾ ਹੈ । ਇਸ ਤੋਂ ਬਾਅਦ ਹੁਣ ਤੁਸੀਂ ਮਿਰਚ ਦੀ ਗੱਲ ਸੁਣ ਲਉ । ਮਿਰਚ ਬੀਜਣੀ ਅਰਾਈਆਂ ਦਾ ਕੰਮ ਹੈ ਜਿਨ੍ਹਾਂ ਦੇ ਕੋਲ ਇਕ ਅੱਧਾ ਏਕੜ ਜ਼ਮੀਨ ਹੁੰਦੀ ਹੈ । ਉਨ੍ਹਾਂ ਦਾ ਸਾਰਾ ਟੱਬਰ ਉਸ ਦੇ ਵਿੱਚ ਰੰਬਾ ਲੈ ਕੇ ਗੋਡੀ ਕਰਨ ਬੈਠਦਾ ਹੈ ਤਾਕਿ ਰੋਟੀ ਦਾ ਗੁਜ਼ਾਰਾ ਬਣ ਸਕੇ। ਮੈਨੂੰ ਇਹ ਦੱਸਣ ਕਿ ਇਨ੍ਹਾਂ ਦੀਆਂ ਏਨੀਆਂ ਵੱਡੀਆਂ ਵੱਡੀਆਂ ਫਾਰਮਾਂ ਹਨ ਇਨ੍ਹਾਂ ਨੇ ਕਦੀ ਉਥੇ ਮਿਰਚਾਂ ਬੀਜੀਆਂ ਹਨ । ਮਿਰਚ ਤਾਂ ਗਰੀਬ ਆਦਮੀ ਬੀਜਦੇ ਹਨ, ਉਨ੍ਹਾਂ ਤੇ ਸਾਡੀ ਸਰਕਾਰ ਸੈਸ ਲਗਾ ਰਹੀ ਹੈ । ਮੈਂ ਹੈਰਾਨ ਹਾਂ,

ਜਿਹੜਾ ਮੈਟੀਰੀਅਲ ਪੈਦਾ ਕਰਦਾ ਹੈ ਉਹ ਤਾਂ ਇਨ੍ਹਾਂ ਦੀਆਂ ਨਜ਼ਰਾਂ ਵਿੱਚ ਅਮੀਰ ਹੈ ਔਰ ਜਿਹੜਾ ਕੋਈ ਚੀਜ਼ ਮੈਨੂਫੈਕਚਰ ਕਰਦਾ ਹੈ ਉਹ ਇਨ੍ਹਾਂ ਦੀਆਂ ਨਜ਼ਰਾਂ ਵਿੱਚ ਗਰੀਬ ਹੈ । ਉਸ ਨੂੰ ਪਹਿਲਾਂ ਸਰਦਾਰ ਪਰਤਾਪ ਸਿੰਘ ਨੇ ਇਹ ਖਿਤਾਬ ਦੇ ਕੇ ਕਈ ਲਖ ਰੁਪਿਆ ਦਿੱਤਾ । ਪੰਜਾਬ ਦੇ ਤਿੰਨ ਐਸੇ ਵੱਡੇ ਇੰਡਸਟਰੀਅਲਿਸਟ ਹਨ ।

ਡਿਪਟੀ ਸਪੀਕਰ : ਨਾਮ ਨਾ ਲਉ ਜੀ । (Please do not mention their names.)

ਸਰਦਾਰ ਗੁਰਚਰਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਹੁਣ ਵਾਲੀ ਸਰਕਾਰ ਨੇ ਇਥੇ ਬਿਲ ਲਿਆਂਦਾ ਕਿ 40 ਲਖ ਰੁਪਿਆ ਚਾਹੀਦਾ ਹੈ ਉਨ੍ਹਾਂ ਸਰਮਾਏਦਾਰਾਂ ਨੂੰ ਦੇਣ ਵਾਸਤੇ ਕਿਉਂਕਿ ਇਨ੍ਹਾਂ ਨੂੰ ਘਾਟਾ ਪਿਆ ਹੈ । ਇਨ੍ਹਾਂ ਨੂੰ ਪੁਛੋ 14 ਸਾਲ ਤੋਂ ਪੰਜਾਬ ਦਾ ਕਿਸਾਨ ਲਗਾਤਾਰ ਤਬਾਹ ਹੁੰਦਾ ਆ ਰਿਹਾ ਹੈ, ਫੌਜ ਵਿੱਚ ਵੀ ਕਿਸਾਨ ਹੀ ਅੱਗੇ ਹੋ ਕੇ ਲੜਦਾ ਹੈ, ਅਨਾਜ ਵੀ ਉਹੋ ਹੀ ਪੈਦਾ ਕਰਦਾ ਹੈ ਫੇਰ ਉਸ ਦੇ ਘਾਟੇ ਬਾਰੇ ਕਦੇ ਇਸ ਸਰਕਾਰ ਨੇ ਸੋਚਿਆ ਹੈ । ਜੇ ਮਾਮਲਾ ਮੁਆਫ ਕਰਵਾਉਣਾ ਹੋਵੇ ਤਾਂ ਪਟਵਾਰੀ ਮਨਾਉਣਾ ਪੈਂਦਾ ਹੈ ਕਿ ਖਰਾਬਾ ਲਿਖ ਦੇ । ਜੇ ਪਟਵਾਰੀ ਨਾ ਲਿਖੇ ਤਾਂ ਕਿਸਾਨ ਨੂੰ ਕੋਈ ਰਿਆਇਤ ਨਹੀਂ ਮਿਲਦੀ। ਜਿਹੜੇ ਹਰ ਮਹੀਨੇ ਨਵੇਂ ਮਾਡਲ ਦੀ ਕਾਰ ਬਦਲਦੇ ਹਨ ਉਨ੍ਹਾਂ ਨੂੰ ਕਈ ਕਈ ਲੱਖ ਰੁਪਿਆ ਦਿੱਤਾ ਜਾਂਦਾ ਹੈ। ਬੀਬੀ ਜੀ, ਜੇ ਕਿਸੇ ਨੂੰ ਘਾਟਾ ਪੈਂਦਾ ਹੋਵੇ ਤਾਂ ਉਸ ਦਾ ਸਟੈਂਡਰਡ ਆਫ ਲਿਵਿੰਗ ਏਨਾ ਉੱਚਾ ਹੋ ਸਕਦਾ ਹੈ, ਤੁਸੀਂ ਦਸੋ ਸ੍ਰੀ ਡੀ. ਡੀ. ਪੁਰੀ ਨੂੰ ਕਦੇ ਘਾਟਾ ਪੈ ਸਕਦਾ ਹੈ ? ਉਨ੍ਹਾਂ ਨੂੰ ਕਹਿੰਦੇ ਹੋ 40 ਲਖ ਰੁਪਿਆ ਦੇ ਦਿਉ । ਇਹ ਗੱਲ ਤਾਂ ਮੰਨਣ ਵਾਲੀ ਨਹੀਂ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰਾਂ ਟੈਕਸ ਵੀ ਲਾਉਂਦੀਆਂ ਹੁੰਦੀਆਂ ਹਨ ਔਰ ਉਨ੍ਹਾਂ ਦਾ ਫਰਜ਼ ਆਪਣੀ ਰਿਆਇਆ ਦੇ ਸਿਰਾਂ ਤੇ ਹੱਥ ਰਖਣਾ ਵੀ ਹੁੰਦਾ ਹੈ, ਉਨ੍ਹਾਂ ਨੂੰ ਪਰੋਟੈਕਸ਼ਨ ਦੇਣਾ ਵੀ ਹੁੰਦਾ ਹੈ। ਇਹ ਜਿਹੜੇ ਕਾਂਗਰਸ ਦੀਆਂ ਬੈਂਚਾਂ ਤੇ ਮੈਂਬਰ ਬੈਠੇ ਹਨ ਉਨ੍ਹਾਂ ਵਿਚੋਂ ਕੋਈ ਹਿਕ ਤੇ ਹੱਥ ਰਖ ਕੇ ਕਹਿ ਦੇਵੇ ਕਿ ਪੰਜਾਬ ਸਰਕਾਰ ਵਲੋਂ ਕਦੀ ਏਥੋਂ ਦੇ ਕਿਸਾਨਾਂ ਨੂੰ ਇਮਦਾਦ ਮਿਲਦੀ ਹੋਵੇ । ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਯੂਨੀਅਨਿਸਟ ਮਨਿਸਟਰੀ ਵਾਲਿਆਂ ਨੇ ਪਿੰਡਾਂ ਵਿੱਚ ਮੁਕਦਮ ਛੱਡੇ ਹੋਏ ਹੁੰਦੇ ਸੀ ਜਿਹੜੇ ਕਿਸਾਨਾਂ ਨੂੰ ਮਜਬੂਰ ਕਰਦੇ ਸਨ ਕਿ ਖੇਤਾਂ ਵਿੱਚ ਪੋਹਲੀ ਨਹੀਂ ਰਹਿਣ ਦੇਣੀ, ਕੋਈ ਬੇਰੀ ਐਸੀ ਨਹੀਂ ਰਹਿਣ ਦੇਣੀ ਜਿਸ ਨੂੰ ਪਿਉਂਦ ਨਾ ਕੀਤਾ ਹੋਵੇ। ਹੁਣ ਜਦੋਂ ਦੇ ਬਲਾਕ ਬਣੇ ਹਨ ਬੇੜਾ ਹੀ ਰੁੜ੍ਹ ਗਿਆ ਹੈ। ਮੈਂ ਖੁਦ ਬਲਾਕਾਂ ਦਾ ਮੈਂਬਰ ਰਿਹਾ ਹਾਂ, ਮੈਨੂੰ ਪਤਾ ਹੈ ਉਹ ਕੀ ਕਰਦੇ ਹਨ । ਜਿਹੜਾ ਐਗਰੀਕਲਚਰ ਇੰਸਪੈਕਟਰ ਹੁੰਦਾ ਹੈ, ਉਹ ਪੜ੍ਹਿਆ ਲਿਖਿਆ ਹੁੰਦਾ ਹੈ, ਉਸ ਦੇ ਉਪਰ ਅਨਪੜ੍ਹ ਅਤੇ ਨਾਲਾਇਕ ਬੀ. ਡੀ. ਓ. ਲਗਾਏ ਜਾਂਦੇ ਹਨ ਕਿਉਂਕਿ ਉਹ ਸਰਕਾਰ ਦੇ ਆਪਣੇ ਬੰਦੇ ਹੁੰਦੇ ਹਨ। ਉਨ੍ਹਾਂ ਦਾ ਆਪਸ ਵਿੱਚ ਹਮੇਸ਼ਾਂ ਝਗੜਾ ਰਹਿੰਦਾ ਹੈ। ਐਗਰੀਕਲਚਰ ਇੰਸਪੈਕਟਰ ਕਹਿੰਦਾ ਹੈ ਕਿ ਮੈਂ ਕਿਉਂ ਬੀ.ਡੀ.ਓ. ਦੀ ਗੱਲ ਮੰਨਾਂ ਇਸ ਨੂੰ ਤਾਂ ਕੁਝ ਆਉਂਦਾ ਹੀ ਨਹੀਂ, ਮੈਂ ਇਸ ਦੇ ਨਾਲੋਂ ਬਹੁਤ ਜ਼ਿਆਦਾ ਪੜ੍ਹਿਆ ਹੋਇਆ ਹਾਂ । ਨਤੀਜਾ ਇਹ ਹੁੰਦਾ ਹੈ ਕਿ ਕਿਸਾਨਾਂ ਨੂੰ ਕੋਈ ਫਾਇਦਾ ਨਹੀਂ ਪਹੁੰਚਦਾ, ਉਹ ਆਪਣੇ ਝਗੜਿਆਂ ਵਿੱਚ ਹੀ ਰਹਿੰਦੇ ਹਨ। ਜੇ ਤੁਸੀਂ ਜ਼ਿਮੀਂਦਾਰਾਂ ਦਾ ਫਾਇਦਾ ਕਰਨਾ ਹੈ ਤਾਂ ਚਾਹੇ ਬਲਾਕ ਤੋੜੋ ਜਾਂ ਨਾ ਤੋੜੋ ਪਰ ਐਗਰੀਕਲਚਰ ਦੇ ਮਹਿਕਮੇ ਨੂੰ ਬਿਲਕੁਲ ਇੰਡੀਪੈਂਡੈਂਟ ਕਰ ਦਿਉ, ਬਲਾਕਾਂ ਦਾ ਉਨ੍ਹਾਂ ਦੇ ਨਾਲ ਕੋਈ ਤਅਲੁਕ ਨਹੀਂ ਹੋਣਾ ਚਾਹੀਦਾ । ਡਿਪਟੀ ਸਪੀਕਰ ਸਾਹਿਬਾ, ਸਰਕਾਰ ਦਾ ਫਰਜ਼ ਹੈ ਕਿ ਕਿਸਾਨਾਂ ਦੀ ਮਦਦ ਕਰੇ । ਜਿਹੜੇ ਸਾਡੇ ਭਰਾ ਪੰਜਾਬ ਵਿਚੋਂ ਜ਼ਮੀਨ ਛਡ ਕੇ ਯੂ. ਪੀ. ਵਿੱਚ ਜਾ ਕੇ ਬੈਠ ਗਏ ਹਨ, ਏਥੋਂ ਦੇ 30 ਏਕੜ ਦੇ ਮਾਲਕ ਨਾਲੋਂ ਉਥੋਂ ਦਾ ਪੰਜ ਏਕੜ ਵਾਲਾ ਚੰਗਾ ਹੈ । ਅੱਜ ਤੁਸੀਂ ਮੱਕੀ ਦੀ ਕੀਮਤ ਦਾ ਮੁਕਾਬਲਾ ਕਰਕੇ ਦੇਖ ਲਉ। ਇਹ ਐਸੀ ਫ਼ਸਲ ਹੈ ਜਿਹੜੀ ਕਿ ਮੋਸਟ ਫਰਟਾਈਲ

[ਸਰਦਾਰ ਗੁਰਚਰਨ ਸਿੰਘ]

ਜ਼ਮੀਨ ਦੇ ਵਿੱਚ ਪੈਦਾ ਹੁੰਦੀ ਹੈ । ਪੰਜਾਬ ਦੇ ਕਿਸਾਨ ਦੀ ਮੱਕੀ 34 ਰੁਪਏ ਕਵਿੰਟਲ ਤੋਂ ਕੋਈ ਵੱਧ ਨਹੀਂ ਲੈਂਦਾ ਔਰ ਹਾਪੜ ਵਿੱਚ ਮੱਕੀ ਦਾ ਭਾ 70 ਰੁਪਏ ਕਵਿੰਟਲ ਹੈ । ਯੂ. ਪੀ. ਵਿੱਚ ਸੌ ਰੁਪਏ ਤੋਂ ਉੱਤੇ ਛੋਲੇ ਵਿਕਦੇ ਹਨ ਔਰ ਪੰਜਾਬ ਵਿਚ 40 ਰੁਪਏ ਤੋਂ ਵੱਧ ਭਾ ਨਹੀਂ । 30 ਮੀਲ ਦੇ ਫਾਸਲੇ ਤੇ ਸਾਡੇ ਨਾਲੋਂ ਦੁਗਣਾ ਭਾ ਮਿਲਦਾ ਹੈ । ਉਨ੍ਹਾਂ ਨੂੰ ਏਨਾ ਫਾਇਦਾ ਹੁੰਦਾ ਹੈ ਔਰ ਸਾਨੂੰ ਏਨਾ ਨੁਕਸਾਨ ਹੁੰਦਾ ਹੈ । ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਜ਼ਿਮੀਂਦਾਰਾਂ ਦਾ ਖ਼ੂਨ ਪੀਣ ਤੇ ਤੁਲੀ ਹੋਈ ਹੈ । ਮੈਂ ਕਹਿੰਦਾ ਹਾਂ ਕਿ ਜੇਕਰ ਇਨ੍ਹਾਂ ਨੇ ਕਿਸਾਨਾਂ ਦਾ ਭਲਾ ਕਰਨਾ ਹੈ ਤਾਂ ਇਸ ਬਿਲ ਨੂੰ ਵਾਪਸ ਲੈ ਲੈਣ ਨਹੀਂ ਤਾਂ ਇਹ ਬਿਲ ਇਨ੍ਹਾਂ ਨੂੰ ਇਸ ਤਰ੍ਹਾਂ ਚੰਬੜੂ ਕਿ ਇਨ੍ਹਾਂ ਨੂੰ ਥਲੇ ਲੈ ਕੇ ਬਹਿ ਜਾਵੇਗਾ ।

ਡਾਕਟਰ ਬਲਦੇਵ ਪ੍ਰਕਾਸ਼ : ਡਿਪਟੀ ਸਪੀਕਰ ਸਾਹਿਬਾ, ਸਾਰੇ ਗਰੁਪਾਂ ਦੇ ਮੈਂਬਰ ਤਕਰੀਬਨ ਬੋਲ ਚੁੱਕੇ ਹਨ । ਮੈਂ ਜਾਨਣਾ ਚਾਹੁੰਦਾ ਹਾਂ ਕਿ ਇਹ ਕਿਸ ਹਿਸਾਬ ਨਾਲ ਟਾਈਮ ਦਿੱਤਾ ਜਾ ਰਿਹਾ ਹੈ ।

ਡਿਪਟੀ ਸਪੀਕਰ : ਤੁਸੀਂ ਧਿਆਨ ਦਿਵਾ ਦਿੱਤਾ ਹੈ, ਠੀਕ ਹੈ ।(He has invited my attention towards this. That would do.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬਾ, ਸਾਡੇ ਗਰੁਪ ਨੂੰ ਵੀ ਟਾਈਮ ਨਹੀਂ ਦਿੱਤਾ ਗਿਆ ।

ਡਿਪਟੀ ਸਪੀਕਰ : ਜੋਸ਼ ਸਾਹਿਬ, ਤਸ਼ਰੀਫ ਰਖੋ, ਤੁਹਾਨੂੰ ਵੀ ਟਾਈਮ ਮਿਲੇਗਾ । (The hon. Member, Comrade Josh, may resume his seat. He will also get time to speak.)

ਸਰਦਾਰ ਤਿਰਲੋਚਨ ਸਿੰਘ ਰਿਆਸਤੀ (ਜੈਤੋ) : ਸਰਕਾਰ ਨੇ ਇਹ ਬਿਲ ਪਾਰਟੀ ਦੇ ਮੈਂਬਰਾਂ ਦੀ ਵਿਰੋਧਤਾ ਦੇ ਕਾਰਣ ਹਾਊਸ ਵਿੱਚ ਪੇਸ਼ ਕੀਤਾ ਹੈ ।

1-00 P.M.

(इस वक्त चौधरी देवी लाल न बैठे बैठे कहा कि क्या यह काला बिल्ला मेरे लिये ही रखा हुआ था ? कांग्रेस के मैम्बरों ने पहले बिल्ला लगाया और बाद में वह काला बिल्ला खोल दिया । जब यह बात सरदार त्रिलोचन सिंह रियास्ती ने सुनी, तो उसने भी अपना काला बिल्ला कमीज़ की बाईं बाज़ू पर लगा लिया ।)

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਢੰਗ ਦੇ ਨਾਲ ਸਰਕਾਰ ਵਲੋਂ ਬਿਲ ਪਾਸ ਕਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਹ ਚੰਗਾ ਤਰੀਕਾ ਨਹੀਂ ਹੈ । ਸਰਕਾਰ ਨੇ ਇਕ ਸ਼ੁਕਰਵਾਰ ਵਾਲੇ ਦਿਨ ਪਾਰਟੀ ਮੀਟਿੰਗ ਕਾਲ ਕੀਤੀ । ਜ਼ਿਆਦਾਤਰ ਮੈਂਬਰ ਉਸ ਦਿਨ ਹਾਜ਼ਰੀ ਲਗਾ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ ।

उपाध्यक्षा : माननीय सदस्य अपनी पार्टी मीटिंग की बातें यहां पर रैफर न करें । (The hon. Member need not refer to his party affairs here on the floor of the House.)

ਪਸ਼ੂ ਪਾਲਨ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ (ਕੈਪਟਨ ਰਤਨ ਸਿੰਘ) : ਆਨ ਏ ਪੁਆਇੰਟ ਆਫ ਆਰਡਰ, ਮੈਡਮ । ਸਰਕਾਰ ਇਹ ਬਿਲ ਪਾਸ ਕਰਾਉਣ ਲਈ ਹਾਊਸ ਵਿੱਚ ਲਿਆਈ ਹੈ ਅਤੇ

ਮਾਨਯੋਗ ਮੈਂਬਰ ਨੇ ਆਪਣੀ ਕਮੀਜ਼ ਦੇ ਖੱਬੇ ਬਾਜ਼ੂ ਉੱਤੇ ਬਿਲਾ ਲਾਇਆ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੋਨਾਂ ਚੀਜ਼ਾਂ ਵਿੱਚ ਕੀ ਫਰਕ ਹੈ ? (ਹਾਸਾ)

ਸਰਦਾਰ ਤਿਰਲੋਚਨ ਸਿੰਘ ਰਿਆਸਤੀ : ਡਿਪਟੀ ਸਪੀਕਰ ਸਾਹਿਬਾ, ਵੈਸੇ ਤਾਂ ਆਪ ਜੀ ਕੋਲੋਂ ਪਾਰਟੀ ਮੀਟਿੰਗ ਵਿੱਚ ਜਿਹੜੀਆਂ ਗੱਲਾਂ ਹੁੰਦੀਆਂ ਹਨ ਉਹ ਛੁਪੀਆਂ ਹੋਈਆਂ ਨਹੀਂ ਹਨ। ਮੈਂ ਸਮਝਦਾ ਹਾਂ ਕਿ ਹਾਊਸ ਦੇ ਕੁਝ ਮੈਂਬਰਾਂ ਨੂੰ ਪਤਾ ਨਹੀਂ ਹੈ। ਇਸ ਲਈ ਮੈਂ ਇਸ ਬਿਲ ਦੇ ਬਾਰੇ ਪਾਰਟੀ ਮੀਟਿੰਗ ਵਿੱਚ ਜੋ ਕੁਝ ਹੋਇਆ, ਉਸ ਦੀ ਥੋੜੀ ਜਾਣਕਾਰੀ ਮੈਂਬਰਾਂ ਨੂੰ ਦੇਣਾ ਚਾਹੁੰਦਾ ਹਾਂ, । ਇਸ ਬਿਲ ਦੇ ਬਾਰੇ ਇਕ ਸ਼ੁਕਰਵਾਰ ਨੂੰ ਪਾਰਟੀ ਮੀਟਿੰਗ ਕਾਲ ਕੀਤੀ ਗਈ। ਉਸ ਦਿਨ ਸਾਡੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਬਾਹਰ ਚਲੇ ਗਏ ਸਨ। ਫਿਰ ਵੀ ਸਾਰੀ ਪਾਰਟੀ ਵਿਚੋਂ 53 ਮੈਂਬਰ ਪਾਰਟੀ ਮੀਟਿੰਗ ਵਿੱਚ ਹਾਜ਼ਰ ਹੋਏ। ਉਥੇ ਉਸ ਬਿਲ ਦੇ ਬਾਰੇ ਡਿਸਕਸ਼ਨ ਹੋਈ। 53 ਮੈਂਬਰਾਂ ਵਿਚੋਂ 18 ਮੈਂਬਰਾਂ ਨੇ ਇਸ ਬਿਲ ਨੂੰ ਪੋਸਟਪੋਨ ਕਰਨ ਦੇ ਵਾਸਤੇ ਸਲਾਹ ਦਿੱਤੀ।

उपाध्यक्षा : आप कभी कभी डिस्कशन में हिस्सा लेते हैं। आप पार्टी मीटिंग की बातों का ज़िक्र न करें। आप बिल पर ही बोलें। (The hon Member participates in the discussion rarely. He should not refer to party meetings here. He should confine himself to the Bill only.)

ਕਾਮਰੇਡ ਜੰਗੀਰ ਸਿੰਘ ਜੋਗਾ : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਅਗਰ ਇਨ੍ਹਾਂ ਦੀ ਪਾਰਟੀ ਮੀਟਿੰਗ ਦੇ ਅੰਦਰ ਕੋਈ ਸਾਜ਼ਿਸ਼ ਹੁੰਦੀ ਹੈ ਅਤੇ ਉਸ ਸਾਜਿਸ਼ ਦੇ ਨਾਲ ਸੂਬੇ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਮਾਨਯੋਗ ਮੈਂਬਰਾਂ ਨੂੰ ਹਾਊਸ ਵਿੱਚ ਉਹ ਸਾਜ਼ਿਸ਼ ਦੱਸਣ ਤੋਂ ਕਿਉਂ ਰੋਕ ਰਹੇ ਹੋ ?

ਸਰਦਾਰ ਤਿਰਲੋਚਨ ਸਿੰਘ ਰਿਆਸਤੀ : ਡਿਪਟੀ ਸਪੀਕਰ ਸਾਹਿਬਾ, ਆਪ ਨੂੰ ਪਤਾ ਹੀ ਹੈ ਕਿ ਸਾਨੂੰ ਅਸੂਲਾਂ ਦੀ ਰਖਿਆ ਦੀ ਖਾਤਰ ਆਪੋਜੀਸ਼ਨ ਦੇ ਬੈਂਚਾਂ ਤੇ ਜਾਣਾ ਪਿਆ ਸੀ। ਮੈਂ ਇਸ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਗਰ ਪਿਛਲੀ ਸਰਕਾਰ ਦੇ ਅੰਦਰ ਕੁਝ ਔਗੁਣ ਸੀ ਤਾਂ ਉਸ ਸਰਕਾਰ ਵਿੱਚ ਗੁਣ ਭੀ ਕਾਫੀ ਸਨ ਲੇਕਿਨ ਇਸ ਸਰਕਾਰ ਦੇ ਅੰਦਰ ਔਗੁਣ ਹੀ ਔਗੁਣ ਨਜ਼ਰ ਆਉਂਦੇ ਹਨ। ਪਿਛਲੀ ਸਰਕਾਰ ਆਪਣੀ ਹਿੰਮਤ ਦੇ ਨਾਲ ਕਾਫੀ ਚਿਰ ਤਕ ਹਕੂਮਤ ਕਰ ਗਈ ਲੇਕਿਨ ਮੈਨੂੰ ਨਜ਼ਰ ਆਉਂਦਾ ਹੈ ਕਿ ਇਹ ਸਰਕਾਰ ਜ਼ਿਆਦਾ ਦੇਰ ਤਕ ਹਕੂਮਤ ਨਹੀਂ ਕਰ ਸਕੇਗੀ। ਅਗਰ ਸਾਡੀ ਸਰਕਾਰ ਦੀ ਵਾਗ ਡੋਰ ਇਨ੍ਹਾਂ ਦੇ ਹੱਥ ਰਹੀ ਤਾਂ ਪਤਾ ਨਹੀਂ ਕਿ ਸਾਡੀ ਪਾਰਟੀ ਦਾ ਹਸ਼ਰ ਕੀ ਹੋਵੇਗਾ। ਵੈਸੇ ਸਾਡੀ ਸਰਕਾਰ "ਜੈ ਜਵਾਨ" ਅਤੇ "ਜੈ ਕਿਸਾਨ" ਦਾ ਨਾਅਰਾ ਲਾਉਂਦੀ ਹੈ ਲੇਕਿਨ ਸਰਕਾਰ ਕਿਸਾਨਾਂ ਉੱਤੇ ਹੀ ਟੈਕਸ ਲਾਉਂਦੀ ਹੈ। ਇਹੋ ਕਿਸਾਨ ਹੈ ਜਿਸ ਨੇ ਖੇਤੀ ਦੀ ਉਪਜ ਕਰਨੀ ਹੈ ਅਤੇ ਦੇਸ਼ ਦੀ ਰਖਿਆ ਕਰਨੀ ਹੈ। ਕਿਸਾਨ ਹੀ ਦੇਸ਼ ਦੀ ਰਖਿਆ ਲਈ ਚੰਦਾ ਪੇ ਕਰਦੇ ਹਨ। ਚਾਹੀਦਾ ਇਹ ਸੀ ਕਿ ਕਿਸਾਨਾ ਨੂੰ ਟੈਕਸਾਂ ਵਿੱਚ ਕੁਝ ਛੋਟ ਦਿੱਤੀ ਜਾਂਦੀ ਲੇਕਿਨ ਕਿਸਾਨਾਂ ਉੱਤੇ ਟੈਕਸ ਲਾ ਕੇ ਉਨ੍ਹਾਂ ਦੀ ਹਾਲਤ ਕਮਜ਼ੋਰ ਕੀਤੀ ਜਾ ਰਹੀ ਹੈ। ਅਗਰ ਕਿਸੇ ਜਗ੍ਹਾ ਰਿਆਇਤ ਦੇਣ ਦੀ ਗੱਲ ਆਉਂਦੀ ਹੈ ਤਾਂ ਉਹ ਰਿਆਇਤ ਸ਼੍ਰੀ ਥਾਪੜ ਜਾਂ ਸ਼੍ਰੀ ਬਿਰਲਾ ਨੂੰ ਦਿੱਤੀ ਜਾਂਦੀ ਹੈ। ਅਸਲੀ ਨਾਅਰਾ ਤਾਂ "ਜੈ ਬਿਰਲਾ", "ਜੈ ਥਾਪੜ" ਹੈ। ਇਸ ਤਰ੍ਹਾਂ ਨਜ਼ਰ ਆਉਂਦਾ ਹੈ ਕਿ ਸਰਕਾਰ "ਜੈ ਜਵਾਨ, ਜੈ ਕਿਸਾਨ "ਦਾ ਨਾਅਰਾ ਭੁਲ ਗਈ ਹੈ। ਮੈਂ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਕਾਫੀ ਮਜਾਰਟੀ ਦੇ ਨਾਲ ਚੁਣ ਕੇ ਇਸ ਹਾਊਸ ਵਿੱਚ ਆਵੇ। ਅਗਰ ਸਰਕਾਰ ਨੇ ਆਪਣੀ ਨੀਤੀ ਬਦਲਣ ਦੀ ਕੋਸ਼ਿਸ਼ ਨਾ ਕੀਤੀ ਤਾਂ ਪਤਾ ਨਹੀਂ

[ਸਰਦਾਰ ਤਿਰਲੋਚਨ ਸਿੰਘ ਰਿਆਸਤੀ]

ਕਿ ਸਾਡੀ ਪਾਰਟੀ ਦਾ ਕੀ ਹਸ਼ਰ ਹੋਵੇਗਾ । ਇਨ੍ਹਾਂ ਦੇ ਕਾਰਨਾਮਿਆਂ ਦੇ ਨਾਲ ਸਾਡੀ ਪਾਰਟੀ ਦਾ ਭੱਠਾ ਬਹਿ ਜਾਵੇਗਾ ।

ਡਿਪਟੀ ਸਪੀਕਰ ਸਾਹਿਬਾ, ਸਾਡੀ ਪਾਰਟੀ ਦੇ ਸੀਨੀਅਰ ਮੈਂਬਰਾਂ ਨੇ ਪਾਰਟੀ ਮੀਟਿੰਗ ਵਿੱਚ ਕਿਹਾ ਕਿ ਅਗਰ ਅਸੀਂ ਪਲੈਨਿੰਗ ਕਮਿਸ਼ਨ ਨੂੰ ਇਹ ਕਿਸਾਨਾਂ ਉੱਤੇ ਟੈਕਸ ਨਾ ਲਾਉਣ ਲਈ ਰਜ਼ਾਮੰਦ ਨਾ ਕਰ ਸਕੇ ਤਾਂ ਐਮ. ਐਲ. ਏ. ਸ਼ਿਪ ਤੋਂ ਰੀਜ਼ਾਈਨ ਕਰ ਜਾਵਾਂਗੇ । ਮੈਂ ਸਮਝਦਾ ਹਾਂ ਕਿ ਅਗਰ ਅਸੀਂ ਇਸ ਵੇਲੇ ਪਲੈਨਿੰਗ ਕਮਿਸ਼ਨ ਨੂੰ ਗੱਲ ਕਰਕੇ ਮਦਦ ਲਈ ਕਨਵਿੰਸ ਨਹੀਂ ਕਰ ਸਕਦੇ ਤਾਂ ਸਾਡੇ ਵਾਸਤੇ ਹੋਰ ਕੋਈ ਅਜਿਹਾ ਮੌਕਾ ਨਹੀਂ ਹੋ ਸਕਦਾ ਹੈ । ਸਾਡੀ ਸਰਕਾਰ ਪਾਰਟੀ ਵਿੱਚ ਵੀ ਸਾਨੂੰ ਕਨਵਿੰਸ ਨਹੀਂ ਕਰ ਸਕਦੀ । ਸਰਕਾਰ ਕੈਬਨਿਟ ਮੀਟਿੰਗਜ਼ ਅਤੇ ਪਾਰਟੀ ਮੀਟਿੰਗਜ਼ ਵਿੱਚ ਸੁਤੀ ਰਹਿੰਦੀ ਹੈ। ਸਾਡੀ ਸਰਕਾਰ ਦੀ ਖੁਰਾਕ 10 ਪਰੌਂਠੇ, ਇਕ ਕਿਲੋ ਛੋਲੇ, 6 ਜੂਸ ਦੇ ਗਲਾਸ, ਇਕ ਛਟਾਂਕ ਬਦਾਮ ਅਤੇ ਇਕ ਬੜਾ ਗਲਾਸ ਦੁਧ ਦਾ ਹੈ । ਇਸੇ ਕਾਰਨ ਸਾਡੀ ਸਰਕਾਰ ਮੀਟਿੰਗਾਂ ਵਿੱਚ ਸੁੱਤੀ ਰਹਿੰਦੀ ਹੈ ਅਤੇ ਖੁਰਾਟੇ ਮਾਰਦੀ ਹੈ । ਪੰਜਾਬ ਦੇ ਕਿਸਾਨਾਂ ਦੀ ਹਾਲਤ ਬਹੁਤ ਖਰਾਬ ਹੈ । ਇਸ ਲਈ ਕਿਸਾਨਾਂ ਉੱਤੇ ਟੈਕਸ ਨਹੀਂ ਲਾਇਆ ਜਾਣਾ ਚਾਹੀਦਾ । ਕਿਸਾਨ ਹੀ ਸਹੀ ਮਾਨਿਆਂ ਵਿੱਚ ਦੇਸ਼ ਦਾ ਰਖਵਾਲਾ ਹੈ । ਅਗਰ ਉਸ ਨੂੰ ਟੈਕਸਾਂ ਦੇ ਬੋਝ ਨਾਲ ਕਮਜ਼ੋਰ ਕਰ ਦਿੱਤਾ ਤਾਂ ਉਸਦੀ ਹਾਲਤ ਪਹਿਲਾਂ ਨਾਲੋਂ ਵੀ ਖਰਾਬ ਹੋ ਜਾਵੇਗੀ ...

उपाध्यक्षा : क्या आपको भी सरकार ने दावत पर बुलाया है ? (Has the hon. Member also been invited by the Government in any parties ?

ਸਰਦਾਰ ਤਿਰਲੋਚਨ ਸਿੰਘ ਰਿਆਸਤੀ : ਡਿਪਟੀ ਸਪੀਕਰ ਸਾਹਿਬਾ, ਮੈਨੂੰ ਵੀ ਇਕ ਦੋ ਬਾਰ ਦਾਵਤ ਖਾਣ ਦਾ ਮੌਕਾ ਮਿਲਿਆ । ਇਸੇ ਕਰਕੇ ਮੈਂ ਇਨ੍ਹਾਂ ਦੀ ਖੁਰਾਕ ਦੀ ਮਿਕਦਾਰ ਦਸ ਸਕਿਆ ਹਾਂ ।

ਡਿਪਟੀ ਸਪੀਕਰ ਸਾਹਿਬਾ, ਸਾਡੇ ਦੇਸ਼ ਨੂੰ ਚੀਨ ਦੇ ਨਾਲ ਮੁਕਾਬਲਾ ਕਰਨਾ ਪੈ ਰਿਹਾ ਹੈ । ਚੀਨ ਇਕ ਬਹੁਤ ਮੱਕਾਰ ਦੁਸ਼ਮਨ ਹੈ । ਇਸੇ ਤਰ੍ਹਾਂ ਪਾਕਿਸਤਾਨ ਵੀ ਸਾਡਾ ਵੱਡਾ ਦੁਸ਼ਮਨ ਹੈ । ਇਹ ਦੇਸ਼ ਭੀ ਚਾਲਬਾਜ਼ ਅਤੇ ਧੋਖੇਬਾਜ਼ ਹੈ । ਚੀਨ ਨੇ ਸਾਡੇ ਦੇਸ਼ ਦੇ ਆਲੇ ਦੁਆਲੇ ਦੇਸ਼ਾਂ ਵਿੱਚ ਮੰਡੀਆਂ ਕਾਇਮ ਕਰ ਲਈਆਂ ਹਨ । ਮੈਂ ਮਿਸਾਲ ਦੇ ਤੌਰ ਤੇ ਦੱਸਣਾ ਚਾਹੁੰਦਾ ਹਾਂ ਕਿ ਸੀਲੋਨ ਪਹਿਲਾਂ ਵੈਸਟਰਨ ਕੰਟਰੀਜ਼ ਤੋਂ ਚਾਵਲ ਖਰੀਦਦਾ ਸੀ। ਸੀਲੋਨ ਉਨ੍ਹਾਂ ਕੋਲੋਂ 98 ਪੌਂਡਜ਼ ਤੇ ਚਾਵਲ ਖਰੀਦਦਾ ਸੀ ਲੇਕਿਨ ਚੀਨ ਨੇ ਸੀਲੋਨ ਦੇਸ਼ ਨੂੰ 54 ਰੁਪਏ ਫੀ ਮਣ ਤੋਂ ਚਾਵਲ ਸਪਲਾਈ ਕਰਨੇ ਸ਼ੁਰੂ ਕਰ ਦਿੱਤੇ । ਕੀ ਅਸੀਂ ਵੀ ਚੀਨ ਨੂੰ ਦੂਜੇ ਦੇਸ਼ਾਂ ਵਿੱਚ ਕਿਸੇ ਮੰਡੀ ਦੇ ਅੰਦਰ ਕੰਪੀਟ ਕਰ ਰਹੇ ਹਾਂ ਜਾਂ ਕਰ ਸਕਦੇ ਹਾਂ ? ਸਾਡੀ ਸਟੇਟ ਦੀਆਂ ਦੋ ਫਸਲਾਂ, ਕਾਟਨ ਅਤੇ ਸ਼ੂਗਰਕੇਨ ਹੁੰਦੀਆਂ ਹਨ । ਅਸੀਂ ਇਨ੍ਹਾਂ ਦੇ ਰਾਹੀਂ ਫਾਰੇਨ ਐਕਸਚੇਂਜ ਅਰਨ ਕਰਦੇ ਹਾਂ ।

ਅਗਰ ਸਰਕਾਰ ਨੇ ਕਿਸਾਨ ਨੂੰ ਇਹ ਟੈਕਸ ਲਾ ਕੇ ਡਿਸਕਰੇਜ ਕਰਨਾ ਹੈ ਤਾਂ ਕਿਸਾਨ ਕਮਰਸ਼ਲ ਕਰਾਪਸ ਦੀ ਉਪਜ ਘਟ ਕਰ ਦੇਵੇਗਾ । ਇਸ ਦੇ ਨਾਲ ਸਰਕਾਰ ਫਾਰੇਨ ਐਕਸਚੇਂਜ ਭੀ ਘਟ ਅਰਨ ਕਰ ਸਕੇਗੀ । ਇਸ ਵੇਲੇ ਸਾਡੇ ਦੇਸ਼ ਨੂੰ ਚੀਨ ਅਤੇ ਪਾਕਿਸਤਾਨ ਦਾ ਮੁਕਾਬਲਾ ਕਰਨ ਲਈ ਲੜਾਈ ਦੇ ਹਥਿਆਰਾਂ ਦੀ ਬਹੁਤ ਲੋੜ ਹੈ । ਸਾਡੇ ਮੁਲਕ ਵਿੱਚ ਹਥਿਆਰ ਬਹੁਤ ਘਟ ਬਣਦੇ ਹਨ । ਇਸ ਲਈ ਸਾਡੀ ਹਿੰਦ ਸਰਕਾਰ ਨੂੰ ਫਾਰੇਨ ਐਕਸਚੇਂਜ ਅਰਨ ਕਰਨ ਦੀ ਬਹੁਤ ਲੋੜ ਹੈ । ਅਗਰ ਸਾਡੀ ਸੂਬੇ ਦੀ ਸਰਕਾਰ ਨੇ ਕਪਾਹ ਅਤੇ ਗੰਨੇ ਦੀ ਫਸਲ ਉਤੇ ਸੈਸ

ਲਾਇਆ ਤਾਂ ਕਿਸਾਨ ਡਿਸਕਰੇਜ ਹੋ ਕੇ ਇਨ੍ਹਾਂ ਦੋਨਾਂ ਫਸਲਾਂ ਦੀ ਉਪਜ ਘਟ ਕਰਨ ਲਈ ਮਜਬੂਰ ਹੋ ਜਾਵੇਗਾ । ਇਸ ਵੇਲੇ 17 ਲਖ ਏਕੜ ਵਿੱਚ 11.25 ਲਖ ਕਾਟਨ ਦੀਆਂ ਗੰਢਾਂ ਪੈਦਾ ਹੁੰਦੀਆਂ ਹਨ ਅਤੇ 7 ਲਖ ਏਕੜ ਜ਼ਮੀਨ ਗੰਨੇ ਦੀ ਕਾਸ਼ਤ ਦੇ ਅਧੀਨ ਹੈ । ਇਸ ਵੇਲੇ 11.47 ਲਖ ਮਣ ਗੰਨਾ ਪੈਦਾ ਹੁੰਦਾ ਹੈ । ਪਿਛਲੇ 3 ਸਾਲਾਂ ਦੇ ਅੰਦਰ ਕਪਾਹ ਦੀ ਫਸਲ ਦੀ ਕਾਸ਼ਤ ਉੱਤੇ ਖਰਚ 50% ਵੱਧ ਗਿਆ ਹੈ ਲੇਕਿਨ ਉਸ ਦੀ ਕੀਮਤ ਵਿੱਚ ਕੋਈ ਇਜ਼ਾਫ਼ਾ ਨਹੀਂ ਹੋਇਆ । ਅਸੀਂ ਦੂਜੇ ਦੇਸ਼ਾਂ ਵਿਚ ਆਪਣਾ ਕਲਾਥ ਭੇਜ ਕੇ ਕਿਵੇਂ ਮੁਕਾਬਲਾ ਕਰ ਸਕਦੇ ਹਾਂ ? ਅਸੀਂ ਕਿਵੇਂ ਜ਼ਿਆਦਾ ਤੋਂ ਜ਼ਿਆਦਾ ਫਾਰੇਨ ਐਕਸਚੇਂਜ ਅਰਨ ਕਰ ਸਕਦੇ ਹਾਂ ? ਇਸ ਲਈ ਸਰਕਾਰ ਨੂੰ ਕਿਸਾਨਾਂ ਦੀ ਮਦਦ ਕਰਨੀ ਚਾਹੀਦੀ ਹੈ ਤਾਕਿ ਜ਼ਿਆਦਾ ਤੋਂ ਜ਼ਿਆਦਾ ਗੰਨਾ ਅਤੇ ਕਪਾਹ ਪੈਦਾ ਕੀਤੀ ਜਾ ਸਕੇ । ਮੈਂ ਸਮਝਦਾ ਹਾਂ ਕਿ ਇਸ ਵੇਲੇ ਕਿਸਾਨ ਨੂੰ ਐਨਕਰੇਜ ਕਰਨ ਦੀ ਲੋੜ ਹੈ ਤਾਕਿ ਜ਼ਿਆਦਾ ਤੋਂ ਜ਼ਿਆਦਾ ਫਸਲ ਪੈਦਾ ਕਰਕੇ ਬਾਹਰਲੇ ਮਲਕਾਂ ਨੂੰ ਕੰਪੀਟ ਕਰ ਸਕੀਏ ।

ਹੋਰ ਵੀ ਕਈ ਮੈਂਬਰ ਬੋਲਣ ਵਾਲੇ ਹਨ ਇਸ ਕਰਕੇ ਮੈਂ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ । ਮੈਂ ਮੇਜਰ ਸਾਹਿਬ ਦੀ ਬੜੀ ਰਿਸਪੈਕਟ ਕਰਦਾ ਹਾਂ, ਉਹ ਬੜੇ ਭਲੇ ਮਾਣਸ ਹਨ, ਮੈਂ ਹਦ ਤੋਂ ਜ਼ਿਆਦਾ ਇਜ਼ਤ ਕਰਦਾ ਹਾਂ । ਅਸੀਂ ਉਨ੍ਹਾਂ ਦੀ ਤਕਲੀਫ਼ ਦਾ ਅਹਿਸਾਸ ਵੀ ਕਰਦੇ ਹਾਂ ਕਿ ਉਨ੍ਹਾਂ ਨੂੰ ਜ਼ਿਆਦਾ ਦੇਰ ਤਕ ਨਾ ਬੈਠਣਾ ਪਵੇ । ਅਸੀਂ ਚਾਹੁੰਦੇ ਹਾਂ ਕਿ non-stop ਸਿਟਿੰਗ ਇਨ੍ਹਾਂ ਦੀ request ਤੇ ਜਲਦੀ ਤੋਂ ਜਲਦੀ ਖਤਮ ਹੋ ਜਾਵੇ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਾਂਗਾ ਕਿ ਇਹ ਬਿਲ ਵਾਪਸ ਲੈ ਲਉ ਤਾਂ ਚੰਗੀ ਗੱਲ ਹੈ । ਸਾਰੇ ਪੰਜਾਬ ਦੇ ਕਿਸਾਨਾਂ ਦੀ ਗੁਡਵਿਲ ਤੁਸੀਂ ਅਰਨ ਕਰੋਗੇ, ਅਤੇ ਜਾਂਦੇ ਹੋਏ ਉਨ੍ਹਾਂ ਦੀਆਂ ਸ਼ੁਭ ਇੱਛਾਵਾਂ ਨਾਲ ਲੈ ਜਾਉ । ਉਨ੍ਹਾਂ ਦਾ ਉਤਸ਼ਾਹ ਵੀ ਵਧੇਗਾ ਅਤੇ ਪ੍ਰੋਡਕਸ਼ਨ ਵੀ ਵਧੇਗੀ ਅਤੇ ਇਸ ਤਰ੍ਹਾਂ ਨਾਲ ਡੀਫੈਂਸ ਲਈ ਵੀ ਕੰਟਰੀਬਿਊਸ਼ਨ ਹੋਵੇਗੀ ।

ਇਕ ਚੀਜ਼ ਹੋਰ ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਸਕੂਲਾਂ ਅਤੇ ਕਾਲਜਾਂ ਦਾ ਇਕੱਠਾ ਕੀਤਾ ਹੋਇਆ ਰੁਪਿਆ ਇਸੇ ਤਰ੍ਹਾਂ ਬਾਹਰ ਜਾਂਦਾ ਰਿਹਾ ਤਾਂ ਫਿਰ ਫੰਡਜ਼ ਇਕੱਠੇ ਕਰਨ ਵਿੱਚ ਵੀ ਤੁਹਾਨੂੰ ਔਕੜਾਂ ਆਉਣਗੀਆਂ । ਪੰਜਾਬ ਦਾ ਇਕੱਠਾ ਕੀਤਾ ਹੋਇਆ ਰੁਪਿਆ ਪੰਜਾਬ ਵਿੱਚ ਹੀ ਖਰਚ ਹੋਣਾ ਚਾਹੀਦਾ ਹੈ ।

ਜੇਕਰ ਇਸੇ ਤਰ੍ਹਾਂ ਦੀਆਂ ਚਾਲਾਂ ਚਲਕੇ ਅਤੇ ਵਿਪ ਲਗਾ ਕੇ ਵੋਟ ਲੈਣ ਦੀ ਕੋਸ਼ਿਸ਼ ਕੀਤੀ ਗਈ ਤਾਂ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿੰਦਾ ਹਾਂ ਕਿ ਉਹ ਆਪਣੇ ਆਪ ਨੂੰ ਦੋ ਤਿੰਨਾਂ ਮਹੀਨਿਆਂ ਦੀ ਮਹਿਮਾਨ ਹੀ ਸਮਝੇ, ਕਿਸੇ ਵੇਲੇ ਵੀ ਧੜੱਮ ਕਰਕੇ ਉਹ ਡਿੱਗ ਜਾਵੇਗੀ । ਜੇਕਰ ਉਸ ਨੇ ਲੋਕਾਂ ਦੀ ਹਮਦਰਦੀ ਵਿਨ ਓਵਰ ਕਰਨੀ ਹੈ ਤਾਂ ਫਿਰ ਲੋਕਾਂ ਵਿਰੋਧੀ ਨੀਤੀ ਅਤੇ ਕਿਸਾਨਾਂ ਵਿਰੋਧੀ ਨੀਤੀ ਉਸ ਨੂੰ ਨਹੀਂ ਅਪਨਾਉਣੀ ਚਾਹੀਦੀ । ਕਿਸਾਨਾਂ ਦੇ ਭਲੇ ਦੇ ਕੰਮ ਕਰਨੇ ਚਾਹੀਦੇ ਹਨ, ਲੋਕਾਂ ਦੇ ਭਲੇ ਦੇ ਕੰਮ ਕਰਨੇ ਚਾਹੀਦੇ ਹਨ । ਮੇਰਾ ਖ਼ਿਆਲ ਹੈ ਕਿ ਆਪੋਜ਼ੀਸ਼ਨ ਅਤੇ ਕਾਂਗਰਸ ਪਾਰਟੀ ਦੇ 50 ਫੀ ਸਦੀ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ ਹੈ । ਅਗਰ ਇਸ ਦੇ ਬਾਵਜੂਦ ਵੀ ਵਿਪ ਲਗਾ ਕੇ ਇਸ ਬਿਲ ਨੂੰ ਪਾਸ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਹੋ ਸਕਦਾ ਹੈ ਪਾਰਟੀ ਡਿਸਿਪਲਿਨ ਤੋਂ ਮਜਬੂਰ ਹੋ ਕੇ ਕਾਂਗਰਸੀ ਮੈਂਬਰ ਵੋਟ ਦੇ ਦੇਣ ਲੇਕਿਨ ਕਾਂਗਰਸ ਪਾਰਟੀ ਦੇ ਮੈਂਬਰਾਂ ਦੀ ਹਮਦਰਦੀ (*looking towards opposirion*) ਤੁਹਾਡੇ ਨਾਲ ਹੋਵੇਗੀ ।

चौधरी सत्यदेव (फाजिलका) : डिप्टी स्पीकर साहिबा, आपने मुझे टाईम दिया है मैं आपका धन्यवाद करता हूँ । सरकार यह जो बिल पास करवाने जा रही है मुझे समझ नहीं आती कि इसका नाम कमर्शियल क्राप्स बिल कहा जाए या किसान कमर तोड़ बिल कहा जाए । बड़े

[चौधरी सत्य देव]

अफसोस के साथ कहना पड़ता है कि जब आज से तीन वर्ष पहले इसी हाउस में यह बिल पास हुआ था तो उस वक्त मैम्बरों ने इसे एक आर्ज़ी बिल कह कर पास कर दिया था, अभी उस बिल की मयाद 31 मार्च, 1966 तक बाकी है फिर भी न जाने कि सरकार क्यों इतनी जल्दी इसमें तरमीम करने जा रही है । मैं आपके द्वारा हाउस में यह अर्ज़ करना चाहता हूँ कि अभी देश में एमरजेंसी थी, इस बिल को पास करवाने का उचित समय नहीं था । एक तरफ तो हमारी सरकार यह पास करती है कि बार्डर एरियाज़ के ज़िलों में आब्याना माफ किया जाएगा और दूसरी तरफ यह टैक्स भी लगा रही है । मैं मिनिस्टर साहिब से दरखास्त करना चाहता हूँ कि आपने जो नारा 'जय किसान, जय जवान' का लगाया है वह बिल्कुल दुरुस्त है लेकिन यह जो इनाम आप किसानों को देने जा रहे हैं यह क्या सोच कर दे रहे हैं, यह बात शोभा नहीं देती । ये जो तीर आप अपने धनुष में चढ़ा रहे हैं इस से एक, दो, या तीन किसानों का खून नहीं होगा बल्कि इससे हज़ारों और लाखों किसान घायल होने वाले हैं । वे लोग आपको बददुआ देंगे । एक तरफ तो हमारे लीडर यह नारा लगाते हैं और लोगों को कहते हैं कि दिल्ली की कोठियों में अन्न पैदा किया जाए ताकि अनाज की कमी को पूरा किया जा सके । इस बात को मद्देनज़र रख कर किसानों ने जो एरिया उन की ज़मीनों के साथ अनकमांडिड था कमांडेबल बनाया । उस रक्बे को कमांडेबल बनाने के लिये उनको सख्त मेहनत करनी पड़ी । अपने पानी से बचत करके उन्होंने उस ज़मीन पर फसल बोई ताकि देश की उपज में वृद्धि हो । ऐसी नई ज़मीन निकालने के सिले में सरकार को किसानों को रियायत देनी चाहिए थी । लेकिन सरकार ने उनको क्या रियायत दी है ? दूसरी ज़मीनों पर तो अढ़ाई रुपये बैटरमेंट लैवी ली जाती है लेकिन जो ज़मीन किसान ने अपनी मेहनत से देश के भले के लिये बनाई है उस पर दस रुपये एकड़ बैटरमेंट लैवी ली जाती है । उनके साथ रियायत की जगह पर बेइनसाफी हो रही है । अढ़ाई रुपये की जगह पर उनसे दस रुपये फी एकड़ चार्ज किये जाते हैं ।

किसान खांड और गुड़ पैदा करने वाला है । लेकिन हाउस में बहुत से मैम्बरान ने बताया है कि देहात में खांड की पोज़ीशन क्या है । देहात में किसानों को बहुत कम खांड दी जाती है और जो भी दी जाती है वह भी बहुत मुश्किल से । शहरों में तो लोग हर महीने अपना कोटा मुकर्रर टाईम पर ले लेते हैं। अब गांव में गुड़ की कमी की वजह से किसान अपनी और अपने हल चलाने वाले पशुओं की जरूरतों को कैसे पूरा करें । अपनी जरूरत को भी पूरा करने के लिये उसको जा कर लाईन में खड़ा होना पड़ता है । लेकिन हमारे मिनिस्टर साहिब इस तरफ बिल्कुल ध्यान नहीं देते और आंखें मूंदें बैठे रहते हैं । बार बार ज़िक्र करने पर भी बात नहीं सुनते । किसान की उपज का दारोमदार खाद, पानी और बीज तीन चीज़ों पर है । पानी तो वैसे नहीं मिलता और खाद की कीमत इतनी ज्यादा है कि किसान बेचारा बरदाश्त नहीं कर सकता । बीज के बारे में अर्ज़ करूँ । हमारे गांव में पंचायत अफसर और बी०डी०ओ० गए और कहने लगे कि बढ़िया बीज अमरीका से आ रहा है सब को दिया जाएगा । उसके लिये अपनी ज़मीनें तैयार कर लो । बीज बहुत बढ़िया है उससे अनाज बहुत ज्यादा पैदा होगा । किसानों ने मेहनत करके अपनी ज़मीनें तैयार कीं, अब सरकार का फर्ज़ था कि वक्त पर उनको बीज मुहैया किया जाता मैं अपने ब्लाक की बात करता हूँ कि वहां पर वह बीज केवल चार ऐसे ज़मींदारों को दिया गया जो कि बड़े ज़मींदार थे । जो बेचारे ज़मीन पर मेहनत करते रह गए उनको बीज नहीं दिया गया । लेकिन

जिनको बीज दिया गया उन्होंने अभी तक बोया ही नहीं । कर्मचारियों ने कहा था कि इस बीज को खाद के साथ बोना है और खाद उनको अभी तक हासिल नहीं हो रही, पानी नहीं मिल रहा । देश की पैदावार को नुकसान हो रहा है लेकिन मिनिस्टर साहिब इस तरफ ध्यान नहीं देते। पिछले दिनों इन्होंने ऐलान किया था कि ट्यूबवैल्ज़ के लिये बिजली देने के मामले में प्रैफ़ैंस दी जाएगी । जिन ज़िमींदारों ने कर्ज़े लेकर ट्यूबवैल लगाये उनको अभी तक बिजली का कुनैक्शन नहीं मिल रहा । कई बार मिनिस्टर साहिब के नोटिस में यह बात लाई जा चुकी है । मिनिस्टर साहिब जानते हैं कि भाखड़ा नहर से खेतों को पानी बीस फीट लम्बी और 6 इंच चौड़ी नाली से दिया जाता है । लेकिन वह पानी खेतों में पहुंचता नहीं है । अगर थोड़ा सा पानी भी खेतों में चला जाता है तो सरकार बैटरमेंट लैवी चार्ज कर लेती है । आज से चालीस पचास साल पहले रियास्त बहावलपुर में नई ज़मीनों को आबाद करने के लिये सरकार ने बड़े बड़े मोघे लगाए थे। वहां भी अगर थोड़ी सी फसल खराब होती थी, पानी नहीं आता था तो दरखास्त देने पर खराबे की छूट दे दी जाती थी । लेकिन आज कल खराबे की छूट नहीं दी जाती । अब सरकार कपास, गन्ना और मिर्चों की फसल पर टैक्स बढ़ा रही है ।

कपास उन्होंने बीज तो दी लेकिन पानी नहीं मिला। और अगर खराबे की दरखास्त पेश करते हैं तो उस तरफ ध्यान नहीं दिया जाता । इसलिये इन शब्दों के साथ मैं यही अर्ज़ करूँगा कि यह सैस बिल वापिस ले लिया जाए तो अच्छा है । इस तरह आप लोगों से मजाक न करवाएं ।

ਕਾਮਰੇਡ ਬਾਬੂ ਸਿੰਘ ਮਾਸਟਰ (ਫੂਲ) : ਡਿਪਟੀ ਸਪੀਕਰ ਸਾਹਿਬਾ, ਅੱਜ ਤੋਂ ਤਿੰਨ ਵਰ੍ਹੇ ਪਹਿਲਾਂ ਇਹ ਕਮਰਸ਼ਲ ਕਰਾਪਸ ਸੈਸ ਪੰਜਾਬ ਵਿੱਚ ਟੈਂਪਰੇਰਿਲੀ ਲਗਾਇਆ ਗਿਆ ਸੀ ਔਰ ਇਥੇ ਇਹ ਦਲੀਲਾਂ ਦਿੱਤੀਆਂ ਗਈਆਂ ਸਨ ਕਿ ਇਹ ਆਰਜ਼ੀ ਟੈਕਸ ਹੈ ਔਰ ਇਸ ਗੱਲ ਦਾ ਪੱਕਾ ਵਾਅਦਾ ਕੀਤਾ ਗਿਆ ਸੀ ਕਿ ਅਗੇ ਨੂੰ ਨਹੀਂ ਲਗਾਇਆ ਜਾਵੇਗਾ । ਬੜੇ ਦੁਖ ਦੀ ਗੱਲ ਹੈ ਕਿ ਸਾਡੀ ਸਰਕਾਰ ਆੜ ਲੈਂਦੀ ਹੈ ਐਮਰਜੈਂਸੀ ਦੀ ਕਿ ਐਮਰਜੈਂਸੀ ਕਰਕੇ ਪੈਸੇ ਦੀ ਲੋੜ ਹੈ, ਆੜ ਲੈਂਦੀ ਹੈ ਡਿਵੈਲਪਿੰਗ ਇਕਾਨੋਮੀ ਦੀ ਕਿ ਕਿਉਂਕਿ ਦੇਸ਼ ਵਿੱਚ ਤਰੱਕੀ ਦੇ ਕੰਮ ਹੋ ਰਹੇ ਹਨ ਇਸ ਕਰਕੇ ਪੈਸੇ ਦੀ ਲੋੜ ਹੈ ਪਰ ਬੜੇ ਦੁਖ ਦੀ ਗੱਲ ਹੈ ਕਿ ਇਨ੍ਹਾਂ ਦੀ ਨਿਗਾਹ ਉਸ ਸੈਕਸ਼ਨ ਤੇ ਪੈਂਦੀ ਹੈ ਜਿਸ ਨੇ ਐਮਰਜੈਂਸੀ ਵਿੱਚ ਸਾਡੇ ਪੰਜਾਬ ਦੀ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਦੀ ਸ਼ਾਨ ਨੂੰ ਉੱਚਾ ਕੀਤਾ ਹੈ । ਇਸ ਲੜਾਈ ਤੋਂ ਬਾਅਦ ਸਭ ਤੋਂ ਪਹਿਲਾਂ ਗਿਫਟ ਮਿਲਿਆ ਟਰੱਕਾਂ ਵਾਲਿਆਂ ਨੂੰ । ਉਸ ਦੀ ਬਾਬਤ ਵੀ ਸਰਕਾਰ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਮੁਖਾਲਫ਼ਤ ਹੋਈ । ਇਸ ਚੀਜ਼ ਨੂੰ ਬਿਲਕੁਲ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਕਿ ਕਿਸ ਤਰ੍ਹਾਂ ਸਾਡੇ ਸਿਵਲੀਅਨ ਟਰੱਕਾਂ ਡਰਾਈਵਰ ਇਸ ਸੰਕਟ ਦੇ ਸਮੇਂ ਸੇਵਾ ਕਰਦੇ ਹੋਏ ਸ਼ਹੀਦ ਹੋਏ । ਉਸ ਤੋਂ ਬਾਅਦ ਸੇਲਜ਼ ਟੈਕਸ ਵਾਲਾ ਬਿਲ ਆ ਗਿਆ । ਉਸ ਵਿੱਚ ਸਰਕਾਰ ਕਿਸ ਤਰ੍ਹਾਂ ਝੁਕੀ, ਕਿਸ ਤਰ੍ਹਾਂ ਸਾਡੀਆਂ ਤਰਮੀਮਾਂ ਮਨਜ਼ੂਰ ਕੀਤੀਆਂ, ਕਿਸ ਤਰ੍ਹਾਂ ਬਿਲ ਦਾ ਸਤਿਆਨਾਸ ਕੀਤਾ ! ਐਕਚੁਅਲੀ ਜਿਹੜਾ ਬਿਲ ਲਿਆਂਦਾ ਗਿਆ ਸੀ ਉਸ ਬਾਰੇ ਸਰਕਾਰ ਉੱਤੇ ਵੱਖ ਵੱਖ ਪਾਸਿਉਂ ਪਰੈਸ਼ਰ ਪਿਆ—ਕਈ ਤਰ੍ਹਾਂ ਤਾਂ ਬਿਜ਼ਨੈਸਮੈਨ ਇਸ ਉੱਤੇ ਹਾਵੀ ਹੋਏ ਜਿਹੜੇ ਕਿ ਪ੍ਰੈਸ ਉੱਤੇ ਵੀ ਹਾਵੀ ਹਨ ਔਰ ਸਟੇਜ ਉੱਤੇ ਵੀ ਹਾਵੀ ਹਨ ਲੇਕਿਨ ਅੱਜ ਆ ਰਿਹਾ ਹੈ ਗੁੰਗੇ ਕਿਸਾਨ ਬਾਰੇ ਇਹ ਬਿਲ, ਉਸ ਕਿਸਾਨ ਬਾਰੇ ਜਿਸ ਦੀ ਕੋਈ ਆਵਾਜ਼ ਨਹੀਂ । ਜੇਕਰ ਉਸਦੇ ਹੱਕ ਵਿੱਚ ਕੋਈ ਆਵਾਜ਼ ਉਠਾਉਂਦਾ ਵੀ ਹੈ ਤਾਂ ਉਸ ਨੂੰ ਸੁਣਨ ਵਾਲਾ ਕੋਈ ਨਹੀਂ । ਸਾਡੇ ਚੀਫ਼ ਮਨਿਸਟਰ ਸਾਹਿਬ 'ਕਾਮਰੇਡ' ਦੇ ਨਾਂ ਉੱਤੇ ਮਸ਼ਹੂਰ ਹਨ ।

[ਕਾਮਰੇਡ ਬਾਬੂ ਸਿੰਘ ਮਾਸਟਰ]

ਜਦੋਂ ਲੋਕਾਂ ਨੇ ਰੇਡੀਓ ਉੱਤੇ ਸੁਣਿਆ ਕਿ ਇਕ ਕਾਮਰੇਡ ਚੀਫ਼ ਮਨਿਸਟਰ ਬਣ ਗਿਆ ਹੈ ਤਾਂ ਉਹ ਬਹੁਤ ਖੁਸ਼ ਹੋਏ । ਉਨ੍ਹਾਂ ਨੂੰ ਇਸ ਗੱਲ ਦੀ ਆਸ ਬਝ ਗਈ ਕਿ ਹੁਣ ਗਰੀਬ ਦਾ ਭਲਾ ਹੋਵੇਗਾ, ਕਿਸਾਨ ਦਾ ਭਲਾ ਹੋਵੇਗਾ, ਹਰੀਜਨ ਮਜ਼ਦੂਰ ਦਾ ਭਲਾ ਹੋਵੇਗਾ, ਲੇਕਿਨ ਜਿਹੜੀ ਉਨ੍ਹਾਂ ਨੇ ਪਾਲਿਸੀ ਵਰਤੀ ਹੈ ਉਸ ਤੋਂ ਸਾਫ਼ ਜ਼ਾਹਿਰ ਹੈ ਕਿ ਜਿਹੜੇ ਬਿਰਲੇ ਵਰਗੇ ਵੱਡੇ ਵੱਡੇ ਕੈਪੀਟਲਿਸਟ ਹਨ, ਇੰਡਸ-ਟਰੀਅਲਿਸਟ ਹਨ, ਇਹ ਉਨ੍ਹਾਂ ਨੂੰ ਸ਼ੀਲਡ ਕਰ ਰਹੇ ਹਨ ਔਰ ਹਰੀਜਨਾਂ ਅਤੇ ਖੇਤ ਮਜ਼ਦੂਰਾਂ ਦੀ ਥਾਂ ਹੁਣ ਜ਼ਮੀਨਾਂ ਵੀ ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਹਨ ਤਾਕਿ ਕਿਸ ਤਰ੍ਹਾਂ ਉਹ ਇਨਕਮ ਟੈਕਸ ਤੋਂ ਬਚ ਸਕਦੇ ਹਨ ।

ਬੜੀ ਅਜੀਬ ਗੱਲ ਹੈ, ਦੁਖ ਦੀ ਗੱਲ ਹੈ ਕਿ ਇਹ ਕਮਰਸ਼ਲ ਕਰਾਪਸ ਸੈਸ ਅਗਲੀਆਂ ਦਸ ਫਸਲਾਂ ਵਾਸਤੇ ਹੁਣੇ ਹੀ ਚਾਰ ਰੁਪਏ ਫੀ ਏਕੜ ਦੇ ਹਿਸਾਬ ਨਾਲ ਲਗਾ ਰਹੇ ਹਨ । ਮੈਂ ਮੇਜਰ ਸਾਹਿਬ ਨੂੰ ਪੁਛਦਾ ਹਾਂ ਕਿ ਆਖਿਰ ਸਰਕਾਰ ਨੇ ਗੰਨੇ ਦੀ ਪੈਦਾਵਾਰ ਨੂੰ ਵਧਾਉਣ ਵਾਸਤੇ ਆਪਣੇ ਵਲੋਂ ਕੀਤਾ ਕੀ ਹੈ ? ਇਸ ਪਾਸੇ ਵਲ ਸਰਕਾਰ ਨੇ ਕੀ ਕਦਮ ਚੁੱਕੇ ਹਨ ? ਇਕ ਕਰੋੜ ਨੌਂ ਲੱਖ ਰੁਪਿਆ ਨੰਗਲ ਫਰਟੇਲਾਈਜ਼ਰ ਫੈਕਟਰੀ ਦਾ ਪ੍ਰਾਫਿਟ ਹੋਇਆ ਹੈ ਲੇਕਿਨ ਦੁੱਖ ਇਸ ਗੱਲ ਦਾ ਹੈ ਕਿ ਪੰਜਾਬ ਦੇ ਕਿਸਾਨ ਨੂੰ, ਪੰਜਾਬ ਵਿੱਚ ਗੰਨਾ ਪੈਦਾ ਕਰਨ ਵਾਲੇ ਨੂੰ, ਖਾਦ ਅੱਗੇ ਨਾਲੋਂ ਮਹਿੰਗੀ ਮਿਲਦੀ ਹੈ। ਸਰਕਾਰ ਨੇ ਇਸ ਦਾ ਭਾ ਅੱਗੇ ਨਾਲੋਂ ਜ਼ਿਆਦਾ ਵਧਾ ਦਿੱਤਾ ਹੈ । ਫੈਕਟਰੀ ਸਾਡੀ ਜ਼ਮੀਨ ਤੇ ਹੋਵੇ, ਬਿਜਲੀ ਸਾਡੀ ਸਟੇਟ ਦੀ ਹੋਵੇ, ਭਾਖੜਾ ਸਾਡੀ ਜ਼ਮੀਨ ਤੇ ਉਸਰਿਆ ਹੋਵੇ ਲੇਕਿਨ ਫੇਰ ਵੀ ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਨੂੰ ਖਾਦ ਮਹਿੰਗੀ ਮਿਲੇ, ਪ੍ਰਾਫਿਟ ਸੈਂਟਰ ਨੂੰ ਜਾਵੇ । ਸਾਡੇ ਮਨਿਸਟਰ ਸਾਹਿਬਾਨ ਇਥੇ ਹਾਊਸ ਵਿੱਚ ਤਾਂ ਬੜੀਆਂ ਗੱਲਾਂ ਕਰਦੇ ਹਨ ਪਰ ਉਥੇ ਜਾ ਕੇ ਚੁਪ ਹੋ ਜਾਂਦੇ ਹਨ ।

ਡਿਪਟੀ ਸਪੀਕਰ ਸਾਹਿਬਾ, ਮੈਂ ਕੁਝ ਅੰਕੜੇ ਵੀ ਆਪ ਦੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹਾਂ । ਸਾਡੇ ਇੰਡੀਆ ਵਿੱਚ ਗੰਨੇ ਦੀ ਉਪਜ 14 ਟਨ ਪਰ ਏਕੜ ਹੈ ਜਦ ਕਿ ਜਾਵਾ ਵਿੱਚ 46 ਟਨ ਔਰ ਸਮਾਟਰਾ ਵਿੱਚ 56 ਟਨ ਪਰ ਏਕੜ ਹੈ । ਉਸ ਦੀ ਰੀਕਵਰੀ ਉਥੇ 10 ਪਰਸੈਂਟ ਹੈ ਜਦ ਕਿ ਸਾਡੇ ਇਹ ਰੀਕਵਰੀ 8 ਪਰਸੈਂਟ ਹੈ। ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਸੈਸ ਲਗਾਉਣ ਵਿੱਚ ਤਾਂ ਇਹ ਸਰਕਾਰ ਬੜੀ ਕਾਹਲੀ ਹੈ ਮਗਰ ਗੰਨੇ ਦੀ ਫਸਲ ਨੂੰ ਵਧਾਉਣ ਵਾਸਤੇ, ਇਸ ਦੀ ਪੈਦਾਵਾਰ ਵਿੱਚ ਵਾਧਾ ਕਰਨ ਵਾਸਤੇ ਸਰਕਾਰ ਨੇ ਕੋਈ ਕਦਮ ਨਹੀਂ ਚੁੱਕੇ । ਉਧਰ ਵਾਟਰ ਰੇਟ ਵਧਾਏ, ਕਈ ਕਿਸਮ ਦੇ ਨਵੇਂ ਟੈਕਸ ਲਗਾਏ ਪਰ ਜਦ ਕਿਸਾਨ ਕਹਿੰਦਾ ਹੈ ਕਿ ਦੋ ਰੁਪਏ ਮਣ ਦੀ ਥਾਂ ਗੰਨੇ ਦਾ ਭਾ ਤਿੰਨ ਰੁਪਏ ਮਣ ਕਰ ਦਿਉ ਤਾਂ ਉਸ ਪਾਸੇ ਕੰਨ ਨਹੀਂ ਧਰਿਆ ਜਾਂਦਾ । ਇਸ ਸਰਦੀ ਦੇ ਮੌਸਮ ਵਿੱਚ ਤਾਂ ਮਾਮੂਲੀ ਬਾਲਣ ਵਾਲੀ ਲਕੜੀ ਦਾ ਭਾ ਵੀ ਚਾਰ ਰੁਪਏ ਮਣ ਹੈ। ਲੇਕਿਨ ਕਿਸਾਨ ਜਿਸ ਗੰਨੇ ਨੂੰ ਬੀਜਣ ਲਈ ਸਾਰਾ ਸਾਲ ਮਿਹਨਤ ਕਰਦਾ ਹੈ, ਉਸ ਦੇ ਟੱਬਰ ਦਾ ਹਰ ਮੈਂਬਰ ਖੇਤ ਵਿੱਚ ਜਾ ਕੇ ਕੰਮ ਕਰਦਾ ਹੈ ਉਸ ਦਾ ਮੁੱਲ ਅਜੇ ਵੀ ਦੋ ਰੁਪਏ ਹੈ, ਤਿੰਨ ਰੁਪਏ ਵੀ ਨਹੀਂ ਕੀਤਾ ਜਾ ਰਿਹਾ । ਫੇਰ ਉਸ ਗੰਨੇ ਦੀ ਜਿਹੜੀ ਖੰਡ ਬਣਦੀ ਹੈ ਉਸ ਦੀ ਵੀ ਕਾਣੀ ਵੰਡ ਕੀਤੀ ਜਾਂਦੀ ਹੈ । ਇਸ ਬਾਰੇ ਹਾਊਸ ਵਿੱਚ ਵੀ ਕਾਫੀ ਕਾਲ ਅਟੈਨਸ਼ਨ ਮੋਸ਼ਨਾਂ ਆਈਆਂ ਸਨ । ਕੋਈ ਬੀਮਾਰ ਵੀ ਹੋ ਜਾਵੇ ਤਾਂ ਪਿੰਡ ਵਿੱਚ ਉਸ ਨੂੰ ਖੰਡ ਨਹੀਂ ਲਭਦੀ । ਹੁਣ ਜਿਹੜੇ ਫੌਜੀ ਭਰਾ ਫੱਟੜ ਹੋ ਕੇ ਪਿੰਡਾਂ ਵਿੱਚ ਆਉਂਦੇ ਹਨ ਉਨ੍ਹਾਂ ਨੂੰ ਵੀ ਖੰਡ ਨਹੀਂ ਮਿਲਦੀ । ਚੀਨੀ ਖਾਣ ਵਾਲੇ ਕੌਣ ਹਨ ? ਵੱਡੇ ਵੱਡੇ ਮਿਲ ਮਾਲਿਕ । ਪੁਰੀ ਸਾਹਿਬ ਜਾਂ ਫਗਵਾੜੇ ਵਾਲੇ ਸਰਦਾਰ ਜਗਤਜੀਤ ਸਿੰਘ ਵਰਗੇ । ਕਿਸਾਨ ਜਿਹੜਾ ਕਿ ਸਾਨੂੰ ਫਾਰੇਨ ਐਕਸਚੇਂਜ ਹਾਸਲ ਕਰਨ ਲਈ ਗੰਨਾ ਪੈਦਾ ਕਰਕੇ ਦਿੰਦਾ ਹੈ ਉਸ ਨੂੰ

ਤਾਂ ਕੋਈ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ । ਪਰ ਇਨ੍ਹਾਂ ਵੱਡੇ ਵਡੇ ਮਿਲ ਮਾਲਕਾਂ ਦਾ ਪੂਰਾ ਪੂਰਾ ਧਿਆਨ ਰਖਿਆ ਜਾਂਦਾ ਹੈ । ਪਿੱਛੇ ਸਨ 1962–63 ਵਿੱਚ 24 ਲੱਖ ਰੁਪਿਆ ਉਨ੍ਹਾਂ ਨੂੰ ਬਤੌਰ ਐਕਸ ਗਰੇਸ਼ੀਆ ਗਰਾਂਟ ਦਿਤਾ ਗਿਆ ਔਰ ਉਸ ਦੀਆਂ ਗਰਾਊਂਡਜ਼ ਇਹ ਦਿੱਤੀਆਂ ਗਈਆਂ ਕਿ ਮਈ ਜੂਨ ਵਿੱਚ ਜਦ ਗੰਨਾ ਪੀੜਿਆ ਗਿਆ ਤਾਂ ਉਸ ਦੀ ਰੀਕਵਰੀ ਘਟ ਹੋਈ । ਇਸ ਨੁਕਸਾਨ ਨੂੰ ਸਰਕਾਰ ਨੇ ਆਪਣੇ ਖਜ਼ਾਨੇ ਵਿਚੋਂ ਪੂਰਾ ਕਰਕੇ ਦਿੱਤਾ । ਉਸ ਵਕਤ ਤਾਂ ਅਸੀਂ ਕਹਿੰਦੇ ਸੀ ਕਿ ਇਹ ਕੈਰੋਂ ਸਾਹਿਬ ਦੀ ਕੁਰਪਟ ਸਰਕਾਰ ਹੈ, ਇਹ ਬੜੇ ਬੜੇ ਮਿਲ ਮਾਲਕਾਂ ਨੂੰ, ਧਨੀਆਂ ਨੂੰ ਪਾਲਦੀ ਹੈ ਲੇਕਿਨ ਇਸ ਕਾਮਰੇਡ ਸਰਕਾਰ ਨੇ ਵੀ ਕੀ ਘੱਟ ਕੀਤਾ ? ਇਸੇ ਸੈਸ਼ਨ ਵਿੱਚ ਮਿੱਲ ਮਾਲਕਾਂ ਨੂੰ ਚੀਨੀ ਦੇ ਸੈਸ ਦੀ ਐਗਜ਼ੈਂਪਸ਼ਨ ਦਿੱਤੀ । ਪਰ ਸਵਾਲ ਇਹ ਹੈ ਕਿ ਗਰੀਅਰਜ਼ ਵਾਸਤੇ ਕੀ ਕੀਤਾ ਹੈ ? ਉਨ੍ਹਾਂ ਦੀ ਕੀ ਹਾਲਤ ਹੈ ? ਇਥੇ ਹੁਣੇ ਸਰਦਾਰ ਗੁਰਮੀਤ ਸਿੰਘ ਬੈਠੇ ਸਨ । ਹੁਣ ਚਲੇ ਗਏ ਹਨ । ਕਿਧਰੇ ਨਾ ਕਿਧਰੇ ਬੈਠੇ ਮੇਰੀ ਗੱਲ ਸੁਣ ਰਹੇ ਹੋਣਗੇ । ਮੇਰੀ ਕਾਂਸਟੀਚੂਐਂਸੀ ਵਿੱਚ ਉਹ ਖੁਦ ਗਏ । ਉਨ੍ਹਾਂ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਕੱਤੇ ਦੇ ਮਹੀਨੇ ਵਿੱਚ ਨਹਿਰ ਦੇ ਮਹਿਕਮੇ ਨੇ ਉਥੇ ਪੁਰਾਣੇ ਮੋਘੇ ਪੁਟ ਦਿੱਤੇ ਤੇ ਨਵੇਂ ਲੱਗਾ ਦਿੱਤੇ । ਪਰ ਪਾਣੀ ਉਥੇ ਕੋਈ ਨਹੀਂ ਗਿਆ । ਸਿਰਫ 15–20 ਦਿਨਾਂ ਵਿੱਚ ਕਈ ਕਟਾਂ ਹੋਈਆਂ ਔਰ ਉਹ ਖੁਦ ਕਰਮਚਾਰੀਆਂ ਨੇ ਔਰ ਐਸ. ਡੀ. ਓ. ਨੇ ਕਰਾਈਆਂ । ਪਰ ਇਸ ਸਬੰਧ ਵਿੱਚ ਵਿਕਟੇਮਾਈਜ਼ ਕੌਣ ਹੋਵੇਗਾ ? ਵਿਕਟੇਮਾਈਜ਼ ਹੋਵੇਗਾ ਕਿਸਾਨ ਜਿਸ ਦਾ ਕੋਈ ਕਸੂਰ ਨਹੀਂ ਹੁੰਦਾ । ਉਨ੍ਹਾਂ ਕਿਸਾਨਾਂ ਨੂੰ ਕਹਿਣਗੇ ਕਿ ਇਨ੍ਹਾਂ ਕੱਟਾਂ ਦਾ ਤੁਹਾਡੇ ਉਪਰ ਇਤਨਾ ਸ਼ੇਅਰ ਠੱਪ ਦਿੱਤਾ । ਇਕ ਪਾਸੇ ਸਰਕਾਰ ਖੁਦ ਮੰਨਦੀ ਹੈ ਕਿ ਸੂਬੇ ਵਿੱਚ ਡਰੌਟ ਦੀਆਂ ਕੰਡੀਸ਼ਿੰਜ਼ ਹਨ । ਖਰੀਫ਼ ਦੀ ਫਸਲ ਘੱਟ ਹੋਈ ਹੈ ਔਰ ਅੱਗੇ ਰਬੀ, ਵੀ ਤਸਲੀ ਬਖਸ਼ ਨਹੀਂ ਹੋਣ ਲੱਗੀ । ਜਦ ਬਿਜਾਈ ਹੀ ਨਹੀਂ ਹੋ ਰਹੀ ਤਾਂ ਪੈਦਾਵਾਰ ਕਿਥੋਂ ਹੋਵੇਗੀ । ਤੁਸੀਂ ਭਾਵੇਂ "ਜੈ ਜਵਾਨ ਜੈ ਕਿਸਾਨ" ਦਾ ਨਾਅਰਾ ਪਏ ਲਗਾਉ ਪਰ ਅਸਲੀਅਤ ਇਹ ਹੈ ਕਿ ਇਹ ਨਾਅਰਾ ਫੋਕਾ ਨਾਅਰਾ ਹੀ ਰਹਿ ਜਾਏਗਾ । ਕੋਠੀਆਂ ਵਿੱਚ ਇਕ ਇਕ ਦੋ ਦੋ ਕਨਾਲ ਜ਼ਮੀਨ ਬੀਜਣ ਨਾਲ ਤਾਂ ਇਹ ਸਮਸਿਆ ਹਲ ਨਹੀਂ ਹੋ ਜਾਣ ਲੱਗੀ । ਬਿਰਲਿਆਂ ਨੂੰ ਹਜ਼ਾਰਾਂ ਏਕੜ ਜ਼ਮੀਨ ਦੇ ਦੇਣ ਨਾਲ ਤਾਂ ਇਹ ਮਸਲਾ ਹੱਲ ਨਹੀਂ ਹੋਣ ਲੱਗਾ । ਬਲਕਿ ਹੱਲ ਤਾਂ ਹੋਵੇਗਾ ਜੇ ਕਿਸਾਨ ਦੀ ਮਦਦ ਕੀਤੀ ਜਾਵੇਗੀ । ਜਦ ਪਾਣੀ ਨਹੀਂ ਸੀ ਮਿਲਿਆ, ਬਾਰਿਸ਼ ਨਹੀਂ ਸੀ ਹੋਈ ਤਾਂ ਸਰਕਾਰ ਨੂੰ ਚਾਹੀਦਾ ਸੀ ਕਿ ਭਾਰੀ ਤਾਦਾਦ ਵਿੱਚ ਡੀਜ਼ਲ ਇੰਜਨ ਲਗਾਉਂਦੀ, ਉਨ੍ਹਾਂ ਦੇ ਲਗਾਉਣ ਵਿੱਚ ਕਿਸਾਨਾਂ ਨੂੰ ਮਦਦ ਦਿੰਦੀ । ਡੀਜ਼ਲ ਇੰਜਨ ਦੀ ਕੀਮਤ ਫਿਕਸ ਕਰਦੀ । ਜਿਸ ਦੀ ਕੀਮਤ ਸਿਰਫ ਇਕ ਹਜ਼ਾਰ ਰੁਪਏ ਹੈ ਉਹ ਇੰਜਨ ਇਸ ਵੇਲੇ ਬਲੈਕ ਵਿੱਚ 2500 ਰੁਪਏ ਨੂੰ ਮਿਲਦਾ ਹੈ ! ਬੜੀ ਹੈਰਾਨੀ ਦੀ ਗੱਲ ਹੈ ਕਿ ਇਸ ਤਰ੍ਹਾਂ ਦੀਅ ਚੀਜ਼ਾਂ ਉੱਤੇ ਕੋਈ ਚੈਕ ਨਹੀਂ, ਕੋਈ ਕੰਟਰੋਲ ਨਹੀਂ ਕੀਤਾ ਜਾਂਦਾ । ਲੋਕ ਖੁਦ ਇਸ ਗੱਲ ਦਾ ਇਹਸਾਸ ਕਰਦੇ ਹਨ ਕਿ ਮੁਲਕ ਨੂੰ ਆਤਮ ਨਿਰਭਰ ਬਣਾਉਣ ਵਾਸਤੇ ਆਪਣੇ ਹੀ ਦੇਸ਼ ਵਿੱਚ ਅਨਾਜ ਦੀ ਪੈਦਾਵਾਰ ਨੂੰ ਵਧਾਇਆ ਜਾਵੇ । ਲੇਕਿਨ, ਡਿਪਟੀ ਸਪੀਕਰ ਸਾਹਿਬਾ, ਤੁਸੀਂ ਖੁਦ ਅੰਦਾਜ਼ਾ ਲਗਾਉ ਕਿ ਇਕ ਗਰੀਬ ਕਿਸਾਨ ਕਿਵੇਂ ਢਾਈ ਢਾਈ ਤਿੰਨ ਤਿੰਨ ਹਜ਼ਾਰ ਰੁਪਿਆ ਇਕ ਡੀਜ਼ਲ ਇੰਜਨ ਲਈ ਖਰਚ ਕਰ ਸਕਦਾ ਹੈ । ਉਸ ਦੇ ਪਾਸ ਤਾਂ ਰੋਟੀ ਖਾਣ ਲਈ ਵੀ ਪੈਸੇ ਨਹੀਂ ਹੁੰਦੇ । ਸਰਕਾਰ ਵਲੋਂ ਇਸ ਹਾਊਸ ਵਿੱਚ ਦਸਿਆ ਗਿਆ ਹੈ ਕਿ ਅਸੀਂ ਜਾਪਾਨ ਨਾਲ ਕਾਰੈਸਪਾਂਡੈਂਸ ਕਰ ਰਹੇ ਹਾਂ, ਡੀਜ਼ਲ ਇੰਜਨਾਂ ਵਾਸਤੇ ਗੱਲਬਾਤ ਕਰ ਰਹੇ ਹਾਂ ਔਰ ਇਹ ਸਰਕਾਰ ਖੁਦ ਖਰੀਦ ਕੇ ਦੇਵੇਗੀ । ਪਰ ਮੈਂ ਹੈਰਾਨ ਹਾਂ ਕਿ ਕਦ ਕਾਰੈਸਪਾਂਡੈਂਸ ਫਾਈਨੇਲਾਈਜ਼ ਹੋਵੇਗੀ, ਕਦ ਇਹ ਖਰੀਦੇ ਜਾਣਗੇ ਔਰ ਕਦ ਕਿਸਾਨਾਂ ਨੂੰ ਮਿਲਣਗੇ । ਇਹ ਤਾਂ ਉਹੀ ਗੱਲ ਹੋਵੇਗੀ ਕਿ ਜਿਤਨੀ ਦੇਰ ਤਕ ਈਰਾਨ ਚੋਂ ਤਰਿਆਕ ਆਵੇਗਾ ਤਦ ਤਕ ਤਾਂ ਸੱਪ ਦਾ ਡਸਿਆ ਹੋਇਆ ਮਰ ਵੀ ਜਾਵੇਗਾ । ਕਿਸਾਨ ਦੀ ਹਾਲਤ ਇਹ ਹੈ ਕਿ ਬੀਜ ਉਸ ਦੇ ਪਾਸ ਹੈ ਨਹੀਂ, ਪੈਸਿਉਂ ਉਹ ਟੁਟਿਆ ਹੋਇਆ ਹੈ, ਪਾਣੀ ਉਸ ਨੂੰ ਮਿਲਦਾ ਨਹੀਂ

[ਕਾਮਰੇਡ ਬਾਬੂ ਸਿੰਘ ਮਾਸਟਰ]

ਤਾਂ ਫੇਰ ਉਹ ਫਸਲ ਕਿਸ ਦੇ ਨਾਲ ਬੀਜੇਗਾ ? ਇਹ ਸੰਕਟ ਸਿਰਫ਼ ਪੰਜਾਬ ਵਿੱਚ ਹੀ ਨਹੀਂ ਬਲਾਕ ਸਾਡੀ ਸਰਕਾਰ ਨੂੰ ਸੈਂਟਰ ਦੀ ਸਰਕਾਰ ਅੱਗੇ ਜ਼ੋਰਦਾਰ ਸ਼ਬਦਾਂ ਵਿੱਚ ਇਹ ਕਹਿਣਾ ਚਾਹੀਦਾ ਹੈ ਕਿ ਇਹ ਸੰਕਟ ਸਾਰੇ ਹਿੰਦੁਸਤਾਨ ਦਾ ਬਣ ਜਾਏਗਾ ਜੇਕਰ ਪੰਜਾਬ ਵਿੱਚ ਖੇਤੀ ਦੀਆਂ ਜ਼ਰੂਰਤਾਂ ਵਲ ਪੂਰਾ ਧਿਆਨ ਨਾ ਦਿੱਤਾ ਗਿਆ। ਡਿਪਟੀ ਸਪੀਕਰ ਸਾਹਿਬਾ, ਸਾਡਾ ਕਿਸਾਨ ਚਨੇ ਪੈਦਾ ਕਰਦਾ ਹੈ। ਇਥੇ ਸਾਡੇ ਸੂਬੇ ਵਿੱਚ ਉਸ ਚਨੇ ਦਾ ਭਾ 50 ਜਾਂ 51 ਰੁਪਏ ਹੈ ਜਦ ਕਿ ਉਹੀ ਬੰਬਈ ਔਰ ਮਦਰਾਸ ਜਾਕੇ 170 ਰੁਪਏ ਵਿਕਦਾ ਹੈ। ਇਹ ਜਿਹੜਾ ਪ੍ਰਾਫਿਟ ਹੈ ਇਹ ਇਥੋਂ ਦੇ ਕਿਸਾਨ ਨੂੰ ਨਹੀਂ ਮਿਲਦਾ, ਨਾ ਹੀ ਸਾਡੇ ਸੂਬੇ ਦੇ ਵਪਾਰੀ ਜਾਂ ਆੜ੍ਹਤੀ ਨੂੰ ਮਿਲਦਾ ਹੈ, ਨਾ ਹੀ ਪੰਜਾਬ ਸਰਕਾਰ ਨੂੰ ਮਿਲਦਾ ਹੈ। ਉਹ ਪ੍ਰਾਫਿਟ ਫੇਰ ਕਿਸ ਦੀਆਂ ਜੇਬਾਂ ਵਿੱਚ ਜਾਂਦਾ ਹੈ ? ਉਹ ਜਾਂਦਾ ਹੈ ਬਿਰਲੇ, ਟਾਟੇ ਔਰ ਡਾਲਮੀਏ ਕੋਲ। ਇਹ ਚਨਾ ਸਾਡੇ ਕੋਲੋਂ ਘੱਟ ਕੀਮਤ ਤੇ ਖਰੀਦ ਕੇ ਸੈਂਟਰ ਉਨ੍ਹਾਂ ਨੂੰ ਦੇ ਦੇਂਦਾ ਹੈ। ਉਨ੍ਹਾਂ ਉੱਤੇ ਕੋਈ ਪਾਬੰਦੀ ਨਹੀਂ, ਕੋਈ ਰੋਕ ਨਹੀਂ, ਕੋਈ ਕੰਟਰੋਲ ਨਹੀਂ ਕਿ ਇਸ ਦੇ ਰੇਟ ਨੂੰ ਨਾਰਮਲ ਰੱਖਣ। ਉਹ ਉਹੀ ਜਿਨਸ ਬਾਹਰ ਲੈ ਜਾਕੇ ਮਾਰਕਿਟ ਵਿੱਚ 170 ਔਰ 180 ਰੁਪਏ ਦੇ ਭਾ ਉੱਤੇ ਵੇਚਦੇ ਹਨ। ਦੁਖ ਦੀ ਗੱਲ ਹੈ ਕਿ ਬਾਵਜੂਦ ਸਾਡੇ ਪੰਜਾਬ ਵਿੱਚ ਟਰਾਂਸਪੋਰਟ ਬੜੀ ਅਸਾਨੀ ਨਾਲ ਮਿਲ ਸਕਦੀ ਹੈ, ਚਾਰ ਪੰਜ ਰੁਪਏ ਮਣ ਦੇ ਹਿਸਾਬ ਨਾਲ ਕਿਧਰੇ ਵੀ ਲੈ ਜਾਇਆ ਜਾ ਸਕਦਾ ਹੈ। ਲੇਕਿਨ ਇਥੇ ਦੇ ਭਾ ਵਿੱਚ ਔਰ ਦੂਜੇ ਸੂਬਿਆਂ ਦੇ ਭਾ ਵਿੱਚ ਜਿਹੜਾ ਗੈਪ ਹੈ ਇਹ ਸਾਡੀ ਸਰਕਾਰ ਦੀ ਨਾਅਹਿਲੀਅਤ ਦੀ ਵਜਹ ਕਰਕੇ ਹੈ। ਇਸ ਦੇ ਨਤੀਜੇ ਦੇ ਤੌਰ ਤੇ ਨੁਕਸਾਨ ਕਿਸ ਨੂੰ ਹੁੰਦਾ ਹੈ ? ਨੁਕਸਾਨ ਹੁੰਦਾ ਹੈ ਸਾਡੇ ਸੂਬੇ ਦੇ ਕਿਸਾਨ ਦਾ। ਇਥੇ ਡਾਕਟਰ ਸਾਹਿਬ ਨੇ ਇਕ ਮੋਸ਼ਨ ਪੇਸ਼ ਕੀਤੀ ਕਿ ਕਿਸ ਤਰ੍ਹਾਂ ਲੱਖਾਂ ਮਨ ਕਾਬਲੀ (ਸਫ਼ੇਦ) ਚਨਾ ਪਿਆ ਰਿਹਾ ਹੈ, ਖਰਾਬ ਹੋ ਗਿਆ ਹੈ ਪਰ ਇਸ ਗੱਲ ਦੀ ਇਜਾਜ਼ਤ ਨਹੀਂ ਦਿੱਤੀ ਗਈ ਕਿ ਉਸ ਨੂੰ ਵੇਚ ਦੇਣ।

ਅਜ ਜਿਸ ਤਰ੍ਹਾਂ ਇਜਾਜ਼ਤ ਵੇਚਣ ਦੀ ਆੜ੍ਹਤੀ ਨੂੰ ਮਿਲਦੀ ਹੈ ਉਸ ਨੂੰ ਦੇਖ ਕੇ ਦੁਖ ਹੁੰਦਾ ਹੈ। ਉਨ੍ਹਾਂ ਨੂੰ ਇਸ ਮਤਲਬ ਲਈ ਆਏ ਦਿਨ ਇਥੇ ਚੰਡੀਗੜ੍ਹ ਆਉਣਾ ਪੈਂਦਾ ਹੈ ਔਰ ਇਥੇ ਰਹਿ ਕੇ ਧੱਕੇ ਖਾਂਦੇ ਹਨ ਔਰ ਕਾਫੀ ਖਰਚ ਕਰ ਜਾਂਦੇ ਹਨ ਔਰ ਇਨ੍ਹਾਂ ਨੂੰ ਇਸ ਲਈ ਆਣਾ ਪੈਂਦਾ ਹੈ ਕਿਉਂਕਿ ਉਨ੍ਹਾਂ ਨੂੰ ਬਾਹਰ ਭੇਜਣ ਵਾਸਤੇ ਟੈਂਡਰ ਭਰਨੇ ਹੁੰਦੇ ਹਨ। ਵਜ਼ੀਰ ਸਾਹਿਬ ਨੂੰ ਦੇਖਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਕਿਤਨੀ ਤਕਲੀਫ ਹੁੰਦੀ ਹੈ ਔਰ ਉਨ੍ਹਾਂ ਨੂੰ ਕਿਤਨੇ ਧੱਕੇ ਖਾਣੇ ਪੈਂਦੇ ਹਨ ਔਰ ਇਸ ਤਰ੍ਹਾਂ ਉਨ੍ਹਾਂ ਦਾ ਕਿਤਨਾ ਵਕਤ ਜ਼ਾਇਆ ਹੁੰਦਾ ਹੈ ਔਰ ਪਿੱਛੇ ਕੰਮ ਦਾ ਨੁਕਸਾਨ ਹੁੰਦਾ ਹੈ।

ਫਿਰ ਮੈਂ ਅਰਜ਼ ਕਰਦਾ ਹਾਂ ਕਿ 1962 ਵਿੱਚ ਜਦ ਚੀਨ ਨੇ ਸਾਡੇ ਦੇਸ਼ ਤੇ ਹਮਲਾ ਕੀਤਾ ਸੀ, ਉਸ ਵੇਲੇ ਸਾਡੇ ਸੂਬੇ ਨੇ 5 ਕਰੋੜ ਰੁਪਏ ਦੇ ਕਰੀਬ ਡੀਫੈਂਸ ਫੰਡ ਇਕੱਠਾ ਕੀਤਾ ਸੀ। ਮੈਂ ਮੇਜਰ ਸਾਹਿਬ ਨੂੰ ਦਸਦਾ ਹਾਂ ਕਿ ਉਸ 5 ਕਰੋੜ ਰੁਪਏ ਦੀ ਰਕਮ ਵਿੱਚੋਂ $4\frac{1}{2}$ ਕਰੋੜ ਸਾਡੇ ਕਿਸਾਨਾਂ ਨੇ ਔਰ ਪੇਂਡੂਆਂ ਨੇ ਦਿੱਤਾ ਸੀ ਜਿਹੜਾ ਕਿ ਪੰਚਾਇਤਾਂ ਰਾਹੀਂ ਬਲਾਕ ਸੰਮਤੀਆਂ ਰਾਹੀਂ, ਜ਼ਿਲਾ ਪਰੀਸ਼ਦਾਂ ਰਾਹੀਂ, ਮਾਰਕਟ ਕਮੇਟੀਆਂ ਰਾਹੀਂ ਜਾਂ ਕੋਆਪ੍ਰੇਟਿਵ ਸੋਸਾਇਟੀਆਂ ਰਾਹੀਂ ਦਿੱਤਾ ਗਿਆ ਸੀ। ਔਰ ਜੋ ਬਿਰਲੇ ਵਰਗੇ ਵੱਡੀਆਂ ਫੈਕਟਰੀਆਂ ਦੇ ਮਾਲਕਾਂ ਨੇ, ਜਿਨ੍ਹਾਂ ਨਾਲ ਲੁਧਿਆਣਾ, ਅੰਮ੍ਰਿਤਸਰ ਔਰ ਫਰੀਦਾਬਾਦ ਵਰਗੇ ਸ਼ਹਿਰ ਭਰੇ ਪਏ ਹਨ, ਨਹੀਂ ਸੀ ਦਿੱਤਾ ਹਾਲਾਂਕਿ ਉਹ ਸਰਕਾਰ ਕੋਲੋਂ ਲੱਖਾਂ ਰੁਪਏ ਸਬਸਿਡੀ ਦੀ ਸ਼ਕਲ ਵਿੱਚ ਜਾਂ ਲੋਨ ਆਦਿ ਦੀਆਂ ਫੈਸਿਲੇਟੀਜ਼ ਲੈਂਦੇ ਰਹਿੰਦੇ ਹਨ। ਲੇਕਿਨ ਦੇਖਣ ਦੀ ਗੱਲ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ $4\frac{1}{2}$ ਕਰੋੜ ਰੁਪਏ ਆਪਣੇ ਆਦਾਰਿਆਂ ਰਾਹੀਂ ਦਿੱਤੇ ਸੀ ਉਨ੍ਹਾਂ ਨਾਲ ਕਿਸ ਤਰ੍ਹਾਂ ਇਮਤਿ-ਆਜ਼ੀ ਸਲੂਕ ਕੀਤਾ ਜਾ ਰਿਹਾ ਹੈ। ਇਥੇ ਚੰਡੀਗੜ੍ਹ ਵਿੱਚ ਦੇਖੋ ਕਿਤਨੀਆਂ ਵੱਡੀਆਂ ਵੱਡੀਆਂ ਬਿਲਡਿੰਗਜ਼

ਬਣੀਆਂ ਹੋਈਆਂ ਹਨ ਪਰ ਇਨ੍ਹਾਂ ਤੇ ਕੋਈ ਪ੍ਰਾਪਰਟੀ ਟੈਕਸ ਲਾਗੂ ਨਹੀਂ ਕੀਤਾ ਗਿਆ ਪਰ ਪਿੰਡਾਂ ਵਾਲਿਆਂ ਤੇ ਇਹ ਟੈਕਸ ਲਗਾਇਆ ਜਾ ਰਿਹਾ ਹੈ । ਫਿਰ ਪਿੰਡ ਵਿੱਚ ਕੋਈ ਸਕੂਲ ਬਣਾਉਣਾ ਹੋਏ ਤਾਂ ਉਸ ਵਾਸਤੇ ਸ਼ਰਤ ਰਖੀ ਜਾਂਦੀ ਹੈ ਕਿ ਉਥੋਂ ਦੇ ਲੋਕ ਆਪਣੇ ਕੋਲੋਂ ਸਕੂਲ ਦੀ ਬਿਲਡਿੰਗ ਬਣਾ ਕੇ ਦੇਣ ਔਰ ਜੇ ਕਿਸੇ ਪ੍ਰਾਇਮਰੀ ਸਕੂਲ ਨੂੰ ਅਪਗਰੇਡ ਕਰਾਉਣਾ ਹੋਏ ਤਾਂ ਉਹ 28 ਹਜ਼ਾਰ ਰੁਪਏ ਦੀ ਰਕਮ ਦੇਣ । ਜ਼ਿਨ੍ਹਾਂ ਲੋਕਾਂ ਦੇ ਤਾਂ ਇਤਨੇ ਲਿਮਟਿਡ ਰੀਸੋਰਸਿਜ਼ ਹਨ ਉਨ੍ਹਾਂ ਤੇ ਤਾਂ ਇਸ ਤਰ੍ਹਾਂ ਦੀਆਂ ਸ਼ਰਤਾਂ ਲਗਾਈਆਂ ਜਾਂਦੀਆਂ ਹਨ ਪਰ ਇਸ ਦੇ ਮੁਕਾਬਲੇ ਵਿੱਚ ਇਥੇ ਚੰਡੀਗੜ੍ਹ ਵਿੱਚ ਦੇਖੋ, ਜਿੱਥੇ ਖੁਸ਼ਹਾਲ ਲੋਕ ਰਹਿੰਦੇ ਹਨ, ਉਥੇ ਹਰ ਸੈਕਟਰ ਵਿੱਚ ਇਕ ਸਕੂਲ ਸਰਕਾਰ ਦੀ ਤਰਫੋਂ ਖੋਲ੍ਹ ਕੇ ਦਿੱਤਾ ਗਿਆ ਹੋਇਆ ਹੈ ਔਰ ਐਨੀਆਂ ਵੱਡੀਆਂ ਵੱਡੀਆਂ ਬਿਲਡਿੰਗਜ਼ ਇਸ ਨੇ ਆਪ ਹੀ ਬਣਾ ਕੇ ਦਿੱਤੀਆਂ ਹੋਈਆਂ ਨੇ । ਜਿਨ੍ਹਾਂ ਲੋਕਾਂ ਨੂੰ ਤਾਲੀਮ ਦੇਣੀ ਜ਼ਰੂਰੀ ਹੈ ਉਨ੍ਹਾਂ ਦੀ ਪੜ੍ਹਾਈ ਵਲ ਧਿਆਨ ਨਹੀਂ ਦਿੱਤਾ ਜਾ ਰਿਹਾ । ਅਸਲੀ ਮਕਸਦ ਸਰਕਾਰ ਦਾ ਕੀ ਹੈ ? ਇਸ ਬਾਰੇ ਮਹਾਤਮਾ ਗਾਂਧੀ ਜੀ ਕਹਿੰਦੇ ਹੁੰਦੇ ਸੀ—

"If you want to see real India, go to the remotest corner."

ਜੇ ਹਿੰਦੁਸਤਾਨ ਦੀ ਅਸਲੀ ਹਾਲਤ ਦੇਖਣੀ ਹੈ ਤਾਂ ਪਿੰਡਾਂ ਵਿੱਚ ਜਾ ਕੇ ਦੇਖੋ ਪਰ ਇਥੇ ਹੋ ਕੀ ਰਿਹਾ ਹੈ ? ਜੇਕਰ ਕਿਸੇ ਬਾਹਰਲੇ ਦੇਸ਼ ਤੋਂ ਕੋਈ ਫਾਰਨ ਡਿਗਨੇਟਰੀ ਆਉਂਦਾ ਹੈ ਤਾਂ ਉਸ ਨੂੰ ਜਾਂ ਤਾਂ ਚੰਡੀਗੜ੍ਹ ਦਿਖਾਇਆ ਜਾਂਦਾ ਹੈ, ਜਾਂ ਉਸ ਨੂੰ ਪਿੰਜੌਰ ਦਾ ਇੰਡਸਟਰੀਅਲ ਏਰੀਆ ਦਿਖਾਇਆ ਜਾਂਦਾ ਹੈ ਜਾਂ ਭਾਖੜਾ ਨੰਗਲ ਦਿਖਾਇਆ ਜਾਂਦਾ ਹੈ...

Deputy Speaker : Kindly wind up now.

ਕਾਮਰੇਡ ਬਾਬੂ ਸਿੰਘ ਮਾਸਟਰ : ਡਿਪਟੀ ਸਪੀਕਰ ਸਾਹਿਬਾ, ਮੈਂ ਇਰਰੈਲੇਵੈਂਟ ਤਾਂ ਹਾਂ ਨਹੀਂ ਔਰ ਬਿਲ ਤੇ ਬੋਲ ਰਿਹਾ ਹਾਂ ।

ਡਿਪਟੀ ਸਪੀਕਰ : ਮੈਂ ਇਹ ਤਾਂ ਨਹੀਂ ਕਿਹਾ ਕਿ ਤੁਸੀਂ ਇਰਰੈਲੇਵੈਂਟ ਹੋ । ਮੈਂ ਤਾਂ ਇਹ ਕਿਹਾ ਹੈ ਕਿ ਹੁਣ ਵਾਈਂਡ ਅਪ ਕਰੋ । (I have not said that the hon. Member is irrelevant. I have only requested him to kindly wind up now.)

ਕਾਮਰੇਡ ਬਾਬੂ ਸਿੰਘ ਮਾਸਟਰ : ਥੋੜਾ ਹੋਰ ਕਹਿ ਕੇ ਬੈਠ ਜਾਵਾਂਗਾ ।

ਮੈਂ ਅਰਜ਼ ਕਰ ਰਿਹਾ ਸਾਂ ਕਿ ਕਿਸਾਨਾਂ ਦੀ ਹਾਲਤ ਤਾਂ ਪਹਿਲੇ ਹੀ ਮਾੜੀ ਹੈ ਉਸ ਤੇ ਪਹਿਲੇ ਹੀ ਬੜੇ ਟੈਕਸ ਲਗੇ ਹੋਏ ਨੇ । ਜਿਹੜੇ ਟੈਕਸ ਉਸ ਤੇ ਪਹਿਲੇ ਲੱਗੇ ਹੋਏ ਹਨ ਉਹ ਮੈਂ ਹੁਣ ਗਿਣ ਕੇ ਨਹੀਂ ਦੱਸਣਾ ਚਾਹੁੰਦਾ ਹਾਂ ਪਰ ਮਨਿਸਟਰ ਸਾਹਿਬ ਨੂੰ ਚੈਲੇਂਜ ਕਰਦਾ ਹਾਂ ਕਿ ਉਹ ਗਿਣ ਕੇ ਦੱਸ ਦੇਣ ਕਿ ਕਿਤਨਾ ਟੈਕਸ ਫੀ ਏਕੜ ਕਿਸਾਨ ਨੂੰ ਦੇਣਾ ਪੈਂਦਾ ਹੈ । ਉਨ੍ਹਾਂ ਨੇ ਤਾਂ ਕੀ ਦੱਸ ਸਕਣਾ ਹੈ, ਉਨ੍ਹਾਂ ਦੇ ਜੋ ਪਟਵਾਰੀ ਹਨ ਉਨ੍ਹਾਂ ਕੋਲੋਂ ਹੀ ਉਹ ਪੁਛ ਕੇ ਦੱਸ ਦੇਣ ਕਿ ਇਕ ਏਕੜ ਤੇ ਕਿਤਨਾ ਮਾਲੀਆ, ਕਿਤਨਾ ਆਬਿਆਨਾ, ਕਿਤਨੀ ਬੇਟਰਮੈਂਟ ਲੈਵੀ, ਕਿਤਨਾ ਸਰਚਾਰਜ ਜਾਂ ਸਪੈਸ਼ਲ ਸਰਚਾਰਜ ਔਰ ਕਿਤਨਾ ਇਹ ਕਮਰਸ਼ਿਅਲ ਸੈਸ ਦੇਣਾ ਪੈਂਦਾ ਹੈ । ਇਸ ਬਾਰੇ ਇਨ੍ਹਾਂ ਨੂੰ ਕੁਝ ਪਤਾ ਹੀ ਨਹੀਂ । ਜੇ ਕਿਸੇ ਪਟਵਾਰੀ ਕੋਲੋਂ ਪੁਛੋ ਜਾਂ ਕਿਸੇ ਨੰਬਰਦਾਰ ਕੋਲੋਂ ਪੁਛੋ ਜਿਹੜਾ ਇਹ ਇਕੱਠੇ ਕਰਦਾ ਹੈ ਤਾਂ ਉਹ ਵੀ ਨਹੀਂ ਦੱਸ ਸਕਦਾ । ਕੁਝ ਹਿਸਾਬ ਨਹੀਂ, ਕੋਈ ਰੇਸ਼ੋ ਨਹੀਂ, ਕੋਈ ਤਨਾਸਬ ਨਹੀਂ । ਕਿਸਾਨਾਂ ਲਈ ਇਹ ਭਾਰੀ ਦੁਖ ਹੈ ਪਰ ਉਹ ਮਜਬੂਰ ਹਨ ।

[ਕਾਮਰੇਡ ਬਾਬੂ ਸਿੰਘ ਮਾਸਟਰ]

ਇਸ ਤੋਂ ਬਾਅਦ ਮੈਂ ਇਨ੍ਹਾਂ ਨੂੰ ਰੀਸੋਰਸਿਜ਼ ਦੱਸਣੇ ਚਾਹੁੰਦਾ ਹਾਂ ਜਿਨ੍ਹਾਂ ਤੋਂ ਇਹ ਰੁਪਿਆ ਆਸਾਨੀ ਨਾਲ ਇਕੱਠਾ ਕਰ ਸਕਦੇ ਹਨ। ਜਿਸ ਵੇਲੇ ਸਰਦਾਰ ਅਜਮੇਰ ਸਿੰਘ ਰੈਵੇਨਿਊ ਮਨਿਸਟਰ ਸਨ ਔਰ ਸਾਡੇ ਹੁਣ ਦੇ ਸਪੀਕਰ ਜਿਹੜੇ ਬਾਹਰ ਗਏ ਹੋਏ ਹਨ ਰੀਸੋਰਸਿਜ਼ ਐਂਡ ਰੀਟਰੈਂਚਮੈਂਟ ਕਮੇਟੀ ਦੇ ਮੈਂਬਰ ਸਨ, ਇਨ੍ਹਾਂ ਨੇ ਖੁਦ ਸਿਫਾਰਸ਼ ਕੀਤੀ ਸੀ ਕਿ ਸਰਕਾਰ ਇਸ ਇਸ ਤਰ੍ਹਾਂ ਖਰਚ ਘਟਾ ਸਕਦੀ ਹੈ। ਫਿਰ ਹੁਣ ਦੀ ਗੱਲ ਹੈ ਕਿ ਇਨ੍ਹਾਂ ਦੇ ਆਈ. ਏ. ਐਸ. ਔਰ ਆਈ. ਸੀ. ਐਸ. ਅਫਸਰਾਂ ਨੇ ਇਕ ਮੈਮੋਰੈਂਡਮ ਸਰਕਾਰ ਨੂੰ ਦਿੱਤਾ ਸੀ ਜਿਹੜਾ ਅਖਬਾਰਾਂ ਵਿੱਚ ਵੀ ਛਪਿਆ ਸੀ ਔਰ ਉਸ ਮੈਮੋ-ਰੈਂਡਮ ਵਿੱਚ ਉਨ੍ਹਾਂ ਨੇ ਆਖਿਆ ਹੈ ਕਿ ਸੈਕਰੇਟੇਰੀਏਟ ਵਿੱਚ ਅਫਸਰਾਂ ਦੀ ਗਿਣਤੀ ਦਿਨ ਬ ਦਿਨ ਵਧਦੀ ਜਾ ਰਹੀ ਹੈ ਔਰ ਇਹ ਉਨ੍ਹਾਂ ਦੀ ਗਿਣਤੀ ਤਾਂ ਘਟਾ ਨਹੀਂ ਰਹੇ ਪਰ ਐਮਰਜੈਂਸੀ ਦੇ ਨਾਂ ਤੇ ਕਨਸਾਲੀਡੇਸ਼ਨ ਦੇ ਪਟਵਾਰੀਆਂ ਦਾ ਗਲਾ ਘੁਟਿਆ ਜਾ ਰਿਹਾ ਹੈ, ਜਾਂ ਤਲਵਾੜੇ ਤੇ ਬਿਆਸ ਤੇ ਲਗੇ ਸੈਕਸ਼ਨਲ ਅਫਸਰਾਂ ਦਾ ਗਲਾ ਘੁਟਿਆ ਜਾ ਰਿਹਾ ਹੈ......

Dep uty Speaker : Kindly wind up now.

ਕਾਮਰੇਡ ਬਾਬੂ ਸਿੰਘ ਮਾਸਟਰ : ਥੋੜਾ ਜਿਹਾ ਹੋਰ ਕਹਿ ਲੈਣ ਦਿਉ।

ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਸੈਸ ਪਹਿਲੇ ਹੀ 31 ਮਾਰਚ, 1966 ਤਕ ਲਗਾ ਹੋਇਆ ਹੈ ਔਰ ਇਸ ਨੂੰ ਅਗਲੇ ਪੰਜ ਸਾਲਾਂ ਲਈ ਵਧਾਣ ਲਈ ਇਹ ਬੜੇ ਕਾਹਲੇ ਹੋ ਗਏ ਹਨ ਹਾਲਾਂਕਿ ਇਸ ਨੂੰ ਇਹ ਅਗਲੇ ਬਜਟ ਸੈਸ਼ਨ ਵਿੱਚ ਲਿਆ ਕੇ ਪਾਸ ਕਰਾ ਸਕਦੇ ਸੀ ਪਰ ਦੂਜੇ ਪਾਸੇ ਇਨ੍ਹਾਂ ਨੂੰ ਮਜ਼ਦੂਰਾਂ ਦੀ ਕੋਈ ਫਿਕਰ ਨਹੀਂ ਜਿਨ੍ਹਾਂ ਦੀ ਅੱਜ ਮਾੜੀ ਹਾਲਤ ਹੋ ਰਹੀ ਹੈ। ਇਹ ਇਸ ਬਿਲ ਨੂੰ ਹੁਣ ਇਸ ਸੈਸ਼ਨ ਵਿੱਚ ਪਾਸ ਕਰਾਉਣ ਲਈ ਇਸ ਕਰਕੇ ਕੋਸ਼ਿਸ਼ ਕਰ ਰਹੇ ਹਨ ਤਾਕਿ ਇਹ ਸੈਂਟਰ ਵਿੱਚ ਆਪਣੇ ਮਾਲਕਾਂ ਨੂੰ ਦੱਸ ਸਕਣ ਕਿ ਅਸੀਂ ਕਿਸਾਨਾਂ ਤੇ ਸੈਸ ਵੀ ਲੱਗਾ ਦਿੱਤਾ ਹੈ।

Deputy Speaker : Now please take your seat. There must be limit to everything.

ਕਾਮਰੇਡ ਬਾਬੂ ਸਿੰਘ ਮਾਸਟਰ : ਬਸ ਜੀ ਮੈਂ ਥੋੜ੍ਹੇ ਜਿਹੇ ਸਾਧਨ ਇਨ੍ਹਾਂ ਨੂੰ ਦੱਸਣੇ ਹਨ ਜਿੱਥੋਂ ਇਹ ਰੁਪਏ ਬਚਾ ਸਕਦੇ ਹਨ ਤਾਕਿ ਇਨ੍ਹਾਂ ਨੂੰ ਹੋਰ ਟੈਕਸ ਨਾ ਲਗਾਣੇ ਪੈਣ।

ਪਹਿਲੀ ਚੀਜ਼ ਤਾਂ ਇਹ ਹੈ ਕਿ ਇਹ ਸਟੇਟ ਟਰੇਡਿੰਗ ਤੋਂ 8 ਕਰੋੜ ਰੁਪਏ ਬਚਾ ਸਕਦੇ ਹਨ। ਫਿਰ ਬੈਂਕਾਂ ਦੀ ਨੈਸ਼ਨਲਾਈਜ਼ੇਸ਼ਨ ਨਾਲ ਕਰੋੜਾਂ ਰੁਪਏ ਦੀ ਆਮਦਨੀ ਸਰਕਾਰ ਨੂੰ ਹੋ ਸਕਦੀ ਹੈ। ਇਸੇ ਤਰ੍ਹਾਂ ਟਰਾਂਸਪੋਰਟ ਦੇ ਕੌਮੀਕਰਨ ਨਾਲ ਆਮਦਨੀ ਵਧਾਈ ਜਾ ਸਕਦੀ ਹੈ, ਫਿਰ ਪਰੀਵੀ ਪਰਸ ਬੰਦ ਕਰਕੇ ਕਰੋੜਾਂ ਰੁਪਏ ਬਚਾਏ ਜਾ ਸਕਦੇ ਹਨ। ਨਜ਼ਾਮ ਹੈਦਰਾਬਾਦ ਜਿਸ ਨੇ 1962 ਵਿੱਚ ਚੀਨ ਦੇ ਹਮਲੇ ਵੇਲੇ ਕਿਹਾ ਸੀ ਕਿ ਉਸ ਪਾਸ ਡੀਫੈਂਸ ਫੰਡ ਵਿੱਚ ਦੇਣ ਵਾਸਤੇ ਇਕ ਪੈਸਾ ਵੀ ਨਹੀਂ ਉਸ ਨੂੰ ਪਰੀਵੀ ਪਰਸ ਮਿਲ ਰਿਹਾ ਹੈ। ਹੁਣ ਵੀ ਤੁਸੀਂ ਦੇਖ ਲਉ ਬਿਰਲੇ ਨੇ, ਜਿਸ ਨੂੰ ਇਨ੍ਹਾਂ ਇਕ ਹਜ਼ਾਰ ਏਕੜ ਜ਼ਮੀਨ ਦਿੱਤੀ ਹੈ, ਇਕ ਪੈਸਾ ਵੀ ਪੰਜਾਬ ਵਿੱਚ ਨੈਸ਼ਨਲ ਡੀਫੈਂਸ ਫੰਡ ਵਿੱਚ ਨਹੀਂ ਦਿੱਤਾ। ਫਿਰ ਤੁਸੀਂ ਦੇਖੋ ਭਰਤ ਲਾਲ ਜਿਹੜਾ ਦਿੱਲੀ ਕਲਾਥ ਮਿਲ ਭੀਵਾਨੀ ਦਾ ਜਨਰਲ ਡਾਇਰਰੈਕਟਰ ਹੈ ਉਸ ਨੇ ਸੈਂਟਰ ਦੀ ਸਰਕਾਰ ਨੂੰ ਤਾਂ ਇਕ ਲੱਖ ਰੁਪਿਆ ਡੀਫੈਂਸ ਫੰਡ ਲਈ ਦਿੱਤਾ ਹੈ ਪਰ ਪੰਜਾਬ ਸਰਕਾਰ ਨੂੰ ਇਕ ਪੈਸਾ ਨਹੀਂ ਦਿੱਤਾ ਹਾਲੇਕਿ ਉਸ ਦੀ ਮਿੱਲ ਪੰਜਾਬ ਵਿਚ ਹੈ। ਇਸ ਦੇ ਨਾਲ ਹੀ ਦੇਖਣ ਵਾਲੀ ਗੱਲ ਇਹ ਹੈ ਕਿ ਉਸ ਨੇ ਪਾਕਿਸਤਾਨ ਸਰਕਾਰ ਨੂੰ 18 ਲਖ ਰੁਪਿਆ ਦਿੱਤਾ ਹੈ ਲੇਕਿਨ ਸਾਡੇ ਚੀਫ ਮਨਿਸਟਰ ਕਾਮਰੇਡ ਸਾਹਿਬ ਉਸ ਤੋਂ ਪਾਸਾ ਵਟਦੇ ਹਨ ਪਰ ਟੈਕਸ ਲਾਣ ਲਈ

ਇਨ੍ਹਾਂ ਦੀ ਤਵੱਜੋ ਕਿਸਾਨਾਂ ਵਲ, ਗਰੀਬ ਮਜ਼ਦੂਰਾਂ ਵਲ ਔਰ ਗਰੀਬ ਟਰਾਂਸਪੋਰਟਰਾਂ ਵਲ ਜਾਂਦੀ ਹੈ । ਫਿਰ ਜੋ ਰੁਪਿਆ ਇਨ੍ਹਾਂ ਨੂੰ ਮੁਲਕ ਦੀ ਰਾਖੀ ਕਰਨ ਲਈ ਸਕੂਲਾਂ ਦੇ ਮਾਸਟਰਾਂ ਵਲੋਂ ਔਰ ਬਚਿਆਂ ਵਲੋਂ ਦਿੱਤਾ ਗਿਆ ਹੈ ਉਹ ਇਨ੍ਹਾਂ ਅੱਗੇ ਸੈਂਟਰ ਦੇ ਮਨਿਸਟਰਾਂ ਨੂੰ ਦੇਣਾ ਸ਼ੁਰੂ ਕਰ ਦਿੱਤਾ ਹੈ......

Deputy Speaker : Order please. Now please take your seat.

ਕਾਮਰੇਡ ਗੁਰਬਖਸ਼ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਮੈਡਮ । ਜਦੋਂ ਤੁਸੀਂ ਹਾਊਸ ਵਿੱਚ 'ਇਹ ਸਵਾਲ ਪੁਟ ਕੀਤਾ ਸੀ ਕਿ ਇਸ ਬਿਲ ਤੇ ਬੋਲਣ ਲਈ ਕੀ ਕੋਈ ਟਾਈਮ ਲਿਮਿਟ ਹੋਣੀ ਚਾਹੀਦੀ ਹੈ ਤਾਂ ਉਸ ਵੇਲੇ ਇਹੀ ਫੈਸਲਾ ਹੋਇਆ ਸੀ ਕਿ ਟਾਈਮ ਲਿਮਿਟ ਨਹੀਂ ਹੋਣੀ ਚਾਹੀਦੀ ਤਾਕਿ ਹਰ ਕੋਈ ਮੈਂਬਰ ਆਪਣੇ ਦਿਲ ਦੀ ਭੜਾਸ ਕੱਢ ਸਕੇ ।

ਡਿਪਟੀ ਸਪੀਕਰ : ਕਾਮਰੇਡ ਬਾਬੂ ਸਿੰਘ ਜੀ, ਹੁਣ ਬਸ ਕਰੋ, ਭੜਾਸ ਕੱਢਣ ਨਾਲ ਹੋਰ ਹੀ ਕੁਝ ਬਣ ਜਾਂਦਾ ਹੈ । ਤੁਸੀਂ ਬੜਾ ਚੰਗਾ ਬੋਲ ਲਿਆ ਹੈ । (I request the hon. Member to resume his seat now. To vomit out every thing sometimes does not prove fruitful. He has made a very good speech.)

ਕਾਮਰੇਡ ਬਾਬੂ ਸਿੰਘ ਮਾਸਟਰ : ਮੈਂ ਵਾਈਂਡ ਅਪ ਕਰ ਰਿਹਾ ਹਾਂ ਜੀ ।

ਡਿਪਟੀ ਸਪੀਕਰ : ਤੁਹਾਡੀ ਤਾਂ ਨਿਜ਼ਾਮ ਵਾਲੀ ਪਾਰਟੀ ਹੈ ਹੁਣ ਬਸ ਕਰੋ । (The hon. Member belongs to a well disciplined party. Now he should resume his seat.)

ਕਾਮਰੇਡ ਬਾਬੂ ਸਿੰਘ ਮਾਸਟਰ : ਮੈਂ ਤਾਂ ਰੈਲੇਵੇਂਟ ਬੋਲਦਾ ਸੀ...

ਡਿਪਟੀ ਸਪੀਕਰ : ਮੈਂ ਇਹ ਤਾਂ ਨਹੀਂ ਕਿਹਾ ਕਿ ਤੁਸੀਂ ਇਰਰੈਲੇਵੈਂਟ ਹੋ ਮਗਰ ਤੁਸੀਂ 3 ਦਿਨ ਨਹੀਂ ਬੋਲ ਸਕਦੇ । (I do not say he is irrelevant but he cannot go on speaking for 3 days.)

ਕਾਮਰੇਡ ਬਾਬੂ ਸਿੰਘ ਮਾਸਟਰ : ਮੈਂ ਰੈਲੇਵੈਂਟ ਬੋਲ ਰਿਹਾ ਹਾਂ......(ਵਿਘਨ)

ਚੌਧਰੀ ਜਗਤ ਰਾਮ (ਨਵਾਂ ਸ਼ਹਿਰ) : ਡਿਪਟੀ ਸਪੀਕਰ ਸਾਹਿਬਾ, ਰੈਵੇਨਿਊ ਮਨਿਸਟਰ ਸਾਹਿਬ ਨੇ ਇਹ ਬਿਲ ਪੇਸ਼ ਕੀਤਾ ਹੈ । ਇਹ ਬਹੁਤ ਹੀ ਕਿਸਾਨਾਂ ਅਤੇ ਮਜ਼ਦੂਰਾਂ ਦੇ ਹਮਦਰਦ ਹਨ ਅਤੇ ਉਨ੍ਹਾਂ ਦਾ ਖ਼ਿਆਲ ਰਖਣ ਵਾਲੇ ਹਨ । ਮੈਂ ਅਰਜ਼ ਕਰਾਂ ਕਿ ਇਸ ਬਿਲ ਦੀ ਨਾ ਤਾਂ ਇਸ ਪਾਸਿਉਂ ਅਤੇ ਨਾ ਦੂਜੇ ਪਾਸਿਉਂ ਹੀ ਕੋਈ ਮੁਖਾਲਫਤ ਕਰੇ ਜੇਕਰ ਸਰਕਾਰ ਉਨ੍ਹਾਂ ਵਾਅਦਿਆਂ ਨੂੰ ਪੂਰਾ ਕਰੇ ਜੋ ਇਸ ਨੇ ਦਿਹਾਤੀਆਂ ਅਤੇ ਕਿਸਾਨਾਂ ਨਾਲ ਕੀਤੇ ਹਨ । ਮਗਰ ਕਿਸਾਨ ਨੂੰ ਤਾਂ ਸਗੋਂ ਹੋਰ ਤੰਗ ਕੀਤਾ ਜਾ ਰਿਹਾ ਹੈ । ਉਸ ਵਿਚਾਰੇ ਨੇ ਮੁਲਕ ਦੀ ਖਾਤਰ ਆਪਣੇ ਲੜਕੇ ਸ਼ਹੀਦ ਕਰਵਾਏ, ਮੁਲਕ ਲਈ ਮਿਹਨਤ ਕਰਦਾ ਤੇ ਲੋਕਾਂ ਦਾ ਢਿਡ ਭਰਦਾ ਹੈ ਪਰ ਉਸ ਨੂੰ ਮਾਮੂਲੀ ਸਹੂਲਤਾਂ ਤਕ ਨਹੀਂ ਦਿੱਤੀਆਂ ਜਾਂਦੀਆਂ । ਇਥੇ ਨਹਿਰਾਂ ਨਿਕਲੀਆਂ, ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਅਧੀਆਂ ਇਕ ਪਾਸੇ ਤੇ ਅੱਧੀਆਂ ਦੂਜੇ ਪਾਸੇ ਹੋ ਗਈਆਂ ਹਨ । ਪੁਲ ਉਨ੍ਹਾਂ ਤੇ ਹੈ ਨਹੀਂ । ਨਤੀਜਾ ਇਹ ਹੈ ਕਿ ਕਿਸਾਨਾਂ ਨੂੰ ਬੜੀ ਤਕਲੀਫ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਤੁਹਾਡਾ ਰੂਲ ਇਹ ਕਹਿੰਦਾ ਹੈ ਕਿ 3, 3

[ਚੌਧਰੀ ਜਗਤ ਰਾਮ]

ਮੀਲ ਤੇ ਪੁਲ ਹੋਵੇ ਮਗਰ ਪੁਲ ਨਹੀਂ ਬਣਾਏ ਜਾਂਦੇ ਜਿਸ ਕਰਕੇ, ਨਾ ਹਲ ਨਾ ਡੰਗਰ, ਕੁਝ ਵੀ ਦੂਜੇ ਪਾਸੇ ਨਹੀਂ ਜਾ ਸਕਦਾ । ਫਿਰ ਇਕ ਹੋਰ ਰੂਲ ਹੈ ਕਿ ਅਗਰ ਜ਼ਮੀਨ ਉਸੇ ਤਰ੍ਹਾਂ ਪਈ ਰਹੀ ਤਾਂ ਉਸ ਤੇ ਕਬਜ਼ਾ ਕਰ ਲਿਆ ਜਾਵੇਗਾ । ਇਸ ਤਰ੍ਹਾਂ ਤਾਂ ਕਿਸਾਨਾਂ ਦੀਆਂ ਸਾਰੀਆਂ ਜ਼ਮੀਨਾਂ ਤੇ ਹੀ ਸਰਕਾਰ ਕਬਜ਼ਾ ਕਰ ਲਵੇਗੀ । ਤੁਸੀਂ ਕਿਸਾਨ ਤੇ ਟੈਕਸ ਲਾਉਂਦੇ ਹੋ, ਬੇਸ਼ਕ ਲਾਵੋ ਮਗਰ ਇਹ ਤਾਂ ਖਿਆਲ ਰਖੋ ਕਿ ਉਸ ਨੂੰ ਸਹੂਲਤਾਂ ਵੀ ਮਿਲਣ। ਕਿਸਾਨ ਨੂੰ ਬਿਜਲੀ ਨਹੀਂ ਮਿਲਦੀ, ਸੇਮ ਨੇ ਉਸ ਨੂੰ ਤੰਗ ਕਰ ਰਖਿਆ ਹੈ, ਖਾਦ ਉਸ ਨੂੰ ਦਿੱਤੀ ਨਹੀਂ ਜਾਂਦੀ ਹਾਲਾਂਕਿ ਵਾਅਦੇ ਇਸ ਬਾਰੇ ਬਹੁਤ ਕੀਤੇ ਗਏ ਸਨ । ਤੁਸੀਂ ਹੁਣ ਵਾਅਦਾ ਕਰੋ ਕਿ ਕਿਸਾਨ ਦਾ ਤੁਸੀਂ ਖ਼ਿਆਲ ਰਖੋਗੇ ਤਾਂ ਅਸੀਂ ਇਸ ਬਿਲ ਨੂੰ ਹੁਣ ਪਾਸ ਕਰ ਦਿੰਦੇ ਹਾਂ । ਸਰਕਾਰ ਕਹਿੰਦੀ ਹੈ ਹੜ੍ਹ ਆਉਂਦੇ ਹਨ ਤਾਂ ਅਸੀਂ ਮਾਮਲਾ ਮਾਫ ਕਰ ਦਿੰਦੇ ਹਾਂ ਮਗਰ ਕਿਸਾਨ ਦੀ ਹਾਲਤ ਤਾਂ ਇਹ ਹੁੰਦੀ ਹੈ ਕਿ ਉਸ ਨੂੰ ਰੋਟੀ ਨਹੀਂ ਲਭਦੀ ਹੁੰਦੀ, ਮਾਲੀਆ ਮਾਫ ਹੋਣ ਨਾਲ ਕੀ ਬਣਦਾ ਹੈ । ਉਹ ਕਹਿੰਦਾ ਹੈ ਤੁਸੀਂ ਮੈਥੋਂ ਮਾਮਲਾ ਲੈ ਲਉ, ਪਰ ਮੇਰਾ ਖ਼ਿਆਲ ਤਾਂ ਰਖੋ, ਚੀਜ਼ਾਂ ਜਿਨ੍ਹਾਂ ਦੀ ਮੈਨੂੰ ਲੋੜ ਹੈ ਉਹ ਤਾਂ ਸਪਲਾਈ ਕਰੋ । ਦੋ ਤਿੰਨ ਚੀਜ਼ਾਂ ਦੀ ਉਹ ਮੰਗ ਕਰਦਾ ਹੈ ; ਸੇਮ ਦਾ ਇਲਾਜ ਕਰੋ, ਨਹਿਰਾਂ ਤੇ ਪੁਲ ਬੰਨ੍ਹੋ, ਟਿਊਬਵੈਲਾਂ ਲਈ ਕਨੈਕਸ਼ਨ ਦਿਉ, ਖਾਦ ਸਪਲਾਈ ਕਰੋ ਆਦਿ । ਹਾਲਤ ਇਹ ਹੈ ਕਿ ਉਸ ਨੂੰ ਇਹ ਚੀਜ਼ਾਂ ਨਹੀਂ ਮਿਲਦੀਆਂ । ਮੈਂ ਰਾਹੋਂ ਦੇ ਹਲਕੇ ਦੀ ਗੱਲ ਤੁਹਾਨੂੰ ਦੱਸਦਾ ਹਾਂ, ਉਥੇ ਜਿਨ੍ਹਾਂ ਲੋਕਾਂ ਦੀਆਂ ਟੈਸਟ ਰਿਪੋਰਟਾਂ ਗਈਆਂ ਨੂੰ 6 ਮਹੀਨੇ, ਸਾਲ ਹੋ ਚੁਕਿਆ ਹੈ ਉਨ੍ਹਾਂ ਨੂੰ ਹਾਲੇ ਤਕ ਕਨੈਕਸ਼ਨ ਨਹੀਂ ਦਿੱਤਾ ਗਿਆ । ਮਹਿਕਮਾ ਕਹਿੰਦਾ ਹੈ ਕਿ ਸੀਨੀਆਰਿਟੀ ਦੇ ਹਿਸਾਬ ਨਾਲ ਇਹ ਦਿੱਤੇ ਜਾਣਗੇ ਅਤੇ ਸੀਨਿਅਰਿਟੀ ਤਾਂ ਬਣਦੀ ਹੈ ਜੇ 2,000 ਰੁ: ਭੇਟਾ ਕਰੋ । ਉਹ ਕਿਥੋਂ ਲਿਆਵੇ ਇਤਨਾ ਪੈਸਾ । ਮੈਂ ਕਹਿੰਦਾ ਹਾਂ ਤੁਸੀਂ ਪਾਸ ਕਰ ਲਉ ਇਹ ਬਿਲ, ਟੈਕਸ ਲਗਾ ਲਉ ਮਗਰ ਉਸਦੀ ਮੁਸ਼ਕਿਲ ਤਾਂ ਹਲ ਕਰੋ । ਕਲ੍ਹ ਅਸੀਂ ਚੀਫ ਮਨਿਸਟਰ ਸਾਹਿਬ ਨੂੰ ਕਿਹਾ ਸੀ ਪਰ ਝਗੜਾ ਤਾਂ ਸਾਰਾ ਇਹ ਹੈ ਕਿ ਇਹ ਗੱਲ ਕਰਕੇ ਯਾਦ ਨਹੀਂ ਰਖਦੇ । ਇਹ ਕਹਿੰਦੇ ਹਨ ਅਨਾਜ ਵੱਧ ਪੈਦਾ ਕਰੋ ਪਰ ਦੂਜੇ ਪਾਸੇ ਜ਼ਮੀਨ ਦੀ ਨੀਲਾਮੀ ਹਰੀਜਨਾਂ ਲਈ ਬੰਦ ਕਰ ਦਿੱਤੀ ਹੈ, ਕਹਿੰਦੇ ਹਨ ਹੋਰ ਸਕੀਮ ਬਣਾਵਾਂਗੇ ਤੇ ਉਨ੍ਹਾਂ ਦਾ ਫਾਇਦਾ ਕਰਾਂਗਾ । ਇਹ ਲਾਰੇ ਲਪੇ ਦੇ ਢੰਗ ਸਾਨੂੰ ਯਾਦ ਹਨ ਜਿਸ ਤਰ੍ਹਾਂ ਕਿ ਸ਼ਾਹਬਾਜ਼ਪੁਰੀ ਨੇ ਦਸਿਆ ਹੈ । ਟੈਕਸ ਬੇਸ਼ਕ ਸ਼ੌਕ ਨਾਲ ਲਾਉ ਪਰ ਕਿਸਾਨਾਂ ਨਾਲ ਲਾਰੇ ਲੱਪੇ ਵਾਲੀਆਂ ਗੱਲਾਂ ਨਹੀਂ ਚਲਣ ਦਿਆਂਗੇ । ਆਪ ਦਾ ਸ਼ੁਕਰੀਆ । (ਵਿਘਨ)

चौधरी देवी लाल : On a point of order, Madam. यहां तीन दफा स्पीकर बदले हैं हमारी तरफ किसी का ध्यान नहीं आता । हमें भी मौका मिलना चाहिए ।

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : On a point of order, Madam. ਅਰਜ਼ ਇਹ ਹੈ ਕਿ ਅਸੀਂ ਸਵੇਰ ਦੇ ਬੈਠੇ ਸਮਾਂ ਮਿਲਣ ਦੀ ਉਡੀਕ ਕਰ ਰਹੇ ਹਾਂ । 10–15 ਬੈਠਕਾਂ ਮੈਂ ਕਢ ਚੁੱਕਾ ਹਾਂ, ਮੈਂ ਕੁਝ ਬੀਮਾਰ ਵੀ ਹਾਂ । ਤਾਂ ਮੈਨੂੰ ਦਸ ਦਿਉ ਕਿ ਕਿੰਨੀਆਂ ਬੈਠਕਾਂ ਮੈਨੂੰ ਕਢਣ ਦੇ ਬਾਅਦ ਸਮਾਂ ਮਿਲੇਗਾ ਤਾਂ ਜੋ ਇਕੋ ਵੇਰ ਮੈਂ ਉਨੀਆਂ ਬੈਠਕਾਂ ਮਾਰ ਲਵਾਂ (ਹਾਸਾ) ਤੇ ਬੋਲਣ ਦਾ ਟਾਈਮ ਦੇ ਦੇਵੋ । (*Interruption*)

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : On a point of order, Madam ਮੈਂ ਇਕ ਰਿਕੁਐਸਟ ਕਰਦਾ ਹਾਂ ਕਿ ਸਰਦਾਰ ਨਾਰਾਇਣ ਸਿੰਘ ਹੋਰਾਂ ਨੂੰ ਬੈਠਕਾਂ ਕਢਣੀਆਂ ਪੈ ਰਹੀਆਂ ਹਨ । ਇਨ੍ਹਾਂ ਨੂੰ ਉਹ ਰਜ਼ਾਈ ਦੇ ਦਿਉ ਜਿਹੜੀ ਇਹ ਲਿਆਏ ਸਨ.....(ਹਾਸਾ) (ਵਿਘਨ)

ਡਿਪਟੀ ਸਪੀਕਰ : ਇਹ ਕੀ ਪੁਆਇੰਟ ਆਫ ਆਰਡਰ ਹੈ? (What is this point of order? (*Interruption*).

श्री सुरेन्द्र नाथ गौतम : On a point of order, Madam.

Deputy Speaker : No please. (*Interruption*).

(*Shri Surendra Nath Gautam staged walk out.*)

ਸਰਦਾਰ ਦਿਲਬਾਗ ਸਿੰਘ (ਬੰਗਾ) : ਡਿਪਟੀ ਸਪੀਕਰ ਸਾਹਿਬਾ, ਇਹ ਜੋ ਬਿਲ ਹੈ ਇਸ ਤੇ ਮੇਰੇ ਬਹੁਤ ਸਾਰੇ ਦੋਸਤ ਬੋਲੇ ਹਨ ਅਤੇ ਕਹਿ ਚੁਕੇ ਹਨ ਕਿ ਇਹ ਟੈਕਸ ਨਹੀਂ ਲਗਣਾ ਚਾਹੀਦਾ, ਬਾਹਰ ਵੀ ਲੋਕ ਇਹੀ ਕਹਿੰਦੇ ਹਨ। ਡਿਪਟੀ ਸਪੀਕਰ ਸਾਹਿਬਾ, ਇਹ ਗੱਲ ਸਹੀ ਹੈ ਕਿ ਟੈਕਸ ਲਾਏ ਬਿਨਾ ਸਰਕਾਰ ਦਾ ਕੰਮ ਨਹੀਂ ਚਲਦਾ ਅਤੇ ਲੋਕਾਂ ਦੀ ਭਲਾਈ ਦੇ ਕੰਮ ਟੈਕਸ ਲਾਏ ਬਿਨਾ ਨਹੀਂ ਹੋ ਸਕਦੇ। (*At this stage, Shri Ram Saran Chand Mital a member of the Panel of Chairmen, occupied the Chair.*) ਮਗਰ ਜਿੱਥੇ ਤਕ ਇਸ ਟੈਕਸ ਦਾ ਤੱਅਲੁਕ ਹੈ ਇਹ ਤਾਂ ਇਕ ਕਿਸਮ ਦੀ ਵਨ ਵੇ ਟ੍ਰੈਫਿਕ ਹੀ ਹੈ। ਜਿਨ੍ਹਾਂ ਲੋਕਾਂ ਤੇ ਇਹ ਟੈਕਸ ਲਗਣਾ ਹੈ ਉਨ੍ਹਾਂ ਦੀ ਭਲਾਈ ਲਈ ਕੁਝ ਨਹੀਂ ਕੀਤਾ ਜਾਂਦਾ। ਟੈਕਸ ਤਾਂ ਪਹਿਲਾਂ ਹੀ ਲੱਗਾ ਹੋਇਆ ਹੈ ਅਤੇ ਹੁੰਦਾ ਇਹ ਹੈ ਕਿ ਰੁਪਿਆ ਸਰਕਾਰ ਇਕੱਠਾ ਕਰਦੀ ਹੈ ਅਤੇ ਵੱਡੇ ਵੱਡੇ ਸਰਕਾਰੀ ਅਫਸਰਾਂ, ਸੈਕਰੇਟੇਰੀਏਟ ਦੇ ਅਮਲੇ ਦੀਆਂ ਤਨਖਾਹਾਂ ਤੇ ਹੀ ਖੁਰਦ ਬੁਰਦ ਕਰ ਦਿੰਦੀ ਹੈ, ਉਨ੍ਹਾਂ ਲੋਕਾਂ ਨੂੰ ਕੋਈ ਰੀਟਰਨ ਨਹੀਂ ਹੁੰਦੀ। ਸੋ ਉਹ ਲੋਕਵਾਵੇਲਾ ਕਰਦੇ ਹਨ। ਜੇ ਸਰਕਾਰ ਨੂੰ ਪੁਛੋ ਜ਼ਿਮੀਂਦਾਰਾਂ ਲਈ ਬਿਜਲੀ ਹੈ? ਜਵਾਬ ਮਿਲਦਾ ਹੈ "ਨਹੀਂ ਜੀ ਇਸ ਦੀ ਕਮੀ ਹੈ"। ਖਾਦ ਹੈ ? "ਨਹੀਂ ਬਲੈਕ ਵਿੱਚ ਮਿਲ ਸਕਦੀ ਹੈ।" ਪਾਣੀ ਹੈ ? ਕਿਥੇ ਜੀ, ਇਸ ਬਾਰ ਤਾਂ ਬਾਰਿਸ਼ ਹੀ ਨਹੀਂ ਹੋਈ। ਬੀਜ ਹੋਵੇਗਾ ? "ਕਾਹਨੂੰ ਜੀ ਅੱਜ ਕਲ ਬੀਜ ਕਿਥੇ ਲਭਦਾ ਹੈ।" ਜੇ ਮਿਲੇਗਾ ਤਾਂ ਉਸ ਵੇਲੇ ਜਿਸ ਵੇਲੇ ਸਾਰੇ ਬੀਜ ਚੁੱਕੇ ਹੋਵਾਂਗੇ। ਫਿਰ ਜਿੱਥੇ ਤਕ ਨਏ ਕਿਸਮ ਦੇ ਔਜ਼ਾਰਾਂ ਦਾ ਸਬੰਧ ਹੈ ਉਹ ਉਸ ਨੂੰ ਬਲੈਕ ਵਿੱਚ ਮਿਲਦੇ ਹਨ। ਜੇਕਰ ਟ੍ਰੈਕਟਰ ਲੈਣ ਜਾਵੇ ਤਾਂ ਵੀ ਉਸ ਨੂੰ ਬਲੈਕ ਵਿੱਚ ਮਿਲਦਾ ਹੈ, ਫਿਰ ਜ਼ਿਮੀਂਦਾਰ ਨੂੰ ਮਿਲਦਾ ਕੀ ਹੈ ? ਜ਼ਿਮੀਂਦਾਰ ਨੂੰ ਕੇਵਲ ਰਿਸ਼ਵਤ ਮਿਲਦੀ ਹੈ। (ਵਿਘਨ) (ਆਵਾਜ਼: ਉਹ ਕਿਉਂ?) ਹਾਂ ਹਾਂ ਮੈਂ, ਰਿਸ਼ਵਤ ਦਾ ਜ਼ਿਕਰ ਕੀਤਾ ਹੈ। ਮੈਂ ਤੁਹਾਨੂੰ ਦਸਦਾ ਹਾਂ ਕਿ ਉਹ ਕਿਵੇਂ ਮਿਲਦੀ ਹੈ। ਚੇਅਰਮੈਨ ਸਾਹਿਬ, ਜਿਹੜੇ ਅਮੀਰ ਆਦਮੀ ਹਨ ਉਹ ਰਿਸ਼ਵਤ ਦਿੰਦੇ ਹਨ ਅਤੇ ਇਸ ਗੱਲ ਨੂੰ ਵੇਖ ਕੇ ਦਿੰਦੇ ਹਨ ਕਿ ਜੇਕਰ ਮੈਂ 100 ਰੁਪਏ ਦੀ ਰਿਸ਼ਵਤ ਦਿਆਂ ਤਾਂ ਮੈਨੂੰ ਦਸ ਹਜ਼ਾਰ ਦਾ ਮੁਨਾਫਾ ਹੋਵੇਗਾ ਜਾਂ ਇੰਨੀ ਰਕਮ ਦਾ ਫਾਇਦਾ ਹੁੰਦਾ ਹੈ। ਪਰ ਗਰੀਬ ਕਿਸਾਨ ਦੀ ਇਹ ਹਾਲਤ ਹੈ ਕਿ ਉਸ ਨੂੰ ਬਗੈਰ ਰਿਸ਼ਵਤ ਦੇ ਕੋਈ ਗੱਲ ਨਹੀਂ ਕਰਨ ਦਿੰਦਾ। ਜੇਕਰ ਤਕਾਵੀ ਜਮਾਂ ਕਰਾਣ ਜਾਵੇ ਤਾਂ ਰਿਸ਼ਵਤ ਦੇਣੀ ਪੈਂਦੀ ਹੈ। ਜੇਕਰ ਤਕਾਵੀ ਲੈਣ ਜਾਵੇ ਤਾਂ ਰਿਸ਼ਵਤ ਦੇਣੀ ਪੈਂਦੀ ਹੈ, ਜੇਕਰ ਇਨਸਾਫ ਮੰਗਣ ਜਾਵੇ ਤਾਂ ਰਿਸ਼ਵਤ ਦੇਣੀ ਪੈਂਦੀ ਹੈ। (ਵਿਰੋਧੀ ਦਲ ਵਲੋਂ ਪ੍ਰਸੰਸਾ) ਇਕ ਵੀ ਮਹਿਕਮਾ ਅਜਿਹਾ ਨਹੀਂ ਜਿੱਥੇ ਕਿ ਇਸ ਨੂੰ ਰਿਸ਼ਵਤ ਨਾ ਦੇਣੀ ਪੈਂਦੀ ਹੋਵੇ। ਇਸ ਲਈ ਸਾਰਿਆਂ ਤੋਂ ਵੱਡੀ ਚੀਜ਼ ਇਹ ਹੈ ਕਿ ਰਿਸ਼ਵਤ ਦਾ ਢੰਗ ਹੀ ਇਸ ਤਰ੍ਹਾਂ ਦਾ ਬਣ ਗਿਆ ਹੈ ਕਿ ਹਰ ਪਾਸੇ ਆਮ ਤੌਰ ਤੇ ਰਿਸ਼ਵਤ ਜਾਰੀ ਹੈ। ਅਮੀਰ ਆਦਮੀ ਗਰੀਬ ਆਦਮੀ ਨੂੰ ਰਿਸ਼ਵਤ ਦਿੰਦਾ ਹੈ। ਲੇਕਿਨ ਇਕ ਕਿਸਾਨ ਹੀ ਅਜਿਹਾ ਤਬਕਾ ਹੈ ਜਿਹੜਾ ਆਪਣੇ ਆਪ ਤੋਂ ਅਮੀਰ ਤਬਕੇ ਨੂੰ ਰਿਸ਼ਵਤ ਦਿੰਦਾ ਹੈ। ਕਿੰਨੀ ਹੈਰਾਨੀ ਦੀ ਗੱਲ ਹੈ। **(ਵਿਘਨ)**

ਸ੍ਰੀ **ਫਤਿਹ ਚੰਦ ਵਿਜ** : ਆਨ ਏ ਪੁਆਇੰਟ ਆਫ ਆਰਡਰ । ਕੀ ਕੋਈ ਵਜ਼ੀਰ ਇਸ ਹਾਊਸ ਵਿੱਚ ਬੈਠ ਕੇ ਮਕਈ ਦੇ ਦਾਣੇ ਖਾ ਸਕਦਾ ਹੈ ? (ਵਿਘਨ)

Minister of State for Animal Husbandry and Agriculture (Captain Rattan Singh) : A lady offered me something and I have just kept it.

ਸਰਦਾਰ ਦਿਲਬਾਗ ਸਿੰਘ : ਮੈਂ, ਚੇਅਰਮੈਨ ਸਾਹਿਬ, ਰਿਸ਼ਵਤ ਦੀ ਗੱਲ ਕਰ ਰਿਹਾ ਸਾਂ । ਗਰੀਬ ਕਿਸਾਨ ਹੀ ਇਕ ਅਜਿਹੀ ਸ਼ਰੇਣੀ ਹੈ ਜਿਹੜੀ ਕਿ ਆਪਣੇ ਤੋਂ ਅਮੀਰ ਨੂੰ ਰਿਸ਼ਵਤ ਦਿੰਦੀ ਹੈ । ਗਰੀਬ ਤੋਂ ਕਦੇ ਕੋਈ ਰਿਸ਼ਵਤ ਨਹੀਂ ਲੈਂਦਾ ਪਰ ਇਥੇ ਹਾਲਤ ਇਹ ਹੈ ਕਿ ਕਲਰਕ, ਤਸੀਲਦਾਰ, ਨਾਇਬ-ਤਸੀਲਦਾਰ, ਪਟਵਾਰੀ ਅਤੇ ਇਸ ਤਰ੍ਹਾਂ ਦੇ ਬਾਕੀ ਕਰਮਚਾਰੀ ਜਿਹੜੇ ਕਿ ਜ਼ਿਮੀਂਦਾਰ ਨਾਲੋਂ ਕਿਤੇ ਸੌਖੇ ਅਤੇ ਅਮੀਰ ਹਨ ਇਸ ਪਾਸੋਂ ਰਿਸ਼ਵਤ ਲੈਂਦੇ ਹਨ। ਰਿਸ਼ਵਤ ਦੇਣ ਵਾਲਾ ਗਰੀਬ ਅਤੇ ਰਿਸ਼ਵਤ ਲੈਣ ਵਾਲਾ ਅਮੀਰ । ਇਥੇ ਬਾਕੀ ਥਾਵਾਂ ਤੋਂ ਉਲਟ ਹੁੰਦਾ ਪਿਆ ਹੈ ।

ਜਿੱਥੇ ਇਸ ਤਰ੍ਹਾਂ ਦੀਆਂ ਸਾਰੀਆਂ ਚੀਜ਼ਾਂ ਹਨ, ਉਨ੍ਹਾਂ ਦੇ ਨਾਲ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਤੇ ਇਹ ਟੈਕਸ ਲਗਾਇਆ ਜਾ ਰਿਹਾ ਹੈ ਉਨ੍ਹਾਂ ਦੀ ਅੱਜ ਦੇ ਸਮੇਂ ਵਿੱਚ ਹਾਲਤ ਕੀ ਹੈ। ਇਸ ਨੂੰ ਕਿਸੇ ਕਿਸਮ ਦੀ ਫੈਸਿਲਿਟੀ ਨਹੀਂ ਦਿੱਤੀ ਜਾ ਰਹੀ । ਜੇਕਰ ਕੋਈ ਕਿਸਾਨ ਆਪਣੇ ਬੱਚੇ ਨੂੰ ਪੜ੍ਹਾਉਣਾ ਚਾਹੁੰਦਾ ਹੈ ਅਤੇ ਇਸ ਤਰ੍ਹਾਂ ਦੀ 75 ਫੀਸਦੀ ਆਬਾਦੀ ਹੈ ਜਿਹੜੀ ਕਿ ਆਪਣੇ ਬੱਚਿਆਂ ਨੂੰ ਪੜ੍ਹਾਉਣ ਨੂੰ ਤਿਆਰ ਹੈ ਪਰ ਉਨ੍ਹਾਂ ਪਾਸ ਪੈਸੇ ਨਹੀਂ ਅਤੇ ਪੈਸੇ ਖੁਣੋਂ ਨਹੀਂ ਪੜ੍ਹਾ ਸਕਦੇ। ਅਤੇ ਇਹ ਟੈਕਸ ਉਨ੍ਹਾਂ ਤੇ ਲਗਾਇਆ ਜਾ ਰਿਹਾ ਹੈ ।

ਜਿੱਥੋਂ ਤਕ ਇਸ ਟੈਕਸ ਦੇ ਵੇਰਵੇ ਦਾ ਸਬੰਧ ਹੈ ਮੈਂ ਤੁਹਾਡੇ ਸਾਹਮਣੇ ਰਖਿਆ ਹੈ । ਪਰ ਹੈਰਾਨੀ ਦੀ ਗੱਲ ਹੈ ਕਿ ਜਿਨ੍ਹਾਂ ਲੋਕਾਂ ਨੇ ਇਸ ਟੈਕਸ ਨੂੰ ਦੇਣਾ ਹੈ ਉਨ੍ਹਾਂ ਦੀਆਂ ਜ਼ਰੂਰੀਆਤ ਜ਼ਿੰਦਗੀ ਪਹੁੰਚਾਣ ਲਈ ਕੋਈ ਫੈਸਿਲਿਟੀ ਗੌਰਮੈਂਟ ਦੇਣ ਨੂੰ ਤਿਆਰ ਨਹੀਂ ।

ਇਕ ਪਾਸੇ ਉਸ ਗਰੀਬ ਕਿਸਾਨ ਪਾਸੋਂ ਇਤਨਾ ਟੈਕਸ ਵਸੂਲ ਕੀਤਾ ਜਾ ਰਿਹਾ ਹੈ ਪਰ ਦੂਜੇ ਪਾਸੇ ਉਸ ਦੀ ਇਹ ਹਾਲਤ ਹੈ ਕਿ ਉਸ ਨੂੰ ਆਪਣੇ ਇਲਾਜ ਵਾਸਤੇ ਵੀਹ ਜਾਂ ਤੀਹ ਮੀਲ ਦਾ ਪੈਂਡਾ ਮਾਰਨਾ ਪੈਂਦਾ ਹੈ ਤਾਂ ਜੋ ਉਹ ਕਿਸੇ ਵੱਡੇ ਹਸਪਤਾਲ ਵਿੱਚ ਪਹੁੰਚ ਸਕੇ । ਦੂਜੇ ਪਾਸੇ ਸ਼ਹਿਰਾਂ ਵਿੱਚ ਲੋਕਾਂ ਨੂੰ ਪੰਜ ਜਾਂ ਸਤ ਮਿੰਟਾਂ ਵਿੱਚ ਮੈਡੀਕਲ ਏਡ ਮਿਲ ਜਾਂਦੀ ਹੈ । ਦਿਹਾਤ ਵਿੱਚ ਕਈ ਘੰਟੇ ਜ਼ਾਇਆ ਹੋ ਜਾਂਦੇ ਹਨ ਅਤੇ ਬਾਜ਼ ਵੇਲੇ ਮੌਤ ਵਾਕਿਆ ਹੋ ਜਾਂਦੀ ਹੈ । ਮੈਂ ਜਿਵੇਂ ਕਿ ਪਹਿਲਾਂ ਹੀ ਕਿਹਾ ਹੈ ਇਹ ਟੈਕਸ ਤਾਂ ਸਰਕਾਰ ਵਲੋਂ ਵਨ ਵੇ ਟ੍ਰੈਫਿਕ ਹੈ। ਸਹੂਲਤਾਂ ਬਿਲਕੁਲ ਨਹੀਂ ਦਿੱਤੀਆਂ ਜਾਂਦੀਆਂ ਪਰ ਟੈਕਸ ਹਰ ਰੋਜ਼ ਵਧਾਇਆ ਜਾਂਦਾ ਹੈ ।

ਚੇਅਰਮੈਨ ਸਾਹਿਬ, ਮੈਂ ਇਹ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਇਥੇ ਬਿਰਲੇ ਦਾ ਜ਼ਿਕਰ ਕੀਤਾ ਗਿਆ ਅਤੇ ਸਾਡੇ ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਕਿ ਅਸੀਂ ਜ਼ਬਾਨ ਕਰ ਲਈ ਹੈ ਅਤੇ ਕਿਉਂਕਿ ਐਗਰੀਮੈਂਟ ਕਰ ਲਿਆ ਹੈ ਇਸ ਲਈ ਅਸੀਂ ਬਦਲ ਨਹੀਂ ਸਕਦੇ ਤੇ ਨਾ ਹੀ ਇਸ ਨੂੰ ਕੈਂਸਲ ਕਰ ਸਕਦੇ ਹਾਂ । ਇਸ ਦੇ ਸਬੰਧ ਵਿੱਚ ਹਾਊਸ ਵਿੱਚ ਬੜਾ ਸ਼ੋਰ ਪਿਆ, ਕਿ ਇਨ੍ਹਾਂ ਨੇ ਐਨੀ ਜ਼ਮੀਨ ਇਕ ਆਦਮੀ ਨੂੰ ਦੇ ਦਿੱਤੀ ਹੈ ਅਤੇ ਇਸ ਦਾ ਜਵਾਬ ਇਹੀ ਸੀ ਕਿ ਐਗਰੀਮੈਂਟ ਤੋੜਿਆ ਨਹੀਂ ਜਾ ਸਕਦਾ । ਮੈਂ ਇਸ ਸਬੰਧ ਵਿੱਚ ਇਨ੍ਹਾਂ ਐਗਰੀਮੈਂਟਾਂ ਦੀ ਜੋ ਹਾਲਤ ਹੁੰਦੀ ਹੈ ਉਸ ਦੀ ਇਕ ਮਿਸਾਲ ਆਪ ਦੀ ਰਾਹੀਂ ਹਾਊਸ ਵਿੱਚ ਰਖਣੀ ਚਾਹੁੰਦਾ ਹਾਂ । ਸਰਦਾਰ ਪਰਤਾਪ ਸਿੰਘ ਦੇ ਟਾਈਮ ਵਿੱਚ ਉਨ੍ਹਾਂ ਦੇ ਦਿਮਾਗ ਵਿੱਚ ਇਕ ਗੱਲ ਆਈ ਕਿ ਐਗਰੀਕਲਚਰ ਪ੍ਰੋਡਕਸ਼ਨ ਨੂੰ

ਦੁਗਣਾ ਕਰਨਾ ਹੈ ਇਸ ਲਈ ਚਪਾ ਚਪਾ ਜ਼ਮੀਨ ਨੂੰ ਕਾਸ਼ਤ ਕਰ ਦਿੱਤਾ ਜਾਵੇ । ਇਸ ਅਨੁਸਾਰ ਚੰਡੀਗੜ੍ਹ ਵਿੱਚ ਇਕ ਸਕੀਮ ਬਣਾਈ ਗਈ ਕਿ ਜਿੱਥੇ ਵੀ ਸਰਕਾਰੀ ਜ਼ਮੀਨ ਮਿਲੇ ਕਾਸ਼ਤ ਲਈ ਦੇ ਦਿੱਤੀ ਜਾਵੇ । ਇਸ ਤਰ੍ਹਾਂ ਕੋਈ ਇਕ ਇਕ ਸੌ ਏਕੜ ਦੇ ਬਹੁਤ ਸਾਰੇ ਪਲਾਟ ਇਥੇ ਬਣਾਏ ਗਏ ਅਤੇ ਕੋਈ ਪਲਾਟ ਤਿੰਨ ਹਜ਼ਾਰ ਤੇ ਕੋਈ ਚਾਰ ਹਜ਼ਾਰ ਦੀ ਲੀਜ਼ ਤੇ ਦਿੱਤਾ ਗਿਆ । ਇਕ ਗਰੀਬ ਕਿਸਾਨ ਨੂੰ ਜੋਸ਼ ਆਇਆ ਤਾਂ ਉਸ ਨੇ ਬਹੁਤ ਵੱਧ ਕੇ ਬੋਲੀ ਦਿੱਤੀ ਤੇ ਮੁਕਾਬਲੇ ਵਿੱਚ ਆਣ ਕੇ ਸਤ ਹਜ਼ਾਰ ਤੋਂ ਪਲਾਟ ਲੀਜ਼ ਤੇ ਲੈ ਗਿਆ । ਉਸ ਨੇ ਸਤ ਹਜ਼ਾਰ ਅੱਗੋਂ ਪਿੱਛੋਂ ਕਰਕੇ ਗੌਰਮੈਂਟ ਪਾਸ ਜਮਾ ਕਰਵਾ ਦਿੱਤਾ । ਥੋੜੇ ਦਿਨਾਂ ਬਾਅਦ ਸਰਕਾਰ ਵਲੋਂ ਉਸ ਨੂੰ ਇਤਲਾਹ ਭੇਜ ਦਿੱਤੀ ਗਈ ਕਿ ਤੇਰੀ ਬਿਡ ਮਨਜ਼ੂ ਕੀਤੀ ਗਈ ਹੈ ਤੇ ਤੈਨੂੰ ਜ਼ਮੀਨ ਦਿੱਤੀ ਗਈ । ਉਸ ਨੇ 15 ਵੀਹ ਹਜ਼ਾਰ ਰੁਪਿਆ ਲਗਾ ਕੇ ਕਿਸੇ ਪਾਸੋਂ ਉਧਾਰ ਲੈ ਕੇ ਟ੍ਰੈਕਟਰ ਲੈ ਆਂਦਾ ਅਤੇ ਸਾਰੀ ਜ਼ਮੀਨ ਵਾਹੀਯੋਗ ਬਣਾ ਦਿੱਤੀ ਤੇ ਸਾਫ ਕਰ ਦਿੱਤੀ । ਜਦ ਬੀਜਣ ਲੱਗਾ ਤਾਂ ਸਰਕਾਰ ਵਲੋਂ ਇਕ ਚਿੱਠੀ ਉਸ ਪਾਸ ਗਈ ਕਿ ਤੇਰਾ ਲੀਜ਼ ਕੈਂਸਲ ਕਰ ਦਿੱਤਾ ਗਿਆ ਹੈ ਤੂੰ ਆ ਕੇ ਆਪਣਾ ਸਤ ਹਜ਼ਾਰ ਰੁਪਿਆ ਮੋੜ ਕੇ ਲੈ ਜਾ । ਸੋ ਮੇਰੀ ਅਰਜ਼ ਇਹ ਹੈ ਕਿ ਜਿੱਥੇ ਸਰਕਾਰ ਦੀ ਸਲਾਹ ਮਦਦ ਕਰਨ ਦੀ ਹੋਵੇ ਉਥੇ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਜ਼ਬਾਨ ਦਿੱਤੀ ਹੋਈ ਹੈ ਤੇ ਐਗਰੀਮੈਂਟ ਕੈਂਸਲ ਨਹੀਂ ਕੀਤਾ ਜਾ ਸਕਦਾ ਪਰ ਜਿੱਥੇ ਸਲਾਹ ਨਾ ਹੋਵੇ ਉਥੇ ਝਟ ਮੁਨਕਰ) ਹੋ ਜਾਂਦੀ ਹੈ । ਕੋਈ ਕਾਇਦਾ ਅਤੇ ਕਾਨੂੰਨ ਇਨ੍ਹਾਂ ਪਾਸ ਨਹੀਂ । (**ਸਰਦਾਰ ਹਰਚੰਦ ਸਿੰਘ** : ਸਤਿਨਾਮ (ਹਾਸਾ) ਮੈਂ ਇਹ ਪੁਛਣਾ ਚਾਹੁੰਦਾ ਹਾਂ ਆਪ ਦੀ ਰਾਹੀਂ, ਕਿ ਜਿਹੜੀਆਂ ਸਕੀਮਾਂ ਪਹਿਲੀ ਸਰਕਾਰ ਨੇ ਚੰਗੀਆਂ ਕੀਤੀਆਂ ਸਨ ਉਨ੍ਹਾਂ ਨੂੰ ਹੀ ਜੇਕਰ ਚਲਦਿਆਂ ਰਹਿਣ ਦਿੱਤਾ ਜਾਵੇ ਤਾਂ ਸਰਕਾਰ ਪਾਸ ਕਾਫੀ ਰੁਪਿਆ ਆ ਸਕਦਾ ਹੈ । ਇਹ ਤਾਂ ਇਕ ਚੰਗੀ ਸਕੀਮ ਸੀ ਕਿ ਸੂਬੇ ਦੀ ਅਗਰੀਕਲਚਰਲ ਪ੍ਰੋਡਕਸ਼ਨ ਦੁਗਣੀ ਕਰ ਦਿੱਤੀ ਜਾਵੇ । ਮੈਂ ਸਮਝਦਾ ਹਾਂ ਕਿ ਇਸ ਨੂੰ ਐਪਰੂਵ ਕਰਨਾ ਚਾਹੀਦਾ ਸੀ ਅਤੇ ਐਪਰੀਸ਼ੀਏਟ ਕਰਨਾ ਚਾਹੀਦਾ ਸੀ । ਪਰ ਸਰਕਾਰ ਇਸ ਤਰ੍ਹਾਂ ਦੀ ਕੋਈ ਸਕੀਮ ਐਪਰੂਵ ਨਹੀਂ ਕਰਨਾ ਚਾਹੁੰਦੀ ਜਿਸ ਨਾਲ ਰੁਪਿਆ ਸਰਕਾਰੀ ਖਜ਼ਾਨੇ ਵਿੱਚ ਆਵੇ । ਇਹ ਵੀ ਤਾਂ ਹੈ ਕਿ ਬਗੈਰ ਟੈਕਸ ਲਗਾਏ ਦੇ ਹੋਰ ਸੋਰਸਿਜ਼ ਨਾਲ ਰੁਪਿਆ ਆ ਸਕਦਾ ਹੈ । ਇਸ ਵਿੱਚ ਬੁਰਾਈ ਨਹੀਂ ਸੀ ਜੇਕਰ ਉਸ ਸਕੀਮ ਨੂੰ ਜਾਰੀ ਰਹਿਣ ਦਿੱਤਾ ਜਾਂਦਾ ।

ਚੇਅਰਮੈਨ ਸਾਹਿਬ, ਇਕ ਗੱਲ ਮੈਂ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਲੜਾਈ ਤੋਂ ਬਾਅਦ ਸਾਡਾ ਕੁਝ ਹਿੱਸਾ ਪਾਕਿਸਤਾਨ ਕੋਲ ਤੇ ਪਾਕਿਸਤਾਨ ਦਾ ਕੁਝ ਹਿੱਸਾ ਸਾਡੇ ਪਾਸ ਆ ਗਿਆ ਹੈ । ਜਿਹੜਾ ਹਿੱਸਾ ਸਾਡੇ ਪਾਸ ਆਇਆ ਉਸ ਵਿੱਚ ਕਣਕ ਦੇ ਵੱਡੇ ਵੱਡੇ ਗੁਦਾਮ ਸਨ । (ਵਿਘਨ) ।

श्री सभापति (श्री राम सरन चंद मित्तल) : क्योंकि मैंने ज़रा जाना है और पैनल आफ चेयरमन में से कोई भी इस वक्त हाऊस में हाज़र नहीं इस लिये अगर आप एप्रूव करें तो खान अब्दुल गफार खान को कुर्सी संभालने के लिये कहा जाए । (Since I have to go out and no member from the Panel of Chairmen is present in the House at the moment, therefore, if the House approves Khan Abdul Ghaffar Khan may be requested to occupy the Chair.)

आवाज़ें : ज़रूर ज़रूर ।

(इस समय खान अब्दुल गफार खां ने कुर्सी संभाली। हाउस की तरफ से प्रशंसा और जोरदार तालियां)

ਸਰਦਾਰ ਦਿਲਬਾਗ ਸਿੰਘ : ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ ਪਾਕਿਸਤਾਨ ਦੇ ਉਸ ਇਲਾਕੇ ਵਿਚ ਜਿਹੜਾ ਕਿ ਅਸਾਡੇ ਪਾਸ ਆਇਆ ਹੈ ਕਣਕ ਦੇ ਬੜੇ ਬੜੇ ਗੁਦਾਮ ਸਨ। ਇਨ੍ਹਾਂ ਗੁਦਾਮਾਂ ਵਿੱਚ ਬਹੁਤ ਚੰਗੀ ਕਿਸਮ ਦਾ ਸੀਡ ਸੀ।

ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਦੋਂ ਪਾਕਿਸਤਾਨ ਦੇ ਅਟੈਕ ਤੋਂ ਬਾਅਦ ਸਰਹਦੀ ਇਲਾਕਿਆਂ ਵਿੱਚ ਜਾ ਕੇ ਅਸੀਂ ਇਕ ਦੂਸਰੇ ਇਲਾਕੇ ਦਾ ਮਾਲ ਵੇਖਿਆ ਤਾਂ ਸਾਨੂੰ ਬਹੁਤ ਸਾਰੀਆਂ ਚੀਜ਼ਾਂ ਪਾਕਿਸਤਾਨ ਦੀਆਂ ਐਸੀਆਂ ਮਿਲੀਆਂ ਜਿਹੜੀਆਂ ਕਿ ਇਸ ਇਲਾਕੇ ਵਾਸਤੇ ਬਹੁਤ ਕਾਰਆਮਦ ਸਨ। ਉਨ੍ਹਾਂ ਦਾ ਗੰਦਮ ਦਾ ਸਟਾਕ ਜਿਹੜਾ ਸਾਨੂੰ ਮਿਲਿਆ ਉਹ ਖਾਸ ਤੌਰ ਤੇ ਵੇਖਣ ਵਾਲਾ ਸੀ। ਇਤਨਾ ਮੋਟਾ ਦਾਣਾ ਅਤੇ ਇਸ ਤੋਂ ਬੈਟਰ ਸੀਡ ਇਸ ਮੁਲਕ ਵਿੱਚ ਹੁੰਦਾ ਹੀ ਨਹੀਂ, ਮੈਂ ਸਮਝਦਾ ਹਾਂ ਜੇ ਇਹ ਸੀਡ ਦੇ ਤੌਰ ਤੇ ਜ਼ਿਮੀਂਦਾਰਾਂ ਦੇ ਵਿੱਚ ਤਕਸੀਮ ਕੀਤਾ ਜਾਂਦਾ ਅਤੇ ਠੀਕ ਢੰਗ ਨਾਲ ਉਗਾਇਆ ਜਾਂਦਾ ਤਾਂ ਯਕੀਨ ਜਾਣੋ ਇਸ ਨਾਲ ਪ੍ਰੋਡਕਸ਼ਨ ਡਬਲ ਹੋ ਜਾਣੀ ਸੀ। ਮੈਂ ਬਰਕੀ ਵਿਖੇ ਚੀਫ ਮਨਿਸਟਰ ਸਾਹਿਬ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੂੰ ਇਹ ਕਣਕ ਦਾ ਸਟਾਕ ਉਥੋਂ ਕਢਵਾਕੇ ਵਿਖਾਇਆ ਸੀ। ਇਸ ਤੋਂ ਬਾਅਦ ਮੈਂ ਉਨ੍ਹਾਂ ਨੂੰ ਇਸ ਬਾਰੇ ਇਕ ਡੀਟੇਲਡ ਚਿੱਠੀ ਵੀ ਲਿਖੀ ਸੀ ਜਿਹੜੀ ਉਨ੍ਹਾਂ ਨੇ ਸਿਵਲ ਸਪਲਾਈ ਦੇ ਮਹਿਕਮੇ ਨੂੰ ਭੇਜ ਦਿੱਤੀ ਅਤੇ ਸਿਵਲ ਸਪਲਾਈ ਵਾਲਿਆਂ ਨੇ ਐਗਰੀਕਲਚਰ ਵਾਲਿਆਂ ਕੋਲ ਭੇਜ ਦਿੱਤੀ (**ਇਕ ਮਾਨਯੋਗ ਮੈਂਬਰ** : ਉਨ੍ਹਾਂ ਨੇ ਅੱਗੇ ਬਾਲਮੀਕੀ ਸਭਾ ਨੂੰ ਭੇਜ ਦਿੱਤੀ ਹੋਵੇਗੀ) (ਹਾਸਾ) ਇਨ੍ਹਾਂ ਨੇ ਪ੍ਰੈਕਟੀਕਲੀ ਕਰਿਆ ਕਰਾਇਆ ਕੁਝ ਨਹੀਂ। ਚੇਅਰਮੈਨ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਐਗਰੀਕਲਚਰ ਵਾਲਿਆਂ ਨੇ ਇਹ ਤਾਂ ਮੰਨ ਲਿਆ ਕਿ ਸੀਡ ਬੜਾ ਅੱਛਾ ਹੈ, ਇਸ ਤੋਂ ਡਬਲ ਝਾੜ ਵੀ ਪੈਦਾ ਹੋ ਸਕਦਾ ਹੈ ਪਰ ਇਹ ਕਹਿਕੇ ਕੇਸ ਠਪ ਕਰ ਦਿੱਤਾ ਕਿ ਇਹ ਇਸ ਮੁਲਕ ਦੀ ਕਲਾਈਮੇਟ ਨੂੰ ਸੂਟ ਨਹੀਂ ਕਰਦਾ। ਮੈਂ ਇਕ ਚਿੱਠੀ ਚੀਫ ਮਨਿਸਟਰ ਸਾਹਿਬ ਨੂੰ ਲਿਖੀ ਸੀ ਕਿ ਤੁਸੀਂ ਮਹਿਕਮੇ ਤੋਂ ਪੁਛ-ਗਿਛ ਕਰਕੇ ਦੱਸੋ ਕਿ ਕੀ ਲਾਹੌਰ ਦੀ ਕਲਾਈਮੇਟ ਅਤੇ ਅੰਮ੍ਰਿਤਸਰ ਦੀ ਕਲਾਈਮੇਟ ਦੇ ਵਿੱਚ ਕੁਝ ਫਰਕ ਹੈ ਜੋ ਸੂਟ ਨਹੀਂ ਕਰਦਾ? ਇਤਨਾ ਕਹਿੰਦਾ ਹੋਇਆ ਮੈਂ ਆਪਣੀ ਸੀਟ ਲੈਂਦਾ ਹਾਂ।

2 p. m.

चौधरी देवी लाल (फतेहबाद) : चेयरमैन साहिब, मैं आपका शुक्रिया अदा करता हूँ जो आपने मुझे इस बिल पर बोलने का मौका दिया। आज किसान पर टैक्स लगने का सवाल है— किसान पर । मगर इनको क्या ? क्योंकि :—

वह क्या जाने पीर पराई,
जिसके पांव न फटी बिवाई।

यह कहते हैं कि एक मामूली सी बात थी जिस पर खाहमखाह में बहस हो रही है। पता नहीं क्यों मुखालिफत आगे वाले भी कर रहे हैं, पीछे वाले भी कर रहे हैं, इधर वाले भी कर रहे हैं और उधर वाले भी कर रहे हैं। कांग्रेस वाले भी कर रहे हैं, गैर-कांग्रेसियों ने तो करनी ही थी। मामूली सी बात थी। पहले 1963 से लेकर 1965 किया था, अब 1965 से 1970

यह करना चाहते हैं और कोई बात नहीं है (हंसी) मगर 4 दिन से इतना शोर शराबा इस पर हो रहा है। इस के इलावा यह कहते थे कि टैक्सों के पैसा से हम ने डिवैल्पमैंट प्लैन्ज़ तैयार करनी हैं, जिससे वह पैसा लोगों की भलाई पर खर्च होगा Fourth Five-Year Plan को चालू करने का पहला साल आने को है मगर इसके मुताल्लिक रिपोर्ट इस हाउस में आज तक नहीं आई। इसकी जगह जगह चर्चा हुई, बिजनेस ऐडवाइज़री कमेटी में भी इसके मुताल्लिक चर्चा चली। मगर आज तक सरकार ने इस हाउस की टेबल पर Fourth Five-Year Plan की एक साल के खर्चे की रिपोर्ट नहीं रखी। 1963 में, सरदार अजमेर सिंह जब रैवेन्यु मिनिस्टर थे, तो यह हरिजन कल्याणकारी टैक्स का एक टैंपरेरी टैक्स का बिल लाये थे और दूसरा कमरशल कराप्स सैस बिल, टैम्परेरी टैक्स लगाने की गर्ज़ से लाये थे। उस वक्त वह रैविन्यू मिनिस्टर थे। आज भी वह मिनिस्टरी में हैं, चाहे किसी शकल में हैं। जब यह बिल पास कराये गये थे तो उस वक्त कामरेड राम किशन की भी वैसी ही तकरीर थी जैसी आज आपोज़ीशन बैंचिज की तरफ से की गई है। 1963 में इन्होंने बोलते हुए कहा था कि इस किस्म के टैक्स लगाने की पालिसी को हमें बदलना चाहिए क्योंकि टैक्स लगाने से अनाज की प्रोडक्शन में रुकावट पड़ेगी जिससे अनाज की कीमतों में मंहगाई आयेगी। कामरेड जी ने उस वक्त बड़ी-बड़ी मिसालें दी थीं जिनमें एक मिसाल चाइना के चयांग काई शेक की भी दी गई थी कि वहां पर इसी तरह से टैक्सिज़ लगाये गये थे तो अनाज के निरख कहीं से कहीं पहुँच गये थे। इनकी बजट सैशन की स्पीच है जो मेरे से देखी जा सकती है। इतना मेरे पास टाईम नहीं कि मैं इस सारी को पढ़ कर यहां सुना सकूं। मैं यह अर्ज़ कर रहा था कि चीफ मिनिस्टर साहिब भी उसी ख्याल के थे जिस ख्याल के आज हम हैं। मगर 1965 का माडल जैसे बदल जाता है यह भी इस कुर्सी पर आकर तबदील हो गये हैं। शायद इस माडल में कुछ रिफार्म आ गया है जैसे यह आज इस ख्याल के हो गये हैं कि किसान पर टैक्स लगना चाहिए।

जिस दिन इस बिल पर बहस हुई थी इन्होंने, चेयरमैन साहिब, काले बिल्ले लगाये थे। तकरीबन सारे कांग्रेसी लगाये बैठे थे। मेरे भी इन्होंने यह एक काला बिल्ला लगा दिया था। इसको लगाने वाले से मैंने पुछा कि भाई यह क्या है, वह कहने लगा चौधरी साहिब किसानों पर 4 रुपये फी एकड़ के हिसाब से सैस बढ़ाया जा रहा है, इसलिये काले बिल्ले लगाये जा रहे हैं। मगर आज उन बिल्ले लगाने वालों में से कोई भी यहां मौजूद नहीं है। सब भाग गये हैं। एक मैं रह गया हूँ। उस वक्त मेरे सामने बैठे सरदार गुरदयाल सिंह ढिल्लों ने एक चिट भेजी थी जिस पर यह यह लिखा हुआ था कि :—

जो लगाते हैं बिल्ले, वह रहते हैं हमेशा थल्ले।

उनका लिख कर भेजने का मकसद यह है कि मैं तो मिनिस्टर बन गया मगर तुम थल्ले हो, इसलिये बिल्ले लगा रहे हो। वह आज कहते हैं कि सरकार की आपोज़ीशन न करो। मगर इस वक्त जो सवाल हमारे सामने है वह यह है कि जिस किसान ने ऐसे हालात में इस देश की रक्षा करनी है, इस देश की पैदावार को बढ़ाना है, हमारे प्रधान मन्त्री भी कहते हैं "जै जवान जै किसान" मगर आज यह सरकार उस किसान के रास्ते में जैसे रुकावट डालती है, पाबंदियां लगाती है। जिस चौउन लाई की मिसालें चीफ मिनिस्टर खुद देते थे आज वह यह नहीं देखते कि वह खुद क्या कर रहे हैं। किसान के ऊपर टैक्स पर टैक्स लगाये जा रहे मगर खेती की काश्त के लिये पूरा

[चौधरी देवी लाल]
पानी तक नहीं दिया जाता । यही नहीं, जितने भी टैकिसज़ लगाये जाते हैं वह किसान पर डायरैक्टली हिट करते हैं । मारकिट में जाओ, बसिज़ पर चलो, इस तरह की और बीसियों चीज़ों पर टैक्सिज़ लगाये जाते हैं । पहले सरकार ने यह यकीन दिलाया था कि यह तीन साल के लिये एक आर्ज़ी टैक्स है, मगर अब यह 1965 से 1970 तक 5 साल के लिये और बढ़ाना चाहते हैं । इनको सबसे बड़ी मुशकिल यह है कि कोई भी मैंबर इसकी हिमायत में अभी तक नहीं उठा । जितने बोले हैं सब इसके खिलाफ बोले हैं । हमारी तरफ से भी मुखालफित हो रही है और कांग्रेस बैंचिज़ से भी हो रही है । मगर किसी की एक भी नहीं सुनी जा रही । इससे बड़ी बदकिस्मती इस मुल्क की और क्या हो सकती है । चौधरी छोटूराम कहा करते थे कि:—

जट महासब बाह्मण शाह,
बनिया हाकम कहर खुदा ।

इस स्टेट की हकूमत का नक्शा बिल्कुल इसी हिसाब पर आ जाता है । जाट के हाथों में आज खज़ाना दिया हुआ है और कामरेड राम किशन जी जो इस हकूमत की बागडोर चला रहे हैं वह जात के बनिये हैं । अब तो खुदा का ही गज़ब होना है । नहीं तो यह कहावत जाती है फाईनेंस मिनिस्टर को सिवाये टैकसिज़ की वसूली के और कुछ आता ही नहीं । हमारे चीफ मिनिस्टर साहिब को सिवाए तकरीरें करने के और कोई तरीका नहीं आता । जो तकरीर हम करते हैं उससे ज़्यादा सख्त तकरीर उन्होंने की । और अपनी तकरीर के दौरान में बहुत सी मिसालें दी थीं कि बिजली ज़्यादा लगाई जाती है । बिजली टैक्स 15 यूनट तक साढ़े 15 पैसे फी यूनिट है, जो गरीबों पर लगता है और उससे ऊपर जो अमीर इस्तेमाल करते हैं उसपर दो पैसे फी यूनिट है । यह मिसाल दी थी कामरेड साहब ने बजट सैशन में । इसी तरह यह बताते हैं कि हमारा मुकाबला चीन जैसे दुश्मन से है, उन दिनों चीन से हमारा मुकाबला था, चीन ने जंग की तैयारी में दो साल में 27,000 करोड़ रुपया खर्च किया । यह सिर्फ उसने 2 साल में किया । हम इतना रुपया 10 साल में खर्च करते हैं । उस जाबर मुल्क के मुकाबले में हम लड़ने की तैयारी कर रहे हैं । हमारा दारोमदार किसान पर है । वही जवान और वही किसान है । जब लड़ाई में होता है तो उसके हाथ में राइफल होती है और अमन में हल होता है । किसान हमारी रक्षा करता है और उसके कंधे पर 28 सेर का हल होता है और हाथ में तलवार होती है । अगर वह हल चलाना छोड़ दे तो काम नहीं चल सकता । वह तलवार और ज़मीन दोनों चाहता है । उस पर टैक्स पर टैक्स लगाये गए हैं । उसके बचाव का, उसकी रक्षा का कोई साधन नहीं । मैं आपकी मार्फत इस सरकार का ध्यान दिलाता हूँ कि जब यह टैक्स लगाया गया था यानी तीन साल पहले तो कामरेड साहिब के उस पर अलफाज़ हैं । अब यह पहली सरकार की नीति पर चल रहे हैं ।

श्री सभापति : चीफ मिनिस्टर साहिब की पुरानी तकरीरों के बारे में आप कह चुके हैं । इस का कोई फायदा हो तो कहें । (He has already referred to the previous speeches of the Chief Minister, He should quote them only if there is any use in doing so.)

चौधरी देवी लाल : उनकी तकरीर पढ़ने लगें तो सारा दिन एक तकरीर पर ही सरफ हो जाए । वह यहां बैठें या वहा बैठें उसका कोई फर्क नहीं पड़ता । बात वही चल रही है अगर चेयरमैन हैं तो सरकार क मुतालिक ख्याल वैसा ही होगा । आपने बजा फरमाया है ।

श्री सभापति : मेरा ख्याल तो वहां बैठे भी वही है जो यहां बैठे है । उसके मुतालिक आप बता दें तो बता दें और तो किसी को पता नहीं। (My views are the same irrespective of the fact whether I sit there or here. Perhaps the hon. Member may be in a position to anticipate them but others have no knowledge about them).

चौधरी देवी लाल : सरदार अजमेर सिंह उस वक्त रैविन्यू मिनिस्टर थे और उन्होंने यह वायदा किया था कि यह सैस सिर्फ टेम्परेरी है। आइन्दा के लिये इसको नहीं लगाया जाएगा। तो उस वाइदा की तरफ ध्यान दें । इस वक्त मेजर साहिब रैविन्यू मिनिस्टर हैं । मैं सरदार अजमेर सिंह की बात नहीं कहता । मैं यह दरखास्त करूँगा कि इस बिल को वापिस लेकर किसान की तरफ ध्यान दें ताकि वह ज्यादा पैदावार बढ़ा सके ।

(इस समय सरदार गुरनाम सिंह ने चेयर संभाली)

चौधरी केसरा राम (डबवाली, ऐस. सी) : चेयरमैन साहिब, जिस बिल पर बहस हो रही है उसमें टैक्स का समय बढ़ाया जा रहा है । यह टैक्स पहले सिर्फ तीन साल के लिये लगाया गया था । सरदार अजमेर सिंह जी यहां बैठे हैं, उन्हें किसानों के साथ हमदर्दी है वह किसानों के हमदर्द हैं । उस वक्त उन्होंने यह वायदा किया था कि यह सैस तीन साल तक ही रहेगा लेकिन आज वह 6 महीने पहले ही किसानों पर यह सैस लगाना चाहते हैं । ठीक है टैक्स के बगैर देश की भलाई या तरक्की नहीं हो सकती । एक तरफ तो आप कहते हैं कि पैदावार बढ़ाओ और कहते हैं कि हम किसान को मदद देंगे । समझ में नहीं आता कि पानी मांगो तो है नहीं । खाद का थैला 15 रुपये का था अब 17 रुपये कर दिया है। जो एक एकड़ में दो थैले पड़ते हैं । चार रुपए एकड़ का खर्चा तो उस पर यह बढ़ गया और चार रुपये इस सैस के बढ़ा दिए । और पटवारी वहां ऐसे बिठा रखे हैं जो खराबे को भी पुख्ता लिख देते हैं। पानी जहां एक तोला भी नहीं मिला वहां ज़मीन को पुख्ता लिख देते हैं । टैक्स तो लगाया पर किसान को पानी नहीं मिला । खाद की कीमत बढ़ गई और उसकी फसल का अंदाज़ा भी गलत बताया जाता है। वहां पैदावार चार आने होती है तो कागज़ात में रुपया दिखलाते हैं । सरकार को भी ग़लतफहमी में डालते हैं और किसान को भी कमज़ोर बनाते हैं । इस हालत में सरकार को सोचना चाहिए यहां किसानों की हमदर्दी रखने वाले वज़ीर साहिब विराजमान हैं । इस तरह इस टैक्स से मसला हल होने वाला नहीं है और आगे आप पैदावार बढ़ाना चाहते हैं तो पानी और खाद की ज़िम्मेवारी सरकार को लेनी चाहिए कि किसान को पानी मिलेगा और खाद 17 रुपये थैला की बजाए 4 रुपये घटा कर 13 रुपये थैले के हिसाब से देनी चाहिए । क्योंकि आपकी सरकार का यह इरादा है कि हम ज़रायत को तरक्की देंगे और ज़रायत करने वाले आदमियों की मदद करेंगे । तो मैं आपसे दरखास्त करूँगा कि चार रुपये एकड़ गन्ना कपास और मिर्चों पर जो टैक्स लगा रहे हैं यह छोटे छोटे किसानों को छोड़ दें यानी जिसने 5 एकड़ तक काश्त की हो यह आपोज़ीशन को प्रोपेगन्डा करने के लिये मौका दे रहे हैं, इस से उनको हौसला होगा । आप किसान की मदद कीजिये । किसान की ज़रूरी चीज़ें पानी, खाद और ज़मीन हैं । जिस के पास ज़मीन नहीं उसको ज़मीन दें, पानी और खाद दें ताकि देश की पैदावार बढ़े और पैदावार बढ़ने से किसान को ताकत मिले, हकूमत को ताकत मिले, देश के व्यापारियों को ताकत मिले । एक बात और है । मैं आपसे अर्ज़ करूँ कि खास कर जिला हिसार में पानी की बहुत कमी है। न तो नहरी पानी मिला है और न बारिश हुई है। मगर अफसोस है कि मैं पिछले एतवार को वहां गया तो कागज़ात उसी तरह से पुर हो रहे हैं और किसान के

[चौधरी केसरा राम]

ज़िम्मे वही टैक्स की वसूली शुरू हो जाएगी। यहां हम इसके बावजूद टैक्स लगा रहे हैं। किसान की मदद करनी चाहिए। ज़िला हिसार में सैंकड़ों गांव में कहत है लेकिन वहां मदद देने के लिये अभी तक कोई भी अमली कार्यवाही शुरू नहीं हुई—कोई असर नहीं पड़ा। मैं आप से दरखास्त करूँगा कि अगर पैदावार बढ़ानी है तो किसान को नहरों से सही मायनों में पानी दें। टैक्स में कमी कीजिये और किसान को मदद दीजिये। आप कहते हैं कि दूसरे मुल्कों में हमारा पैसा जाता है वह पैसा किसान की मदद में लगायें ताकि पंजाब ही सारे देश को अनाज दे सके लेकिन इस कागज़ी कारवाई से आपका कोई मतलब हल नहीं होगा। किसान की पैदावार का तखमीना गलत लगाया जाता है। पानी की कमी है और इस वजह से अनाज कम होता है। इस मामले में वाटर चारजिज़ ज्यादा हैं। इस संबंध में किसान को नहरी अफसरों के तहत न रखा जाय। उसकी गिरदावरी का जहां तक तुअाल्लुक है वह माल के तहसीलदार या माल के महकमा से कराई जाए ताकि गरीब किसान जो मेहनत करने वाला है लावारिस है उसकी थोड़ी बहुत मदद हो सके। वह नाजायज़ टैक्स के नीचे दब कर इतना मजबूर हो जाता है कि उस से कोई काम भी नहीं होता। वह लोग भागे फिरते हैं उनके पीछे वसूली करने वाले आते हैं और डण्डा लिये फिरते हैं। इस तरह न तो किसान खातरखाह काम कर सकता है और न अपने बच्चों का पेट पाल सकता है। ठीक है यह टैक्स लगा लें अगर आपका इरादा है लेकिन उसको पानी और खाद दें। जो खाद का थैला 17 रुपये में है आपसे अर्ज़ करूँ कि अगर आपने किसान की मदद करनी है तो उस खाद के थैले के 10 रुपये लें और पानी की ज़िम्मेवारी लें। हमेशा फसल के मौका पर वसूली करें। हम पर 15 टैक्स हैं और सोलहवां और लगा रहे हैं। सरचार्ज बैटरमेन्ट लैवी और बहुत से टैक्स हैं। यह नहीं बताते कि उससे कितने टैक्स लेने हैं। यह पहले ही बता देना चाहिए। कल परसों सेल्ज़ टैक्स बिल आया था जिसमें हिसाब देने के लिये कहा गया था लेकिन यह कहा जाता था कि हमसे हिसाब न लें, हम रोज़ाना बिक्री का हिसाब नहीं दे सकते। हम कहते हैं कि हमारा हिसाब कर लो अगर बचता है तो ले लो। (प्रशंसा)

बैटरमेन्ट टैक्स जब लगा तो हम ने कहा कि हमारा हिसाब लो कि हमें कुछ फायदा भी हुआ है या नहीं। हम कहते हैं हमारा हिसाब देखो लेकिन अफसोस है कि आप हमारी बात को नहीं सुनते। दूसरी तरफ जो व्यापारी है वह हिसाब देने से घबराते हैं और हड़तालें करते हैं उनको आप सब सहूलतें और रियायतें देते हैं। चेयरमैन साहिब, मैं कहना चहता हूँ कि जिस तरीके से यह चल रहे हैं उससे अनाज की पैदावार बहुत कम हो जायगी। लेकिन अगर आप किसान की मदद करेंगे तो अकेला पंजाब का किसान इतना अनाज पैदा कर सकेगा जोकि सारे हिन्दुस्तान के लिये काफी हो सकता है। आज हम देख रहे हैं कि किसान को पानी नहीं मिलता और न ही खाद मिलती है। पानी के लिये इतनी रिश्वत चलती है जिस का हद्द हिसाब नहीं। अगर आप सिरसे में आएं तो यह चीज़ मैं आपको दिखा सकता हूँ। जो बेचारा किसान पुश्तों से खेती करता आ रहा है अगर आप उस का हल चलाना खत्म कर देंगे तो उस से न तकड़ी पकड़ी जाएगी और न कोई और काम हो सकेगा किसान के सिवाए आप के पास कोई और वसीला नहीं जो आपको गेहूँ पैदा करके दे सके। यह जो "जै किसान" का आप नारा लगाते हैं वह तभी पूरा होगा अगर आप किसान की मदद करेंगे। आप इस तरह के टैक्स लगा कर किसानों का गला न घूटें। जो चार रुपए एकड़ आपने Tax लगाया है हम उसे बुरा न कहते अगर किसानों को सब सहूलतें दी जाती होतीं।

उन्हें सहूलतें मुहैया करने की भी तो आपकी ही ज़िम्मेदारी है। इस बात को आप मखौल में न उड़ाएं। मैं यह चेतावनी देना चाहता हूं कि अगर किसान कमजोर हो गया तो सारा देश कमज़ोर हो जायगा और आपको खाने के लिये अनाज नहीं मिल पाएगा अगर किसान मज़बूत होगा तो सारा देश मज़बूत होगा। बस मैं इतना ही कहना चाहता हूँ। जै हिन्द।

Chief Parliamentary Secretary : I beg to move that question be now put.

ਸਰਦਾਰ ਸੰਪੂਰਨ ਸਿੰਘ ਧੌਲਾ (ਬਰਨਾਲਾ) : ਚੇਅਰਮੈਨ ਸਾਹਿਬਾ, ਮੈਨੂੰ ਇਹ ਕਹਿਣ ਵਿੱਚ ਸੰਕੋਚ ਨਹੀਂ ਕਿ ਇਹ ਜਿਹੜਾ ਬਿਲ ਲਿਆਂਦਾ ਗਿਆ ਹੈ ਇਹ ਕਿਸਾਨਾਂ ਨੂੰ ਨਕਾਰਾ ਕਰ ਦੇਵੇਗਾ। ਇਸ ਤੋਂ ਪਹਿਲਾਂ ਜਦੋਂ ਏਥੇ ਵਪਾਰੀਆਂ ਤੇ ਟੈਕਸ ਦਾ ਬਿਲ ਆਇਆ ਸੀ ਤਾਂ ਉਨ੍ਹਾਂ ਦੀ ਏਨੀ ਰਾਖੀ ਕੀਤੀ ਗਈ ਸੀ ਜਿਸ ਦਾ ਹਦ ਹਿਸਾਬ ਨਹੀਂ ਕਿਉਂਕਿ ਉਨ੍ਹਾਂ ਦੇ ਕੋਲ ਪਲੈਟਫਾਰਮ ਹੈ, ਪਰੈਸ ਹੈ। ਜਿਹੜੇ ਟਾਂਗਿਆਂ ਵਾਲੇ ਅਤੇ ਰਿਕਸ਼ਿਆਂ ਵਾਲੇ ਹਨ ਉਨ੍ਹਾਂ ਨੇ ਵੀ ਯੂਨੀਅਨਾਂ ਬਣਾਈਆਂ ਹੋਈਆਂ ਹਨ ਲੇਕਿਨ ਕਿਸਾਨ ਹੀ ਇਕ ਐਸੀ ਜਮਾਇਤ ਹੈ ਜਿਸ ਦੀ ਨਾ ਕੋਈ ਯੂਨੀਅਨ ਹੈ, ਨਾ ਕੋਈ ਪਰੈਸ ਹੈ, ਅਤੇ ਨਾ ਹੀ ਪਲੈਟਫਾਰਮ ਹੈ ਜਿਸ ਦੇ ਕਾਰਣ ਇਨ੍ਹਾਂ ਨੂੰ ਕੁਚਲਿਆ ਜਾ ਰਿਹਾ ਹੈ। ਜਿਸ ਰਫਤਾਰ ਨਾਲ ਇਨ੍ਹਾਂ ਤੇ ਟੈਕਸ ਵਧਦੇ ਜਾਂਦੇ ਹਨ ਉਸੇ ਰਫਤਾਰ ਨਾਲ ਇਨ੍ਹਾਂ ਦੇ ਦੁਖਾਂ ਵਿੱਚ ਵਾਧਾ ਹੁੰਦਾ ਜਾਂਦਾ ਹੈ। ਪਿੱਛੇ ਜਦੋਂ ਸੇਲਜ਼ ਟੈਕਸ ਬਿਲ ਆਇਆ ਸੀ ਤਾਂ ਵਪਾਰੀਆਂ ਦੀ ਐਨੀ ਹਿਫਾਜ਼ਿਤ ਕੀਤੀ ਗਈ ਸੀ, ਸਰਕਾਰ ਵਲੋਂ ਇਹ ਤਸੱਲੀ ਦਵਾਈ ਗਈ ਸੀ ਕਿ ਕੋਈ ਮਹਿਕਮਾ ਉਨ੍ਹਾਂ ਨੂੰ ਤੰਗ ਨਹੀਂ ਕਰੇਗਾ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਕਦੀ ਕਿਸਾਨ ਲਈ ਵੀ ਤੁਸੀਂ ਸੋਚਿਆ ਹੈ ਕਿ ਉਸ ਨੂੰ ਕੋਈ ਤੰਗ ਨਹੀਂ ਕਰੇਗਾ। ਇਸ ਵੇਲੇ ਜਿਤਨੇ ਵੀ ਮਹਿਕਮੇ ਹਨ ਸਭ ਕਿਸਾਨ ਦੇ ਦੁਸ਼ਮਣ ਹਨ। ਮਿਸਾਲ ਦੇ ਤੌਰ ਤੇ ਜੇ ਕੋਈ ਕਿਸਾਨ ਟਰੈਕਟਰ ਲੈਂਦਾ ਹੈ ਤਾਂ ਉਸ ਦਾ ਲਾਇਸੈਂਸ ਬਣਵਾਉਣ ਵਾਸਤੇ ਹੀ ਉਸ ਨੂੰ ਕਈ ਥਾਈਂ ਧਕੇ ਖਾਣੇ ਪੈਂਦੇ ਹਨ। ਪਹਿਲਾਂ ਤਾਂ ਥਾਣੇ ਦੇ ਮੁਹੱਰਰ ਕੋਲ ਜਾਂਦਾ ਹੈ, ਫੇਰ ਮੁਹੱਰਰ, ਥਾਣੇਦਾਰ, ਡੀ.ਐਸ.ਪੀ. ਔਰ ਐਸ.ਪੀ. ਕੋਲ ਜਾਣਾ ਪੈਂਦਾ ਹੈ। ਜਿੰਨੇ ਥਾਈਂ ਵੀ ਉਹ ਜਾਂਦਾ ਹੈ, ਉਨੇ ਥਾਈਂ ਹੀ ਦੋ ਦੋ ਤਿੰਨ ਤਿੰਨ ਜੋਤੇ ਕਿਸਾਨ ਦੇ ਲਗ ਜਾਂਦੇ ਹਨ ਉਨ੍ਹਾਂ ਦੇ ਖੇਤਾਂ ਦੇ ਵਿੱਚ ਫੇਰ ਕਿਤੇ ਜਾ ਕੇ ਉਸ ਨੂੰ ਟਰੈਕਟਰ ਦਾ ਲਾਇਸੈਂਸ ਮਿਲਦਾ ਹੈ। ਮੈਨੂੰ ਕੋਈ ਗੁਸਾ ਨਹੀਂ ਹੈ ਜਦੋਂ ਕਿਉਂਕਿ ਸੌਦਾਗਰ ਵੀ ਸਾਡੇ ਭਰਾ ਹਨ ਜਦੋਂ ਸੇਲਜ਼ਟੈਕਸ ਵਾਲਾ ਬਿਲ ਆਇਆ ਸੀ ਤਾਂ ਸਰਕਾਰ ਨੇ ਇਹ ਮੰਨਿਆ ਸੀ ਕਿ ਉਨ੍ਹਾਂ ਦੇ ਘਰਾਂ ਦੀ ਤਲਾਸ਼ੀ ਨਹੀਂ ਲਈ ਜਾ ਸਕਦੀ। ਲੇਕਿਨ ਜਿਸ ਕਿਸਾਨ ਲਈ, ਜੈ ਕਿਸਾਨ ਦਾ ਨਾਅਰਾ ਲਾਇਆ ਜਾਂਦਾ ਹੈ ਉਸ ਦੇ ਘਰਾਂ ਦੀ ਤਲਾਸ਼ੀ ਵੀ ਲਈ ਜਾਂਦੀ ਹੈ, ਉਸ ਦੀਆਂ ਔਰਤਾਂ ਦੀ ਬੇਇਜ਼ਤੀ ਕੀਤੀ ਜਾਂਦੀ ਹੈ, ਉਸ ਦੇ ਡੰਗਰਾਂ ਵਾਲੇ ਘਰ ਦੀ ਤਲਾਸ਼ੀ ਵੀ ਲਈ ਜਾਂਦੀ ਹੈ ਭਾਵੇਂ ਉਸ ਦੇ ਕੋਲੋਂ ਇਕ ਪਊਆ ਸ਼ਰਾਬ ਦਾ ਹੀ ਫੜਨਾ ਹੋਵੇ। ਏਥੇ ਹੀ ਬਸ ਨਹੀਂ ਉਸ ਦੇ ਖੇਤਾਂ ਦੀ ਵੀ ਤਲਾਸ਼ੀ ਲਈ ਜਾਂਦੀ ਹੈ। ਹੁਣ ਮੈਂ ਨਹਿਰ ਦੇ ਮਹਿਕਮੇ ਵਲ ਆਪਣੀ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਜੇ ਕਿਸੇ ਕਿਸਾਨ ਨੇ ਕੋਈ ਮੋਘਾ ਇਕ ਥਾਂ ਤੋਂ ਦੂਜੀ ਥਾਂ ਤੇ ਬਦਲਾਉਣਾ ਹੋਵੇ, ਛੋਟਾ ਵੱਡਾ ਭਾਵੇਂ ਨਾ ਹੀ ਕਰਾਵਾਉਣਾ ਹੋਵੇ ਤਾਂ ਉਹਦੇ ਲਈ ਉਸ ਨੂੰ ਤਿੰਨ-ਤਿੰਨ ਚਾਰ-ਚਾਰ ਸਾਲ ਧੱਕੇ ਖਾਣੇ ਪੈਂਦੇ ਹਨ ਫੇਰ ਵੀ ਉਸਦਾ ਕੰਮ ਹੋਵੇ, ਹੋਵੇ, ਨਹੀਂ ਤਾਂ ਨਾ ਹੀ ਹੋਵੇ। ਡਿਪਟੀ ਸਪੀਕਰ ਸਾਹਿਬਾ, ਮੁਰੱਬੇ ਬੰਦੀ ਹੋਣ ਦੇ ਨਾਲ ਲੋਕਾਂ ਨੇ ਰਾਹ ਸਿੱਧੇ ਬਣਾ ਲਏ ਹਨ। ਮਗਰ ਜਦੋਂ ਪੁਲੀਆਂ ਦਾ ਸਵਾਲ ਆਉਂਦਾ ਹੈ ਤਾਂ ਮਹਿਕਮਾ ਨਹਿਰ ਵਾਲੇ ਪੁਲੀ ਕੋਈ ਨਹੀਂ ਬਣਾ ਕੇ ਦਿੰਦੇ। ਲੋਕ ਕਈਆਂ ਸਾਲਾਂ ਤੋਂ ਭੌਂਦੇ ਫਿਰਦੇ ਹਨ ਕਿ ਸਾਨੂੰ ਪੁਲੀਆਂ ਬਣਾ ਦਿਉ ਮਗਰ ਨਹਿਰ ਦਾ ਮਹਿਕਮਾ ਧਿਆਨ ਨਹੀਂ ਦਿੰਦਾ। ਤੁਸੀਂ ਜਿਨ੍ਹਾਂ ਲੋਕਾਂ ਤੇ ਟੈਕਸ ਲਗਾਉਂਦੇ ਹੋ ਉਨ੍ਹਾਂ ਦੀ ਸਹੂਲਤ ਲਈ ਵੀ ਸੋਚਣਾ ਚਾਹੀਦਾ ਹੈ। ਉਨ੍ਹਾਂ ਲੋਕਾਂ ਨੇ ਪੰਚਾਇਤਾਂ ਦੇ ਵਿੱਚ ਰੈਜ਼ੋਲਿਊਸ਼ਨ ਪਾਸ ਕਰਕੇ ਦਿੱਤੇ ਹਨ ਕਿ ਜੇਕਰ ਸਰਕਾਰ ਨੇ ਪੁਲ

[ਸਰਦਾਰ ਸੰਪੂਰਨ ਸਿੰਘ ਧੌਲਾ]

ਨਹੀਂ ਬਣਾਉਣੇ ਤਾਂ ਸਾਨੂੰ ਆਪ ਖੁਦ ਬਣਾਉਣ ਦੀ ਅਜਾਜ਼ਤ ਦਿੱਤੀ ਜਾਵੇ ਪਰ ਉਨ੍ਹਾਂ ਨੂੰ ਐਸਾ ਕਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ ਜਾਂਦੀ । ਏਸ ਮਹਿਕਮੇ ਦੇ ਅਜੀਬ ਹੀ ਢੰਗ ਹਨ ਜਦੋਂ ਉਪਰੋਂ ਕੋਈ ਮਨਿਸਟਰ ਮਹਿਕਮੇ ਨੂੰ ਲਿਖਦਾ ਹੈ ਤਾਂ ਉਸ ਤੇ ਕੋਈ ਐਕਸ਼ਨ ਨਹੀਂ ਲਿਆ ਜਾਂਦਾ । ਇਥੇ ਮੇਰੇ ਤੋਂ ਪਹਿਲਾਂ ਯੂਨੀਅਨਿਸਟ ਸਰਕਾਰ ਦਾ ਜ਼ਿਕਰ ਆਇਆ ਸੀ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਹ ਸਰਕਾਰ ਹੁਣ ਦੀ ਸਰਕਾਰ ਨਾਲੋਂ ਕਿਸਾਨਾਂ ਦੇ ਹੱਕ ਵਿੱਚ ਕਈ ਦਰਜੇ ਚੰਗੀ ਸੀ । ਉਹ ਜੱਟਾਂ ਲਈ ਚੰਗੇ ਕੰਮ ਕਰਦੀ ਸੀ ਔਰ ਸੂਦਖੋਰਾਂ ਲਈ ਜ਼ਰੂਰ ਮਾੜੀ ਸੀ, ਉਨ੍ਹਾਂ ਨੂੰ ਸਿਰ ਨਹੀਂ ਸੀ ਚੁਕਣ ਦਿੰਦੀ । ਮਗਰ ਅੱਜ ਕਾਂਗਰਸ ਸਰਕਾਰ ਉਸ ਦੇ ਉਲਟ ਕੰਮ ਕਰ ਰਹੀ ਹੈ । ਇਹ ਸੂਦ ਖੋਰਾਂ ਨੂੰ ਸਹੂਲਤਾਂ ਦਿੰਦੀ ਹੈ ਔਰ ਕਿਸਾਨਾਂ ਦਾ ਗੱਲ ਘੁਟਦੀ ਹੈ । ਮੁਰੱਬੇਬੰਦੀ ਦੇ ਮਹਿਕਮੇ ਵੱਲੋਂ ਅਤੇ ਪਟਵਾਰੀਆਂ ਵੱਲੋਂ ਦਿੱਤੀਆਂ ਗਈਆਂ ਤਕਲੀਫਾਂ ਸਾਨੂੰ ਭੁੱਲ ਨਹੀਂ ਸਕਦੀਆਂ । ਇਸ ਵੇਲੇ ਹਾਲਤ ਇਹ ਹੈ ਕਿ ਜਨਤਾ ਦਾ ਸਬਰ ਦਾ ਪਿਆਲਾ ਲਿਬਰੇਜ਼ ਹੋ ਚੁੱਕਾ ਹੈ । ਇਸ ਕਰਕੇ ਮੈਂ ਇਹ ਕਹਿੰਦਾ ਹਾਂ ਕਿ ਜੇ ਤੁਸੀਂ ਟੈਕਸ ਲਾ ਹੀ ਦਿੱਤੇ ਤਾਂ ਤੂਫਾਨ ਆਉਣ ਤੋਂ ਪਹਿਲਾਂ ਜਿਸ ਤਰ੍ਹਾਂ ਸਮੁੰਦਰ ਬੜਾ ਸ਼ਾਂਤ ਹੁੰਦਾ ਹੈ ਅਤੇ ਜਦੋਂ ਤੂਫਾਨ ਆਉਂਦਾ ਹੈ ਸਭ ਕੁਝ ਹੂੰਝ ਕੇ ਲੈ ਜਾਂਦਾ ਹੈ ਬਿਲਕੁਲ ਉਸੇ ਤਰ੍ਹਾਂ ਹੀ ਕਿਸਾਨ ਉਠੇਗਾ । ਇਕ ਸ਼ਾਇਰ ਨੇ ਲਿਖਿਆ ਹੈ

"ਜਿਸ ਖੇਤ ਸੇ ਦਹਿਕਾਂ ਕੋ ਮੁਯਸਰ ਨ ਹੋ ਰੋਟੀ
ਉਸ ਖੇਤ ਕੇ ਹਰ ਖ਼ੋਸ਼ਾਏ ਖ਼ਿਰਮਨ ਕੋ ਜਲਾ ਦੋ ।"

ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਅਸੀਂ ਕਿਸਾਨ ਦੇ ਲਿਬਰੇਜ਼ ਹੋਏ ਸਬਰ ਦੇ ਪਿਆਲੇ ਵਲ ਧਿਆਨ ਨਾ ਦਿੱਤਾ ਤਾਂ ਫੇਰ ਉਹ ਚੀਜ਼ ਦੂਰ ਨਹੀਂ ਜਿਵੇਂ ਇਕਬਾਲ ਨੇ ਲਿਖਿਆ ਹੈ—

"ਐ ਖਾਕ ਨਸ਼ੀਨੋਂ ਉਠ ਬੈਠੋ
ਅਬ ਤਖਤ ਗਿਰਾਏ ਜਾਏਂਗੇ
ਅਬ ਤਾਜ ਉਛਾਲੇ ਜਾਏਂਗੇ ।"

ਬਸ ਜੀ, ਮੈਂ ਇਤਨਾ ਕਹਿਕੇ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ।

चौधरी नेत राम (हिसार) : चेयरमैन साहिब, इस हाउस में जो बिल ज़ेरे बहस है, वह बिल पिछली सरकार ने 3 साल के लिये लाया था लेकिन यह सरकार उसी बिल को 5 साल के लिये और जारी रखना चाहती है। यह तो ऐसी बात बन गई है जैसी कि किसी आदमी के लिये हर साल या हर तीन साल के बाद कोई लाइसेंस रिन्यू कराना पड़ता है। हमारी सरकार कहती है कि प्लैनिंग कमीशन ने इस टैक्स को जारी रखने के लिये परामर्श दिया है ताकि किसानों की रीढ़ की हड्डी टूट जाए और वह भीख मांगने के लिये मजबूर हो जाए। सरकार की गलत नीतियों के कारण ही जो अमीर था वह और अमीर हो गया है और जो पहले गरीब था, वह अब बहुत गरीब हो गया है। बेचारा किसान भी गरीब की श्रेणी में आता है। मैं अर्ज़ करना चाहता हूँ कि किसान ही देश के लिये अन्न पैदा करता है और यह ही देश की रक्षा के लिये अपने बच्चों को फौज में भरती कराके भेजता है। लेकिन सरकार इन टैक्सों को लगाने के लिये बहाना बनाती है कि हम यह रुपये देश की रक्षा के लिये और डिवैलपमेंट के लिये लोगों से ले रहे हैं। किसान पर पहले ही काफी टैक्स लगे हुए हैं। किसान उन टैक्सों को अदा नहीं कर सकता है। किसानों पर इस टैक्स के लगाने से साफ नज़र आता है कि इस सरकार की किसानों के प्रति कोई सहानुभूति नहीं है। इनकी नीयत बुरी है। मैं समझता हूँ कि सरकार की बदनीयत की वजह से देश का निर्माण

नहीं होगा बल्कि देश का नुक्सान होने का ही अन्देशा है । मैं समझता हूँ कि इस सरकार को किसानों की मेहनत का कोई भी ज्ञान नहीं है। इन को किसान की आमदनी का भी पता नहीं है। मैं किसान की हालत हाउस में बयान करना चाहता हूँ। वैसे एक मिसल मशहूर है कि— "नौ मंडा और दस गंडा।" गन्ना पैदा करने के लिये 10 बार हल चलाना पड़ता है।

चेयरमैन साहिब, इसी तरह की एक मिसल और मशहूर है कि—

कनक कमादी छल्लियां ते और खेती कुल ।
राखी बाझ न हुंदियां, इह न जायीं भुल ।

चेयरमैन साहिब, किसान को गन्ने की फसल पैदा करने के लिये ज़मीन को अच्छी तरह से तैयार करना पड़ता है। जब वहां पर 10 बार हल चलाया जाय तब वहां पर गन्ने की फसल बीजी जाती है। मैंने पहले अर्ज़ की थी कि मैं किसान की लागत का ब्यौरा हाउस में रखना चाहता हूँ।

ज़मीन का रैंट जो ठेके पर ली जाए –100 रुपये, उस ज़मीन पर 10 बार हल जोतने के लिये प्रबन्ध किया जाए, जैसा कि उस ज़मीन के लिये बहुत ज़रूरी है। अगर एक बार हल जोतने के लिये 15 रुपये देने पड़ें तो उस आदमी को 10 बार हल जोतने के लिये 150 रुपये देने पड़ेंगे। मैं यह हिसाब एक एकड़ का लगा रहा हूँ। अगर यह काम किसी ट्रैक्टर के द्वारा कराया जाए तो उस किसान को इससे ज्यादा खर्चा देना पड़ेगा। उस ज़मीन पर कम से कम गोबर खाद के 20 गड्डे डालने पड़ेंगे अगर म्युनिसिपल कमेटी से यह खाद खरीदी जाए तो भी एक खाद के गड्डे की कीमत 5 रुपये होगी तो उस किसान को 20 गड्डे खाद के लिये 100 रुपये खर्च करने पड़ेंगे। विलायती खाद के लिये किसान को 100 रुपये खर्च करने पड़ेंगे। मैंने एक मन खाद की चार आने कीमत लगाई है। और एक गड्डे में 20 मन खाद रखी है। उस किसान को ढुलाई के लिये अगर चार आने फी मन देना पड़े तो एक गड्डे के लिये 5 रुपये ढुलाई के खर्च होंगे। इस तरह से 20 गड्डों के लिये उसे 100 रुपये ढुलाई पर खर्च करना पड़ेगा। इस ज़मीन की गुड़ाई के लिये 30 आदमी चाहिए। अगर एक आदमी को 3 रुपये देने पड़ें तो उसे 90 रुपये खर्च आयेंगे। वहां पर 50 मन बीज लगेगा। अगर एक मन बीज की कीमत 2 रुपये लगाई जाए तो उसे बीज के लिये 100 रुपये खर्च करने पड़ेंगे। लगभग 8 मास में गन्ने को 16 दफा पानी लगाना पड़ता है। अगर एक आदमी को पानी लगाने के लिये लगाया जाय और उसकी मजदूरी सवा रुपया रखी जाए तो किसान को 20 के करीब ही खर्च करने पड़ते हैं। मैं तो कम से कम किसान का खर्च शो कर रहा हूँ ताकि किसान को फसल में मुनाफा दिखाया जा सके। किसान को 4 बार नलाई करनी पड़ती है। अगर एक नलाई के लिये 5 आदमी की ज़रूरत हो तो 4 नलाइयों के लिये 20 आदमी की ज़रूरत होगी। अगर एक आदमी की मज़दूरी ढाई रुपये हो तो किसान को 50 रुपये खर्च करने पड़ेंगे। किसान को साथ में 4 बार हल जोतना पड़ता है। इस पर किसान को 40 रुपये खर्च करने पड़ेंगे इसके बाद तीन दफा जब कमाद बढ़ती है तो उसकी बंधाई की जाती है। एक दफा बंधाई पर 5 आदमी लगाये जायें तो तीन बार के लिये 15 आदमियों की ज़रूरत है। अगर एक आदमी की मजदूरी 3 रुपये लगाई जाये तो किसान को 45 रुपये अदा करने पड़ते हैं। गन्ने की कटाई के लिये 8 आदमी होने चाहिएं। अगर इसकी मजदूरी 3 रुपये रखी जाए तो किसान को 24 रुपये देने पड़ते हैं। गन्ने की छिलाई के लिये 50 आदमी की ज़रूरत होती है। अगर एक मजदूर को 3 रुपये देने पड़ें तो किसान को 150 रुपये देने पड़ते हैं।

[चौधरी नेत राम]

(*Deputy Speaker in the Chair.*)

इस तरीके से रोज़ाना मज़दूरों का हिसाब लगा कर डेढ़ सौ रुपया कमाद के छीलने पर खर्च हुआ। फी एकड़ डेढ़ सौ रुपया खर्च आया। ईख को कारखाने तक पहुंचाने के लिये चार आने फी मन के हिसाब से अढ़ाई सौ रुपया खर्चा आया। यह मैं एक हज़ार मन के बारे में बता रहा हूँ, वह भी तब होता है अगर पूरा पानी मिले, पूरी खाद मिले, वक्त पर मज़दूर मिल जायें, सारी सहूलतों के मिलने के बाद एक हज़ार मन ईख एक एकड़ में से पैदा होता है। वरना पांच सौ मन से ज्यादा नहीं होता। कई बार ऐसा होता है कि सर्दी मार जाती है, कई बार पानी नहीं मिलता और कई और बीमारियां लग जाती हैं और सारी फसल तबाह हो जाती है उस सूरत में गन्ने का वज़न दो सौ मन भी रह जाता है। लेकिन सारी सहूलतें मिलने से एक हज़ार मन से ज्याद गन्ना कभी पैदा नहीं हो सकता। और उस पर खर्चा एक रुपया फी मन पड़ने से कुल हज़ार रुपया खर्च हुआ। कारखाने में ले जाने पर उसको डेढ़ रुपया मन का मिलता है। कहते तो दो रुपये फी मन हैं लेकिन मिलता डेढ़ रुपया ही है। इस तरह से उसको कुल 1,500 रुपया मिला। हज़ार रुपया निकाल कर उसको पांच सौ रुपया की फी एकड़ बचत हुई। पांच आदमियों का कुनबा सारा साल काम करता रहा, मज़दूरों को रोटी खिलाई और फिर भी एक सौ रुपया एक साल का एक आदमी के पीछे किसान को बचा। वह भी उस सूरत में जब कि पानी पूरा मिलता रहे, खाद पूरी मिले, फसल को कोई बीमारी न हो। फिर कहीं जाकर सौ रुपया पर हैड पर इयर उसको बचा........(विघ्न)

उपाध्यक्षा : प्लीज़ वाईंड अप। (Please wind up)

चौधरी नेतराम : डिप्टी स्पीकर साहिबा, मैं बिल्कुल ठीक तौर पर बिल पर बोल रहा हूँ। इसलिये मुझे समय दिया जाना चाहिए। मेरे साथ बेइनसाफी नहीं होनी चाहिए। मुझे अपनी पार्टी के विचार सदन में रखने की इजाज़त मिलनी चाहिए। मैं इतने दिन से सेल्ज़ टैक्स बिल पर बहस सुनता रहा हूँ मुझे समय नहीं मिला। दरअसल मैं उस पर बोलना भी नहीं चाहता था। क्योंकि वह व्यापारियों का बिल था उसका मेरे साथ कोई ताल्लुक नहीं था। मैं सरकार की नीति की आलोचना कर रहा हूँ .....

Deputy Speaker : Please finish your speech within two minutes.

चौधरी नेतराम : डिप्टी स्पीकर साहिबा, मैं अर्ज़ कर रहा था कि किसान किस ढंग से मेहनत करके पैदावार करता है और सरकार की नीति कितनी गलत है। (विघ्न) मैं अर्ज़ करने लगा हूँ कि मरला टैक्स का 54 लाख रुपया लगाया गया था। कानून बनाने पर 14 लाख रुपया खर्च हुआ। तीन लाख रुपया टैक्स का इकट्ठा हुआ लेकिन किसान का दम भरने वाली सरकार ने, "जय किसान, जय जवान" का नारा लगाने वाली सरकार ने 54 लाख रुपया मरला टैक्स का माफ कर दिया। लेकिन किसानों पर जो टैक्स इन्होंने सिर्फ तीन साल के लिये लगाया था अब उसको दोबारा लगा रहे हैं, इससे ज्यादा गलत बात और क्या हो सकती है? मिनिस्टरों के लिये 6 नई कारें मर्सिडीज़ की खरीदी गई, नए नए महकमे नित्य खोले जाते हैं, उन पर लाखों रुपये फ़ज़ूल खर्च किये जाते हैं। यह सरकार पंजाब के किसानों के साथ मजाक करती है। चंडीगढ़ में फुट पाथ पर अनाज पैदा करेगी, उसके लिये नया महकमा खोलेगी नया डायरक्टर मुकर्रर

करेगी। वह बीज जो वहां पर बोया जाएगा सारा पांव के नीचे ही रौंदा जाएगा । इससे ज्यादा मज़ाक पंजाब की जनता के साथ क्या हो सकता है ?

जब सूरजपुर सीमेंट फैक्टरी बनी थी तो मालिक से सरकार का वादा था कि 25 साल के बाद वह फैक्टरी सरकार की हो जाएगी। अब सुन रहे हैं सरकार उस फैक्टरी को न लेकर तीन करोड़ रुपया लगा कर अपनी अलग फैक्टरी खोलने जा रही है । बेईमानी का इल्ज़ाम इससे ज्यादा मैं सरकार पर और क्या लगा सकता हूँ। तीन करोड़ रुपये की मशीनरी थी जो शर्त के मुताबिक सरकार को ले लेनी चाहिए थी.....(विघ्न) (शोर)

साफ ज़ाहिर है कि कांग्रेस सरकार मालिकान से पैसा लेगी और उसको अपनी पार्टी के लिये खर्च करेगी। (विघ्न) मैं अर्ज़ करता हूँ कि पंजाब में पहले दो कमिश्नर होते थे लेकिन आज 14 कमिश्नर पंजाब में मुकर्रर किये हुए हैं। अपने रिश्तेदारों और अपने यारों के लिये नई नई पोस्टें क्रियेट की जाती हैं। उनको बड़े बड़े ओहदे दिये जाते हैं।

उपाध्यक्षा : आपको बोलते हुए 15 मिनट्स हो गए हैं। मेहरबानी करके तशरीफ रखिए। (He has been speaking for the last fifteen minutes. He should please resume his seat)

चौधरी नेत राम : मैं आपकी आज्ञा मान कर समाप्त करता हूँ। चाहे सरकार कैरों को ही चाहे सरकार कामरेड राम किशन को हो। इसमें कुछ फर्क नहीं है। कांग्रेस सरकार की नीति एक ही है, वही है। (विघ्न)

मुख्य संसद सचिव : प्वायंट आफ आर्डर। हम इस तरह से नहीं बोलने देंगे, यह कोई तरीका नहीं है बोलने का ।

उपाध्यक्षा : अब मेहरबानी करके समाप्त कीजिये। (Please wind up now)

चौधरी नेत राम : चेयर पर आप हैं या मिस्टर गर्ग स्पीकर है ? मैं आप की आज्ञा से समाप्त करने वाला हूँ। (विघ्न) मैं सरकार की नीति की आलोचना कर रहा हूँ। मैं अर्ज़ करूँ—
काली भली न कोडाली भली धौली भली न सफेद —

आपोज़ीशन के साथियो, हमारी नहीं यह कोई जनता की नहीं कांग्रेस सरकार की नीति एक ही है। इनको राखो एक खेत। यह किसानों और मजदूरों के हित के खिलाफ जाती है और मुनाफा खोरों के हक में जाती है। इन शब्दों के साथ मैं समाप्त करता हूँ।

PERSONAL EXPLANATION BY THE MINISTER FOR EDUCATION

शिक्षा मंत्री (श्री प्रबोध चन्द्र) : मैडम, आइ राइज़ आन ए प्वायंट आफ परसनल ऐक्सप्लेनेशन। मेरी गैर हाज़री में चीफ मिनिस्टर साहिब ने एक स्टेटमेंट दी थी । सरदार गुरनाम सिंह जी ने उस पर बोलते हुए मेरे ऊपर एक तो शायद यह अल्ज़ाम लगाया था कि मेरा कोई बिज़नेस काश्मीर में है और इसलिये मैंने २५,००० रुपया वहां के चीफ मिनिस्टर को दिया। इस सिलसिले में मैं यह अर्ज़ करना चाहता हूँ कि अगर यह जाहिर कर दें कि इस वक्त एक भी नए पैसे का मेरा कोई बिजनैस जम्मू या काश्मीर में है तो जो सज़ा आप कहें मैं वह भुगतने को तैयार

]शिक्षा मंत्री]

हू वरना एक आनरेबल मैम्बर को, जोकि आपोज़ीशन का लीडर रह चुका हो, इस तरह का अल्ज़ाम लगाते वक्त कुछ तो जिम्मेवारी का एहसास करना चाहिए था ।

दूसरा अल्ज़ाम उन्होंने यह लगाया कि मैंने २५,००० रुपया अपने लीडरों को पंजाबी सूबा के अगेन्स्ट फतवा लेने के लिये दिया । उन तीनों में तो एक ही आते हैं, बाकी दो यानी महावीर त्यागी साहिब और चौहान साहिब को तो दिया ही नहीं गया । उन्हें यह आशा नहीं करनी चाहिए कि किसी लीडर का ईमान इतना सस्ता है कि वह पच्चीस हज़ार रुपये के लिये अपने असूल को छोड़ सकता है । उनको ऐसा तजरुबा होगा अपने लीडरों का लेकिन हमारे लीडरों ने तो जिन्दगी भर देश की आज़ादी के लिये लड़ाई लड़ी है । वह ऐसे नहीं है कि पच्चीस हज़ार रुपये के लिये अपने असूलों को तरक कर देंगे । मैं आपोज़ीशन के लीडर को कहूँगा कि वह इस हाउस को दूसरों पर गन्दगी उछालने का आलाकार न बनायें कि इस तरह करने से किसी पर कुछ न कुछ गन्दगी तो चिमट ही जायेगी । हमने हमेशा अपने मुंह को बंद रखा है । अगर आपोज़ीशन के भाई इस तरह से बोल सकते हैं, दुसरों पर खाम खाह कीचड़ उछाल सकते हैं तो इधर से भी कुछ किया जा सकता है । हम आपोज़ीशन के भाइयों की इज्ज़त करते आए हैं । और यही कोशिश करते रहे हैं कि कोई ऐसी बात न कहें जिससे कशीदगी पैदा हो । मैं यहां पर हाउस में फिर यह बात कहने को तैयार हूँ कि अगर वह किसी तरह से भी ज़ाहिर कर दें कि जम्मू और काश्मीर में मेरा कोई एक पाई का भी बिज़नैस है तो मैं हाउस से इस्तीफा दे दूंगा वरना वह इस हाउस में मुझसे कम अज़ कम माफी तो मांगे ।

बाकी जो अल्ज़ाम पच्चीस हज़ार रुपये वाला लगाया गया कि हमारे लीडर इतने रुपयों में बिक सकते हैं, हमारे लीडर कोई भूख हड़ताल करके लीडर नहीं बने । उनके पीछे एक पुरानी कहानी है, उन्होंने देश के लिये कई कुरबानियां की हैं । इस तरह से किसी पार्टी के लीडर्ज़ के बारे में इतनी छोटी राए रखना, मैं समझता हूँ, ज्यादती है तंग दिली है । अगर उनकी यही पुज़ीशन है तो वह हमें मजबूर करेंगे कि हम भी उनके लीडरों के बारे में इसी तरह की बातें करें जैसा कि उन्होंने हमारे लीडरों के बारे में कहीं हैं ।

ਸਰਦਾਰ ਗੁਰਨਾਮ ਸਿੰਘ : ਡਿਪਟੀ ਸਪੀਕਰ ਸਾਹਿਬਾ......

ਡਿਪਟੀ ਸਪੀਕਰ : ਤੁਸੀਂ ਕਿਸ ਗੱਲ ਤੇ ਬੋਲਣਾ ਹੈ ? (On what point the hon. Member wants to speak ?)

ਸਰਦਾਰ ਗੁਰਨਾਮ ਸਿੰਘ : ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ ਮੈਡਮ । ਐਜੂਕੇਸ਼ਨ ਮਨਿਸਟਰ ਸਾਹਿਬ ਨੇ ਕੋਸ਼ਿਸ਼ ਕੀਤੀ ਹੈ, ਮੇਰੇ ਮੂੰਹ ਵਿੱਚ ਇਹ ਲਫ਼ਜ਼ ਪਾਉਣ ਦੀ ਕਿ ਮੈਂ ਉਨ੍ਹਾਂ ਦੇ ਲੀਡਰਾਂ ਤੇ ਅਲਜ਼ਾਮ ਲਗਾਇਆ ਹੈ ਜਿਨ੍ਹਾਂ ਨੂੰ ਇਹ ਰੁਪਿਆ ਦੇ ਕੇ ਆਏ ਹਨ । ਮੈਂ ਤਾਂ ਇਹ ਲਫ਼ਜ਼ ਕਹੇ ਸਨ ਕਿ ਇਨ੍ਹਾਂ ਦਾ ਜਿਹੜਾ ਫੇਅਲ ਸੀ ਉਹ ਵਾਕਈ ਕੁਐਸਚਨੇਬਲ ਸੀ ਯਾਨੀ ਰੁਪਿਆ ਲਿਆ ਜਾਣਾ । ਮਗਰ ਉਨ੍ਹਾਂ ਦੇ ਲੀਡਰਾਂ ਦੀ ਇੰਟੈਗਰਿਟੀ ਤੇ ਸਾਨੂੰ ਪੂਰਾ ਵਿਸ਼ਵਾਸ਼ ਹੈ । ਉਹ ਇੰਟੈਗਰਿਟੀ ਦੇ ਆਦਮੀ ਹਨ । ਬਾਕੀ ਜਿਹੜੀ ਕਾਸ਼ਮੀਰ ਵਿੱਚ ਬਿਜ਼ਨੈਸ ਦਾ ਸਵਾਲ ਹੈ, ਇਨ੍ਹਾਂ ਨੇ ਖੁਦ ਵੀ ਕਈ ਦਫਾ ਕਿਹਾ ਹੈ ਕਿ ਇਨ੍ਹਾਂ ਦਾ ਕਾਸ਼ਮੀਰ ਵਿੱਚ ਇੰਟਰੈਸਟ ਹੈ । ਹੁਣ ਇਹ ਮੁਕਰਦੇ ਹਨ । ਇਸ ਬਾਰੇ ਮੈਂ ਇਨਵੈਸਟੀਗੇਸ਼ਨ ਕਰਕੇ ਦੱਸ ਵੀ ਦਵਾਂਗਾ ।

शिक्षा मंत्री : मैं हाउस में इस बात को चैलेंज करता हूँ कि अगर वह जाहिर कर दें कि इस वक्त वहां जम्मू और काश्मीर में मेरा एक नये पैसे का भी बिज़नैस है......

कुछ आवाजें : इस वक्त ?

शिक्षा मंत्री : हां, इस वक्त। बीस साल पहले की बात हो सकती है। वह अलग बात है। अगर वह साबत कर दें कि इस वक्त वहां पर मेरा एक नए पैसे का भी बिज़नैस है तो मैं हाउस से इस्तीफा देने को तैयार हूँ।

ਸਰਦਾਰ ਗੁਰਨਾਮ ਸਿੰਘ : ਮੈਡਮ, ਇਹ ਅਸਤੀਫਾ ਦੇਣ ਬਾਰੇ ਤਾਂ ਕਈ ਵੇਰ ਕਹਿ ਚੁੱਕੇ ਹਨ—ਪਤਾ ਨਹੀਂ ਦੇਣਾ ਵੀ ਹੈ ਕਿ ਨਹੀਂ ਦੇਣਾ ਪਰ ਮੈਂ ਸਾਬਤ ਕਰਾਂਗਾ ਕਿ ਇਨ੍ਹਾਂ ਦੀ ਕਸ਼ਮੀਰ ਵਿੱਚ ਬਿਜਨੈਸ ਹੈ ਜਾਂ ਨਹੀਂ। ਅਗਰ ਨਹੀਂ ਹੈ ਤਾਂ ਕੀ ਇਹ ਕਸ਼ਮੀਰ ਵਿੱਚ ਐਵੇਂ ਭੱਜੇ ਫਿਰਦੇ ਰਹੇ ਹਨ ? ਉਥੋਂ ਦੇ ਲੀਡਰ ਸਾਡੇ ਕੋਲ ਆਉਂਦੇ ਰਹੇ ਹਨ। ਕਦੀ ਬਖਸ਼ੀ ਜੀ ਆਏ ਕਦੀ ਫਲਾਨੇ ਆਏ। ਆਖਿਰ ਕਸ਼ਮੀਰ ਵਿਚ ਹੀ ਇਨ੍ਹਾਂ ਦਾ ਕਿਉਂ ਸਪੈਸ਼ਲ ਇੰਟਰੈਸਟ ਹੈ ? ਜਦ ਇਕ ਐਡਮਨਿਸਟਰੇਟਿਵ ਕਮੇਟੀ ਬਣ ਚੁੱਕੀ ਹੈ ਤਾਂ ਉਸ ਐਡਮਨਿਸਟਰੇਟਿਵ ਕਮੇਟੀ ਦੀ ਇਜਾਜ਼ਤ ਦੇ ਬਗੈਰ ਐਜੂਕੇਸ਼ਨ ਮਨਿਸਟਰ ਨੇ ਇਕ ਪਬਲਿਕ ਫੰਡ ਨੂੰ ਕਿਉਂ ਉਥੇ ਦਿੱਤਾ ? ਦੂਜੇ ਇਨ੍ਹਾਂ ਨੇ ਆਪਣੇ ਨਾਂ ਦੇ ਚੈਕ ਲਏ ਜਿਹੜਾ ਕਿ ਕਿਸੇ ਵੀ ਪਬਲਿਕ ਫੰਡ ਦਾ ਤਰੀਕਾ ਨਹੀਂ ਹੋ ਸਕਦਾ। ਹਰ ਇਕ ਪਬਲਿਕ ਫੰਡ ਬੈਂਕ ਵਿਚ ਲਿਆ ਜਾਂਦਾ ਹੈ ਪਰ ਇਨ੍ਹਾਂ ਨੇ ਉਸ ਪਬਲਿਕ ਫੰਡ ਦੇ ਚੈਕ ਵੀ ਆਪਣੇ ਨਾਂ ਉੱਤੇ ਲਏ। ਸਾਨੂੰ ਕਿਸੇ ਨੂੰ ਕੀ ਪਤਾ ਹੋ ਸਕਦਾ ਹੈ, ਕਿ ਉਹ ਰੁਪਿਆ ਕਿਥੇ ਜਾਂਦਾ ਹੈ ? ਇਸ ਲਈ ਜਿਹੜੀ ਉਨ੍ਹਾਂ ਨੇ ਮੇਰੇ ਮੂੰਹ ਵਿੱਚ ਲਫਜ਼ ਪਾਉਣ ਦੀ ਕੋਸ਼ਿਸ਼ ਕੀਤੀ ਉਹ ਸਰਾਸਰ ਗਲਤ ਫਹਿਮੀ ਫੈਲਾਉਣ ਦੀ ਕੋਸ਼ਿਸ਼ ਕੀਤੀ। ਮੈਂ ਸੈਂਟਰ ਦੇ ਲੀਡਰਜ਼ ਦੀ ਇੰਟੈਗਰਿਟੀ ਨੂੰ ਬਿਲਕੁਲ ਕਿਸੇ ਤਰ੍ਹਾਂ ਵੀ ਕੁਐਸਚਨ ਨਹੀਂ ਕੀਤਾ। ਉਨ੍ਹਾਂ ਦੀ ਇੰਟੈਗਰਿਟੀ ਦੀ ਮੈਂ ਹਮੇਸ਼ਾ ਰੈਸਪੈਕਟ ਕਰਦਾ ਹਾਂ ਔਰ ਬਾਵਜੂਦ ਇਨ੍ਹਾਂ ਦੇ ਕੋਸ਼ਿਸ਼ ਕਰਨ ਦੇ ਵੀ ਉਹ ਅੱਛੀ ਰਹੀ ਹੈ ਔਰ ਕਦੇ ਨਹੀਂ ਬਦਲੇਗੀ।

उपाध्यक्षा : मैं लीडर आफ दी हाउस और सरदार गुरनाम सिंह साहिब से यह दरखास्त करूंगी कि आज आप के सामने एक अहम बिल है और फिर आप नान स्टाप सिटिंग करने का फैसला कर चुके हैं। उसके बावजूद यह एक नई बहस बीच में आ गई है। मैं चाहूँगी कि इस बहस को यहीं पर खत्म किया जाए। यह जो बाहर के लोग हैं यह भी क्या ख्याल करेंगे कि बात तो बिल की चल ही थी और बीच में आपस में झगड़ा खड़ा कर दिया। जो कहा जा चुका है उसी तक महदूद रहने दिया जाए। यही बहुत काफी है। (I would like to submit to the Leader of the House and Sardar Gurnam Singh that today they have got an important Bill before them and above all they have decided to have a non-stop sitting. Despite that this new controversy has cropped up. I would like this controversy to be stopped here. What would the people, who have come from outside, think about this personal controversy having been introduced when the discussion of the Bill was in progress ? They should be content with what has already been said. This is quite sufficient.)

(*Interruptions*)

शिक्षा मन्त्री : हम आज तक इन की इज्ज़त करते रहे हैं। अगर अब वह एक कहेंगे तो इनको चार सुनने को मिलेंगी। हम भी मूंह में ज़बान रखते हैं।

At this stage some members of the Akali Party rose on point of order simultaneously.

उपाध्यक्षा : मैंने लीडर आफ दी हाउस और आपकी पार्टी के ग्रुप के लीडर से एक दरखास्त की है और उसके बावजूद भी अगर आप प्वांयट आफ आर्डर करना चाहते हैं तो करें। (I have already made a request to the leader of the House and the leader of the Akali Party. Despite that if they insist on raising points of order, they are at liberty to do so.)

ਸਰਦਾਰ ਗੁਰਚਰਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਰਦਾਰ ਗੁਰਨਾਮ ਸਿੰਘ ਜੀ ਨੇ ਮਿਸਟਰ ਪ੍ਰਬੋਧ ਚੰਦਰ ਬਾਰੇ ਕੋਈ ਗੱਲ ਕਹੀ। ਉਨ੍ਹਾਂ ਨੇ ਉਸ ਸਬੰਧ ਵਿੱਚ ਆਪਣੀ ਪੁਜੀਸ਼ਨ ਕਲੀਅਰ ਕੀਤੀ। ਉਸ ਦੇ ਵਿੱਚ ਮਿਸਟਰ ਪ੍ਰਬੋਧ ਚੰਦਰ ਨੇ ਅਕਾਲੀ ਲੀਡਰਾਂ ਦਾ ਮਜ਼ਾਕ ਉੜਾਉਣ ਦੀ ਵੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਲੀਡਰਾਂ ਦੇ ਪਿੱਛੇ ਹਿਸਟਰੀ ਹੈ, ਕੁਰਬਾਨੀ ਹੈ, ਅਸੀਂ ਇਸ ਗੱਲ ਨੂੰ ਮੰਨਦੇ ਹਾਂ; ਲੇਕਿਨ ਉਨ੍ਹਾਂ ਨੇ ਬੋਲਦੇ ਹੋਇਆਂ ਇਹ ਲਫ਼ਜ਼ ਕਹੇ ਕਿ ਸਾਡੇ ਲੀਡਰ ਇਕ ਇਕ ਦਿਨ ਦੀ ਭੁੱਖ ਹੜਤਾਲ ਕਰਕੇ ਲੀਡਰ ਨਹੀਂ ਬਣੇ। ਇਹ ਉਨ੍ਹਾਂ ਨੇ ਸਾਡੇ ਲੀਡਰਾਂ ਉੱਤੇ ਇਕ ਬੜੀ ਜ਼ਬਰਦਸਤ ਰਿਫਲੈਕਸ਼ਨ ਕੀਤੀ ਹੈ, ਜਿਹੜੇ ਲਫ਼ਜ਼ ਮੈਂ ਸਮਝਦਾ ਹਾਂ ਕਿ ਮਿਸਟਰ ਪ੍ਰਬੋਧ ਚੰਦਰ ਨੂੰ ਵਾਪਸ ਲੈਣੇ ਚਾਹੀਦੇ ਹਨ।

(*Interruptions and noise*)

उपाध्यक्षा : प्रबोध चन्द्र जी, आपने क्या कहा था, मैंने सुना नहीं ? (What did the Education Minister say ? I did not hear.)

ਵਿਦਿਆ ਮੰਤਰੀ (ਸ੍ਰੀ ਪ੍ਰਬੋਧ ਚੰਦਰ) : ਡਿਪਟੀ ਸਪੀਕਰ ਸਾਹਿਬਾ, ਆਪਣੇ ਵਲੋਂ ਐਕਸਪਲੇਨੇਸ਼ਨ ਦਿੰਦਿਆਂ ਹੋਇਆਂ ਸਰਦਾਰ ਗੁਰਨਾਮ ਸਿੰਘ ਹੋਰਾਂ ਨੇ ਮੇਰੇ ਉਪਰ ਇਕ ਹੋਰ ਇਲਜ਼ਾਮ ਲੱਗਾ ਦਿੱਤਾ ਹੈ ਕਿ ਮੈਂ ਆਪਣੇ ਨਾਮ ਉੱਤੇ ਚੈਕ ਇਕੱਠੇ ਕੀਤੇ, ਆਪਣੇ ਨਾਮ ਉੱਤੇ ਫੰਡ ਇਕੱਠਾ ਕੀਤਾ। ਇਸ ਬਾਰੇ ਵੀ ਮੈਂ ਪੂਰੀ ਜ਼ਿੰਮੇਵਾਰੀ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜ਼ਾਹਿਰ ਕਰਨ ਅਗਰ ਇਕ ਪਾਈ ਵੀ, ਇਕ ਦਮੜੀ ਵੀ ਆਪਣੇ ਨਾਮ ਉੱਤੇ ਲਈ ਹੋਵੇ। ਜੋ ਚੈਕ ਆਏ ਹਨ ਉਹ ਚੀਫ ਮਨਿਸਟਰ ਸੈਕਟਰੀ ਦੇ ਨਾਂ ਉੱਤੇ, ਇਸ ਡੀਫੈਂਸ ਐਂਡ ਸਿਕਿਉਰਿਟੀ ਰੀਲੀਫ ਫੰਡ ਦੇ ਨਾਂ ਉਤੇ ਆਏ ਹਨ। ਜਿਵੇਂ ਕਿ ਵਾਇਦਾ ਕੀਤਾ ਹੋਇਆ ਸੀ, ਇਸ ਵਿਚੋਂ 5–10 ਪਰਸੈਂਟ ਚੰਦਾ ਦੇਣ ਵਾਲਿਆਂ ਦੀ ਇਛਾ ਦੇ ਮੁਤਾਬਕ ਉਨ੍ਹਾਂ ਨੂੰ ਦਿੱਤਾ ਗਿਆ। ਮੈਂ ਦਿੱਲੀ ਜਾ ਰਿਹਾ ਸਾਂ। ਇਨ੍ਹਾਂ ਨੇ ਚੈਕ ਤੇ ਦਸਤਖਤ ਕਰਕੇ ਦਿੱਤੇ। ਮੈਂ ਤਾਂ ਇਕ ਮੈਸਜਰ ਦਾ ਹੀ ਕੰਮ ਕੀਤਾ ਹੈ। ਇਕ ਪਾਈ ਵੀ ਮੈਂ ਆਪਣੇ ਨਾਂ ਉੱਤੇ ਨਹੀਂ ਦਿੱਤੀ। ਜਿਨ੍ਹਾਂ ਨੇ ਚੰਦਾ ਦਿੱਤਾ ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਉਹ ਇਸ ਰੁਪੈ ਨੂੰ ਚੀਫ ਮਨਿਸਟਰ ਜਾਂ ਡੀ. ਸੀ. ਦੇ ਨਾਂ ਉੱਤੇ ਭੇਜਣ। ਅਗਰ ਇਹ ਜ਼ਾਹਿਰ ਕਰ ਦੇਣ ਕਿ ਇਕ ਪਾਈ ਵੀ ਮੈਂ ਆਪਣੇ ਨਾਂ ਉੱਤੇ ਕਿਸੇ ਵੀ ਆਦਮੀ ਕੋਲੋਂ ਲਈ ਹੈ ਤਾਂ ਜੋ ਸਜ਼ਾ ਵੀ ਤੁਸੀਂ ਕਹੋ, ਮੈਂ ਭੁਗਤਣ ਨੂੰ ਤਿਆਰ ਹਾਂ। ਮਗਰ ਇਹ ਬੜੀ ਮਾੜੀ ਗੱਲ ਹੈ ਕਿ ਹਾਊਸ ਵਿੱਚ ਇਸ ਤਰ੍ਹਾਂ ਦੀਆਂ ਗੈਰ ਜ਼ਿੰਮੇਵਾਰੀ ਦੀਆਂ ਗੱਲਾਂ ਕਰਕੇ ਕਿਸੇ ਉੱਤੇ ਚਿਕੜ ਉਛਾਲਿਆ ਜਾਵੇ। ਹੁਣ ਤਕ ਤਾਂ ਮੈਂ ਇਨ੍ਹਾਂ ਦੀ ਇੱਜ਼ਤ ਕਰਦਾ ਆਇਆ ਹਾਂ ਪਰ ਇਹ ਚੀਜ਼ ਕਦੇ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

(*Interruption and noice*)

उपाध्यक्षा : वह आपने एक एक दिन की भूख हड़ताल वाली क्या बात कही थी ? मैंने वह सुनी नहीं। आप बतायें कि आपने क्या कहा था। (What did the hon. Minister say about a day's hunger strike ? I did not hear that. He may repeat it.)

शिक्षा मंत्री (श्री प्रबोध चन्द्र) : मैडम, मैंने यह कहा था कि हमारे लीडरों के पीछे कुरबानी की एक पुरानी कहानी है और उन्होंने कोई मामूली भूख हड़ताल करके या शार्ट कट करके लीडर शिप को कबूल नहीं किया था। पता नहीं उन्होंने इस बात को अपनो तरफ क्यों ले लिया।

ਸਰਦਾਰ ਗੁਰਨਾਮ ਸਿੰਘ : ਭੁਖ ਹੜਤਾਲ ਤਾਂ ਮਹਾਤਮਾ ਗਾਂਧੀ ਨੇ ਵੀ ਕੀਤੀ; ਖ਼ੁਦ ਇਨ੍ਹਾਂ ਨੇ ਵੀ ਇਕ ਦਫ਼ਾ ਗਰੈਂਡ ਹੋਟਲ ਵਿੱਚ ਕੀਤੀ ਸੀ।

ਵਿਦਿਆ ਮੰਤਰੀ : ਤੁਹਾਡਾ ਵੀ ਮੈਨੂੰ ਪਤਾ ਹੈ। ਮੈਂ ਕਹਾਗਾਂ ਕਿ ਮੇਰੇ ਮੂੰਹ ਦੀ ਜ਼ਬਾਨ ਨੂੰ ਗੰਦਿਆਂ ਨਾ ਕਰਾਉ। ਪਰ ਫੇਰ ਵੀ ਮੈਂ ਇਥੇ ਹਾਉਸ ਵਿੱਚ ਆਪਣੇ ਉਪਰ ਗੰਦਗੀ ਉਛਾਲਣ ਦੀ ਇਜਾਜ਼ਤ ਨਹੀਂ ਦੇ ਸਕਦਾ। (Interruption) ਮੈਂ ਵੇਖ ਲਵਾਂਗਾ, ਮੈਂ ਖ਼ੁਦ ਨਿਬੜ ਲਵਾਂਗਾ, ਤੁਹਾਡੇ ਜਿਹੇ ਮੈਂ ਬੀਸੀਉਂ ਵੇਖੇ ਹਨ। ਇਹ ਕੋਈ ਚੀਫ ਮਨਿਸਟਰ ਕਮਜ਼ੋਰ ਹੈ। (noise) ਮੈਂ ਫੇਰ ਕਹਾਂਗਾ ਕਿ ਮੈਂ ਇਹੋ ਕਿਹਾ ਹੈ ਕਿ ਜਿਹੜੇ ਸਾਡੇ ਲੀਡਰ ਹਨ ਇਨ੍ਹਾਂ ਦੀ ਪਿੱਠ ਤੇ ਕੁਰਬਾਨੀਆਂ ਹਨ, ਇਹ ਕੋਈ ਭੁਖ ਹੜਤਾਲਾਂ ਕਰਕੇ ਹੀ ਲੀਡਰ ਨਹੀਂ ਬਣੇ। ਮੈਂ ਇਹ ਕਹਿ ਕੇ ਕਿਸੇ ਉੱਤੇ ਰੀਫਲੈਕਸ਼ਨ ਨਹੀਂ ਕੀਤੀ ਬਲਕਿ ਇਹ ਖ਼ੁਦ ਦਸ ਰਹੇ ਹਨ ਕਿ ਇਹ ਕਿਸ ਟਾਈਪ ਦੇ ਲੋਕ ਹਨ। (Interruptions)

उपाध्यक्षा : आर्डर प्लीज़। (Order Please)

ਸਰਦਾਰ ਤਾਰਾ ਸਿੰਘ ਲਾਇਲਪੁਰੀ : ਆਨ ਏ ਪੁਆਇੰਟ ਆਫ ਆਰਡਰ, ਮੈਡਮ। (Noise)

ਡਿਪਟੀ ਸਪੀਕਰ : ਆਰਡਰ ਪਲੀਜ਼।

ਸ਼ਰਦਾਰ ਤਾਰਾ ਸਿੰਘ ਲਾਇਲਪੁਰੀ :ਡਿਪਟੀ ਸਪੀਕਰ ਸਾਹਿਬਾ, ਮੈਂ ਪੁਆਇੰਟ ਆਫ ਆਰਡਰ ਉੱਤੇ ਖੜਾ ਹੋਇਆ ਹਾਂ। ਕਲ ਇਥੇ ਐਜੂਕੇਸ਼ਨ ਮਨਿਸਟਰ ਸਾਹਿਬ ਹਾਜ਼ਰ ਨਹੀਂ ਸਨ। ਮੈਂ ਇਕ ਸ਼ਿਕਾਇਤ ਕੀਤੀ ਸੀ (noise) ਉਸ ਵਿਚ ਇਨ੍ਹਾਂ ਦਾ ਵੀ ਨਾਂ ਆਇਆ ਸੀ। ਇਨ੍ਹਾਂ ਨੂੰ ਕਹੋ ਕਿ ਮਾਫੀ ਮੰਗਣ।

THE PUNJAB COMMERCIAL CROPS CESS (AMENDMENT) BILL 1965 (RESUMPTION OF DISCUSSION)

Shri Nihal Singh : Madam, I beg to move that the questions be now put.

3.00 P. M.

(बहुत से मैम्बरों की तरफ से विघ्न)

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਤੁਸਾਂ ਇਸੇ ਤਰ੍ਹਾਂ ਉਠ ਬੈਠ ਹੀ ਕਰਾਈ ਰਖਣੀ ਹੈ ਜਾਂ ਬੋਲਣ ਲਈ ਕੁਝ ਟਾਈਮ ਵੀ ਦੇਣਾ ਹੈ। ਮੈਂ ਹਰ ਵਾਰ ਸਵੇਰ ਦਾ ਖੜਾ ਹੋ ਰਿਹਾ ਹਾਂ ਔਰ ਹਾਲੇ ਤਕ ਮੈਨੂੰ ਵਕਤ ਨਹੀਂ ਦਿੱਤਾ ਗਿਆ। ਮੈਨੂੰ ਤੁਸੀਂ ਦਸ ਦਿਉ ਕਿ ਕਿਸ ਵਕਤ ਮੈਨੂੰ ਬੋਲਣ ਲਈ ਵਕਤ ਦਿਓਗੇ ਤਾਂ ਕਿ ਮੈਂ ਉਸੇ ਵੇਲੇ ਖੜਾ ਹੋਵਾਂਗਾ। ਇਸ ਤਰ੍ਹਾਂ ਉਠਣ ਬੈਠਣ ਦੀ ਪਰੇਡ ਤਾਂ ਨਾ ਕਰਾਓ।

श्री निहाल सिंह : मैंने क्लोयर मोशन पुट की है।

उपाध्यक्षा : राम्रो निहाल सिंह जी आप इस तरह क्लोयर मोशन पुट करके मुझे आकवर्ड पोज़ीशन में न डालें। अभी तो कई मैम्बर बोलना चाहते हैं। (I request Shri

[Deputy Speaker]

Nihal Singh that he should not put me is an awkward position by pressing his closure motions. So many members are still keen to speak.)

ਮਾਲ ਮੰਤਰੀ : (ਸਰਦਾਰ ਹਰਿੰਦਰ ਸਿੰਘ ਮੇਜਰ) ਆਨ ਏ ਪੁਆਇੰਟ ਆਫ ਆਰਡਰ, ਮੈਡਮ...

(ਇਸ ਵਕਤ ਹੋਰ ਬਹੁਤ ਸਾਰੇ ਮੈਂਬਰ ਖੜੇ ਹੋ ਗਏ ਔਰ ਬੜਾ ਸ਼ੋਰ ਹੋ ਗਿਆ)

उपाध्यक्षा : Order please. श्री निहाल सिंह ने क्लोयर मोशन पुट की थी लेकिन मैंने उसकी इजाज़त नहीं दी । (Order please, Shri Nihal Singh had moved the closure motion but I did not allow it.)

(**ਇਕ ਆਵਾਜ਼** : ਫਿਰ ਮੇਜਰ ਸਾਹਿਬ ਕਿਉਂ ਖੜੇ ਹੋ ਗਏ ਨੇ)? वह तो **प्वाइंट** आफ आर्डर पर खड़े हुए हैं और डिबेट का जवाब नहीं देने लगे। (The Revenue Minister is on his legs as he wants to say something on a point of order. He is not replying the debate)

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬਾ, ਮੈਂ ਬਹਿਸ ਦਾ ਜਵਾਬ ਤਾਂ ਉਸ ਵੇਲੇ ਦੇਵਾਂਗਾ ਜਿਸ ਵਲੇ ਤੁਸੀਂ ਹੁਕਮ ਕਰੋਗੇ। ਸ੍ਰੀ ਨਿਹਾਲ ਸਿੰਘ ਨੇ ਕਲੋਈਜ਼ਰ ਮੋਸ਼ਨ ਮੂਵ ਕੀਤੀ ਹੈ ਪਰ ਤੁਸੀਂ ਉਸ ਦੀ ਇਜਾਜ਼ਤ ਨਹੀਂ ਦਿੱਤੀ। ਵੈਸੇ ਇਸ ਸਟੇਜ ਤੇ ਬਹੁਤ ਬਹਿਸ ਹੋ ਚੁੱਕੀ ਹੈ। ਤੁਸੀਂ ਕਿਹਾ ਹੈ ਕਿ ਅਸੀਂ ਤੁਹਾਨੂੰ ਆਕਵਰਡ ਪੋਜ਼ੀਸ਼ਨ ਵਿਚ ਨਾ ਪਾਈਏ। ਅਸੀਂ ਖੁਦ ਤੁਹਾਨੂੰ ਆਕਵਰਡ ਪੋਜ਼ੀਸ਼ਨ ਵਿਚ ਨਹੀਂ ਪਾਉਣਾ ਚਾਹੁੰਦੇ। ਮੈਂ ਤਾਂ ਖੁਦ ਚਾਹੁੰਦਾ ਹਾਂ ਕਿ ਆਨਰੇਬਲ ਮੈਂਬਰ ਜੇਕਰ ਕੁਝ ਚੰਗੇ ਸੁਝਾ ਦੇਣ ਤਾਂ ਮੈਂ ਉਨ੍ਹਾਂ ਨੂੰ ਵੈਲਕਮ ਕਰਾਂਗਾ ਲੇਕਿਨ ਇਤਨੀ ਬੇਨਤੀ ਜ਼ਰੂਰ ਕਰਨੀ ਚਾਹੁੰਦਾ ਹਾਂ ਕਿ ਹਾਲੇ ਤਾਂ ਬਿਲ ਦੀ ਪਹਿਲੀ ਸਟੇਜ ਤੇ ਹੀ ਬਹਿਸ ਹੋਈ ਹੈ ਬਾਕੀ ਦੀਆਂ ਦੋ ਰੀਡਿੰਗਜ਼ ਤੇ ਵੀ ਤਾਂ ਬਹਿਸ ਹੋ ਸਕਦੀ ਹੈ। ਆਖਰ ਕਿਧਰੇ ਨਾ ਕਿਧਰੇ ਤਾਂ ਇਹ ਬਹਿਸ ਖਤਮ ਹੋਣੀ ਹੀ ਹੈ। ਇਸ ਲਈ ਆਪ ਕਲੋਈਜ਼ਰ ਮੋਸ਼ਨ ਮੰਨ ਲਓ ।

उपाध्यक्षा : आपका तो अपनी पार्टी पर भी निज़ाम नहीं चल रहा । मेरे लिए मुश्किल तो यह है । (But the difficulty is that there is no discipline in the ruling party)

ਮਾਲ ਮੰਤਰੀ : ਮੈਂ ਤਾਂ ਡਿਪਟੀ ਸਪੀਕਰ ਸਾਹਿਬਾ, ਬੜੀ ਰਿਸਪੈਕਟਫੁਲੀ ਆਪ ਅੱਗੇ ਬੇਨਤੀ ਕੀਤੀ ਹੈ......

(ਕੁਝ ਆਨਰੇਬਲ ਮੈਂਬਰ ਪੁਆਇੰਟ ਆਫ ਆਰਡਰ ਉੱਤੇ ਖੜੇ ਹੋ ਗਏ)।

उपाध्यक्षा : आर्डर प्लीज़ । नान स्टाप सिटिंग का मतलब यह नहीं होता कि सारा दिन ही बहस चलती रहे । इस वक्त तक बहुत सारे मैम्बर इस बिल पर बोल चुके हैं और बाकी कुछ और हैं जो बोलना चाहते हैं । वह बिल की दूसरी रीडिंग्ज़ पर भी बोल सकते हैं । यह कोई तरीका नहीं कि एक ही वक्त में इतने मैम्बर प्वायंट आफ आर्डर पर खड़े हो जाएं । जैसा कि मेजर साहिब ने कहा है, आप थर्ड रीडिंग पर भी तो बोल सकते ह, फिर अभी सैकिंड रीडिंग पर जब अमेंडमैंटस मूव होंगी उस वक्त भी तो आप बोल सकेंगे ।

(Order please. Non stop sitting does not imply that the debate should go on throughout the day. Most of the hon. Members have already taken part in the discussion and there are still some more who want to take part in it, who can do so at the time of the third reading stage. It does not look proper that a large number of Members should simultaneously rise on points of order. As the Minister for Revenue has rightly pointed out they can speak at the time of the third reading. They can also speak at the second reading stage when amendments are to be moved.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਡਿਪਟੀ ਸਪੀਕਰ ਸਾਹਿਬਾ ਮੈਂ ਤੁਹਾਡਾ ਧਿਆਨ ਇਸ ਗੱਲ ਵਲ ਖਿਚਣਾ ਚਾਹੁੰਦਾ ਹਾਂ ਕਿ ਨਾਨ ਸਟਾਪ ਸਿਟਿੰਗ ਵਿੱਚ ਇਸ ਤਰ੍ਹਾਂ ਕਲੋਈਅਰ ਮੋਸ਼ਨ ਲਿਆ ਕੇ ਇਕ ਬੜੀ ਨਾ ਮੁਨਾਸਬ ਔਰ ਜ਼ਿਆਦਤੀ ਵਾਲੀ ਗੱਲ ਕੀਤੀ ਜਾ ਰਹੀ ਹੈ। ਅਸੀਂ ਤਾਂ ਪਹਿਲੇ ਨਾਨ ਸਟਾਪ ਸਿਟਿੰਗ ਮੰਨਦੇ ਹੀ ਨਹੀਂ ਸੀ ਔਰ ਜੇ ਮੰਨੀ ਤਾਂ ਇਸ ਐਸ਼ਿਓਰੈਂਸ਼ ਤੇ ਮੰਨੀ ਸੀ ਕਿ ਇਸ ਬਿਲ ਤੇ ਫੁਲ ਐਂਡ ਫਰੀ ਡਿਸਕਸ਼ਨ ਹੋਵੇਗੀ ਔਰ ਜੇ ਸਾਨੂੰ ਇਸ ਤੇ ਡਿਸਕਸ਼ਨ ਕਰਨ ਲਈ ਖੁਲ੍ਹਾ ਵਕਤ ਨਾ ਦਿੱਤਾ ਗਿਆ ਤਾਂ ਇਹ ਸਾਡੇ ਨਾਲ ਬੜੀ ਜ਼ਿਆਦਤੀ ਹੋਵੇਗੀ। ਫਿਰ ਹਾਲੇ ਇਸ ਬਿਲ ਤੇ ਪੂਰੀ ਡਿਸਕਸ਼ਨ ਹੋਈ ਵੀ ਕਿਥੇ ਹੈ ਕਿਉਂਕਿ ਉਹ ਬਹੁਤ ਸਾਰਾ ਵਕਤ ਤਾਂ ਪਹਲੇ ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ ਔਰ ਸਰਦਾਰ ਗੁਰਦਿਆਲ ਸਿੰਘ ਦੀ ਝੜਪ ਵਿੱਚ ਚਲਾ ਗਿਆ ਫਿਰ ਪ੍ਰਬੋਧ ਜੀ ਔਰ ਸਰਦਾਰ ਗੁਰਨਾਮ ਸਿੰਘ ਦੇ ਝਗੜੇ ਵਿੱਚ ਚਲਾ ਗਿਆ ਹੈ। ਇਸ ਤਰ੍ਹਾਂ ਬਹੁਤ ਸਾਰਾ ਵਕਤ ਤਾਂ ਇਨਡੀਵਿਜ਼ੂਅਲ ਦੇ ਝਗੜੇ ਵਿੱਚ ਹੀ ਚਲਾ ਜਾਂਦਾ ਹੈ। ਇਸ ਤਰ੍ਹਾਂ ਹਾਊਸ ਦੇ ਸਾਹਮਣੇ ਜੋ ਰੀਅਲ ਈਸ਼ੂ ਹੁੰਦਾ ਹੈ ਉਹ ਪਿੱਛੇ ਰਹਿ ਜਾਂਦਾ ਹੈ। ਔਰ ਦੂਜੇ ਜੋ ਇਨਡੀਵਿਜ਼ੂਅਲ ਦੇ ਕੇਸ ਹੁੰਦੇ ਹਨ ਉਹ ਅੱਗੇ ਆ ਜਾਂਦੇ ਹਨ। ਇਸ ਲਈ ਮੈਂ ਆਪ ਅੱਗੇ ਬੇਨਤੀ ਕਰਦਾ ਹਾਂ ਕਿ ਕਲੋਈਅਰ ਮੋਸ਼ਨ ਮੂਵ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

ਮਾਲ ਮਤਰੀ : ਡਿਪਟੀ ਸਪੀਕਰ ਸਾਹਿਬਾ, ਮੈਂ ਇਸ ਬਾਰੇ ਦੋ ਗਲਾਂ ਅਰਜ਼ ਕਰਨੀਆਂ ਹਨ। ਪਹਿਲੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਮੈਂ ਪਹਿਲੇ ਵੀ ਦੋ ਜਾਂ ਤਿੰਨ ਦਫਾ ਅਰਜ਼ ਕਰ ਚੁੱਕਾ ਹਾਂ ਔਰ ਕਾਮਰੇਡ ਸ਼ਮਸ਼ੇਰ ਸਿੰਘ ਅੱਗੇ ਫਿਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਦਾ ਕੋਈ ਐਸਾ ਮਨਸ਼ਾ ਨਹੀਂ ਹੈ ਕਿ ਤੁਹਾਡੀ ਵਾਇਸ ਨੂੰ ਕਿਸੇ ਤਰ੍ਹਾਂ ਵੀ ਸੁਪਰੈਸ ਕੀਤਾ ਜਾਵੇ। ਤੁਹਾਡੀ ਜੋ ਮਰਜ਼ੀ ਆਏ ਕਹਿ ਲਉ। ਮੈਂ ਐਜ਼ ਮਨਿਸਟਰ ਇਨਚਾਰਜ ਇਹ ਕਹਿ ਸਕਦਾ ਹਾਂ ਕਿ ਮੈਂ ਕੋਈ ਪਰਵੋਕ ਹੋਣ ਵਾਲਾ ਬੰਦਾ ਨਹੀਂ ਹਾਂ। ਜੋ ਕੁਝ ਤੁਹਾਡੀ ਮਰਜ਼ੀ ਆਏ ਕਹਿ ਲਉ, ਕਿਉਂਕਿ ਮੈਂ ਜਾਣਦਾ ਹਾਂ ਕਿ ਆਖਰ ਉਨ੍ਹਾਂ ਦਾ ਜਵਾਬ ਦੇਣ ਦੀ ਮੇਰੀ ਵਾਰੀ ਵੀ ਆਉਣੀ ਹੈ। ਦੂਜੀ ਗੱਲ ਇਹ ਹੈ ਕਿ ਆਪ ਨੇ, ਡਿਪਟੀ ਸਪੀਕਰ ਸਾਹਿਬਾ, ਇਹ ਜ਼ਿਕਰ ਕੀਤਾ ਸੀ ਕਿ ਸਾਡਾ ਆਪਣੀ ਪਾਰਟੀ ਤੇ ਕੋਈ ਕੰਟਰੋਲ ਨਹੀਂ ਹੈ। ਮੈਂ ਇਹ ਠੀਕ ਨਹੀਂ ਸਮਝਦਾ। ਕਿਉਂਕਿ ਜਿਸ ਵਕਤ ਮੈਂ ਖੜਾ ਹੋਇਆ ਸੀ ਉਸ ਵਕਤ ਮੇਰੀ ਪਾਰਟੀ ਦਾ ਕੋਈ ਵੀ ਮੈਂਬਰ ਖੜਾ ਨਹੀਂ ਹੋਇਆ ਸੀ......

उपाध्यक्षा : सरदार नारायणसिंह शहबाज़पुरी खड़ा हुआ था जो आपकी पार्टी का एक सीनियर मेम्बर है। (Sardar Narain Singh Shahbazpuri who is a senior member of the ruling party had risen to speak when the Revenue Minister was on his legs.)

ਮਾਲ ਮੰਤਰੀ : ਉਹ ਉਸ ਵਕਤ ਖੜੇ ਹੋਏ ਸੀ ਜਿਸ ਵਕਤ ਮੈਂ ਬੈਠ ਗਿਆ ਸੀ।

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਮੈਡਮ ।

* * * * * *

* * * * * * *

* * * * * * *

* * * * * * *

उपाध्यक्षा : Order please. चौधरी दर्शन सिंह ने अब जो कुछ कहा है वह एक्सपंज कर दिया जाए । (Order please. Whatever has now been said by Chaudhri Darshan Singh, should be expunged from the proceedings.)

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਡਿਪਟੀ ਸਪੀਕਰ ਸਾਹਿਬਾ, ਕੁਝ ਮੈਂਬਰ ਬੋਲ ਚੁੱਕੇ ਹਨ ਅਤੇ ਕੁਝ ਨੂੰ ਹਾਲੇ ਵਕਤ ਨਹੀਂ ਮਿਲਿਆ । ਇਹ ਬਿਲ ਅਜਿਹਾ ਹੈ ਜਿਸ ਤੇ ਸਭ ਦੇ ਵਿਚਾਰ ਸੁਣਨੇ ਚਾਹੀਦੇ ਹਨ ।(interruption)ਇਨ੍ਹਾਂ ਨੇ ਜੋ ਮੋਸ਼ਨ ਹੁਣੇ ਕੀਤੀ ਹੈ ਇਹ ਮਨਜ਼ੂਰ ਨਹੀਂ ਕੀਤੀ ਜਾਣੀ ਚਾਹੀਦੀ, ਸਭ ਨੂੰ ਮੌਕਾ ਮਿਲਣਾ ਚਾਹੀਦਾ ਹੈ ।

ਚੀਫ ਪਾਰਲੀਮੈਂਟਰੀ ਸੈਕਟਰੀ : ਡਿਪਟੀ ਸਪੀਕਰ ਸਾਹਿਬਾ, ਇਸ ਬਿਲ ਦੀਆਂ 3 ਰੀਡਿੰਗਜ਼ ਹਨ ਅਤੇ ਉਹ ਸਾਰੀਆਂ ਇਕੋ ਜਿਹੀਆਂ ਹੀ ਹਨ, ਕਿਉਂਕਿ ਇਸ ਦੀ ਕਲਾਜ਼ ਇਕ ਹੀ ਹੈ । ਪਹਿਲੀ ਰੀਡਿੰਗ ਤੇ ਬਹਿਸ ਹੁੰਦੇ ਅੱਜ 3 ਦਿਨ ਹੋ ਗਏ ਹਨ, ਕਾਫੀ ਬਹਿਸ ਹੋ ਚੁੱਕੀ ਹੈ, ਜੋ ਹੋਰ ਚਾਹੁਣ ਉਨ੍ਹਾਂ ਨੂੰ ਬਾਕੀ ਦੋ ਰੀਡਿੰਗਜ਼ ਵੇਲੇ ਟਾਈਮ ਦਿੱਤਾ ਜਾ ਸਕਦਾ ਹੈ, ਹੁਣ ਅੱਗੇ ਚਲਣਾ ਚਾਹੀਦਾ ਹੈ । (ਵਿਘਨ)

ਦੂਜੀ ਗੱਲ ਇਹ ਹੈ ਕਿ ਜੋਸ਼ ਜੀ ਨੇ ਕਿਹਾ ਕਿ ਹਾਊਸ ਦਾ ਟਾਈਮ ਜ਼ਾਇਆ ਕੀਤਾ ਗਿਆ ਹੈ । ਤੁਸੀਂ ਰਿਕਾਰਡ ਦੇਖ ਲਉ ਜਿੰਨੇ ਪੁਆਇੰਟ ਆਫ ਆਰਡਰ ਰੇਜ਼ ਕੀਤੇ ਗਏ ਉਸ ਵਿਚੋਂ ਬਹੁਤੇ ਆਪੋਜ਼ੀਸ਼ਨ ਵਲੋਂ ਰੇਜ਼ ਕੀਤੇ ਗਏ ਅਤੇ ਉਨ੍ਹਾਂ ਨੇ ਹਾਊਸ ਦਾ ਟਾਈਮ ਜ਼ਾਇਆ ਕੀਤਾ ਹੈ । ਅਸੀਂ ਤਾਂ ਇਹ ਚਾਹੁਣ ਤਾਂ ਰਾਤ ਦੇ 12 ਵਜੇ ਤਕ ਵੀ ਬੈਠਣ ਨੂੰ ਤਿਆਰ ਹਾਂ । (ਵਿਘਨ)

खान अब्दुल गफ़ार खां (अम्बाला शहर) : डिप्टी स्पीकर साहिबा, यह जो बिल है जिसे कि अमैंडिंग बिल कहा जाता है जिस पर बहुत से मैम्बर साहिबान बोल चुके हैं और बहुत बोलने के खाहिशमन्द हैं उनमें से एक मैं भी हूँ और चाहता हूँ कि कुछ थोड़ा बहुत अर्ज़ करूँ । डिप्टी स्पीकर साहिबा जहां तक टैक्सिज का तआल्लुक है, दुनियां में कोई भी ऐसी हकूमत नहीं— कोई भी ऐसा निज़ाम नहीं होता कि कोई प्राइवेट आर्गेनाईज़ेशन भी ऐसी नहीं है जो बिना पैसे के सोसिज़ के चल सके । फिर चाहे वो चन्दे की सूरत में आए या टैक्स की शकल में । बहरहाल, पैसे जमा करने के लिये चन्दा हो या टैक्स जो कुछ भी हो लेना पड़ता है हर आर्गिनाईज़ेशन को ख़ाह व पुलिटीकल हो या दूसरी । इसलिये टैक्स पर एतराज़ नहीं लगना चाहिए और ठीक तरीका पर सर्फ भी होना चाहिए । सरकार का काम सूरज की तरह होना चाहिए जो कि अपनी गर्मी से समुन्द्र में से पानी खींच लेता है । भाप की शक्ल में ऊपर ले जाता है और बारिश की शक्ल में दुनियां में पहुंचा देता है । ठीक है आप टैक्स लगाइये, मगर लोगों की बहबूदी के लिये उसे सर्फ कीजियें । लेकिन सवाल यह है कि आप टैक्स कैसे लगाते हैं और किन पर लगाते हैं, यह देखने की

Note :—Expunged as ordered by the Chair.

बात है। जब यह टैक्स पहले लगा था तो उस वक्त की हकूमत ने यह बात कही थी कि यह सिर्फ तीन साल के लिये लगाया जा रहा है । मगर आज उस बात को भूल कर उसको पांच साल के लिये और बढ़ाने की तजवीज सरकार हाउस के सामने लाई है। सरकार अब यह कैसे कहती है कि हम इसको पांच साल के लिये और बढ़ा रहे हैं । यह मेरी समझ में नहीं आता गो मेरी समझ बहुत थोड़ी और छोटी है। एक एलान आन दी फलोर आफ दी हाउस किया गया तो अब उससे इन्कार कैसे हो सकता है। अब अगर यह कहें कि यह तो पहली सरकार की बात थी—अवल तो मैं नहीं मानता कि यह और सरकार है और वह और सरकार थी। This is only one sarkar and no second sarkar. मैं अर्ज करूँ कि जो साहिबान आज बरसरे इक्तदार हैं या हमारे लीडर हैं या मिनिस्टर हैं उस वक्त नकी तकरीरें क्या थीं। यह ठीक कहेंगे कि हम ने उस वक्त लोगों के जजबात का इजहार किया और उस पर किसी को एतराज़ भी नहीं मगर सवाल यह है कि जिस चीज़ को उस वक्त यही कहते थे कि नहीं लगनी चाहिए, आज खुद ही लगा रहे हैं तो अब इसके लिये कौन सी जस्टीफिकेशन है। मैं नहीं कहूँगा कि हमारे चीफ मिनिस्टर साहिब ने उस वक्त क्या फरमाया था या हमारे बिजली मन्त्री जी ने क्या फरमाया था। मैं तो सिर्फ इतना ही कहूँगा कि कोई झगड़े वाली बात नहीं उठाना चाहता कि आप साहिबान की तकरीरों से ऐसा मालूम देता था कि आप यह टैक्स नहीं लगवाना चाहते थे क्योंकि यह उन लोगों पर बड़ा भारी बोझ होगा और इसमें किसी को शक भी नहीं है कि यह जिमीदारों पर बड़ा भारी बोझ है। This will prove to be the last straw on the camels back. इस बोझ से जमींदार की कमर टटने वाली है लेकिन अगर उसकी कमर टूट गई तो क्या यह बचेगें या कोई और बचेगा ? हम कहते हैं कि अगर आप उसकी कमर तोड़ने के लिये तैयार हो जाएं और वह इसकी वजह से बेकार और बेबस होकर रह जाए तो ये उसके साथ ज्यादती होगी।

दूसरी अर्ज यह है कि आपने पहले टैक्स लगाया तो पैदावार में कमी हुई। अब यह लगायेंगे तो और भी कमी वाक्या होगी। डिप्टी स्पीकर साहिबा, आप जानती हैं कि बिना इंडस्ट्री में तरक्की किए कोई मुल्क तरक्की नहीं कर सकता और ज़रायत भी एक इंडस्ट्री है। इसकी तरफ आपकी खास तवज्जो होनी चाहिए । क्या आप समझते हैं कि आपके कारखानों में कोई बिना खाये काम करेगा ? मैं नहीं समझता कि कोई कर सकेगा।

दूसरी मैं यह अर्ज करना चाहता हूँ कि आजका नारा है "जय जवान जय किसान" लेकिन मैं तो यह कहता हूँ कि हम इसके आदी नहीं हमें तो यह नारा देना चाहिए कि "फारमर्ज फार आर्म्ज"। हमारे पास अच्छे फारमर्ज आज भी अच्छे फार्म कायम करने वाले हैं और अगर ऐसे लोगों को फार्म कायम करने का मौका दिया जाए तो लोगों को मजबूर न होना पड़े और वह आसानी से आपको पैसा दे सकें और अपनी जान कुरबान कर सकें और आपको आर्म्ज खरीदने के लिये रुपया दे सकें । पाकिस्तान ने तो बाहर के देशों से खरैत मांग कर आर्म्ज खरीद किए हैं और हमने पैसा लगा कर लिये हैं और दुनिया को दिखा दिया है कि हममें कितनी हिम्मत और बहादुरी है। इसलिये मैं अर्ज कर रहा था, जनाबे वाला कि जवान और किसान दोनों को बयक वक्त मज़बूत बनाने की ज़रूरत है। जब तक सरकार किसान को और जवान को मज़बूत नहीं बनाती और बयक वक्त मज़बूत नहीं बनेंगे तो दोनों कमज़ोर रहेंगे। इसलिये मैंने

[खान अबदुल गफार खां]

यह अर्ज़ किया कि ऐसी चीज़ें की जाएं जिससे किसान और जवान दोनों की बेहतरी हो। अगर इस बात को सामने नहीं रखा जाना और सरकार एडमैंट है कि लोगों पर इस टैक्स को लगाया जाए और हमारी अर्ज़ और मारूज़ और दरखास्त को नहीं सुनना तो हम भी इनके कहे पर रबड़ की मुहिर लगा देंगे। (घंटी) मैं डिप्टी स्पीकर साहिबा एक दो मिनट में ही खत्म कर दूंगा।

आज पंजाब के किसान पर कितने टैक्स हैं इनकी गिनती नहीं। मेरी अर्ज़ यह है कि हमें आज यह नहीं कहलवाना चाहिए कि आज जितने टैक्स किसान पर हैं उनकी गिनती ही नहीं की जा सकती। बला आए, मरी आए तो किसान पर कोई कहत पड़े टिड्डी आए और कोई मुसीबत आए तो किसान पर। बारिश न हो तो किसान का नुकसान और अगर बारिश ज्यादा हो तो भी नुकसान किसान का। किसी इन्डस्टरी का कोई नुकसान नहीं होता। आज किसान पर इसके इलावा अनगिनत टैक्स लगाय गए हैं और इस सरकार को यह नहीं कहलवाना चाहिए कि किसान पर टैक्स इतने ज्यादा हैं। फिर देखना यह भी है कि इन ज़िमीदारों में और टैक्स देने की कैपैसिटी भी है कि नहीं। और इसको देख कर ही उन पर टैक्स लगाने चाहिए।

जनाब डिप्टी स्पीकर साहिबा एक तरफ तो सरकार यह कहती है कि जिमींदारों को इन्सैन्टिव दिया जाए लेकिन पीछे इन्सैन्टिव शूगर इन्डस्टरी को दिया गया है। और 24 लाख रुपये की छोट दी गई थी। और ऐग्रीकल्चर की भी एक इन्डस्टरी है। इसको भी इन्सैनटिव देना चाहिए। लेकिन इस पर एक और टैक्स लगाया जा रहा है। टैक्सों से गरीब जिमीदारों की कमर दूहरी हो गई है और वह किसी किस्म का भी और टैक्स अदा नहीं कर सकते। इसलिये आली जा, खुदा रा ज़िमीदारों पर रहम किया जाए। नहीं तो यह खत्म हो जायेंगे।

मैं यह अर्ज़ कर रहा था, जनाबे वाला कि सरकार को सारी बातें देखने के बाद ही नया टैक्स लगाना चाहिए। (विघ्न)

(आवाज़: आप अब बस करें। आपका दम खत्म हो रहा है।)

"मेरा तो दम अब भी इतना है कि आपका दम ले के भी दम न लूंगा।"

तो जनाबे वाला मैं अर्ज़ कर रहा था कि जिन हालात में से आज ज़िमीदार को गुरज़ना पड़ रहा है, उसका आपको भी ज़ाती तजुरबा है और मुझे भी है। आज उनके साथ क्या सलूक किया जा रहा है? जरायत के महकमा की तरफ से कहा जाता है कि हम इस काम में एक्सपर्ट हैं और नहरों के पानी के माहर हैं और नए नए छोकरे कालेजों से निकले और इस सरकार की मुलाज़मत में आ गए और अपने आपको एक्सपर्ट मानने लगे। लेकिन इन्हें किसी भी बात का पता नहीं। कहते हैं कि भाखड़ा पर जगह जगह नहरों पर इन्होंने कलवर्ट तैयार किये हैं और निहायत अफसोस के साथ जनाब, डिप्टी स्पीकर साहिबा, कहना पड़ता है कि तमाम के तमाम ऐसी जगह पर लगाये गए हैं जहां कि नैचुरल फलो नहीं था। यह उन एक्सपर्टस के बनाए हुए हैं जो सीधे कालेजों से निकल कर थोड़ी ट्रेनिंग लेकर आ जाते हैं, जिन्हें न तो इलाके का पता होता है और न ही वह पब्लिक से मिल कर ही पता करने की कोशिश करते हैं। इन कलवर्ट में नेचुरल फलो न होने के कारण फलड्ज़ आ जाते हैं, इलाका तबाह हो जाता है और लोगों को तकलीफ होती है।

इसके बाद, जनाबेवाला, मैं यह भी अर्ज़ करना चाहता हूँ कि ऐग्रीकल्चर वालों के लिये कार्तिक का महीना ऐसा होता है कि उसमें उसे मरने की भी फुरसत नहीं होती और अगर ज़रायत का महकमा इसको न जाने तो क्या किया जाए और इस महीने में वह बहुत मसरूफ रहता है। कहा जाता है कि पगड़ी बांधने में उसको पछेता हो जाता है, इतनी भी फुर्सत नहीं होती, लेकिन इस महकमा ने लोगों को कार्तिक के महीने में बुलाया और कहा कि हम आपको सुझाव देना चाहते हैं कि ज़िमीदारी में कैसे बढ़ावा दिया जाए । वहां उन्हें हल छोड़न की फुर्सत नहीं और इन्होंने लगातार 8 दिन तक उन्हे बिठाए रखा । मुझे समझ नहीं आती कि आपके ऐक्सपर्ट्स वहां तक इस काम को समझते हैं यह तो समझने की बजाए और नुकसान करते हैं ।

एक और बात, जनाबेवाला, आपकी मारफत सरकार के सामने रखना चाहता हूँ कि इनके जो ऐक्सपर्ट हैं वह क्या करते हैं । कहां कहां और क्या क्या काम करते हैं । आप जानते ही हैं कि कालका में पीने के पानी की किल्लत है और कमी है और आज की नहीं बहुत देर से चली आ रही है और उस वक्त आज के जो एकटिंग गवर्नर हैं वह फिनांस मिनिस्टर थे । लोगों ने उन्हें कहा कि यहां से पानी निकलेगा (घंटी) मैं खत्म ही करने वाला हूँ । तो मैं यह अर्ज़ कर रहा था कि पानी के लिये लोगों ने कहा कि यहां से पानी बहुत निकलेगा तो सरकार ने कहा कि इसके लिए 5 हज़ार रुपया चाहिए ताकि इस इलाके की आज़माइश कर ली जाए और पानी निकाल कर दिया जाएगा 5 हज़ार रुपया एक्सपैरीमैंट के लिये दिया गया । इस पर सरकार न अपने एक्सपर्टस भेजे। पब्लिक हैल्थ और इरिगेशन के ऐक्सपर्ट भेजे गए कि जाकर देखा जाए और डिप्टी स्पीकर साहिबा आपको सुन कर रंज होगा कि उन अफसरों ने और ऐक्सपर्टों ने यह फतवा दिया कि यहां से पानी नहीं निकलेगा । लोगों ने उन्हें कहा कि छोड़ो और इसके बाद क्या हुआ ? हमने कालका में से लोगों से ही चंदा इकट्ठा किया और उस जगह की खुदवाई कराई और इतना पानी निकला कि आज आप वहां पर जा कर देखें कि पानी का वाटरवर्क्स बना हुआ है और पानी इतना है कि तीसरी मंजिल तक पहुंचता है ।

यही हालत ठीक ऐग्रीकल्चर के महकमा के एक्सपर्टों की है कि सिवाए यहां पर दफतर में बैठ कर सलाह देने के और कुछ नहीं कर सकते । यह जिमींदारों को क्या सलाह देंगे ? इनका बस ही गरीब जिमींदार पर चलता है क्योंकि उसमें ताकत नहीं होती आंख बंद और कानों में रूई डाले सरकार काम करती है और अफसर इन किसानों के लिये कुछ नहीं करते । इसलिये मैं आखिर में इतनी अर्ज़ करूँगा कि सरकार को यह देखना चाहिए कि किसान में कैपैसिटी है या नहीं और कैपसिटी देख कर ही कोई टैक्स लगाना चाहिए । अगर आप मान जाएं तो उनके लिये बेहतर होगा और अगर आप ऐडेमेंट हों तो फिर हमारा वही हाल है जो उस नौकर का होता है जो यह कहे कि अच्छा हम उसी तनखाह पर काम करेंगे ।

ਮਾਲ ਮੰਤਰੀ (ਸਰਦਾਰ ਹਰਿੰਦਰ ਸਿੰਘ ਮੇਜਰ) : ਡਿਪਟੀ ਸਪੀਕਰ ਸਾਹਿਬਾ, ਇਹ ਜੋ ਕਮਰਸ਼ਲ ਕਰਾਪਸ ਸੈਸ ਬਿਲ ਹਾਊਸ ਦੇ ਸਾਹਮਣੇ ਹੈ, ਇਸ ਤੇ ਦੋ ਤਿੰਨ ਦਿਨਾਂ ਤੋਂ ਬਹਿਸ ਚਲ ਰਹੀ ਹੈ । ਜੋ ਵੀ ਡਿਸਕਸ਼ਨ ਹੋਈ ਹੈ, ਇਸ ਦੇ ਮੰਨਣ ਵਿੱਚ ਮੈਨੂੰ ਕੋਈ ਇਨਕਾਰ ਨਹੀਂ ਅਤੇ ਇਹ ਕਹਿਣ ਦੇ ਵਿੱਚ ਮੈਨੂੰ ਕੋਈ ਝਿਜਕ ਨਹੀਂ ਕਿ ਆਨਰੇਬਲ ਮੈਂਬਰ ਸਾਹਿਬਾਨ ਦੀਆਂ ਤਕਰੀਰਾਂ

[ਮਾਲ ਮੰਤਰੀ]

ਸੁਣ ਕੇ ਮੇਰੀ ਅਕਲ ਦੇ ਵਿੱਚ ਜ਼ਰੂਰ ਅਜ਼ਾਫਾ ਹੋਇਆ ਹੈ । ਪਰ ਮੈਂ ਇਹ ਗੱਲ ਵੀ ਕਹੇ ਬਗੈਰ ਨਹੀਂ ਰਹਿ ਸਕਦਾ ਕਿਉਂਕਿ ਮੈਂ ਇਹ ਸਮਝਦਾ ਹਾਂ:—

ਆਪਸ ਕਉ ਜੋ ਜਾਣੈ ਨੀਚਾ, ਸੋਊ ਗਣੀਏ ਸਭਸੇ ਊਚਾ ।

ਸੁਖਮਣੀ ਸਾਹਿਬ ਦੀ ਇਹ ਇਕ ਤੁਕ ਹੈ ਕਿ ਜੋ ਵੀ ਆਪਣੇ ਆਪ ਨੂੰ ਨੀਵਾ ਸਮਝਦੇ ਹਨ ਉਹ ਸਾਰਿਆਂ ਨਾਲੋਂ ਸਿਆਣੇ ਹੁੰਦੇ ਹਨ । ਮੈਂ ਆਪਣੇ ਆਪ ਨੂੰ ਨੀਵਾਂ ਸਮਝਦਾ ਹੋਇਆ ਕਹਿੰਦਾ ਹਾਂ, ਕਿ ਮੈਂ ਉਨ੍ਹਾਂ ਸਾਹਿਬਾਨ ਦੀਆਂ ਤਕਰੀਰਾਂ ਤੋਂ ਕੁਝ ਨ ਕੁਝ ਗੇਨ ਜ਼ਰੂਰ ਕੀਤਾ ਹੈ ।

ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਅਤੇ ਮੈਨੂੰ, ਉਨ੍ਹਾਂ ਦੀਆਂ ਤਕਰੀਰਾਂ ਜਦੋਂ ਸੁਣੀਆਂ, ਜੋ ਰੀਜ਼ਨਿੰਗ ਉਨ੍ਹਾਂ ਇਸ ਬਿਲ ਤੇ ਬੋਲਦਿਆਂ ਹੋਇਆਂ 27 ਮਾਰਚ, 1963 ਨੂੰ ਦਿੱਤੀ ਸੀ, ਉਸ ਦੇ ਵਿੱਚ ਕੋਈ ਅਜ਼ਾਫਾ ਨਹੀਂ ਹੋਇਆ, ਮੈਂ ਸਬੰਧਤ ਡੀਬੇਟਸ ਪੜ੍ਹੀਆਂ ਹਨ, ਇਹ ਰੀਜ਼ਨਜ਼ ਪੁਰਾਣੇ ਹੀ ਹਨ । ਇਤਨਾ ਜ਼ਰੂਰ ਕਹਾਂਗਾ ਕਿ ਬਹੁਤ ਸਾਰੇ ਮੈਂਬਰ ਜੇਕਰ ਕਿਸੇ ਗੱਲ ਵਿੱਚ ਅੱਗੇ ਵਧੇ ਹਨ ਤਾਂ ਉਹ ਜਜ਼ਬਾਤ ਦੀ ਰ ਵਿੱਚ ਬਹਿ ਗਏ ਹਨ । ਜਦੋਂ ਕਾਨੂੰਨ ਘੜਨ ਦੇ ਲਈ ਇਕ ਸੂਬੇ ਵਾਸਤੇ ਬੈਠੇ ਹੋਈਏ ਉਸ ਵੇਲੇ ਜਜ਼ਬਾਤ ਤੋਂ ਕੰਮ ਲੈਣਾ ਹਮੇਸ਼ਾ ਚੰਗਾ ਨਹੀਂ ਹੁੰਦਾ (ਤਾਲੀਆਂ) (ਸਰਦਾਰ ਤਾਰਾ ਸਿੰਘ ਬੈਠੇ, ਬੈਠੇ : ਮੇਜਰ ਸਾਹਿਬ ਕੋਈ ਪੰਜਾਬੀ ਸੂਬੇ ਦੀ ਗੱਲ ਕਰੋ) । ਤਾਰਾ ਸਿੰਘ ਜੀ, ਮੈਨੂੰ ਟੋਕੋ ਨਾ ਇਹ ਟੋਕਾ—ਟਾਕੀ ਤੁਹਾਨੂੰ ਮਹਿੰਗੀ ਪਵੇਗੀ । ਮੈਂ ਅਰਜ਼ ਕਰ ਰਿਹਾ ਸੀ ਕਿ ਕਈ ਮੈਂਬਰ ਸਾਹਿਬਾਨ ਜਜ਼ਬਾਤੀ ਰੌ ਦੇ ਵਿੱਚ ਬਹਿ ਗਏ ਅਤੇ ਉਨ੍ਹਾਂ ਨੇ ਗੁੱਸੇ ਵਿੱਚ ਆਕੇ ਜ਼ਾਤੀ ਦੁਸ਼ਮਣੀਆਂ ਕੱਢਣ ਕਢਾਨ ਦਾ ਇਕ ਤਰੀਕਾ ਅਪਣਾਇਆ । ਝਗੜਾ ਕੁਝ ਹੋਰ ਸੀ ਅਤੇ ਰੂਪ ਉਸ ਨੂੰ ਕੁਝ ਹੋਰ ਦਾ ਹੋਰ ਦਿੱਤਾ ਗਿਆ (ਵਿਘਨ) ਕਈ ਮੈਂਬਰ ਟੋਕੇ ਬਗੈਰ ਰਹਿ ਨਹੀਂ ਸਕਦੇ । ਜੇ ਉਹ ਚਾਹੁਣ ਕਿ ਕਿਸੇ ਤਰ੍ਹਾਂ ਮੈਨੂੰ ਪ੍ਰਵੋਕ ਕਰਕੇ ਕੁਝ ਮੂੰਹ ਵਿਚੋਂ ਹੋਰ ਕਢਾ ਲੈਣਗੇ, ਇਹ ਤਾਂ ਨਹੀਂ ਹੋਣਾ । ਤੁਸੀਂ ਜੋ ਮਰਜ਼ੀ ਆਖੀ ਜਾਓ, ਮੈਨੂੰ ਪ੍ਰਮਾਤਮਾ ਨੇ ਇਤਨੀ ਕੁ ਸ਼ਕਤੀ ਜ਼ਰੂਰ ਦਿੱਤੀ ਹੈ ਕਿ ਮੈਂ ਜਲਦੀ ਜਲਦੀ ਪ੍ਰੋਵੋਕ ਨਹੀਂ ਹੁੰਦਾ । ਮੈਂ ਬਹੁਤ ਹੀ ਠੰਡੇ ਸੁਭਾਓ ਦਾ ਆਦਮੀ ਹਾਂ ਅਤੇ ਮੈਨੂੰ ਬੈਲੰਸ ਆਫ ਮਾਈਂਡ ਰੱਖਣਾ ਆਉਂਦਾ ਹੈ ।

ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਬਿਲ ਤੇ ਜੋ ਤਕਰੀਰਾਂ ਹੋਈਆਂ ਹਨ, ਮੈਂ ਏਥੇ ਕੁਝ ਨਵੇਂ ਤਜਰਬੇ ਵੀ ਵੇਖੇ ਹਨ । ਉਹ ਇਹ ਕਿ ਹਾਊਸ ਦੀਆਂ ਸੀਟਾਂ ਬਦਲ ਜਾਣ ਨਾਲ ਖਿਆਲਾਤ ਦੇ ਵਿਚ ਵੀ ਤਬਦੀਲੀ ਆ ਹੀ ਜਾਂਦੀ ਹੈ । ਮੈਂ ਤਾਂ, ਤੁਸੀਂ ਡਿਪਟੀ ਸਪੀਕਰ ਸਾਹਿਬਾ ਵੇਖਿਆ ਹੀ ਹੋਵੇਗਾ, ਕਦੇ ਬੋਲਦਾ ਨਹੀਂ ਸੀ; ਪਿੱਛੇ ਜਿਹੇ ਸੀਟ ਰਖੀ ਹੋਈ ਸੀ, ਚੁਪ ਕਰਕੇ ਸੀਟ ਤੇ ਆ ਬੈਠਣਾ ਅਤੇ ਜਦੋਂ ਬਾਹਰ ਜਾਣਾ ਹੁੰਦਾ ਚੁਪਕੇ ਹੀ ਦਰਵਾਜ਼ੇ ਬਾਹਰ ਨਿਕਲ ਜਾਣਾ । ਪਰ ਮੈਨੂੰ ਖੁਸ਼ੀ ਹੋਈ ਹੈ ਕਿ ਸੀਟਾਂ ਬਦਲ ਜਾਣ ਨਾਲ ਜਿਵੇਂ ਮੇਰੇ ਵਿੱਚ ਤਬਦੀਲੀ ਆਈ ਹੈ ਉਨ੍ਹਾਂ ਵਿੱਚ ਵੀ ਤਬਦੀਲੀ ਆ ਗਈ ਹੈ । ਚੰਗਾ ਹੋਵੇ ਜੇ ਕੁਝ ਚਿਰ ਉਹ ਇਸੇ ਤਰ੍ਹਾਂ ਹੀ ਟਿਕੇ ਰਹਿਣ । (ਹਾਸਾ)

ਇਥੇ ਕੁਝ ਇਕ ਆਨਰੇਬਲ ਮੈਂਬਰਜ਼ ਨੇ ਤਕਰੀਰਾਂ ਕਰਦੇ ਹੋਏ ਕਿਹਾ ਕਿ ਸਾਡੇ ਨਾਲ ਵਾਇਦੇ ਕੀਤੇ ਗਏ ਸਨ ਕਿ ਤੁਹਾਨੂੰ ਇਸ ਤਰ੍ਹਾਂ ਇਮਦਾਦ ਦਿਆਂਗੇ ਜਾਂ ਤੁਹਾਡੇ ਹਲਕੇ ਵਿੱਚ ਇਸ ਤਰ੍ਹਾਂ ਦਾ ਸਹਾਇਤਾ ਦਾ ਪ੍ਰੋਗਰਾਮ ਬਣਾਇਆ ਜਾਵੇਗਾ । ਉਨ੍ਹਾਂ ਦੇ ਵਾਦਿਆਂ ਦੇ ਮੁਤਾਲਿਕ ਇਕ ਗਲ ਮੈਨੂੰ ਯਾਦ ਆ ਗਈ ਕਿ ਕਿਸੇ ਸਿਆਣੇ ਬੰਦੇ ਦਾ ਕੋਈ ਢਗਾ ਚੋਰੀ ਹੋ ਗਿਆ, ਉਹ ਲੱਭਣ ਚੜ੍ਹ ਪਿਆ, ਰਸਤੇ ਵਿੱਚ ਜਿੱਥੇ ਕਿਤੇ ਗੁਰਦੁਆਰਾ ਆਇਆ ਉਥੇ ਸੁਖਣਾ ਸੁਖ ਲਈ, ਜੇ ਕੋਈ ਮੰਦਰ

ਆਇਆ ਉਥੇ ਚੜ੍ਹਾਵਾ ਸੁਖ ਲਿਆ ਜੇ ਮਸੀਤ ਆਈ ਤਾਂ ਚੂਰਮਾ ਸੁਖ ਲਿਆ। ਜਿਹੜਾ ਬੰਦਾ ਉਸ ਦੇ ਨਾਲ ਸੀ, ਉਸ ਨੇ ਕਿਹਾ ਕਿ ਭਲੇ ਮਾਣਸਾ ਇਤਨੇ ਦਾ ਤਾਂ ਤੇਰਾ ਢਗਾ ਵੀ ਨਹੀਂ ਸੀ ਜਿਤਨੇ ਦੀਆਂ ਤੈਂ ਸੁਖਣਾ ਦੇਣੀਆਂ ਸ਼ੁਰੂ ਕਰ ਲਈਆਂ। 100 ਰੁਪੈ ਦਾ ਜੇ ਤੇਰਾ ਢੱਗਾ ਹੋਵੇਗਾ ਤਾਂ 150 ਰੁਪੈ ਦਾ ਤੈਂ ਚੜ੍ਹਾਵਾ ਸੁਖ ਲਿਆ। ਉਹ ਕਹਿਣ ਲੱਗਾ ਕਿ ਫਿਕਰ ਨਾ ਕਰ, ਮੇਰਾ ਜ਼ਰਾ ਢੱਗੇ ਦੇ ਸਿੰਗ਼ੀ ਹੱਥ ਪੈ ਲੈਣ ਦੇ ਸਾਰਿਆਂ ਨੂੰ ਹੀ ਦੇ ਦਿਆਂਗਾ। ਇਹੋ ਹਾਲ ਮੈਂਬਰ ਸਾਹਿਬਾਨ ਦਾ ਹੈ। ਚੌਧਰੀ ਸਾਹਿਬ ਹੋਰੀ ਕਹਿੰਦੇ ਹਨ ਕਿ ਫਿਕਰ ਨਾ ਕਰੋ ਅਸੀਂ ਜਿਤਨੇ ਵੀ ਵਾਇਦੇ ਹਰੀਜਨਾਂ ਨੂੰ ਉਪਰ ਚੁੱਕਣ ਦੇ ਕੀਤੇ ਹਨ ਪੂਰੇ ਕਰਾਂਗੇ ਪਰ ਜ਼ਰਾ ਸਿੰਗ਼ੀ ਹੱਥ ਤਾਂ ਪੈਣ ਦਿਉ। ਇਸੇ ਤਰ੍ਹਾਂ ਚੌਧਰੀ ਸੁੰਦਰ ਸਿੰਘ ਹੋਰੀਂ ਕਹਿੰਦੇ ਹਨ ਕਿ ਸਾਡੇ ਨਾਲ ਵੀ ਵਾਇਦੇ ਹੋਏ ਸੀ ਕਿ ਅਸੀਂ ਹਰੀਜਨਾਂ ਨੂੰ ਚੀਕੂ ਦੇ ਬੂਟੇ ਲਗਵਾਕੇ ਖੁਆਵਾਂਗੇ। ਇਹ ਪਤਾ ਨਹੀਂ ਚੌਧਰੀ ਸੁੰਦਰ ਸਿੰਘ ਗ਼ਲਤ ਕਹਿੰਦੇ ਹਨ ਜਾਂ ਮੈਂਬਰ ਸਾਹਿਬਾਨ ਗ਼ਲਤ ਕਹਿੰਦੇ ਹਨ, ਇਹ ਤਾਂ ਉਹ ਆਪਸ ਵਿੱਚ ਨਿਪਟਾਰਾ ਕਰ ਲੈਣ, ਪਰ ਮੈਨੂੰ ਇਕ ਬੂਟਾ ਤਾਂ ਉਹ ਵਿਖਾ ਦੇਣ ਜਿੱਥੋਂ ਮੈਂ ਵੀ ਚੀਕੂ ਤੋੜ ਕੇ ਖਾ ਲਵਾਂ। ਡਿਪਟੀ ਸਪੀਕਰ ਸਾਹਿਬਾ, ਇਕ ਦਿਨ ਮੈਂ ਆਪਣੇ ਕਮਰੇ ਵਿੱਚ ਬੈਠਾ ਰੋਟੀ ਖਾ ਰਿਹਾ ਸੀ, ਕਿ ਉਥੇ ਚੌਧਰੀ ਜਗਤ ਰਾਮ ਆ ਗਏ। ਉਹ ਕਹਿਣ ਲੱਗੇ ਕਿ ਹਰੀਜਨਾਂ ਦੀ ਇਮਦਾਦ ਲਈ ਸਰਕਾਰ ਨੇ ਇਤਨੇ ਵਾਇਦੇ ਕੀਤੇ ਸੈਨ ਪਰ ਸਰਕਾਰ ਉਨ੍ਹਾਂ ਸਾਰਿਆਂ ਵਾਇਦਿਆਂ ਤੋਂ ਮੁਕਰ ਗਈ ਹੈ। ਮੈਂ ਉਨ੍ਹਾਂ ਦੀ ਗਿਆਤ ਲਈ ਇਹ ਚੀਜ਼ ਏਥੇ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਜਿਵੇਂ ਵੀ ਹਰੀਜਨਾਂ ਦੀ ਬੇਹਤਰੀ ਵਾਸਤੇ ਸਾਡੇ ਤੋਂ ਕੰਮ ਹੋ ਸਕਦਾ ਹੈ ਅਸੀਂ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। 5 ਹਜ਼ਾਰ ਰੁਪਿਆ ਲੋੜਵੰਦਾਂ ਨੂੰ ਜਿਹੜਾ ਦਿੱਤਾ ਜਾਂਦਾ ਹੈ ਉਹ ਹਰੀਜਨ ਕਲਿਆਣ ਕਾਰੀ ਫੰਡ ਦੇ ਵਿਚੋਂ ਦਿੱਤਾ ਜਾਂਦਾ ਹੈ। ਇਸ ਦੀ ਵਸੂਲੀ ਜਿਤਨੀ ਵੀ ਸੁਖਾਲੀ ਅਸੀਂ ਕਰ ਸਕਦੇ ਸੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਹਿਲੀ ਗੱਲ ਤਾਂ ਇਹ ਕਿ 5% ਬੋਲੀ ਦਾ ਜਿਹੜਾ ਲੈਣਾ ਹੈ ਉਹ ਦੀ ਪਹਿਲੀ ਕਿਸ਼ਤ ਬੋਲੀ ਦੀ ਤਾਰੀਖ ਤੋਂ ਇਕ ਸਾਲ ਬਾਅਦ ਵਿੱਚ ਵਸੂਲ ਹੋਵੇਗੀ। ਇਹ ਸੇਵਾ ਤਾਂ ਅਸੀਂ ਕੀਤੀ ਹੈ, ਇਹ ਪਤਾ ਨਹੀਂ ਕਿ ਅਸੀਂ ਮੁਕਰ ਗਏ ਹਾਂ ਜਾਂ ਕਿਵੇਂ ਹੈ। ਇਤਨਾ ਮੈਂ ਜ਼ਰੂਰ ਕਹਾਂਗਾ ਕਿ ਅਸੀਂ ਸੇਵਾ ਭਾਵ ਨਾਲ ਕੰਮ ਕੀਤਾ ਹੈ ਜੋ ਵੀ ਕੀਤਾ ਹੈ, । ਸਾਨੂੰ ਲੋਕਾਂ ਦੀ ਤਰ੍ਹਾਂ ਡੌਂਡੀ ਪਿਟਣੀ ਆਉਂਦੀ ਨਹੀਂ। ਜਿਹੜੀਆਂ ਗੱਲਾਂ ਤੇ ਮੈਂਬਰ ਸਾਹਿਬਾਨ ਜ਼ੋਰ ਦਿੰਦੇ ਰਹੇ ਹਨ ਇਹ ਸਰਕਾਰ ਉਨ੍ਹਾਂ ਤੇ ਪੂਰੀ ਚਲਦੀ ਰਹੀ ਹੈ ਅਤੇ ਉੱਨਤੀ ਦੇ ਕੰਮ ਨੂੰ ਹਰ ਮੁਮਕਨ ਕੋਸ਼ਿਸ਼ ਨਾਲ ਸਿਰੇ ਲਾਉਣ ਵਿੱਚ ਹਿੰਮਤ ਕਰਦੀ ਰਹੀ ਹੈ। ਖਾਸ ਤੌਰ ਤੇ ਜਿੱਥੋਂ ਤਕ ਕਿਸਾਨ ਦੀ ਉਨਤੀ ਦਾ ਸਵਾਲ ਹੈ ਇਸ ਸਰਕਾਰ ਨੂੰ ਇਸ ਪਾਸੇ ਹਰ ਤਰ੍ਹਾਂ ਦਾ ਅਹਿਸਾਸ ਹੈ ਕਿਉਂਕਿ ਜ਼ਿਮੀਂਦਾਰ ਦੀ ਉੱਨਤੀ ਨਾਲ ਹੀ ਮੁਲਕ ਦੀ ਉਨਤੀ ਦਾ ਬਹੁਤਾ ਤਅਲੁਕ ਹੈ। ਏਥੇ ਇਹ ਵੀ ਕਿਹਾ ਗਿਆ ਕਿ ਜ਼ਿਮੀਂਦਾਰਾਂ ਨੂੰ ਬਿਜਲੀ ਨਹੀਂ ਦਿੱਤੀ ਜਾਂਦੀ। ਮੈਂ ਇਸ ਬਾਰੇ ਵੀ ਅਰਜ਼ ਕਰ ਦਿਆਂ ਕਿ ਜਿੱਥੇ ਕਿਤੇ ਵੀ ਤਾਰਾਂ ਪਹੁੰਚ ਸਕਦੀਆਂ ਸਨ ਅਸੀਂ ਬਿਜਲੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਪਰ ਅਪੋਜ਼ੀਸ਼ਨ ਵਲੋਂ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਗਈਆਂ ਜਿਨ੍ਹਾਂ ਨੂੰ ਵੇਖ ਸੁਣ ਕੇ ਮੈਨੂੰ ਬੜਾ ਹੀ ਦੁਖ ਹੋਇਆ। ਉਨ੍ਹਾਂ ਬਾਰੇ ਮੈਂ ਇਹੋ ਹੀ ਕਹਿ ਸਕਦਾ ਹਾਂ ਕਿ ਉਨ੍ਹਾਂ ਦੀਆਂ ਗੱਲਾਂ ਦੇ ਵਿੱਚ ਮਾਸਾ ਵੀ ਸਦਾਕਤ ਨਹੀਂ। (ਵਿਘਨ) ਮੈਂ ਫੇਰ ਅਰਜ਼ ਕਰ ਦਿਆਂ ਕਿ ਜੇ ਇਸ ਤਰ੍ਹਾਂ ਇੰਟਰਪਸ਼ਨਜ਼ ਹੁੰਦੀਆਂ ਰਹੀਆਂ ਤਾਂ ਆਪ ਦੇ ਰੇਜ਼ ਕੀਤੇ ਹੋਏ ਪੁਆਇੰਟਸ ਫੇਅਰਲੀ ਡੀਲ ਵਿਦ ਨਹੀਂ ਕਰ ਸਕਾਂਗਾ। (ਇਕ ਮੈਂਬਰ ਬੈਠੇ ਬੈਠੇ:—ਤੁਸੀਂ ਬੋਲੋ ਜੀ, ਤੁਹਾਨੂੰ ਕੋਈ ਵੀ ਇੰਟਰਪਟ ਨਹੀਂ ਕਰਦਾ) ਕਲ ਏਥੇ ਬੋਲਦਿਆਂ ਹੋਇਆਂ ਬਾਬੂ ਬਚਨ ਸਿੰਘ ਨੇ ਕਿਹਾ ਸੀ ਕਿ ਇਹ ਟੈਕਸ ਗਰੀਬ ਜ਼ਿਮੀਂਦਾਰ ਤੇ ਲਾਇਆ ਹੈ। ਮੇਰੇ ਵੀਰ ਭਾਵੇਂ ਮੇਰੇ ਨਾਲ ਸਹਿਮਤ ਹੋਣ ਯਾ ਨਾ ਹੋਣ, ਪਰ ਮੈਂ ਇਤਨਾ ਜ਼ਰੂਰ ਕਹਾਂਗਾ ਕਿ ਉਹ ਸਰਕਾਰ ਜ਼ਿਮੀਂਦਾਰਾਂ ਦੀ ਇਤਨੀ ਖੈਰ ਖੁਆਹ ਹੈ ਖਾਸ ਤੌਰ ਤੇ ਗਰੀਬ ਕਿਸਾਨ ਦੀ,

[ਮਾਲ ਮੰਤਰੀ]

ਹੋਰ ਕੋਈ ਸਰਕਾਰ ਹੋ ਨਹੀਂ ਸਕਦੀ । ਮੈਨੂੰ ਇਕ ਗੱਲ ਪਿਛਲੀਆਂ ਅਲੈਕਸ਼ਨਾਂ ਦੀ ਯਾਦ ਆ ਗਈ, ਜਦੋਂ ਕਿ ਮੇਰਾ ਕਮਿਊਨਿਸਟ ਭਾਈਆਂ ਨਾਲ ਮੁਕਾਬਲਾ ਸੀ । ਕਮਿਊਨਿਸਟਾਂ ਨੇ ਮੇਰੇ ਹਲਕੇ ਵਿੱਚ ਇਕ ਜਗ੍ਹਾ ਜਲਸਾ ਕੀਤਾ ਅਤੇ ਆਖਿਆ ਕਿ ਮੇਜਰ ਸਾਹਿਬ ਨੂੰ ਕਹੋ ਕਿ ਉਹ ਸਾਡੇ ਨੁਮਾਇੰਦੇ ਨਾਲ ਭਜ ਕੇ ਵੇਖ ਲਓ, ਨਹੀਂ ਤਾਂ ਸਾਡੇ ਆਦਮੀ ਨਾਲ ਸਾਈਕਲ ਚਲਾ ਕੇ ਵੇਖ ਲਓ । ਫੇਰ ਕਹਿਣ ਲੱਗੇ ਕਿ ਜੇ ਹੋਰ ਕੁਝ ਨਹੀਂ ਹੋ ਸਕਦਾ ਤਾਂ ਸਾਡੇ ਨਾਲ ਸਪੀਚ ਕਰਕੇ ਵੇਖ ਲਓ । ਮੈਨੂੰ ਵੀ ਕਿਵੇਂ ਪਤਾ ਲੱਗ ਗਿਆ ਕਿ ਮੇਰੇ ਮੁਤਾਲਿਕ ਫਲਾਨੀ ਥਾਂ ਇਸ ਤਰ੍ਹਾਂ ਦੀ ਤਕਰੀਰ ਹੋਈ ਹੈ, ਮੈਂ ਲਗੜਾਉਂਦਾ ਹੋਇਆ ਕਿਵੇਂ ਨਾ ਕਿਵੇਂ ਉਥੇ ਪਹੁੰਚ ਗਿਆ ਅਤੇ ਉਨ੍ਹਾਂ ਹੀ ਆਦਮੀਆਂ ਨੂੰ ਮੈਂ ਵੀ ਐਡਰੈਸ ਕਰਦਿਆਂ ਕਿਹਾ ਕਿ ਮੈਂ ਕਦੇ ਵੀ ਆਪਣੇ ਆਪ ਨੂੰ ਮਿਲਖਾ ਸਿੰਘ ਨਹੀਂ ਆਖਿਆ ਜਿਵੇਂ ਕਿ ਉਹ ਮੇਰੀ ਦੌੜ ਲਵਾਉਣੀ ਚਾਹੁੰਦੇ ਹਨ। ਦੂਸਰੀ ਗੱਲ ਇਹ ਜੇ ਆਖੋ ਕਿ ਮੈਂ ਉਸ ਦੇ ਮੁਕਾਬਲੇ ਵਿੱਚ ਸਾਈਕਲ ਚਲਾਵਾਂ ਤਾਂ ਇਸ ਵਾਰੇ ਮੈਂ ਇਤਨਾ ਹੀ ਆਖ ਸਕਦਾ ਹਾਂ ਕਿ ਅਜੇ ਤਾਈਂ ਮੇਰੇ ਚਲਾਉਣ ਵਾਲਾ ਸਾਈਕਲ ਕਿਸੇ ਤੋਂ ਬਣਿਆ ਹੀ ਨਹੀਂ । ਤੀਸਰੀ ਗੱਲ ਜਿਹੜੀ ਭਾਸ਼ਨ ਦੇਣ ਵਾਲਾ ਹੈ (ਇਕ ਮੈਂਬਰ ਬੈਠੇ ਬੈਠੇ:—ਕਿ ਮੈਂ ਰਾਮ ਕਿਸ਼ਨ ਨਹੀਂ) (ਹਾਸਾ) ਮੈਂ ਕਿਸੇ ਮਿਸ਼ਨਰੀ ਕਾਲਜ ਦੇ ਵਿਚੋਂ ਲੈਕਚਾਰਾਰ ਨਹੀਂ ਜੇ ਬਣਕੇ ਆਇਆ, ਜਿਹੜਾ ਭਾਸ਼ਨ ਦੇਣ ਵਿੱਚ ਐਕਸਪਰਟ ਹੋਵਾਂ ।

ਜੇ ਚੈਲੰਜ ਕਰਨਾ ਹੈ ਤਾਂ ਸੇਵਾ ਦੇ ਮੈਦਾਨ ਵਿੱਚ ਆਓ ਤੇ ਜੇ ਮੈਂ ਭਜ ਜਾਵਾਂ ਤਾਂ ਆਖਿਓ। ਅਜਿਹਾ ਮੈਨੂੰ ਕੋਈ ਨਾ ਮਿਲਿਆ । ਅਸੀਂ ਸੇਵਾ ਕਰਨੀ ਹੈ ਤੇ ਇਨ੍ਹਾਂ ਨੇ ਗੱਲਾਂ ਕਰਨੀਆਂ ਹਨ । ਭਾਵੇਂ ਸਾਨੂੰ ਕੋਈ ਗਾਲਾਂ ਕਢੀ ਜਾਏ ਅਸੀਂ ਤਾਂ ਸੇਵਾ ਕਰਨੀ ਹੈ ।

ਕਾਮਰੇਡ ਜੰਗੀਰ ਸਿੰਘ ਜੋਗਾ : ਸਾਨੂੰ ਪੁਛਣਾ ਪਏਗਾ ।

ਡਿਪਟੀ ਸਪੀਕਰ : ਨੋ ਇੰਟਰਪਸ਼ਨ । (*No Interruption*)

ਮਾਲ ਮੰਤ੍ਰੀ : 'ਗੱਲਾਂ ਕਰਨ ਸਵੱਲੀਆਂ ਜੇ ਮਿਲਣ ਪਰਾਈਆਂ' । ਅਸੀਂ ਇਨ੍ਹਾਂ ਦੀਆਂ ਸਾਰੀਆਂ ਗੱਲਾਂ ਸੁਣੀਆਂ ਤੇ ਹੁਣ ਇਨ੍ਹਾਂ ਦਾ ਧਿਆਨ ਵੀ ਸਾਡੀਆਂ ਗੱਲਾਂ ਵਲ ਹੋਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਸ ਲਈ ਬਹੁਤ ਵੱਡਾ ਜਿਗਰਾ ਚਾਹੀਦਾ ਹੈ, ਮੇਰੇ ਵਰਗਾ ਜਿਗਰਾ ਬਣਾਓ । ਆਖਿਰ ਗੱਲਾਂ ਕਰਨੀਆਂ ਵੀ ਪੈਂਦੀਆਂ ਹਨ ਤੇ ਸੁਣਨੀਆਂ ਵੀ ਪੈਂਦੀਆਂ ਹਨ । ਕਾਮਿਊਨਿਸਟ ਵੀਰਾਂ ਨੇ ਆਖਿਆ ਸੀ ਕਿ ਇਨ੍ਹਾਂ ਏਥੋਂ ਉਜੜ ਜਾਣਾ ਹੈ ਜਿਵੇਂ ਲੋਕੀ ਓਧਰੋਂ ਉਜੜ ਕੇ ਆਏ ਨੇ ਤੇ ਅੱਜ ਵੀ ਕਿਸੇ ਨੇ ਤਕਰੀਰ ਕੀਤੀ ਸੀ ਤੇ ਕਿਹਾ ਸੀ ਕਿ ਜੇ ਇਹ ਬਿਲ ਪਾਸ ਕਰ ਦਿੱਤਾ ਤਾਂ ਇਨ੍ਹਾਂ ਨੇ ਏਥੋਂ ਉਜੜ ਜਾਣਾ ਹੈ । ਏਥੋਂ ਉਜੜ ਕਿਤੇ ਜਾਣਾ ਨਹੀਂ ? ਪਤਾ ਨਹੀਂ ਕਲ ਨੂੰ ਕੀ ਹੋਣਾ ਹੈ । 'ਕਲ ਨਾਉਂ ਕਾਲ ਦਾ ।'ਕਿਸੇ ਨੂੰ ਕੀ ਪਤਾ ਹੈ। If past experience is any guide, ਤਿੰਨ ਬਾਈ ਅਲੈਕਸ਼ਨਾਂ ਹੋਈਆਂ ਹਨ, ਜੋ ਇਨ੍ਹਾਂ ਦਾ ਨਤੀਜਾ ਹੈ ਉਹ ਸਾਰੇ ਹਾਊਸ ਦੇ ਸਾਹਮਣੇ ਹੈ । (ਸਰਕਾਰੀ ਪੱਖ ਵਲੋਂ ਪਰਸੰਸਾ) ਸਾਰੀ ਆਪੋਜ਼ੀਸ਼ਨ ਮੁਖਾਲਫਤ ਕਰਨ ਲਈ ਇਕੱਠੀ ਹੋਈ ਸੀ । ਸਭ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਤੇ ਸੁਹਾਗਾ ਫਿਰਿਆ ਹੈ । ਇਹ ਵੀਰ ਕਹਿੰਦੇ ਨੇ ਕਿ ਅਸੀਂ ਲੋਕਾਂ ਦੇ ਭੇਜੇ ਹੋਏ ਨੁਮਾਇੰਦੇ ਹਾਂ । ਨੁਮਾਇੰਦਗੀ ਕੋਈ ਕੀਤਿਆਂ ਨਹੀਂ ਹੁੰਦੀ। ਜਦੋਂ ਨਤੀਜੇ ਦੇਖੀਏ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚੋਂ ਕਿੰਨੇ ਜਿੱਤੇ ਨੇ ਤੇ ਇਨ੍ਹਾਂ ਵਿਚੋਂ ਜਨਤਾ ਦੇ ਨੁਮਾਇੰਦੇ ਪੰਜ ਛੇ ਹੀ ਆਏ ਨੇ ?

ਸਰਦਾਰ ਗੁਰਚਰਨ ਸਿੰਘ : ਓਧਰ ਕਿੰਨੇ ਲੈ ਗਏ ਹੋ ?

ਮਾਲ ਮੰਤ੍ਰੀ : ਜੇ ਆਪਣੇ ਆਪ ਆ ਜਾਣ ਤਾਂ ਅਸੀਂ ਕੀ ਕਰੀਏ ? ਬਾਕੀ ਇਹ ਕਹਿਣਾ ਕਿ ਪਲੈਨਿੰਗ ਕਮਿਸ਼ਨ ਨਾਲ ਗੱਲ ਨਹੀਂ ਹੋਈ, ਜ਼ੋਰ ਨਹੀਂ ਵਰਤਿਆ, ਇਹ ਠੀਕ ਨਹੀਂ । ਮੈਂ ਉਨ੍ਹਾਂ ਬੰਦਿਆਂ ਵਿਚੋਂ ਹਾਂ ਕਿ ਮੈਂ ਕੰਮ ਬਹੁਤਾ ਕਰਦਾ ਹਾਂ ਤੇ ਪਰਾਪੇਗੰਡਾ ਨਹੀਂ ਕਰਦਾ । ਜੇ ਕਿਸੇ ਦੇ ਕਰਤੱਵ, ਉਸ ਦੇ ਐਕਸ਼ਨ ਉਸ ਦਾ ਪਰਾਪੇਗੰਡਾ ਨਹੀਂ ਤੇ ਗੱਲਾਂ ਬਹੁਤੀਆਂ ਕਰਨੀਆਂ ਤਾਂ ਥੁਕ ਨਾਲ ਵੜੇ ਨਹੀਂ ਪਕਾਏ ਜਾ ਸਕਦੇ । ਪਲੈਨਿੰਗ ਕਮਿਸ਼ਨ ਨਾਲ ਇਸ ਸਰਕਾਰ ਨੇ ਪੂਰਾ ਸਟੈਂਡ ਲਿਆ । ਮੈਂ ਸਾਰਾ ਕੁਛ ਐਕਸਪਲੇਨ ਕੀਤਾ ਹੈ । ਡਿਪਟੀ ਸਪੀਕਰ ਸਾਹਿਬਾ, ਜੇ ਅਸੀਂ ਜ਼ਿਮੀਂਦਾਰ ਦੇ ਦੁਸ਼ਮਣ ਹੀ ਹੁੰਦੇ, ਜੇ ਸਾਡਾ ਕੋਈ ਵੈਰ ਹੁੰਦਾ ਉਨ੍ਹਾਂ ਨਾਲ ਜਿਹੜੇ ਜ਼ਮੀਨ ਨਾਲ ਤਅਲੁਕ ਰਖਦੇ ਹਨ ਕਿ ਉਨ੍ਹਾਂ ਨੂੰ ਮਾਰਨਾ ਹੈ ਤਾਂ ਬਿਲ ਵਿੱਚ ਅਸੀਂ ਸ਼ਕਰਕੰਦੀ, ਆਲੂ, ਮੂੰਗਫਲੀ, ਤੇ ਤੋਰੀਆ ਆਦਿ ਵੀ ਲੈ ਆਉਂਦੇ । ਡਿਪਟੀ ਸਪੀਕਰ ਸਾਬਿਹਾ, ਮੈਂ ਇਕ ਗੱਲ ਭੁਲ ਗਿਆ ਸੀ । ਆਨਰੇਬਲ ਮੈਂਬਰਾਂ ਨੇ ਆਖਿਆ ਸੀ ਕਿ ਓਦੋਂ ਹਾਲਾਤ ਦਾ ਤਕਾਜ਼ਾ ਸੀ ਤੇ ਹੁਣ ਜ਼ਿਮੀਂਦਾਰ ਦੀ ਹਾਲਤ ਬੜੀ ਖਰਾਬ ਹੋ ਗਈ ਹੈ । ਕੀ ਮੈਂ ਇਹ ਪੁਛ ਸਕਦਾ ਹਾਂ ਅਤੇ ਇਹ ਦਸ ਸਕਦੇ ਨੇ ਯਾ ਕੋਈ ਮੈਂਬਰ ਇਸ ਗੱਲ ਨੂੰ ਚੈਲੰਜ ਕਰੇਗਾ, ਛਾਤੀ ਤੇ ਹੱਥ ਮਾਰ ਕੇ ਕਹਿ ਸਕਦਾ ਹੈ ਕਿ ਜਦ ਇਹ ਟੈਕਸ ਲਗਿਆਂ ਸੀ ਤਾਂ ਓਦੋਂ ਜ਼ਿਮੀਂਦਾਰ ਨੋਟਾਂ ਦੀਆਂ ਬੋਰੀਆਂ ਭਰੀ ਫਿਰਦਾ ਸੀ ਤੇ ਹੁਣ ਉਹ ਪਾਥੀਆਂ ਦੀਆਂ ਬੋਰੀਆਂ ਭਰੀਂ ਫਿਰਦਾ ਹੈ ? ਹੁਣ ਵੀ ਓਹੀ ਹਾਲਤ ਹੈ । ਇਹ ਗੱਲ ਨਹੀਂ ਕਿ ਜਦੋਂ ਆਪਣੇ ਹੱਥ ਵਿਚੋਂ ਰਾਜ ਬਣਤਰ ਨਿਕਲ ਜਾਏ ਤਾਂ ਆਰਗੂਮੈਂਟ ਇਹੋ ਜਿਹੀ ਦੇਣੀ ਤੇ ਪਹਿਲਾਂ ਹੋਰ ਕੁਝ ਕਹਿਣਾ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਮੈਡਮ । ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਕੋਈ ਮੈਂਬਰ ਛਾਤੀ ਤੇ ਹੱਥ ਰਖ ਕੇ ਕਹੇ ਕਿ ਓਦੋਂ ਉਨ੍ਹਾਂ ਕੋਲ ਪੈਸੇ ਸਨ ਅਸੀਂ ਓਦੋਂ ਵੀ ਇਸ ਬਿਲ ਦੀ ਪੁਰਜ਼ੋਰ ਮੁਖਾਲਫਤ ਕੀਤੀ ਸੀ ਅਤੇ ਅੱਜ ਵੀ ਇਸ ਦੀ ਮੁਖਾਲਫਤ ਕਰ ਰਹੇ ਹਾਂ ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਛਾਤੀ ਤੇ ਹੱਥ ਰਖ ਕੇ ਕਹਿੰਦਾ ਹਾਂ ਕਿ ਉਨ੍ਹਾਂ ਕੋਲ ਪੈਸੇ ਘਟ ਗਏ ।

ਡਿਪਟੀ ਸਪੀਕਰ : ਕਾਮਰੇਡ ਸ਼ਮਸ਼ੇਰ ਸਿੰਘ ਜੀ, ਤੁਹਾਡੇ ਵਾਸਤੇ ਇਹ ਚੰਗਾ ਨਹੀਂ ਲਗਦਾ । ਉਨ੍ਹਾਂ ਨੇ ਇਹ ਨਹੀਂ ਸੀ ਕਿਹਾ ਕਿ ਹੁਣੇ ਦਸੋ । ਬਾਦ ਵਿੱਚ ਪੁਛ ਲੈਣਾ । (It does not behave Comrade Shamsher Singh to say like this. He did not say to show it just now. This may be asked at some other time.)

ਮਾਲ ਮੰਤ੍ਰੀ : ਕਾਮਰੇਡ ਸਾਹਿਬ ਨੇ ਮੇਰੀ ਗੱਲ ਦਾ ਗੁੱਸਾ ਕਰ ਲਿਆ । ਉਨ੍ਹਾਂ ਨੇ ਸਮਝ ਨਹੀਂ ਗੱਲ । ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਉਸ ਵੇਲੇ ਮੁਖਾਲਫਤ ਕੀਤੀ ਸੀ । ਕਲ ਬਾਬੂ ਜੀ ਜ਼ਿਕਰ ਕਰ ਰਹੇ ਸਨ ਕਿ ਕਿਸਾਨ ਦੀ ਮਾੜੀ ਹਾਲਤ ਹੈ । ਮੈਂ ਬਤੌਰ ਇਨਚਾਰਜ ਮਨਿਸਟਰ, ਭਾਵੇਂ ਪਤਾ ਨਹੀਂ ਕਿੰਨਵੇਂ ਨੰਬਰ ਤੇ ਹੋਵਾਂ ਓਥੇ, ਲੇਕਿਨ ਜਿੰਨੀ ਕੰਨਸਟੀਟਿਊਸ਼ਨ ਮੈਨੂੰ ਇਜਾਜ਼ਤ ਦਿੰਦਾ ਹੈ ਮਨਿਸਟਰ ਤਾਂ ਮੈਂ ਹਾਂ ਹੀ, ਸੋ ਜੋ ਮੈਂ ਖ਼ਿਆਲਾਤ ਦਾ ਇਜ਼ਹਾਰ ਕਰ ਰਿਹਾ ਹਾਂ ਗੌਰਮੈਂਟ ਦੇ ਖ਼ਿਆਲਾਤ ਦਾ ਇਜ਼ਹਾਰ ਕਰ ਰਿਹਾ ਹਾਂ । ਮੈਂ ਓਦੋਂ ਵੀ ਕਿਹਾ ਸੀ ਤੇ ਹੁਣ ਵੀ ਕਹਿੰਦਾ ਹਾਂ ਕਿ ਕਿਸਾਨ ਦੀ ਹਾਲਤ ਬੜੀ ਮਾੜੀ ਹੈ ਅਤੇ ਜਿੰਨਾ ਚਿਰ ਸਰਕਾਰ, ਜਿਹੜੀ ਆਪਣੇ ਆਪ ਨੂੰ ਅਵਾਮ ਦੀ ਸਰਕਾਰ ਸਮਝਦੀ ਹੈ, ਕੁਲੀ, ਗੁਲੀ ਤੇ ਜੁਲੀ, ਇਹ ਤਿੰਨ ਮਸਲੇ ਹਲ ਨਹੀਂ ਕਰ ਸਕਦੀ ਓਨ੍ਹਾ ਚਿਰ ਅਸੀਂ ਸਮਝਦੇ ਹਾਂ ਕਿ ਸੋਸਲਿਸ਼ਟ ਪੈਟਰਨ ਦਾ ਨਾਅਰਾ, ਜੋ ਅਸੀਂ ਦਿੱਤਾ ਹੈ, ਜਿਸ ਨੂੰ ਅਸੀਂ ਅਪਣਾਇਆ ਹੈ ਉਹ ਪੂਰਾ ਸਫਲ ਨਹੀਂ ਹੋਇਆ ।

ਸਰਦਾਰ ਗੁਰਚਰਨ ਸਿੰਘ : ਇਹ ਜੂਲੀ ਕਹਿ ਕੇ ਸਰਦਾਰ ਨਰਾਇਣ ਸਿੰਘ ਨੂੰ ਛੇੜਦੇ ਨੇ ।

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਇਹ ਤੁਹਾਨੂੰ ਛੇੜਦੇ ਨੇ ।

ਡਿਪਟੀ ਸਪੀਕਰ : ਕੋਈ ਸੀਰੀਅਸ ਸਪੀਚ ਹੁੰਦੀ ਹੈ, ਸੁਣਿਆ ਕਰੋ । (There is some serious speech too. The hon. Members should listen to him.)

ਸ੍ਰੀ ਬਲਰਾਮਜੀ ਦਾਸ ਟੰਡਨ : ਇਹ ਘੜੀ ਮੁੜੀ ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ ਨੂੰ ਜੂਲੀ ਕਹਿ ਕੇ ਖਜਾਉਂਦੇ ਨੇ ।

ਮਾਲ ਮੰਤ੍ਰੀ : ਇਸ ਤਰ੍ਹਾਂ ਕਹਿ ਕੇ ਇਹ ਐਵੇਂ ਅਖਬਾਰਾਂ ਵਿੱਚ ਕਢਵਾਉਣਾ ਚਾਹੁੰਦੇ ਨੇ ਤੇ ਮੇਰੀ ਗੱਲ ਨਹੀਂ ਸੁਣਦੇ । ਮੈਂ ਪਿਛਲੀ ਗੱਲ ਭੁਲ ਗਿਆ ਹਾਂ, ਮੈਂ ਅਰਜ਼ ਕਰ ਰਿਹਾ ਸੀ ਕਿ ਸੋਸ਼ਲਿਸਟਿਕ ਪੈਟਰਨ ਆਫ ਸੋਸਾਇਟੀ ਦਾ ਨਾਅਰਾ ਜੋ ਕਾਂਗਰਸ ਨੇ ਦਿੱਤਾ ਅਤੇ ਇਸ ਕਾਂਗਰਸ ਸਰਕਾਰ ਨੇ ਅਪਣਾਇਆ, ਅਸੀਂ ਉਸ ਰਾਹ ਤੇ ਚਲ ਜ਼ਰੂਰ ਪਏ ਹਾਂ ਪਰ ਜੇ ਮੈਂ ਇਹ ਆਖਾਂ ਕਿ ਉਹ ਪੂਰਾ ਹੋ ਗਿਆ ਹੈ ਤਾਂ ਇਹ ਗਲਤ ਬਿਆਨੀ ਹੋਏਗੀ। ਡਿਪਟੀ ਸਪੀਕਰ ਸਾਹਿਬਾ, ਜਿਸ ਵੇਲੇ ਕਿਸੇ ਮੰਜ਼ਲ ਤੇ ਪਹੁੰਚਣਾ ਹੋਵੇ ਤੇ ਓਧਰ ਨੂੰ ਜਿਹੜੀ ਸੜਕ ਜਾਂਦੀ ਹੋਵੇ ਉਸ ਤੇ ਚਲ ਪਏ ਤਾਂ ਆਸ ਹੁੰਦੀ ਹੈ ਕਿ ਉਹ ਓਥੇਂ ਪਹੁੰਚ ਜਾਏਗਾ । ਮੰਜ਼ਲੇ ਮਕਸੂਦ ਤੇ ਪਹੁੰਚ ਜਾਏਗਾ ? ਤੇ ਜੇ ਨਾ ਚਲਿਆ ਹੋਏ ਤਾਂ ਕਿਵੇਂ ਪਹੁੰਚ ਜਾਏਗਾ। (ਵਿਘਨ) ਬੈਠੇ ਏਥੇ ਹੋ ਤੇ ਬਾਹਰਲੇ ਮੁਲਕ ਤੋਂ ਹਦਾਇਤਾਂ ਲੈਂਦੇ ਹ ।

ਇਕ ਮਾਨਯੋਗ ਮੈਂਬਰ : ਹੁਣ ਤਾਂ ਤੁਸੀਂ ਵੀ ਓਧਰ ਝਾਕਦੇ ਹੋ ।

ਮਾਲ ਮੰਤ੍ਰੀ : ਇਹ ਆਪਣੇ ਸਟੈਂਡ ਨੂੰ ਜਸਟੀਫਾਈ ਕਰਦੇ ਹਨ। ਮੈਂ ਸਮਝਦਾ ਹਾਂ ਕਿ ਜਿਹੜਾ ਮੰਗਦਾ ਹੈ, ਆਪਣੇ ਜੀਵਨ ਵਿੱਚ ਜਿਹੜਾ ਕਿਸੇ ਕੋਲੋਂ ਪੈਸਾ ਮੰਗ ਕੇ, ਕਿਸੇ ਕੋਲੋਂ ਕੋਈ ਲੋਨ ਲੈ ਕੇ, ਏਡ ਲੈ ਕੇ ਜੀਊਣਾ ਹੈ, ਇਸ ਤੋਂ ਮੈਂ ਮਰਨਾ ਚੰਗਾ ਸਮਝਦਾ ਹਾਂ । (ਪ੍ਰਸ਼ੰਸਾ) ਪਰਮਾਤਮਾ ਸਾਨੂੰ ਸ਼ਕਤੀ ਦੇਵ, ਪ੍ਰਮਾਤਮਾ ਸਾਨੂੰ ਬਲ ਦੇਵੇ ਕਿ ਅਸੀਂ ਕਿਸੇ ਮੁਲਕ ਤੇ ਡੀਪੈਂਡ ਨਾ ਕਰੀਏ, ਭਾਵੇ ਰੂਸ, ਅਮਰੀਕਾ ਜਾਂ ਇੰਗਲੈਂਡ ਹੋਵੇ । ਸਾਨੂੰ ਇਕ ਵੇਲੇ ਦੀ ਰੋਟੀ ਚੰਗੀ ਪਰ ਕਣਕ ਲਈ ਕਿਸੇ ਦੇਸ਼ ਵਲ ਤਕਣਾ ਮਨਜ਼ੂਰ ਨਹੀਂ । (ਪ੍ਰਸ਼ੰਸਾ) (ਵਿਘਨ)

ਇਕ ਮਾਨਯੋਗ ਮੈਂਬਰ : ਤੁਹਾਡੀ ਸਿਹਤ ਤਾਂ ਚੰਗੀ ਹੈ ।

ਮਾਲ ਮੰਤ੍ਰੀ : ਮੇਰੀ ਸਿਹਤ ਕੀ ਚੰਗੀ ਹੋਣੀ ਹੈ, ਮੇਰੀ ਸਿਹਤ ਖਰਾਬ ਰਹਿੰਦੀ ਹੈ ।

ਸਰਦਾਰ ਜਗਜੀਤ ਸਿੰਘ ਗੋਗੋਆਣੀ : ਸਾਈਕਲ ਤਾਂ ਤੁਸੀਂ ਰਸ਼ੀਆ ਤੋਂ ਮੰਗਾਉਂਦੇ ਸੀ ।

ਮਾਲ ਮੰਤ੍ਰੀ : ਡਿਪਟੀ ਸਪੀਕਰ ਸਾਹਿਬਾ, ਮੈਨੂੰ ਅਜ ਬੜੀ ਖੁਸ਼ੀ ਹੋਈ ਕਿ ਜਿਹੜੇ ਪਿੰਡਾਂ ਦੀਆਂ ਵੋਟਾਂ ਲੈ ਕੇ ਆਉਂਦੇ ਨੇ ਉਨ੍ਹਾਂ ਵਿੱਚ ਅੱਜ ਮੈਂ ਕੁਝ ਜਾਨ ਵੇਖੀ । ਇਸ ਗਲ ਤੇ ਮੈਨੂੰ ਖੁਸ਼ੀ ਹੋਈ । ਕਈ ਵਾਰੀ ਏਥੇ ਜ਼ਿਕਰ ਹੁੰਦਾ ਹੈ ਕਿ ਜੇ ਤੁਸੀਂ ਸ਼ਹਿਰੀਆਂ ਦਾ ਧਿਆਨ ਰਖਦੇ ਹੋ । ਹੁਣ ਮੈਂ ਅਰਜ਼ ਕਰਦਾ ਹਾਂ, ਡਿਪਟੀ ਸਪੀਕਰ ਸਾਹਿਬਾ, ਜੇ ਅੰਜਾਣਾ ਰੋਵੇ ਨਾ ਤਾਂ ਉਸ ਦੀ ਮਾਂ ਵੀ ਦੁਧ ਨਹੀਂ ਪਲਾਉਂਦੀ । ਇਹ ਡੈਮੋਕਰੇਸੀ ਦਾ ਜ਼ਮਾਨਾ ਹੈ । ਮੈਨੂੰ ਖੁਸ਼ੀ ਹੋਵੇ ਉਨ੍ਹਾਂ ਤੇ ਜਿਹੜੇ ਪਿੰਡਾਂ ਵਾਲਿਆਂ ਦੀ ਏਕਤਾ ਕਰਨ, ਉਨ੍ਹਾਂ ਦਾ ਸੰਗਠਨ ਕਰਨ ਤਾਕਿ ਉਹ ਆਪਣੇ ਹੱਕਾਂ ਤੋਂ ਹੋ ਸਕਣ ਤੇ ਆਪਣੇ ਹੱਕਾਂ ਦੀ ਰਾਖੀ ਕਰ ਸਕਣ, ਮੈਂ ਨਾਲ ਹੋਵਾਂਗਾ । ਮੈਨੂੰ ਸਭ ਤੋਂ ਜ਼ਿਆਦਾ

ਖੁਸ਼ੀ ਓਦੋਂ ਹੋਵੇ, ਉਹ ਦਿਨ ਮੈਂ ਆਪਣੀ ਜ਼ਿੰਦਗੀ ਵਿੱਚ ਦੇਖ ਸਕਾਂ ਕਿ ਪਿੰਡਾਂਵਾਲੇ ਆਪਣੇ ਹੱਕਾਂ ਤੋਂ ਜਾਣੂ ਹੋ ਗਏ ਨੇ। ਭਾਵੇਂ ਮੈਂ ਕੋਈ ਵਿਤਕਰਾ ਬਤੌਰ ਮਨਿਸਟਰ ਦੇ ਕਰਨ ਦੇ ਆਦੀ ਨਹੀਂ ਔਰ ਨਾ ਹੀ ਮੇਰਾ ਇਹ ਇਤਕਾਦ ਹੈ। ਲੇਕਿਨ ਮੈਨੂੰ ਖੁਸ਼ੀ ਉਸ ਦਿਨ ਹੋਵੇਗੀ ਜਿਸ ਦਿਨ ਮੈਂ ਵੇਖਾਂਗਾ ਕਿ ਇਹ ਜਿਹੜਾ ਪਿੰਡਾਂ ਦਾ ਤਬਕਾ ਹੈ ਇਹ ਇਕਨਾਮੀਕਲੀ ਅਤੇ ਪੁਲੀਟੀਕਲੀ ਆਪਣੇ ਪੈਰਾਂ ਤੇ ਖੜਾ ਹੋ ਕੇ ਆਪਣੇ ਸਾਵੇਂ ਹਕ ਵੰਡਾਵੇਗਾ। ਇਸ ਤੋਂ ਇਲਾਵਾ ਇਕ ਮੈਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ, ਬਹੁਤ ਸਾਰੇ ਮੇਰੇ ਮੁਅਜ਼ਜ਼ ਦੋਸਤ ਮੇਰੇ ਨਾਲੋਂ ਉਮਰ ਵਿੱਚ ਵੱਡੇ ਹਨ ਔਰ ਬਹੁਤ ਸਾਰੇ ਸਜਣ ਮੇਰੇ ਨਾਲੋਂ ਪਾਰਲੀਮੈਂਟਰੀ ਕੈਰੀਅਰ ਵਿਚ ਵੀ ਸੀਨੀਅਰ ਹੋਣਗੇ ਲੇਕਿਨ ਇਕ ਪੱਖ ਤੋਂ ਉਨ੍ਹਾਂ ਦੀਆਂ ਤਕਰੀਰਾਂ ਸੁਣ ਕੇ ਮੈਨੂੰ ਬੜਾ ਦੁਖ ਹੋਇਆ ਕਿ ਸਾਡੇ ਪੰਜਾਬ ਦੀ ਕੀ ਰਵਾਇਤ ਸੀ ਅਤੇ ਅੱਜ ਅਸੀਂ ਕੀ ਕਹਿਣ ਲੱਗੇ ਹੋਏ ਹਾਂ। ਇਹ ਠੀਕ ਹੈ ਕਿ ਪੰਜਾਬ ਨੇ ਜੰਗ ਲਈ ਉਹ ਹਿੱਸਾ ਪਾਇਆ ਹੈ, ਜਿਸ ਦੇ ਨਾਲ ਸਾਰੇ ਹਿੰਦੁਸਤਾਨ ਦਾ ਸਿਰ ਉੱਚਾ ਹੋਇਆ ਹੈ। ਬਲਕਿ ਮੈਂ ਤਾਂ ਇਹ ਸਮਝਦਾ ਹਾਂ ਕਿ ਪੰਜਾਬ ਨੇ ਹਿੰਦੁ-ਸਤਾਨ ਦੀ ਆਜ਼ਾਦੀ ਬਚਾਈ ਹੈ। ਬਾਕੀ ਇਹ ਗੱਲ ਤੁਸੀਂ ਸਾਰੇ ਮੰਨੋਗੇ ਕਿ 1947 ਦੇ ਘਲੂਕਾਰੇ ਤੋਂ ਇਹ ਗੱਲ ਕੁਝ ਘਟ ਹੀ ਹੈ ਜਦੋਂ ਕਿ ਲੱਖਾਂ ਵੀਰ ਤਬਾਹ ਹੋਏ ਸਨ, ਛੋਟੇ ਛੋਟੇ ਬੱਚੇ ਲੱਖਾਂ ਦੀ ਗਿਣਤੀ ਵਿੱਚ ਉਜੜ ਕੇ ਆਏ ਲੇਕਿਨ ਮੈਂ ਵੇਖਿਆ ਕਿ ਉਨ੍ਹਾਂ ਵਿਚੋਂ ਕਿਸੇ ਨੇ ਹੱਥ ਅਡ ਕੇ ਨਹੀਂ ਮੰਗਿਆ। ਮੈਂ ਤੁਹਾਨੂੰ ਦਿੱਲੀ ਦੀ ਕਨਾਟ ਪਲੇਸ ਦੀ ਗੱਲ ਦਸਦਾ ਹਾਂ। ਉਥੇ ਮੈਂ ਇਕ ਵੇਰ ਗਿਆ, ਮੇਰਾ ਦਿਲ ਕੀਤਾ ਫਰੂਟ ਜੂਸ ਪੀਣ ਨੂੰ। ਉਥੇ ਇਕ ਬੱਚਾ ਫਰੂਟ ਜੂਸ ਵੇਚ ਰਿਹਾ ਸੀ, ਉਸ ਲਈ ਮੈਂ ਸ਼ਰਨਾਰਥੀ ਦਾ ਲਫਜ਼ ਇਸਤੇਮਾਲ ਕਰਨਾ ਮੁਨਾਸਿਬ ਨਹੀਂ ਸਮਝਦਾ ਕਿਉਂਕਿ ਅਜਿਹਾ ਕਹਿਣ ਨਾਲ ਉਨ੍ਹਾਂ ਦੇ ਮਨਾਂ ਤੇ ਬੁਰਾ ਅਸਰ ਪੈਂਦਾ ਹੈ। ਮੈਂ ਉਨ੍ਹਾਂ ਨੂੰ ਆਪਣੇ ਵਰਗਾ ਹੀ ਸਮਝਦਾ ਹਾਂ ਔਰ ਸਾਡਾ ਸਾਰਿਆਂ ਦਾ ਇਹ ਫਰਜ਼ ਹੈ ਕਿ ਅਸੀਂ ਉਨ੍ਹਾਂ ਦੇ ਦਿਲਾਂ ਵਿਚੋਂ ਇਹ ਚੀਜ਼ ਕਢ ਦੇਈਏ ਕਿ ਉਹ ਸਾਡੇ ਵਰਗੇ ਨਹੀਂ ਹਨ। ਸੋ ਮੈਂ ਦਸ ਰਿਹਾ ਸੀ ਕਿ ਉਹ ਬੱਚਾ ਮੇਰੇ ਲਈ ਫਰੂਟ ਦੇ ਜੂਸ ਦਾ ਇਕ ਗਲਾਸ ਲਿਆਇਆ, ਉਸ ਨੇ ਵੀ ਚਾਰ ਆਨੇ ਕੀਮਤ ਮੰਗੀ ਮੈਂ ਉਸ ਨੂੰ ਇਕ ਰੁਪਏ ਦਾ ਨੋਟ ਦਿੱਤਾ ਔਰ ਗੱਡੀ ਚਲਾ ਦਿੱਤੀ ਗਈ ਉਸ ਦੇ ਕੋਲ ਟੁਟੇ ਪੈਸੇ ਨਹੀਂ ਸਨ। ਮਗਰ ਉਹ ਬੱਚਾ ਚਲਦੀ ਗੱਡੀ ਦੇ ਪਿੱਛੇ ਭਜ ਕੇ ਆਵਾਜ਼ ਮਾਰ ਕੇ ਕਹਿਣ ਲੱਗਾ, "ਸਰਦਾਰ ਜੀ ਇਹ ਤੁਹਾਡੇ 12 ਆਨੇ ਬਕਾਇਆ ਰਹਿ ਗਏ ਹਨ।" ਮੈਂ ਕਿਹਾ, "ਕਾਕਾ, ਕੋਈ ਗੱਲ ਨਹੀਂ, ਆਪਣੇ ਕੋਲ ਹੀ ਰਹਿਣ ਦੇ।" ਉਹ ਮੈਨੂੰ ਅੱਗੋਂ ਕਹਿਣ ਲੱਗਾ ਕਿ ਕਿਸੇ ਹੋਰ ਮੰਗਤੇ ਨੂੰ ਦੇ ਦੇਣਾ ਮੈਂ ਮੰਗਤਾ ਨਹੀਂ ਹਾਂ। ਸੋ ਮੇਰਾ ਕਹਿਣ ਦਾ ਭਾਵ ਇਹ ਹੈ ਕਿ ਇਹ ਸਪਿਰਿਟ ਹੈ ਸਾਡੇ ਪੰਜਾਬੀਆਂ ਦੀ, ਉਨ੍ਹਾਂ ਨੇ ਕਿਸੇ ਕੋਲੋਂ ਹੱਥ ਅੱਡ ਕੇ ਨਹੀਂ ਮੰਗਿਆ। ਲੇਕਿਨ ਮੈਨੂੰ ਅੱਜ ਇਹ ਸੁਣ ਕੇ ਦੁਖ ਹੋਇਆ ਜਦੋਂ ਚਾਰ ਚੁਫੇਰੇ ਤੋਂ ਇਹ ਆਵਾਜ਼ਾਂ ਆਈਆਂ ਕਿ ਸੈਂਟਰ ਕੋਲੋਂ ਪੈਸਾ ਮੰਗੋ। ਅਸੀਂ ਕੁਝ ਨਹੀਂ ਦੇ ਸਕਦੇ। ਮੈਂ ਉਨ੍ਹਾਂ ਮੈਂਬਰਾਂ ਨਾਲ ਤਾਂ ਸਹਿਮਤ ਹਾਂ ਕਿ ਅਸੀਂ ਜਿੰਨਾ ਵੱਧ ਤੋਂ ਵੱਧ ਗੌਰਮੈਂਟ ਆਫ ਇੰਡੀਆ ਕੋਲੋਂ ਪੰਜਾਬ ਦੀ ਡੀਵੈਲਪਮੈਂਟ ਅਤੇ ਡੀਫੈਂਸ ਲਈ ਪੈਸਾ ਲਿਆ ਸਕੀਏ ਲਿਆਉਣਾ ਚਾਹੀਦਾ ਹੈ। ਲੇਕਿਨ ਇਹ ਕਹਿਣਾ ਕਿ ਅਸੀਂ ਕੁਝ ਨਹੀਂ ਆਪਣੇ ਲਈ ਕਰ ਸਕਦੇ, ਸਾਰਾ ਕੁਝ ਸੈਂਟਰ ਕੋਲੋਂ ਹੀ ਲੈਣਾ ਚਾਹੀਦਾ ਹੈ ਮੈਨੂੰ ਚੰਗਾ ਨਹੀਂ ਲਗਦਾ। ਸਾਡਾ ਪੰਜਾਬ ਜਿਸ ਨੇ ਗਰੀਬੀ ਵੇਲੇ ਹੱਥ ਨਹੀਂ ਅੱਡਿਆ, ਅੱਜ ਤੁਸੀਂ ਉਸ ਨੂੰ ਮੰਗਣ ਦੀ ਆਦਤ ਨਾ ਪਾਉ। ਸਾਨੂੰ ਅਣਖ ਦੀ ਜ਼ਿੰਦਗੀ ਬਸਰ ਕਰਨੀ ਚਾਹੀਦੀ ਹੈ ਔਰ ਹੱਥ ਅਡ ਕੇ ਮੰਗਣਾ ਨਹੀਂ ਚਾਹੀਦਾ।

ਬਾਬੂ ਬਚਨ ਸਿੰਘ : ਇਹ ਤੁਸੀਂ ਬਤੌਰ ਮਨਿਸਟਰ ਦੇ ਬੋਲ ਰਹੇ ਹੋ ਜਾਂ ਬਤੌਰ ਮਿਸਟਰ ਹਰਿੰਦਰ ਸਿੰਘ ਦੇ ਬੋਲ ਰਹੇ ਹੋ। ਜੇ ਤੁਸੀਂ ਬਤੌਰ ਮਨਿਸਟਰ ਦੇ ਬੋਲ ਰਹੇ ਹੋ ਤਾਂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਸਰਕਾਰ ਨੇ ਸੈਂਟਰ ਕੋਲੋਂ ਮੰਗ ਮੰਗ ਕੇ, ਮੱਥੇ ਘਸਾ ਘਸਾ ਕੇ, ਪੈਸਾ ਲਿਆ ਹੈ।

ਮਾਲ ਮੰਤ੍ਰੀ : ਬਾਬੂ ਜੀ ਨੇ ਕਿਹਾ ਹੈ (ਵਿਘਨ)

ਡਿਪਟੀ ਸਪੀਕਰ : ਮੇਜਰ ਸਾਹਿਬ ਬਾਬੂ ਜੀ ਦੀ ਗੱਲ ਦਾ ਜੇ ਤੁਸੀਂ ਜਵਾਬ ਦੇਣ ਲੱਗ ਪਏ ਤਾਂ ਝਗੜਾ ਖੜਾ ਹੋ ਜਾਵੇਗਾ। (If the hon. Minister goes to reply to what Babu Bachan Singh has said, it would raise a controversy.)

ਮਾਲ ਮੰਤ੍ਰੀ : ਹੋ ਜਾਏ, ਫੇਰ ਜੀ ਮੈਂ ਡਰਨ ਵਾਲਾ ਨਹੀਂ । ਮੈਂ ਹਰ ਮੈਂਬਰ ਦੀ ਇੱਜ਼ਤ ਕਰਦਾ ਹਾਂ ਲੇਕਿਨ ਜੇ ਕੋਈ ਮੇਰੀ ਪਗ ਲਾਹੁਣ ਦੀ ਕੋਸ਼ਿਸ਼ ਕਰੇ ਤਾਂ ਉਸ ਦਾ ਜਵਾਬ ਮੈਂ ਪਗ ਲਾਹੁਣ ਵਿੱਚ ਹੀ ਦਿੰਦਾ ਹਾਂ । ਇਹ ਚੀਜ਼ ਮੇਰੇ ਖ਼ੂਨ ਵਿਚ ਹੈ । ਖ਼ੈਰ, ਮੈਂ ਅਰਜ਼ ਕਰ ਰਿਹਾ ਸੀ, ਕਿ ਜਿੱਥੇ ਸਰਕਾਰ ਦਾ ਦਿਲ ਕਰਦਾ ਹੈ ਕਿ ਪਲਾਨਿੰਗ ਕਮਿਸ਼ਨ ਅਤੇ ਗੌਰਮੈਂਟ ਆਫ ਇੰਡੀਆ ਤੋਂ ਜਿੰਨਾਂ ਵਧ ਤੋਂ ਵਧ ਲਿਆ ਸਕੀਏ ਲਿਆਈਏ, ਇਹ ਤਾਂ ਆਰਗੂਮੈਂਟ ਉਥੇ ਵੀ ਦਿੱਤੀ ਜਾ ਸਕਦੀ ਹੈ ਕਿ ਡੀਫੈਂਸ ਫੰਡ ਵੀ ਨਹੀਂ ਇਕੱਠਾ ਕਰਨਾ ਚਾਹੀਦਾ ਕਿਉਂਕਿ ਜੇ ਪੰਜਾਬ ਦੇ ਕੋਲ ਕੁਝ ਹੈ ਹੀ ਨਹੀਂ ਤਾਂ ਡੀਫੈਂਸ ਫੰਡ ਕਾਹਦਾ ਇਕੱਠਾ ਕਰਨਾ ਹੈ । ਮੈਂ ਹੁਣੇ ਹੀ ਅਖਬਾਰ ਦੇ ਵਿਚ ਪੜ੍ਹਿਆ ਸੀ ਕਿ ਕਿਊਬਾ ਵਿੱਚ ਐਸੇ ਹਾਲਾਤ ਪੈਦਾ ਹੋਏ ਕਿ ਉਥੇ ਉਨ੍ਹਾਂ ਦੇ ਮਕਾਨ, ਕਪੜੇ ਔਰ ਖ਼ੁਰਾਕ ਸਭ ਦਾ ਰਾਸ਼ਨ ਕਰਨਾ ਪਿਆ । ਮੈਂ ਸਮਝਦਾ ਹਾਂ ਕਿ ਸਾਡੇ ਪੰਜਾਬ ਦਾ ਇਹ ਇਤਿਹਾਸ ਹੈ ਕਿ ਅਗਰ ਲੋੜ ਪਏ ਤਾਂ ਇਹ ਸਾਰਾ ਸਰਬੰਸ ਵਾਰੇਗਾ ਔਰ ਇਕ ਇਕ ਬੱਚਾ ਜਵਾਨ ਅਤੇ ਬੁਢਾ ਆਪਣੇ ਮੁਲਕ ਦੀ ਰਕਸ਼ਾ ਵਾਸਤੇ ਲੜੇਗਾ । ਏਥੇ ਬਾਬੂ ਬਚਨ ਸਿੰਘ ਹੋਰਾਂ ਨੇ ਆਖਿਆ ਸੀ ਕਿ ਏਥੇ ਯੂ. ਕੇ. ਅਤੇ ਯੂ. ਐਸ. ਏ. ਦਾ ਪੈਟਰਨ ਫਾਲੋ ਕਰਨਾ ਚਾਹੀਦਾ ਹੈ ।

ਬਾਬੂ ਬਚਨ ਸਿੰਘ : ਮੈਂ ਇਹ ਨਹੀਂ ਸੀ ਕਿਹਾ । ਮੈਂ ਤਾਂ ਸਿਰਫ ਸਬਸਿਡੀ ਦੀ ਗੱਲ ਕੀਤੀ ਸੀ, ਤੁਸੀਂ ਸੁਣਨ ਦੀ ਕੋਸ਼ਿਸ਼ ਨਹੀਂ ਕੀਤੀ ।

ਮਾਲ ਮੰਤ੍ਰੀ : ਮੈਂ ਤਾਂ ਸੁਣਨ ਦੀ ਬਹੁਤ ਕੋਸ਼ਿਸ਼ ਕਰਦਾ ਹਾਂ । ਏਥੇ ਕਿਸੇ ਨੇ ਕਿਹਾ ਸੀ ਕਿ ਯੂ.ਕੇ. ਅਤੇ ਯੂ.ਐਸ.ਏ. ਦਾ ਪੈਟਰਨ ਅਪਨਾਉਣਾ ਚਾਹੀਦਾ ਹੈ ਤੇ ਨਾਲ ਹੀ ਉਸੇ ਤਕਰੀਰ ਵਿੱਚ ਕਹਿ ਦਿੱਤਾ ਸੀ ਕਿ ਗਰੀਬਾਂ ਨਾਲ ਧੱਕਾ ਕਰ ਰਹੇ ਹਨ । ਇਕ ਪਾਸੇ ਤਾਂ ਉਹ ਉਨ੍ਹਾਂ ਮੁਲਕਾਂ ਦਾ ਪੈਟਰਨ ਫਾਲੋ ਕਰਨ ਲਈ ਕਹਿੰਦੇ ਹਨ ਜਿੱਥੇ 25/25 ਹਜ਼ਾਰ ਏਕੜ ਦੀਆਂ ਫਾਰਮਾਂ ਹਨ ਔਰ ਦੂਸਰੇ ਪਾਸੇ ਗਰੀਬਾਂ ਦੀ ਹਮਦਰਦੀ ਦੀ ਗੱਲ ਕਰਦੇ ਹਨ । ਗਰੀਬਾਂ ਦਾ ਕਾਜ਼ ਪਲੀਡ ਕਰਦੇ ਹਨ ।

ਡਿਪਟੀ ਸਪੀਕਰ ਸਾਹਿਬਾ, ਬਹੁਤ ਸਾਰੇ ਮੈਂਬਰਾਂ ਨੇ ਗੱਲਾਂ ਕਰਦੇ ਹੋਏ ਮੰਨਿਆਂ ਹੈ ਕਿ

4 p.m. । ਇਸ ਟੈਕਸ ਤੇ ਕੋਈ ਉਜਰ ਨਹੀਂ ਹੈ—ਅਗਰ ਇਹ ਟੈਕਸ ਲਗਾਣਾ ਹੀ ਹੈ ਤਾਂ ਲਾਇਆ ਜਾਵੇ ਲੇਕਿਨ ਇਹ ਟੈਕਸ 5 ਏਕੜ ਵਾਲਿਆਂ ਕਿਸਾਨਾਂ ਤੇ ਨਾ ਲਾਇਆ ਜਾਵੇ । ਜਿੱਥੇ ਤਕ ਇਸ ਟੈਕਸ ਦੇ ਪ੍ਰਿੰਸੀਪਲ ਦਾ ਸਬੰਧ ਹੈ, ਮਾਨਯੋਗ ਮੈਂਬਰਜ਼ ਉਸ ਨੂੰ ਮੰਨਦੇ ਹਨ । ਅਗਰ ਕੋਈ ਮੁਖ਼ਾਲਫਤ ਹੋਈ ਤਾਂ ਉਹ ਉਸ ਢੰਗ ਦੀ ਹੋਈ ਹੈ ਜਿਸ ਨਾਲ ਇਹ ਟੈਕਸ ਲਾਇਆ ਜਾ ਰਿਹਾ ਹੈ ।

ਡਿਪਟੀ ਸਪੀਕਰ ਸਾਹਿਬਾ, ਸਾਰੇ ਮੈਂਬਰਜ਼ ਗੌਰਮਿੰਟ ਤੋਂ ਮੰਗ ਕਰਦੇ ਹਨ ਕਿ ਸਾਡੇ ਇਲਾਕਿਆਂ ਵਿੱਚ ਡਿਵੈਲਪਮੈਂਟ ਹੋਣੀ ਚਾਹੀਦੀ ਹੈ, ਕਾਲਜਿਜ਼ ਖੁਲ੍ਹਣੇ ਚਾਹੀਦੇ ਹਨ, ਸੜਕਾਂ ਹੋਣੀਆਂ ਚਾਹੀਦੀਆਂ ਹਨ ਅਤੇ ਬਿਜਲੀ ਸਪਲਾਈ ਹੋਣੀ ਚਾਹੀਦੀ ਹੈ । ਮਾਨਯੋਗ ਮੈਂਬਰਜ਼ ਇਹ ਭੀ ਕਹਿੰਦੇ ਹਨ ਕਿ ਉਨ੍ਹਾਂ ਦੇ ਇਲਾਕਿਆਂ ਵਿੱਚ ਹਰ ਕਿਸਮ ਦੀ ਡਿਵੈਲਪਮੈਂਟ ਹੋਣੀ ਚਾਹੀਦੀ ਹੈ ।

ਸਰਕਾਰ ਦੇ ਪਾਸ ਕੋਈ ਅਲਾਦੀਨ ਦਾ ਚਰਾਗ਼ ਨਹੀਂ ਹੈ । ਮੈਨੂੰ ਕਹਿਣ ਤੋਂ ਕੋਈ ਝਿਜਕ ਨਹੀਂ ਹੈ ਕਿ ਬਿਨਾ ਪੈਸੇ ਤੋਂ ਡਿਵੈਲਪਮੈਂਟ ਨਹੀਂ ਹੋ ਸਕਦੀ ਹੈ । ਹਿਸਟਰੀ ਸਾਨੂੰ ਦਸਦੀ ਹੈ ਕਿ ਮੁਲਕਾਂ ਉੱਤੇ ਜਦੋਂ ਕੋਈ ਆਪੱਤੀ ਆਈ ਤਾਂ ਉਸ ਵੇਲੇ ਲੋਕਾਂ ਨੇ ਆਪਣੀ ਇਨਕਮ ਦਾ 85% ਹਿੱਸਾ ਸਰਕਾਰ ਦੇ ਹਵਾਲੇ ਕਰ ਦਿੱਤਾ । ਮੈਨੂੰ ਵਿਸ਼ਵਾਸ਼ ਹੈ ਕਿ ਅਗਰ ਸਾਡੇ ਉੱਤੇ ਕੋਈ ਭੀ ਆਪੱਤੀ ਆਈ ਤਾਂ ਇਥੇ ਦੇ ਲੋਕ ਭੀ ਹਰ ਕਿਸਮ ਦੀ ਕੁਰਬਾਨੀ ਕਰਨ ਲਈ ਤਿਆਰ ਹੋਣਗੇ .....

चौधरी नेत राम : केन्द्रीय सरकार ने आमदनी के बेसिज़ पर टैक्स लगाने का अस़ूल माना है। सरकार 4 हज़ार की इन्कम पर ही इन्कम टैक्स लगाती है 15 एकड़ ज़मीन रखने वाले किसान की इनकम 4 हज़ार तो होनी दरकिनार है, मैं दावे से कह सकता हूँ कि 30 एकड़ वाले किसानों की इन्कम भी चार हज़ार नहीं होती । ......(शोर) (विघ्न)

ਮਾਲ ਮੰਤ੍ਰੀ : ਮੈਂ ਮਾਨਯੋਗ ਮੈਂਬਰ ਦਾ ਸ਼ੁਕਰ ਗੁਜ਼ਾਰ ਹਾਂ ਉਨ੍ਹਾਂ ਨੇ ਆਪਣੀ ਪਾਰਟੀ ਦੇ ਪਰੋਗਰਾਮ ਦੇ ਬਾਰੇ ਮੇਰਾ ਧਿਆਨ ਦਿਲਾਉਣ ਦੀ ਕੋਸ਼ਿਸ਼ ਕੀਤੀ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਗਰ ਲੋਕ ਇਨ੍ਹਾਂ ਦੀ ਪਾਰਟੀ ਦੇ ਪ੍ਰੋਗਰਾਮ ਨੂੰ ਚੰਗਾ ਸਮਝਦੇ ਤਾਂ ਕੀ ਇਨ੍ਹਾਂ ਦੀ ਪਾਰਟੀ ਦਾ ਇਕ ਆਦਮੀ ਹਾਊਸ ਵਿੱਚ ਚੁਣ ਕੇ ਆਉਂਦਾ ? (ਚੌਧਰੀ ਨੇਤ ਰਾਮ ਦੁਆਰਾ ਵਿਘਨ)

ਡਿਪਟੀ ਸਪੀਕਰ ਸਾਹਿਬਾ, ਸਰਕਾਰ ਨੂੰ ਚਲਾਉਣ ਲਈ ਦੋ ਢੰਗ ਹੁੰਦੇ ਹਨ । ਇਕ ਤਾਂ ਇਹ ਹੈ ਕਿ ਸਰਕਾਰ ਦੇ ਪਾਸ ਕੰਮਾਂ ਨੂੰ ਚਲਾਉਣ ਲਈ ਯੋਗ ਫੰਡ ਹੋਵੇ । ਦੂਜਾ ਇਹ ਹੈ ਕਿ ਡੈਫਿਸਿਟ ਫਿਨਾਂਸਿੰਗ ਕਰਕੇ ਕੰਮ ਚਲਾਏ ਜਾਣ । ਇਸ ਦੇ ਬਾਰੇ ਇਕਨਾਮਿਕ ਐਕਸਪਰਟਾਂ ਦੀਆਂ ਰਿਪੋਰਟਸ ਹਨ । ਮੈਂ ਆਪਣੇ ਆਪ ਨੂੰ ਇਕਨਾਮਿਕ ਐਕਸਪਰਟ ਨਹੀਂ ਸਮਝਦਾ ਹਾਂ ਲੇਕਿਨ ਮੈਂ ਇਕਨਾਮਿਕਸ ਦੀਆਂ ਕਿਤਾਬਾਂ ਦੇ ਨਾਲ ਥੋੜਾ ਬਹੁਤ ਮੱਥਾਂ ਜ਼ਰੂਰ ਮਾਰਿਆ ਹੈ। ਡੈਫਿਸਿਟ ਫਿਨਾਂਸਿੰਗ ਦੀ ਪਾਲਿਸੀ ਚੰਗੀ ਨਹੀਂ ਹੁੰਦੀ। ਅਗਰ ਡੈਫਿਸਿਟ ਫਿਨਾਂਸਿੰਗ ਕੀਤਾ ਜਾਵੇ ਤਾਂ ਉਸ ਤੋਂ ਇਨਫਲੇਸ਼ਨ ਦਾ ਟਰੈਂਡ ਆ ਜਾਂਦਾ ਹੈ। ਇਨਫਲੇਸ਼ਨ ਦੇ ਕਾਰਨ ਚੀਜ਼ਾਂ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਅਲਟੀ-ਮੇਟਲੀ ਜਨਤਾ ਇਸ ਤਰੀਕੇ ਨੂੰ ਪਸੰਦ ਨਹੀਂ ਕਰਦੀ । ਮਾਨਯੋਗ ਮੈਂਬਰਜ਼ ਹੀ ਦੱਸਣ ਕਿ ਇਨ੍ਹਾਂ ਦੋ ਰਸਤਿਆਂ ਵਿਚੋਂ ਕਿਹੜਾ ਰਸਤਾ ਅਪਣਾਇਆ ਜਾਵੇ ।

ਡਿਪਟੀ ਸਪੀਕਰ ਸਾਹਿਬਾ, ਮਾਨਯੋਗ ਮੈਂਬਰਾਂ ਨੇ ਇਸ ਬਿਲ ਦੇ ਬਾਰੇ ਤੋੜ ਮਰੋੜ ਕੇ ਗੱਲਾਂ ਹਾਊਸ ਵਿਚ ਕੀਤੀਆਂ ਹਨ । ਉਨ੍ਹਾਂ ਨੇ ਕਿਹਾ ਕਿ ਇਹ ਟੈਕਸ ਸਾਰੀ ਜ਼ਮੀਨ ਉੱਤੇ ਲਾਇਆ ਜਾਵੇਗਾ । ਮੈਨੂੰ ਇਸ ਬਾਰੇ ਕੋਈ ਇਤਰਾਜ਼ ਨਹੀਂ ਹੈ । ਅਗਰ ਇਸ ਤਰ੍ਹਾਂ ਦੀਆਂ ਸਪੀਚਾਂ ਈਲੈਕਸ਼ਨ ਸਟੰਟ ਲਈ ਕੀਤੀਆਂ ਜਾਂਦੀਆਂ ਤਾਂ ਮੈਂ ਇਨ੍ਹਾਂ ਦੀ ਕਦਰ ਕਰਦਾ, ਲੇਕਿਨ ਹਾਊਸ ਵਿੱਚ ਈਲੈਕਸ਼ਨ ਸਟਟ ਜਿਹੀਆਂ ਸਪੀਚਾਂ ਨਹੀਂ ਹੋਣੀਆਂ ਚਾਹੀਦੀਆਂ ਹਨ ।

ਇਸ ਬਾਰੇ ਮੈਂ ਕੁਝ ਫਿਗਰਜ਼ ਇਕੱਠੀਆਂ ਕੀਤੀਆਂ ਹਨ । ਮੈਂ ਉਹ ਫਿਗਰਜ਼ ਹਾਊਸ ਵਿੱਚ ਪੇਸ਼ ਕਰਨਾ ਚਾਹੁੰਦਾ ਹਾਂ । ਇਹ ਫਿਗਰਜ਼ 1964 ਦੀਆਂ ਹਨ । ਮੈਂ ਨਹੀਂ ਕਹਿੰਦਾ ਕਿ ਜਿਹੜੀਆਂ ਫਿਗਰਜ਼ ਹਾਊਸ ਵਿੱਚ ਪੇਸ਼ ਕਰ ਰਿਹਾ ਹਾਂ ਉਹ ਬਿਲਕੁਲ ਠੀਕ ਹਨ । ਹਾਂ ਉਹ of course subject to correction ਹਨ । ਮੈਂ ਦੂਜੇ ਮੈਂਬਰਾਂ ਦੀ ਤਰ੍ਹਾਂ ਇਹ ਨਹੀਂ ਕਹਿੰਦਾ ਕਿ ਮੇਰੀ ਫਿਗਰਜ਼ ਬਿਲਕੁਲ ਠੀਕ ਹਨ । ਫਿਗਰਜ਼ ਵਿੱਚ ਥੋੜੀ ਬਹੁਤ ਗਲਤੀ ਹੋ ਸਕਦੀ ਹੈ । ਮੈਂ ਫਿਗਰਜ਼ ਹਾਊਸ ਵਿੱਚ ਪੇਸ਼ ਕਰਨੀ ਚਾਹੁੰਦਾ ਹਾਂ । After all to err is human. Total area under cultivation 1,85,94,214 ਏਕੜ ਹੈ and total

[ਮਾਲ ਮੰਤ੍ਰੀ]

area cultivated under Commercial Crops 23,71,278 ਏਕੜ ਹੈ । ਇਹ ਸਾਰੇ ਟੋਟਲ ਦਾ 12.7% ਹੈ । ਇਥੇ ਕਿਹਾ ਗਿਆ ਹੈ ਕਿ ਇਹ ਟੈਕਸ ਸਾਰੀ ਜ਼ਮੀਨ ਉੱਤੇ ਲਗੇਗਾ । ਇਹ ਗੱਲ ਮੇਰੀ ਸਮਝ ਵਿੱਚ ਨਹੀਂ ਆਈ । It is misrepresentation of facts. ਇਹ ਟੈਕਸ ਸਿਰਫ 3 ਮੈਚੋਰਡ ਫਸਲਾਂ ਉੱਤੇ ਲਗੇਗਾ । ਹਾਊਸ ਵਿੱਚ ਮਾਨਯੋਗ ਮੈਂਬਰਾਂ ਨੇ ਕਿਹਾ ਕਿ ਇਹ ਸਾਲ ਡਰਾਈ ਸਪੈਲ ਰਿਹਾ ਹੈ । ਇਸ ਸਾਲ ਟੈਕਸ ਲਾਉਣ ਦੀ ਕੋਈ ਗੁੰਜਾਇਸ਼ ਨਹੀਂ ਹੈ । ਅਗਰ ਕਿਸੇ ਜਗ੍ਹਾ ਫਸਲ ਨਹੀਂ ਹੋਈ ਤਾਂ ਉਥੇ ਟੈਕਖ ਕਿਵੇਂ ਲਗੇਗਾ ? ਅਗਰ ਉਥੇ ਖਰਾਬਾ ਸ਼ੋ ਕੀਤਾ ਗਿਆ ਤਾਂ ਵੀ ਇਹ ਟੈਕਸ ਕਿਵੇਂ ਵਸੂਲ ਕੀਤਾ ਜਾਵੇਗਾ । ਮਾਨਯੋਗ ਮੈਂਬਰਾਂ ਨੇ ਹਾਊਸ ਵਿੱਚ ਇਸ ਗੱਲ ਨੂੰ ਬਹੁਤ ਹੀ ਤੋੜ ਮਰੋੜ ਕੇ ਬਿਆਲ ਕੀਤਾ ਹੈ । ਮੈਂ ਦੂਜੇ ਸੂਬਿਆਂ ਦਾ ਮੁਕਾਬਲਾ ਆਪਣੇ ਸੂਬੇ ਦੀ ਕੁਝ ਚੀਜ਼ਾਂ ਦੇ ਨਾਲ ਕਰਨਾ ਚਾਹੁੰਦਾ ਹਾਂ । ਮਹਾਰਾਸ਼ਟਰ ਨੇ ਇਕ ਟੈਕਸ ਲਾਇਆ ਹੈ । ਉਸ ਐਕਟ ਦਾ ਨਾਂ The Maharashtra Education Cess Act, 1962, ਹੈ । ਉਥੇ ਸੈਸ Sugar cane grown on perennial irrigated land is Rs. 25 per acre and sugar cane grown in any other land is Rs 15 per acre. ਕਪਾਹ ਜਿੱਥੇ ਇਰੀਗੇਟਿਡ ਏਰੀਆ ਹੈ ਉਥੇ 5 ਰੁਪਏ ਫੀ ਏਕੜ ਸੈਸ ਲਗਿਆ ਹੋਇਆ ਹੈ । ਹੋਰ ਚੀਜ਼ਾਂ ਪੰਜਾਬ ਵਿੱਚ ਪੈਦਾ ਨਹੀਂ ਹੁੰਦੀਆਂ ਇਸ ਲਈ ਉਨ੍ਹਾਂ ਫਿਗਰਜ਼ ਨੂੰ ਹਾਊਸ ਵਿੱਚ ਪੇਸ਼ ਕਰਕੇ ਵਕਤ ਜ਼ਾਇਆ ਨਹੀਂ ਕਰਨਾ ਚਾਹੁੰਦਾ ਹਾਂ ।

ਡਿਪਟੀ ਸਪੀਕਰ ਸਾਹਿਬਾ, ਇਥੇ ਕਿਹਾ ਗਿਆ ਹੈ ਕਿ ਇਸ ਟੈਕਸ ਦਾ ਡੀਮਾਰੇਲਾਈਜ਼ਿੰਗ ਈਫੈਕਟ ਹੋਵੇਗਾ । ਡਿਮਾਰੇਲਾਈਜ਼ੰਗਿ ਈਫੈਕਟ ਕਹਿਣ ਨਾਲ ਨਹੀਂ ਹੋ ਜਾਂਦਾ ਹੈ । ਅਗਰ ਹੁੰਦਾ ਹੈ ਤਾਂ ਉਸੇ ਲਈ ਹਾਊਸ ਵਿੱਚ ਫਿਗਰਜ਼ ਪੇਸ਼ ਕਰਨੀਆਂ ਚਾਹੀਦੀਆਂ ਹਨ ਜਿਸ ਤੋਂ ਉਨ੍ਹਾਂ ਨੂੰ ਆਪਣਾ ਕੇਸ ਪਲੀਡ ਕਰਨ ਲਈ ਸਪੋਰਟ ਮਿਲ ਸਕੇ । ਮੇਰੇ ਪਾਸ ਪਿਛਲੇ ਦੋ ਸਾਲਾਂ ਦੀਆਂ ਫਿਗਰਜ਼ ਮੌਜੂਦ ਹਨ । ਇਨ੍ਹਾਂ ਕਰਾਪਸ ਦੇ ਅੰਡਰ ਜਿਹੜਾ ਏਰੀਆ ਹੈ ਉਹ 2 ਸਾਲਾਂ ਵਿੱਚ ਵਧਿਆ ਹੀ ਹੈ । ਘਟਿਆ ਨਹੀਂ ਹੈ । ਭਾਵੇਂ ਇਹ 100 ਏਕੜ ਸੀ ਜਾਂ 1000 ਏਕੜ ਸੀ । ਇਸ ਵਿੱਚ ਇਜ਼ਾਫਾ ਹੀ ਹੋਇਆ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ 3 ਕਰਾਪਸ ਵਿੱਚ ਇਜ਼ਾਫਾ ਹੀ ਹੋਇਆ ਹੈ । ਅਗਰ ਵਾਧਾ ਨਹੀਂ ਹੋਇਆ ਤਾਂ ਭੀ ਘਾਟਾ ਨਹੀਂ ਹੋਇਆ । ਅਗਰ ਫਾਰ ਦੀ ਸੇਕ ਆਫ ਆਰਗੂਮੈਂਟ ਇਹ ਮੰਨ ਭੀ ਲਈ ਜਾਵੇ ਕਿ ਇਸ ਵਿੱਚ ਵਾਧਾ ਨਹੀਂ ਹੋਇਆ ਅਤੇ ਉਨ੍ਹਾ ਹੀ ਰਿਹਾ ਤਾਂ ਇਸ ਦਾ ਮਤਲਬ ਇਹ ਹੈ ਕਿ ਇਨ੍ਹਾਂ ਕਰਾਪਸ ਵਿੱਚ ਕੋਈ ਕਮੀ ਨਹੀਂ ਹੋਈ । ਇਸ ਤਰ੍ਹਾਂ ਕਹਿਣ ਦੇ ਨਾਲ ਡੀਮਾਰੇਲਾਈਜਿੰਗ ਈਫੈਕਟ ਨਹੀਂ ਹੋ ਜਾਂਦਾ ਹੈ । ਇਥੇ ਕਿਹਾ ਗਿਆ ਕਿ ਗੰਨੇ ਤੋਂ ਸ਼ੂਗਰ ਬਣਦੀ ਹੈ । ਸ਼ੂਗਰ ਬਾਹਰ ਭੇਜ ਕੇ ਫਾਰੇਨ ਐਕਸਚੇਂਜ ਅਰਨ ਕੀਤੀ ਜਾਂਦੀ ਹੈ । ਇਸ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਟੈਕਸ ਦਾ ਕੋਈ ਡੈਂਪਨਿੰਗ ਈਫੈਕਟ ਨਹੀਂ ਹੈ । ਮੇਰੀ ਰਾਏ ਹੈ ਅਤੇ ਮਾਨਯੋਗ ਮੈਂਬਰ ਭੀ ਐਗਰੀ ਕਰਨਗੇ ਕਿ ਫੂਡਗਰੇਨ ਅਤੇ ਖੁਰਾਕ ਦਾ ਮਸਲਾ ਫਾਰੇਨ ਐਕਸਚੇਂਜ ਤੋਂ ਘਟ ਨਹੀਂ ਹੈ । ਇਥੇ ਕਿਹਾ ਗਿਆ ਕਿ ਸਰਕਾਰ ਇਕ ਪਾਸੇ ਟੈਕਸ ਲਾਉਂਦੀ ਹੈ ਅਤੇ ਦੂਜੇ ਪਾਸੇ ਟੈਕਸਾਂ ਤੋਂ ਛੋਟ ਦਿੰਦੀ ਜਾਂਦੀ ਹੈ । ਉਨ੍ਹਾਂ ਦਾ ਇਸ਼ਾਰਾ ਸਟੈਂਪ ਡਿਊਟੀ ਤੋਂ ਹੈ । ਪਹਿਲਾਂ 13% ਸੀ ਅਤੇ ਇਸ ਸਰਕਾਰ ਨੇ 6% ਕਰ ਦਿੱਤਾ ਹੈ ।

ਬਾਬੂ ਬਚਨ ਸਿੰਘ : ਮਾਨਯੋਗ ਮਨਿਸਟਰ ਸਾਹਿਬ ਮਰਲਾ ਟੈਕਸ ਦੇ ਬਾਰੇ ਭੀ ਕੁਝ ਦੱਸਣ । (ਵਿਘਨ)

ਮਾਲ ਮੰਤ੍ਰੀ : ਮਾਨਯੋਗ ਮੈਂਬਰ ਸੁਣਨ । ਮਾਨਯੋਗ ਮੈਂਬਰ ਨੂੰ ਸਭ ਕੁਝ ਦੱਸਣ ਦੀ ਕੋਸ਼ਿਸ਼ ਕਰਾਂਗਾ । (ਵਿਘਨ)

ਸਰਦਾਰ ਗੁਰਨਾਮ ਸਿੰਘ : ਪਿਛਲੀ ਕਾਂਗਰਸ ਸਰਕਾਰ ਨੇ ਸਟੈਂਪ ਡਿਊਟੀ 3% ਤੋਂ ਵਧਾਕੇ 13% ਕਰ ਦਿੱਤੀ ਸੀ ।

ਮਾਲ ਮੰਤਰੀ : ਮੇਰੇ ਦੋਸਤ ਕਹਿੰਦੇ ਹਨ ਕਿ 13% ਤੋਂ 6% ਤੇ ਲੈ ਆਏ । ਮੇਰੀ ਅਰਜ਼ ਹੈ ਕਿ ਜਿਸ ਵਕਤ ਸਰਕਾਰ ਨੇ ਵੇਖਿਆ ਕਿ ਉਸ ਦੇ ਨਾਲ ਇਵੇਯਨ ਹੁੰਦਾ ਹੈ, ਲੋਕਾਂ ਦੀ within paying capacity ਨਹੀਂ ਹੈ ਤਾਂ ਬਜਾਏ ਇਸ ਦੇ ਕਿ ਸਰਕਾਰ ਲੋਕਾਂ ਨੂੰ ਮਜਬੂਰ ਕਰਦੀ ਅਤੇ ਉਹ ਡਾਕੂਮੈਂਟਸ ਨੂੰ ਅੰਡਰ-ਰਾਈਟ ਕਰਕੇ ਇਵੇਯਨ ਕਰਨ, ਉਸ ਨੇ ਕੀ ਮਾੜਾ ਕੰਮ ਕੀਤਾ ਹੈ ਕਿ ਲੋਕਾਂ ਨੂੰ ਔਨੈਸਟੀ ਵਲ ਲਗਾ ਦਿੱਤਾ ਹੈ ? ਮੈਂਬਰਜ਼ ਨੂੰ ਚਾਹੀਦਾ ਹੈ ਕਿ facts ਨੂੰ ਵੇਖਣ, ਫਿਗਰਜ਼ ਨੂੰ ਵੇਖਣ ਅਤੇ ਉਨ੍ਹਾਂ ਦੀ ਬਿਨਾ ਤੇ ਗੱਲ ਕਰਨ । ਇਕ ਮੈਂਬਰ ਸਾਹਿਬ ਨੇ ਐਵੇਂ ਹੀ ਕਹਿ ਦਿੱਤਾ ਕਿ ਆਮਦਨੀ ਵਿੱਚ ਘਾਟਾ ਪੈ ਗਿਆ ਹੈ ਤਾਂ ਟੈਕਸ ਲਗਾਇਆ ਜਾ ਰਿਹਾ ਹੈ । ਉਹ ਬਜ਼ੁਰਗ ਹਨ, ਮੈਂ ਕੁਝ ਕਹਿੰਦਾ ਚੰਗਾ ਨਹੀਂ ਲਗਦਾ । ਸੈਕਰੇਟਰੀਏਟ ਵਿਚ ਫਾਈਲਾਂ ਮੌਜੂਦ ਹਨ, ਫੈਕਟਸ ਫਿਗਰਜ਼ ਮੌਜੂਦ ਹਨ, ਉਨ੍ਹਾਂ ਨੂੰ ਵੇਖ ਕੇ ਬੋਲਣ ਐਵੇਂ ਹੀ ਨਾ ਬੋਲਦੇ ਜਾਣ । ਕਿਸੇ ਤਰ੍ਹਾਂ ਵੀ ਆਮਦਨੀ ਵਿੱਚ ਘਾਟਾ ਨਹੀਂ ਪਿਆ। ਇਸ ਲਈ, ਉਨ੍ਹਾਂ ਦੀ ਇਹ ਦਲੀਲ absolutely falls flat on the ground. ਡਿਪਟੀ ਸਪੀਕਰ ਸਾਹਿਬਾ, ਫਿਰ ਵੀ ਇਹ ਗੱਲ ਜਾਣਦਿਆਂ ਹੋਇਆਂ ਕਿ ਸਰਕਾਰ ਚਾਹੇ ਕਿਸੇ ਪਾਰਟੀ ਦੀ ਹੋਵੇ ਉਸ ਨੂੰ ਸਮੁੱਚੇ ਤੌਰ ਤੇ ਮੈਂਬਰਾਂ ਦੇ ਖ਼ਿਆਲਾਤ ਦਾ ਅਤੇ ਵਿਚਾਰਾਂ ਦਾ ਇਹਤਰਾਮ ਕਰਨਾ ਚਾਹੀਦਾ ਹੈ, ਉਨ੍ਹਾਂ ਦੇ ਖ਼ਿਆਲਾਤ ਦਾ ਇਹਤਰਾਮ ਕਰਦਿਆਂ ਹੋਇਆਂ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਤਿੰਨ ਜ਼ਿਲ੍ਹੇ ਫ਼ੀਰੋਜ਼ਪੁਰ, ਅੰਮ੍ਰਿਤਸਰ ਅਤੇ ਗੁਰਦਾਸ-ਪੁਰ ਜਿਹੜੇ ਬਾਰਡਰ ਡਿਸਟ੍ਰਿਕਟਸ ਹਨ, ਅਤੇ ਡਾਇਰੈਕਟਲੀ ਵਾਰ ਹਿਟ ਹਨ, ਜਿਨ੍ਹਾਂ ਨੇ ਲੜਾਈ ਦਾ ਸਾਰਾ ਬ੍ਰੂੰਟ ਬੇਅਰ ਕੀਤਾ ਹੈ, ਉਨ੍ਹਾਂ ਜ਼ਿਲ੍ਹਿਆਂ ਕੋਲੋਂ ਇਕ ਸਾਲ ਵਾਸਤੇ ਕੋਈ ਟੈਕਸ ਵਸੂਲ ਨਹੀਂ ਕੀਤਾ ਜਾਵੇਗਾ......

ਇਕ ਆਵਾਜ਼ : ਟੋਟਲ ਟੈਕਸ ਦੇ ਬਾਰੇ ਦਸੋ ।

ਮਾਲ ਮੰਤ੍ਰੀ : ਟੋਟਲ ਟੈਕਸ ਵੇਰੀ ਕਰਦਾ ਰਹਿੰਦਾ ਹੈ। ਜੇਕਰ ਤੁਸੀਂ ਧਿਆਨ ਨਾਲ ਸੁਣੋਗੇ ਤਾਂ ਚਾਹੇ ਮੈਨੂੰ ਸ਼ਾਬਾਸ਼ ਦਿਉ ਚਾਹੇ ਨਾ ਦਿਉ, ਮੈਂ ਸਾਰੇ ਫੈਕਟਸ ਫਿਗਰਜ਼ ਤਿਆਰ ਕਰਕੇ ਲਿਆ-ਇਆ ਹਾਂ । ਮੈਂ ਇਸੇ ਤਰ੍ਹਾਂ ਨਹੀਂ ਆ ਜਾਂਦਾ lest I may be caught unaware. ਅਤੇ ਇਹ ਗੱਲ ਕਹੀ ਜਾਵੇ ਕਿ ਗੌਰਮਿੰਟ ਨੂੰ ਪਤਾ ਹੀ ਨਹੀਂ ਹੈ ਕਿ ਕੀ ਕਹਿ ਰਹੀ ਹੈ । ਇਸ ਦੀ ਇਨਕਮ 65 ਲੱਖ ਤੋਂ 63 ਲੱਖ ਤਕ ਵੇਅਰੀ ਕਰਦੀ ਹੈ । ਇਹ ਡੀਪੈਂਡ ਕਰਦਾ ਹੈ ਇਸ ਗੱਲ ਤੇ ਕਿ ਕਿੰਨਾ ਰਕਬਾ ਕਰਾਪਸ ਦੇ ਹੇਠਾਂ ਹੈ । I again say subject to correction ਕਿ 1963-64 ਵਿੱਚ ਜੋ ਡੀਮਾਂਡ ਕਰਾਪਸ ਦੇ ਸਿਲਸਿਲੇ ਵਿੱਚ ਕ੍ਰੀਏਟ ਕੀਤੀ ਗਈ ਸੀ ਉਹ 7317659 ਦੀ ਸੀ । ਜਿਹੜੀ ਡੀਮਾਂਡ 1964-65 ਵਿੱਚ ਸਾਰੀ ਸਟੇਟ ਲਈ ਕ੍ਰੀਏਟ ਕੀਤੀ ਸੀ ਉਹ 6647439 ਦੀ ਸੀ । ਜਿਸ ਤਰ੍ਹਾਂ ਮੈਂ ਬੇਨਤੀ ਕੀਤੀ ਹੈ ਜੇਕਰ ਤਿੰਨਾਂ ਜ਼ਿਲ੍ਹਿਆਂ ਨੂੰ ਵਿਚੋਂ ਕਢ ਦੇਈਏ, ਉਨ੍ਹਾਂ ਕੋਲੋਂ ਕੋਈ ਵਸੂਲੀ ਨਾ ਕਰੀਏ ਤਾਂ 1964-65 ਵਿੱਚ 31.5% ਆਫ ਦੀ ਟੋਟਲ ਡੀਮਾਂਡ ਬਣ ਜਾਂਦੀ ਹੈ । 1963-64 ਵਿੱਚ ਕੈਲਕੂਲੇਸ਼ਨ ਦੇ ਹਿਸਾਬ ਨਾਲ 34.4 ਆਫ ਦੀ ਟੋਟਲ ਡੀਮਾਂਡ ਬਣ ਜਾਂਦੀ ਹੈ । ਜਿਸ ਵੇਲੇ ਇਹ ਰਕਮ ਵਿਚੋਂ ਨਿਕਲ ਜਾਵੇ ਤਾਂ ਬਾਕੀ ਰਹਿ ਕੁਝ ਨਹੀਂ ਜਾਂਦਾ । ਮੈਂ ਹੁਣ ਇਕ ਨੈਗੇਟਿਵ ਆਰਗੂਮੈਂਟ ਵੀ ਦੇਣ ਲੱਗਾ ਹਾਂ ਜਿਹੜੀ ਕਿ ਰੀਜ਼ਨ ਨਾਲ ਸਪੋਰਟ ਨਹੀਂ ਹੋ ਸਕਦੀ

[ਮਾਲ ਮੰਤ੍ਰੀ]

ਜੋ ਕੱਟ ਕੀਤੀ ਗਈ ਹੈ ਉਸ ਦੇ ਮੁਤੱਲਿਕ ਜੇਕਰ ਪ੍ਰੀਜ਼ੀਊਮ ਕਰ ਲਿਆ ਜਾਵੇ ਕਿ ਐਬਸੋਲੀਊਟਲੀ ਇਨਕੁਰੈਕਟ ਹੈ ਜਿਹੜੀ ਕਈ ਮੈਂਬਰ ਸਾਹਿਬਾਨ ਨੇ ਜਿਸ ਰੰਗ ਵਿੱਚ ਪੇਸ਼ ਕੀਤੀ ਹੈ ਕਿ ਸਾਰੇ ਜ਼ਿਮੀਂਦਾਰਾਂ ਤੇ ਸਾਰੀ ਜ਼ਮੀਨ ਤੇ ਸੈਸ ਲਗਾ ਦਿੱਤਾ ਹੈ ਜੇਕਰ ਇਸ ਦੀ ਕੰਟੈਨਸ਼ਨ ਵੀ ਚੈਲੈਂਜ ਨਾ ਕਰੀਏ, ਦਰੁਸਤ ਮੰਨ ਲਈਏ ਤਾਂ ਗੋ ਮੈਂ ਦੁਕਾਨਦਾਰ ਤਾਂ ਨਹੀਂ ਕਿ ਚੰਗਾ ਹਿਸਾਬ ਕਿਤਾਬ ਰਖ ਸਕਾਂ, ਪਰ ਕੋਸ਼ਿਸ਼ ਕੀਤੀ ਹੈ ਕਿ ਸਾਰੀ ਡੀਮਾਂਡ ਟੋਟਲ ਕਲਟੀਵੇਟਿਡ ਏਰੀਏ ਤੇਂ ਕੁਰੈਕਟਲੀ ਸਪਰੈਡ ਆਊਟ ਕਰ ਦੇਵਾਂ ।ਮੇਰੇ ਹਿਸਾਬ ਨਾਲ ਪਰ ਏਕੜ ਤਾਂ 35 ਪੈਸੇ ਸੈਸ ਬਣਦਾ ਹੈ। ਤੁਸੀਂ ਹਿਸਾਬ ਲਗਾਉ ਕਿ ਉਹ ਆਰਗੂਮੈਂਟ ਕੀ ਹੋਈ । 35 ਪੈਸੇ ਪਰ ਏਕੜ ਕੋਈ ਸੈਸ ਹੁੰਦਾ ਹੈ.. (*Interruption*)

ਇਕ ਆਵਾਜ਼ : ਜੁਲਾਹਿਆਂ ਵਾਲਾ ਹਿਸਾਬ......

ਮਾਲ ਮੰਤ੍ਰੀ : ਇਹ ਕੀ ਪਤਾ ਹੈ ਕਿ ਜੁਲਾਹਾ ਕੌਣ ਹੈ ......(*Interruption*)

ਮੈਂ ਤਾਂ ਆਪਣੇ ਮੂੰਹ ਨਾਲ ਕੋਈ ਅਨਪਾਰਲੀਮੈਂਟਰੀ ਸ਼ਬਦ ਇਸਤੇਮਾਲ ਨਹੀਂ ਕਰਨਾ । ਮੈਂ ਤਾਂ ਕਹਿ ਚੁੱਕਾ ਹਾਂ ਕਿ:—

ਆਪਸ ਕੋ ਜੋ ਜਾਣੇ ਨੀਚਾ,
ਸੋਊ ਗੁਨੀਏ ਸਭ ਤੇ ਊਚਾ ।

ਮੈਨੂੰ ਪਤਾ ਨਹੀਂ ਕਿ ਤੁਹਾਡਾ ਇਸ਼ਾਰਾ ਕਿਸ ਪਾਸੇ ਵਲ ਹੈ.....ਮੈਂ ਤਾਂ ਇਹ ਸ਼ਬਦ ਸੁਣੇ ਸਨ । (*Interruption*)

ਇਹ ਕਿਹਾ ਗਿਆ ਸੀ ਕਿ ਪਲਾਨਿੰਗ ਕਮਿਸ਼ਨ ਦੇ ਸਾਹਮਣੇ ਕੇਸ ਨਹੀਂ ਰਖਿਆ ਗਿਆ । ਮੇਰੀ ਅਰਜ਼ ਹੈ ਕਿ ਪਲਾਨਿੰਗ ਕਮਿਸ਼ਨ ਦੇ ਸਾਹਮਣੇ ਪੂਰਾ ਕੇਸ ਰਖਿਆ ਗਿਆ ਸੀ ......

ਡਾਕਟਰ ਬਲਦੇਵ ਪ੍ਰਕਾਸ਼ : ਕੋਈ ਟੈਕਸ ਦੀ ਗੱਲ ਵੀ ਕਰੋ ।

ਮਾਲ ਮੰਤਰੀ: ਡਾਕਟਰ ਬਲਦੇਵ ਪ੍ਰਕਾਸ਼ ਜੀ ਨੇ ਕਿਹਾ ਹੈ ਕਿ ਕੋਈ ਟੈਕਸ ਦੀ ਗਲ ਕੱਰੋ ਉਹ ਮੇਰੇ ਜ਼ਿਲੇ ਦੇ ਵੀ ਹਨ ਮੈਂ ਉਨ੍ਹਾਂ ਦੀ ਬੜੀ ਇਜ਼ਤ ਕਰਦਾ ਹਾਂ । ਮੈਨੂੰ ਖੁਸ਼ੀ ਵੀ ਹੁੰਦੀ ਹੈ, ਜੇਕਰ ਚੁੰਜਬਾਜ਼ੀ ਹੁੰਦੀ ਰਹੇ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਕਿਉਂਜੋ ਹਸਾਉਣਾ ਵੀ ਤਾਂ ਸਾਡਾ ਫਰਜ਼ ਹੈ, ਹਰ ਵਕਤ ਨਰਵਸ ਟੈਨਸ਼ਨ ਨਹੀਂ ਰਹਿਣੀ ਚਾਹੀਦੀ । ਇਨ੍ਹਾਂ ਨੇ ਬਿਲਕੁਲ ਉਹੋ ਗਲ ਕੀਤੀ ਹੈ ਕਿ ਸਾਰੀ ਰਾਤ ਤਾਂ ਹੀਰ ਪੜ੍ਹਦੇ ਰਹੇ ਪਰ ਸਵੇਰੇ ਉਠ ਕੇ ਪੁਛਣ ਲਗੇ ਕਿ ਹੀਰ ਆਦਮੀ ਸੀ ਜਾਂ ਜ਼ਨਾਨੀ । (ਹਾਸਾ) ਮੇਰੇ ਕੋਲ ਜਿੰਨੀ ਸਮਰਥਾ ਸੀ ਉਸ ਦੇ ਮੁਤਾਬਕ ਮੈਂ ਹਰ ਪਹਿਲੂ ਤੇ ਇਸ ਮਾਮਲੇ ਤੇ ਰੋਸ਼ਨੀ ਪਾ ਦਿੱਤੀ ਹੈ...(Interruption)(ਹੀਰ ਤੇ ਰੋਸ਼ਨੀ ਪਾ ਦਿੱਤੀ ਹੈ) ਮੈਂ ਤੁਹਾਨੂੰ ਹੀਰ ਦੀ ਕਿਤਾਬ ਲਿਆ ਦੇਵਾਂਗਾ ਤੁਸੀਂ ਉਸ ਨੂੰ ਪੜ੍ਹ ਕੇ ਵੇਖ ਲੈਣਾ । ਉਹ ਕੁੱਜੇ ਵਿੱਚ ਸਮੁੰਦਰ ਬੰਦ ਕੀਤਾ ਹੋਇਆ ਹੈ । ਉਸ ਵਿੱਚ ਬੜੇ ਚੰਗੇ ਸਿਧਾਂਤ ਹਨ, ਬੜੀਆਂ ਚੰਗੀਆਂ ਗੱਲਾਂ ਉਸ ਵਿੱਚ ਦਰਜ ਹਨ ਪੜ੍ਹ ਕੇ ਵੇਖੋ ।(Interruptions)

ਡਿਪਟੀ ਸਪੀਕਰ ਸਾਹਿਬਾ, ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਹੈ, ਜਿੰਨ੍ਹਾਂ ਹਾਲਾਤ ਵਿੱਚ ਇਹ ਪਹਿਲੇ ਲਾਗੂ ਕੀਤਾ ਗਿਆ ਸੀ ਖ਼ਿਆਲ ਇਹ ਸੀ ਕਿ ਇਸ ਨੂੰ ਦੋਬਾਰਾ ਲਾਗੂ ਕਰਨ ਦੀ ਜ਼ਰੂਰਤ ਨਹੀਂ ਪਵੇਗੀ। ਮੈਂ ਬੜੀ ਆਜਜ਼ੀ ਅਤੇ ਇਨਕਸਾਰੀ ਨਾਲ ਲੇਕਿਨ with all the emphasis atmy command ਮੈਂਬਰ ਸਾਹਿਬਾਨ ਦੀ ਸੇਵਾ ਵਿੱਚ ਅਰਜ਼ ਕਰਾਂਗਾ ਕਿ ਜਿਸ ਵੇਲੇ ਸੈਸ ਲਗਾਇਆ

ਗਿਆ ਸੀ ਉਸ ਵੇਲੇ ਚਾਹੇ ਇਹ ਕਿਹਾ ਗਿਆ ਸੀ ਕਿ ਥਰਡ ਫਾਈਵ ਯੀਅਰ ਪਲਾਨ ਦੀ ਇੰਪਲੀਮੈਂਟੇਸ਼ਨ ਲਈ ਰੁਪਿਆ ਚਾਹੀਦਾ ਹੈ, ਪਰ ਜੇ ਮੈਂ ਗ਼ਲਤੀ ਨਹੀਂ ਕਰਦਾ ਤਾਂ side by side ਉਸ ਵੇਲੇ ਚਾਈਨੀਜ਼ ਅਗ੍ਰੈਸ਼ਨ ਦਾ ਅਸਰ ਵੀ ਮਨਾਂ ਤੇ ਹੈ ਸੀ। ਚਾਈਨੀਜ਼ ਅਗ੍ਰੈਸ਼ਨ ਦਾ ਖਤਰਾ ਚਾਹੇ ਸਾਰੇ ਹਿੰਦੁਸਤਾਨ ਨੂੰ ਸੀ ਪਰ ਪੰਜਾਬ ਤਾਂ ਉਸ ਤੋਂ ਸੈਂਕੜੇ ਕੋਹ ਦੂਰ ਸੀ। ਲੇਕਿਨ ਹੁਣ ਜਦੋਂ ਲੜਾਈ ਦਾ ਪੰਜਾਬ ਤੇ ਡਾਇਰੈਕਟ ਇੰਪੈਕਟ ਪਿਆ ਹੈ ਤਾਂ ਇਸ ਸੈਸ ਨੂੰ continue ਕਰਨ ਲਈ ਹੋਰ ਵੀ ਕਈ ਗੁਣਾ ਰੀਜ਼ਨ ਬਣ ਜਾਂਦੇ ਹਨ।

ਸੋ ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਇਹ ਬੜਾ ਇਨੋਸੈਂਟ ਮੇਈਅਰ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦੇ ਦੁਆਰਾ ਹਾਊਸ ਕੋਲ ਬੇਨਤੀ ਕਰਾਂਗਾ ਕਿ ਇਸ ਮੋਸ਼ਨ ਨੂੰ ਪਾਸ ਕੀਤਾ ਜਾਵੇ। (Cheers from the Treasury Benches.)

Deputy Speaker : Now I will put the amendments to the vote of the House. The first amendment is in the names of Comrade Bhan Singh Bhaura, Comrade Gurbakhsh Singh and Comrade Babu Singh Master.

Question is—

That the Punjab Commercial Crops Cess (Amendment) Bill 1965, be circulated for eliciting public opinion thereon by the 31st December, 1965.

The motion was lost

Deputy Speaker : The next Amendment is in the names of Comrade Jagir Singh Joga and Comrade Shamsher Singh Josh.

Question is—

That the Punjab Commercial Crops Cess (Amendment) Bill, 1965, be circulated for eliciting pnblic opinion thereon by the 31st December, 1965.

The motion was lost.

Deputy Speaker : The other amendment is in the names of Babu Bachan Singh and Shri Ajit Kumar.

Question is—

That the Punjab Commercial Crops Cess (Amendment) Bill, 1965, be circulated for eliciting public opinion thereon up to 31 st January, 1966.

The motion was lost.

Deputy Speaker : Now I will put the main motion to the vote of the House.

Qnestion is—

That the Punjab Commercial Crops Cess (Amendment) Bill be taken into consideration at once.

The House divided.

डाक्टर बलदेव प्रकाश: आन ए प्वायंट आफ आर्डर, मैडम। डिप्टी स्पीकर साहिबा, इस रिज़ल्ट को एनाऊंस करने से पहले आप मेरी बात को सुन लीजिये।

Sardar Gurnam Singh : Madam, they (pointing towards Treasury Benches) are molesting a member.

उपाध्यक्षा : डाक्टर बलदेव प्रकाश, आप क्या कहना चाहते हैं? (What does the hon. Member Dr. Baldev Parkash want to say ?)

डाक्टर बलदेव प्रकाश : मैडम, मैं प्वायंट आफ आर्डर पर खड़ा हूँ। मैं चाहता हूँ कि रिज़ल्ट एनाऊंस करने से पहले आप मेरी बातें सुन लीजिये। जो अभी अभी वोटिंग हुई है उसी के सम्बन्ध में मेरा प्वायंट आफ आर्डर है।

डिप्टी स्पीकर साहिबा, उधर आपके राईट पर जो लाबी है वहां कुछ आनरेबल मैम्बरज़ को अपना वोट देने के लिए मजबूर किया जा रहा है। जिस लिस्ट पर मैम्बरों के वोट मार्क किये जाते हैं, वह छपी हुई होती है और हरेक मैम्बर के नाम के आगे नम्बर दिया होता है। वह नम्बर बोल दिया जाता है तो उस मैम्बर का वोट दिया समझ कर वहां मार्क कर लिया जाता है .....

श्री सुरेन्द्र नाथ गौतम : आन ए प्वायंट आफ आर्डर, मैडम। यह बिल्कुल झूठ कह रहे हैं। किसी मैम्बर को मजबूर नहीं किया जा रहा।

डाक्टर बलदेव प्रकाश : डिप्टी स्पीकर साहिबा, पहले आप मेरी बात को सुन लीजिये। कुछ मैम्बरज़ के साथ यह हो रहा है कि उनको यहां से ज़बरदस्ती ले जाया जाता है और वहां जो आपका लिखने वाला आदमी बैठा है उसे उसको दिखा कर साथ ही उसका नम्बर बोल दिया जाता है हालांकि वह "न न" कर रहा होता है। अब वहां पर यह हो रहा है। आप जाकर चेक कर सकती हैं। मेरे ख्याल में तकरीबन 20 या 25 मैम्बरज़ ऐसे हैं जिनकी मर्ज़ी के खिलाफ उनके वोट डाले गए समझे गए हैं। इसलिये मेरी आपसे गुज़ारिश है कि डिवीज़न का रिज़ल्ट एनाऊंस करने से पहले दोबारा वोटिंग कराई जाए। (बहुत शोर)

Deputy Speaker : Order please.

ਵਿਕਾਸ ਤੇ ਸਿੰਜਾਈ ਅਤੇ ਬਿਜਲੀ ਦੇ ਉਪ-ਮੰਤਰੀ (ਸਰਦਾਰ ਗੁਰਮੀਤ ਸਿੰਘ) : ਡਿਪਟੀ ਸਪੀਕਰ ਸਾਹਿਬਾ, ਇਹ ਇਨ੍ਹਾਂ ਨੇ ਬਾਜ਼ਾਰੀ ਤਕਰੀਰ ਕੀਤੀ ਹੈ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬਾ, ਡਾਕਟਰ ਸਾਹਿਬ ਨੇ ਜੋ ਕੁਝ ਕਿਹਾ ਹੈ ਮੈਂ ਉਸਦੀ ਪਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਜੋ ਕੁਝ ਉਨ੍ਹਾਂ ਨੇ ਕਿਹਾ ਹੈ ਉਸ ਦਾ ਸਬੂਤ ਇਸ ਰੂਲਿੰਗ ਪਾਰਟੀ ਨੇ ਇਥੇ ਹੀ ਦੇ ਦਿੱਤਾ ਹੈ। ਆਪ ਨੇ ਦੇਖਿਆ ਹੈ ਕਿ ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ ਇਥੇ ਬੈਠੇ ਹੋਏ ਸੀ ਔਰ ਉਨ੍ਹਾਂ ਨੂੰ ਚੌਧਰੀ ਦਰਸ਼ਨ ਸਿੰਘ ਆ ਕੇ ਘਸੀਟ ਕੇ ਵੋਟ ਪਾਣ ਵਾਸਤੇ ਲੈ ਗਏ ਹਨ। ਫਿਰ ਕਈ ਮੈਂਬਰ ਜੋ ਇਥੇ ਇਸ ਬਿਲ ਦੇ ਖਿਲਾਫ ਪਰੋਟੈਸਟ ਸ਼ੋ ਕਰਨ ਲਈ ਕਾਲੇ ਬਿਲੇ ਲਾ ਕੇ ਆਏ ਹੋਏ ਸੀ, ਉਨ੍ਹਾਂ ਨੂੰ ਵੀ ਇਸ ਦੇ ਹੱਕ ਵਿੱਚ ਵੋਟ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਫਿਰ ਇਕ ਮੈਂਬਰ ਸਰਦਾਰ ਕੁਲਬੀਰ ਸਿੰਘ, ਜੋ ਉਨ੍ਹਾਂ ਨੂੰ ਛੁੜਾਨ ਦੀ ਕੋਸ਼ਿਸ਼ ਕਰ ਰਹੇ ਸੀ ਉਨ੍ਹਾਂ ਦੀ ਇਸ ਖਿਚਾ ਖਿਚੀ ਵਿੱਚ ਉਂਗਲੀ ਜ਼ਖਮੀ ਹੋ ਗਈ ਹੈ ਜਿਸ ਨੂੰ ਤੁਸੀਂ ਖੁਦ ਦੇਖ ਸਕਦੀ ਹੋ। ਉਸ ਵਿਚੋਂ ਖੂਨ ਨਿਕਲ ਰਿਹਾ ਹੈ। ਇਸ ਲਈ ਆਪ ਅੱਗੇ ਮੈਂ ਅਰਜ਼ ਕਰਦਾ ਹਾਂ ਕਿ ਇਸ ਬਾਰੇ ਦੋਬਾਰਾ ਵੋਟਿੰਗ ਹੋਣੀ ਚਾਹੀਦੀ ਹੈ। ਇਹ ਸਰਕਾਰ ਕਿਸਾਨਾ ਦੀ ਦੁਸ਼ਮਣ ਹੈ।

ਡਿਪਟੀ ਸਪੀਕਰ : ਮੈਂ ਇਹ ਗੱਲ ਨਹੀਂ ਮੰਨ ਸਕਦੀ ਕਿ ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ ਨੂੰ ਕੋਈ ਚੁੱਕ ਕੇ ਲੈ ਗਿਆ ਹੋਵੇ। ਉਹ ਕਿਸੇ ਤੋਂ ਚੁੱਕੇ ਨਹੀਂ ਜਾ ਸਕਦੇ। (I cannot believe that the hon. Member Sardar Narain Singh Shahbazpuri has been bodily lifted as I think it is impossible for any one to do so.)

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਡਿਪਟੀ ਸਪੀਕਰ ਸਾਹਿਬਾ, ਕੋਈ ਗੱਲ ਨਹੀਂ। ਮੈਂ ਇਨ੍ਹਾਂ ਦੇ ਟੱਬਰ ਦਾ ਬੰਦਾ ਹਾਂ, ਇਹ ਮੈਨੂੰ ਕੋਈ ਗੱਲ ਵੀ ਕਹਿ ਸਕਦੇ ਹਨ। ਲੇਕਿਨ ਮੈਨੂੰ ਅਫਸੋਸ ਨਾਲ ਇਹ ਕਹਿਣਾ ਪੈਂਦਾ ਹੈ ਕਿ ਮੈਨੂੰ ਅਜ ਤੁਸੀਂ ਇਸ ਬਿਲ ਤੇ ਬੋਲਣ ਨਹੀਂ ਦਿੱਤਾ ਕਿਉਂਕਿ ਤੁਹਾਨੂੰ ਇਸ ਤਰ੍ਹਾਂ ਕਰਨ ਤੋਂ ਸਾਡੀ ਪਾਰਟੀ ਦੇ ਲੀਡਰ ਨੇ ਰੋਕਿਆ ਹੈ। ਮੈਂ ਸਮਝਦਾ ਹਾਂ ਕਿ ਜਦੋਂ ਮੈਨੂੰ ਇਨ੍ਹਾਂ ਨੇ ਬੋਲਣ ਨਹੀਂ ਦਿੱਤਾ ਤਾਂ ਮੈਨੂੰ ਇਸ ਬਿਲ ਦੇ ਹੱਕ ਵਿੱਚ ਵੋਟ ਪਾਣ ਲਈ ਵੀ ਮਜਬੂਰ ਨਹੀਂ ਕੀਤਾ ਜਾ ਸਕਦਾ।

ਡਿਪਟੀ ਸਪੀਕਰ : ਸਰਦਾਰ ਨਰਾਇਣ ਸਿੰਘ ਜੀ ਤੁਹਾਡੀ ਇਹ ਇਤਲਾਹ ਗ਼ਲਤ ਹੈ। ਮੈਨੂੰ ਬਿਲਕੁਲ ਚੀਫ ਮਨਿਸਟਰ ਵਲੋਂ ਜਾਂ ਕਿਸੇ ਹੋਰ ਵਲੋਂ ਤੁਹਾਨੂੰ ਬੋਲਣ ਲਈ ਇਜਾਜ਼ਤ ਨਾ ਦੇਣ ਲਈ ਨਹੀਂ ਕਿਹਾ ਗਿਆ। ਤੁਹਾਡਾ ਇਸ ਤੇ ਬੋਲਣ ਦਾ ਹੱਕ ਹੈ ਔਰ ਤੁਸੀਂ ਬੋਲ ਸਕਦੇ ਹੋ। (The hon. Member Sardar Narain Singh Shahbazpuri has not been rightly informed. It is wrong to say that I have been approached by the Chief Minister or by any other Minister, not to allow him to speak on this Bill. The hon. Member, has every right to speak on this Bill and he can get opportunity to speak.)

ਸਰਦਾਰ ਨਰਾਇਣ ਸਿੰਘ ਸ਼ਾਹਬਾਜਪੁਰੀ : ਤੁਹਾਡਾ ਮੈਂ ਮਸ਼ਕੂਰ ਹਾਂ। ਮੇਰੇ ਦਿਲ ਵਿੱਚ ਤੁਹਾਡੇ ਲਈ ਬੜੀ ਇਜ਼ਤ ਹੈ ਕਿਉਂਕਿ ਤੁਸੀਂ ਬੜੀਆਂ ਕੁਰਬਾਨੀਆਂ ਕੀਤੀਆਂ ਹੋਈਆਂ ਨੇ। ਲੇਕਿਨ ਮੈਨੂੰ ਇਸ ਬਿਲ ਦੀ ਫਸਟ ਰੀਡਿੰਗ ਤੇ ਬੋਲਣ ਨਹੀਂ ਦਿੱਤਾ ਗਿਆ......

Deputy Speaker : All the members cannot speak at a time. There is still time and the hon. Member will be given time to speak on this Bill.

ਯੋਜਨਾ ਅਤੇ ਸਥਾਨਕ ਸ਼ਾਸਨ ਮੰਤਰੀ (ਸਰਦਾਰ ਅਜਮੇਰ ਸਿੰਘ): ਡਿਪਟੀ ਸਪੀਕਰ ਸਾਹਿਬਾ, ਦੋ ਆਨਰੇਬਲ ਮੈਂਬਰਾਂ ਨੇ ਵੋਟਿੰਗ ਦੇ ਸਬੰਧ ਵਿੱਚ ਕੁਝ ਐਸਾ ਇਲਜ਼ਾਮ ਲਗਾਇਆ ਹੈ ਕਿ ਇਸ ਵਿੱਚ ਕੋਈ ਜ਼ੋਰ ਜ਼ਬਰ ਕੀਤਾ ਗਿਆ ਹੈ, ਇਹ ਬਿਲਕੁਲ ਗ਼ਲਤ ਹੈ। ਕਿਉਂਕਿ ਸਾਰਿਆਂ ਨੇ ਆਪਣੀ ਮਰਜ਼ੀ ਨਾਲ ਆਪਣਾ ਵੋਟ ਪਾਇਆ ਹੈ। ਇਨ੍ਹਾਂ ਦੀ ਤਾਂ ਇਹ ਗੱਲ ਹੈ ਕਿ ਖੇਡ ਖੇਡਣ ਵਾਲੇ ਖੇਡਦੇ ਹੁੰਦੇ ਨੇ ਪਰ ਜਿਹੜੇ ਰੋਂਦੀ ਹੁੰਦੇ ਨੇ ਉਹ ਰੋਂਦੇ ਹੀ ਰਹਿੰਦੇ ਨੇ।

पंडित चिरंजी लाल शर्मा : श्रान ए प्वायंट श्राफ श्रार्डर, मैडम। वोटिंग के बारे में यहां पर संगीन इलजाम लगाया गया है और इसके अलावा हाउस के सामने यह चीज भी आई है कि एक आनरेबल मैम्बर की उंगली जख्मी की गई है। आप देखें उनकी उंगली खून आलूदा है। इस लिये आप आनरेबल मैम्बर का मैडीकल एग्जामिनेशन कराएं ताकि पता चले कि आया यह सैल्फ इनफलिक्टिड है या इन्हें मारा गया है।

Deputy Speaker: I will now declare the result of the Division.

Ayes : 64

Noes : 25

The motion was declared carried.

AYES (Total No. 64)

1. Abdul Ghaffar Khan, Khan.
2. Ajmer Singh, Sardar
3. Amar Nath Sharma, Shri
4. Amar Singh, Shri
5. Baloo Ram, Chaudhri
6. Banwari Lal, Shri
7. Banarsi Dass, Shri
8. Bhagirath Lal, Pandit
9. Bhag Singh, Lieut.
10. Brish Bhan, Shri
11. Chand Ram, Shri
12. Chandrwati, Shrimati
13. Dalip Singh, Sardar
14. Darshan Singh, Chaudhri
15. Darbara Singh, Sardar
16. Dasondhi Ram, Chaudhri
17. Dev Raj, Anand, Shri
18. Dilbagh Singh, Sardar
19. Dina Nath, Aggarwal, Shri
20. Gian Chand, Shri
21. Gian Singh, Rarewala, Sardar
22. Gurmej Singh, Sardar
23. Gurmit Singh, Sardar
24. Guran Dass Hans, Bhagat
25. Gurmail, Shri
26. Gurdial Singh, Dhillon, Sardar
27. Harinder Singh, Major, Sardar
28. Hari Ram, Chaudhri
29. Hari Singh Sardar
30. Harkishan, Chaudhri
31. Hira Lal, Shri
32. Hoona Mal, Shri
33. Jagat Ram, Chaudhri
34. Jagir Singh Dard, Sardar
35. Jagjit Singh, Tikka

36. Jai Inder Singh, Sardar
37. Karam Singh, Kirti, Sardar
38. Kesra Ram, Shri
39. Mehar Singh, Thakur
40. Multan Singh, Shri
41. Nihal Singh, Shri
42. Nihal Singh, Rao
43. Partap Singh, Bakshi, Shri
44. Piara Singh, Sardar
45. Prabodh Chandra, Shri
46. Prem Singh 'Prem' Sardar
47. Pritam Singh Sahoke, Sardar
48. Rala Ram, Principal
49. Ram Chandra, Comrade
50. Ram Kishan, Shri
51. Ram Pal Singh, Kanwar
52. Ram Partap Garg, Shri
53. Ram Rattan, Chaudhri
54. Ram Saran Chand Mital, Shri
55. Ranbir Singh, Chaudhri
56. Rattan Singh, Captain
57. Rizaq Ram, Chaudhri
58. Roop Lal Mehta, Shri
59. Rup Singh Phul, Shri
60. Sagar Ram Gupta, Shri
61. Sita Ram Bagla, Shri
62. Surinder Nath Gautam, Shri
63. Ujagar Singh, Sardar
64. Sohan Singh, Jalalusman, Sardar

NOES (Total No. 25)

1. Ajaib Singh, Sandhu, Sardar
2. Babu Singh, Master, Comrade
3. Bachan Singh, Babu
4. Baldev Parkash, Dr.
5. Balramji Dass, Tandon, Shri
6. Bhan Singh Bhaura, Comrade

[Deputy Speaker]

7. Chiranji Lal, Sharma Pandit
8. Devi Lal, Chaudhri
9. Fateh Chand Vij, Shri
10. Gurmej Singh, Sardar
11. Gurbax Singh, Gurdaspuri, Sardar
12. Gurcharan Singh, Sardar
13. Gurnam Singh, Sardar
14. Hardit Singh, Sardar
15. Jagir Singh, Sardar
16. Jagjit Singh, Sardar
17. Kulbir Singh, Sardar
18. Makhan Singh Tarsikka, Comrade
19. Mohan Lal Dutt, Pandit
20. Net Ram, Chaudhri
21. Sat Dev, Chaudhri
22. Shamsher Singh Josh, Comrade
23. Surjit Singh Theri, Sardar
24. Tara Singh Layalpuri, Sardar
25. Tej Singh, Sardar

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਮੇਜਰ ਸਾਹਿਬ ਨੇ ਆਪਣੀ ਤਕਰੀਰ ਕਰਦੇ ਹੋਇਆਂ ਕਿਹਾ ਹੈ ਕਿ ਹਿੰਦੁਸਤਾਨ ਵਿੱਚ ਹਾਲੇ ਕੋਈ ਐਸਾ ਸਾਈਕਲ ਨਹੀਂ ਬਣ ਸਕਿਆ ਜਿਹੜਾ ਉਨ੍ਹਾਂ ਨੂੰ ਚੁਕ ਸਕੇ। ਮੈਂ ਸਮਝਦਾ ਹਾਂ ਕਿ ਉਨ੍ਹਾਂ ਹਿੰਦੁਸ-ਤਾਨ ਦੀ ਇੰਨਡਸਟਰੀ ਦੀ ਹੀਣਤ ਕੀਤੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਉਸ ਦਿਨ ਦਿਲੀ ਵਿੱਚ ਮੈਂ ਇਕ ਸਰਕਸ ਵੇਖਣ ਗਿਆ ਸੀ। ਉਥੇ ਮੈਂ ਦੇਖਿਆ ਹੈ ਕਿ ਹਿੰਦੁਸਤਾਨ ਵਿੱਚ ਐਸੇ ਸਾਈਕਲ ਵੀ ਬਣੇ ਹੋਏ ਨੇ ਜਿਹੜੇ ਹਾਥੀਆਂ ਨੂੰ ਚੁਕਦੇ ਨੇ। ਇਸ ਲਈ ਇਨ੍ਹਾਂ ਦਾ ਇਹ ਕਹਿਣਾ ਗ਼ਲਤ ਹੈ।

Deputy Speaker : The House will now take up the Bill clause by clause.

ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ (ਕੈਪਟਨ ਰਤਨ ਸਿੰਘ) : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਜਿਹੜੀ ਕਾਰਵਾਈ ਡਿਵੀਜ਼ਨ ਦੇ ਰੀਜ਼ਲਟ ਤੋਂ ਪਹਿਲਾਂ ਹੋਈ ਹੈ ਉਹ ਇਲਲੀਗਲ ਹੈ, ਇਸ ਲਈ ਰੀਕਾਰਡ ਤੇ ਨਹੀਂ ਆਉਣੀ ਚਾਹੀਦੀ। ਇਸ ਨੂੰ ਐਕਸਪੰਜ ਕੀਤਾ ਕੀਤਾ ਜਾਵੇ।

CLAUSE 2

Deputy Speaker : Notices of 30 amendments have been received from various hon. Members to this clause. Out of these, amendments Nos. 2, 3 and 4 given notice of by Comrades Bhan Singh Bhaura, Gurbakhsh Singh and Babu Singh Master are out of order. The rest will be deemed to have been read and moved and can be discussed along with the main clause.

1. Pandit Mohan Lal Datta :

After the clause, the following proviso be *inserted* :

"Provided that the provisions of this Act shall not apply to the owners of unirrigated land in backward hilly area owning five acres or less cultivated land".

5. Comrade Jangir Singh Joga :

6. Comrade Shamsher Singh Josh :

At the end of the clause *add* the following proviso :—

"Provided that the provisions of this Act shall not apply to the owners of five acres or less cultivated land".

7. Sardar Darshan Singh :

After the clause *add* the following :—

"Landowner owning land to the extent of 5 acres shall be exempted from this cess".

8. Sardar Hari Singh :

"In line 2, *for* "1970-71" *substitute* "1966-67".

9. Thakur Mehar Singh :

At the end of the clause *add* the following :—

"Landowner owing land of 5 acres shall be exempted from this cess."

10. Babu Ajit Kumar :

11. Chaudhri Net Ram :

At the end of the clause *add* the following :—

"No recoveries of this cess will be made from the effected areas of recent Pakistani aggression and draught-affecte areas and from the other areas it will be recovered from the year 196 8 9. Owners of five acres of land will be exempted from this cess"

12. Babu Bachan Singh :

At the end of the clause *add* the following :—

"This cess should be imposed on the landowners of economic holdings only."

13. Sardar Gian Singh Rarewala :

At the end of the clause *add* the following :—

"No recoveries of this cess will be made from the war-affected districts of Amritsar, Ferozepur and Gurdaspur for one year from the date of the enforcement of the amending Act. Cultivators of five acres of cash crops will be exempted from this cess.

14. Baboo Bachan Singh :

15. Babu Ajit Kumar :

16. Chaudhri Net Ram :

In the amendments appearing at serial Nos. 10, 11 & 12 *for* "will" and "should" wherever occurring *substitute* "shall".

17. Shri Balramji Dass Tandon :

18. Shri Fateh Chand Vij :

At the end of the clause, *add* the following provisos :—

"Provided that the same will not be levied on the persons having land less than 5 acres ;

Provided further that the same will not be levied on the persons living in the border districts of Amritsar Gurdaspur and Ferozepur".

19. Comrade Gurbakhsh Singh :

20. Comrade Shamsher Singh Josh :

21. Comrade Jangir Singh Joga :

22. Comrade Babu Singh Master :

23. Comrade Bhan Singh Bhaura :

24. Sardar Gurnam Singh :

At the end of the clause *add* "the same will not be levied on landowners owing 5 acres or less than 5 acres".

25. Comrade Bhan Singh Bhaura :

26. Comrade Babu Singh Master :

27. Comrade Shamsher Singh Josh :

28. Comrade Gurbaksh Singh :

29. Comrade Jangir Singh Joga :

In amendment appearing at serial Nos. 19, 20, 21, 22, 23 and 24 *for* "will" *substitute* "shall".

30. Sardar Shamsher Singh :

At the end, add "The same shall not be recovered from the owners of up to 15 acres of land."

चौधरी देवी लाल : आन ए प्वायंट आफ आर्डर, मैडम । मैं आपकी रूलिंग चाह रहा हूँ कि यहां अब जिस मोशन पर वोटिंग हो चुकी है इस पर जब पहले यहां तकरीरें हुई तो वह इस बिल के खिलाफ थीं और सारे के सारे हाउस की सैन्स इसक खिलाफ थीं लेकिन इनमें से कईयों ने इसके हक में वोट दिये हैं हालांकि यह पहले काले बिले लगा कर इसका मातम मना रहे थे । यह तो वही बात हुई —

ਕਹਿੰਦੇ ਜੋ ਸੀ ਨਾਲ ਮਰਾਂਗੇ
ਉਹ ਹੁਣ ਛਡ ਮੈਦਾਨ ਭਜੇ ।

हम इस के लिए आप की रुलिंग चाहते है (हंसी)

ਯੋਜਨਾ ਅਤੇ ਸਥਾਨਕ ਸ਼ਾਸਨ ਮੰਤਰੀ (ਸਰਦਾਰ ਅਜਮੇਰ ਸਿੰਘ): ਡਿਪਟੀ ਸਪੀਕਰ ਸਾਹਿਬਾ, ਗੱਲ ਇਹ ਹੈ ਕਿ ਬਾਕੀ ਸਾਰੇ ਕਾਲੇ ਬਿਲੇ ਭਜ ਗਏ ਹਨ ਔਰ ਬਾਕੀ ਇਕੋ ਰਹਿ ਗਿਆ ਹੈ । ਉਸ ਨੂੰ ਵੀ ਮੇਜਰ ਸਾਹਿਬ ਡੰਡੇ ਨਾਲ ਭਜਾ ਦੇਣਗੇ । (ਹਾਸਾ)

ਮਾਲ ਮੰਤਰੀ (ਸਰਦਾਰ ਹਰਿੰਦਰ ਸਿਘ ਮੇਜਰ) : ਡਿਪਟੀ ਸਪੀਕਰ ਸਾਹਿਬਾ, ਮੇਰੇ ਨਾਲ ਮੇਰੇ ਸਾਥੀ ਨੇ ਧੱਕਾ ਕੀਤਾ ਹੈ ਜੋ ਉਨ੍ਹਾਂ ਨੇ ਮੇਰੇ ਡੰਡੇ ਦਾ ਡਰ ਇਨ੍ਹਾਂ ਨੂੰ ਦਿਖਾਇਆ ਹੈ ਹਾਲਾਂਕਿ

ਮੈਂ ਕਦੇ ਕਿਸੇ ਨੂੰ ਡੰਡੇ ਨਾਲ ਕੁਟਿਆ ਨਹੀਂ । ਮੈਂ ਤਾਂ ਸਿਰਫ ਦਲੀਲਾਂ ਦਿੱਤੀਆਂ ਹਨ । ਪਰ ਮੈਂ ਚੌਧਰੀ ਦੇਵੀ ਲਾਲ ਨੂੰ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਗੁੱਸੇ ਨਹੀਂ ਹੋਣਾ ਚਾਹੀਦਾ ਕਿਉਂਕਿ ਲੜਾਈ ਵਿੱਚ ਕਈ ਵਾਰੀ ਫੌਜਾਂ ਨੱਠ ਵੀ ਜਾਂਦੀਆਂ ਨੇ ।

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬਾ, ਇਹ ਜੋ ਬਿਲ ਹੈ ਉਸ ਦੀ ਇਕ ਹੀ ਕਲਾਜ਼ ਹੈ ਮਗਰ ਉਹ ਬਹੁਤ ਜ਼ਿਆਦਾ ਮਹੱਤਵ ਪੂਰਨ ਕਲਾਜ਼ ਹੈ ਭਾਵੇਂ ਉਸ ਵਿੱਚ ਇਤਨਾ ਹੀ ਕਿਹਾ ਗਿਆ ਹੈ ਕਿ 65-66 ਦੀ ਬਜਾਏ ਇਸ ਵਿਚ 70-71 ਲਿਖ ਦਿਉ । ਇਸ ਤੇ ਇਉਂ ਲਗਦਾ ਹੈ ਕਿ ਇਹ ਤਾਂ ਬੜਾ ਮਾਸੂਮ ਜਿਹਾ ਬਿਲ ਹੈ। ਮਗਰ ਮੈਂ ਸਮਝਦਾ ਹਾਂ ਕਿ ਇਹ ਬੜੀ ਡੇਂਜਰਸ ਕਲਾਜ ਹੈ ਅਤੇ ਇਸ ਨੇ ਪੰਜਾਬ ਦੀ 80 ਫੀ ਸਦੀ ਵਸੋਂ ਤੇ ਮਾੜਾ ਅਸਰ ਪਾਉਣਾ ਹੈ । ਡਿਪਟੀ ਸਪੀਕਰ, ਪਹਿਲਾਂ ਬੋਲਦੇ ਹੋਏ ਮੇਜਰ ਸਾਹਿਬ ਨੇ ਅੰਕੜੇ ਦਿੱਤੇ ਅਤੇ ਦਸਿਆ ਕਿ 1963-64 ਵਿਚ 73,17,659 ਰੁ: ਦਾ ਟੈਕਸ ਲਗਣਾ ਸੀ, ਅਤੇ 1964-65 ਵਿੱਚ 66,47,441 ਰੁਪਏ ਦਾ ਟੈਕਸ ਲਗਣਾ ਸੀ। ਮਗਰ ਇਸ ਵਿਚੋਂ ਇਨ੍ਹਾਂ ਨੇ ਬਾਰਡਰ ਦੇ ਜ਼ਿਲ੍ਹਿਆਂ ਨੂੰ ਛੱਡ ਦੇਣਾ ਹੈ। ਸੋ ਸਿਰਫ 40-50 ਲੱਖ ਰੁਪਿਆ ਦੀ ਗੱਲ ਹੋਣੀ ਹੈ । ਇਧਰੋਂ ਤਾਂ ਇਹ 40-50 ਲਖ ਰੁਪਏ ਦੀ ਇਸ ਟੈਕਸ ਨਾਲ ਆਮਦਨੀ ਕਰਨ ਦੀ ਵਿਉਂਤ ਬਣਾ ਰਹੀ ਹੈ, ਮਗਰ ਦੂਜੇ ਪਾਸੇ ਨਾਲ ਹੀ ਅੱਜ ਇਨ੍ਹਾਂ ਦੀ ਉਸ ਸਾਜ਼ਿਸ਼ ਦਾ ਪਤਾ ਲੱਗਾ ਹੈ ਜਿਸ ਵਿੱਚ ਇਹ 40-50 ਲੱਖ ਰੁਪਿਆ ਜੋ ਪੰਜਾਬ ਵਿੱਚ ਰੀਲੀਫ ਫੰਡ ਦਾ ਸਕੂਲੀ ਬਚਿਆਂ ਨੇ ਇਕੱਠਾ ਕੀਤਾ ਉਸ ਨੂੰ ਖੁਰਦ ਬੁਰਦ ਕਰਨ ਦੀ ਸਕੀਮ ਬਣਾ ਰਹੇ ਹਨ ਜਿਸ ਬਾਰੇ ਮੁਖ ਮੰਤ੍ਰੀ ਜੀ ਨੇ ਸਟੇਟਮੈਂਟ ਦਿੱਤੀ ਹੈ । ਡਿਪਟੀ ਸਪੀਕਰ ਸਾਹਿਬਾ, ਜਿਸ ਤਰੀਕੇ ਨਾਲ ਉਹ ਰੁਪਿਆ ਇਕੱਠਾ ਕੀਤਾ ਗਿਆ ਹੈ ਉਹ ਸਭ ਨੂੰ ਪਤਾ ਹੈ। ਕਿਸ ਤਰ੍ਹਾਂ ਸਕੂਲਾਂ ਦੇ ਲੜਕਿਆਂ ਲੜਕੀਆਂ ਨੇ, ਮਾਸਟਰ ਮਾਸਟਰਨੀਆਂ ਨੇ ਪਿੰਡ ਪਿੰਡ ਅਤੇ ਗਲੀ ਗਲੀ ਜਾਕੇ ਇਹ ਪੈਸਾ ਇਕੱਠਾ ਕੀਤਾ । ਇਹ ਬੜੇ ਦੁਖ ਦੀ ਗੱਲ ਹੈ ਕਿ ਸਾਡੇ ਸਕੂਲਾਂ ਦੇ ਮਾਸਟਰ ਮਾਸਟਰਨੀਆਂ ਨੂੰ ਇਸ ਭੈੜੇ ਤਰੀਕੇ ਨਾਲ ਐਕਸਪਲਾਇਟ ਕੀਤਾ ਗਿਆ । (ਵਿਘਨ) ਮੈਂ ਦਸਦਾ ਹਾਂ ਕਿ ਸਕੂਲ ਵਿੱਚ ਇਕ ਮਾਸਟਰ ਸੀ ਉਸ ਨੇ ਉਥੋ ਦੀ ਹੀ ਮਾਸਟਰਨੀ ਨੂੰ ਕਿਹਾ ਕਿ ਸਾਡੇ ਜ਼ਿਮੇ ਇਹ ਫੰਡ ਇਕੱਠਾ ਕਰਨਾ ਲਗਿਆ ਹੈ, ਇਸ ਨੂੰ ਪੂਰਾ ਕਰਨਾ ਹੈ । ਮੈਨੂੰ ਪਤਾ ਹੈ ਲੋਕਾਂ ਨੇ ਉਨ੍ਹਾਂ ਨੂੰ ਅਤੇ ਲੜਕੇ ਲੜਕੀਆਂ ਨੂੰ ਕਿਵੇਂ ਚੰਦਾ ਦਿੱਤਾ। ਉਨ੍ਹਾਂ ਨੇ ਸਕੂਲਾਂ ਤੋਂ ਗੈਰ ਹਾਜ਼ਰ ਰਹਿ ਕੇ, ਲਕੜੀਆਂ ਕਟ ਕੇ ਆਟਾ ਦਾਲ ਮੰਗ ਕੇ, ਚੀਜ਼ਾਂ ਤਿਆਰ ਕਰਕੇ ਸੌਦਾ ਵੇਚਕੇ ਇਹ 40-50 ਲੱਖ ਰੁਪਿਆ ਇਕੱਠਾ ਕੀਤਾ । ਉਸ ਨੂੰ ਇਸਤੇਮਾਲ ਕਰਨ ਲਈ ਪੰਜਾਬ ਸਰਕਾਰ ਨੇ ਇਕ ਕਮੇਟੀ ਬਣਾਈ (ਵਿਘਨ) ਉਸ ਕਮੇਟੀ ਦੇ ਚੇਅਰਮੈਨ ਤੋਂ ਬਾਅਦ ਪਹਿਲਾ ਜੋ ਮੈਂਬਰ ਹੈ ਉਹ ਪੰਜਾਬ ਦੇ ਹੋਮ ਮਨਿਸਟਰ ਹਨ । ਮਗਰ ਹੋਇਆ ਇਹ ਕਿ ਉਸ ਪੈਸੇ ਨੂੰ ਖੁਰਦ ਬੁਰਦ ਕਰਨ ਲਈ ਕਿਸੇ ਮੰਬਰ ਤੋਂ ਪੁਛਿਆ ਹੀ ਨਹੀਂ ਗਿਆ। ਪੈਸਾ ਪਹੁੰਚਿਆ ਨਹੀਂ ਖੁਰਦ ਬੁਰਦ ਕਰਨ ਦੀ ਵਿਉਂਤ ਪਹਿਲ ਹੀ ਬਣਾ ਲਈ । ਪਿੜ ਵਸਿਆ ਨਹੀਂ ਮੰਗਤੇ ਪਹਿਲਾਂ ਹੀ ਪਹੁੰਚ ਗਏ, ਮੁੰਡਾ ਜੰਮਿਆ ਨਹੀਂ ਖੁਸਰੇ ਪਹਿਲਾਂ ਹੀ ਆ ਗਏ । (ਹਾਸਾ) ਪੈਸਾ ਆਇਆ ਨਹੀਂ......

ਡਿਪਟੀ ਸਪੀਕਰ : ਤੁਸੀਂ ਅਸੈਂਬਲੀ ਵਿੱਚ ਬੋਲ ਰਹੇ ਹੋ ।(The hon. Member is speaking in the Vidhan Sabha.)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਕੋਈ ਬੁਰੀ ਮਿਸਾਲ ਨਹੀਂ ਦਿੱਤੀ । ਜੋ ਪੈਸਾ ਇਸ ਤਰੀਕੇ ਨਾਲ ਲੋਕਾਂ ਤੋਂ ਇਕੱਠਾ ਕੀਤਾ ਗਿਆ ਸੀ ਉਸ ਨੂੰ ਖੁਰਦ ਬੁਰਦ ਕਰਨ ਵਿੱਚ ਭਾਵੇਂ ਕਿਸੇ ਮਨਿਸਟਰ ਨੂੰ ਵਸ ਕਰਨ ਲਈ ਜਾਂ ਕਿਸੇ ਹੋਰ ਕੰਮ ਲਈ ਉਸ ਨੂੰ ਜੋ ਵਰਤਿਆ ਗਿਆ ਹੈ ਉਸ ਨੂੰ ਅਸੀਂ **ਜ਼ਰੂਰ ਹਾਊਸ ਦੇ ਨੋਟਿਸ ਵਿੱਚ ਲਿਆਵਾਂਗੇ ।**

Deputy Speaker : You are irrelevant.

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਇਸ ਤਰ੍ਹਾਂ ਰੈਲੇਵੈਂਟ ਹਾਂ ਕਿ ਸਾਨੂੰ ਦਸਿਆ ਗਿਆ ਹੈ ਕਿ ਇਸ ਸੈਸ ਰਾਹੀਂ 40–50 ਲਖ ਰੁਪਿਆ ਇਕੱਠਾ ਹੋਣਾ ਹੈ ਪਰ ਮੈਂ ਦਸਦਾ ਹਾਂ ਕਿ ਇਤਨਾ ਹੀ ਰੁਪਿਆ ਖੁਰਦ ਬੁਰਦ ਨਾ ਕਰਕੇ, ਬਚਾਕੇ ਇਸ ਟੈਕਸ ਦੀ ਲੋੜ ਨੂੰ ਖਤਮ ਕੀਤਾ ਜਾ ਸਕਦਾ ਹੈ । ਇਹ ਬਿਲ ਪਾਸ ਕਰਨ ਤੋਂ ਇਉਂ ਲਗਦਾ ਹੈ ਕਿ ਜੋ ਨਾਰਾ "ਜੈ ਜਵਾਨ, ਜੈ ਕਿਸਾਨ" ਦਾ ਲਾਇਆ ਗਿਆ ਹੈ ਇਹ ਫੋਕਾ ਹੈ । ਜ਼ਿਮੀਂਦਾਰ ਨੂੰ ਕਿਹਾ ਜਾਂਦਾ ਹੈ ਕਿ ਹਫਤੇ ਵਿੱਚ ਇਕ ਵਾਰੀ ਰੋਟੀ ਨਾ ਖਾਉ ਪਰ ਮੈਂ ਪੁਛਦਾ ਹਾਂ ਕਿ ਇਹ ਆਪ ਕਿੰਨੇ ਫਾਕੇ ਕਰਦੇ ਹਨ, ਜਾਂ ਇਨ੍ਹਾਂ ਦੇ ਸਰਕਾਰੀ ਕਰਮਚਾਰੀ ਕਿੰਨੇ ਕਰਦੇ ਹਨ । ਹਰ ਗੱਲ ਲਈ ਕਿਸਾਨ ਨੂੰ ਕਿਹਾ ਜਾਂਦਾ ਹੈ ਕਿ ਉਹ ਅੱਗੇ ਆਵੇ ਅਗਰ ਉਸ ਦੀ ਹਿੰਮਤ ਵਧਾਉਣ ਦੀ ਗੱਲ ਕਰੋ ਤਾਂ ਉਲਟਾ ਉਸ ਦਾ ਖ਼ੂਨ ਨਚੋੜਨ ਨੂੰ ਤਿਆਰ ਹੋ ਜਾਂਦੇ ਹਨ । ਹੋਣਾ ਤਾਂ ਇਹ ਚਾਹੀਦਾ ਸੀ ਕਿ ਉਹ ਛੋਟੇ ਕਿਸਾਨ ਜੋ ਥੋੜ੍ਹੀ ਜ਼ਮੀਨ ਦੇ ਮਾਲਕ ਹਨ ਜਾਂ ਬਟਾਈ ਤੇ ਜ਼ਮੀਨ ਲੈਂਦੇ ਹਨ, ਜਿਨ੍ਹਾਂ ਤੋਂ ਫਸਲ ਜ਼ਿਮੀਂਦਾਰ ਖੋਹ ਲੈਂਦੇ ਹਨ......

Deputy Speaker : Please wind up.

ਸਰਦਾਰ ਅਜਾਇਬ ਸਿੰਘ ਸੰਧੂ : ਬਹੁਤ ਅੱਛਾ ਜੀ । ਮੈਂ ਕਹਿ ਰਿਹਾ ਸੀ ਕਿ ਛੋਟੇ ਕਿਸਾਨਾਂ ਦੀ ਭਲਾਈ ਤਾਂ ਕੀ ਕਰਨੀ ਸੀ ਉਲਟੇ ਉਨ੍ਹਾਂ ਤੇ ਨਵੇਂ ਟੈਕਸ ਲਾ ਦਿੱਤੇ ਹਨ । ਮੇਜਰ ਸਾਹਿਬ ਨੇ ਕਿਹਾ ਸੀ ਕਿ ਜਦੋਂ ਇਹ ਟੈਕਸ ਲਾਇਆ ਸੀ ਤਾਂ ਜ਼ਿਮੀਂਦਾਰਾਂ ਪਾਸ ਕਿਹੜੀਆਂ ਨੋਟਾਂ ਦੀਆਂ ਬੋਰੀਆਂ ਸਨ ਤੇ ਹੁਣ ਜਿਹੜੀਆਂ ਪਾਥੀਆਂ ਦੀਆਂ ਹੋ ਗਈਆਂ ਹਨ । ਮੇਜਰ ਸਾਹਿਬ ਤਾਂ ਬੜੇ ਸਿਆਣੇ ਹਨ । ਇਨ੍ਹਾਂ ਦੇ ਆਪਣੇ ਸਾਥੀਆਂ ਨੇ ਜ਼ਿਮੀਂਦਾਰਾਂ ਦੀ ਹਾਲਤ ਵੋਟ ਇਸ ਦੇ ਹਕ ਵਿੱਚ ਨਾ ਪਾਕੇ ਦੱਸ ਦਿੱਤੀ ਹੈ । ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਜੰਗ ਨੇ ਉਨ੍ਹਾਂ ਦੀ ਇਕੋ–ਨੋਮੀ ਸ਼ੈਟਰ ਕਰ ਦਿੱਤੀ ਹੈ ਅਤੇ ਬਹੁਤਾ ਅਸਰ ਪਿੰਡਾਂ ਤੇ ਹੀ ਹੋਇਆ ਹੈ । ਹੁਣ ਇਹ ਗੱਲਾਂ ਕਰਨੀਆਂ ਕਿ ਕੀ ਉਨ੍ਹਾਂ ਪਾਸ ਹੁਣ ਪਾਥੀਆਂ ਦੀਆਂ ਬੋਰੀਆਂ ਹਨ ਉਨ੍ਹਾਂ ਨਾਲ ਇਨਸਾਫ ਕਰਨਾ ਨਹੀਂ ਹੈ । (ਘੰਟੀ) ਤੁਸੀਂ ਹੈਰਾਨ ਹੋਵੋਗੇ ਕਿ ਪੰਜਾਬ ਵਿੱਚ ਜਿੰਨੀਆਂ ਗੰਨਾਂ ਮਿਲਾਂ ਹਨ, ਉਨ੍ਹਾਂ ਦੇ 10 ਮੀਲ ਦੇ ਏਰੀਏ ਵਿੱਚ ਕੋਈ ਜ਼ਿਮੀਂਦਾਰ ਖੰਡ ਨਹੀਂ ਬਣਾ ਸਕਦਾ ਉਹ ਆਪਣੇ ਪਾਸ ਸਿਰਫ $\frac{1}{4}$ ਹਿੱਸਾ ਗੰਨਾ ਹੀ ਰਖ ਸਕਦਾ ਹੈ, ਬਾਕੀ ਦਾ ਮਿਲ ਨੂੰ ਦੇਣਾ ਪੈਂਦਾ ਹੈ । ਜੇ ਮਿਲ ਬੰਦ ਹੋ ਜਾਵੇ ਤਾਂ ਜਟ ਦਾ ਗੰਨਾ ਖੜਾ ਰਹਿੰਦਾ ਹੈ । ਜਿਹੜਾ $\frac{1}{4}$ ਹਿੱਸਾ ਗੰਨਾ ਉਸ ਪਾਸ ਰਹਿੰਦਾ ਵੀ ਹੈ ਉਸ ਨੂੰ ਵੀ ਉਹ ਪੀੜ ਕੇ ਖੰਡ ਨਹੀਂ ਬਣਾ ਸਕਦਾ ।

ਮੈਂ ਸਮਝਦਾ ਹਾਂ ਕਿ ਅੱਜ ਲੜਾਈ ਵਿੱਚ ਕਿਸਾਨ ਦੀ ਸ਼ਹੀਦੀ ਦੀ ਲੋੜ ਹੈ, ਇਸ ਦੀ ਕੁਰਬਾਨੀ ਦੀ ਲੋੜ ਹੈ ਇਸ ਤੇ ਕਿਸੇ ਕਿਸਮ ਦਾ ਟੈਕਸ ਲਗਾਣ ਦੀ ਲੋੜ ਨਹੀਂ ।

ਇਥੇ ਪਹਿਲਾਂ ਇਹ ਜ਼ਾਹਿਰ ਕੀਤਾ ਗਿਆ ਸੀ ਕਿ ਫੋਰਥ ਫਾਈਵ-ਈਅਰ ਪਲਾਨ ਲਈ ਰੁਪਏ ਦੀ ਲੋੜ ਹੈ ਅਤੇ ਪੰਜਾਬ ਨੇ ਉਸ ਵਿੱਚ ਰੁਪਿਆ ਪਾਣਾ ਹੈ । ਇਸ ਲਈ ਇਸ ਟੈਕਸ ਨੂੰ ਉਗਰਾਹਣਾ ਚਾਹੀਦਾ ਹੈ ਪਰ ਮੈਂ ਸਮਝਦਾ ਹਾਂ ਕਿ ਇਹ ਦਲੀਲ ਇਨ੍ਹਾਂ ਦੀ ਠੀਕ ਨਹੀਂ ।

(ਇਸ ਸਮੇਂ ਸ੍ਰੀ ਰੂਪ ਸਿੰਘ ਫੂਲ, ਪੈਨਲ ਆਫ ਚੇਅਰਮੈਨ ਦੇ ਇਕ ਮੈਂਬਰ, ਨੇ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਇਹ ਦਲੀਲ ਠੀਕ ਨਹੀਂ । ਮੈਂ ਜਿਸ ਤਰ੍ਹਾਂ ਪਹਿਲਾਂ ਕਿਹਾ ਹੈ ਸਰਕਾਰ ਵਿੱਚ ਹਿੰਮਤ ਹੈ ਇਨ੍ਹਾਂ ਨੂੰ ਇਸ ਗੱਲ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਇਸ ਪਲਾਨ ਲਈ ਹਿੰਦੁਸਤਾਨ ਦੀ ਸਰਕਾਰ ਪੈਸਾ ਦੇਵੇ । ਉਹ ਦੇ ਵੀ ਸਕਦੀ ਹੈ ਅਤੇ ਉਸ ਨੂੰ ਦੇਣਾ ਵੀ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਹਾਲਤ ਇਹ ਹੈ ਕਿ ਸਾਡੇ ਕਿਸਾਨ ਮਰਨ ਵੀ ਤੇ ਟੈਕਸ ਵੀ ਅਦਾ ਕਰਨ। ਮੈਂ ਸਮਝਦਾ ਹਾਂ ਕਿ ਇਹ ਬਹੁਤ ਮਾੜੀ ਗੱਲ ਹੈ । ਸਾਡੇ ਜ਼ਿੰਮੇ ਪਾਕਿਸਤਾਨ ਦੀ ਰਕਸ਼ਾ ਦਾ ਭਾਰ ਹੈ ਅਸੀਂ ਦੇਸ਼ ਨੂੰ ਬਚਾਣ ਲਈ ਦੇਸ਼ ਦੀ ਆਨ ਤੇ ਇਜ਼ਤ ਨੂੰ ਬਚਾਣ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ, ਆਪਣੇ ਬੱਚਿਆਂ ਦੀ ਸ਼ਹੀਦੀ ਦਿੱਤੀ ਅਤੇ ਆਪਣੇ ਘਰ ਬਾਹਰ ਤਬਾਹ ਕਰ ਲਏ ਇਸ ਲਈ ਅਸਾਡੇ ਤੇ ਟੈਕਸ ਨਹੀਂ ਲਗਾਇਆ ਜਾਣਾ ਚਾਹੀਦਾ। ਇਸ ਦਾ ਵੱਧ ਤੋਂ ਵੱਧ ਭਾਰ ਹਿੰਦੁਸਤਾਨ ਦੀ ਸਰਕਾਰ ਤੇ ਪਾਣਾ ਚਾਹੀਦਾ ਹੈ । ਮੈਂ ਤਾਂ ਇਹ ਕਹਾਂਗਾ ਕਿ ਅੱਜ ਦੀ ਜੋ ਲੜਾਈ ਲੜੀ ਗਈ ਇਸ ਵਿੱਚ ਕੀ ਹਿੱਸਾ ਕਿਸਾਨ ਨੇ ਪਾਇਆ ਹੈ। ਆਪ ਰਿਪੋਰਟਾਂ ਵੇਖ ਸਕਦੇ ਹੋ ਕਿ ਜੋ ਲੋਕ ਮਰੇ ਹਨ ਉਹ ਪਿੰਡਾਂ ਦੇ ਹੀ ਮਰੇ ਹਨ ਜਿੰਨੇ ਸਿਪਾਹੀ ਸਨ ਉਹ ਪਿੰਡਾਂ ਦੇ ਹੀ ਸ਼ਹੀਦ ਹੋਏ ਹਨ । ਅਤੇ ਤਕਰੀਬਨ ਸਾਰੇ ਹੀ ਪਿੰਡਾਂ ਦੇ ਰਹਿਣ ਵਾਲੇ ਸਨ । ਅਸੀਂ ਹੁਣੇ ਹੀ ਭੋਗ ਪਾ ਕੇ ਪਿੰਡ ਵਿੱਚ ਆਏ ਹਾਂ ਅਤੇ ਸ਼ਹੀਦੀਆਂ ਨੂੰ ਸ਼ਰਧਾਂਜਲੀਆਂ ਇਹ ਸਰਕਾਰ ਦੇ ਕੇ ਆਈ ਹੈ ਤੇ ਫਿਰ ਅੱਜ ਉਨ੍ਹਾਂ ਤੇ ਹੀ ਕਮਰਸ਼ਲ ਕਰਾਪ ਸੈਸ ਬਿਲ ਲੈ ਆਂਦਾ ਗਿਆ ਹੈ । ਇਸ ਗੱਲ ਦੀ ਕੋਈ ਪਰਵਾਹ ਨਹੀਂ ਕੀਤੀ ਗਈ ਕਿ ਕਿੰਨੀ ਕੁਰਬਾਨੀ ਇਸ ਕਿਸਾਨ ਨੇ ਇਸ ਲੜਾਈ ਵਿੱਚ ਦਿਤੀ ਹੈ ।

ਕਲ ਇਥੇ ਚੇਅਰਮੈਨ ਸਾਹਿਬ, ਬਹੁਤ ਸਾਰੇ ਕਾਂਗਰਸੀ ਭਰਾ ਕਾਲੇ ਬਿਲੇ ਲਾ ਕੇ ਆਏ ਸਨ ਤੇ ਚੌਧਰੀ ਦਰਸ਼ਨ ਸਿੰਘ ਹੋਰਾਂ ਪੁਛਣ ਤੇ ਦਸਿਆ ਕਿ ਇਹ ਕਾਲੇ ਬਿਲੇ ਅਸੀਂ ਇਸ ਲਈ ਲਾਏ ਹਨ ਕਿ ਅੱਜ ਸੂਰਜ ਗ੍ਰਹਿਣ ਜਟ ਦੀ ਕਿਸਮਤ ਤੇ ਲਗ ਗਿਆ ਹੈ। ਮੈਨੂੰ ਇਹ ਸੁਣ ਕੇ ਖੁਸ਼ੀ ਹੋਈ ਕਿ ਕੋਈ ਵੀਰ ਤਾਂ ਅਜਿਹੇ ਇਨ੍ਹਾਂ ਵਿੱਚ ਵੀ ਹਨ ਜਿਹੜੇ ਇਸ ਗੱਲ ਨੂੰ ਮਹਿਸੂਸ ਕਰਦੇ ਹਨ ਕਿ ਇਹ ਟੈਕਸ ਨਜਾਇਜ਼ ਤੌਰ ਤੇ ਵਸੂਲਣ ਦਾ ਜਤਨ ਕੀਤਾ ਜਾ ਰਿਹਾ ਹੈ । (ਵਿਘਨ) ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸਾਂ ਕਿ ਜਦ ਮੈਂ ਇਨ੍ਹਾਂ ਨੂੰ ਕਾਲੇ ਬਿਲੇ ਲਾਇਆਂ ਵੇਖਿਆਂ ਤਾਂ ਇਹ ਸਮਝਿਆ ਕਿ ਅਸਲ ਵਿੱਚ ਇਨ੍ਹਾਂ ਦੇ ਦਿਲ ਵਿੱਚ ਕਿਸਾਨ ਲਈ ਹਮਦਰਦੀ ਹੈ ਅਤੇ ਇਨ੍ਹਾਂ ਵਿੱਚ ਕਿਸੇ ਕਿਸਮ ਦੀ ਹਿਪੋਕਰੇਸੀ ਨਹੀਂ ਹੋਵੇਗੀ ਪਰ ਜਦ ਰਾਏ ਦੇਣ ਦਾ ਵਕਤ ਆਇਆ ਤਾਂ ਸਾਰੇ ਹੀ ਬਿਲੇ ਲਾਹ ਕੇ ਆ ਗਏ ਅਤੇ ਆਪਣੀ ਰਾਏ ਹਕ ਵਿੱਚ ਜ਼ਾਹਰ ਕਰ ਦਿੱਤੀ। ਇਹ ਆਪੋਜ਼ੀਸ਼ਨ ਦੀਆਂ ਪਾਰਟੀਆਂ ਨੂੰ ਹਿਪੋਕਰੇਟ ਕਹਿੰਦੇ ਹਨ ਪਰ ਇਹ ਤਾਂ ਆਪਣੀ ਮਿਸਾਲ ਆਪ ਕਾਇਮ ਕਰ ਗਏ ਅਤੇ ਇਹ ਸਾਬਿਤ ਕਰ ਦਿੱਤਾ ਕਿ ਇਨ੍ਹਾਂ ਨੇ ਵੋਟਾਂ ਬੇਸ਼ਕ ਕਿਸਾਨ ਦੀਆਂ ਲਈਆਂ ਹਨ ਪਰ ਇਨ੍ਹਾਂ ਦੀ ਉਸ ਨਾਲ ਕੋਈ ਰਤਾ ਜਿੰਨੀ ਵੀ ਹਮਦਰਦੀ ਨਹੀਂ । ਚੌਧਰੀ ਦੇਵੀ ਲਾਲ ਦੀ ਸੱਜੀ ਬਾਂਹ ਤੇ ਵੀ ਇਹ ਕਾਲਾ ਬਿਲਾ ਸੀ ਅਤੇ ਅੱਜ ਤਕ ਕਾਇਮ ਹੈ । ਇਸ ਲਈ ਮੈਂ ਉਧਰ ਬੈਠੇ ਵੀਰਾਂ ਨੂੰ ਕਹਾਂਗਾ ਕਿ ਇਸ ਤਰ੍ਹਾਂ ਦੀ ਹਿਪੋਕਰੇਸੀ ਨੂੰ ਛੱਡ ਦਿਉ ਅਤੇ ਕਿਸਾਨ ਦੀ ਮਦਦ ਕਰੋ। ਇਨ੍ਹਾਂ ਨੂੰ ਚਾਹੀਦਾ ਤਾਂ ਇਹ ਹੈ ਕਿ ਜੋ ਗੱਲ ਇਥੇ ਕਰਨ ਬਾਹਰ ਵੀ ਉਹੀ ਕਰਨ ਦੀ ਦਲੇਰੀ ਰਖਣ ।ਕਰਦੇ ਕੁਝ ਹਨ ਕਹਿੰਦੇ ਕੁਝ ਹਨ । ਇਸ ਤਰ੍ਹਾਂ ਦੀ ਹਿਪੋਕਰੇਸੀ ਠੀਕ ਨਹੀਂ । ਇਨ੍ਹਾਂ ਨੂੰ ਹੁਣ ਵੀ ਚਾਹੀਦਾ ਹੈ ਕਿ ਸਾਰੀ ਆਪੋਜ਼ੀਸ਼ਨ ਨਾਲ ਮਿਲ ਕੇ ਇਸ ਬਿਲ ਦੇ ਖਿਲਾਫ ਵੋਟ ਦੇਣ ਅਤੇ ਇਸ ਬਿਲ ਨੂੰ ਪਾਸ ਨਾ ਹੋਣ ਦੇਣ । (ਘੰਟੀ) ਚੇਅਰਮੈਨ ਸਾਹਿਬ, ਮੈਂ ਬਸ ਵਾਈਂਡ ਅਪ ਹੀ ਕਰ ਰਿਹਾ ਹਾਂ । ਇਨ੍ਹਾਂ ਵਿੱਚ ਇਕੋ ਮਰਦੇ ਮਜਾਹਦ ਨਿਕਲਿਆ ਹੈ ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ, ਜਿਸ ਨੇ ਕਿਸਾਨ ਦਾ ਪੱਖ ਲਿਆ ਹੈ ਅਤੇ ਕਿਹਾ ਹੈ ਕਿ ਮੈਂ ਤੁਹਾਡੇ ਨਾਲ ਵੋਟ ਦੇਣ ਲਈ ਨਹੀਂ ਉਠਦਾ । ਇਨ੍ਹਾਂ ਤੋਂ ਪਹਿਲਾਂ ਮੇਜਰ ਸਾਹਿਬ ਨੇ ਅਪੀਲ ਕੀਤੀ ਸੀ ਕਿ ਇਨ੍ਹਾਂ ਦੀ ਕੋਈ ਜਥੇਬੰਦੀ ਨਹੀਂ ਪਰ ਮੈਂ ਤਾਂ ਕਹਾਂਗਾ ਕਿ ਸ਼ਾਹਬਾਜ਼ਪੁਰੀ ਤੁਹਾਡੇ ਪਾਸ ਇਕ ਚਾਨਣ ਮੁਨਾਰਾ ਹੈ । ਇਹ ਤੁਹਾਨੂੰ ਅਗਵਾਈ ਦੇ ਸਕਦੇ ਹਨ । ਇਸ ਤੋਂ ਚਾਨਣਮੁਨਾਰੇ ਦਾ ਕੰਮ ਲਉ ਅਤੇ ਆਸ ਹੈ ਕਿ ਇਹ ਕਿਸਾਨਾਂ ਦੀ ਅਗਵਾਈ ਕਰਨਗੇ ਅਤੇ ਕਾਲੇ ਬਿਲੇ ਲਾਕੇ ਜਨਤਾ ਨੂੰ ਅਗਵਾਈ

[ਸਰਦਾਰ ਅਜਾਇਬ ਸਿੰਘ ਸੰਧੂ]

ਦੇਣਗੇ ਕਿ ਉਹ ਇਨ੍ਹਾਂ ਦਾ ਸਾਥ ਦੇਵੇ। ਅਤੇ ਇਸ ਬਿਲ ਦੀ ਮੁਖਾਲਫਤ ਕੀਤੀ ਜਾਵੇ। ਮੈਂ ਇਨ੍ਹਾਂ ਸ਼ਬਦਾਂ ਨਾਲ ਇਸ ਦੀ ਵਿਰੋਧਤਾ ਕਰਦਾ ਹਾਂ।

ਸਰਦਾਰ ਜਸਦੇਵ ਸਿੰਘ ਸੰਧੂ (ਰਾਏਪੁਰ): ਅੱਜ, ਚੇਅਰਮੈਨ ਸਾਹਿਬ, ਇਸ ਅਮੈਂਡਿੰਗ ਬਿਲ ਰਾਹੀ ਕਰਮਸ਼ਲ ਕਰਾਪ ਸੈਸ ਨੂੰ ਮੁੜ ਕੇ ਲਾਗੂ ਕੀਤਾ ਜਾ ਰਿਹਾ ਹੈ ਇਸ ਦੇ ਬਾਰੇ ਵਿੱਚ ਬੋਲਦਿਆਂ ਰੈਵੇਨਿਯੂ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਵਧ ਤੋਂ ਵਧ 1964 ਵਿੱਚ ਇਸ ਰਾਹੀਂ ਅਸੀਂ 74 ਲੱਖ ਰੁਪਿਆ ਵਸੂਲ ਕਰ ਸਕੇ ਹਾਂ। ਇਹ ਜਿਹੜੀ ਡੀਮਾਂਡ ਇਸ ਸਾਲ ਵਿੱਚ ਰੇਜ਼ ਕੀਤੀ ਗਈ ਹੈ ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਸੈਸ ਕਰਾਪ ਦੀ ਪੈਦਾਵਾਰ ਘਟ ਗਈ ਹੈ ਕਿਉਂਕਿ 1965 ਵਿੱਚ ਇਸ ਦੀ ਡੀਮਾਂਡ 66 ਲੱਖ ਹੋਵੇਗੀ। ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਲੋਕਾਂ ਨੇ ਇਸ ਟੈਕਸ ਦੇ ਭਾਰ ਨੂੰ ਮਹਿਸੂਸ ਕੀਤਾ ਹੈ ਤਾਂ ਹੀ ਡੀਮਾਂਡ ਘਟੀ ਹੈ ਅਤੇ ਇਸ ਨੂੰ ਜ਼ਿਆਦਾ ਰੇਜ਼ ਨਹੀਂ ਕੀਤਾ ਜਾ ਸਕਿਆ। ਅੱਜ ਪੰਜਾਬ ਦੀ ਕੀ ਹਾਲਤ ਹੈ ? ਪੰਜਾਬ ਲੜਾਈ ਦਾ ਮਾਰਿਆ ਹੋਇਆ ਹੈ ਇਸ ਲਈ ਕਿਸਾਨ ਨੂੰ ਸਹਾਇਤਾ ਦੇਣ ਦੀ ਲੋੜ ਹੈ। ਸਰਕਾਰ ਨੇ ਇਸ ਟੈਕਸ ਦੇ ਸਬੰਧ ਵਿੱਚ ਇਹ ਵੀ ਕਿਹਾ ਹੈ ਕਿ ਤਿੰਨਾਂ ਬਾਰਡਰ ਦੇ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਨੂੰ ਇਕ ਸਾਲ ਲਈ ਇਸ ਟੈਕਸ ਤੋਂ ਛੋਟ ਦਿੱਤੀ ਜਾਵੇਗੀ। ਅਤੇ ਇਹ ਕੁਲ ਟੈਕਸ ਦੀ ਆਮਦਨ ਦਾ 34 ਫੀਸਦੀ ਬਣਦਾ ਹੈ। ਜਿਸ ਨੂੰ ਇਨ੍ਹਾਂ ਛਡਣ ਦਾ ਫੈਸਲਾ ਕੀਤਾ ਹੈ। ਇਸ ਤਰ੍ਹਾਂ ਕੋਈ 40 ਲੱਖ ਰੁਪਿਆ ਸਾਰੇ ਪੰਜਾਬ ਤੋਂ ਉਗਰਾਉਣ ਦਾ ਵਿਚਾਰ ਹੈ। ਪਰ ਮੈਂ ਸਮਝਦਾ ਹਾਂ ਕਿ ਅਸਾਡੇ ਖਿਲਾਫ, ਇਸ ਸਰਕਾਰ ਦੇ ਖਿਲਾਫ ਕਿਸਾਨ ਦਾ ਪ੍ਰਾਪੇਗੰਡਾ 40 ਲੱਖ ਤੋਂ ਕਿਤੇ ਵਧ ਦਾ ਹੋਵੇਗਾ। ਇਹ ਚਾਲੀ ਲੱਖ ਰੁਪਿਆ ਸਰਕਾਰ ਨੇ ਲੈ ਕੇ ਬਹੁਤ ਬਦਨਾਮੀ ਖਟਣੀ ਹੈ। ਇਸ ਲਈ ਮੈਂ ਤਾਂ ਕਹਾਂਗਾ ਕਿ ਸਰਕਾਰ ਨੂੰ ਇਹ ਟੈਕਸ ਕਿਸਾਨਾਂ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਇਹ ਬਦਨਾਮੀ ਅੱਜ ਦੇ ਹਾਲਾਤ ਵਿੱਚ ਨਹੀਂ ਲੈਣੀ ਚਾਹੀਦੀ।

ਫਿਰ ਇਕ ਹੋਰ ਗੱਲ ਹੈ, ਚੇਅਰਮੈਨ ਸਾਹਿਬ ਕਿ ਕਈ ਗੱਲਾਂ ਸਿੰਬਾਲਿਕ ਹੁੰਦੀਆਂ ਹਨ ਉਨ੍ਹਾਂ ਦਾ ਸਬੰਧ ਭਾਵਨਾਵਾਂ ਨਾਲ ਹੁੰਦਾ ਹੈ ਉਨ੍ਹਾਂ ਦੀ ਇਕ ਸੈਂਟੀਮੈਂਟਲ ਵੈਲਯੂ ਹੁੰਦੀ ਹੈ। ਭਾਵੇਂ ਉਸ ਦਾ ਫਾਇਦਾ ਹੋਵੇ ਜਾਂ ਨਾ ਹੋਵੇ। ਇਹ ਟੈਕਸ ਕਿਸਾਨਾਂ ਦੀਆਂ ਭਾਵਨਾਵਾਂ ਨੂੰ ਟੁੰਬਦਾ ਹੈ। ਅਤੇ ਇਸ ਦਾ ਉਨ੍ਹਾਂ ਦੇ ਸੈਂਟੀਮੈਂਟਸ ਤੇ ਅਸਰ ਪੈਂਦਾ ਹੈ। ਇਕ ਪਾਸੇ ਤਾਂ ਉਸ ਨੇ ਇਸ ਲੜਾਈ ਵਿੱਚ ਸ਼ਹਾਦਤ ਦਿੱਤੀ ਹੈ, ਕੁਰਬਾਨੀ ਦਿੱਤੀ ਹੈ, ਜਿਸ ਦੀ ਮਸਾਲ ਨਹੀਂ ਮਿਲਦੀ। ਦੂਜੇ ਪਾਸੇ ਉਸ ਨੂੰ ਇਹ ਕਿਹਾ ਜਾਂਦਾ ਹੈ ਕਿ ਗ੍ਰੋ ਮੋਰ ਫੂਡ ਕਰੇ। ਉਪਜ ਵਧਾਣ ਵਿੱਚ ਉਸ ਦੀ ਸਹਾਇਤਾ ਦੀ ਲੋੜ ਹੈ ਤੇ ਜਿਹੜੇ ਕਮਰਸ਼ਲ ਕਰਾਪ ਬੀਜਦੇ ਹਨ ਉਹ ਇਸ ਟੈਕਸ ਨੂੰ ਵੇਖ ਕੇ ਡਿਸਗਸਟਿਡ ਫੀਲ ਕਰਨਗੇ। ਇਸ ਲਈ ਕਾਂਗਰਸ ਦੀ ਸਰਕਾਰ ਜਿਹੜੀ ਕਿ ਆਪਣੇ ਆਪ ਨੂੰ ਕਿਸਾਨਾਂ ਦੀ ਸਰਕਾਰ ਪੈਜ਼ਨਟਰੀ ਦੀ ਸਰਕਾਰ ਕਹਿੰਦੀ ਹੈ, ਅਤੇ ਛੋਟੇ ਜਿਮੀਂਦਾਰ ਦੀ ਹਿਤੂ ਸਮਝਦੀ ਹੈ ਇਸ ਤਰ੍ਹਾਂ ਦੇ ਟੈਕਸ ਲਗਾ ਰਹੀ ਹੈ ਇਹ ਠੀਕ ਨਹੀਂ। ਲੋਕ ਰਾਏ ਇਸ ਦੇ ਖਿਲਾਫ ਹੈ। ਕਿਸਾਨ ਇਸ ਦੀ ਵਿਰੋਧਤਾ ਕਰ ਰਿਹਾ ਹੈ। ਫਿਰ ਅਸੀਂ ਉਨ੍ਹਾਂ ਦੀ ਵੋਟਾਂ ਤੇ ਹੀ ਇਥੇ ਆਏ ਹਾਂ ਇਸ ਲਈ ਉਨ੍ਹਾਂ ਵੋਟਾਂ ਦਾ ਧਿਆਨ ਰਖਣਾ ਚਾਹੀਦਾ ਹੈ। ਇਥੇ ਵੀ ਅਸੈਂਬਲੀ ਵਿੱਚ ਬਹੁ-ਗਿਣਤੀ ਨੇ ਇਸ ਦੀ ਵਿਰੋਧਤਾ ਕੀਤੀ ਹੈ ਅਤੇ ਆਪਣੇ ਇਲਾਕੇ ਦੇ ਲੋਕਾਂ ਦੇ ਜਜ਼ਬਾਤ ਨੂੰ ਇਥੇ ਪਰਗਟ ਕੀਤਾ ਹੈ। ਤੇ ਤੁਸੀਂ ਇਸ ਟੈਕਸ ਨੂੰ ਲਗਾ ਕੇ ਕੇਵਲ 40 ਲੱਖ ਰੁਪਿਆ ਵਸੂਲ ਕਰਨਾ ਹੈ। ਇਹ ਕੋਈ ਬਹੁਤੀ ਵੱਡੀ ਰਕਮ ਨਹੀਂ ਕਿ ਜਿਸ ਕਾਰਨ ਲੋਕਾਂ ਦੇ ਜਜ਼ਬਾਤ ਨਾਲ ਖੇਲ੍ਹਿਆ ਜਾਵੇ।

ਫਿਰ, ਚੇਅਰਮੈਨ ਸਾਹਿਬ, ਇਕ ਗੱਲ ਹੋਰ ਹੈ ਕਿ ਇਸ 40 ਲੱਖ ਰੁਪਏ ਨੂੰ ਉਗਰਾਹੁ ਣ ਲਈ ਇਹ ਕੈਲੂਕੁਲੇਟ ਕਰਕੇ ਨਹੀਂ ਦਸਿਆ ਗਿਆ ਕਿ ਕਿੰਨਾ ਖਰਚ ਆਵੇਗਾ । ਮੇਰਾ ਆਪਣਾ ਖ਼ਿਆਲ ਹੈ ਕਿ ਇਸ ਟੈਕਸ ਨੂੰ ਉਗਰਾਹੁਣ ਲਈ ਅਮਲੇ ਅਤੇ ਸਟਾਫ ਤੇ ਕੋਈ ਚਾਰ ਜਾਂ ਪੰਜ ਲੱਖ ਰੁਪਿਆ ਖਰਚ ਹੋਵੇਗਾ ਅਤੇ ਇਹ ਵੀ ਖਜ਼ਾਨੇ ਵਿੱਚ ਘਟ ਜਾਵੇਗਾ । ਇਸ ਪੱਖ ਵਲ ਵੀ ਧਿਆਨ ਕਰ ਲੈਣਾ ਚਾਹੀਦਾ ਹੈ ਕਿ 30 ਜਾਂ 35 ਲੱਖ ਰੁਪਿਆ ਉਗਰਾਹੁਣ ਨਾਲ ਕਿੰਨਾ ਅਸਰ ਕਿਸਾਨ ਤੇ ਪਏਗਾ ।

ਇਹ ਠੀਕ ਹੈ ਕਿ ਪਲਾਨਿੰਗ ਕਮਿਸ਼ਨ ਨੂੰ ਇਸ ਸਰਕਾਰ ਨੇ ਕਮਿਟਮੈਂਟ ਦਿੱਤੀ ਹੋਈ ਹੈ ਕਿ ਅਸੀਂ ਟੈਕਸ ਲਗਾ ਰਹੇ ਹਾਂ ਅਤੇ ਇਸ ਰਾਹੀਂ ਅਸਾਨੂੰ ਮਾਲੀ ਸਹਾਇਤਾ ਮਿਲੇਗੀ ਜਿਹੜੀ ਕਿ ਪਲਾਨ ਦੇ ਖਰਚਾਂ ਵਿੱਚ ਪਾਈ ਜਾਵੇਗੀ । ਚੇਅਰਮੈਨ ਸਾਹਿਬ, ਮੈਂ ਇਸ ਸਬੰਧ ਵਿੱਚ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦ ਇਸ ਸਰਕਾਰ ਨੇ ਪਲਾਨਿੰਗ ਕਮਿਸ਼ਨ ਨੂੰ ਵਚਨ ਦਿੱਤਾ ਸੀ ਕਿ ਅਸੀਂ ਟੈਕਸ ਹੋਰ ਲਗਾ ਕੇ ਰੁਪਿਆ ਪਲਾਨ ਫੰਡ ਵਿੱਚ ਪਾਵਾਂਗੇ ਤਾਂ ਪੰਜਾਬ ਦੇ ਹਾਲਾਤ ਹੋਰ ਸਨ । ਅੱਜ ਹਾਲਾਤ ਬਦਲੇ ਹੋਏ ਹਨ । ਮੌਜਦਾ ਜੰਗ ਨਾਲ ਪੰਜਾਬ ਦੀ ਆਰਥਕਤਾ ਤਬਾਹ ਹੋ ਗਈ ਹੈ ਅਤੇ ਮੈਂ ਤਾਂ ਕਹਾਂਗਾ ਕਿ ਸ਼ੈਟਰ ਹੋ ਗਈ ਹੈ । ਮੇਰੇ ਸਾਹਮਣੇ ਕਲ ਦੀ ਟ੍ਰਿਬਿਊਨ ਹੈ ਇਸ ਦੇ ਲੀਡਰਾਂ ਆਰਟੀਕਲ ਵਿੱਚ ਇਹ ਲਿਖਿਆ ਹੋਇਆ ਹੈ । ਕਿ ਪੰਜਾਬ ਸਰਕਾਰ ਦੀ ਇਕਾਨੋਮੀ ਸ਼ੇਕ ਹੋ ਗਈ ਹੈ ਅਤੇ ਇਸ ਨੇ ਲੋਕਾਂ ਦੀ ਹਾਲਾਤ ਦਾ ਅੰਦਾਜ਼ਾ ਲਗਾ ਕੇ ਕਿਹਾ ਹੈ ਕਿ ਪੰਜਾਬ ਸਰਕਾਰ ਨੂੰ ਕੋਈ ਨਵਾਂ ਟੈਕਸ ਨਹੀਂ ਲਗਾਣਾ ਚਾਹੀਦਾ ।

ਜਿੱਥੋਂ ਤਕ ਮੈਂ ਸਮਝਦਾ ਹਾਂ ਪੰਜਾਬ ਸਰਕਾਰ ਨੇ ਪਲੈਨਿੰਗ ਕਮਿਸ਼ਨ ਸਾਹਮਣੇ ਸਾਡਾ ਕੇਸ ਵਾਜਬ ਤਰੀਕੇ ਨਾਲ ਪੁਟ ਆਪ ਹੀ ਨਹੀਂ ਕੀਤਾ । ਜਿਸ ਕਰਕੇ ਹਿੰਦ ਸਰਕਾਰ ਇਸ ਮੁਆਮਲੇ ਵਿੱਚ ਸਾਨੂੰ ਵਾਜਬ ਸਹਾਇਤਾ ਨਹੀਂ ਦੇ ਰਹੀ । ਇਹੋ ਵਜਾਹ ਹੈ ਕਿ ਇਥੇ ਟੈਕਸ ਲਾ ਲਾ ਕੇ ਇਸ ਘਾਟੇ ਨੂੰ ਪੂਰਾ ਕੀਤਾ ਜਾ ਰਿਹਾ ਹੈ, ਹਿੰਦ ਸਰਕਾਰ ਨੂੰ ਚਾਹੀਦਾ ਸੀ ਕਿ ਅਸੀਂ ਇਤਨੀ ਮੁਸੀਬਤ ਵਿੱਚ ਹਾਂ ਉਨ੍ਹਾਂ ਨੂੰ ਸਾਨੂੰ ਇਸ ਮੌਕੇ ਤੇ ਰੀਲੀਫ ਦੇਣਾ ਚਾਹੀਦਾ ਸੀ । 18 ਸਾਲ ਪਹਿਲਾਂ ਜਦੋਂ ਪੰਜਾਬ ਦੇ ਦੋ ਟੁਕੜੇ ਹੋਏ, ਇਥੇ ਇਤਨੀ ਵਢ ਟੁਕ ਹੋਈ ਕਿ ਜਿਸ ਦਾ ਅੰਦਾਜ਼ਾ ਨਹੀਂ । ਪੰਜਾਬ ਨੂੰ ਜਿਤਨੀ ਇਸ ਆਜ਼ਾਦੀ ਦੀ ਕੀਮਤ ਦੇਣੀ ਪਈ ਸ਼ਾਇਦ ਹੀ ਕਿਸੇ ਹੋਰ ਸੂਬੇ ਨੂੰ ਇਸ ਦੀ ਕੀਮਤ ਭਰਨੀ ਪਈ ਹੋਵੇ । ਪਰ ਉਸ ਵੇਲੇ ਵੀ ਅਸੀਂ ਹੀ ਇਸ ਆਜ਼ਾਦੀ ਦੀ ਕੀਮਤ ਚੁਕਾਈ, ਅਸੀਂ ਆਪਣੇ ਆਪ ਹੀ ਆਪਣੇ ਪੈਰਾਂ ਤੇ ਖੜ੍ਹੇ ਹੋਏ । ਜਿੱਥੇ ਕਰੋੜਾਂ ਦਾ ਨੁਕਸਾਨ ਪੂਰਾ ਕਰਨ ਵਾਸਤੇ ਸਾਨੂੰ ਚਾਹੀਦਾ ਸੀ ਕਿ ਅਸੀਂ ਸੈਂਟਰ ਤੋਂ ਇਮਦਾਦ ਲੈਂਦੇ ਅਸੀਂ ਆਪਣੇ ਰੀਸੋਰਸਿਜ਼ ਰਾਹੀਂ ਉਸ ਘਾਟੇ ਨੂੰ ਪੂਰਾ ਕੀਤਾ । ਅੱਜ 18 ਸਾਲਾਂ ਦੇ ਬਾਅਦ ਸਾਨੂੰ ਉਸੇ ਤਰ੍ਹਾਂ ਦੀ ਮੁਸੀਬਤ ਦਾ ਸਾਹਮਣਾ ਕਰਨਾ ਪਿਆ ਹੈ । ਬਾਰਡਰ ਦੇ ਇਲਾਕਿਆਂ ਵਿੱਚ ਵਸਣ ਵਾਲੇ ਲੋਕਾਂ ਦਾ 80% ਤੋਂ ਵੱਧ ਨੁਕਸਾਨ ਇਸ ਜੰਗ ਵਿੱਚ ਹੋਇਆ ਹੈ । ਇਸ ਮੌਕੇ ਪੰਜਾਬ ਦੀ ਸਰਕਾਰ ਨੂੰ ਚਾਹੀਦਾ ਸੀ ਕਿ ਉਹ ਇਸ ਘਾਟੇ ਨੂੰ ਪੂਰਾ ਕਰਨ ਵਾਸਤੇ ਹਿੰਦ ਸਰਕਾਰ ਨੂੰ ਮੌਕੇ ਤੇ ਸਹਾਇਤਾ ਦੇਣ ਲਈ ਅੱਗੇ ਆਉਣ ਵਾਸਤੇ ਪ੍ਰੇਰਨਾ ਕਰਦੀ ਅਤੇ ਸਹੀ ਹਾਲਾਤ ਦਾ ਨਕਸ਼ਾ ਉਨ੍ਹਾਂ ਸਾਹਮਣੇ ਰਖਦੀ । ਪਰ ਇਸ ਤਰ੍ਹਾਂ ਜ਼ਾਹਰ ਹੁੰਦਾ ਹੈ ਕਿ ਸਹੀ ਹਾਲਤ ਇਸ ਸੂਬੇ ਦੇ ਪਲੈਨਿੰਗ ਕਮਿਸ਼ਨ ਦੇ ਅੱਗੇਰੱਖੇ ਨਹੀਂ ਜਾ ਸਕੇ ਅਤੇ ਇਸ ਨੁਕਸਾਨ ਨੂੰ ਅਸੀਂ ਟੈਕਸਾਂ ਰਾਹੀਂ ਪੂਰਾ ਕਰ ਰਹੇ ਹਾਂ । ਕਿਹਾ ਇਹ ਜਾ ਰਿਹਾ ਹੈ ਕਿ ਪੰਜਾਬ ਬੜਾ ਤਾਕਤਵਰ ਹੈ, ਜਿਸ ਤਰ੍ਹਾਂ ਕਿ ਉਨ੍ਹਾਂ ਨੂੰ ਇਸ ਸੂਬੇ ਦੀਆਂ ਮੁਸ਼ਕਲਾਤ ਦਾ ਪਤਾ ਹੀ ਨਹੀਂ । ਹਿੰਦ ਸਰਕਾਰ ਨੂੰ ਚਾਹੀਦਾ ਹੈ ਕਿ ਸਾਡੀਆਂ ਮੁਸ਼ਕਲਾਤ ਦੇ ਵਿੱਚ ਹੱਥ ਵਟਾਏ ਅਤੇ ਮਾਲੀ ਸਹਾਇਤਾ ਦੇ ਕੇ ਨਵੀਆਂ ਸਕੀਮਾਂ ਰਾਹੀਂ ਉਨਤ ਕਰਨ ਦਾ ਰਸਤਾ ਦੱਸੇ । ਅਸੀਂ ਹਰ ਨਵੀਆਂ ਪਲਾਨਾਂ ਤੇ

6-00 p.m.

[ਸਰਦਾਰ ਜਸਦੇਵ ਸਿੰਘ ਸੰਧੂ]

ਅਮਲ ਕਰਨ ਦੇ ਲਈ ਤਿਆਰ ਹਾਂ । ਇਕ ਪਾਸੇ ਸਾਨੂੰ ਕਿਹਾ ਜਾਂਦਾ ਹੈ ਕਿ ਸਾਨੂੰ ਡੀਫੈਂਸ ਮਜ਼ਬੂਤ ਕਰਨ ਵਾਸਤੇ ਪੈਸਾ ਚਾਹੀਦਾ ਹੈ ਦੂਸਰੀ ਤਰਫ ਇਹ ਕਿਹਾ ਜਾਂਦਾ ਹੈ ਕਿ ਡੀਫੈਂਸ ਤਦ ਹੀ ਮਜ਼ਬੂਤ ਹੋ ਸਕਦਾ ਹੈ ਜੇ ਅਸੀਂ ਅਨਾਜ ਦੀ ਵਧ ਪ੍ਰੋਕਿਓਰਮੈਂਟ ਕਰੀਏ । ਇਤਨੀਆਂ ਮੁਸ਼ਕਲਾਤ ਦੇ ਵਿੱਚ ਅਨਾਜ ਦੀ ਉਪਜ ਵਿੱਚ ਕਿਸ ਤਰ੍ਹਾਂ ਵਾਧਾ ਹੋ ਸਕਦਾ ਹੈ । ਮੈਨੂੰ ਇਹ ਗੱਲ ਕਹਿਣੀ ਨਹੀਂ ਸੀ ਚਾਹੀਦੀ ਪਰ ਜਦੋਂ ਮੈਂ ਇਨ੍ਹਾਂ ਵਧ ਰਹੇ ਟੈਕਸਾਂ ਨੂੰ ਵੇਖਦਾ ਹਾਂ ਅਤੇ ਲੋਕਾਂ ਦੀ ਮਾਲੀ ਹਾਲਾਤ ਅਤੇ ਉਨ੍ਹਾਂ ਦੀਆਂ ਮੁਸ਼ਕਲਾਤ ਨੂੰ ਵੇਖਦਾ ਹਾਂ ਤਾਂ ਇਹ ਕਹਿਣਾ ਹੀ ਪੈਂਦਾ ਹੈ ਕਿ ਕਿਸਾਨ ਚਾਰੇ ਪਾਸਿਓਂ ਦੁਖੀ ਹੈ ਅਤੇ ਉਹ ਹੋਰ ਵੱਧ ਪੈਦਾਵਾਰ ਕਰਕੇ ਨਹੀਂ ਦੇ ਸਕਦਾ । ਅਸੀਂ ਭੁੱਖੇ ਨੰਗੇ ਮੌਜੂਦਾ ਰੀਸੋਰਸਿਜ਼ ਦੇ ਵਿੱਚ ਪੈਦਾਵਾਰ ਵੱਧ ਨਹੀਂ ਕਰ ਸਕਦੇ । ਜੇ ਸਾਰੀਆਂ ਪਲੈਨਜ਼ ਨੂੰ ਸਰਕਾਰ ਸਿਰੇ ਲਾਉਣਾ ਚਾਹੁੰਦੀ ਹੈ ਤਾਂ ਇਹ ਉਦੋਂ ਤਕ ਨਹੀਂ ਸਿਰੇ ਲੱਗ ਸਕਦੀਆਂ ਜਦੋਂ ਤਕ ਕਿ ਪੂਰੀ ਤਰ੍ਹਾਂ ਮਾਲੀ ਸਹਾਇਤਾ ਇਸ ਸੂਬੇ ਦੇ ਲੋਕਾਂ ਦੀ ਨਹੀਂ ਕੀਤੀ ਜਾਂਦੀ । ਕਿਸਾਨ ਦੀਆਂ ਫਸਲਾਂ ਦੀ ਇਹ ਹਾਲਤ ਹੈ ਕਿ ਇਸ ਦਫ਼ਾ 90% ਬਾਰਾਨੀ ਫਸਲਾਂ ਕਿਸਾਨ ਦੀਆਂ ਬਿਲਕੁਲ ਤਬਾਹ ਹੋ ਗਈਆਂ ਹਨ ਅਤੇ ਅਗੋਂ ਲਈ ਕਿਤੇ ਕੋਈ ਬਿਜਾਈ ਨਹੀਂ ਹੋਈ, ਇਨ੍ਹਾਂ ਹਾਲਾਤ ਦੇ ਵਿੱਚ ਕਿਸਾਨ ਤੇ ਟੈਕਸ ਲਾਉਣਾ, ਮੈਂ ਸਮਝਦਾ ਹਾਂ, ਕਿਸੇ ਤਰ੍ਹਾਂ ਵੀ ਵਾਜਬ ਨਹੀਂ । ਸਾਨੂੰ ਚਾਹੀਦਾ ਹੈ ਕਿ ਕਿਸਾਨ ਦੀ ਭਲਾਈ ਵਾਸਤੇ ਭਰੋਸਾ ਦਵਾਈਏ ਅਤੇ ਪ੍ਰੈਕਟੀਕਲੀ ਇਸ ਦੀ ਇਮਦਾਦ ਲਈ ਅੱਗੇ ਆਈਏ ਕਿਉਂਕਿ ਜ਼ਿਮੀਂਦਾਰ ਮਾਲੀ ਮੁਸ਼ਕਲਾਤ ਵਿੱਚ ਜੇ ਪੈ ਗਿਆ ਤਾਂ ਉਹ ਕਿਸੇ ਤਰ੍ਹਾਂ ਵੀ ਫਸਲ ਦੀ ਉਨਤੀ ਵਿੱਚ ਹੱਥ ਨਹੀਂ ਪਾ ਸਕੇਗਾ । ਇਸ ਲਈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਸੂਬੇ ਦੀਆਂ ਮੁਸ਼ਕਲਾਤ ਨੂੰ ਸਾਹਮਣੇ ਰਖਦੇ ਹੋਏ ਬਾਕਾਇਦਾ ਹਿੰਦ ਸਰਕਾਰ ਦੇ ਪਾਸ ਕੇਸ ਪੁਟ ਕਰੇ ਅਤੇ ਜ਼ਿਮੀਂਦਾਰ ਦੀ ਫਾਈਨੈਂਸ਼ਲ ਪੁਜ਼ੀਸ਼ਨ ਬਿਹਤਰ ਬਣਾਉਣ ਦੇ ਵਿੱਚ ਸਹਾਈ ਹੋਵੇ । ਇਸ ਬਿਲ ਦੇ ਸਬੰਧ ਵਿੱਚ ਮੇਰੀ ਤਾਂ ਇਹੋ ਰਾਏ ਹੈ ਕਿ ਮੌਜੂਦਾ ਹਾਲਾਤ ਦੇ ਵਿੱਚ ਜ਼ਿਮੀਂਦਾਰ ਅਜੇ ਹੋਰ ਟੈਕਸ ਦੇਣ ਦੇ ਯੋਗ ਨਹੀਂ ਹੈ ਇਸ ਲਈ ਰੈਵੀਨਿਊ ਮਨਿਸਟਰ ਸਾਹਿਬ ਨੂੰ ਇਹ ਬਿਲ ਅਜੇ ਪਾਸ ਨਹੀਂ ਕਰਵਾਉਣਾ ਚਾਹੀਦਾ ਸਗੋਂ ਇਸ ਨੂੰ ਰੀਕਨਸਿਡਰ ਕਰਨਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

ਮਾਲ ਮੰਤ੍ਰੀ (ਸਰਦਾਰ ਹਰਿੰਦਰ ਸਿੰਘ, ਮੇਜਰ) : ਚੇਅਰਮੈਨ ਸਾਹਿਬ, ਮੈਂ ਇਕ ਜ਼ਰੂਰੀ ਪੁਆਇੰਟ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿਉਂ ਜੋ ਇਕ ਆਨਰੇਬਲ ਮੈਂਬਰ ਨੇ ਮੈਨੂੰ ਮਿਸ ਕੋਟ ਕੀਤਾ ਹੈ । ਮੈਂ ਆਪਣੇ ਵਿਚਾਰ ਸਪਸ਼ਟ ਤੌਰ ਤੇ ਹਾਊਸ ਅੱਗੇ ਰੱਖੇ ਸੀ । ਮੈਂ ਸਮਝਦਾ ਹਾਂ ਉਨ੍ਹਾਂ ਮੈਨੂੰ ਮਿਸਕੋਟ ਕਰਕੇ ਡੀਮਾਰੇਲਾਈਜੇਸ਼ਨ ਕਰਨ ਦੀ ਕੋਸ਼ਿਸ਼ ਕੀਤੀ ਹੈ । ਉਨ੍ਹਾਂ ਨੇ ਕਿਹਾ ਹੈ ਕਿ ਇਸ ਤਰ੍ਹਾਂ ਇਨਕਮ ਘਟ ਹੋਵੇਗੀ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ 1963–64 ਦੇ ਵਿੱਚ ਜਿਹੜਾ ਏਰੀਆ ਇਸ ਵਿਚ ਆਉਂਦਾ ਸੀ ਉਹ 2,368,258 ਏਕੜ ਸੀ, ਪਰ 1964–65 ਦੇ ਵਿੱਚ ਇਹ 2,371,278 ਹੋ ਜਾਵੇਗਾ। ਇਹ ਮੈਨੂੰ ਦੱਸਣ ਕਿ ਜਦੋਂ 3 ਲੱਖ ਏਕੜ ਦੀ ਇਨਕਰੀਜ਼ ਹੋਵੇਗੀ ਤਾਂ ਇਹ ਪੈਦਾਵਾਰ ਵਧੇਗੀ ਜਾਂ ਘਟੇਗੀ ।

ਚੌਧਰੀ ਦਰਸ਼ਨ ਸਿੰਘ (ਨਕੋਦਰ) : ਇਸ ਤੋਂ ਪਹਿਲ੍ਹਾਂ ਮੈਂ ਕੁਝ ਹੋਰ ਅਰਜ਼ ਕਰਾਂ ਮੈਂ ਕਾਲੇ ਬਿਲਿਆਂ ਵਲ ਇਸ ਹਾਊਸ ਦਾ ਧਿਆਨ ਦਿਵਾਉਣਾ ਜ਼ਰੂਰੀ ਸਮਝਦਾ ਹਾਂ । ਉਹ ਇਹ ਕਿ ਅਪੋਜ਼ੀਸ਼ਨ ਵਾਲਿਆਂ ਅਤੇ ਕੁਝ ਐਧਰ ਬੈਠਣ ਵਾਲਿਆਂ ਮੈਂਬਰਾਂ ਨੇ ਇਸ ਕਰਕੇ ਕਾਲੇ ਬਿਲੇ ਲਾਏ ਹੋਏ ਸਨ ਕਿ ਉਹ ਇਕ ਡੀਸੈਂਟ ਤਰੀਕੇ ਨਾਲ ਇਸ ਕਾਲੇ ਬਿਲ ਦੇ ਖਿਲਾਫ ਪ੍ਰੋਟੈਸਟ ਕਰਨਾ ਚਾਹੁੰਦੇ ਸਨ । ਮੈਂ ਸਮਝਦਾ ਹਾਂ ਕਿ ਡਸਿਪਲਨ ਵਿੱਚ ਰਹਿੰਦੇ ਹੋਏ ਰੀਜ਼ੈਂਟਮੈਂਟ ਸ਼ੋ ਕਰਨ ਦਾ ਬੜਾ

ਇਕ ਨੋਬਲ ਤਰੀਕਾ ਹੈ ਜੋ ਅਸੀਂ ਇਖਤਿਆਰ ਕੀਤਾ ਹੈ । ਜਿਥੋਂ ਤਕ ਆਪਣੇ ਲੀਡਰ ਨੂੰ ਸਪੋਰਟ ਦੇਣ ਦਾ ਸਵਾਲ ਹੈ, ਮੈਂ ਸਮਝਦਾ ਹਾਂ ਅਸੀਂ ਕਿਸੇ ਤੋਂ ਪਿਛੇ ਨਹੀਂ ਰਹਾਂਗੇ, ਆਪਣੇ ਲੀਡਰ ਦੇ ਇਸ਼ਾਰੇ ਤੇ ਵੋਟ ਪਾਵਾਂਗੇ । ਡੈਮੋਕਟਰੈਕ ਵੇ ਵਿੱਚ ਅਸੀਂ ਰੀਜ਼ੈਂਟਮੈਂਟ ਸ਼ੋ ਕਰ ਰਹੇ ਹਾਂ, ਸਾਡੇ ਤੇ ਕੋਈ ਪਾਬੰਦੀ ਨਹੀਂ ਕਿ ਅਸੀਂ ਆਪਣੇ ਦਿਲੀ ਜਜ਼ਬਾਤ ਨਾ ਦਰਸਾ ਸਕੀਏ, ਇਸ ਵਿੱਚ ਪਾਰਟੀ ਡਸਿਪਲਨ ਦੀ ਕੋਈ ਅੜਚਨ ਨਹੀਂ ਸੀ ਸਾਨੂੰ ਪੂਰੀ ਖੁਲ੍ਹ ਸੀ..... (ਵਿਘਨ)

ਇਸ ਸੈਸ਼ਨ ਦੇ ਵਿੱਚ ਸਰਕਾਰ ਵਲੋਂ ਤਿੰਨ ਬਿਲ ਆਏ ਹਨ, ਪਹਿਲਾ ਬਿਲ ਸ਼ੂਗਰ ਮਿਲਾਂ ਦੇ ਮੁਤਾਲਿਕ ਸੀ ਜਿਸ ਰਾਹੀਂ ਇਕ ਇਕ ਮਿਲ ਵਾਲੇ ਨੂੰ 10–12 ਲੱਖ ਰੁਪਏ ਤਕ ਇਸ ਸਰਕਾਰ ਨੇ ਪੈਸਾ ਦੇਣਾ ਸੀ, ਜਿਹੜਾ ਕਿ ਐਕਸਪੋਰਟ ਦੇ ਸਿਲਸਿਲੇ ਵਿੱਚ ਉਨ੍ਹਾਂ ਨੂੰ ਘਾਟਾ ਪੈਂਦਾ ਸੀ, ਬਿਲ ਹੀ ਵਾਪਸ ਲੈ ਲਿਆ ਗਿਆ ਅਤੇ ਇਹ ਡਿਸਕਸ਼ਨ ਖਤਮ ਹੋ ਗਈ । ਦੂਸਰਾ ਬਿਲ ਬਿਕਰੀ ਟੈਕਸ ਦੇ ਮੁਤਲਿਕ ਸੀ, ਜਿਸ ਤੇ ਬੜੀ ਜ਼ਬਰਦਸਤ ਬਹਿਸ ਹੋਈ ਅਤੇ ਇਸ ਵਿੱਚ ਤਰਮੀਮਾਂ ਹੋਈਆਂ ।

(Deputy Speaker occupied the Chair.)

ਅੱਜ ਅਸੀਂ ਕਮਰਸ਼ਲ ਕਰਾਪਸ ਸੈਸ ਡਿਸਕਸ ਕਰ ਰਹੇ ਹਾਂ । ਇਸ ਬਿਲ ਰਾਹੀਂ ਗੰਨਾ, ਕਪਾਹ ਅਤੇ ਮਿਰਚਾਂ ਤੇ ਟੈਕਸ ਲਗਣਾ ਹੈ, 4 ਰੁਪਏ ਏਕੜ ਚਾਹੀ ਅਤੇ 2 ਰੁਪਏ ਏਕੜ ਬਾਰਾਨੀ ਇਨ੍ਹਾਂ ਫਸਲਾਂ ਤੇ ਟੈਕਸ ਲਗਿਆ ਹੈ । ਪੰਜਾਬ ਸਰਕਾਰ, ਕੇਂਦਰੀ ਸਰਕਾਰ ਫੌਜੀਆਂ ਤੇ ਫਰੰਟ ਤੇ ਮਰਨ ਵਾਲਿਆਂ ਲੋਕਾਂ ਨੂੰ, ਬਹਾਦਰੀ ਕਰਨ ਵਾਲੇ ਲੋਕਾਂ ਨੂੰ ਵੀਰ ਚਕਰ ਤੇ ਪਰਮ ਵੀਰ ਚਕਰ ਦਿੰਦੀ ਹੈ । ਓਸੇ ਕਲਾਸ ਤੇ ਟੈਕਸ ਲਗਿਆ ਹੈ । ਜਿਹੜੇ ਬਾਰਡਰ ਤੇ ਰਹਿੰਦੇ ਹਨ ਉਨ੍ਹਾਂ ਜ਼ਿਮੀਂਦਾਰਾਂ ਤੇ ਲਾਇਆ ਹੈ । ਜਿਹੜੇ ਫੌਜੀ ਬਾਰਡਰ ਤੇ ਗਏ ਉਨ੍ਹਾਂ ਨੂੰ ਵੀਰ ਚਕਰ ਤੇ ਪਰਮ ਵੀਰ ਚਕਰ ਦਿੱਤੇ । ਉਨ੍ਹਾਂ ਨੇ ਸਾਡੇ ਫੌਜੀਆਂ ਦੀ ਮਦਦ ਕੀਤੀ, ਉਹ ਟਰਕਾਂ ਵਿੱਚ ਗਏ ਤੇ ਟਰਕਾਂ ਵਿੱਚ ਜਾ ਕੇ ਉਨ੍ਹਾਂ ਨੇ ਫੌਜੀਆਂ ਦੀ ਮਦਦ ਕੀਤੀ । ਅੱਜ ਉਹ ਲੋਕ ਮਹਿਸੂਸ ਕਰ ਰਹੇ ਹਨ । ਜੇ ਅੱਜ ਇਸ ਤਰ੍ਹਾਂ ਦੀਆਂ ਗੱਲਾਂ ਕਰੋ ਤਾਂ ਚੰਗਾ ਨਹੀਂ ਲਗਦਾ । ਮੇਰਾ ਇਹ ਖ਼ਿਆਲ ਸੀ ਕਿ ਮਾਰਚ, 1966 ਵਿੱਚ ਇਸ ਸੈਸ ਟੈਕਸ ਨੇ ਆਟੋਮੈਟੀਕਲੀ ਖਤਮ ਹੋ ਜਾਣਾ ਸੀ । ਇਹ ਬਿਲ ਅਗਲੇ ਬਜਟ ਸੈਸ਼ਨ ਵਿੱਚ ਆ ਸਕਦਾ ਸੀ, ਅਜੇ ਕੋਈ ਕਾਹਲੀ ਨਹੀਂ ਸੀ । ਠੀਕ ਹੈ ਟੈਕਸਾਂ ਦੀ ਸਰਕਾਰ ਨੂੰ ਲੋੜ ਹੈ । ਟੈਕਸਾਂ ਤੋਂ ਬਗ਼ੈਰ ਡੀਵੈਲਪਮੈਂਟ, ਉਨਤੀ ਦੀ ਸਕੀਮ ਨਹੀਂ ਚਲ ਸਕਦੀ । ਸਾਡੇ ਬੋਲਣ ਵਾਲਿਆਂ ਨੇ ਸਰਕਾਰ ਤੇ ਇਲਜ਼ਾਮ ਲਾਇਆ ਹੈ, ਸ਼ਹਿਰੀ ਤੇ ਪੇਂਡੂ ਦਾ ਸਵਾਲ ਪੈਦਾ ਕੀਤਾ । ਮੈਂ ਸ਼ਹਿਰੀ ਤੇ ਪੇਂਡੂ ਦੇ ਸਵਾਲ ਨੂੰ ਪੈਦਾ ਕਰਨ ਦੇ ਹਕ ਵਿੱਚ ਨਹੀਂ । ਅਮੀਰ ਤੇ ਗਰੀਬ, ਭਾਵੇਂ ਉਹ ਸ਼ਹਿਰਾਂ ਜਾਂ ਪਿੰਡਾਂ ਵਿੱਚ ਵਸਣ ਵਾਲਾ ਹੈ 90 ਫੀ ਸਦੀ ਦਾ ਖ਼ਿਆਲ ਕਰੋ ਜੇ ਸੋਸ਼ਲਿਜ਼ਮ ਲਿਆਉਣਾ ਚਾਹੁੰਦੇ ਹੋ । ਸ਼ਹਿਰ ਜਾਂ ਪਿੰਡ ਵਿਚ ਵਸਣ ਵਾਲੀ ਜਨਤਾ ਅੱਧੀ ਗਰੀਬ ਹੈ । ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿੰਦਾ ਹਾਂ ਕਿ ਅਸੀਂ ਗਰੀਬ ਕਿਸਾਨ ਤੇ ਟੈਕਸ ਲਾਇਆ ਹੈ । ਜਿਸ ਕਿਸਾਨ ਨੇ, ਜਿਸ ਗਰੀਬ ਜ਼ਿਮੀਂਦਾਰ ਨੇ ਸੱਪਾਂ ਦੀਆਂ ਸਿਰੀਆਂ ਮਿਧ ਕੇ ਗੰਨਾ, ਮਿਰਚਾਂ ਤੇ ਕਪਾਹ ਪੈਦਾ ਕੀਤੀ ਹੈ । ਉਹ ਗੰਨਾ ਪੈਦਾ ਕਰਦਾ ਹੈ, ਉਸ ਤੋਂ ਖੰਡ ਪੈਦਾ ਹੁੰਦੀ ਹੈ । ਇਸ ਸੂਬੇ ਵਿੱਚ, ਇਸ ਮੁਲਕ ਦੇ ਵਸਣ ਵਾਲੇ ਸ਼ਹਿਰੀ ਤੇ ਅਮੀਰ ਲੋਕ ਉਸ ਖੰਡ ਨੂੰ ਖਾਂਦੇ ਨੇ ਤੇ ਗਰੀਬ ਕਿਸਾਨ ਦੇ ਬਚੇ ਚਾਹ ਵਿੱਚ ਖੰਡ ਪਾਉਣ ਤੋਂ ਤਰਸਦੇ ਨੇ, ਬਿਲਕਦੇ ਨੇ । ਅਸੀਂ ਕਪਾਹ ਤੇ ਟੈਕਸ ਲਾ ਰਹੇ ਹਾਂ । ਜਿਹੜਾ ਉਸ ਦਾ ਕਪੜਾ ਮਿਲ ਰਾਹੀਂ ਬਣਦਾ ਹੈ ਉਹ ਮੇਜਰ ਸਾਹਿਬ ਜਾਂ ਦੂਸਰੇ ਵੱਡੇ ਵੱਡੇ ਆਦਮੀ ਪਾਉਂਦੇ ਨੇ ਤੇ ਜਿਹੜਾ ਕਪਾਹ ਪੈਦਾ ਕਰਨ ਵਾਲਾ ਗਰੀਬ ਕਿਸਾਨ ਹੈ, ਡਿਪਟੀ ਸਪੀਕਰ ਸਾਹਿਬਾ, ਤੁਸੀਂ ਧਿਆਨ ਕਰੋ ਉਸ ਦੇ ਜਿਸਮ ਤੇ ਕਪੜਾ ਨਹੀਂ ਹੁੰਦਾ । ਅੱਜ ਇਹ ਹਾਲਤ ਹੈ । ਅਸੀਂ ਉਨ੍ਹਾਂ ਤੇ ਹੋਰ ਟੈਕਸ ਲਾ ਰਹੇ ਹਾਂ । ਮੈਂ ਇਸ ਗੱਲ ਨੂੰ ਪੂਰੇ ਤੌਰ ਤੇ ਕਹਿੰਦਾ ਹਾਂ ਕਿ ਇਸ ਸੈਸ ਨੂੰ ਦੇਣ ਦੀ ਉਸ ਵਿਚ ਕੈਪੇਸਿਟੀ ਨਹੀਂ । 1887 ਦਾ ਬਣਿਆ ਹੋਇਆ ਲੈਂਡ ਰੈਵੇਨਿਊ ਐਕਟ ਹੈ । 1947 ਤਕ ਉਸ ਵਿਚ

[ਚੌਧਰੀ ਦਰਸ਼ਨ ਸਿੰਘ]

ਕੋਈ ਅਮੈਂਡਮੈਂਟ ਨਹੀਂ ਹੋਈ । ਉਸ ਵੇਲੇ ਅੰਗਰੇਜ਼ਾਂ ਦਾ ਰਾਜ ਸੀ । ਉਸ ਨੇ ਪਾਬੰਦੀ ਲਾਈ ਹੋਈ ਸੀ ਕਿ ਆਪਣੇ ਖੇਤ ਵਿਚੋਂ ਲਕੜ ਕਟਣ ਤੋਂ ਪਹਿਲਾਂ ਡੀ.ਸੀ. ਅਤੇ ਤਹਿਸੀਲਦਾਰ ਦੀ ਮਨਜ਼ੂਰੀ ਲੈਣੀ ਜ਼ਰੂਰੀ ਹੈ । ਡਿਪਟੀ ਸਪੀਕਰ ਸਾਹਿਬਾ, ਤੁਸੀਂ ਵੀ ਆਜ਼ਾਦੀ ਦੀ ਲੜਾਈ ਵਿੱਚ ਅੱਗੇ ਰਹੇ ਹੋ । ਸ੍ਰੀ ਅੰਬਾ ਪ੍ਰਸ਼ਾਦ ਨੇ ਇਕ ਨਾਅਰਾ ਦਿੱਤਾ ਸੀ 'ਪਗੜੀ ਸੰਭਾਲ ਜੱਟਾ ।'

ਡਿਪਟੀ ਸਪੀਕਰ : ਤੁਹਾਨੂੰ ਪਤਾ ਹੀ ਨਹੀਂ । ਓਦੋਂ ਤੁਸੀਂ ਜੰਮੇ ਹੀ ਨਹੀਂ ਸੀ । (He does not know. He was not even born at that time)

ਚੌਧਰੀ ਦਰਸ਼ਨ ਸਿੰਘ : ਉਨ੍ਹਾਂ ਦੀਆਂ ਨਸਲਾਂ ਨੇ ਵੀ ਕੋਟ ਕਰਨਾ ਹੈ । ਇਹ ਤਾਂ ਨਹੀਂ ਕਿ ਜੰਮਣ ਵਾਲਿਆਂ ਨੂੰ ਹੀ ਪਤਾ ਹੁੰਦਾ ਹੈ । ਜਿਹੜੇ ਵਲਾਇਤ ਨਹੀਂ ਜਾਂਦੇ ਉਨ੍ਹਾਂ ਨੂੰ ਵਲਾਇਤ ਦੀ ਕਹਾਣੀ ਦਾ ਤਾਂ ਪਤਾ ਹੁੰਦਾ ਹੈ । ਤੁਸੀਂ ਚਾਹੇ ਨਾ ਦਸੋ ਜਿਹੜੇ ਤੁਸੀਂ ਚੰਗੇ ਕੰਮ ਕੀਤੇ ਹਨ ਉਹ ਸਾਨੂੰ ਪਤਾ ਹੈ। ਡਿਪਟੀ ਸਪੀਕਰ ਸਾਹਿਬਾ, ਸ੍ਰੀ ਅੰਬਾ ਪ੍ਰਸ਼ਾਦ ਨੇ ਕਿਹਾ 'ਪਗੜੀ ਸੰਭਾਲ ਜੱਟਾ' । 1947 ਤੋਂ ਬਾਅਦ ਲੈਂਡ ਰੈਵਿਨਿਊ ਐਕਟ 12 ਦਫਾ ਅਮੈਂਡ ਹੋਇਆ ਹੈ । ਲੇਕਿਨ ਕਿਸਾਨ ਕਦੇ ਇਕ ਵਾਰੀ ਵੀ ਚਿੱਲਾ ਨਹੀਂ ਸਕਿਆ। ਉਹ ਐਨਾ ਸਮਝਦਾਰ ਨਹੀਂ । ਉਸ ਕਿਸਾਨ ਵਿੱਚ ਯੂਨਿਟੀ ਤੇ ਆਵਾਜ਼ ਨਹੀਂ । ਮੈਂ ਸਮਝਦਾ ਹਾਂ ਉਸ ਦੀ ਸਪਿਰਿਟ ਦਾ ਇਮਤਿਹਾਨ ਨਾ ਲਓ । ਜਿਹੜਾ ਕਿਸਾਨ ਪਾਕਿਸਤਾਨ ਨਾਲ ਲੜ ਸਕਦਾ ਹੈ, ਬਾਰਡਰ ਤੇ ਸ਼ਹੀਦੀਆਂ ਪਰਾਪਤ ਕਰ ਸਕਦਾ ਹੈ, ਅੰਗਰੇਜ਼ ਨਾਲ ਲੜ ਸਕਦਾ ਹੈ, ਜੇ ਆਈ ਤੇ ਆ ਗਿਆ ਤਾਂ ਹਰ ਇਕ ਨਾਲ ਟੱਕਰ ਜਾਏਗਾ ਉਸ ਦਾ ਇਮਤਿਹਾਨ ਨਾ ਲਓ । ਕਿਸਾਨ ਕੁਛ ਆਸ ਰਖਦਾ ਹੈ ਆਪਣੇ ਨੁਮਾਇੰਦਿਆਂ ਤੋਂ ਜਿਹੜੇ ਏਥੇ ਬੈਠੇ ਹਨ। ਜੇ ਨੁਮਾਇੰਦੇ ਹੀ ਦਬੀ ਹਾਵਾਜ਼ ਨਾਲ ਕਹਿਣ ਕਿ ਇਹ ਟੈਕਸ ਨਹੀਂ ਲਗਣਾ ਚਾਹੀਦਾ ਤਾਂ ਕੋਈ ਫਾਇਦਾ ਨਹੀਂ। ਇਨ੍ਹਾਂ ਨੂੰ ਜ਼ੋਰਦਾਰ ਆਵਾਜ਼ ਨਾਲ ਕਹਿਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬਾ, ਜ਼ਰਾ ਧਿਆਨ ਦੇਣਾ ਕਿ ਇਹ ਟੈਕਸ ਕਿਉਂ ਲਗਾਇਆ ਹੈ । ਇਨ੍ਹਾਂ ਨੇ ਕਿਹਾ ਹੈ ਕਿ ਜਿਹੜੀ ਬਜਾਈ ਸੀ ਉਹ ਵਧ ਗਈ । ਇਨਕਮ ਘਟ ਗਈ । ਕਈ ਹਜ਼ਾਰ ਏਕੜ ਜ਼ਮੀਨ ਰਿਕਲੇਮ ਹੋਈ। ਉਸ ਪਰਸੈਂਟੇਜ ਨਾਲ ਨਹੀਂ ਹੋਈ । ਜੇ ਜ਼ਿਮੀਂਦਾਰ ਹੁਸ਼ਿਆਰ ਹੁੰਦਾ ਤਾਂ ਇਸ ਤਰ੍ਹਾਂ ਨਾ ਹੁੰਦਾ। ਜਿੱਥੇ 6 ਲੱਖ ਏਕੜ ਜ਼ਮੀਨ ਗਹਿਣੇ ਸੀ ਉਥੇ 9 ਲੱਖ ਏਕੜ ਜ਼ਮੀਨ ਕਿਸਾਨ ਨੇ ਗਹਿਣੇ ਕੀਤੀ ਹੈ। ਕਿਸਾਨ ਆਪਣੇ ਕਰੀਬੀ ਰਿਸ਼ਤੇਦਾਰਾਂ ਨੂੰ ਕਤਲ ਕਰ ਦਿੰਦਾ ਹੈ ਪਰ ਜ਼ਮੀਨ ਤੋਂ ਜੁਦਾ ਨਹੀਂ ਹੁੰਦਾ। ਜਦੋਂ ਗਹਿਣੇ ਕਰਦਾ ਹੈ ਤਾਂ ਅਤ ਲੋੜ ਵੇਲੇ ਕਰਦਾ ਹੈ । ਇਹ ਫਿਗਰਜ਼ ਇਨਕਰੀਜ਼ ਹੋ ਰਹੇ ਹਨ। ਤੁਸੀਂ ਕਿਹਾ ਹੈ ਕਿ ਜ਼ਿਮੀਂਦਾਰ ਦੀ ਹਾਲਤ ਚੰਗੀ ਹੋ ਗਈ ਹੈ। ਮੈਂ ਪੰਜਾਬ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1947 ਤੋਂ ਲੈ ਕੇ 18 ਸਾਲ ਵਿੱਚ ਤੁਸੀਂ ਕਿਸਾਨ ਤੇ ਕਿੰਨੇ ਕੁ ਅਹਿਸਾਨ ਕੀਤੇ ਹਨ ? ਤੁਸੀਂ ਪਾਕਿਸਤਾਨ ਤੋਂ ਆਏ ਲੋਕਾਂ ਨੂੰ ਇਕ ਏਕੜ ਦੀ ਥਾਂ 9 ਕਨਾਲ ਜ਼ਮੀਨ ਦਿੱਤੀ। 100 ਫੀ ਸਦੀ ਤਕ ਤੁਸੀਂ ਕਟ ਲਾਈ । 1947 ਤੋਂ ਬਾਅਦ ਕੋਈ ਇਕ ਫਿਗਰ ਕੋਟ ਕਰੋ ਜਿੱਥੇ ਤੁਸੀਂ ਉਨ੍ਹਾਂ ਤੇ ਅਹਿਸਾਨ ਕੀਤਾ ਹੋਵੇ । 1965 ਦੇ ਬਜਟ ਵਿੱਚ ਤੁਸੀਂ ਕਿਹਾ ਸੀ ਕਿ 675 ਰੁਪਏ ਇਕ ਪੰਪਿੰਗ ਸੈਟ ਲਈ ਦਿੱਤੇ ਜਾਣਗੇ ਗਰਾਂਟ ਵਜੋਂ ਤੇ 600 ਰੁਪਏ ਥਰੈਸ਼ਰ ਲਈ ਸਬਸਿਡੀ ਦਿੱਤੀ ਜਾਏਗੀ ਖੇਤੀ ਬਾੜੀ ਦੇ ਵਜ਼ੀਰ ਤੇ ਮਾਲ ਮੰਤ੍ਰੀ ਏਥੇ ਬੈਠੇ ਹਨ । ਦੋਵੇਂ ਇਹ ਦੇਖਣ ਕਿ 1965 ਦੇ ਬਜਟ ਦੀ ਸੈਂਕਸ਼ਨ ਕੀਤੀ ਹੋਈ ਅਮਾਊਂਟ ਵਿਚੋਂ ਇਕ ਰੁਪਿਆ ਵੀ ਕਿਸੇ ਜ਼ਿਮੀਂਦਾਰ ਨੂੰ ਸਬਸਿਡੀ ਜਾਂ ਗਰਾਂਟ ਦਿੱਤੀ ਹੈ । ਕਿਸਾਨ ਨੂੰ ਸਬਸਿਡੀ ਨਹੀਂ ਦਿੱਤੀ ਜ਼ਿਮੀਂਦਾਰ ਨੂੰ ਪਾਣੀ ਚੰਗਾ ਨਹੀਂ ਮਿਲਿਆ। ਉਹ ਇਕ ਪਾਣੀ ਤਾਂ ਲਾ ਲੈਂਦਾ ਹੈ ਤੇ ਦੋ ਫਸਲਾਂ ਸੁਕੀਆਂ ਰਹਿੰਦੀਆਂ ਹਨ । ਪਾਣੀ ਤੇ ਲੋਕਲ ਰੇਟ ਲਗਿਆ ਹੈ । ਇਨ੍ਹਾਂ ਨੇ ਬਿਜਲੀ ਦਾ ਅਹਿਸਾਨ ਕੀਤਾ ਹੈ ਕਿ 11,000 ਟਿਊਬਵੈਲ ਲਾਏ ਜਾਣਗੇ

11,000 ਵਿਚੋਂ ਇਹ ਦਸ ਦੇਣ ਜੋ ਇਕ ਵੀ ਲਾਇਆ ਹੋਵੇ ਅੱਜ ਤਕ । ਉਨ੍ਹਾਂ ਕੋਲੋਂ ਚਾਰ ਚਾਰ ਹਜ਼ਾਰ ਰੁਪਿਆ ਲਿਆ ਹੈ ।

ਮਾਲ ਮੰਤਰੀ (ਸਰਦਾਰ ਹਰਿੰਦਰ ਸਿੰਘ ਮੇਜਰ) : ਆਨ ਏ ਪੁਆਇੰਟ ਆਫ ਆਰਡਰ, ਮੈਡਮ । ਆਨਰੇਬਲ ਮੈਂਬਰ ਤਕਰੀਰ ਕਰ ਰਹੇ ਹਨ ਜਾਂ ਪੁਤਲੀਆਂ ਦਾ ਤਮਾਸ਼ਾ ਕਰ ਰਹੇ ਹਨ ?

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਮੇਰੀ ਅਮੈਂਡਮੈਂਟ ਵੀ ਹੈ ।

ਡਿਪਟੀ ਸਪੀਕਰ : ਤੁਹਾਨੂੰ ਬੋਲਦਿਆਂ 14 ਮਿੰਟ ਹੋ ਗਏ ਹਨ, ਦੋ-ਤਿੰਨ ਮਿੰਟ ਵਿੱਚ ਵਾਈਂਡ ਅਪ ਕਰੋ । (He has been speaking for the last 14 Minutes. He should wind up within two Minutes).

ਚੌਧਰੀ ਦਰਸ਼ਨ ਸਿੰਘ : ਮੈਂ ਪੰਜਾਬ ਸਰਕਾਰ ਤੋਂ ਇਕ ਗੱਲ ਪੁੱਛਣੀ ਚਾਹੁੰਦਾ ਹਾਂ ਜੇ ਪੰਜਾਬ ਦੇ ਗਰੀਬ ਕਿਸਾਨ ਨੇ ਕਰਜ਼ਾ ਲੈਣਾ ਹੁੰਦਾ ਹੈ ਤਾਂ ਉਸ ਤੇ ਸਾਢੇ ਸਤ ਫੀ ਸਦੀ ਇੰਟਰੈਸਟ ਸ਼ਰਾਹ ਸੂਦ ਹੈ । ਅਗਰ ਓਹੀ ਕਰਜ਼ਾ ਇੰਡਸਟਰੀ ਨੂੰ ਦਿੱਤਾ ਜਾਵੇ ਤਾਂ ਉਸ ਤੇ ਸਾਢੇ ਤਿੰਨ ਫੀ ਸਦੀ ਸੂਦ ਹੈ ।

चौधरी देवी लाल : जो यह सरकार से घर पर पूछ सकते हैं तो यहां क्यों तकरीर करते हैं । घर जा कर पूछ लें ।

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਪੰਜਾਬ ਸਰਕਾਰ ਇਹ ਕਿਉਂ ਕਰ ਰਹੀ ਹੈ ? ਡਿਪਟੀ ਸਪੀਕਰ ਸਾਹਿਬਾ, ਪੰਜਾਬ ਸਰਕਾਰ ਨੇ ਇਕ ਦਫਾ ਐਲਾਨ ਕੀਤਾ ਕਿ 4,000 ਰੁਪਿਆ ਕਿਸਾਨ ਦਾ ਖਰਚ ਘਟ ਜਾਏਗਾ । ਕਿਉਂਕਿ ਜਿਹੜਾ ਭਾਖੜਾ ਡੈਮ ਹੈ ਉਹ ਖਤਮ ਹੋ ਗਿਆ ਹੈ । ਇਨ੍ਹਾਂ ਨੇ 4 ਰੁਪਏ ਫੀ ਏਕੜ ਸੈਸ ਲਾ ਦਿੱਤਾ ਤੇ ਫਰਟੇਲਾਈਜ਼ਰ ਬਹੁਤ ਕਮ ਹੋ ਗਿਆ ਹੈ । ਡਿਪਟੀ ਸਪੀਕਰ ਸਾਹਿਬਾ, ਇਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤ੍ਰੀ ਜੀ ਨੇ ਦਸਿਆ ਸੀ ਕਿ ਜਿਹੜਾ ਟਰੈਕਟਰ ਪੰਜਾਬ ਵਿੱਚ ਸਪਲਾਈ ਹੋ ਰਿਹਾ ਹੈ ਉਸ ਤੇ ਦੋ ਤੇ ਤਿੰਨ ਹਜ਼ਾਰ ਰੁਪਏ ਦੇ ਦਰਮਿਆਨ ਮਿਡਲਮੈਨ ਕਮਿਸ਼ਨ ਲੈਂਦਾ ਹੈ । ਪੰਜਾਬ ਸਰਕਾਰ ਆਪਣੀ ਮਾਰਕਟਿੰਗ ਫੈਡਰੇਸ਼ਨ ਰਾਹੀਂ ਕਿਉਂ ਨਹੀਂ ਨੋ-ਪਰਾਫਿਟ, ਨੋ-ਲਾਸ ਬੇਸਿਜ਼ ਤੇ ਟਰੈਕਟਰ ਦਿੰਦੀ । ਦੂਸਰੇ ਸੈਂਟਰ ਸਰਕਾਰ ਨੇ ਕਿਹਾ ਹੈ ਕਿ ਇਥੇ ਫੈਕਟਰੀ ਖੋਲ੍ਹਣੀ ਹੈ ਟਰੈਕਟਰਾਂ ਦੀ । ਤਿੰਨ ਤਿੰਨ ਹਜ਼ਾਰ ਰੁਪਿਆ ਟਰੈਕਟਰ ਦ ਵੱਧ ਦੇਣਾ ਪੈਂਦਾ ਹੈ । ਹੁਣ ਸੈਂਟਰ ਸਰਕਾਰ ਨੇ ਇੰਪੋਰਟ ਡਿਊਟੀ ਵਧਾ ਦਿੱਤੀ ਹੈ, ਪੂਰੀ ਕੀਮਤ ਤੇ । ਹੁਣ ਟਰੈਕਟਰ ਦੀ ਕੀਮਤ 5,000 ਰੁਪਿਆ ਹੋਰ ਵਧ ਗਈ ਹੈ । ਟਰੈਕਟਰ ਦੀ ਕੀਮਤ 25,000 ਜਾਂ 30,000 ਰੁਪਏ ਤਕ ਜਾ ਰਹੀ ਹੈ ।

ਡਿਪਟੀ ਸਪੀਕਰ ਸਾਹਿਬਾ, ਇਸ ਹਾਊਸ ਦੇ ਵਿੱਚ ਇਹ ਸਵਾਲ ਕੀਤਾ ਗਿਆ ਸੀ ਕਿ ਮਿਡਲਮੈਨ ਨੂੰ ਵਿਚੋਂ ਖਤਮ ਕੀਤਾ ਜਾਵੇ । ਏਸ ਵੇਲੇ ਪੰਜਾਬ ਵਿੱਚ ਪੈਡੀ ਪੈਦਾ ਕਰਨ ਵਾਲਿਆਂ ਨੂੰ ਉਸ ਦੀ ਕੀਮਤ ਪੂਰੀ ਨਹੀਂ ਮਿਲ ਰਹੀ । ਮਿਡਲ ਮੈਨ ਨੇ 28 ਰੁਪਏ ਦੇ ਹਿਸਾਬ ਨਾਲ ਪੈਡੀ ਖਰੀਦੀ ਔਰ ਗੌਰਮੈਂਟ ਨੇ ਉਸ ਦੇ ਕੋਲੋਂ 40 ਰੁਪਏ ਦੇ ਹਿਸਾਬ ਨਾਲ ਖਰੀਦ ਲਈ ਹੈ । ਸਾਡੀ ਪੰਜਾਬ ਪ੍ਰਦੇਸ਼ ਕਾਂਗਰਸ ਨੇ ਵੀ ਇਹ ਮਤਾ ਪਾਸ ਕੀਤਾ ਸੀ ਕਿ ਪੈਡੀ ਦੀ ਸਟੇਟ ਟਰੇਡਿੰਗ ਹੋਣੀ ਚਾਹੀਦੀ ਹੈ ਲੇਕਿਨ ਸਾਡੀ ਸਰਕਾਰ ਨੇ ਓਦੋਂ ਪੈਡੀ ਨਹੀਂ ਖਰੀਦੀ ਕਿਉਂਕਿ ਮਿਡਲਮੈਨ ਨੂੰ ਫਾਇਦਾ ਪਹੁੰਚਾਉਣਾ ਸੀ ।

ਡਿਪਟੀ ਸਪੀਕਰ : ਇਕ ਮਿੰਟ ਬਾਅਦ ਖਤਮ ਕਰੋ ਤੁਸੀਂ । (He should resume his seat after a minute).

ਚੌਧਰੀ ਦਰਸ਼ਨ ਸਿੰਘ : ਠੀਕ ਹੈ ਸਰਕਾਰ ਨੂੰ ਚੌਥੀ ਪੰਜ ਸਾਲਾ ਯੋਜਨਾ ਲਈ ਪੈਸ਼ਾ ਚਾਹੀਦਾ ਹੈ । ਸਾਡੇ ਪੰਜਾਬ ਦੀਆਂ ਜਿਤਨੀਆਂ ਅਖਬਾਰਾਂ ਹਨ ਉਨ੍ਹਾਂ ਦੇ ਵਿੱਚ ਹਰ ਰੋਜ਼ ਇਹ ਵਾਵੇਲਾ ਕੀਤਾ ਜਾਂਦਾ

[ਚੌਧਰੀ ਦਰਸ਼ਨ ਸਿੰਘ]

ਹੈ ਔਰ ਅੱਜ ਦੇ ਅਖਬਾਰ ਵਿਚ ਸਾਡੇ ਸੂਬੇ ਦੇ ਗਵਰਨਰ ਦਾ ਸਟੇਟਮੈਂਟ ਹੈ ਜਿਹੜਾ ਮੈਂ ਪੜ੍ਹ ਕੇ ਦਸਣਾ ਚਾਹੁੰਦਾ ਹਾਂ । ਉਨ੍ਹਾਂ ਨੇ ਲਿਖਿਆ ਹੈ :

ਜਦੋਂ ਅਸੀਂ ਬਾਰਡਰ ਤੇ ਲੜਦੇ ਹਾਂ, ਸਾਰੀਆਂ ਮੁਸੀਬਤਾਂ ਆਪਣੇ ਸਿਰ ਤੇ ਝਲਦੇ ਹਾਂ ਤਾਂ ਹਿੰਦ ਸਰਕਾਰ ਕਿਉਂ ਨਾ ਖਰਚਾ ਸ਼ੇਅਰ ਕਰੇ ! ਬਲਕਿ ਡਿਪਟੀ ਸਪੀਕਰ ਸਾਹਿਬਾ, ਏਥੇ ਤਾਂ ਉਲਟ ਗੱਲ ਹੋ ਰਹੀ ਹੈ । ਸਾਡੇ ਸੂਬੇ ਦੇ ਵਿਚ ਜਿਹੜਾ ਪੈਸਾ ਇੱਕਠਾ ਕੀਤਾ ਜਾਂਦਾ ਹੈ ਉਹ ਸਗੋਂ ਬਾਹਿਰ ਭੇਜ ਦਿੱਤਾ ਜਾਂਦਾ ਹੈ । ਮੈਂ ਸਮਝਦਾ ਹਾਂ ਕਿ ਸਾਨੂੰ ਤਾਂ ਉਨ੍ਹਾਂ ਕੋਲੋਂ ਮੰਗਣਾ ਚਾਹੀਦਾ ਹੈ ਕਿਉਂਕਿ ਸਾਡੀ ਖੇਤੀ ਔਰ ਇੰਡਸਟਰੀ ਦੋਵੇਂ ਬੁਰੀ ਤਰ੍ਹਾਂ ਨਾਲ ਤਬਾਹ ਹੋਏ ਹਨ । ਫਰ ਕੋਈ ਵਜਾਹ ਨਹੀਂ ਕਿ ਸੈਂਟਰ ਕੋਲੋਂ ਸਾਨੂੰ ਪੂਰੀ ਮਦਦ ਨਾ ਮਿਲੇ । ਲੇਕਿਨ ਨੁਕਸ ਇਹ ਹੈ ਕਿ ਸਾਡੀ ਸਰਕਾਰ ਸੈਂਟਰ ਕੋਲ ਸਾਡਾ ਕੇਸ ਪਰਾਪਰਲੀ ਪੁਟ ਨਹੀਂ ਕਰ ਸਕੀ ਕਿ ਸਾਡੇ ਫਲਾਂ ਫਲਾਂ ਹਾਲਾਤ ਮਾੜੇ ਹਨ । ਜਦੋਂ ਪੰਜਾਬ ਦੇ ਮੈਦਾਨਾਂ ਵਿੱਚ ਜੰਗ ਲੜੀ ਗਈ ਹੈ ਤਾਂ ਕੋਈ ਵਜਾਹ ਨਹੀਂ ਕਿ ਇਸ ਨੂੰ ਸਪੈਸ਼ਲ ਕਨਸੈਸ਼ਨ ਨਾ ਦਿੱਤਾ ਜਾਵੇ । ਇਸ ਕਰਕੇ ਮੈਂ ਇਹ ਕਹਾਂਗਾ ਕਿ ਗੌਰਮੈਂਟ ਇਸ ਬਿਲ ਨੂੰ ਵਾਪਸ ਲੈ ਲਏ ।

ਸਰਦਾਰ ਹਰਦਿਤ ਸਿੰਘ (ਪੱਕਾ ਕਲਾਂ, ਐਸ. ਸੀ.) : ਇਹ ਜਿਹੜਾ ਬਿਲ ਚਲ ਰਿਹਾ ਹੈ ਮੈਂ ਇਸ ਦੇ ਬਰਖਿਲਾਫ ਬੋਲਣ ਲਈ ਖੜ੍ਹਾ ਹੋਇਆ ਹਾਂ । ਇਹ ਇਕ ਕਾਲਾ ਬਿਲ ਹੈ ਜਿਹੜਾ ਕਿ ਕਿਸਾਨਾਂ ਦਾ ਲਹੂ ਪੀਣ ਵਾਲਾ ਹੈ । ਜੇ ਗੌਰਮੈਂਟ ਨੇ ਟੈਕਸ ਲਾਉਣਾ ਹੀ ਹੈ ਤਾਂ ਲੱਖਪਤੀਆਂ ਤੇ ਟੈਕਸ ਲਾਏ । ਇਨ੍ਹਾਂ ਨੂੰ 18 ਸਾਲਾਂ ਇਹ ਨਾਅਰਾ ਲਗਾਉਂਦਿਆਂ ਹੋ ਗਏ ਹਨ ਕਿ ਜਿਹੜੇ ਨੀਵੇਂ ਹਨ ਉਨ੍ਹਾਂ ਨੂੰ ਉੱਚੇ ਚੁੱਕਾਂਗੇ ਔਰ ਜਿਹੜੇ ਉੱਚੇ ਹਨ ਉਨ੍ਹਾਂ ਨੂੰ ਥੱਲੇ ਕੀਤਾ ਜਾਵੇਗਾ। ਡਿਪਟੀ ਸਪੀਕਰ ਸਾਹਿਬਾ, ਜਦੋਂ ਪਾਕਿਸਤਾਨ ਨੇ ਹਮਲਾ ਕੀਤਾ ਤਾਂ ਸਾਡੇ ਜਵਾਨਾਂ ਨੇ ਵੱਧ ਚੜ੍ਹ ਕੇ ਕੁਰਬਾਨੀ ਕੀਤੀ ਔਰ ਟਰੱਕਾਂ ਵਾਲਿਆਂ ਨੇ ਬੜੀ ਸੇਵਾ ਕੀਤੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਸ ਸੇਵਾ ਦੀ ਸ਼ਾਬਾਸ਼ ਦਿੱਤੀ ਜਾ ਰਹੀ ਹੈ ਜਿਹੜੀ ਉਨ੍ਹਾਂ ਤੇ ਅੱਜ ਟੈਕਸ ਲਾਇਆ ਜਾ ਰਿਹਾ ਹੈ ? ਮੈਂ ਖੁਦ ਖੇਤੀ ਕਰਦਾ ਹਾਂ, ਇਸ ਲਈ ਆਪਣੀ ਹਡ ਬੀਤੀ ਦੱਸਦਾ ਹਾਂ । ਅੱਜ ਕਿਸਾਨ ਦਾ ਬਹੁਤ ਔਖਾ ਹੋ ਕੇ ਵੇਲਾ ਪੂਰਾ ਹੋ ਰਿਹਾ ਹੈ । ਇਸ ਕਰਕੇ ਉਨ੍ਹਾਂ ਤੇ ਇਹ ਟੈਕਸ ਨਹੀਂ ਲਗਾਉਣਾ ਚਾਹੀਦਾ । ਗੰਨੇ ਦੀ ਫਸਲ ਪੂਰੇ ਸਾਲ ਬਾਅਦ ਤਿਆਰ ਹੁੰਦੀ ਹੈ। ਕਿਸਾਨ ਪੋਹ ਮਾਘ ਦੀਆਂ ਰਾਤਾਂ ਵਿੱਚ ਪਾਣੀ ਲਾ ਕੇ ਭੁਖਾ ਤਿਆਇਆ ਰਹਿ ਕੇ ਇਖ ਦੀ ਫਸਲ ਤਿਆਰ ਕਰਦਾ ਹੈ । ਏਸੇ ਤਰ੍ਹਾਂ ਮਿਰਚਾਂ ਉਹ ਲੋਕ ਬੀਜਦੇ ਹਨ ਜਿਨ੍ਹਾਂ ਦੇ ਪਾਸ ਜ਼ਮੀਨ ਬਹੁਤ ਥੋੜ੍ਹੀ ਹੈ। ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਟੈਕਸ ਗਰੀਬਾਂ ਤੇ ਹੀ ਅਸਰ ਕਰੇਗਾ । ਇਹ ਨਹੀਂ ਲਾਉਣਾ ਚਾਹੀਦਾ । ਤੁਹਾਨੂੰ ਟੈਕਸ ਲਗਾਉਣ ਦੀ ਬਜਾਏ ਗਰੀਬ ਕਿਸਾਨਾਂ ਦੀ ਭਲਾਈ ਸੋਚਣੀ ਚਾਹੀਦੀ ਹੈ ਔਰ ਸਰਕਾਰ ਨੂੰ ਇਹ ਬਿਲ ਵਾਪਸ ਲੈਣਾ ਚਾਹੀਦਾ ਹੈ । ਜ਼ਿਲ੍ਹਾ ਬਠਿੰਡੇ ਵਿੱਚ ਪੱਕਾ ਕਲਾਂ ਹਲਕੇ ਵਿੱਚ ਰਜਬਾਹਾ ਬੰਦ ਰਹਿਣ ਕਰਕੇ ਪਾਣੀ ਨਹੀਂ ਮਿਲਿਆ ਔਰ ਨਾ ਹੀ ਲੋਕਾਂ ਨੂੰ ਬੀਜ ਮਿਲਿਆ ਹੈ ਇਸ ਕਰਕੇ ਫਸਲਾਂ ਬੀਜਣ ਕਨੀਉਂ ਰਹਿ ਗਈਆਂ ਹਨ । ਗੌਰਮੈਂਟ ਇਸ ਪਾਸੇ ਵਲ ਤਾਂ ਧਿਆਨ ਨਹੀਂ ਦਿੰਦੀ । ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ ਔਰ ਗਰੀਬਾਂ ਤੇ ਰਹਿਮ ਕਰਨਾ ਚਾਹੀਦਾ ਹੈ । ਜਿਹੜੇ ਅਮੀਰ ਹਨ ਉਨ੍ਹਾਂ ਕੋਲੋਂ ਸਾਰਾ ਘਾਟਾ ਪੂਰਾ ਕਰਨਾ ਚਾਹੀਦਾ ਹੈ ਕਿਉਂਕਿ ਉਹ ਆਸਾਨੀ ਨਾਲ ਦੇ ਸਕਦੇ ਹਨ । ਜਿਹੜੇ ਗਰੀਬ ਕਿਸਾਨ ਹਨ ਉਹ ਮੁਸ਼ਕਲ ਨਾਲ ਆਪਣਾ ਵੇਲਾ ਪੂਰਾ ਕਰਦੇ ਹਨ । ਬਸ ਏਨਾ ਕਹਿ ਕੇ ਮੈਂ ਇਸ ਬਿਲ ਦੀ ਵਿਰੋਧਤਾ ਕਰਦਾ ਹਾਂ ।

ਸਰਦਾਰ ਸੋਹਣ ਸਿੰਘ ਜਲਾਲਉਸਮਾਨ (ਬਿਆਸ) : ਡਿਪਟੀ ਸਪੀਕਰ ਸਾਹਿਬਾ, ਮੈਂ ਸਮਝਦਾ ਹਾਂ ਕਿ ਏਸ ਮੌਕੇ ਤੇ ਇਹ ਟੈਕਸ ਕਿਸਾਨ ਤੇ ਲਗਾਉਣਾ ਨਹੀਂ ਸੀ ਚਾਹੀਦਾ, ਜਿਹੜਾ ਪਹਿਲਾਂ

ਲਗਾ ਹੋਇਆ ਹੈ ਉਸ ਦੀ ਮਿਆਦ ਵਧਾਉਣੀ ਨਹੀਂ ਸੀ ਚਾਹੀਦੀ । ਜਦੋਂ ਸਾਨੂੰ ਆਜ਼ਾਦੀ ਮਿਲੀ ਤਾਂ ਉਸ ਤੋਂ ਬਾਅਦ ਸਾਡੀ ਫੌਜ ਕਾਫੀ ਤਕੜੀ ਹੋਈ, ਬਹੁਤ ਸਾਰੇ ਸਕੂਲ ਖੁਲ੍ਹੇ, ਦੇਸ਼ ਵਿੱਚ ਕਾਰਖਾਨੇ ਲੱਗੇ ਔਰ ਬਹੁਤ ਸਾਰੀਆਂ ਸੜਕਾਂ ਬਣੀਆਂ ਲੇਕਿਨ ਕਿਸਾਨ ਵਲ ਤਵਜੋਹ ਨਹੀਂ ਦਿਤੀ ਗਈ । ਅੱਜ ਅਸੀਂ ਕਰੋੜਾਂ ਔਰ ਅਰਬਾਂ ਰੁਪਿਆ ਦਾ ਅਨਾਜ ਬਾਹਿਰੋਂ ਮੰਗਵਾਉਂਦੇ ਹਾਂ । ਮੈਂ ਕਹਿੰਦਾ ਹਾਂ ਕਿ ਅਰਬਾਂ ਰੁਪਏ ਬਾਹਰਲੇ ਦੇਸ਼ਾਂ ਨੂੰ ਦੇਣ ਦੀ ਬਜਾਏ ਅਗਰ ਅਸੀਂ ਆਪਣੇ ਦੇਸ਼ ਦੇ ਕਿਸਾਨਾਂ ਤੇ ਚੰਦ ਕਰੋੜਾਂ ਰੁਪਏ ਹੀ ਖਰਚ ਕਰਦੇ ਹਾਂ ਅਨਾਜ ਦਾ ਘਾਟਾ ਪੂਰਾ ਕੀਤਾ ਜਾ ਸਕਦਾ ਸੀ ਔਰ ਜਿਹੜਾ ਪੈਸਾ ਬਾਹਰਲੇ ਦੇਸ਼ਾਂ ਨੂੰ ਜਾਂਦਾ ਹੈ ਉਹ ਬਚ ਸਕਦਾ ਸੀ। ਏਥੇ ਕਈ ਕਿਸਾਨ ਦਾ ਲਫਜ਼ ਕਹਿੰਦੇ ਹਨ, ਕਈ ਜ਼ਿਮੀਂਦਾਰ ਆਖਦੇ ਹਨ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜ਼ਿਮੀਂਦਾਰ ਹਿੰਦੁਸਤਾਨ ਦੇ ਵੱਡੇ ਵਡੇ ਠਾਕਰਾਂ ਨੂੰ ਆਖਿਆ ਜਾਂਦਾ ਸੀ ਜਿਨ੍ਹਾਂ ਦੇ ਕੋਲ ਕਈ ਕਈ ਪਿੰਡ ਸਨ। ਏਥੇ ਜ਼ਿਮੀਂਦਾਰ ਉਸ ਨੂੰ ਕਿਹਾ ਜਾਂਦਾ ਸੀ ਜਿਸ ਦੇ ਕੋਲ ਬਹੁਤੀ ਜ਼ਮੀਨ ਸੀ। ਸਾਡੀ ਸਰਕਾਰ ਨੇ 30 ਏਕੜ ਦੀ ਕਟ ਲਾ ਦਿੱਤੀ ਔਰ ਸਾਡੇ ਸੂਬੇ ਦੇ ਵੱਡੇ ਜ਼ਿਮੀਂਦਾਰ ਵੀ ਖਤਮ ਕਰ ਦਿੱਤੇ । ਬਹੁਤੀ ਜ਼ਮੀਨ ਵਾਲੇ ਸਿਰਫ ਥੋੜੇ ਬੰਦੇ ਹੀ ਹਨ ਜਿਨ੍ਹਾਂ ਨੇ ਕੁਝ ਜ਼ਮੀਨਾਂ ਬਾਗਾਂ ਹੇਠ ਔਰ ਕੁਝ ਮੈਕਨਾਈਜ਼ਡ ਫਾਰਮਾਂ ਬਣਾ ਕੇ ਬਚਾਈਆਂ ਹੋਈਆਂ ਹਨ। ਏਸ ਵੇਲੇ ਪਿੰਡਾਂ ਵਿੱਚ 30 ਏਕੜ ਜ਼ਮੀਨ ਵਾਲਾ ਕੋਈ ਬੰਦਾ ਮੈਨੂੰ ਨਹੀਂ ਜਾਪਦਾ । ਸਾਡੇ ਪਿੰਡ ਵਿੱਚ ਕਿਸੇ ਦੀ ਪੰਜ ਏਕੜ ਹੈ ਕਿਸੇ ਦੀ ਉਸ ਤੋਂ ਵੀ ਘਟ ਹੈ ਔਰ ਅਗਾਹਾਂ ਉਨ੍ਹਾਂ ਦੇ ਵੀ ਕਿੰਨੇ ਕਿੰਨੇ ਬਾਲ ਬੱਚੇ ਹੋ ਗਏ ਹਨ। ਸਾਡੇ ਪਿੰਡ ਦੇ ਵਿਚੋਂ ਜਦੋਂ ਮੁਰੱਬੇਬੰਦੀ ਹੋਈ ਤਾਂ ਉਥੇ ਚਾਰ ਭਰਾ ਸਨ ਜਨ੍ਹਾਂ ਦੀ ਜ਼ਮੀਨ ਮਾਰੂ ਸੀ । ਉਨ੍ਹਾਂ ਨੂੰ ਮੁਰੱਬੇਬੰਦੀ ਵਾਲੇ ਕਹਿਣ ਲੱਗੇ ਕਿ ਦਸੋ ਤੁਸੀਂ ਹਵੇਲੀਆਂ ਲਈ ਕਿੰਨੀ ਕਿੰਨੀ ਜ਼ਮੀਨ ਰਖਣੀ ਹੈ। ਉਨ੍ਹਾਂ ਨੇ ਦੋ ਦੋ ਕਨਾਲ ਹਵੇਲੀਆਂ ਲਈ ਜ਼ਮੀਨ ਰਖਵਾ ਲਈ। ਬਾਅਦ ਵਿੱਚ ਉਹ ਆਦਮੀ ਮੁਰੱਬੇਬੰਦੀ ਵਾਲਿਆਂ ਨੂੰ ਪੁਛਣ ਲਗੇ ਕਿ ਸਾਡਾ ਚਾਹੀ ਰਕਬਾ ਕਿਥੇ ਹੈ । ਉਹ ਕਹਿਣ ਲਗੇ ਕਿ ਚਾਹੀ ਹੁਣ ਕੋਈ ਨਹੀਂ ਰਿਹਾ ਉਹ ਤਾਂ ਹਵੇਲੀਆਂ ਵਿੱਚ ਆ ਗਿਆ ਹੈ । ਸੋ ਮੇਰਾ ਕਹਿਣ ਦਾ ਭਾਵ ਇਹ ਹੈ ਕਿ ਏਨੀ ਥੋੜ੍ਹੀ ਥੋੜ੍ਹੀ ਲੋਕਾਂ ਦੀ ਜ਼ਮੀਨ ਹੈ । ਚਾਹੀਦਾ ਤਾਂ ਇਹ ਸੀ ਕਿ ਜੇ ਦੇਸ਼ ਵਿਚੋਂ ਅਨਾਜ ਦੀ ਥੋੜ ਨੂੰ ਪੂਰਾ ਕਰਨਾ ਹੈ ਤਾਂ ਏਥੇ ਜ਼ਮੀਨ ਦੀ ਕੋਈ ਹਦ ਮੁਕੱਰਰ ਹੋਣੀ ਚਾਹੀਦੀ ਸੀ ਜਿਸ ਤਰ੍ਹਾਂ ਇੰਗਲੈਂਡ ਦੇ ਵਿੱਚ ਜ਼ਮੀਨ ਘਟ ਹੈ, ਉਥੇ ਵੱਡੇ ਪੁਤਰ ਨੂੰ ਜਾਂ ਵੱਡੀ ਧੀ ਨੂੰ ਜ਼ਮੀਨ ਦੀ ਮਾਲਕ ਬਣਾਇਆ ਜਾਂਦਾ ਹੈ ਔਰ ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਦੇਸ਼ ਵਾਸੀਆਂ ਨੂੰ ਰੋਜ਼ਗਾਰ ਦੇਣ ਦੀਆਂ ਜ਼ਿਮੇਵਾਰ ਹੁੰਦੀਆਂ ਹਨ। ਇਹ ਗੱਲ ਠੀਕ ਹੈ ਕਿ ਦੇਸ਼ ਦੀ ਤਰੱਕੀ ਲਈ ਟੈਕਸ ਲਗਾਉਣੇ ਜ਼ਰੂਰੀ ਹੁੰਦੇ ਹਨ। ਲੇਕਿਨ ਦੇਖਣਾ ਇਹ ਹੁੰਦਾ ਹੈ ਕਿ ਟੈਕਸ ਕੌਣ ਦੇ ਸਕਦਾ ਹੈ? ਜਿਸ ਕਿਸਾਨ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਲੜਾਈ ਬੜੀ ਬਹਾਦਰੀ ਨਾਲ ਲੜੀ, ਇਨ੍ਹਾਂ ਵਿਚੋਂ ਸਿਪਾਹੀ ਹਨ, ਇਨ੍ਹਾਂ ਵਿਚੋਂ ਹੀ ਜਰਨੈਲ ਹਨ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਤੇ ਇਹ ਟੈਕਸ ਨਹੀਂ ਸੀ ਲਗਾਇਆ ਜਾਣਾ ਚਾਹੀਦਾ । ਅਸੀਂ ਚੀਨ ਅਤੇ ਪਾਕਿਸਤਾਨ ਦੋਹਾਂ ਦੇ ਨਾਲ ਲੜਨਾ ਹੈ ਔਰ ਆਪਣੇ ਦੇਸ਼ ਨੂੰ ਆਜ਼ਾਦ ਰਖਣਾ ਹੈ ਔਰ ਸਾਰੇ ਦੇਸ਼ਾਂ ਨਾਲੋਂ ਹਰ ਤਰ੍ਹਾਂ ਨਾਲ ਤਕੜਾ ਬਣਾਉਣਾ ਹੈ ਤਾਕਿ ਸਾਡੇ ਵਲ ਕੋਈ ਬੁਰੀ ਨਿਗਾਹ ਨਾਲ ਨਾ ਵੇਖ ਸਕੇ ।

ਇਸ ਦੇਸ਼ ਦੀ ਹਾਲਤ ਤਾਂ ਹੀ ਸੁਧਰ ਸਕਦੀ ਹੈ ਕਿ ਅਗਰ ਕਿਸਾਨ ਖੇਤੀ ਦੀ ਪੈਦਾਵਾਰ ਵਿੱਚ ਵਾਧਾ ਕਰੇ । ਦੂਜਾ ਤਰੀਕਾ ਦੇਸ਼ ਦੀ ਉਸਾਰੀ ਲਈ ਇਹ ਹੈ ਕਿ ਜ਼ਮੀਨ ਵਿਚੋਂ ਪੈਟਰੋਲ ਜਾਂ ਹੋਰ ਮੈਟਰੀਅਲ ਕਢਿਆ ਜਾਵੇ । ਇਸ ਵੇਲੇ ਕਿਸਾਨਾਂ ਦੇ ਮੁਤਾਲਿਕ ਹੀ ਬਿਲ ਹੈ ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਦੀ ਨੀਤੀ ਕਿਸਾਨਾਂ ਦੇ ਹਿਤ ਵਿੱਚ ਹੋਣੀ ਚਾਹੀਦੀ ਹੈ ਲੇਕਿਨ ਵੇਖਿਆ ਗਿਆ ਹੈ ਕਿ ਸਰਕਾਰ ਕਿਸਾਨਾਂ ਦਾ ਕੋਈ ਧਿਆਨ ਹੀ ਨਹੀਂ ਕਰਦੀ । ਸਰਕਾਰ ਕਿਸਾਨਾਂ ਉੱਤੇ ਟੈਕਸ ਲਾ ਕੇ ਕਿਸਾਨ ਨੂੰ ਕਮਜ਼ੋਰ ਬਣਾ ਰਹੀ ਹੈ। ਕਿਸਾਨ ਟੈਕਸਾਂ ਦਾ ਬੋਝ ਨਹੀਂ ਉਠਾ ਸਕਦੇ ਸਕਾਰ ਨੂੰ ਕਿਸਾਨਾਂ ਦੀ ਮਦਦ ਕਰਨੀ ਚਾਹੀਦੀ ਹੈ ਤਾਕਿ ਉਨ੍ਹਾਂ ਦੀ

[ਸਰਦਾਰ ਸੋਹਣ ਸਿੰਘ ਜਲਾਲ ਉਸਮਾਨ]

ਮਾਲੀ ਹਾਲਤ ਸੁਧਰ ਸਕੇ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਅਗਰ ਸਰਕਾਰ ਨੇ ਇਹ ਕਿਸਾਨਾਂ ਤੇ ਟੈਕਸ ਲਾਉਣਾ ਹੀ ਹੈ ਤਾਂ ਹਾਊਸ ਵਿੱਚ ਸਰਕਾਰ ਨੂੰ ਐਸ਼ੋਰੈਂਸ ਦੇਣੀ ਚਾਹੀਦੀ ਹੈ ਕਿ ਮਾਲੀਏ ਵਿੱਚ ਹੋਰ ਇਜ਼ਾਫਾ ਨਹੀਂ ਹੋਵੇਗਾ , ਆਬਿਆਨੇ ਦੀ ਦਰ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ । ਅਤੇ ਕਿਸਾਨ ਉੱਤੇ ਹੋਰ ਟੈਕਸ ਨਹੀਂ ਲਾਇਆ ਜਾਵੇਗਾ । ਮੈਂ ਸਮਝਦਾ ਹਾਂ ਕਿ ਕਿਸਾਨ ਉੱਤੇ ਜਿਹੜਾ ਇਹ ਟੈਕਸ ਲਾਇਆ ਜਾ ਰਿਹਾ ਹੈ ਉਹ ਇਸ ਵੇਲੇ ਨਹੀਂ ਲਾਇਆ ਜਾਣਾ ਚਾਹੀਦਾ ਹੈ। ਕਿਸਾਨ ਦੀ ਹਾਲਤ ਖਰਾਬ ਹੋ ਚੁੱਕੀ ਹੈ। ਉਹ ਟੈਕਸ ਨਹੀਂ ਦੇ ਸਕਦਾ । ਡਿਪਟੀ ਸਪੀਕਰ ਸਾਹਿਬਾ, ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਆਪ ਨੇ ਮੈਨੂੰ ਆਪਣੇ ਖ਼ਿਆਲਾਤ ਦਾ ਇਜ਼ਹਾਰ ਕਰਨ ਲਈ ਮੌਕਾ ਦਿੱਤਾ ਹੈ ।

ਬਾਬੂ ਬਚਨ ਸਿੰਘ (ਲੁਧਿਆਣਾ–ਉੱਤਰ) : ਡਿਪਟੀ ਸਪੀਕਰ ਸਾਹਿਬਾ, ਮੈਂ ਇਸ ਬਿਲ ਦੇ ਬਾਰੇ ਇਕ ਅਮੈਂਡਮੈਂਟ ਦਿੱਤੀ ਹੋਈ ਹੈ । ਉਹ ਅਮੈਂਡਮੈਂਟ ਇਹ ਹੈ ਕਿ–

Baboo Bachan Singh : (speaking)

"This cess should be imposed on the landowners of economic holdings only."

ਮੇਰੀ ਅਮੈਂਡਮੈਂਟ ਦਾ ਮਕਸਦ ਇਹ ਹੈ ਕਿ ਇਹ ਟੈਕਸ ਉਨ੍ਹਾਂ ਲੋਕਾਂ ਉੱਤੇ ਲਾਇਆ ਜਾਵੇ ਜਿਹੜੇ ਟੈਕਸ ਦੇਣ ਦੀ ਤਾਕਤ ਰਖਦੇ ਹਨ। ਸਾਡੀ ਸਰਕਾਰ ਦਾਅਵਾ ਕਰਦੀ ਹੈ ਕਿ ਇਹ ਸਰਕਾਰ ਗਰੀਬਾਂ ਦੀ ਬਹੁਤ ਰਖਵਾਲੀ ਹੈ । ਕਾਂਗਰਸ ਨੇ 1948 ਵਿੱਚ ਇਕ ਨਾਅਰਾ ਲਾਇਆ ਸੀ ਕਿ ਹਿੰਦੁਸਤਾਨ ਵਿੱਚ ਵੈਲਫੇਅਰ ਸਟੇਟ ਕਾਇਮ ਕੀਤੀ ਜਾਵੇਗੀ। ਇਸ ਦੇ ਬਾਅਦ 1955 ਵਿੱਚ ਅਵਾਦੀ ਵਿੱਚ ਸੋਸ਼ਲਿਸਟਿਕ ਪੈਟਰਨ ਆਫ ਸੋਸਾਇਟੀ ਦਾ ਰੈਜ਼ੋਲਿਊਸ਼ਨ ਪਾਸ ਕੀਤਾ ਗਿਆ, ਇਸ ਦੇ ਬਾਅਦ ਡੈਮੋਕਰੇਟਿਕ ਸੋਸ਼ਲਿਜ਼ਮ ਦਾ ਰੈਜ਼ੋਲਿਊਸ਼ਨ ਪਾਸ ਹੋਇਆ। ਇਸ ਵੇਲੇ ਵੇਖਣ ਦੀ ਗੱਲ ਇਹ ਹੈ ਕਿ ਸਾਡੇ ਦੇਸ਼ ਵਿੱਚ ਸੋਸਲਿਜ਼ਮ ਆਇਆ ਹੈ ਜਾਂ ਨਹੀਂ ? ਕੀ ਇਥੇ ਵੈਲਫੇਅਰ ਸਟੇਟ ਕਾਇਮ ਹੋ ਗਈ ਜਾਂ ਨਹੀਂ ? ਕੀ ਗਰੀਬਾਂ ਨੂੰ ਉਪਰ ਉਠਾਉਣ ਦੀ ਕੋਸ਼ਿਸ਼ ਕੀਤੀ ਗਈ। ਸਵਰਗੀ ਪੰਡਤ ਨਹਿਰੂ ਜੀ ਨੇ ਦੇਸ਼ ਵਿੱਚ ਇਕਾਨੋਮੀ ਪੈਦਾ ਕਰਨ ਲਈ ਬਹੁਤ ਹਿੱਸਾ ਲਿਆ । ਉਹ ਹਮੇਸ਼ਾ ਕਹਿੰਦੇ ਰਹੇ ਕਿ ਦੇਸ਼ ਦੇ ਅੰਦਰ ਅਮੀਰ ਤਬਕੇ ਨੂੰ ਨੀਚੇ ਲਿਆਉਣਾ ਚਾਹੀਦਾ ਹੈ ਅਤੇ ਗਰੀਬ ਤਬਕੇ ਨੂੰ ਉਪਰ ਉਠਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਗਰ ਇਸ ਨੁਕਤੇ ਨਿਗਾਹ ਤੋਂ ਦੇਖੀਏ ਤਾਂ ਪਤਾ ਲਗਦਾ ਹੈ ਕਿ ਇਸ ਦੇਸ਼ ਵਿੱਚ ਗਰੀਬੀ ਘਟੀ ਨਹੀਂ ਬਲਕਿ ਹੋਰ ਵਧੀ ਹੈ । ਮਾਲ ਮੰਤ੍ਰੀ ਨੇ ਪਹਿਲੋਂ ਜਵਾਬ ਦਿੰਦੇ ਹੋਏ ਕਿਹਾ ਕਿ ਇਸ ਬਿਲ ਦੇ ਬਾਰੇ ਜਿਹੜੀਆਂ ਸਪੀਚਾਂ 1963 ਵਿੱਚ ਹੋਈਆਂ ਸਨ ਉਸੇ ਕਿਸਮ ਦੀਆਂ ਸਪੀਚਾਂ ਹੁਣ ਹੋਈਆਂ ਹਨ । ਮੈਂ ਉਨ੍ਹਾਂ ਦੀ ਸੇਵਾ ਵਿੱਚ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਅਸੀਂ ਪਹਿਲਾਂ ਵੀ ਇਸ ਬਿਲ ਦੀ ਮੁਖਾਲਫਤ ਕੀਤੀ ਸੀ ਅਤੇ ਹੁਣ ਵੀ ਇਸ ਬਿਲ ਦੀ ਮੁਖਾਲਫਤ ਕਰ ਰਹੇ ਹਾਂ ।(ਵਿਘਨ)

ਮੈਂ ਤਾਂ ਇਸ ਗੱਲ ਦਾ ਫੈਸਲਾ ਕੀਤਾ ਹੋਇਆ ਹੈ ਕਿ ਮੈਂ ਜਦੋਂ ਤਕ ਜ਼ਿੰਦਾ ਹਾਂ ਤਦ ਤਕ ਗਰੀਬਾਂ ਦੀ ਖਾਤਰ ਲੜਾਂਗਾ । ਮੇਰੀ ਜਦੋਂ ਤਕ ਜ਼ਿੰਦਗੀ ਹੈ ਤਦ ਤਕ ਦੇਸ਼ ਵਿੱਚ ਗਰੀਬੀ ਨੂੰ ਦੂਰ ਕਰਨ ਲਈ ਕੋਸ਼ਿਸ਼ ਕਰਾਂਗਾ । ਸਾਡਾ ਮੰਤਵ ਤਾਂ ਗਰੀਬਾਂ ਦੀ ਹਾਲਤ ਨੂੰ ਸੁਧਾਰਨ ਦਾ ਹੈ ਅਤੇ ਅਮੀਰਾਂ ਨੂੰ ਨੀਚੇ ਲਿਆਉਣਾ ਹੈ। ਲੇਕਿਨ ਇਹ ਸਰਕਾਰ ਗਰੀਬਾਂ ਦੇ ਖ਼ੂਨ ਦਾ ਕਤਰਾ ਕਤਰਾ ਪੀਣ ਦੀ ਕੋਸ਼ਿਸ਼ ਕਰ ਰਹੀ ਹੈ ।

ਸਰਕਾਰ ਨੇ ਪੋਸਟ ਗਰੈਜੂਏਟ ਮੈਡੀਕਲ ਰਿਸਰਚ ਇਨਸਟੀਚਿਊਟ ਬਣਾ ਕੇ ਸਫੇਦ ਹਾਥੀ ਬੰਨ੍ਹਿਆ ਹੋਇਆ ਹੈ। ਇਸ ਉੱਤੇ $1\frac{1}{2}$ ਕਰੋੜ ਰੁਪਿਆ ਸਾਲਾਨਾ ਖਰਚ ਹੋ ਰਿਹਾ ਹੈ। ਇਸ ਦੇ ਅਲਾਵਾ $6\frac{1}{2}$

ਕਰੋੜ ਰੁਪਿਆ ਐਨੀਸ਼ਲ ਸਟੇਜ ਤੇ ਸਰਕਾਰ ਨੂੰ ਖਰਚ ਕਰਨਾ ਪਿਆ । ਮੈਂ ਸਮਝਦਾ ਹਾਂ ਕਿ ਸਰਕਾਰ ਦੇ ਪਾਸ ਇਸ ਦੇ ਬਾਰੇ ਕੋਈ ਜਵਾਬ ਨਹੀਂ ਹੈ। ਇਹ ਸਫੇਦ ਹਾਥੀ ਸਾਡੇ ਮੱਥੇ ਕਿਉਂ ਮੜ੍ਹਿਆ ਹੈ ? ਸਰਕਾਰ ਕਹਿੰਦੀ ਹੈ ਕਿ ਲੋਕਾਂ ਕੋਲੋਂ 40 ਲੱਖ ਰੁਪਿਆ ਕੁਲੈਕਟ ਕਰਕੇ 4 ਕਰੋੜ ਰੁਪਿਆ ਸੈਂਟਰ ਤੋਂ ਹਾਸਿਲ ਕੀਤਾ ਜਾਵੇਗਾ । ਸਰਕਾਰ ਨੇ ਇਹ ਕਦਮ ਠੀਕ ਨਹੀਂ ਉਠਾਇਆ ਹੈ। ਮੈਂ ਸਰਕਾਰ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਿਵਿਲ ਸੈਕਟਰੀਏਟ ਵਿੱਚ ਭੀ ਸਫੇਦ ਹਾਥੀ ਬੰਨ੍ਹੇ ਹੋਏ ਹਨ। ਸਰਕਾਰ ਨੇ ਕਈ ਫਿਨਾਂਸ਼ਲ ਕਮਿਸ਼ਨਰਜ਼ ਅਤੇ 10, 12 ਕਮਿਸ਼ਨਰਜ਼ ਮੁਕਰਰ ਕਰ ਦਿੱਤੇ ਹਨ। ਇਸ ਵੇਲੇ ਬਹੁਤ ਸਾਰੇ ਅਫਸਰ ਬਿਲਾ ਵਜ੍ਹਾ ਹੀ ਮੁਕਰਰ ਕੀਤੇ ਹਨ । ਇਨ੍ਹਾਂ ਵਿੱਚ ਰੀਡਕਸ਼ਨ ਹੋ ਸਕਦੀ ਹੈ। ਲੇਕਿਨ ਦੂਜੇ ਪਾਸੇ ਸਰਕਾਰ ਗਰੀਬਾਂ ਦੇ ਖੂਨ ਦਾ ਆਖਰੀ ਕਤਰਾ ਨਿਚੋੜ ਰਹੀ ਹੈ। ਕੀ ਸਰਕਾਰ ਇਥੇ ਇਸ ਤਰ੍ਹਾਂ ਦਾ ਸੋਸ਼ਲਿਜ਼ਮ ਲਿਆਉਣਾ ਚਾਹੁੰਦੀ ਹੈ? ਅਗਰ ਵਾਕਈ ਸਰਕਾਰ ਇਥੇ ਸੋਸ਼ਲਿਜ਼ਮ ਲਿਆਉਣ ਦੇ ਹੱਕ ਵਿੱਚ ਹੈ ਤਾਂ ਸਰਕਾਰ ਨੂੰ ਆਪਣਾ ਨਜ਼ਰੀਆ ਬਦਲਣਾ ਪਵੇਗਾ, ਸਰਕਾਰ ਨੂੰ ਸਟੈਂਡ ਰਡ ਆਫਲਿਵਿੰਗ ਲਈ ਕੋਈ ਡੈਫੀਨੀਸ਼ਨ ਮੁਕੱਰਰ ਕਰਨੀ ਚਾਹੀਦੀ ਹੈ । ਗਰੀਬਾਂ ਦੀ ਹਾਲਤ ਸੁਧਾਰਨ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ । ਸਰਕਾਰ ਨੂੰ ਗਰੀਬਾਂ ਲਈ ਦਵਾਈ ਦਾ ਅਤੇ ਤਾਲੀਮ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਆਮਦਨੀ ਵਿੱਚ ਇਜ਼ਾਫਾ ਕਰਨ ਲਈ ਸਰਕਾਰ ਨੂੰ ਸਟੈਪਸ ਉਠਾਉਣੇ ਚਾਹੀਦੇ ਹਨ। ਸਾਰੀ ਦੁਨੀਆਂ ਨੇ ਵੀ ਅਤੇ ਗੌਰਮਿੰਟ ਆਫ ਇੰਡੀਆ ਨੇ ਵੀ ਅਸੂਲ ਮੰਨ ਲਿਆ ਹੈ ਕਿ ਕਿਸੇ ਦੇ ਉੱਤੇ ਟੈਕਸ ਉਸ ਦੀ ਇਨਕਮ ਨੂੰ ਮੁਖ ਰਖ ਕੇ ਲਾਇਆ ਜਾਣਾ ਚਾਹੀਦਾ ਹੈ। ਮਾਨਯੋਗ ਮੈਂਬਰਾਂ ਨੂੰ ਪਤਾ ਹੀ ਹੈ ਕਿ 4000 ਤਨਖਾਹ ਲੈਣ ਵਾਲੇ ਨੂੰ ਕੋਈ ਇਨਕਮ ਟੈਕਸ ਪੇ ਕਰਨਾ ਨਹੀਂ ਪੈਂਦਾ । ਮੈਂਬਰਜ਼ 300 ਰੁਪਿਆ ਕੰਪੈਨਸੇਟਰੀ ਅਲਾਉਂਸ ਲੈਂਦੇ ਹਨ ਲੇਕਿਨ ਉਨ੍ਹਾਂ ਨੂੰ ਕੋਈ ਇਨਕਮ ਟੈਕਸ ਪੇ ਨਹੀਂ ਕਰਨਾ ਪੈਂਦਾ । ਅਗਰ ਸਰਕਾਰ ਨੇ ਇਨਕਮ ਉੱਤੇ ਟੈਕਸ ਲਾਉਣ ਦਾ ਅਸੂਲ ਮੰਨ ਲਿਆ ਹੈ ਤਾਂ ਗਰੀਬਾਂ ਉੱਤੇ ਕਿਉਂ ਟੈਕਸ ਲਾਇਆ ਜਾ ਰਿਹਾ ਹੈ ? ਸਰਦਾਰ ਹਰਿੰਦਰ ਸਿੰਘ ਰੈਵਨਿਊ ਮੰਤਰੀ ਬਾਦਸ਼ਾਹਾਂ ਦੇ ਲੜਕੇ ਹਨ। ਉਨ੍ਹਾਂ ਦਾ ਕੀ ਜ਼ਿਕਰ ਕਰਨਾ ਹੈ । ਉਹ ਤਾਂ ਲੱਖ ਪਤੀ ਜਾਂ ਕਰੋੜ ਪਤੀ ਹਨ ਲੇਕਿਨ ਸਰਦਾਰ ਦਰਬਾਰਾ ਸਿੰਘ ਜਿਹੜੇ ਸੋਸ਼ਲਿਜ਼ਮ ਦਾ ਪਰਚਾਰ ਕਰਦੇ ਹਨ ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ 2 ਏਕੜ ਦੇ ਕਿਸਾਨ ਕਿਵੇਂ ਰੋਟੀ ਖਾ ਸਕਦੇ ਹਨ, ਉਹ ਕਿਵੇਂ ਇੰਨੀ ਥੋੜ੍ਹੀ ਜ਼ਮੀਨ ਵਿੱਚ ਗੁਜ਼ਾਰਾ ਕਰ ਸਕਦੇ ਹਨ। ਪੰਡਤ ਮੋਹਨ ਲਾਲ ਬਾਰ ਬਾਰ ਆਪਣੇ ਖ਼ਿਆਲ ਹਾਊਸ ਵਿੱਚ ਪ੍ਰਗਟ ਕਰਨ ਲਈ ਖੜੇ ਹੁੰਦੇ ਹਨ ਲੇਕਿਨ ਉਨ੍ਹਾਂ ਨੂੰ ਵਕਤ ਨਹੀਂ ਮਿਲ ਰਿਹਾ ਹੈ। ਉਨ੍ਹਾਂ ਨੇ ਦਸਿਆ ਹੈ ਕਿ ਪਹਾੜੀ ਇਲਾਕੇ ਵਿੱਚ ਆਬਪਾਸ਼ੀ ਦੇ ਕੋਈ ਸਾਧਨ ਨਹੀਂ ਹਨ। ਉਥੇ ਕਿਸਾਨਾਂ ਨੂੰ ਕੋਈ ਸਹੂਲਤ ਨਹੀਂ ਦਿੱਤੀ ਜਾਂਦੀ । ਉਥੇ ਕਰਾਪਸ ਦੀ ਉਪਜ ਪਰਮਾਤਮਾਂ ਦੇ ਬਸ ਵਿੱਚ ਹੈ। ਅਗਰ ਉਥੇ ਕੋਈ ਚੰਗੀ ਬਾਰਸ਼ ਹੋ ਜਾਵੇ ਤਾਂ ਹੀ ਫਸਲ ਹੋ ਜਾਂਦੀ ਹੈ। ਅਗਰ ਬਾਰਸ਼ ਨਾ ਹੋਵੇ ਤਾਂ ਜ਼ਿਮੀਂਦਾਰ ਫਸਲ ਤੋਂ ਵਾਂਝਿਆਂ ਰਹਿ ਜਾਂਦਾ ਹੈ। ਮਾਲ ਮੰਤ੍ਰੀ ਨੇ ਕਿਹਾ ਕਿ ਕੀ ਪਹਿਲਾਂ ਕਿਸਾਨ ਅਮੀਰ ਸਨ ਜਾਂ ਕੀ ਹੁਣ ਉਹ ਪਾਥੀਆਂ ਦੇ ਮਾਲਕ ਬਣ ਗਏ ਹਨ । ਇਸ ਵੇਲੇ ਕਿਸਾਨਾਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ । ਇਸ ਵੇਲੇ ਪੰਜਾਬ ਦੀ ਬਾਰਡਰ ਤੋਂ ਲਗ ਭਗ 40, 50 ਹਜ਼ਾਰ ਲੋਕ ਰੈਫਿਊਜੀ ਬਣ ਕੇ ਕੈਂਪਾਂ ਵਿੱਚ ਬੈਠੇ ਹੋਏ ਹਨ । ਉਹ ਖੁਦ ਕਾਸ਼ਤ ਕਰਦੇ ਸਨ ਅਤੇ ਹੁਣ ਕੈਂਪਾਂ ਵਿੱਚ ਰੋਟੀ ਦੇ ਮੁਹਤਾਜ ਬਣ ਗਏ ਹਨ। ਇਨ੍ਹਾਂ ਦੇ ਬਾਰੇ ਅਸੈਂਬਲੀ ਵਿੱਚ ਜੋ ਕੁਝ ਕਿਹਾ ਗਿਆ ਹੈ ਉਹ ਸਾਰੇ ਮੈਂਬਰਾਂ ਨੂੰ ਪਤਾ ਹੈ ।

ਤੁਸੀਂ ਦਸੋ ਕਿ ਉਨ੍ਹਾਂ ਦੇ ਵਾਸਤੇ ਕਿਸ ਨੇ ਕੰਮ ਕੀਤਾ ਹੈ । ਸਾਰੇ ਪੰਜਾਬ ਦੀਆਂ ਪੰਚਾਇਤਾਂ ਨੇ ਪਿੰਡਾਂ ਵਿਚੋਂ ਇਕ ਇਕ ਰਜ਼ਾਈ ਇਕੱਠੀ ਕੀਤੀ ਹੈ, ਇਕ ਇਕ ਕਪੜਾ ਇਕੱਠਾ ਕੀਤਾ ਹੈ । ਉਨ੍ਹਾਂ ਦੁਖੀਆਂ ਲਈ ਪੰਜਾਬ ਜੋ ਕੁਝ ਕਰ ਰਿਹਾ ਹੈ ਉਹ ਸਭ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਨਾਲ ਗਰੀਬੀ ਦੇ ਹੁੰਦਿਆਂ ਹੋਇਆਂ ਵੀ ਪੰਜਾਬ ਨੇ ਉਨ੍ਹਾਂ ਦੀ ਮਦਦ ਕੀਤੀ ਹੈ। ਮੇਜਰ ਸਾਹਿਬ ਨੂੰ ਪਤਾ ਹੋਣਾ

[ਬਾਬੂ ਬਚਨ ਸਿੰਘ]

ਚਾਹੀਦਾ ਹੈ ਕਿ ਪੰਜਾਬ ਵਿੱਚ 50,000 ਆਦਮੀ ਉਜੜੇ ਬੈਠੇ ਹਨ, ਉਨ੍ਹਾਂ ਨੂੰ ਪੁਰਾਣੇ ਅਤੇ ਨਵੇਂ ਹਾਲਾਤ ਦਾ ਪਤਾ ਹੋਣਾ ਚਾਹੀਦਾ ਹੈ। ਸਾਰਾ ਮਹਿੰਦਰਗੜ੍ਹ ਜ਼ਿਲ੍ਹਾ ਕਾਲ ਦੀ ਨਜ਼ਰ ਹੋ ਗਿਆ ਹੈ। ਗੁੜਗਾਵਾਂ ਦਾ ਇਲਾਕਾ ਬਰਾਨੀ ਹੈ ਉਥੇ ਭਾਵੇਂ ਨੂਹ ਤੇ ਭਾਵੇਂ ਫੀਰੋਜ਼ਪੁਰ ਝਿਰਕਾ, ਸਾਰਾ ਇਲਾਕਾ ਕਾਲ ਦੀ ਨਜ਼ਰ ਹੋਇਆ ਪਿਆ ਹੈ। ਰੋਹਤਕ ਵਿਚ ਝਜਰ ਦਾ ਇਲਾਕਾ ਅਤੇ ਭਿਵਾਨੀ ਦਾ ਇਲਾਕਾ ਹਿਸਾਰ ਵਿੱਚ ਸਾਰੇ ਦਾ ਸਾਰਾ ਕਾਲ ਦੀ ਨਜ਼ਰ ਹੋ ਗਿਆ ਹੈ। ਇਨ੍ਹਾਂ ਨੇ ਖੁਦ ਮੰਨ ਲਿਆ ਹੈ ਕਿ ਤਿੰਨ ਜ਼ਿਲੇ ਪਾਕਿਸਤਾਨ ਦੇ ਹਮਲੇ ਦੀ ਭੇਂਟ ਹੋ ਗਏ ਹਨ। ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਇਕ ਸਾਲ ਲਈ ਉਨ੍ਹਾਂ ਦਾ ਮਾਮਲਾ ਮਾਫ ਕਰ ਦੇਵਾਂਗੇ, ਕੀ ਇਸ ਗੱਲ ਨਾਲ ਤਸਲੀ ਹੋ ਸਕਦੀ ਹੈ? ਕੀ ਉਹ ਉਜੜੇ ਹੋਏ ਆਦਮੀ ਅਗਲੇ ਸਾਲ ਆਪਣੇ ਪੈਰਾਂ ਤੇ ਖੜ੍ਹੇ ਹੋ ਜਾਣਗੇ? ਜ਼ਰੂਰਤ ਇਸ ਗੱਲ ਦੀ ਹੈ ਕਿ ਗੌਰਮਿੰਟ ਲੰਮੀ ਸੋਚ ਸੋਚੇ ਅਤੇ ਲੰਮੀ ਸੋਚ ਕੇ ਆਪਣਾ ਫੈਸਲਾ ਕਰੇ। ਗੌਰਮਿੰਟ ਨੂੰ ਇਸ ਗਲ ਦਾ ਧਿਆਨ ਰਖਣਾ ਚਾਹੀਦਾ ਹੈ, ਜਿਸ ਤਰ੍ਹਾਂ ਮੈਂ ਦਸਿਆ ਸੀ, ਮੈਂ ਆਪਣੀ ਵਲੋਂ ਇਹ ਫਿਗਰਜ਼ ਨਹੀਂ ਦੇ ਰਿਹਾ, ਪੰਜਾਬ ਵਿੱਚ ਜ਼ਮੀਨ ਦੇ ਮਾਲਕਾਂ ਦੀ ਤਾਦਾਦ 4,000,000 ਹੈ। ਇਨ੍ਹਾਂ ਵਿਚੋਂ 3,500,000 ਮਾਲਕ ਅਜਿਹੇ ਹਨ ਜਿਹੜੇ 10 ਏਕੜ ਤੋਂ ਘਟ, ਔਸਤਨ 2 ਏਕੜ ਦੇ ਮਾਲਕ ਹਨ। ਤੁਸੀਂ ਦਸੋ ਕਿ ਦੋ ਏਕੜ ਦੇ ਮਾਲਕ ਕਿਵੇਂ ਗੁਜ਼ਾਰਾ ਕਰ ਸਕਦੇ ਹਨ, ਸਿਵਾਏ ਇਸ ਦੇ ਕਿ ਉਹ ਆਪਣੀ ਜ਼ਿੰਦਗੀ ਨੂੰ ਤਬਾਹ ਕਰਨ......ਫਿਰ ਕਹਿੰਦੇ ਹਨ ਕਿ ਉਹ ਜ਼ਮੀਨਾਂ ਛੱਡ ਕਿਉਂ ਨਹੀਂ ਦਿੰਦੇ ਉਹ ਜ਼ਮੀਨਾਂ ਛੱਡਣ ਨੂੰ ਤਿਆਰ ਹਨ ਬਸ਼ਰਤੇ ਕਿ ਉਨ੍ਹਾਂ ਨੂੰ ਆਲਟਰਨੇਟਿਵ ਕੰਮ ਮਿਲੇ। ਪਰ ਹਾਲਤ ਇਹ ਹੈ ਕਿ ਜੇਕਰ ਉਹ ਖੇਤੀ ਦਾ ਕੰਮ ਛੱਡ ਦੇਣ ਤਾਂ ਉਨ੍ਹਾਂ ਨੂੰ ਸਿਵਾਏ ਭੀਖ ਮੰਗਣ ਦੇ ਅਤੇ ਚੋਰੀ ਕਰਨ ਦੇ ਹੋਰ ਕੋਈ ਕੰਮ ਨਹੀਂ ਹੈ। ਜਿਹੜੀ ਗੱਲ ਮੈਂ ਕਹੀ ਸੀ ਮੇਜਰ ਹਰਿੰਦਰ ਸਿੰਘ ਨੇ ਉਲਟ ਲਿਆ ਹੈ। ਮੈਂ ਇਹ ਗੱਲ ਕਹੀ ਸੀ ਕਿ ਅਮਰੀਕਾ ਅਤੇ ਇੰਗਲੈਂਡ ਸਰਮਾਏਦਾਰ ਮੁਲਕ ਹਨ, ਉਥੇ ਵੀ ਖੇਤੀ ਵਿੱਚ ਘਾਟਾ ਪੈਂਦਾ ਹੈ ਇਸ ਲਈ ਗੌਰਮਿੰਟ ਸਬਸਿਡੀ ਦਿੰਦੀ ਹੈ। ਇਹ ਮੁਲਕ ਤਾਂ ਗਰੀਬ ਹੈ। ਮੈਂ ਤਾਂ ਇਹ ਗੱਲ ਕਹੀ ਸੀ ਪਰ ਇਹ ਕਹਿਣ ਲਗੇ ਕਿ ਬਾਬੂ ਬਚਨ ਸਿੰਘ ਸਰਮਾਏਦਾਰਾਂ ਦੀ ਗੱਲ ਕਰਦੇ ਹਨ। ਮੇਰਾ ਧੇਅ ਤਾਂ ਸਾਰੀ ਉਮਰ ਇਹ ਰਿਹਾ ਹੈ ਕਿ ਗਰੀਬ ਨੂੰ ਉਪਰ ਉਠਾਉਣਾ ਹੈ, ਜੇਕਰ ਗਰੀਬ ਨੂੰ ਉਪਰ ਨਾ ਉਠਾਇਆ ਜਾਵੇ ਤਾਂ ਦੇਸ਼ ਤਰਕੀ ਨਹੀਂ ਕਰ ਸਕਦਾ। ਮੈਂ ਗਰੀਬਾਂ ਦਾ ਹਾਮੀ ਹਾਂ ਉਨ੍ਹਾਂ ਲਈ ਲੜਦਾ ਰਿਹਾ ਹਾਂ। ਤੁਸੀਂ ਵੇਖੋ ਕਿ ਗੌਰਮਿੰਟ ਦੀ ਪਾਲਿਸੀ ਕੀ ਹੈ। ਹਿੰਦੁਸਤਾਨ ਦੀ economic ਰੀਪੋਰਟਸ ਦੇ ਮੁਤਾਬਕ ਜੇਕਰ ਸ਼ਹਿਰਾਂ ਵਿੱਚ ਔਸਤਨ ਆਮਦਨ 4 ਰੁਪਏ ਹੈ ਤਾਂ ਪਿੰਡਾਂ ਵਿੱਚ ਇਕ ਰੁਪਿਆ ਔਸਤਨ ਆਮਦਨ ਹੈ। ਪਜਾਬ ਦੀ ਰੇਸ਼ੋ ਪਿੰਡਾਂ ਦੀ ਅਤੇ ਸ਼ਹਿਰਾਂ ਦੀ 3:1 ਹੈ। ਪਰ ਜੇਕਰ ਸ਼ਹਿਰਾਂ ਵਿੱਚ ਹਸਪਤਾਲ ਦੀ ਲੋੜ ਹੋਵੇ ਤਾਂ ਸਰਕਾਰ ਬਣਾਏਗੀ। ਕਾਲਿਜ ਦੀ ਲੋੜ ਹੋਵੇ ਤਾਂ ਸਰਕਾਰ ਬਣਾਏਗੀ, ਜੇਕਰ ਸਕੂਲ ਦੀ ਜ਼ਰੂਰਤ ਹੋਵੇ ਤਾਂ ਸਰਕਾਰ ਬਣਾਏਗੀ, ਕਿਸੇ ਹੋਰ ਇੰਸਟੀਚਿਊਟ ਦੀ ਲੋੜ ਹੋਵੇ ਤਾਂ ਸਰਕਾਰ ਬਣਾਏਗੀ। ਇਸ ਦੇ ਉਲਟ ਪਿੰਡਾਂ ਵਿੱਚ ਜੇਕਰ ਕਿਸੇ ਪ੍ਰਾਇਮਰੀ ਸਕੂਲ ਦੀ ਵੀ ਲੋੜ ਹੋਵੇ ਤਾਂ ਗੌਰਮਿੰਟ ਕਹਿੰਦੀ ਹੈ ਕਿ ਬਿਲਡਿੰਗ ਬਣਾ ਕੇ ਦਿਉ, ਨਾਲ ਐਨਾ ਰੁਪਇਆ ਵੀ ਦਿਉ ਤਾਂ ਸਕੂਲ ਦੇਣ ਨੂੰ ਤਿਆਰ ਹਾਂ। ਸਰਕਾਰ ਨੇ ਪਿੰਡਾਂ ਵਿੱਚ ਇਕ ਪ੍ਰਾਇਮਰੀ ਸਕੂਲ ਵੀ ਦੇਣਾ ਹੋਵੇ ਤਾਂ ਸ਼ਰਤਾਂ ਲਗਾਉਂਦੀ ਹੈ। ਇਸ ਸਾਲ ਬਜਟ ਸੈਸ਼ਨ ਵਿੱਚ ਕੁਝ ਲੋਕਾਂ ਨੇ ਖਾਹਿਸ਼ ਜ਼ਹਰ ਕੀਤੀ ਸੀ ਕਿ ਸਾਡੇ ਸਕੂਲ ਅਪਗ੍ਰੇਡ ਕਰ ਦਿਉ। ਤਾਂ ਸਰਕਾਰ ਨੇ ਕਿਹਾ ਕਿ ਸਾਰੀ ਬਿਲਡਿੰਗ ਬਣਾ ਕੇ ਦਿਉ ਅਤੇ ਨਾਲ 28,700 ਰੁਪਿਆ ਦਿਉ ਤਾਂ ਹਾਈ ਸਕੂਲ ਬਣਾਵਾਂਗੇ ਨਹੀਂ ਤਾਂ ਨਹੀਂ ਬਣਾਵਾਂਗੇ। ਕੀ ਇਹ ਹੈ ਤੁਹਾਡਾ ਸੋਸ਼ਲਿਜ਼ਮ? ਕੀ ਇਹ ਸੋਤੀਲੀ ਮਾਂ ਦਾ ਸਲੂਕ ਨਹੀਂ ਹੈ? ਸ਼ਹਿਰਾਂ ਵਿੱਚ ਕਿੰਨੀਆਂ ਸੜਕਾਂ ਹਨ, ਕਿੰਨੇ ਸਕੂਲ ਹਨ, ਕਿੰਨੇ ਹਸਪਤਾਲ

ਹਨ । ਸ਼ਹਿਰਾਂ ਵਿੱਚ ਕਿੰਨੀ ਪਰ ਕੈਪੀਟਾ ਰੇਸ਼ੋ ਪੈਂਦੀ ਹੈ ਅਤੇ ਪਿੰਡਾਂ ਵਿੱਚ ਕਿੰਨੀ ਪਰ ਕੈਪੀਟਾ ਰੇਸ਼ ਪੈਂਦੀ ਹੈ ......

Deputy Speaker: Please wind up.

ਬਾਬੂ ਬਚਨ ਸਿੰਘ : ਮੈਂ ਵਾਈਂਡ ਅਪ ਕਰਦਾ ਹਾਂ ਜੀ । ਡਿਪਟੀ ਸਪੀਕਰ ਸਾਹਿਬਾ, ਜ਼ਰਾ ਇਨ੍ਹਾਂ ਦੇ ਸੋਸ਼ਲਿਜ਼ਮ ਦੀ ਝਲਕੀ ਵੇਖੋ । ਇਨ੍ਹਾਂ ਦੇ ਸੋਸਲਿਜ਼ਮ ਦੀ ਝਲਕੀ ਇਹ ਹੈ ਕਿ ਜੇਕਰ ਪਿੰਡਾਂ ਵਿੱਚ ਕਿਸਾਨ ਦੋ ਕਨਾਲ ਤੋਂ ਜ਼ਰਾ ਜ਼ਿਆਦਾ ਗੰਨਾ ਬੀਜ ਲਵੇ ਤਾਂ ਉਸ ਉਪਰ ਵੀ ਟੈਕਸ ਲਗਦਾ ਹੈ ਪਰ ਚੰਡੀਗੜ੍ਹ ਵਿੱਚ ਵੱਡੇ ਵੱਡੇ ਸਾਹਿਬ, ਸਰਮਾਇਦਾਰ ਲੱਖਾਂ ਰੁਪਿਆਂ ਦੀਆਂ ਕੋਠੀਆਂ ਬਣਾਉਣ ਤਾਂ ਉਨ੍ਹਾਂ ਉਪਰ ਨਾ ਹਾਊਸ ਟੈਕਸ ਅਤੇ ਨਾ ਪ੍ਰਾਪਰਟੀ ਟੈਕਸ, ਇਹ ਹੈ ਤੁਹਾਡਾ ਸੋਸ਼ਲਿਜ਼ਮ ? ਇਸੇ ਗੱਲ ਤੇ ਦਾਅਵਾ ਕਰਦੇ ਹੋ ਕਿ ਤੁਸੀਂ ਬੜੀ ਸੇਵਾ ਕਰ ਰਹੇ ਹੋ, ਮੈਨੂੰ ਸਮਝ ਨਹੀਂ ਆਉਂਦੀ ਕਿ ਤੁਸੀਂ ਕਿਸ ਤਰ੍ਹਾਂ ਕਹਿੰਦੇ ਹੋ...... (*Interruption.*)

ਮਾਲ ਮੰਤਰੀ (ਸਰਦਾਰ ਹਰਿੰਦਰ ਸਿੰਘ ਮੇਜਰ) : ਉਨ੍ਹਾਂ ਨੂੰ ਗੁੱਸਾ ਹੈ ਕਿ ਮੈਂ ਸਚੀਆਂ ਗੱਲਾਂ ਕਹੀਆਂ ਹਨ.....

ਬਾਬੂ ਬਚਨ ਸਿੰਘ : ਹਾਂ, ਸਚਾਈ ਦਾ ਠੇਕਾ ਤੁਸਾਂ ਹੀ ਲਿਆ ਹੋਇਆ ਹੈ । ਸਰਕਾਰ ਨੇ ਇਕ ਅਸੂਲ ਮੰਨਿਆ ਹੈ । ਉਹ ਅਸੂਲ ਜਿਸ ਤਰ੍ਹਾਂ ਸ਼ਹਿਰਾਂ ਵਿੱਚ ਮੰਨਿਆ ਹੈ ਉਸੇ ਤਰ੍ਹਾਂ ਪਿੰਡਾਂ ਵਿੱਚ ਮੰਨਣਾ ਪਵੇਗਾ । ਸ਼ਹਿਰਾਂ ਵਿੱਚ ਜਿੱਥੇ ਕਿਸੇ ਪ੍ਰਾਪਰਟੀ ਦੀ ਰੈਂਟਲ ਵੈਲਯੂ ਮੈਦਾਨੀ ਇਲਾਕੇ ਵਿੱਚ 300 ਰੁਪਿਆ ਸਾਲਾਨਾ ਹੈ ਅਤੇ ਪਹਾੜੀ ਇਲਾਕੇ ਮਸਲਨ ਸ਼ਿਮਲੇ ਵਿੱਚ 400 ਰੁਪਿਆ ਸਾਲ ਹੈ, ਉਸ ਨੂੰ exempt ਕੀਤਾ ਜਾਵੇਗਾ, ਉਸ ਕੋਲੋਂ ਕੋਈ ਪੈਸਾ ਵਸੂਲ ਨਹੀਂ ਕੀਤਾ ਜਾਵੇਗਾ । ਮੈਂ ਪੁੱਛਦਾ ਹਾਂ ਕਿ ਆਇਆ ਇਸੇ ਅਸੂਲ ਨੂੰ ਸਰਕਾਰ ਪਿੰਡਾਂ ਵਿੱਚ ਲਾਗੂ ਕਰਨ ਲਈ ਤਿਆਰ ਹੈ ਕਿ ਨਹੀਂ ਕਿ ਜਿੱਥੇ ਮੈਦਾਨ ਵਿੱਚ ਰੈਂਟਲ ਵੈਲਯੂ 300 ਰੁਪਿਆ ਸਾਲਾਨਾ ਹੈ ਅਤੇ ਪਹਾੜੀ ਇਲਾਕੇ ਵਿੱਚ 400 ਰੁਪਿਆ ਸਾਲ ਹੈ ਉਥੇ ਮਾਫ਼ੀ ਕੀਤੀ ਜਾਵੇਗੀ ? ਜੇਕਰ ਇਹ ਅਸੂਲ ਮੰਨ ਲੈਣ ਤਾਂ ਸਾਰਾ ਮਸਲਾ ਹਲ ਹੋ ਜਾਵੇਗਾ । ਮੈਂ ਆਖਰੀ ਗਲ ਪੁਛ ਕੇ ਬੰਦ ਕਰ ਦਿਆਂਗਾ । ਉਹ ਇਹ ਹੈ ਕਿ ਆਇਆ ਸਰਕਾਰ ਉਸ ਛੋਟੇ ਕਿਸਾਨ ਨੂੰ ਵੀ ਅਗਜ਼ੈਂਪਟ ਕਰਨ ਲਈ ਤਿਆਰ ਹੈ ਕਿ ਜਿਹੜਾ ਕਿ economic ਹੋਲਡਿੰਗ ਵਿਚੋਂ ਮਿਹਨਤ ਕਰਨ ਦੇ ਬਾਵਜੂਦ ਵੀ ਚੰਗੀ ਰੋਟੀ ਕਮਾ ਕੇ ਨਹੀਂ ਖਾ ਸਕਦਾ ਜੇਕਰ ਤਿਆਰ ਹੈ ਤਾਂ ਠੀਕ ਹੈ ਜੇ ਕਰ ਉਸ ਨੂੰ ਵੀ ਅਗਜ਼ੈਂਪਟ ਕਰਨ ਲਈ ਤਿਆਰ ਨਹੀਂ ਤਾਂ ਇਨ੍ਹਾਂ ਦੇ ਸਾਰੇ ਦਾਅਵੇ ਝੂਠੇ ਹਨ ਅਤੇ ਲੋਕਾਂ ਨੂੰ ਧੋਖਾ ਦੇਣ ਦੀ ਬਜਾਏ ਹੋਰ ਕੁਝ ਵੀ ਨਹੀਂ ਹੈ ।

PERSONAL EXPLANATION BY THE REVENUE MINISTER

ਮਾਲ ਮੰਤਰੀ (ਸਰਦਾਰ ਹਰਿੰਦਰ ਸਿੰਘ ਮੇਜਰ): ਡਿਪਟੀ ਸਪੀਕਰ ਸਾਹਿਬਾ, ਮੈਂ ਕੁਝ ਪਰਸਨਲ ਐਕਸਪਲੇਨੇਸ਼ਨ ਤੇ ਕਹਿਣਾ ਚਾਹੁੰਦਾ ਹਾਂ । ਬਿਲ ਦੇ ਹਕ ਵਿੱਚ ਮੇਰੇ ਪਾਸ ਹੋਰ ਕੋਈ ਦਲੀਲ ਨਹੀਂ ਹੈ, ਮੈਂ ਜੋ ਕੁਝ ਕਹਿਣਾ ਸੀ ਉਹ ਕਹਿ ਬੈਠਾ ਹਾਂ । ਬਾਬੂ ਜੀ ਨੇ ਜ਼ਿਕਰ ਕੀਤਾ ਹੈ........
(ਬਾਬੂ ਬਚਨ ਸਿੰਘ ਵਲੋਂ ਵਿਘਨ) ਮੈਨੂੰ ਤਾਂ ਕਹਿੰਦੇ ਹਨ ਕਿ ਸ਼ਾਂਤੀ ਨਾਲ ਸੁਣੋ, ਮੈਂ ਉਨ੍ਹਾਂ ਨੂੰ ਸ਼ਾਂਤੀ ਨਾਲ ਸੁਣਿਆ ਹੈ ਪਰ ਉਹ ਟੈਂਪਰ ਲੂਜ਼ ਕਰ ਜਾਂਦੇ ਹਨ......ਮੇਰੀ ਅਰਜ਼ ਹੈ ਕਿ ਉਨ੍ਹਾਂ ਨੇ ਕਿਹਾ ਹੈ ਕਿ ਮੇਜਰ ਸਾਹਿਬ ਬਾਦਸ਼ਾਹ ਦੇ ਲੜਕੇ ਹਨ ਇਨ੍ਹਾਂ ਨੂੰ ਦੇਸ਼ ਸੇਵਾ ਦਾ ਕੀ ਪਤਾ ਹੈ ? ਮੇਰੀ ਅਰਜ਼ ਹੈ ਕਿ ਦੇਸ਼ ਸੇਵਾ ਦਾ ਠੇਕਾ ਇਨ੍ਹਾਂ ਕੋਲ ਹੀ ਨਹੀਂ ਆਇਆ । ਕਿਸੇ ਆਦਮੀ ਦੀ ਦੇਸ਼ ਸੇਵਾ ਦੇ ਬਾਰੇ ਵਿੱਚ ਉਸ ਦੇ ਚੰਗੇ ਘਰ ਪੈਦਾ ਹੋਣ ਨਾਲ ਜਜ ਨਹੀਂ ਕੀਤਾ ਜਾ ਸਕਦਾ , ਬਲਕਿ ਉਸ ਦੇ

[ਮਾਲ ਮੰਤਰੀ]

ਕਰਤਵਾਂ ਅਤੇ ਖ਼ਿਆਲਾਤ ਤੋਂ ਕੀਤਾ ਜਾ ਸਕਦਾ ਹੈ । 1954 ਵਿੱਚ ਮੈਂ ਬਤੌਰ ਪ੍ਰਧਾਨ ਡਿਸਟ੍ਰਿਕਟ ਕਾਂਗਰਸ ਕਮੇਟੀ ਇਕ ਰੈਜ਼ੋਲਿਊਸ਼ਨ ਦਿੱਤਾ ਸੀ, ਉਹ ਅਜੇ ਤਕ ਕਾਂਗਰਸ ਪਾਰਟੀ ਦੇ ਦਫਤਰ ਵਿੱਚ ਮੌਜੂਦ ਹੈ। ਮੈਂ ਕਿਹਾ ਸੀ ਕਿ ਸਾਰੀ ਪ੍ਰਾਈਵੇਟ ਪ੍ਰਾਪਰਟੀ, ਚਾਹੇ ਰੂਰਲ ਹੈ, ਚਾਹੇ ਅਰਬਨ ਹੈ, ਭਾਵੇਂ ਬੈਂਕਸ ਹਨ ਅਤੇ ਭਾਵੇਂ ਜੀਊਲਰੀ ਹੈ—ਸਾਰੀ ਨੈਸ਼ਨਲਾਈਜ਼ ਕਰ ਲੈਣੀ ਚਾਹੀਦੀ ਹੈ (ਤਾਲੀਆਂ)

ਇਕ ਆਵਾਜ਼—ਇਸ ਦਾ ਕੀ ਸਬੂਤ ਹੈ ?

(ਵਿਘਨ)

ਗ੍ਰਹਿ ਅਤੇ ਵਿਕਾਸ ਮੰਤਰੀ (ਸਰਦਾਰਾ ਦਰਬਾਰਾ ਸਿੰਘ): ਇਹ ਗੱਲ ਠੀਕ ਹੈ, ਮੈਂ ਉਸ ਵੇਲੇ ਪ੍ਰੀਜ਼ਾਈਡ ਕਰ ਰਿਹਾ ਸੀ ।

ਮਾਲ ਮੰਤਰੀ (ਸਰਦਾਰ ਹਰਿੰਦਰ ਸਿੰਘ ਮੇਜਰ): ਇਹ ਮੇਰਾ ਰੈਜ਼ੋਲਿਊਸ਼ਨ ਸੀ ਜਿਹੜਾ ਅਜੇ ਵੀ ਕਾਂਗਰਸ ਪਾਰਟੀ ਦੇ ਦਫਤਰ ਵਿੱਚ ਮੌਜੂਦ ਹੈ। ਮੇਰੇ ਤੇ ਕਿਸੇ ਨੇ ਕੀ ਐਸਪਰਸ਼ਨ ਕਾਸਟ ਕਰਨੇ ਹਨ ?

ਮੈਂ ਮਿਸਾਲਾਂ ਦੇ ਸਕਦਾ ਹਾਂ ਕਿ ਜਿਹੜੇ ਸੋਸ਼ਲਿਜ਼ਮ ਦਾ ਨਾਅਰਾ ਲਗਾਉਣ ਵਾਲੇ ਹਨ, ਜਿਨ੍ਹਾਂ ਨੇ ਦੇਸ਼ ਭਗਤੀ ਦਾ ਜਾਮਾ ਪਹਿਨਿਆ ਹੋਇਆ ਹੈ, ਉਨ੍ਹਾਂ ਨੇ ਲੱਖਾਂ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਬਣਾਈਆਂ ਹਨ ਪਰ ਮੈਂ ਤਾਂ ਆਪਣੇ ਕੋਲੋਂ ਖਰਚ ਕਰਕੇ ਸੇਵਾ ਕਰ ਰਿਹਾ ਹਾਂ ਔਰ ਹੁਣ ਇਹ ਇਹ ਫਤਵਾ ਦਿੰਦੇ ਹਨ। ਮੈਂ ਬਾਬੂ ਜੀ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਤਾਂ ਸ਼ਾਇਦ ਪਤਾ ਨਹੀਂ, ਇਹ ਬਾਹਰ ਗਏ ਹੋਏ ਸਨ—ਇਨ੍ਹਾਂ ਦਾ ਇਖਲਾਕ ਤਾਂ ਇਹੋ ਹੈ ਕਿ ਇਹ ਉਸ ਵੇਲੇ ਪਿੱਲੀਭੀਤ ਭੱਜ ਗਏ ਸਨ—ਮੈਂ ਤਾਂ ਈਲੈਕਸ਼ਨ ਵੇਲੇ ਖੁਲੇ ਮੈਦਾਨ ਵਿੱਚ ਸਾਂ ਔਰ 21,000 ਵੋਟਾਂ ਨਾਲ ਜਿੱਤ ਕੇ ਆਇਆ ਹੋਇਆ ਹਾਂ । ਮੈਂ ਕੋਈ ਨਾਮੀਨੇਟਿਡ ਮੈਂਬਰ ਨਹੀਂ ਹਾਂ । ਮੈਂ ਪੂਰੇ ਵਿਸ਼ਵਾਸ਼ ਨਾਲ ਕਹਿ ਸਕਦਾ ਹਾਂ ਕਿ ਮੈਂ ਇਨ੍ਹਾਂ ਨਾਲੋਂ ਜ਼ਿਆਦਾ ਹੀ ਜਨਤਾ ਦੀ ਸੇਵਾ ਕਰ ਰਿਹਾ ਹਾਂ ।

PERSONAL EXPLANATION BY BABOO BACHAN SINGH

ਬਾਬੂ ਬਚਨ ਸਿੰਘ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਮੈਡਮ। ਮੇਰੇ ਖਿਲਾਫ਼ ਮੇਜਰ ਹਰਿੰਦਰ ਸਿੰਘ ਨੇ ਬੇਬੁਨਿਆਦ, ਝੂਠਾ ਔਰ ਗ਼ਲਤ ਇਲਜ਼ਾਮ ਲਗਾਇਆ ਹੈ ਕਿ ਮੈਂ ਪਿਲੀਭੀਤ ਭਜ ਗਿਆ ਸੀ। ਮੇਰੇ ਬਰਖਿਲਾਫ਼ ਜਿਸ ਸ਼ਖਸ ਨੇ ਪੈਟੀਸ਼ਨ ਕੀਤੀ ਸੀ ਉਸ ਨੇ ਉਸਨੂੰ ਬਿਨਾ ਸ਼ਰਤ ਵਾਪਸ ਲਿਆ ਹੈ ।

ਸਰਦਾਰ ਜਗੀਰ ਸਿੰਘ ਦਰਦ : ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਡੀ ਮਾਰਫਤ ਬਾਬੂ ਜੀ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਜੇਕਰ ਪਿੱਲੀਭੀਤ ਨਹੀਂ ਸਨ ਗਏ ਤਾਂ ਫੇਰ ਕਿਥੇ ਗਏ ਸਨ ?

THE PUNJAB COMMERCIAL CROPS CESS (AMENDMENT) BILL, 1965 (*Resumption of Discussion*)

ਸਰਦਾਰ ਹਰਚੰਦ ਸਿੰਘ (ਸਮਾਨਾ, ਐਸ. ਸੀ.): ਡਿਪਟੀ ਸਪੀਕਰ ਸਾਹਿਬਾ, ਪਹਿਲਾਂ ਜਿਹੜਾ ਕਪਾਹ, ਮਿਰਚਾਂ ਅਤੇ ਗੰਨੇ ਦੀ ਫਸਲ ਉੱਤੇ ਸੈਸ ਲਗਿਆ ਹੋਇਆ ਹੈ ਉਸ ਨੂੰ ਰੀਵਾਈਜ਼ ਕਰਨ ਵਾਸਤੇ ਹੁਣ ਬਹਿਸ ਚਲ ਰਹੀ ਹੈ । ਡਿਪਟੀ ਸਪੀਕਰ ਸਾਹਿਬਾ, ਸਭ ਤੋਂ ਪਹਿਲਾਂ ਤਾਂ ਮੇਰੀ ਅਰਜ਼

ਇਹ ਹੈ ਕਿ ਜਿਸ ਵੀ ਜਿਨਸ ਉੱਤੇ ਟੈਕਸ ਲਗਾਇਆ ਜਾਂਦਾ ਹੈ ਉਹ ਮਾਰਕਿਟ ਵਿਚੋਂ ਗਾਇਬ ਹੁੰਦੀ ਚਲੀ ਜਾਂਦੀ ਹੈ । ਤੁਸੀਂ ਵੇਖਿਆ ਹੋਵੇਗਾ ਕਿ ਕਈ ਸਾਲ ਪਹਿਲਾਂ ਤਮਾਕੂ ਉੱਤੇ ਟੈਕਸ ਲਗਿਆ । ਤਮਾਕੂ ਹੁਣ ਪੰਜਾਬ ਵਿੱਚ ਬਹੁਤ ਘਟ ਰਹਿ ਗਿਆ ਹੈ । ਇਸੇ ਤਰ੍ਹਾਂ ਹੁਣ ਇਥੇ ਕਪਾਹ ਦੀ ਕਾਸ਼ਤ ਬਹੁਤ ਘਟ ਹੁੰਦੀ ਜਾ ਰਹੀ ਹੈ । ਮੇਰੀ ਕਾਂਸਟੀਚੁਅਂਸੀ ਵਿੱਚ, ਸਮਾਨੇ ਮੰਡੀ ਵਿੱਚ ਦੋ ਕਰੋੜ ਰੁਪਏ ਦੀਆਂ ਸਾਲਾਨਾ ਮਿਰਚਾਂ ਹੁੰਦੀਆਂ ਹਨ । ਸਾਰੇ ਪਟਿਆਲੇ ਜ਼ਿਲੇ ਵਿੱਚ ਮਿਰਚਾਂ ਦਾ ਹਿਸਾਬ ਕਿਤਾਬ ਲਗਾਇਆ ਜਾਵੇ ਤਾਂ ਉਥੇ 7 ਕਰੋੜ ਰੁਪਏ ਸਾਲਾਨਾ ਮਿਰਚਾਂ ਦੀ ਕਾਸ਼ਤ ਹੁੰਦੀ ਹੈ । ਯਾਨੀ ਜਿਸ ਰਕਬੇ ਵਿਚ 7 ਕਰੋੜ ਰੁਪਏ ਸਾਲਾਨਾ ਦੀ ਮਿਰਚ ਪੈਦਾ ਹੁੰਦੀ ਹੈ ਉਸ ਰਕਬੇ ਉੱਤੇ ਇਹ ਟੈਕਸ ਲਗਣਾ ਹੈ । ਜੇਕਰ ਉਸੇ ਰਕਬੇ ਤੇ ਇਸ ਤਰ੍ਹਾਂ ਇਕਠੇ ਹੋਏ ਰੁਪਏ ਦੇ ਖਰਚ ਕਰਨ ਦਾ ਇੰਤਜ਼ਾਮ ਕੀਤਾ ਜਾਵੇ, ਜੇ ਬਾਰਸ਼ ਹੋਣ ਨਾਲ ਮਿਰਚਾਂ ਗਿਲੀਆਂ ਹੋ ਜਾਣ, ਖਰਾਬ ਹੋ ਜਾਣ ਤਾਂ ਉਥੇ ਚਿਲੀਜ਼ ਖੁਸ਼ਕ ਕਰਨ ਦਾ ਪਲਾਂਟ ਲਗਾਇਆ ਜਾਵੇ ਤਦ ਤਾਂ ਠੀਕ ਹੈ । ਪਰ ਅਸਲ ਗੱਲ ਕੀ ਹੈ ? ਰੁਪਿਆ ਆਉਣਾ ਹੈ ਪਟਿਆਲੇ ਵਿਚੋਂ ਔਰ ਖਰਚ ਹੋਣਾ ਹੈ ਜਲੰਧਰ ਅਤੇ ਅੰਮ੍ਰਿਤਸਰ ਵਿੱਚ । ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਨੂੰ ਦੋ ਚਾਰ ਗੱਲਾਂ ਦਸਣੀਆਂ ਚਾਹੁੰਦਾ ਹਾਂ ਜਿਹੜਾ ਸਾਨੂੰ ਦਸ ਸਾਲਾਂ ਵਿੱਚ ਤਲਖ ਤਜਰਬਾ ਹੋਇਆ ਹੈ ।

ਮੇਰੇ ਜ਼ਿਲ੍ਹੇ ਵਿੱਚ ਜ਼ਿਮੀਂਦਾਰਾਂ ਨੇ ਡੀਫੈਂਸ ਫੰਡ ਲਈ ਦੋ ਰੁਪਏ ਫੀ ਏਕੜ ਦੇ ਹਿਸਾਬ ਨਾਲ ਚੰਦਾ ਦਿੱਤਾ ਹੈ । ਹੁਣ ਇਸ ਸੈਸ ਦੇ ਨਾਲ ਜਿਤਨਾ ਸਾਰੇ ਸੂਬੇ ਵਿਚੋਂ ਰੁਪਿਆ ਇਕੱਠਾ ਹੋਣਾ ਹੈ, ਬਾਰਡਰ ਦੇ ਤਿੰਨ ਜ਼ਿਲਿਆਂ ਨੂੰ ਛਡ ਕੇ, ਬਾਕੀ ਕੋਈ ਚਾਲੀ ਕੁ ਲਖ ਰੁਪਿਆ ਤੁਹਾਡੇ ਪਲੇ ਪੈਣਾ ਹੈ । ਭਾਵੇਂ ਨਰਾਜ਼ ਹੀ ਹੋ ਜਾਣ, ਪਰ ਮੈਂ ਮੇਜਰ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ 40 ਲੱਖ ਰੁਪਿਆਂ ਵਾਸਤੇ ਤੁਸੀਂ ਕਿਉਂ ਇਨ੍ਹਾਂ ਗਰੀਬ ਕਿਸਾਨਾਂ ਨੂੰ ਫਾਈ ਲਾਕੇ ਰਖਿਆ ਜੇ ? ਕਿਉਂ ਨਹੀਂ ਉਹ 36 ਲੱਖ ਰੁਪਿਆ ਤੁਸੀਂ ਲੈ ਲੈਂਦੇ ਜਿਹੜਾ ਪੰਜਾਬ ਵਿੱਚ ਅੱਠਾਂ ਰਾਜਿਆਂ ਨੂੰ ਦਿੰਦੇ ਹੋ ? ਉਨ੍ਹਾਂ ਦੇ ਪ੍ਰਿਵੀ ਪਰਸਾਂ ਨੂੰ ਕਿਉਂ ਨਹੀਂ ਬੰਦ ਕਰ ਦਿੰਦੇ ?

Revenue Minister : I have never supported the grant of Privy Purses in my life.

ਸਰਦਾਰ ਹਰਚੰਦ ਸਿੰਘ : ਇਨ੍ਹਾਂ ਨੂੰ ਬਿਲਕੁਲ ਖਤਮ ਕਰਨਾ ਚਾਹੀਦਾ ਹੈ; ਬਹਾਦਰੀ ਨਾਲ ਖਤਮ ਕਰਨਾ ਚਾਹੀਦਾ ਹੈ । ਜੇ ਤੁਸੀਂ ਸੋਸ਼ਲਿਜ਼ਮ ਲਿਆਉਣਾ ਹੈ ਤਾਂ ਇਹ ਇਨਾਮ ਖਤਮ ਕਰਨੇ ਹੀ ਪੈਣਗੇ ।

लोक कार्य मन्त्री (चौधरी रणबीर सिंह) : प्रिवी पर्स तो गोवर्नमैंट आफ इंडिया का सबजैक्ट है।

ਕਾਮਰੇਡ ਬਾਬੂ ਸਿਘ ਮਾਸਟਰ : On a point of information. ਮੈਂ ਆਨਰੇਬਲ ਮੈਂਬਰ ਤੋਂ ਪੁਛਣਾ ਚਾਹੁੰਦਾ ਹਾਂ ਕਿ ਮਹਾਰਾਜਾ ਪਟਿਆਲਾ ਨੇ ਕਿਤਨਾ ਡਿਫੈਂਸ ਫੰਡ ਦਿੱਤਾ ਹੈ ?

ਸਰਦਾਰ ਹਰਚੰਦ ਸਿੰਘ : ਉਨ੍ਹਾਂ ਨੂੰ ਡਿਫੈਂਸ ਫੰਡ ਦੇ ਇਵਜ਼ ਇਟਲੀ ਦਾ ਐਮਬੈਸੇਡਰ ਲਗਾ ਕੇ ਭੇਜ ਦਿੱਤਾ ਹੈ । ਸੋ ਮੈਂ ਇਹ ਅਰਜ਼ ਕਰਨ ਲੱਗਾ ਸੀ ਕਿ ਗੌਰਮੈਂਟ ਵਲੋਂ ਇਹ ਕਿਹਾ ਜਾਂਦਾ ਹੈ ਕਿ ਪਲੈਨਿੰਗ ਕਮਿਸ਼ਨ ਨੇ ਕਿਹਾ ਹੈ ਕਿ ਚੂੰਕਿ ਰੁਪਏ ਦੀ ਲੋੜ ਹੈ ਇਸ ਲਈ ਟੈਕਸ ਲਗਾਉ । ਲਗਾਉ ਭਾਈ ! ਲਗਾਉਣੋਂ ਤਾਂ ਤੁਸੀਂ ਹਟਣਾ ਨਹੀਂ । 21 ਜਾਂ 22 ਤਰੀਖ, ਪਿਛਲੇ ਮਹੀਨੇ ਦੀ, ਤੁਸਾਂ ਸੈਸ਼ਨ ਖਤਮ ਕਰਨਾ ਸੀ । ਇਕ ਮਹੀਨਾ ਹੋ ਗਿਆ ਹੈ ਤਦ ਦੇ ਟੈਕਸ ਹੀ ਲਗਾਂਦੇ ਜਾ ਰਹੇ ਹੋ । ਇਕ ਪੰਜਾਬੀ ਦੀ ਗਲ ਹੈ, ਕਹਿੰਦੇ ਹਨ "ਖਾ ਲੈ ਸ਼ਾਮੋ ਨਾਸ਼ਪਾਤੀਆਂ, ਨਿੱਤ ਨਹੀਂ ਬਜ਼ਾਰੀਂ

[ਸਰਦਾਰ ਹਰਚੰਦ ਸਿੰਘ]

ਆਉਣਾ", ਤੁਸੀਂ ਵੀ ਰਜ ਲਉ। ਜਿੰਨੇ ਵੀ ਟੈਕਸ ਲਗਾਣੇ ਜੇ ਲਗਾ ਲਉ। ਅਰਜ਼ ਸਿਰਫ ਇਤਨੀ ਹੈ ਕਿ ਅਗਰ ਪੰਜਾਬ ਦੀ ਸਰਕਾਰ ਪਲੈਨਿੰਗ ਕਮਿਸ਼ਨ ਦੇ ਸਾਹਮਣੇ ਆਪਣਾ ਕੇਸ ਸਹੀ ਤੌਰ ਤੇ ਪੇਸ਼ ਕਰਦੀ ਤਾਂ ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਪੰਜਾਬ ਵਿੱਚ ਕਦੇ ਵੀ ਇਤਨੇ ਜ਼ਿਆਦਾ ਟੈਕਸ ਨਹੀਂ ਸਨ ਲਗਣੇ। ਕਿਤਨੀ ਅਜੀਬ ਗੱਲ ਹੈ ਕਿ ਅਸੀਂ ਪੂਰੇ 8 ਦਿਨ ਸੇਲਜ਼ ਟੈਕਸ ਬਿਲ ਉੱਤੇ ਹੀ ਬਹਿਸ ਕਰਦੇ ਰਹੇ। ਉਸ ਵਿੱਚ ਹੋਇਆ ਕੀ ? ਸੇਲਜ਼ ਟੈਕਸ ਤਾਂ ਜਿਤਨਾ ਪਹਿਲਾਂ ਲਗਿਆ ਹੋਇਆ ਸੀ ਉਤਨਾ ਹੀ ਰਹਿਣਾ ਹੈ। ਵਿਪਾਰੀਆਂ ਨੂੰ ਰਿਆਇਤਾਂ ਦਿੱਤੀਆਂ ਗਈਆਂ। ਸੇਲਜ਼ ਟੈਕਸ ਤੁਸੀਂ ਵੇਖੋ, ਦੇਣਾ ਕਿਸ ਨੇ ਹੈ ? ਜ਼ਿਮੀਂਦਾਰ ਨੇ, ਕਿਸਾਨ ਨੇ ਹੀ ਇਹ ਟੈਕਸ ਵੀ ਦੇਣਾ ਹੈ ਜਿਸਦੀ, ਤੁਸੀਂ ਖੁਦ ਵੀ ਮੰਨਦੇ ਹੋ, 80 ਫੀਸਦੀ ਆਬਾਦੀ ਹੈ। ਸੇਲਜ਼ ਟੈਕਸ ਤਾਂ ਸਾਰਾ ਉਨ੍ਹਾਂ ਉੱਤੇ ਲਗਣਾ ਹੈ। ਕਿਸੇ ਦੁਕਾਨਦਾਰ ਨੇ ਤਾਂ ਨਹੀਂ ਦੇਣਾ। ਪਲਨਿੰਗ ਕਮਿਸ਼ਨ ਦੇ ਅੱਗੇ ਅਗਰ ਪੰਜਾਬ ਦੀ ਕੈਬਨਿਟ ਸਹੀ ਕੇਸ ਪੁਟ ਕਰਦੀ ਤਾਂ ਮਾਮਲਾ ਹੋਰ ਹੁੰਦਾ। ਸਵਾਲ ਤਾਂ ਉਨ੍ਹਾਂ ਨੂੰ ਕਨਵਿੰਸ ਕਰਨ ਦਾ ਸੀ। ਮੈਂ ਅਰਜ਼ ਕਰਾਂ ਕਿ ਪਲੈਨਿੰਗ ਕਮੀਸ਼ਨ ਦੇ ਮੈਂਬਰ ਇਕ ਵੇਰ ਪਿੱਛੇ ਜਿਹੇ ਖਰੜ ਦੇ ਕੋਲ ਇਕ ਪਿੰਡ ਵਿੱਚ ਆ ਗਏ। ਪੰਜਾਬ ਦੇ ਅਨਪੜ੍ਹ ਜ਼ਿਮੀਂਦਾਰ ਉਥੇ ਇਕੱਠੇ ਹੋ ਗਏ। ਜ਼ਿਮੀਂਦਾਰਾਂ ਨੂੰ ਪਲੈਨਿੰਗ ਕਮੀਸ਼ਨ ਦੇ ਮੈਂਬਰਾਂ ਨੇ ਕਿਹਾ ਕਿ ਇਹ ਜਿਹੜਾ ਤੁਸੀਂ ਗੋਬਰ ਪਥਦੇ ਹੋ ਇਹ ਬੰਦ ਕਰ ਦਿਉ ਔਰ ਇਸ ਨੂੰ ਬਤੌਰ ਖਾਦ ਜ਼ਿਆਦਾ ਇਸਤੇਮਾਲ ਕਰਿਆ ਕਰੋ। ਉਹ ਅਨਪੜ੍ਹ ਸਨ। ਉਨ੍ਹਾਂ ਵਿਚੋਂ ਇਕ ਬਹੁਤ ਬੁਢਾ ਜ਼ਿਮੀਂਦਾਰ ਕਿਸਾਨ ਸੀ ਉਸ ਨੇ ਜਵਾਬ ਦਿਤਾ ਕਿ ਅਸੀਂ ਤਾਂ ਖੁਦ ਇਹ ਨਹੀਂ ਚਾਹੁੰਦੇ ਕਿ ਗੋਬਰ ਪਥੀਏ ਪਰ ਸਾਨੂੰ ਕੋਲੇ ਦੇ ਪਰਮਿਟ ਲੈ ਦਿਉ। ਉਨ੍ਹਾਂ ਨੇ ਜਵਾਬ ਦਿੱਤਾ ਕਿ ਪਿੰਡਾਂ ਵਿੱਚ ਕੋਲਾ ਪਹੁੰਚਾਉਣ ਦਾ ਕੋਈ ਪ੍ਰਬੰਧ ਨਹੀਂ। ਫੇਰ ਉਨ੍ਹਾਂ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਫਰਟੇਲਾਈਜ਼ਰ ਜ਼ਿਆਦਾ ਇਸਤੇ-ਮਾਲ ਕਰੋ। ਇਸ ਉੱਤੇ ਵੀ ਉਨ੍ਹਾਂ ਨੇ ਇਹ ਕਿਹਾ ਕਿ ਅਸੀਂ ਇਹ ਵੀ ਕਰਨ ਨੂੰ ਤਿਆਰ ਹਾਂ। ਪਰ ਸਾਡੇ ਲਈ ਪਾਣੀ ਦਾ ਵੀ ਪ੍ਰਬੰਧ ਕਰੋ। ਪਲੈਨਿੰਗ ਕਮਿਸ਼ਨ ਦੇ ਮੈਂਬਰਾਂ ਨੇ ਕਿਹਾ ਕਿ ਅਸੀਂ ਪਾਣੀ ਦਾ ਪ੍ਰਬੰਧ ਕਿਵੇਂ ਕਰ ਸਕਦੇ ਹਾਂ। ਸੋ ਇਹ ਹਾਲ ਤਾਂ ਪਲੈਨਿੰਗ ਕਮਿਸ਼ਨ ਦੇ ਮੈਂਬਰਾਂ ਦਾ ਹੈ। ਉਨ੍ਹਾਂ ਨੇ ਪੰਜਾਬ ਨੂੰ ਅਸਲ ਵਿੱਚ ਸਮਝਿਆ ਹੀ ਨਹੀਂ, ਉਨ੍ਹਾਂ ਨੇ ਪੰਜਾਬ ਦੇ ਹਾਲਾਤ ਨੂੰ, ਇਥੋਂ ਦੀਆਂ ਜ਼ਰੂਰਤਾਂ ਨੂੰ ਸਮਝਿਆ ਹੀ ਨਹੀਂ। ਜੇਕਰ ਉਨ੍ਹਾਂ ਨੇ ਸਾਡੀਆਂ ਸਮਸਿਆਵਾਂ ਨੂੰ ਸਮਝਿਆ ਹੋਇਆ ਹੁੰਦਾ ਤਾਂ ਸਾਡੇ ਕਿਸਾਨ ਔਰ ਜ਼ਿਮੀਂਦਾਰ ਦੀ ਇਹ ਹਾਲਤ ਹੁੰਦੀ ਹੀ ਨਾ। 18 ਸਾਲ ਸਾਡੀ ਕਾਂਗਰਸ ਸਰਕਾਰ ਨੂੰ ਹਕੂਮਤ ਕਰਦਿਆਂ ਹੋ ਗਏ ਹਨ ਪਰ ਇਨ੍ਹਾਂ ਨੇ ਇਤਨੇ ਸਮੇਂ ਵਿੱਚ ਵੀ ਖੇਤੀ ਔਰ ਦੇਹਾਤ ਦੇ ਮਸਲਿਆਂ ਨੂੰ ਸਮਝਿਆ ਹੀ ਨਹੀਂ। ਅਗਰ ਹੁਣ ਤਕ ਨਹੀਂ ਕੁਝ ਹੋ ਸਕਿਆ ਤਾਂ ਕਿਉਂ ਨਹੀਂ ਸਾਰੀ ਦੀ ਸਾਰੀ ਜ਼ਮੀਨ ਨੂੰ ਨੈਸ਼ਨਲਾਈਜ਼ ਕਰ ਲੈਂਦੇ ? ਉਸ ਦਾ ਪ੍ਰਬੰਧ ਸਰਕਾਰ ਆਪ ਕਰੇ—ਚਾਹੇ ਟਿਊਬਵੈਲਜ਼ ਲਗਾਵੇ ਜਾਂ ਕੁਝ ਹੋਰ ਕਰੇ। ਲੇਕਿਨ ਇਕ ਪਾਸੇ ਤਾਂ ਤੁਸੀਂ ਬਿਰਲਿਆਂ ਨੂੰ ਜ਼ਮੀਨਾਂ ਦੇ ਰਹੇ ਹੋ ਔਰ ਦੂਜੇ ਪਾਸੇ ਤੀਹ ਏਕੜ ਦੀ ਸੀਲਿੰਗ ਲਗਾਈ ਹੋਈ ਹੈ। ਨਾ ਤਾਂ ਤੁਸੀਂ ਅਮਰੀਕੀ ਹੋ ਔਰ ਨਾ ਹੀ ਰੂਸੀ। ਤੁਹਾਨੂੰ ਚਾਹੀਦਾ ਹੈ ਕਿ ਆਪਣਾ ਕੋਈ ਇਕ ਪੱਕਾ ਖ਼ਿਆਲ ਬਣਾਉ। ਜਾਂ ਤਾਂ ਰੂਸ ਵਾਲਿਆਂ ਦਾ ਖਿਆਲ ਅਪਣਾਉ, ਸਾਰੀ ਜ਼ਮੀਨ ਨੂੰ ਨੈਸ਼ਨਲਾਈਜ਼ ਕਰੋ। ਜ਼ਮੀਨ ਦਾ ਝਗੜਾ ਮੁਕੇ। ਅਸੀਂ ਵੀ ਉਸੇ ਲਾਈਨ ਉੱਤੇ ਚਲੀਏ। ਨਹੀਂ ਤਾਂ ਤੁਸੀਂ ਕਿਸਾਨਾਂ ਨੂੰ ਖੁਲ੍ਹੈ ਤੌਰ ਤੇ ਆਪਣਾ ਆਪਣਾ ਕੰਮ ਕਰਨ ਦਿਉ। ਔਰ ਉਨ੍ਹਾਂ ਉੱਤੇ ਟੈਕਸ ਲਗਾਉਣ ਦੀ ਕੋਸ਼ਿਸ਼ ਨਾ ਕਰੋ।

ਫੇਰ, ਡਿਪਟੀ ਸਪੀਕਰ ਸਾਹਿਬਾ, ਸਾਡੇ ਕਿਸਾਨ ਜਿਹੜੀ ਜਿਨਸ ਮੰਡੀਆਂ ਵਿੱਚ ਲਿਆਉਂਦੇ ਹਨ ਉਨ੍ਹਾਂ ਦਾ ਦੂਜੇ ਸੂਬਿਆਂ ਦੇ ਮੁਕਾਬਲੇ ਵਿੱਚ ਭਾ ਕੀ ਹੈ ? ਯੂ. ਪੀ. ਵਿੱਚ ਕਣਕ ਦਾ ਭਾ 100 ਰੁਪਏ ਕੁਇੰਟਲ ਹੈ ਜਦ ਕਿ ਪੰਜਾਬ ਵਿੱਚ 50 ਰੁਪਏ ਕੁਇੰਟਲ। ਯੂ. ਪੀ. ਵਿੱਚ ਧਾਨ 60 ਰੁਪਏ ਕੁਇੰਟਲ

ਹੈ ਔਰ ਪੰਜਾਬ ਵਿੱਚ ਇਸ ਦਾ ਭਾ 35 ਰੁਪਏ ਹੈ। ਇਸੇ ਤਰ੍ਹਾਂ ਛੋਲੇ ਯੂ. ਪੀ. ਵਿੱਚ 70 ਰੁਪਏ ਕੁਇੰਟਲ ਵਿਕਦੇ ਹਨ ਔਰ ਪੰਜਾਬ ਵਿੱਚ ਇਨ੍ਹਾਂ ਦਾ ਭਾ 50 ਰੁਪਏ ਹੈ। ਮਕਈ ਪੰਜਾਬ ਵਿੱਚ 34 ਰੁਪਏ ਕੁਇੰਟਲ ਹੈ ਔਰ ਯੂ. ਪੀ. ਵਿੱਚ 60 ਰਪਏ ਕੁਇੰਟਲ । ਕੀ ਦੂਜੇ ਸੂਬੇ ਵਿੱਚ ਇਸ ਲਈ ਭਾ ਜ਼ਿਆਦਾ ਹਨ ਕਿਉਂਕਿ ਉਹ ਸਾਡੇ ਪ੍ਰਾਈਮ ਮਨਿਸਟਰ ਦਾ ਸੂਬਾ ਹੈ ? ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰ ਇਕ ਸੂਬੇ ਵਿੱਚ ਜਿਨਸਾਂ ਦੇ ਭਾ ਇਕੋ ਜਿਹੇ ਹੋਣੇ ਚਾਹੀਦੇ ਹਨ। ਫੇਰ ਭਾਵੇਂ ਤੁਸੀਂ ਜਿਤਨੇ ਮਰਜ਼ੀ ਟੈਕਸ ਲਗਾ ਲਉ। ਉਨ੍ਹਾਂ ਸੂਬਿਆਂ ਵਿੱਚ ਟੈਕਸ ਵੀ ਸਾਡੇ ਨਾਲੋਂ ਘਟ ਹਨ ਔਰ ਭਾ ਜਿਹੜਾ ਕਿਸਾਨਾਂ ਨੂੰ ਮਿਲਦਾ ਹੈ ਉਹ ਸਾਡੇ ਨਾਲੋਂ ਉਥੇ ਬਹੁਤ ਜ਼ਿਆਦਾ ਹੈ । ਇਥੇ ਚੀਜ਼ਾਂ ਖਰਾਬ ਪਈਆਂ ਹੁੰਦੀਆਂ ਹਨ। ਤੁਸੀਂ ਵੇਖੋ ਕਿ ਪੰਜਾਬ ਸਰਕਾਰ ਨੇ ਛੋਲੇ ਖਰੀਦ ਕੇ ਉੜੀਸਾ ਔਰ ਮਦਰਾਸ ਭੇਜੇ ਹਨ।

ਪਰ, ਡਿਪਟੀ ਸਪੀਕਰ ਸਾਹਿਬਾ, ਕੀ ਤੁਹਾਨੂੰ ਪਤਾ ਹੈ ਕਿ ਪਰਮਿਟ ਸਿਸਟਮ ਨਾਲ ਚਨੇ ਕਿਸ ਤਰ੍ਹਾਂ ਖਰੀਦ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਹੋ ਰਿਹਾ ਹੈ ਕਿ ਇਕ ਆਦਮੀ ਤੋਂ ਤਾਂ 54 ਰੁਪਏ ਫ਼ੀ ਕਇੰਟਲ ਦੇ ਹਿਸਾਬ ਨਾਲ ਲਏ ਜਾਂਦੇ ਹਨ ਤਾਂ ਦੂਜੇ ਕੋਲੋਂ 49 ਰੁਪਏ ਕੁਇੰਟਲ ਦੇ ਹਿਸਾਬ ਨਾਲ। ਇਸ ਤਰ੍ਹਾਂ, ਬੀਬੀ ਜੀ, ਇਕ ਕਰੋੜ ਰੁਪਿਆ ਇਨ੍ਹਾਂ ਦੇ ਮਹਿਕਮਾ ਸਿਵਲ ਸਪਲਾਈ ਦੇ ਅਫਸਰਾਂ ਨੇ ਕਮਾਇਆ ਹੈ ਔਰ ਇਸ ਚੀਜ਼ ਦਾ ਚੀਫ ਮਨਿਸਟਰ ਸਾਹਿਬ ਨੂੰ ਪਤਾ ਹੀ ਨਹੀਂ ਚਲਿਆ ਕਿਉਂਕਿ ਉਹ ਤਾਂ ਇਥੇ ਰਹਿੰਦੇ ਹੀ ਨਹੀਂ ਔਰ ਰੋਜ਼ ਦਿੱਲੀ ਭੱਜੇ ਰਹਿੰਦੇ ਹਨ, ਇਨ੍ਹਾਂ ਨੂੰ ਹਾਲੇ ਤਕ ਇਸ ਗੱਲ ਦਾ ਪਤਾ ਹੀ ਨਹੀਂ ਲੱਗ ਸਕਿਆ ਕਿ ਇਨ੍ਹਾਂ ਦੇ ਮਹਿਕਮਾ ਸਿਵਲ ਸਪਲਾਈ ਦੇ ਅਫਸਰਾਂ ਨੇ ਇਕ ਕਰੋੜ ਰੁਪਿਆ ਵਪਾਰੀਆਂ ਕੋਲੋਂ ਕਢ ਲਿਆ ਹੈ ?

6.00 p.m.

ਡਿਪਟੀ ਸਪੀਕਰ : ਤੁਸੀਂ ਕਿਤਨੀ ਦੇਰ ਹੋਰ ਬੋਲਣਾ ਹੈ ? (How, much more time would the hon. Member take?

ਸਰਦਾਰ ਹਰਚੰਦ ਸਿੰਘ: ਬਸ ਜੀ, ਇਕ ਗੱਲ ਹੋਰ ਕਹਿ ਕੇ ਬੈਠ ਜਾਵਾਂਗਾ।

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਤਾਂ ਇਕ ਚੀਫ ਮਨਿਸਟਰ ਸਿਰਫ ਟੈਕਸਾਂ ਦੀ ਵਸੂਲੀ ਲਈ ਚਾਹੀਦਾ ਹੈ। ਮੈਂ ਤਾਂ, ਬੀਬੀ ਜੀ, ਕਹਿੰਦਾ ਹਾਂ ਕਿ ਬੇਸ਼ਕ ਤੁਸੀਂ ਹੀ ਬਣ ਜਾਉ। ਇਸ ਵੇਲੇ ਮੈਂ ਸਮਝਦਾ ਹਾਂ ਕਿ ਹਾਊਸ ਵਿੱਚ ਜੇ ਕਿਸੇ ਵਜ਼ੀਰ ਦੀ ਇਜ਼ਤ ਹੈ ਤਾਂ ਉਹ ਮੇਜਰ ਸਾਹਿਬ ਦੀ ਹੀ ਹੈ। ਮੈਂ ਉਨ੍ਹਾਂ ਤੋਂ ਪੁਛਦਾ ਹਾਂ ਕਿ ਭਲਾ ਤੁਸੀਂ ਇਸ ਟੈਕਸ ਦੇ ਲਗਾਣ ਦਾ ਕੰਮ ਕੀ ਕਰਨਾ ਸੀ। ਜੇ ਤੁਸੀਂ ਲਗਾਉਣਾ ਹੀ ਹੈ ਤਾਂ ਪਹਿਲੇ ਜ਼ੋਨਲ ਸਿਸਟਮ ਨੂੰ ਖਤਮ ਕਰ ਦਿਉ ਔਰ ਇਸ ਚੀਜ਼ ਦੀ ਖੁਲ੍ਹ ਦੇ ਦਿਉ ਕਿ ਜਿੱਥੇ ਸਾਡੀ ਮਰਜ਼ੀ ਆਵੇ ਅਸੀਂ ਉਥੇ ਆਪਣਾ ਅਨਾਜ ਭੇਜ ਸਕੀਏ। ਜੇ ਇਹ ਕਰ ਦਿਉ ਤਾਂ ਬੇਸ਼ਕ ਇਸ ਸੈਸ ਨੂੰ ਲਗਾ ਲਉ।

ਸਰਦਾਰ ਬਲਵੰਤ ਸਿੰਘ (ਸੁਲਤਾਨਪੁਰ) : ਡਿਪਟੀ ਸਪੀਕਰ ਸਾਹਿਬਾ, ਮੈਂ ਅਰਜ਼ ਕਰਦਾ ਹਾਂ ਕਿ ਸਾਡੇ ਇਸ ਸੈਸ਼ਨ ਵਿੱਚ ਟੈਕਸੇਸ਼ਨ ਦੇ ਦੋ ਬਿਲ ਲਿਆਂਦੇ ਗਏ ਹਨ ਜਿਨ੍ਹਾਂ ਵਿਚੋਂ ਇਕ ਟ੍ਰਾਂਸ-ਪੋਰਟਰਜ਼ ਤੇ ਟੈਕਸ ਲਗਾਣ ਵਾਸਤੇ ਸੀ ਔਰ ਦੂਜਾ ਇਹ ਬਿਲ ਹੈ ਜਿਹੜਾ ਐਗਰੀਕਲਚਰਿਸਟਪ ਤੇ ਲਗਾਇਆ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਇਹ ਦੋਨੋਂ ਟੈਕਸ ਬਿਲ ਰੀਐਕਸ਼ਨਰੀ ਔਰ ਅਨ-ਸੋਸ਼ਲਿਸ਼ਟਿਕ ਹਨ।

ਡਿਪਟੀ ਸਪੀਕਰ ਸਾਹਿਬਾ, ਮੈਂ ਅਰਜ਼ ਕਰਦਾ ਹਾਂ ਕਿ ਟੈਕਸੇਸ਼ਨ ਦਾ ਮੈਂਡਡ ਇਹ ਹੁੰਦਾਹੈ ਕਿ ਜਿਸ ਤਰ੍ਹਾਂ ਦੀ ਸੋਸਾਇਟੀ ਬਣਾਨ ਦਾ ਏਮ ਹੋਵੇ, ਉਸ ਏਮ ਨੂੰ ਸਾਹਮਣੇ ਰਖ ਕੇ ਸਰਕਾਰ ਟੈਕਸ ਲਗਾਏ। ਅਸੀਂ ਇਥੇ ਸਮਾਜਵਾਦੀ ਨਿਜ਼ਾਮ ਕਾਇਮ ਕਰਨਾ ਹੈ ਔਰ ਇਸ ਮਨਜ਼ਿਲ ਤੇ ਪਹੁੰਚਣ ਵਾਸਤੇ ਸਾਨੂੰ ਟੈਕਸੇਸ਼ਨ ਦੇ ਬਾਰੇ ਫੈਸਲਾ ਕਰਨਾ ਚਾਹੀਦਾ ਹੈ। ਇਸ ਨਜ਼ਰੀਏ ਨਾਲ ਜੇ ਅਸੀਂ ਇਨ੍ਹਾਂ ਦੋਹਾਂ

[ਸਰਦਾਰ ਬਲਵੰਤ ਸਿੰਘ]

ਬਿਲਾਂ ਨੂੰ ਦੇਖੀਏ ਤਾਂ ਪਤਾ ਲਗਦਾ ਹੈ ਕਿ ਜਿਹੜਾ ਪਹਿਲਾ ਟੈਕਸ ਟ੍ਰਾਂਸਪੋਰਟਰਜ਼ ਤੇ ਲਗਾਇਆ ਗਿਆ ਹੈ ਉਸ ਦਾ ਕੀ ਇਫੈਕਟ ਸਮਾਜ ਤੇ ਪੈਂਦਾ ਹੈ। ਮੈਂ ਸਮਝਦਾ ਹਾਂ ਕਿ ਜਿਹੜੇ ਵੱਡੇ ਵੱਡੇ ਟਰਾਂਸਪੋਰਟਰਜ਼ ਹਨ, ਜਿਹੜੇ ਆਰਗੇਨਾਈਜ਼ਡ ਹਨ ਉਹ ਤਾਂ ਇਹ ਟੈਕਸ ਭਰ ਲੈਣਗੇ। ਪਰ ਜਿਹੜੇ ਛੋਟੇ ਛੋਟੇ ਟਰਾਂਸਪੋਰਟਰਜ਼ ਹਨ ਯਾਨੀ ਜਿਹੜੇ ਇਕੜ ਦੁਕੱੜ ਟਰਕਾਂ ਦੇ ਮਾਲਕ ਹਨ, ਉਹ ਇਹ ਟੈਕਸ ਨਹੀਂ ਭਰ ਸਕਣ ਲੱਗੇ। ਉਹ ਸਗੋਂ ਇਸ ਨਾਲ ਖਤਮ ਹੋ ਜਾਣਗੇ ਔਰ ਇਲਿਮੀਨੇਟ ਹੋ ਜਾਣਗੇ। ਇਸ ਲਈ ਮੈਂ ਸਮਝਦਾ ਹਾਂ ਕਿ ਉਹ ਟੈਕਸ ਪਰੋ-ਕੈਪੀਟਲਿਸਟ ਟੈਕਸ ਹੈ। ਸਿਮੀਲਰਲੀ ਜਿਹੜਾ ਇਹ ਸੈਸ ਬਿਲ ਹੁਣ ਹਾਊਸ ਵਿੱਚ ਪੇਸ਼ ਹੈ ਔਰ ਜਿਸ ਤੇ ਹੁਣ ਬਹਿਸ ਹੋ ਰਹੀ ਹੈ ਇਸ ਨਾਲ ਵੀ ਇਕ ਅਜਿਹਾ ਟੈਕਸ ਲਾਇਆ ਜਾ ਰਿਹਾ ਹੈ ਜਿਹੜਾ ਪਰੋ-ਕੈਪੀਟਲਿਸਟ ਟੈਕਸ ਹੈ। ਡਿਪਟੀ ਸਪੀਕਰ ਸਾਹਿਬਾ, ਸਾਡਾ ਜਿਹੜਾ ਲੈਂਡ ਰੈਵੇਨੀਊ ਸਿਸਟਮ ਹੈ ਇਹ ਬੜਾ ਪੁਰਾਣਾ ਹੈ ਔਰ ਅਕਬਰ ਦੇ ਵਕਤ ਤੋਂ ਚਲਿਆ ਆ ਰਿਹਾ ਹੈ ਔਰ ਬੋਸੀਦਾ ਹੋ ਚੁਕਿਆ ਹੈ। ਇਹ ਉਸ ਤਰ੍ਹਾਂ ਦਾ ਨਹੀਂ ਜਿਹੜਾ ਇਕ ਪਰੋਗਰੈਸਿਵ ਸੋਸਾਇਟੀ ਤੇ ਲਗਣਾ ਚਾਹੀਦਾ ਹੈ ਜਿਸ ਨਾਲ ਸਮਾਜਵਾਦੀ ਨਿਜ਼ਾਮ ਕਾਇਮ ਕੀਤਾ ਜਾ ਸਕਦਾ ਹੋਵੇ। ਜੇ ਅਸੀਂ ਧਿਆਨ ਨਾਲ ਇਨ੍ਹਾਂ ਦੋਹਾਂ ਟੈਕਸਾਂ ਨੂੰ ਦੇਖੀਏ ਤਾਂ ਇਸ ਤਰ੍ਹਾਂ ਦਾ ਕੋਈ ਟੈਕਸ ਨਹੀਂ ਲਿਆਂਦਾ ਗਿਆ ਜਿਸ ਨਾਲ ਇਥੇ ਸਮਾਜਵਾਦੀ ਨਿਜ਼ਾਮ ਕਾਇਮ ਕਰਨ ਵਿੱਚ ਮਦਦ ਮਿਲ ਸਕੇ। ਪਰਸੋਂ ਸਰਦਾਰ ਗਿਆਨ ਸਿੰਘ ਰਾੜੇਵਾਲਾ ਨੇ ਠੀਕ ਦਸਿਆ ਸੀ ਕਿ ਜਿਹੜਾ ਲੈਂਡ ਰੈਵੇਨੀਊ ਐਕਟ ਪੰਜਾਬ ਦਾ ਹੈ ਉਸ ਦੇ ਮੁਤਾਬਿਕ ਜਿਤਨੀ ਇਕ ਜ਼ਿਮੀਂਦਾਰ ਦੀ ਨੈਟ ਇਨਕਮ ਹੈ ਉਸਦਾ 25 ਫੀਸਦੀ ਉਸ ਨੂੰ ਬਤੌਰ ਲੈਂਡ ਰੈਵੇਨੀਊ ਦੇਣਾ ਪੈਂਦਾ ਹੈ। ਇਸ ਤੋਂ ਅਲਾਵਾ 50 ਫੀਸਦੀ ਲੋਕਲ ਰੇਟ ਲਿਆ ਜਾਂਦਾ ਹੈ। ਫਿਰ ਸਪੈਸ਼ਲ ਚਾਰਜ ਹੈ ਔਰ ਇਸ ਦੇ ਅਲਾਵਾ ਵਾਟਰ ਚਾਰਜ, ਵਾਟਰ ਰੇਟ ਔਰ ਬੈਟਰਮੈਂਟ ਲੈਵੀ ਹੈ। ਜਿਤਨੇ ਵੀ ਇਸ ਤਰ੍ਹਾਂ ਦੇ ਟੈਕਸ ਹਨ, ਉਹ 30 ਪਰਸੈਂਟ ਬਣਦੇ ਹਨ। ਜਿਹੜੇ ਦੂਜੇ ਟੈਕਸ ਯਾਨੀ ਸੇਲਜ਼ ਟੈਕਸ ਆਦਿ ਹਨ ਉਹ ਸਭ ਪਿੱਛੇ ਰਹਿ ਜਾਂਦੇ ਹਨ। ਮੈਂ ਸਮਝਦਾ ਹਾਂ ਕਿ ਫਾਰਮਰਜ਼ ਦੀ ਜਿਤਨੀ ਵੀ ਇਨਕਮ ਹੁੰਦੀ ਹੈ ਉਹ ਸਾਰੀ ਦੀ ਸਾਰੀ ਗੌਰਮਿੰਟ ਦੇ ਖਜ਼ਾਨੇ ਵਿੱਚ ਜਾਂ ਹੋਰ ਪਾਸੇ ਚਲੀ ਜਾਂਦੀ ਹੈ। ਇਸ ਦੇ ਨਤੀਜੇ ਦੇ ਤੌਰ ਤੇ ਪੰਜਾਬ ਦੇ ਕਿਸਾਨ ਦੀ ਹਾਲਤ ਇਹ ਹੈ ਕਿ ਉਹ ਅੰਡਰ ਡੈਟ ਰਹਿੰਦੇ ਹਨ। ਮੈਂ ਸਮਝਦਾ ਹਾਂ ਕਿ ਪੰਜਾਬ ਦੀ 95 ਫੀਸਦੀ ਪੈਜ਼ੇਂਟਰੀ ਐਸੀ ਹੈ ਜਿਹੜੀ ਅੰਡਰ ਡੈਟ ਹੋਵੇਗੀ ਔਰ ਬਾਕੀ ਦੀ 5 ਪਰਸੈਂਟ ਐਸੀ ਹੋਵੇਗੀ ਜਿਹੜੇ ਅੰਡਰ ਡੈਟ ਨਹੀਂ ਹੋਣਗੇ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਸਾਨੂੰ ਇਨ੍ਹਾਂ ਦੋ ਚੀਜ਼ਾਂ ਨੂੰ ਮੁਖ ਰਖ ਕੇ ਟੈਕਸ ਲਗਾਉਣੇ ਚਾਹੀਦੇ ਹਨ। ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਜੋ ਟੈਕਸ ਅਸੀਂ ਲਗਾਣ ਲਗੇ ਹਾਂ, ਇਸ ਨਾਲ ਕੀ ਅਸੀਂ ਜਿਹੜੀ ਸਾਡੀ ਸਮਾਜਵਾਦੀ ਨਿਜ਼ਾਮ ਕਰਨ ਦੀ ਮਨਜ਼ਲ ਹੈ ਉਸ ਵਲ ਤੁਰ ਰਹੇ ਹਾਂ ਜਾਂ ਉਸ ਤੋਂ ਦੂਰ ਜਾ ਰਹੇ ਹਾਂ। ਮੈਂ ਸਮਝਦਾ ਹਾਂ ਕਿ ਇਸ ਟੈਕਸ ਨਾਲ ਅਸੀਂ ਆਪਣੀ ਮਨਜ਼ਲ ਤੋਂ ਦੂਰ ਜਾ ਰਹੇ ਹਾਂ ਕਿਉਂਕਿ ਜਿਸ ਤਰ੍ਹਾਂ ਸਰਦਾਰ ਹਰਚੰਦ ਸਿੰਘ ਨੇ ਹੁਣੇ ਦਸਿਆ ਹੈ, ਪੰਜਾਬ ਦਾ ਕਿਸਾਨ 15 ਤੋਂ ਲੈ ਕੇ 20 ਰੁਪਏ ਤਕ ਫੀ ਏਕੜ ਆਪਣੀ ਜ਼ਮੀਨ ਤੇ ਟੈਕਸ ਦਿੰਦਾ ਹੈ ਔਰ ਇਸ ਤੋਂ ਇਲਾਵਾ ਜਿਹੜੇ ਦੂਜੇ ਟੈਕਸ ਹਨ ਯਾਨੀ ਸੇਲਜ਼ ਟੈਕਸ ਆਦਿ, ਜਿਹੜੇ ਇਨਡਾਇਰੈਕਟ ਟੈਕਸ ਹਨ, ਉਹ ਵੀ ਉਸ ਨੂੰ ਦੇਣੇ ਪੈਂਦੇ ਹਨ। ਮੈਂ ਸਮਝਦਾ ਹਾਂ ਕਿ ਇਕ ਮਿਸਚੀਵੀਅਸ ਮੈਥਡ ਹੈ ਜਿਸ ਨਾਲ ਪੰਜਾਬ ਦੇ ਕਿਸਾਨ ਨੂੰ ਪਿਛੇ ਰਖਿਆ ਜਾ ਰਿਹਾ ਹੈ। ਫਿਰ ਤੁਸੀਂ ਦੇਖੋ ਇਸ ਦੀ ਕਾਸਟ ਤੇ ਦੂਜੇ ਲੋਕਾਂ ਨੂੰ ਜ਼ੋਨਲ ਸਿਸਟਮ ਰਾਹੀਂ ਸਬਸੀਡਾਈਜ਼ ਕੀਤਾ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਜੇ ਆਪਣੇ ਸੂਬੇ ਦੇ ਗਰੀਬ ਲੋਕਾਂ ਨੂੰ ਸਸਤਾ ਅਨਾਜ ਦੇਣਾ ਚਾਹੁੰਦੀ ਹੈ ਤਾਂ ਇਹ ਉਨ੍ਹਾਂ ਨੂੰ ਆਪਣੇ ਕੋਲੋਂ ਸਬਸੀਡਾਈਜ਼ ਕਰੇ ਔਰ ਜ਼ੋਨਲ ਸਿਸਟਮ ਨੂੰ ਖਤਮ ਕਰੇ। ਇਸ ਵੇਲੇ ਤਾਂ ਇਹ ਜ਼ੋਨਜ਼ ਬਣਾ ਕੇ ਸਾਡੇ ਕਿਸਾਨਾਂ ਦੀ ਕਾਸਟ ਤੇ ਦੂਜੇ ਸੂਬਿਆਂ ਨੂੰ ਸਸਤੇ

ਰੇਟਸ ਤੇ ਅਨਾਜ ਸਪਲਾਈ ਕਰ ਰਹੀ ਹੈ । ਤੁਸੀਂ ਦੇਖੋ ਕਿ ਇਹ ਦੂਜੇ ਸੂਬਿਆਂ ਨੂੰ ਸਸਤੇ ਰੇਟ ਤੇ ਕਣਕ ਦੇ ਰਹੀ ਹੈ, ਚਾਵਲ ਦੇ ਰਹੀ ਹੈ ਔਰ ਚਨੇ ਵੀ ਸਪਲਾਈ ਕਰ ਰਹੀ ਹੈ। ਇਸ ਤਰ੍ਹਾਂ ਇਹ ਹਰ ਕਿਸਮ ਦਾ ਅਨਾਜ ਸਸਤੇ ਭਾਵਾਂ ਤੇ ਸਪਲਾਈ ਕਰ ਰਹੀ ਹੈ ਔਰ ਇਸ ਦਾ ਨਤੀਜਾ ਇਹ ਹੋ ਰਿਹਾ ਹੈ ਕਿ ਸਾਡੀ ਪਰੋਡਕਸ਼ਨ ਵਧ ਨਹੀਂ ਰਹੀ। ਹੋਰ ਇਸ ਦੇ ਬਾਵਜੂਦ ਮੇਜਰ ਸਾਹਿਬ ਨੇ ਕਿਹਾ ਹੈ ਕਿ ਕਮਰਸ਼ੀਲ ਕਰਾਪਸ ਥੱਲੇ ਜੋ ਜ਼ਮੀਨ ਹੈ ਉਸ ਦਾ ਏਰੀਆ ਵਧਿਆ ਹੈ ਘਟਿਆ ਨਹੀਂ । ਉਨ੍ਹਾਂ ਨੇ ਦਸਿਆ ਹੈ ਕਿ 1963- 64 ਵਿੱਚ ਜਿੱਥੇ ਇਹ ਏਰੀਆ 2,368 ਹਜ਼ਾਰ ਏਕੜ ਸੀ ਤਾਂ 1964-65 ਵਿੱਚ ਇਹ 2,378 ਹਜ਼ਾਰ ਏਕੜ ਹੋ ਗਿਆ ਹੈ । ਇਸ ਤਰ੍ਹਾਂ ਇਕ ਸਾਲ ਵਿੱਚ ਇਹ 10 ਹਜ਼ਾਰ ਏਕੜ ਵਧ ਗਿਆ । ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਉਨ੍ਹਾਂ ਇਹ ਨਹੀਂ ਦੇਖਿਆ ਕਿ ਇਹ ਏਰੀਆ ਕਿਸ ਤਰ੍ਹਾਂ ਉਸ ਜ਼ਮੀਨ ਦੀ ਪਰੋਪੋਰਸ਼ਨ ਨਾਲ ਵਧਿਆ ਹੈ ਜਿਹੜੀ ਇਸ ਸਾਲ ਵਿੱਚ ਰੀਕਲੇਮ ਕਰਕੇ ਕਾਬਲੇ ਕਾਸ਼ਤ ਬਣਾਈ ਗਈ ਹੈ, ਜਾਂ ਜਿਹੜੀ ਨੌ ਤੋੜ ਹੈ ਜਾਂ ਵਧੇਰੀਆਂ ਇਰੀਗੇਸ਼ਨ ਫੈਸਿਲਿਟੀਜ਼ ਮਿਲਣ ਕਰਕੇ ਇਨ੍ਹਾਂ ਕਰਾਪਸ ਹੇਠ ਆਈ ਹੈ। ਇਸ ਤਰ੍ਹਾਂ ਜੋ ਟੋਟਲ ਰਕਬਾ ਵਧਿਆ ਹੈ ਇਸ ਤੋਂ ਠੀਕ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਹੈ । ਇਹ ਤਾਂ in relation to total cultivated land ਦੇਖਣੀ ਚਾਹੀਦੀ ਹੈ ।.ਮੇਰੇ ਅੰਦਾਜ਼ੇ ਦੇ ਮੁਤਾਬਿਕ ਇਹ ਘਟੀ ਹੈ ਵਧੀ ਨਹੀਂ ।

(*At this stage Sardar Gurnam Singh, a member of the Panel of Chairmen, occupied the Chair.*)

ਫਿਰ, ਚੇਅਰਮੈਨ ਸਾਹਬ, ਇਸ ਬਿਲ ਬਾਰੇ ਟਰਿਬਿਊਨ ਅਖਬਾਰ ਦੇ ਐਡੀਟਰ ਨੇ 'ਸਟਿੰਟਿਡ ਏਡ' ਦੇ ਹੈਡਿੰਗ ਥੱਲੇ ਬੜੇ ਚੰਗੇ ਢੰਗ ਨਾਲ ਲਿਖਿਆ ਹੈ ਕਿ ਪਜਾਬ ਦੇ ਨੇਤਾ ਪੰਜਾਬ ਦੇ ਕੇਸ ਨੂੰ ਠੀਕ ਢੰਗ ਨਾਲ ਪੁਟ ਨਹੀਂ ਕਰ ਸਕੇ—

> "But the inconclusive week end discussions with the Planning Commission do not reveal the fullest awareness by the Delhi authorities of the colossal task facing the brave people of this border area.........."

ਫਿਰ ਥੱਲੇ ਜਾ ਕੇ ਇਨ੍ਹਾਂ ਟੈਕਸਾਂ ਦਾ ਜ਼ਿਕਰ ਕਰਦੇ ਹੋਏ ਨਵੇਂ ਟੈਕਸਾਂ ਦੀ ਜ਼ਦ ਬਾਰੇ ਬੜ ਢੰਗ ਚੰਗੇ ਨਾਲ ਦਸਿਆ ਹੈ—

> "To impose more taxes on our people now would be grossly unfair and would add insult to injury; ....".

ਟਰਿਬੀਊਨ ਅਖਬਾਰ ਜਿਹੜਾ ਸਾਡੇ ਲੋਕਾਂ ਦੀ ਆਵਾਜ਼ ਨੂੰ ਰੈਪਰੀਜ਼ੈਂਟ ਕਰਦਾ ਹੈ ਉਸ ਨੇ ਕਿਹਾ ਹੈ ਕਿ it will add insult to injury ਅਗਰ, ਇਹ ਟੈਕਸ ਲਗਾਏ ਗਏ । ਸਿਮੀਲਰਲੀ ਉਸ ਨੇ ਸੈਜੈਸਟ ਕੀਤਾ ਹੈ ਕਿ ਇਨ੍ਹਾਂ ਟੈਕਸਾਂ ਦੀ ਥਾਂ ਤੇ ਸੈਂਟਰਲ ਗੌਰਮਿੰਟ ਨੂੰ ਵਾਰ ਟੈਕਸ ਲਗਾਣਾ ਚਾਹੀਦਾ ਹੈ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਅਜ ਐਸੇ ਹਾਲਾਤ ਵਿੱਚ ਜਦੋਂ ਕਿ ਪੰਜਾਬ ਨੇ ਇਕ ਬੜੀ ਵੱਡੀ ਲੜਾਈ ਫੇਸ ਕੀਤੀ ਹੋਈ ਹੈ ਔਰ ਜਦੋਂ ਕਿ ਇਥੋਂ ਦੇ ਲੋਕਾਂ ਨੇ ਇਸ ਲੜਾਈ ਵਿੱਚ ਬੜੀਆਂ ਕੁਰਬਾਨੀਆਂ ਦਿੱਤੀਆਂ ਹਨ ਔਰ ਬੜੀ ਬਹਾਦਰੀ ਨਾਲ ਦੁਸ਼ਮਨ ਦਾ ਮੁਕਾਬਲਾ ਕੀਤਾ ਹੈ ਇਸ ਵੇਲੇ ਉਨ੍ਹਾਂ ਤੇ ਹੋਰ ਟੈਕਸ ਲਾ ਕੇ ਉਨ੍ਹਾਂ ਨੂੰ ਹੋਰ ਕਮਜ਼ੋਰ ਕਰਨਾ ਸਾਡੇ ਨੈਸ਼ਨਲ ਇਨਟਰੈਸਟ ਵਿੱਚ ਨਹੀਂ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਸਰਕਾਰ ਨੂੰ ਜ਼ੋਨਲ ਸਿਸਟਮ ਤੋੜਨਾ ਚਾਹੀਦਾ ਹੈ ਅਤੇ ਨਾਲ ਹੀ ਆਪਣੀ ਸਟੇਟ ਦੇ ਕਨਜ਼ੀਊਮਰ

[ਸਰਦਾਰ ਬਲਵੰਤ ਸਿੰਘ]

ਦੀ ਸਬਸਿਡੀ ਦੇ ਕੇ ਮਦਦ ਕਰਨੀ ਚਾਹੀਦੀ ਹੈ । ਨਾਲ ਹੀ ਇਸ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਕਿਸ ਕਿਸ ਥਾਂ ਤੇ ਇਹ ਆਪਣਾ ਖਰਚ ਘਟਾ ਸਕਦੀ ਹੈ । ਇਸ ਸਬੰਧ ਵਿੱਚ ਪਿੱਛੇ ਜਿਹੇ ਅਖਬਾਰਾਂ ਵਿੱਚ ਆਈ. ਏ. ਐਸ. ਅਤੇ ਆਈ. ਸੀ. ਐਸ. ਅਫਸਰਾਂ ਦੀ ਇਕ ਸਟੇਟਮੈਂਟ ਆਈ ਸੀ, ਜਿਸ ਵਿੱਚ ਉਨ੍ਹਾਂ ਨੇ ਦਸਿਆ ਸੀ ਕਿ ਸੈਕਰੇਟਰੀਏਟ ਵਿੱਚ ਕਿਸ ਤਰ੍ਹਾਂ ਖਰਚ ਘਟਾਇਆ ਜਾ ਸਕਦਾ ਹੈ ।

ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਦਾ ਰੈਵੇਨਿਊ ਬਜਟ 127 ਕਰੋੜ ਰੁਪਏ ਦਾ ਹੈ । ਇਸ ਵਿੱਚੋਂ 6 ਕਰੋੜ ਰੁਪਿਆ ਜੈਨਰਲ ਐਡਮਨਿਸਟਰੇਸ਼ਨ ਤੇ, ਤੇ 9 ਕਰੋੜ ਪੁਲਿਸ ਐਡਮਨਿਸਟਰੇਸ਼ਨ ਤੇ ਹਰ ਸਾਲ ਖਰਚ ਹੁੰਦਾ ਹੈ । ਇਸ ਸੂਬੇ ਜਿੰਨੀ ਟਾਪ ਹੈਵੀ ਐਡਮਨਿਸਟਰੇਸ਼ਨ ਹੋਰ ਕਿਸੇ ਸੂਬੇ ਦੀ ਨਹੀਂ ਹੋਣੀ । ਅਸੀਂ ਇਕ ਰੀਫਾਰਮਜ਼ ਕਮਿਸ਼ਨ ਬਣਾਇਆ ਹੈ ਜਿਸ ਦੀ ਰਿਪੋਰਟ ਹਾਲੇ ਨਹੀਂ ਆਈ। ਇਕ ਸਜੈਸ਼ਨ ਇਹ ਹੈ ਜੋ ਕਿ 3 ਮਹੀਨਿਆਂ ਦੇ ਅੰਦਰ ਅੰਦਰ ਇੰਪਲੀਮੈਂਟ ਕੀਤੀ ਜਾ ਸਕਦੀ ਹੈ ਜਿਸ ਮੁਤਾਬਕ ਸੈਕਟਰੀਏਟ ਦੀ ਸਟਰੈਂਗਥ ਤੇ ਕੀਤੀ ਜਾ ਸਕਦੀ ਹੈ ।

(Deputy Speaker in the Chair.)

ਮੈਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦੀਆਂ ਇਕੌਨੋਮੀ ਕਰਨ ਵਾਲੀਆਂ ਸਕੀਮਾਂ ਲਈ ਜਲਦੀ ਲਾਗੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਨਵੇਂ ਟੈਕਸ ਲਾਉਣ ਦੀ ਲੋੜ ਨਾ ਰਹੇ । ਹਿੰਦ ਸਰਕਾਰ ਨੂੰ ਵੀ ਕਿਹਾ ਜਾਵੇ ਕਿ ਉਹ ਸਾਡੀ ਮਦਦ ਕਰੇ (ਘੰਟੀ) ਇਕ ਗੱਲ ਮੈਂ ਇਹ ਕਹਿਣੀ ਹੈ ਕਿ ਜੋ ਸਾੜੇ ਸਟੂਡੈਂਟਸ ਨੇ ਡੀਫੈਂਸ ਫੰਡ ਇਕੱਠਾ ਕੀਤਾ ਹੈ ਉਸ ਵਿਚੋਂ ਜੋ ਰਕਮਾਂ ਅਸੀਂ ਬਾਹਰ ਦੇ ਰਹੇ ਹਾਂ ਉਸ ਤੇ ਕੋਈ ਇਤਰਾਜ਼ ਨਹੀਂ ਕਿਉਂਕਿ ਸ਼ਾਇਦ ਇਸ ਤਰ੍ਹਾਂ ਹੀ ਕੁਝ ਸ਼ਰਮ ਮਹਿਸੂਸ ਕਰਨਗੇ ਕਿ ਪੰਜਾਬ ਸਾਨੂੰ ਦੇ ਰਿਹਾ ਹੈ ਤਾਂ ਸਾਨੂੰ ਵੀ ਕੁਝ ਕਰਨਾ ਚਾਹੀਦਾ ਹੈ ਪਰ ਜਿਸ ਢੰਗ ਨਾਲ ਇਹ ਪੈਸਾ ਦਿੱਤਾ ਜਾ ਰਿਹਾ ਹੈ ਉਹ ਗਲਤ ਹੈ ਅਤੇ ਜੋ ਮਨਿਸਟਰ ਸਾਹਿਬ ਨੇ ਆਪਣੇ ਪਰਸਨਲ ਮਕਸਦ ਪੂਰੇ ਕਰਨ ਲਈ ਵਰਤਿਆ ਹੈ ਉਸ ਨਾਲ ਪਾਰਟੀ ਤੇ ਰੀਫਲੈਕਸ਼ਨ ਆਉਂਦੀ ਹੈ । (ਘੰਟੀ)

ਬਸ ਜੀ, ਹੁਣ ਮੈਂ ਲਾਸਟ ਹੀ ਗੱਲ ਕਹਾਂਗਾ । ਡਿਪਟੀ ਸਪੀਕਰ ਸਾਹਿਬਾ, ਥੋੜੇ ਦਿਨ ਹੋਏ ਅਸੀਂ ਇਥੇ ਲਾਉਂਜ ਵਿੱਚ ਬੈਠੇ ਸਾਂ ਤਾਂ ਸਾਡੇ ਨਾਲ ਚੌਧਰੀ ਲਖੀ ਸਿੰਘ ਹੋਰੀਂ ਜੋ ਕਿ ਬੜੀ ਦੇਰ ਅਕਾਊਂਟਸ ਦਾ ਕੰਮ ਕਰਦੇ ਰਹੇ ਹਨ ਵੀ ਬੈਠੇ ਸਨ। ਉਨ੍ਹਾਂ ਨੇ ਕਿਹਾ ਕਿ ਅਗਰ ਉਨ੍ਹਾਂ ਨੂੰ ਮੌਕਾ ਮਿਲੇ ਤਾਂ ਮੈਂ ਪਲੈਨਿੰਗ ਕਮਿਸ਼ਨ ਨੂੰ ਮਨਾ ਸਕਦਾ ਹਾਂ। ਉਨ੍ਹਾਂ ਨੇ ਫੈਕਟਸ ਅਤੇ ਫਿਗਰਜ਼ ਵੀ ਦਿੱਤੇ । ਮੈਂ ਸਮਝਦਾ ਹਾਂ ਕਿ ਅਜਿਹੇ ਐਕਸਪਰਟ ਦੀ ਸੇਵਾ ਤੋਂ ਲਾਭ ਉਠਾਉਣਾ ਚਾਹੀਦਾ ਹੈ ਤਾਂ ਜੋ ਇਹ ਪੰਜਾਬ ਦੀਆਂ ਲੋੜਾਂ ਬਾਰੇ ਪਲੈਨਿੰਗ ਕਮਿਸ਼ਨ ਨੂੰ ਸਮਝਾ ਸਕਣ, ਜਿਸਨੂੰ ਸਾਡੇ ਵਜ਼ੀਰ ਨਹੀਂ ਸਮਝਾ ਸਕੇ । Thank you.

ਸਰਦਾਰ ਜਗਜੀਤ ਸਿੰਘ ਗੋਗੋਆਨੀ (ਜ਼ੀਰਾ) : ਡਿਪਟੀ ਸਪੀਕਰ ਸਾਹਿਬਾ, ਮੈਂ ਆਪ ਦਾ ਧੰਨਵਾਦੀ ਹਾਂ ਕਿ ਆਖਰਕਾਰ ਆਪ ਨੇ ਮੈਨੂੰ ਵੀ ਬੋਲਣ ਦਾ ਟਾਈਮ ਦਿੱਤਾ ਹੈ । ਇਹ ਜੋ ਬਿਲ ਇਸ ਵੇਲੇ ਹਾਊਸ ਵਿੱਚ ਚਲ ਰਿਹਾ ਹੈ ਇਸ ਵਿੱਚ ਵਿਪ ਨਾਲ ਭਾਵੇਂ ਇਹੀ ਜਿਤਣਗੇ ਪਰ ਜੋ ਇਖਲਾਕੀ ਜਿਤ ਹੈ ਉਹ ਸਾਡੀ ਹੀ ਹੈ, ਕਿਸਾਨਾਂ ਦੀ ਹੀ ਹੋਈ ਹੈ । ਤੁਸੀਂ ਦੇਖੋ ਕਿ ਉਧਰੋਂ ਵੀ ਜੋ ਤਕਰੀਰਾਂ ਹੋਈਆਂ ਹਨ ਉਹ ਕਿਸਾਨ ਦੇ ਹਕ ਵਿੱਚ ਤੇ ਇਸ ਬਿਲ ਦੇ ਖਿਲਾਫ ਹੀ ਹੋਈਆਂ ਹਨ, ਵਿਪ ਦੇ ਜ਼ੋਰ ਨਾਲ ਹੀ ਇਹ ਇਸ ਨੂੰ ਪਾਸ ਕਰਾ ਸਕਦੇ ਹਨ, ਡੰਡੇ ਦੇ ਜ਼ੋਰ ਨਾਲ । ਸੋ ਇਖਲਾਕੀ ਜਿਤ ਕਿਸਾਨ ਦੀ ਹੀ ਹੈ। ਇਹ ਸਰਕਾਰ ਦਾਅਵਾ ਕਰਦੀ ਹੈ ਕਿ ਇਹ ਡੈਮੋਕਰੈਟਿਕ ਅਸੂਲਾਂ ਤੇ ਚਲਣ ਵਾਲੀ ਸਰਕਾਰ ਹੈ, ਇਹ ਪਿੰਡ ਦੇ ਲੋਕਾਂ ਦੀ ਹਮਦਰਦ ਹੋਣ ਦਾ ਦਾਅਵਾ ਕਰਦੀ ਹੈ ਅਤੇ ਕਹਿੰਦੀ ਹੈ ਕਿ ਇਹ ਲੋਕਾਂ ਦੀ ਮਰਜ਼ੀ ਦੇ ਮੁਤਾਬਕ ਹੀ ਚਲਦੀ ਹੈ ਤਾਂ ਫਿਰ ਇਸ ਕਿਸਾਨਾਂ

ਨਾਲ ਇਤਨਾ ਸਬੰਧ ਰਖਣ ਵਾਲੇ ਬਿਲ ਤੇ ਵਿਪ ਦਾ ਡੰਡਾ ਕਿਉਂ ਖੜ੍ਹਾ ਕੀਤਾ ਹੈ, ਮੈਂਬਰਾਂ ਨੂੰ ਆਪਣੀ ਮਰਜ਼ੀ ਮੁਤਾਬਕ ਵੋਟ ਕਰਨ ਦਿਉ । ਡਿਪਟੀ ਸਪੀਕਰ ਸਾਹਿਬਾ, ਤੁਸੀਂ ਜਾਣਦੇ ਹੋ ਕਿ ਕਿਸਾਨ ਮੁਲਕ ਦੀ ਰੀੜ੍ਹ ਦੀ ਹੱਡੀ ਹੈ । ਅੱਗੇ ਹੀ ਪੰਜਾਬ ਵਿੱਚ ਉਸ ਤੇ 13 ਕਿਸਮ ਦੇ ਟੈਕਸ ਲਗੇ ਹੋਏ ਹਨ। ਹੋਰ ਟੈਕਸ ਦੇਣ ਦੀ ਉਸ ਵਿੱਚ ਤਾਕਤ ਨਹੀਂ ਮਗਰ ਫਿਰ ਵੀ ਨਿਤ ਨਵੇਂ ਟੈਕਸ ਉਸ ਤੇ ਲਾਗੂ ਹੁੰਦੇ ਹਨ । ਚੰਗਾ ਤਾਂ ਇਹ ਸੀ ਕਿ ਪਿੱਛੇ ਜੋ ਸੈਸ ਲਾ ਕੇ ਗ਼ਲਤੀ ਕੀਤੀ ਸੀ ਉਸ ਨੂੰ ਹੁਣ ਖਤਮ ਕਰਦੇ ਮਗਰ ਹੁਣ ਇਹ ਬਿਲ ਲੈ ਆਏ ਹਨ ਕਿ ਅਗਲੇ 5 ਸਾਲ ਲਈ ਹੋਰ ਲਾਣਾ ਹੈ । ਅਸੀਂ ਸਮਝਿਆ ਕਿ ਸਰਕਾਰ ਬਦਲੀ ਹੈ, ਸ਼ਾਇਦ ਇਨ੍ਹਾਂ ਦੇ ਮਨ ਵੀ ਬਦਲ ਗਏ ਹੋਣਗੇ ਮਗਰ ਇਨ੍ਹ ਨੇ ਵੀ ਉਹੀ ਛੁਰਾ ਫੜਿਆ ਹੋਇਆ ਹੈ । ਅਸੀਂ ਆਸ ਕਰਦੇ ਹਾਂ ਕਿ ਰੱਬ ਇਨ੍ਹਾਂ ਨੂੰ ਸਮੱਤ ਬਖਸ਼ੇ ਤੇ ਇਹ ਆਪਣੇ ਵਾਅਦੇ ਪੂਰੇ ਕਰਨ। ਗੱਲ ਇਹ ਹੈ ਕਿ ਕਿਸਾਨ ਮੁਲਕ ਨਾਲ ਪਿਆਰ ਕਰਦ ਹੈ ਅਤੇ ਉਹ ਇਸ ਦੇ ਕੰਮ ਲਈ ਟੈਕਸ ਦਿੰਦਾ ਹੈ ਅਤੇ ਦਿੰਦਾ ਰਹੇਗਾ ਮਗਰ ਸਰਕਾਰ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਇਹ ਕਮਾਊ ਪੁਤ ਹੈ, ਵਿਹਲੜ ਨਹੀਂ। ਜੇ ਤੁਸੀਂ ਇਹ ਕਰੋ ਕਿ ਜੋ ਕਮਾਈ ਕਰੇ ਉਸ ਨੂੰ ਤਾਂ ਭੁਖਿਆ ਮਾਰੋ ਅਤੇ ਜੋ ਸ਼ਹਿਰੀ ਵਿਹਲੜ ਹੈ, ਹੇਰਾ ਫੇਰੀਆਂ ਕਰਦਾ ਹੈ ਉਸ ਨੂੰ ਦੁਧ ਮਲਾਈ ਤੇ ਪਾਲੋ ਤਾਂ ਗੱਲ ਨਹੀਂ ਬਣਦੀ। ਜ਼ਿਮੀਂਦਾਰ ਅਨਾਜ ਪੈਦਾ ਕਰਦਾ ਹੈ ਉਸ ਨੂੰ ਤੁਸੀਂ ਤੰਗ ਕਰਦੇ ਜਾ ਰਹੇ ਹੋ ਤੇ ਸ਼ਹਿਰਾਂ ਉੱਤੇ ਟੈਕਸ ਵੀ ਨਹੀਂ ਲਾਉਂਦੇ । ਇਹ ਪਿੰਡ ਵਾਲਿਆਂ ਨਾਲ ਧੱਕਾ ਹੈ । ਉਸ ਨੂੰ ਤੁਸੀਂ ਰਿਆਇਤਾਂ ਦੇਣ ਦੇ ਵਾਇਦੇ ਕੀਤੇ ਪਰ ਦਿੱਤਾ ਕੀ ਹੈ । ਬਿਜਲੀ ਦਾ ਰੇਟ ਇੰਡਸਟਰੀ ਲਈ ਘਟ ਤੇ ਕਾਸ਼ਤ ਲਈ ਵੱਧ ਹੈ, ਕਰਜ਼ ਉੱਤੇ ਸੂਦ ਦੀ ਸ਼ਰਹ ਇੰਡਸਟਰੀ ਲਈ ਘਟ ਕਿਸਾਨ ਲਈ ਵੱਧ ਹੈ। ਇਸ ਤੋਂ $7\frac{1}{2}$ ਫੀ ਸਦੀ ਲੈਂਦੇ ਹੋ ਤੇ ਇੰਡਸਟਰੀ ਤੋਂ 3 ਫੀ ਸਦੀ। ਫਿਰ ਉਸ ਦੀ ਪੈਦਾਵਾਰ ਵਲ ਦੇਖੋ । ਇਥੇ ਕਣਕ 60–65 ਰੁ: ਕੁਇੰਟਲ ਵਿਕਦੀ ਹੈ ਜਦ ਕਿ ਸਾਊਥ ਵਿੱਚ ਸੋ ਸਵਾ ਸੌ ਰੁਪਏ ਭਾ ਹੈ । ਇਹ ਵਿੱਚਦਾ ਮਨਾਫਾ ਕੌਣ ਖਾਂਦਾ ਹੈ ? ਜੇ ਇਹ ਮਨਾਫਾ ਹੀ ਸਰਕਾਰ ਲੈ ਲਵੇ ਤਾਂ ਇਹ ਟੈਕਸ ਲਾਉਣ ਦੀ ਲੋੜ ਨਹੀਂ, ਕਿਸਾਨਾਂ ਦੀ ਚਮੜੀ ਉਧੇੜਨ ਦੀ ਲੋੜ ਨਹੀਂ । ਫਿਰ ਐਸ਼ੋ ਇਸ਼ਰਤ ਦੇ ਸਾਮਾਨ ਹਨ, ਸਿਨਮੇ ਹਨ, ਇਨ੍ਹਾਂ ਨੂੰ ਨੈਸ਼ਨਲਾਈਜ਼ ਕਰੋ ਕਿਸੇ ਹੋਰ ਟੈਕਸ ਲਾਉਣ ਦੀ ਲੋੜ ਕੀ ਹੈ ? ਦੋ ਕਰੋੜ ਰੁਪਏ ਦੀ ਹੋਰ ਆਮਦਨੀ ਹੋ ਸਕਦੀ ਹੈ । ਫਿਰ ਚੰਡੀਗੜ੍ਹ ਦੀ ਕਨਸਟਰਕਸ਼ਨ ਬੜੇ ਜ਼ੋਰ ਸ਼ੋਰ ਨਾਲ ਹੋ ਰਹੀ ਹੈ। ਇਹ ਸਭ ਫਜ਼ੂਲ ਹੈ ਇਸ ਵੇਲੇ ਸਾਡੇ ਦੋ ਪਾਸੇ ਦੁਸ਼ਮਨ ਬੈਠਾ ਹੈ। ਸਾਨੂੰ ਇਸ ਪੈਸੇ ਦੀ ਆਰਮਾਮੈਂਟਸ ਲਈ ਲੋੜ ਹੈ । ਇਥੇ ਕਰੋੜਾਂ ਰੁਪਿਆਂ ਵੱਡੀਆਂ ਵੱਡੀਆਂ ਬਿਲਡਿੰਗਾਂ ਅਤੇ ਚੌੜੀਆਂ ਚੌੜੀਆਂ ਸੜਕਾਂ ਅਤੇ ਡੈਕੋਰੇਸ਼ਨ ਤੇ ਖਰਚ ਕੀਤਾ ਜਾ ਰਿਹਾ ਹੈ, ਇਸ ਪੈਸੇ ਨੂੰ ਬਚਾਉ ਅਤੇ ਹਥਿਆਰਾਂ ਤੇ ਅਤੇ ਜਟ ਨੂੰ ਜ਼ਿਆਦਾ ਅਨਾਜ ਪੈਦਾ ਕਰਨ ਵਿੱਚ ਮਦਦ ਦੇਣ ਲਈ ਵਰਤੋਂ । ਮੈਨੂੰ ਆਪਣੀ ਤਸੀਲ ਦੀ ਇਵੈਕਈ ਪਰਾਪਰਟੀ ਦਾ ਪਤਾ ਹੈ, ਬਹੁਤ ਸਾਰੀ ਜ਼ਮੀਨ ਖਾਲੀ ਪਈ ਹੈ, ਠੇਕੇ ਤੇ ਨਹੀਂ ਦਿੱਤੀ ਹੋਈ, ਨਾ ਹਰੀਜਨਾਂ ਨੂੰ ਹੀ ਅਲਾਟ ਕੀਤੀ ਹੈ, ਵਿਹਲੀ ਪਈ ਹੈ । ਇਸ ਦੀ ਵਰਤੋਂ ਕਰਕੇ ਮੁਲਕ ਨੂੰ ਕਰੋੜਾਂ ਰੁਪਏ ਦਾ ਅਨਾਜ ਮਿਲ ਸਕਦਾ ਹੈ । ਜਿਨ੍ਹਾਂ ਕਾਂਗਰਸੀ ਮੈਂਬਰਾਂ ਨੇ ਇਸ ਬਿਲ ਤੇ ਤਕਰੀਰ ਕੀਤੀ ਹੈ ਉਨ੍ਹਾਂ ਨੇ ਕਿਹਾ ਹੈ ਕਿ ਸਾਡਾ ਦਿਲ ਤਾਂ ਤੁਹਾਡੇ ਨਾਲ ਹੈ ਅਤੇ ਅਸੀਂ ਇਸ ਬਿਲ ਦੇ ਖਿਲਾਫ ਹਾਂ ਪਰ ਵਿਪ ਡੀਫਾਈ ਨਹੀਂ ਕਰ ਸਕਦੇ। ਇਸ ਤਰ੍ਹਾਂ ਆਪਣੇ ਕਨਵਿਕਸ਼ਨਜ਼ ਦਬਾਣਾ ਮੁਨਾਸਬ ਨਹੀਂ । ਫਿਰ ਗੰਦੀਆਂ ਦੀ ਖਾਤਰ ਤਾਂ ਡੀਫਾਈ ਕਰ ਲੈਂਦੇ ਹਨ । ਉਦੋਂ ਵਿਪ ਕਿਥੇ ਸੀ ਜਦੋਂ 12 ਮੈਂਬਰਾਂ ਨੇ ਸਾਈਡ ਬਦਲੀ ਸੀ ? ਉਸ ਵੇਲੇ ਵਫ਼ਾਦਾਰੀ ਕਿਥੇ ਚਲੀ ਗਈ ਸੀ ? ਅੱਜ ਜੇ ਕਿਸਾਨ ਦਾ ਕੁਝ ਭਲਾ ਹੋ ਸਕਦਾ ਹੈ ਤਾਂ ਵਫ਼ਾਦਾਰੀ ਰਾਹ ਵਿੱਚ ਆਉਂਦੀ ਹੈ । ਤੁਹਾਡੇ ਨਾਲੋਂ ਤਾਂ ਨਾਰਾਇਨ ਸਿੰਘ ਹੀ ਬਹਾਦਰ ਨਿਕਲਿਆ ਕਿ ਅੜਿਆ ਰਿਹਾ..(ਵਿਘਨ) ਇਹ ਬਿਲ ਕਿਸਾਨ ਦੇ ਖਿਲਾਫ ਹੈ, ਉਸ ਦੀ ਹਾਲਤ ਹੋਰ ਵੀ ਖਰਾਬ ਕਰੇਗਾ, ਇਹ ਪਾਸ ਨਹੀਂ ਹੋਣਾ ਚਾਹੀਦਾ । ਆਪ ਦਾ ਧੰਨਵਾਦ ।

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : On a point of order, (*interruption*) ਚਾਹ ਦਾ ਵੇਲਾ ਹੋ ਗਿਆ ਹੈ..... (ਵਿਘਨ) ਤੁਸੀਂ ਪਿਲਾਣੀ ਹੈ ।

ਡਿਪਟੀ ਸਪੀਕਰ : ਨਿਸਚਿੰਤ ਹੋਕੇ ਬੈਠੇ ਰਹੋ । (Keep sitting patiently.)

ਟਰਾਂਸਪਰਟ ਅਤੇ ਚੋਣ ਮੰਤਰੀ (ਸਰਦਾਰ ਗੁਰਦਿਆਲ ਸਿੰਘ ਢਿਲੋਂ) : ਡਿਪਟੀ ਸਪੀਕਰ ਸਾਹਿਬਾ, ਮੈਂ ਇਕ ਅਰਜ਼ ਕਰਨੀ ਚਾਹੁੰਦਾ ਸੀ ਕਿ ਤੁਸੀਂ ਕੋਈ ਵਕਤ ਦਸ ਸਕਦੇ ਹੋ ਕਿ ਤੁਹਾਡਾ ਕਦ ਤਕ ਬੈਠਣ ਦਾ ਵਿਚਾਰ ਹੈ ਤਾਂ ਜੋ ਅਸੀਂ ਉਸ ਅਨੁਸਾਰ ਹੀ ਆਪਣਾ ਪ੍ਰੋਗਰਾਮ ਬਣਾ ਲਈਏ? ਜੇਕਰ ਬਹਿਸ ਨੇ ਅਜੇ ਹੋਰ ਚਲਣਾ ਹੈ ਅਤੇ ਰਾਤ ਤਕ ਬੈਠਣਾ ਹੈ ਤਾਂ ਖਾਣਾ ਖਾ ਕੇ ਫਿਰ ਆ ਜਾਈਏ ਅਤੇ ਉਸੇ ਤਰ੍ਹਾਂ ਹੀ ਪ੍ਰੋਗਰਾਮ ਬਣਾ ਲਈਏ ।

ਡਿਪਟੀ ਸਪੀਕਰ : ਇਹ ਤਾਂ ਤੁਹਾਡੇ ਤੇ ਹੀ ਹੈ, ਜਦ ਤਕ ਮੁਨਾਸਿਬ ਸਮਝੋ ਮੈਂ ਬੈਠਣ ਲਈ ਤਿਆਰ ਹਾਂ । (It depends on Sense of the House. I can sit as long as you all think proper.)

ਕਾਮਰੇਡ ਭਾਨ ਸਿੰਘ ਭੌਰਾ (ਧੂਰੀ-ਐਸ. ਸੀ.) : ਡਿਪਟੀ ਸਪੀਕਰ ਸਾਹਿਬਾ, ਮੈਂ ਇਸ ਅਮੈਂਡਿੰਗ ਬਿਲ ਤੇ ਬੋਲਣ ਲਈ ਖੜਾ ਹੋਇਆ ਹਾਂ । ਇਸ ਬਿਲ ਤੇ ਮੈਂ ਜਿਹੜੀ ਤਰਮੀਮ ਦਿੱਤੀ ਹੈ ਮੈਂ ਉਸ ਦੇ ਸਬੰਧ ਵਿੱਚ ਕੁਝ ਕਹਿਣਾ ਚਾਹੁੰਦਾ ਹਾਂ, ਇਹ ਬੜੀ ਅਹਿਮ ਤੇ ਵਿਸ਼ੇਸ਼ ਹੈ । ਇਸ ਵਿੱਚ ਇਹ ਮੰਗ ਕੀਤੀ ਗਈ ਹੈ ਕਿ ਪੰਜ ਏਕੜ ਤਕ ਇਸ ਟੈਕਸ ਨੂੰ ਛੱਡ ਦਿੱਤਾ ਜਾਵੇ । ਇਸ ਤੋਂ ਤਾਂ ਇਹ ਪਤਾ ਲਗਦਾ ਹੈ ਕਿ ਕਾਂਗਰਸ ਸਰਕਾਰ ਜੋ ਕਹਿੰਦੀ ਸੀ ਅਤੇ ਅੱਜ ਤਕ ਕਹਿੰਦੀ ਰਹੀ ਹੈ ਉਹ ਬਿਲਕੁਲ ਗਲਤ ਹੈ ਅਤੇ ਇਨ੍ਹਾਂ ਦੀ ਇਕ ਇੰਚ ਵੀ ਗੱਲ ਨਹੀਂ ਬਣਦੀ ਕਿ ਹੁਣ ਇਹ ਪੰਜ ਏਕੜ ਵਾਲਿਆਂ ਤੇ ਵੀ ਇਸ ਟੈਕਸ ਨੂੰ ਲਗਾਣ ।

ਡਿਪਟੀ ਸਪੀਕਰ ਮੈਂ ਤਾਂ ਤੁਹਾਨੂੰ ਇਜਾਜ਼ਤ ਦਿੱਤੀ ਹੈ ਕਿ ਸ਼ਾਇਦ ਪਾਰਟੀ ਨੇ ਤੁਹਾਨੂੰ ਬੋਲਣ ਲਈ ਕਿਹਾ ਹੈ ਪਰ ਤੁਸੀਂ ਆਪਣੀ ਤਰਮੀਮ ਤੇ ਬੋਲਣ ਲੱਗ ਪਏ । ਤੁਹਾਡੀ ਜਿਹੜੀ ਤਰਮੀਮ ਨੰਬਰ 5 ਸੀ ਉਸ ਨੂੰ ਮੈਂ ਨਾ ਮਨਜ਼ੂਰ ਕਰ ਦਿੱਤਾ ਹੈ । (ਵਿਘਨ) (I have permitted the hon. Member to speak because I had thought that he had been asked by his group to speak. He has now started to speak on his amendment No. 5 which has already been declared out of order by me.

ਕਾਮਰੇਡ ਭਾਨ ਸਿੰਘ ਭੌਰਾ : ਮੈਂ ਤਾਂ, ਡਿਪਟੀ ਸਪੀਕਰ ਸਾਹਿਬਾ, ਤਰਮੀਮ ਨੰਬਰ 23 ਤੇ ਬੋਲ ਰਿਹਾ ਹਾਂ । ਮੈਂ ਇਹ ਕਹਿਣਾ ਲਗਾ ਸਾਂ ਕਿ ਅੱਜ ਜਿਹੜਾ ਬਿਲ ਅਸੀਂ ਪਾਸ ਕਰਨ ਲਗੇ ਹਾਂ, ਇਸ ਵਿੱਚ ਕੋਈ ਸ਼ਕ ਨਹੀਂ ਕਿ ਬਿਲ ਕਾਂਗਰਸ ਦੀ ਬਹੁ ਗਿਣਤੀ ਦੇ ਜ਼ੋਰ ਨਾਲ, ਵਿਪ ਦੇ ਜ਼ੋਰ ਨਾਲ ਪਾਸ ਹੋ ਜਾਵੇਗਾ (ਵਿਘਨ) ਕਿਉਂਕਿ ਪਿਛਲੀ ਰਾਤ ਸਾਰੀ ਕਾਮਰੇਡ ਰਾਮ ਕਿਸ਼ਨ ਸਾਹਿਬ ਲੋਕਾਂ ਨੂੰ ਸਮਝਾਂਦੇ ਰਹੇ, ਕਿਸੇ ਨੂੰ ਧਮਕੀ ਦੇ ਕੇ ਕਿਸੇ ਨੂੰ ਲਾਲਚ ਦੇ ਕੇ ਮਨਾਂਦੇ ਰਹੇ । ਸਾਰੀ ਰਾਤ ਇਸੇ ਗੱਲ ਵਿੱਚ ਲਗੇ ਰਹੇ । (ਵਿਘਨ) ਅਸਾਡੇ ਹੋਸਟਲ ਵਿੱਚ ਸਾਰੇ ਵਜ਼ੀਰ ਸਾਰੀ ਰਾਤ ਫਿਰਦੇ ਰਹੇ । (ਵਿਰੋਧੀ ਦਲ ਵਲੋਂ ਵਲੋਂ......ਸ਼ੇਮ ਸ਼ੇਮ) ਰਾਤ ਦੇ ਬਾਰਾਂ ਵਜੇ ਤਕ ਇਹ ਇਸ ਗੱਲ ਵਿੱਚ ਲਗੇ ਰਹੇ ਕਿ ਮੈਂਬਰ ਇੰਨ੍ਹਾਂ ਦੇ ਹਕ ਵਿੱਚ ਵੋਟ ਦੇਣ ।

ਡਿਪਟੀ ਸਪੀਕਰ : ਤੁਸੀਂ ਆਪਣੀ ਤਰਮੀਮ ਤੇ ਬੋਲੋ, ਕਾਮਰੇਡ ਸਾਹਿਬ ਨੂੰ ਛਡੋ ।

(He should speak on his amendment and need not refer to the Chief Minister).

ਕਾਮਰੇਡ ਭਾਨ ਸਿੰਘ ਭੌਰਾ : ਮੈਂ ਤਾਂ ਇਹ ਹੀ ਅਰਜ਼ ਕਰ ਰਿਹਾ ਸਾਂ ਕਿ ਰਾਤ ਦੇ 12 ਵਜੇ ਤਕ ਇਹ ਆਪਣੀ ਗੱਲ ਮਨਾਂਦੇ ਰਹੇ ਕਿ ਇਸ ਬਿਲ ਨੂੰ ਪਾਸ ਕਰਵਾਣਾ ਹੈ ਕਿਉਂਕਿ ਮੈਂਬਰ ਨਹੀਂ ਸਨ ਮੰਨਦੇ ।

ਮੈਂ, ਡਿਪਟੀ ਸਪੀਕਰ ਸਾਹਿਬਾ, ਇਹ ਕਹਿਣਾ ਚਾਹੁੰਦਾ ਸਾਂ ਕਿ ਜੇਕਰ ਇਨ੍ਹਾਂ ਦੇ ਦਿਲ ਵਿੱਚ ਸੋਸ਼ਲਿਸਟਿਕ ਪੈਟਰਨ ਆਫ ਸੁਸਾਇਟੀ ਦੀ ਮਾੜੀ ਮੋਟੀ ਵੀ ਇਜ਼ਤ ਅਤੇ ਕਦਰ ਹੈ ਅਤੇ ਆਪਣੀਆਂ ਕਹੀਆਂ ਗੱਲਾਂ ਦਾ ਜ਼ਰਾ ਜਿਹਾ ਵੀ ਪਾਸ ਇਨ੍ਹਾਂ ਕੋਲ ਹੈ ਤਾਂ ਇਨ੍ਹਾਂ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ 5 ਏਕੜ ਤਕ ਇਸ ਟੈਕਸ ਨੂੰ ਨਾ ਲਗਾਇਆ ਜਾਵੇ, ਛੱਡ ਦਿਤਾ ਜਾਵੇ । ਇਨ੍ਹਾਂ ਨੇ ਇਹ ਗੱਲ ਕਈ ਥਾਵਾਂ ਤੇ ਅਤੇ ਆਪਣੇ ਇਲਾਨਾਂ ਵਿੱਚ ਮੰਨੀ ਸੀ ਕਿ ਪੰਜ ਏਕੜ ਤਕ ਮਾਲੀਆ ਵੀ ਮਾਫ ਕਰ ਦਿਆਂਗੇ ਪਰ ਹੁਣ ਇਸ ਟੈਕਸ ਤੋਂ ਛੋਟ ਨਹੀਂ ਦਿੱਤੀ ਜਾ ਰਹੀ । ਇਹ ਠੀਕ ਨਹੀਂ ।

ਫਿਰ ਇਨ੍ਹਾਂ ਨੇ ਇਸ ਬਿਲ ਦੇ ਸਬੰਧ ਵਿੱਚ ਇਹ ਦਲੀਲ ਦਿੱਤੀ ਹੈ ਕਿ ਸਾਨੂੰ ਪੈਸਾ ਚਾਹੀਦਾ ਹੈ। ਇਸ ਦੇ ਬਾਰੇ ਮੈਂ ਕਹਾਂ ਕਿ ਪੰਜਾਬ ਵਿੱਚ ਤਾਂ ਖਜ਼ਾਨਾ ਭਰਿਆ ਪਿਆ ਹੈ। ਅਜਿਹੇ ਲੋਕੀਂ ਹਨ ਜਿਨ੍ਹਾਂ ਕੋਲ ਰੁਪਿਆ ਬੇਇਨਤਾਹ ਹੈ, ਤੁਸੀਂ ਉਨ੍ਹਾਂ ਪਾਸੋਂ ਰੁਪਿਆ ਲੈ ਸਕਦੇ ਹੋ। ਸਿਰਫ ਇਕ ਛੋਟੀ ਜਿੰਨੀ ਰਕਮ 40 ਲੱਖ ਦੀ ਹੈ ਜਿਸ ਲਈ ਤੁਸੀਂ ਕਿਸਾਨਾਂ ਤੇ ਇਸ ਬਿਲ ਰਾਹੀਂ ਜ਼ੁਲਮ ਕਰਨ ਲਗੇ ਹੋ, ਛੋਟੇ ਕਿਸਾਨ ਨੂੰ ਗ੍ਰਸਣ ਲਗੇ ਹੋ । ਤੁਹਾਡੇ ਆਪਣੇ ਪਾਸ ਅਜਿਹੇ ਸਜਨ ਹਨ ਜਿਹੜੇ ਰੁਪਿਆ ਜਿੰਨਾ ਚਾਹੋ ਇਕਠਾ ਕਰਕੇ ਤੁਹਾਨੂੰ ਦੇ ਸਕਦੇ ਹਨ । ਹੁਣੇ ਹੀ ਤੁਹਾਡੇ ਕੈਬਨਿਟ ਦੇ ਮੈਂਬਰ ਪ੍ਰਬੋਧ ਜੀ ਨੇ 45 ਲੱਖ ਰੁਪਿਆ ਇਕਠਾ ਕਰਕੇ ਦਿੱਤਾ ਹੈ। ਇਸੇ ਤਰ੍ਹਾਂ ਹੋਰ ਵਜ਼ੀਰਾਂ ਨੂੰ ਵੀ ਕਿਹਾ ਜਾ ਸਕਦਾ ਹੈ। ਇਹ ਠੀਕ ਹੈ ਕਿ ਜਿਹੜਾ ਰੁਪਿਆ ਪ੍ਰਬੋਧ ਜੀ ਨੇ ਇਕੱਠਾ ਕੀਤਾ ਹੈ ਉਸ ਨਾਲ ਸਰਕਾਰ ਦੀ ਭਾਰੀ ਬਦਨਾਮੀ ਹੋਈ ਹੈ ਅਤੇ ਉਸ ਗੱਲ ਦਾ ਸਾਰੇ ਪੰਜਾਬ ਵਿੱਚ ਰੌਲਾ ਪੈ ਗਿਆ ਹੈ ਕਿ ਕਿਸ ਤਰੀਕੇ ਨਾਲ ਦਬਾਉ ਪਾ ਕੇ ਮੁੰਡਿਆਂ ਕੁੜੀਆਂ ਨੂੰ ਮਜਬੂਰ ਕਰਕੇ ਕਿਹਾ ਗਿਆ ਕਿ ਰੁਪਿਆ ਇਕੱਠਾ ਕਰੋ । ਫਿਰ ਕਈ ਟੀਚਰਾਂ ਦੀਆਂ ਟ੍ਰਾਂਸਫਰਾਂ ਕਰ ਦਿੱਤੀਆਂ ਗਈਆਂ ਤੇ ਕਈਆਂ ਨੂੰ ਇਹ ਲਾਲਚ ਦਿੱਤਾ ਗਿਆ ਕਿ ਤੁਹਾਨੂੰ ਮੈਡਲ ਦਿਆਂਗੇ ਜਿਹੜਾ ਵੱਧ ਤੋਂ ਵੱਧ ਰੁਪਿਆ ਇਕੱਠਾ ਕਰੇਗਾ । ਇਸ ਲਈ ਕੱਲਾ ਕੱਲਾ ਵਜ਼ੀਰ ਹੀ ਤੁਹਾਨੂੰ 45–45 ਲੱਖ ਰੁਪਿਆ ਇਕੱਠਾ ਕਰਕੇ ਦੇ ਸਕਦਾ ਹੈ। ਫਿਰ ਕਿਉਂ ਸਰਕਾਰ ਆਪਣੇ ਆਪ ਨੂੰ ਧੋਖੇ ਵਿੱਚ ਰਖ ਰਹੀ ਹੈ? ਇਸ ਸੋਰਸ ਨੂੰ ਟੈਪ ਕਰ ਲਿਆ ਜਾਵੇ ਅਤੇ ਕਿਸਾਨ ਤੇ ਇਸ ਟੈਕਸ ਦਾ ਭਾਰ ਨਾ ਪਾਇਆ ਜਾਵੇ ।

ਫਿਰ ਜਿਹੜਾ ਪੈਸਾ ਤੁਸੀਂ ਲੈਣਾ ਚਾਹੁੰਦੇ ਹੋ ਉਹ ਹੋਰ ਜ਼ਰੀਆਂ ਨਾਲ ਵੀ ਇਕੱਠਾ ਕੀਤਾ ਜਾ ਸਕਦਾ ਹੈ, ਇਸ ਤਰ੍ਹਾਂ ਕਿਸਾਨ ਤੇ ਜ਼ੁਲਮ ਨਾ ਕੀਤਾ ਜਾਵੇ, ਹੋਰ ਤਰੀਕਿਆਂ ਨਾਲ ਕਿਸਾਨ ਵੀ ਖੁਸ਼ ਰਹਿ ਸਕਦਾ ਹੈ ਅਤੇ ਸਰਕਾਰ ਨੂੰ ਪੈਸਾ ਵੀ ਆ ਸਕਦਾ ਹੈ । ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਇਸ ਪਾਸੇ ਵਲ ਤੁਰਨਾ ਚਾਹੀਦਾ ਹੈ ਅਤੇ ਵੱਡੀਆਂ ਵੱਡੀਆਂ ਤਕਰੀਰਾਂ ਕਰਨ ਦੀ ਲੋੜ ਨਹੀਂ, ਗੱਪਾਂ ਮਾਰਨ ਦੀ ਲੋੜ ਨਹੀਂ । ਲੋਕਾਂ ਨੂੰ ਇਨ੍ਹਾਂ ਤਕਰੀਰਾਂ ਨਾਲ ਖੁਸ਼ ਕੀਤਾ ਜਾ ਸਕਦਾ ਹੈ, ਥੋੜੇ ਲੋਕਾਂ ਨੂੰ ਅਤੇ ਕੁਝ ਸਮੇਂ ਲਈ ਪਰ ਸਾਰਾ ਸਮਾਂ ਸਾਰੇ ਲੋਕਾਂ ਨੂੰ ਇਨ੍ਹਾਂ ਤਰੀਕਿਆਂ ਨਾਲ ਖੁਸ਼ ਨਹੀਂ ਕੀਤਾ ਜਾ ਸਕਦਾ । ਇਹ ਜਿਹੜਾ ਕਾਲਾ ਬਿਲ ਤੁਸੀਂ ਲਿਆਣ ਲਗੇ ਹੋ ਇਹ ਠੀਕ ਹੈ ਕਿ ਤੁਸੀਂ ਵਿਪ ਦੇ ਡੰਡੇ ਦੇ ਜ਼ੋਰ ਨਾਲ ਪਾਸ ਕਰਾ ਲਉਗੇ ਪਰ ਇਸ ਦਾ ਅਸਰ ਪਏਗਾ ਆਉਣ ਵਾਲੀਆਂ ਚੋਣਾਂ

[ਕਾਮਰੇਡ ਭਾਨ ਸਿਘ ਭੌਰਾ]

ਤੇ । ਤੁਹਾਨੂੰ ਇਸ ਦੇ ਬਾਰੇ ਵਿੱਚ ਸਨ 1967 ਦੀਆਂ ਚੋਣਾਂ ਵਿੱਚ ਹੀ ਇਸ ਦੇ ਸਬੰਧ ਵਿੱਚ ਪਤਾ ਲਗ ਜਾਵੇਗਾ ਅਤੇ ਨਤੀਜੇ ਤੁਹਾਡੇ ਸਾਹਮਣੇ ਆਉਣਗੇ । ਅਤੇ ਪਤਾ ਲਗੇਗਾ ਕਿ ਦੇਸ਼ ਵਿੱਚ ਜਿਹੜੀ ਕਾਂਗਰਸ ਸਰਕਾਰ ਹੈ ਇਸ ਦਾ ਵਕਾਰ ਕਿੰਨਾ ਕੁ ਰਹਿ ਗਿਆ ਹੈ ।

ਅੱਜ ਕਾਂਗਰਸ ਦੇ ਵੱਕਾਰ ਦੀ ਇਹ ਗੱਲ ਹੈ ਕਿ ਕਿਸੇ ਨੇ ਕਿਹਾ ਇਕ ਕਾਰ ਲਈ। ਕਾਰ ਖਰੀਦ ਕੇ ਡਰਾਈਵਰ ਨੂੰ ਕਿਹਾ ਕਿ ਚਲ ਬਾਹਰ ਲੈ ਚਲ । ਕਾਰ ਬਿਲਕੁਲ ਨਵੀਂ ਸੀ, ਕੋਈ ਦੋ ਮੀਲ ਜਾ ਕੇ ਖੜੋ ਗਈ । ਉਨ੍ਹਾਂ ਨੇ ਕਾਰ ਦੇ ਹੇਠ ਉਪਰ ਵੇਖਿਆ ਕੋਈ ਨੁਕਸ ਨਹੀਂ ਸੀ , ਪੈਟਰੋਲ ਵੀ ਠੀਕ ਸੀ। ਹੋਰ ਸਭ ਕੁਝ ਠੀਕ ਸੀ ਮਾਲਕ ਬੜਾ ਹੈਰਾਨ ਹੋਇਆ ਕਿ ਕਾਰ ਬਿਲਕੁਲ ਨਵੀਂ ਹੈ ਪਰ ਇਹ ਤਾਂ ਇਥੇ ਖੜੋ ਕਿਉਂ ਗਈ ਹੈ। ਕੋਈ ਹੇਰਾ ਫੇਰੀ ਵੀ ਉਨ੍ਹਾਂ ਨੂੰ ਨਾ ਦਿੱਸੀ। ਜਦ ਕੋਈ ਅੱਧੇ ਘੰਟੇ ਮਗਰੋਂ ਮੂਹਰਲਾ ਫੱਟਾ ਚੁੱਕ ਕੇ ਵੇਖਿਆ ਤਾਂ ਉਸ ਵਿੱਚ ਇੰਜਨ ਹੈ ਹੀ ਨਹੀਂ ਸੀ। ਮਾਲਕ ਨੇ ਡਰਾਈਵਰ ਤੋਂ ਪੁਛਿਆ ਕਿ ਜੇਕਰ ਇਸ ਕਾਰ ਵਿੱਚ ਇੰਜਨ ਹੀ ਨਹੀਂ ਤਾਂ ਫਿਰ ਇਹ ਦੋ ਮੀਲ ਕਿਵੇਂ ਆ ਗਈ ? ਤਾਂ ਉਸ ਡਰਾਈਵਰ ਨੇ ਕਿਹਾ ਕਿ ਦੋ ਮੀਲ ਤਾਂ ਇਹ ਕੰਪਨੀ ਦੀ ਮਸ਼ਹੂਰੀ ਨਾਲ ਹੀ ਆ ਗਈ ਹੈ। (ਹਾਸਾ) ਠੀਕ ਇਹ ਹਾਲਤ ਅੱਜ ਕਾਂਗਰਸ ਦੇ ਵਕਾਰ ਦੀ ਹੈ।

ਇਹ ਕੰਪਨੀ ਦੀ ਮਸ਼ਹੂਰੀ ਨਾਲ ਹੀ ਸਰਕਾਰ ਚਲ ਰਹੀ ਹੈ, ਪਰ ਇਹ ਕਿੰਨਾ ਚਿਰ ਤਕ ਚਲ ਸਕਦੀ ਹੈ? (ਵਿਰੋਧੀ ਦਲ ਵਲੋਂ ਪ੍ਰਸੰਸਾ) ਪੰਡਤ ਨਹਿਰੂ ਦਾ ਨਾਂ ਲੈ ਕੇ ਜਾਂ ਮਹਾਤਮਾ ਗਾਂਧੀ ਦਾ ਨਾਂ ਲੈ ਕੇ ਇਹ ਕਿੰਨਾ ਚਿਰ ਤਕ ਸਰਕਾਰ ਨੂੰ ਚਲਾ ਸਕਦੇ ਹਨ ਅਤੇ ਕਿੰਨਾ ਚਿਰ ਤਕ ਵਕਾਰ ਕਾਇਮ ਰਖ ਸਕਦੇ ਹਨ ? ਇਹ ਜਿਹੜੇ ਸੰਨ 47 ਮਾਰਕਾ ਜਾਂ ਸੰਨ 57 ਮਾਰਕਾ ਕਾਂਗਰਸੀ ਬਣੇ ਹੋਏ ਹਨ ਇਹ ਬਹੁਤੀ ਦੇਰ ਤਕ ਨਹੀਂ ਚਲ ਸਕਦੇ । (ਵਿਘਨ)

ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਹੋਰ ਸਾਧਨ ਪੈਸਾ ਇਕੱਠਾ ਕਰਨ ਲਈ ਲਭਣੇ ਚਾਹੀਦੇ ਹਨ। ਇਕ ਸਾਧਨ ਤਾਂ ਟ੍ਰਾਂਸਪੋਰਟ ਦੀ ਨੇਸ਼ਨਲਾਈਜ਼ੇਸ਼ਨ ਦਾ ਹੈ। ਮੈਂ ਇਸ ਦੇ ਬਾਰੇ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਇਹ ਖਜ਼ਾਨਾ ਹੈ ਜਿਸ ਰਾਹੀਂ ਸਰਕਾਰ ਨੂੰ ਪੈਸੇ ਹੀ ਪੈਸੇ ਮਿਲ ਸਕਦੇ ਹਨ ਅਤੇ ਜਿੰਨਾਂ ਰੁਪਿਆ ਤੁਹਾਨੂੰ ਲੋੜ ਹੋਊ ਇਥੋਂ ਵਸੂਲ ਕੀਤਾ ਜਾ ਸਕਦਾ ਹੈ ।

ਦੂਜਾ ਸਾਧਨ, ਡਿਪਟੀ ਸਪੀਕਰ ਸਾਹਿਬਾ, ਸਟੇਟ ਟ੍ਰੇਡਿੰਗ ਦਾ ਹੈ । ਤੁਹਾਨੂੰ ਪਤਾ ਹੀ ਹੈ ਕਿ ਕਰੋੜਾਂ ਰੁਪਿਆ ਅੱਜ ਕਲ ਮਿਡਲਮੈਨ ਖਾ ਰਿਹਾ ਹੈ । ਜੇਕਰ ਸਰਕਾਰ ਸਟੇਟ ਟ੍ਰੇਡਿੰਗ ਕਰ ਲਵੇ ਤਾਂ ਇਹ ਸਾਰਾ ਰੁਪਿਆ ਸਰਕਾਰ ਪਾਸ ਆ ਸਕਦਾ ਹੈ ਤੇ ਫਿਰ ਕਿਸਾਨ ਤੇ ਕਿਸੇ ਕਿਸਮ ਦਾ ਟੈਕਸ ਲਾਣ ਦੀ ਲੋੜ ਨਹੀਂ ਪੈਂਦੀ ।

ਅੱਜ ਕਿਸਾਨ ਦੀ ਇਹ ਹਾਲਤ ਹੈ ਕਿ ਉਸ ਨੂੰ ਬਿਜਲੀ ਨਹੀਂ ਮਿਲਦੀ, ਪਾਣੀ ਵੇਲੇ ਸਿਰ ਨਹੀਂ ਮਿਲਦਾ ਅਤੇ ਨਾ ਹੀ ਰੇਹ ਮਿਲਦਾ ਹੈ। ਇਨ੍ਹਾਂ ਚੀਜ਼ਾਂ ਨੂੰ ਦੇਣ ਬਾਰੇ ਤਾਂ ਸਰਕਾਰ ਦਾ ਧਿਆਨ ਬਿਲਕੁਲ ਨਹੀਂ ਜਾਂਦਾ ਕਿ ਇਨ੍ਹਾਂ ਸਹੂਲਤਾਂ ਦੀ ਕਿਸਾਨ ਨੂੰ ਲੋੜ ਹੈ ਤਾਂ ਜੋ ਅਨਾਜ ਜ਼ਿਆਦਾ ਪੈਦਾ ਕਰ ਸਕੇ ਪਰ ਸਰਕਾਰ ਦਾ ਧਿਆਨ ਹੋਰ ਟੈਕਸ ਲਗਾਣ ਵਲ ਜਾਂਦਾ ਹੈ। ਸਰਕਾਰ ਦਾ ਸਦਾ ਧਿਆਨ ਇਸ ਪਾਸੇ ਵਲ ਲਗਾ ਰਹਿੰਦਾ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਦਾ ਵਧ ਤੋਂ ਵੱਧ ਖ਼ੂਨ ਚੂਸਿਆ ਜਾਵੇ । ਕਿਸਾਨ ਦੀ ਇੰਨੀ ਦੁਰਦਸ਼ਾ ਕਰਦੇ ਹਨ ਕਿ ਸਾਰਿਆਂ ਤੋਂ ਵੱਧ ਟੈਕਸ ਇਹ ਅਦਾ ਕਰਦਾ ਹੈ ਪਰ ਦਫਤਰਾਂ ਵਿੱਚ ਇਸ ਨੂੰ ਵਜ਼ਨ ਨਹੀਂ ਦਿੱਤਾ ਜਾਂਦਾ, ਇਸ ਦੀ ਕੋਈ ਗੱਲ ਨਹੀਂ ਸੁਣੀ ਜਾਂਦੀ।

ਡਿਪਟੀ ਸਪੀਕਰ ਸਾਹਿਬਾ, ਮੈਂ ਅੰਤ ਵਿੱਚ ਇਹ ਕਹਿੰਦਾ ਹੋਇਆ ਬੈਠਦਾ ਹਾਂ ਕਿ ਮਨਿਸਟਰ ਸਾਹਿਬ ਬੜੇ ਸ਼ਰੀਫ ਹਨ ਅਤੇ ਉਨ੍ਹਾਂ ਦੀ ਸ਼ਰਾਫਤ ਅੱਗੇ ਬੇਨਤੀ ਕਰਦਾ ਹਾਂ ਕਿ ਮੇਰੀ 5 ਏਕੜ ਵਾਲੀ ਤਰਮੀਮ ਨੂੰ ਮੰਨ ਲਿਆ ਜਾਵੇ ਤਾਂ ਹੋ ਸਕਦਾ ਹੈ ਕਿ ਅਸੀਂ ਵੀ ਇਸ ਬਿਲ ਨੂੰ ਸ਼ਾਇਦ ਸਪੋਰਟ ਦੇ ਦੇਈਏ ।

प्रिंसीपल रला राम (मुकेरियां) : डिप्टी स्पीकर साहिबा, मेजर साहिब ने बड़े मुदलल तरीका से इस बिल के संबंध में अपने पक्ष को पेश करने की कोशिश की है। मैं समझता हूँ कि इस के बाद और ज्यादा कुछ कहने की किसी को भी कोई ज़रूरत नहीं है। मैं आपके ज़रिये से दो मिन्ट के लिय चंद एक बातें मेजर साहिब के ध्यान में ला देनी ज़रूरी समझता हूँ। सब से पहली बात तो यह है कि यह टैक्स कोई नया टैक्स नहीं है। अब तो महज़ इसके मुतालिक टाईम एक्सटैंड करने का सवाल है। इस छोटी सी बात पर इतना वावेला करना मुनासिब मालूम नहीं होता।

मैं तो यह कहूँगा कि जो भी टैक्स लगाया जाये वह छोटे ज़िमीदार की इमदाद पर खर्च होना चाहिए। 5 एकड़ जमीन के जो मालिक हैं वह इस काबिल नहीं कि कैमीकल खाद भी अपने खेतों में इस्तेमाल कर सकें। सरकार को ऐसे लोगों की इमदाद के लिय सबसिडी देनी चाहिए। अगर इस बात के लिये कुछ खर्च भी हो जाता है तो मैं समझता हूँ कि उतनी ही पैदावार बढ़ती है मुल्क की तरक्की में अजाफा होता है और लोगों की डिवैलपमैंट होती है। टैक्स लगाना कोई बुरा नहीं मगर मैं इतना ज़रूर कहुँगा कि यह जो रुपया इकट्ठा हो यह छोटे ज़िमीदारों की इमदाद पर खर्च होना चाहिए ताकि वह देश में ज्यादा से ज्यादा अनाज पैदा कर सकें। यह सारा रुपया अगर छोटे जिमीदारों को सबसिडी की शक्ल में दे दिया जाता है तो यह एक निहायत ही अच्छी बात होगी।

दूसरी बात जो मैंने अर्ज़ करनी है, वह यह कि पहाड़ी इलाके में लोगों के पास थोड़ी थोड़ी ज़मीन के टुकड़े होतें हैं. उन लोगों के साथ यह बहुत बेइन्साफी होगी कि उनको भी इस टैक्स की ज़द में ले लिया जाये। मेरी इस सिलसिला में मेजर साहिब से दरखास्त है कि पहाड़ी इलाके में कम अज़ कम 4 कनाल की self consumption के लिये छूट होनी चाहिए। अगर आप ऐसा ही बिल पास कर देते हैं तो इसका पहाड़ी इलाके के लोगों पर बहुत ही बुरा असर पड़ेगा। मगर जिस ढंग से मेजर साहिब ने बिल पेश किया है. इसके लिये मैं आपको बधाई देता हूँ। आपका बहुत बहुत धन्यवाद।

ਟਰਾਂਸਪੋਰਟ ਅਤੇ ਚੋਣ ਮੰਤਰੀ (ਸਰਦਾਰ ਗੁਰਦਿਆਲ ਸਿੰਘ ਢਿਲੋਂ) : ਬੀਬੀ ਜੀ, ਏਥੋਂ ਕੁਝ ਮੈਂਬਰਾਂ ਨੇ ਮੈਨੂੰ ਬਸ ਦਾ ਇੰਤਜ਼ਾਮ ਕਰਨ ਵਾਸਤੇ ਕਿਹਾ ਸੀ ਮੈਂ ਉਨ੍ਹਾਂ ਦੀ ਮਨਸ਼ਾ ਦੇ ਮੁਤਾਬਿਕ ਬੱਸ ਦਾ ਇੰਤਜ਼ਾਮ ਕਰ ਦਿੱਤਾ ਹੈ । ਅਸੀਂ ਕਹਿੰਦੇ ਹਾਂ ਤੁਸੀਂ ਜਾਣ ਵਾਲੇ ਬਣੋ ਸਾਡੇ ਵਲੋਂ ਪੂਰਾ ਪੂਰਾ ਇੰਤਜ਼ਾਮ ਹੈ । ਇਸ ਬਾਰੇ ਮੈਨੂੰ ਇਕ ਮੌਲਵੀ ਅਤੇ ਇਕ ਜੱਟ ਦੀ ਦੋਸਤੀ ਦੀ ਗੱਲ ਯਾਦ ਆ ਗਈ ਹੈ । ਉਹ ਇਹ ਹੈ ਕਿ ਇਕ ਦਫਾ ਇਕ ਜੱਟ ਅਤੇ ਮੌਲਵੀ ਦੇ ਵਿੱਚ ਇਕ ਜਗ੍ਹਾ ਤੋਂ ਨਾ ਉਠਣ ਦਾ ਮੁਕਾਬਲਾ ਹੋ ਗਿਆ । ਇਕ ਪਾਸੇ ਜੱਟ ਬੈਠ ਗਿਆ ਦੂਸਰੇ ਪਾਸੇ ਮੌਲਵੀ । ਦੋਨੋ ਇਕ ਦੂਸਰੇ ਨੂੰ ਪਹਿਲਾਂ ਉਠਣ ਵਾਸਤੇ ਕਹਿਣ ਲੱਗੇ । ਮੌਲਵੀ ਜੱਟ ਨੂੰ ਡਰਾਉਣ ਵਾਸਤੇ ਕਹਿਣ ਲੱਗਾ ਕਿ ਜਾ ਓਏ ਮੁੰਡਿਆ। (ਜਿਹੜਾ ਉਸ ਦੇ ਪਾਸ ਉਹਦਾ ਲੜਕਾ ਖੜਾ ਸੀ) ਘਰ ਤੋਂ ਕਲ੍ਹ ਦਾ ਖਾਣਾ

[ਟਰਾਂਸਪੋਰਟ ਅਤੇ ਚੋਣ ਮੰਤਰੀ]

ਏਥੇ ਹੀ ਲੈ ਆਵੀਂ । ਜਾਂਦੇ ਜਾਂਦੇ ਨੂੰ ਜੱਟ ਨੇ ਆਵਾਜ਼ ਦਿੱਤੀ ਕਿ ਕਾਕਾ ਸਾਉਣੀ ਤਕ ਏਥੇ ਹੀ ਛੇ ਮਹੀਨੇ ਰੋਟੀ ਪਹੁੰਚਦੀ ਰਹੇ । ਮੌਲਵੀ ਹੈਰਾਨ ਹੋਕੇ ਛੇਤੀ ਛੇਤੀ ਉਠ ਖਲੋਤਾ (ਹਾਸਾ)। ਸੋ ਬੀਬੀ ਜੀ, ਇਹ ਤਾਂ ਹਾੜੀ ਸਾਉਣੀ ਦਾ ਹਿਸਾਬ ਲਾਈਂ ਬੈਠੇ ਹਨ, ਸਾਨੂੰ ਵੀ ਕੁਝ ਪਤਾ ਲਗੇ ਕਿ ਇਨ੍ਹਾਂ ਨੇ ਕਦੋਂ ਉਠਣਾ ਹੈ ਤਾਂ ਜੋ ਅਸੀਂ ਵੀ ਓਦੋਂ ਤਾਈਂ ਦਾ ਰੋਟੀ ਪਾਣੀ ਦਾ ਪ੍ਰਬੰਧ ਕਰ ਆਈਏ ।

श्री अमर सिंह : On a point of order, Madam. मैं आपका रूलिंग चाहता हूँ। सवेर से कुछ खाया नहीं, कुछ पिया नहीं । आखिर हम को भी कुछ पता होना चाहिए कि यह हाउस कब तक चलेगा, 7 बजने को हैं ।

Deputy Minister for Food and Supply (Smt. Chandrawati) Madam, question be now put.

Deputy Speaker : I call upon Pt. Mohan Lal Datta.

पंडित मोहन लाल दत्त (अंब) : यह जो पंजाब राज्य के कर्णधार हैं मैं इन की बड़े दिल से इज्ज़त करता हूँ मगर यह जो बिल पास करके सरकार काम करने जा रही है, इससे इनकी बड़ी बदनामी होगी । यह टैक्स 5–5 एकड़ के छोटे छोटे जिमीदारों पर हरगिज़ लगना नहीं चाहिए। यह बात मैं ईमानदारी से कहता हूं कि यह टैक्स उन लोगों पर, जो 50 एकड़ बारानी ज़मीन के मालिक हैं, भी नहीं लगना चाहिए । आप ही अपने दिल को टटोल कर बतायें कि क्या कोई 5 एकड़ का मालिक अपने कुनबा की परवरिश उसकी पैदावार से कर सकता है? आज मुल्क में इतनी महंगाई है कि वह इतने में गुजारा तो क्या करेगा, वह कर्ज़ भी उतार नहीं सकता, खास तौर पर वह शख्श जो हिली एरिया का 5 एकड़ का मालिक हो । मैंने इसके मुताल्लिक एक तरमीम दी थी कि हिली ऐरिया के जो 5 एकड़ के मालिक हैं उन पर यह टैक्स नहीं लगना चाहिए । ऐसी बात करके मैं समझता हूँ कि यह सरकार एक तरह से अपने मुंह पर कालिख लगा रही है । यह बात समझ नहीं आती कि सब को यह सरकार एक ही पैमाने में कैसे तोल रही है । इरीगेटिड एरिया के लिये भी दो कनाल की छूट है । बारानी के लिये भी उतनी और पहाड़ी इलाके के लिये भी दो कनाल की शर्त है । आप इन सब इलाकों की पैदावार तो देखें । क्या दो कनाल में हर जगह यकसां पैदावार होती है ? आप समझदार आदमी हैं, कुछ तो सोचो जहां अच्छी फसल होती हो, वहां चाहे दो कनाल रखो नहीं तो 4 करो । (*Interruption.*)

ਮੈਂ ਇਹ ਅਰਜ਼ ਕਰਦਾ ਹਾਂ ਕਿ ਇਸ ਦੇ ਵਿੱਚ ਤੁਹਾਡੀ ਬਹੁਤ ਕੁਛ ਪਕੜ ਹੋਣੀ ਹੈ, ਬੜੀ ਬਦਨਾਮੀ ਹੋਣੀ ਹੈ, ਲਾਨਤ ਭੇਜਣੀ ਹੈ । ਇਹ ਸਾਡੀ ਮਾਕੂਲ ਤਜਵੀਜ਼ ਹੈ । ਪਰ ਮੈਨੂੰ ਅਫਸੋਸ ਹੈ ਕਿ ਜਦ ਸੇਲਜ਼ ਟੈਕਸ ਬਿਲ ਆਇਆ ਤਾਂ ਬੜੀਆਂ ਤਰਮੀਮਾਂ ਮੰਨੀਆਂ ਗਈਆਂ । ਸਾਡੀ ਮਾਕੂਲ ਤਰਮੀਮ ਸਾਡੇ ਮੈਂਬਰਾਂ ਵਾਸਤੇ, ਦੂਸਰੇ ਮੈਂਬਰਾਂ ਵਾਸਤੇ ਤੇ ਹਾਊਸ ਵਾਸਤੇ ਹੈ । 5 ਏਕੜ ਵਾਲਿਆਂ ਨੂੰ ਮੁਆਫ ਕਰੋ । ਜੇ 5 ਏਕੜ ਵਾਲਿਆਂ ਨੂੰ ਮੁਆਫ ਨਹੀਂ ਕਰਨਾ ਤਾਂ ਹਿਲੀ ਏਰੀਏ ਵਾਲਿਆਂ ਨੂੰ ਮੁਆਫ ਕਰੋ । ਪਛੜੇ ਹੋਏ ਇਲਾਕੇ ਵਾਸਤੇ ਤੁਸੀਂ ਕਹਿੰਦੇ ਹੋ ਕਿ ਖਾਸ ਤੌਰ ਤੇ ਉਸ ਦੀ ਡੀਵੈਲਪਮੈਂਟ ਕਰਨੀ ਹੈ । ਇਹ ਡੀਵੈਲਪਮੈਂਟ ਕਰ ਰਹੇ ਹੋ ? ਮੈਨੂੰ ਪਤਾ ਨਹੀਂ ਅੱਜ ਤੁਹਾਡੀ ਬੁਧੀ ਨੂੰ ਕੀ ਹੋ ਗਿਆ ਹੈ । ਇਹ ਮਾਕੂਲ ਗੱਲ ਹੈ । ਅਗਰ ਨਹੀਂ ਮੰਨੋਗੇ ਤਾਂ ਪਤਾ ਨਹੀਂ ਤੁਹਾਡਾ ਕੀ ਹੋਏਗਾ ।

(ਸ੍ਰੀ ਬਲਰਾਮਜੀ ਦਾਸ ਟੰਡਨ ਅਤੇ ਚੌਧਰੀ ਨੇਤ ਰਾਮ ਖੜੇ ਹੋਏ)

ਡਿਪਟੀ ਸਪੀਕਰ : ਟੰਡਨ ਸਾਹਿਬ, ਤੁਸੀਂ ਥਰਡ ਰੀਡਿੰਗ ਤੇ ਬੋਲ ਲੈਣਾ । ਚੌਧਰੀ ਨੇਤ ਰਾਮ ਜੀ, ਤੁਸੀਂ ਵੀ ਥਰਡ ਰੀਡਿੰਗ ਤੇ ਬੋਲ ਲੈਣਾ । ਮੇਜਰ ਹਰਿੰਦਰ ਸਿੰਘ ।(Shri Tandon and Chaudhri Net Ram may speak at the third reading stage. Now I call upon the Revenue Minister, Sardar Harinder Singh Major.)

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬਾ,......

ਸ੍ਰੀ ਬਲਰਾਮਜੀ ਦਾਸ ਟੰਡਨ : ਆਨ ਏ ਪੁਆਇੰਟ ਆਫ ਆਰਡਰ, ਮੈਡਮ ।

ਡਿਪਟੀ ਸਪੀਕਰ : ਚਲਣ ਦਿਉ । ਬਾਰ ਬਾਰ ਕਹੀ ਜਾਂਦੇ ਹੋ । ਮਨਿਸਟਰ ਖੜ੍ਹਾ ਹੋ ਗਿਆ ਹੈ । ਮੈਂ ਮਾਲ ਮੰਤ੍ਰੀ ਨੂੰ ਕਾਲ ਕਰ ਲਿਆ ਹੈ । (Please let him proceed. Don't emphasise your point again and again. The hon. Minister has risen. I have already called upon the Revenue Minister to speak.)

श्री रूप सिंह फूल : आन ए प्वायंट आफ इनफर्मेशन, मैडम । बहुत माकूल बात है एक मिंट लगेगा ।

Deputy Speaker : I am very sorry. I have called upon Major Harinder Singh.

श्री रूप सिंह फूल : अगर मुझे बोल लेने दें तो माहौल बड़ा अच्छा हो जाएगा ।

Deputy Speaker ; Major Harinder Singh is on his legs.

श्री रूप सिंह फूल : आन ए प्वायंट आफ इनफर्मेशन, मैडम । मैं तो हमेशा आपका दास रहा हूँ । बात यह है कि मैं सिरफ यह पूछना चाहता हूँ कि यह कार्रवाई कब तक चलेगी ?

ਮਾਲ ਮੰਤਰੀ (ਸਰਦਾਰ ਹਰਿੰਦਰ ਸਿੰਘ ਮੇਜਰ) : ਡਿਪਟੀ ਸਪੀਕਰ ਸਾਹਿਬਾ, ਤੁਹਾਡੇ ਰਾਹੀਂ ਮੈਂਬਰ ਸਾਹਿਬਾਨ ਕੋਲੋਂ ਮੈਂ ਤਾਂ ਇਹ ਪੁਛਣਾ ਚਾਹੁੰਦਾ ਹਾਂ ਕਿ ਅਜੇ ਇਸ ਬਿਲ ਦੀ ਥਰਡ ਰੀਡਿੰਗ ਬਾਕੀ ਹੈ, ਜੇ ਤਾਂ ਮੈਂਬਰ ਸਾਹਿਬਾਨ ਨੇ ਉਸ ਵੇਲੇ ਬੋਲਣਾ ਹੈ ਤਾਂ ਮੈਂ ਅਖੀਰ ਵਿੱਚ ਕਹਿ ਲਵਾਂ ਤੇ ਜੇ ਆਨਰੇਬਲ ਮੈਂਬਰ ਸਾਹਿਬਾਨ ਨੇ ਇਹ ਮਨ ਬਣਾ ਲਿਆ ਹੈ ਕਿ ਉਨ੍ਹਾਂ ਨੇ ਇਸ ਬਿਲ ਤੇ ਕਾਫੀ ਕੁਛ ਕਹਿ ਲਿਆ ਹੈ ਤਾਂ ਮੈਂ ਦੋ-ਤਿੰਨ ਮਿੰਟ ਵਿੱਚ ਮੁਕਾ ਲਵਾਂ ।

ਸਰਦਾਰ ਦਿਲਬਾਗ ਸਿੰਘ : ਇਹ ਬਿਲ ਐਨਾ ਭਾਰਾ ਸੀ, ਇਹ ਸਭ ਜਗ੍ਹਾ ਤੋਂ ਨਿਕਲ ਗਿਆ ਹੈ, ਹੁਣ ਇਸ ਤੇ ਕੁਝ ਨਹੀਂ ਕਹਿੰਦੇ ।

श्री बलरामजी दास टंडन : जो हम ने अमैंडमेंट्स दी हैं उन पर वोटिंग होगी । कौन २ सी अमेंडमेंट माननी है वह यह बता दें ताकि उसके मुताबिक चलें ।

ਮਾਲ ਮਤਰੀ : ਕੋਈ ਕਨਫਿਊਜ਼ਨ ਜ਼ਰੂਰ ਹੋ ਜਾਂਦੀ ਹੈ, ਮੈਂ ਮੁਅਦਬਾਨਾ ਇਲਤਮਾਸ ਕਰਾਂਗਾ ਕਿ ਮੈਂ ਕੋਈ ਅਮੈਂਡਮੈਂਟ ਐਕਸੈਪਟ ਨਹੀਂ ਕਰਨੀ ।

उपाध्यक्षा : मुझे कोई अमेंडमेंट तो पुट करने दें । (Let me put any of the amendments.)

ਮਾਲ ਮੰਤਰੀ : ਜੋ ਪੰਡਤ ਜੀ ਨੇ ਇਤਰਾਜ਼ ਉਠਾਇਆ ਹੈ ਉਸ ਦੇ ਮੁਤਲਿਕ ਐਗਜ਼ੈਕਟਿਵ ਇੰਸਟਰਕਸ਼ੰਜ਼ ਹਨ । ਇਹ ਨਹੀਂ ਹੋ ਸਕਦਾ ਕਿ ਜੋ ਕਮਿਟਮੈਂਟ ਕੀਤੀ ਗਈ ਹੈ ਉਹ ਪੂਰੀ ਨਾ ਹੋਵੇ । ਜੇ ਨਾ ਹੋਵੇ ਤਾਂ ਫੇਰ ਉਸ ਮਨਿਸਟਰ ਨੇ ਕਿਥੇ ਰਹਿਣਾ ਹੈ, ਉਸ ਸਰਕਾਰ ਨੇ ਕਿਥੇ ਰਹਿਣਾ ਹੈ ਅਤੇ ਐਮ. ਐਲ. ਏ. ਨੇ ਕਿਥੇ ਰਹਿਣਾ ਹੈ । ਜਿਹੜੀ ਗੱਲ ਸਾਰਿਆਂ ਦੇ ਸਾਹਮਣੇ ਕਹਿ ਚੁੱਕੇ ਹਾਂ ਉਹ ਪੂਰੀ ਕਰਾਂਗੇ, ਅੰਮ੍ਰਿਤਸਰ, ਗੁਰਦਾਸਪੁਰ, ਅਤੇ ਫੀਰੋਜ਼ਪੁਰ ਜ਼ਿਲਿਆਂ ਵਿੱਚ ਇਹ ਸੈਸ ਇਕ ਸਾਲ ਲਈ ਬਿਲਕੁਲ ਨਹੀਂ ਲਗੇਗਾ ।

Deputy Speaker : Now I will put the Amendments to Clause 2 to the vote of the House.

Amendment No. 1 is in the name of Pandit Mohan Lal Datta.

Deputy Speaker : Question is—

After the clause, the following proviso be inserted :—

"Provided that the provisions of this Act shall not apply to the owners of unirrigated land in backward hilly area owning five acres or less cultivated land".

The motion was lost.

Some voices : The rest of the amendments be put together.

Deputy Speaker : If the House agrees Amendments Nos. 5 to 30 be put together to the vote of the House.

Voices : Yes, no objection.

Deputy Speaker : Question is—

That amendments Nos. 5 to 30 stand part of Clause 2.

The motion was lost.

Deputy Speaker : Question is—

That clause 2 stand part of the Bill.

The motion was carried.

Deputy Speaker : Question is—

That Clause 1 stand part of the Bill.

The motion was carried.

CLAUSE 2

5. **Comrade Jangir Singh Joga** :

6. **Comrade Shamsher Singh Josh** :

At the end of the clause *add* the following proviso :—

"Provided that the provisions of this Act shall not apply to the owners of five acres or less cultivated land."

7. **Sardar Darshan Singh:**

After the clause *add* the following :—

"Landowner owning land to the extent of 5 acres shall be exempted from this cess".

8. **Sardar Hari Singh:**

In line 2, *for* "1970-71" *substitute* "1966-67".

9. **Thakur Mehar Singh :**

At the end of the clause *add* the following :—

"Landowner owning land of 5 acres shall be exempted from this cess".

10. **Shri Ajit Kumar:**

11. **Chaudhri Net Ram:**

At the end of the clause *add* the following :—

"No recoveries of this cess will be made from the effected areas of recent Pakistani aggression and draught effected areas and from the other areas it will be recovered from the year 1968-1969. Owners of five acres of land will be exempted from this cess."

12. **Baboo Bachan Singh:**

At the end of the clause *add* the following :—

"This cess should be imposed on the landowners of economic holdings only."

13. **Sardar Gian Singh Rarewala:**

At the end of the clause *add* the following :—

"No recoveries of this cess will be made from the war affected districts of Amritsar, Ferozepur and Gurdaspur for one year from the date of the enforsement of the amending Act. Cultivators of five acres of cash crops will be exempted from this cess."

14. **Baboo Bachan Singh:**

15. **Babu Ajit Kumar:**

16. **Chaudhri Net Ram:**

In the amendments appearing at serial Nos. 10, 11 and 12, *for* "will" and "should" wherever occurring *substitute* "shall".

17. Shri Balramji Dass Tandon:

18 Shri Fateh Chand Vij:

At the end of the clause, *add* the following provisos :—

"Provided that the same will not be levied on the persons having land less than 5 acres:

Provided further that the same will not be levied on the persons living in the border districts of Amritsar, Gurdaspur and Ferozepur."

19. Comrade Gurbakhsh Singh:

20. Comrade Shamsher Singh Josh:

21. Comrade Jangir Singh Joga:

22. Comrade Babu Singh Master:

23. Comrade Bhan Singh Bhaura:

24. Sardar Gurnam Singh:

At the end of the clause *add* "the same will not be levied on land owners owning 5 acres or less than 5 acres".

25. Comrade Bhan Singh Bhaura:

26. Comrade Babu Singh Master:

27. Comrade Shamsher Singh Josh:

28. Comrade Gurbakhsh Singh:

29. Comrade Jangir Singh Joga :

In amendments appearing at serial Nos. 19, 20, 21, 22 23, and 24, *for* "will" *substitute* "shall".

30. Sardar Shamsher Singh :

At the end, *add* "The same shall not be recovered from the owners of up to 15 acres of land."

Deputy Speaker: Question is—

That the Title be the Title of the Bill.

(*The motion was carried.*)

Revenue Minister (Sardar Harinder Singh Major) : Madam, Deputy Speaker, I beg to move that the Punjab Commercial Crops Cess (Amendment) Bill be passed.

Deputy Speaker: Motion moved—

That the Punjab Commercial Crops Cess (Amendment) Bill be passed.

चौधरी नेत राम (हिसार सदर): डिप्टी स्पीकर साहिबा, मैंने इस बिल की तीसरी रीडिंग पर बोलते हुए अर्ज़ करनी है कि मिर्च, कपास और गन्ने की जो फसलें हैं, जो ज़रा सी हवा लगने से खराब हो सकती है, जिससे किसान को सिवाए मुश्किल से रोटी मिलने के और खास मुनाफा नहीं होता उस पर Tax का बोझ न डाला जाए। जब जंग की वजह से बार्डर पर फसलें तबाह हो गई हैं, बारिश न होने की वजह से और नहर का पानी न मिलने से सारे पंजाबमें और खास कर हिसार में कहत के हालात हैं; फसलें नहीं हो रहीं तो आप कैसे उन पर बजाए

मुआवज़ा देने के उल्टा टैक्स लगा रहे हैं । डिप्टी स्पीकर साहिबा, आठ करोड़ रुपया सालाना बतौर वज़ीफों के princes को दिया जाता है । इसी तरीके से सूरजपुर सीमेण्ट फैक्ट्री आज पंजाब की हो चुकी होती लेकिन दो करोड़ रुपये की factory की Machinery आज सूबा से बाहिर ले जाने की इजाज़त दे दी । क्यों न वह factory वापिस ला कर पंजाब में सीमेंट का मसला हल किया जाए? डिप्टी स्पीकर साहिबा, मैं हाउस को चेतावनी दिलाना चाहता हूँ कि उन्होंने जो transport पर tax लगाया है यह उनसे वसूल नहीं करेगी बल्कि उनसे मिलकर लाखों रुपये election लड़ने के लिये हासिल करेंगे । आज पांच एकड़ वाले किसान के लिये हम इस सरकार से मांग करते हैं कि उन पर tax न लगाया जाए । डिप्टी स्पीकर साहिबा, इनका Agriculture Deptt. कहता है कि फी एकड़ से दो मन औसतन अनाज पैदा होता है । इसका मतलब है कि पांच एकड़ से 10 मन हुआ । व्यापारियों को तो 4 हजार से ऊपर वाले को tax लगाते हैं लेकिन किसान जिसकी 10 मन पैदावार हो उस पर टैक्स लगाया जा रहा है । जो किसान चमासे में खेतों में दोपहर को घूमता है, फिर बीमार हो जाता है और जिसके पास दवाई के लिये पैसे नहीं होते इस सरकार को उस पर रहम करना चाहिए । मैं आपका ज्यादा समय न लेता हुआ एक बात और कहना चाहता हूँ । हमारी सरकार बहुत सियानी सरकार है, जब यह बाहिर मीटिंग करते हैं तो सोशलिज्म का नारा लगाते हैं 'ईश्वर अल्ला तेरा नाम सब को सम्मति दे भगवान" वब्लिक में तो इस हेरा फेरी से काम लेते हैं। कांग्रेस के member यहां पर तो कहते हैं कि tax नहीं लगना चाहिए लेकिन जब लाइब्रेरी के परली तरफ जाते हैं तो कहते हैं "राम किशन, दरबारा ढिलन तेरे नाम हम को परमिट कोटा दे भगवान ।" तो इस तरह से यह लोगों को धोखा देते हैं । इनके मुंह में राम राम और बगल में छुरी है । इस तरह की सरकार ज़्यादा देर तक नहीं चल सकती । मैं कहता हूँ कि किसानों के साथ सौतेली मां का सलूक न करो । एक तरफ मेहनत करने वालों को बरबाद किया जा रहा है और लुटेरों की हौसला अफजाई की जाती रही है ताकि वह लूट कसूट करते रहें । यह बात मुनासिब नहीं है । मैं तो कहता हूँ कि भगवान इन से देश को छुटकारा करवाये ।

श्री **बलरामजी दास टण्डन** (अमृतसर शहर पश्चिम) : डिप्टी स्पीकर साहिबा, इस बिल की अब तीसरी reading है जिसके ऊपर काफी बहस हो चुकी है । मैं एक दो बातें कह कर उम्मीद करता हूँ कि गवर्नमेंट उन बातों को ध्यान में रखते हुए इस बिल के बारे में दोबारा गौर करने की कोशिश करेगी । इसमें शक की बात नहीं कि सरकार को कुछ अपने कामों के लिये पैसा चाहिए जिसके अंदर defence और दूसरे देश की भलाई के काम आते हैं । लेकिन जहां तक पंजाब सरकार का ताल्लुक है, हमें इस बात का अफसोस है कि इनको जिस ढंग से प्लैनिंग कमीशन के सामने या Centre के सामने पंजाब का case रखना चाहिए था वैसे इन्होंने नहीं रखा । लेकिन थोड़ी देर के लिये अगर यह समझ लिया जाए कि सरकार ने अच्छी तरह से अपना case रखा लेकिन प्लेनिंग कमीशन और Central Government ने हमारे case को sympathetically consider नहीं किया, मगर डिप्टी स्पीकर साहिबा, आप जानते हैं कि पंजाब के अंदर जो बड़े बड़े अफसरान लगे हुए हैं वह खुद कहते हैं कि I.A.S. और I.C.S. जो bulky ढांचा बनाया हुआ है, उस में सरकार बड़ी आसानी के साथ 1/3rd reduction कर सकती है जिससे efficiency पर भी असर नहीं पड़ सकता ।

[श्री बलरामजी दास टंडन]

डिप्टी स्पीकर साहिबा, अगर दफ्तरों में रिडक्शन कर दी जाए, तो उससे सरकार को 15–20 करोड़ रुपये की बचत हो सकती है। इसके बारे में आई.ए.एस. आफिसर्ज़ एसोसीएशन ने भी सरकार को लिख कर दिया था।

7-00 p.m.

उन्होंने सरकार को यह लिख कर राष्ट्रीयता की भावना दिखाई है। हमने इसी सैशन में यह मामला सरकार के नोटिस में लाया था लेकिन पता नहीं कि सरकार इस तरफ क्यों नहीं ध्यान देती। इसके लिये सरकार को एक कमेटी बनानी चाहिए। इस कमेटी में ट्रेज़री बैंचिज़ और आपोजीशन बैंचिज की तरफ से कुछ रीप्रीजेंटेटिव लिये जाने चाहिएं और साथ में उक्त एसोसीएशन के कुछ रीप्रीजेंटेटिव लिये जाने चाहिए। सरकार को चाहिए कि वह कमेटी दो-तीन महीने के अन्दर अपनी रिपोर्ट सरकार को दे ताकि जल्दी ही इस रिपोर्ट पर अमल किया जा सके। ऐसा मालूम देता है कि सरकार इस विषय में सीरियस नहीं है क्योंकि सरकार ने हमारे कहने के बावजूद भी कोई कदम नहीं उठाया है। इस समय देश के, विशेषत: पंजाब के लोगों के अन्दर कौमी जज़बात भरे हुए हैं। यही कारण है कि आई.ए.एस. आफिसर्ज की एसोसिएशन ने सरकार को रिडक्शन के द्वारा बचत करने के लिये कहा है। एक तरफ 15–20 करोड़ रुपये की बचत हो सकती है लेकिन सरकार उस तरफ कोई ध्यान नहीं दे रही है लेकिन दूसरी तरफ इस टैक्स के द्वारा 40 लाख रुपये ही इकट्ठे किये जायेंगे। अगर सरकार 5 एकड़ जमीन रखने वाले को छूट दे देगी तो हो सकता है कि इस टैक्स के द्वारा 30 लाख रुपये इकट्ठे किये जायेंगे जिस से सरकार को कोई खास फर्क नहीं पड़ेगा। आपको पता ही होगा कि मंत्रियों को एक एक मैम्बर के पास जाकर मिन्नतें करनी पड़ रही है कि भगवान के वास्ते इस बिल के बारे में सरकार को क्रिटीसाइज न किया जाए और सरकार को एम्बैरेसिंग पोजीशन में न डाला जाए। मुझे पता नहीं लगता क सरकार इस बिल को पास कराने में क्यों बजिद है। सरकार ने पहले जब यह बिल लागू किया था तो उस वक्त हाउस में वायदा किया था कि यह बिल दोबारा किसानों पर लागू नहीं किया जायगा। इससे सरकार को कोई ज्यादा आमदनी नहीं होने वाली है। सरकार तो लोगो को इस बिल के द्वारा तंग करना चाहती है। किसानो की हालत बहुत खराब हो चुकी है। किसान टैक्स दे करने के काबिल नहीं हैं। जहां पर सरकार बचत कर सकती है, उधर कोई ध्यान नहीं देती है। अगर सरकार यह समझती है कि प्लैनिंग कमीशन वाले इस टैक्स को कुलैक्ट करने वाले सोर्स को छोड़ने से नाराज होंगे, मैं समझता हूँ, यह ऐसी बात नहीं हो सकती है। अगर उनको किसानों की सही हालत का जायजा कराया जाए तो वह इस टैक्स को खत्म करने के हक में हो जायेंगे। अगर सरकार 5 एकड़ वाले किसानों को इस टैक्स से छूट दे देती तो मैं समझता हूँ कि इस बिल की आपोजीशन की तरफ से और ट्रेजरी बैंचिज़ की तरफ से इतनी टफ आपोजीशन न होती। अन्त में मैं सरकार से प्रार्थना करना चाहता हूँ कि अगर सरकार ने डिवैल्पमेंट के लिये रुपया इकट्ठा करना है तो सरकार को दफ्तरों के स्टाफ में रिडक्शन करनी चाहिए। मैं सरकार से मांग करता हूँ कि वह हाउस में इस बारे में कमेटी बनाने के लिये एसोरेंश दें ताकि वह कमेटी तीन महीनों के अन्दर अपनी रिपोर्ट दें। इस वक्त किसानों पर टैक्स न लगाया जाए। उनको टैक्स में रियायत देने की ज़रूरत है। मैं इस बिल की मुखालफत करता हूँ।

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਮੈਡਮ। ਡਿਪਟੀ ਸਪੀਕਰ ਸਾਹਿਬਾ, ਮੈਂ ਆਪ ਜੀ ਨੂੰ ਚੁਪ ਪੀੜਤਾਂ ਨੂੰ ਸਪਲਾਈ ਕੀਤੀਆਂ ਗਈਆਂ ਚੀਜ਼ਾਂ ਦੇ ਬਾਰੇ

ਕਮੇਟੀ ਅਪਾਇੰਟ ਕਰਨ ਦੇ ਬਾਰੇ ਰਿਕਵੈਸਟ ਕੀਤੀ ਸੀ । ਮੈਨੂੰ ਆਸ ਹੈ ਕਿ ਆਪ ਨੇ ਉਹ ਕਮੇਟੀ ਬਣਾ ਲਈ ਹੋਵੇਗੀ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਕਮੇਟੀ ਸ਼ਿਕਾਇਤਾਂ ਦੇ ਬਾਰੇ ਕਦੋਂ ਇਨਕੁਆਇਰੀ ਕਰੇਗੀ ?

उपाध्यक्षा : कमेटी किसने कायम की है? (Who has constituted the Committee ?)

ਸਰਦਾਰ ਨਰਾਇਨ ਸਿੰਘ ਸ਼ਾਹਬਾਜ਼ਪੁਰੀ : ਆਪ ਜੀ ਨੇ ਕਲ ਕਿਹਾ ਸੀ ।

उपाध्यक्षा : मैं ने आपको कहा था कि आप मुझे लिखकर दे दें। आपकी दरखास्त मेरे दफतर ने मेरे सामने रखी थी लेकिन मैं किसी कमेटी को बनाने की मजाज नहीं रखती हूं। गवर्नमेंट के पास कमेटी मकर्रर करने की पावर है। (I had requested the hon. Member to send his suggestion to me in writing. His request was placed before me by my office but I am not competent to appoint such a Committee. Power to appoint such a Committee vests with the Government)

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : ਡਿਪਟੀ ਸਪੀਕਰ ਸਾਹਿਬਾ, ਇਹ ਮਾਮਲਾ ਹਾਊਸ ਵਿੱਚ ਉਠਾਇਆ ਗਿਆ । ਇਸ ਲਈ ਆਪ ਨੂੰ ਇਸ ਮਾਮਲੇ ਦੀ ਜਾਂਚ ਕਰਨ ਲਈ ਕਮੇਟੀ ਮੁਕਰਰ ਕਰਨ ਦੀ ਪਾਵਰ ਹੈ । ਪਹਿਲਾਂ ਵੀ ਇਹ ਮਾਮਲਾ ਹਾਊਸ ਵਿੱਚ ਉਠਾਇਆ ਗਿਆ ਸੀ । ਸਪੀਕਰ ਸਾਹਿਬ ਨੇ ਇਸ ਮਾਮਲੇ ਦੀ ਜਾਂਚ ਲਈ ਕਮੇਟੀ ਮੁਕਰਰ ਕੀਤੀ ਸੀ । (ਵਿਘਨ)

उपाध्यक्षा : यह बात मेरे नोटिस में नहीं है कि स्पीकर साहिब ने जांच करने के लिए कोई कमेटी मुकर्रर की थी । अगर आप यह बात पहले मेरे नोटिस में लाते तो देख लेती । (विघ्न) (It is not in my knowledge that the hon. Speaker constituted any Committee to look into this matter. Had the hon. Member brought this matter to my notice earlier, I would have thought over it.) (*Interruption*)

ਸਰਦਾਰ ਤਾਰਾ ਸਿੰਘ ਲਾਇਲਪੁਰੀ (ਨਾਗੋਕੇ, ਐਸ. ਸੀ.) : ਡਿਪਟੀ ਸਪੀਕਰ ਸਾਹਿਬਾ, ਇੰਡੋ-ਪਾਕਿਸਤਾਨ ਦੀ ਲੜਾਈ ਵਿੱਚ ਪੰਜਾਬ ਦੇ ਲੋਕਾਂ ਨੇ ਕੁਰਬਾਨੀ ਕੀਤੀ ਹੈ । ਇਸ ਕੁਰਬਾਨੀ ਉੱਤੇ ਸਾਰੇ ਦੇਸ਼ ਨੂੰ ਫ਼ਖ਼ਰ ਹੈ । ਇਸ ਲੜਾਈ ਦੇ ਮੌਕੇ ਪੰਜਾਬ ਦੇ ਕਿਸਾਨਾਂ ਨੂੰ ਬਹੁਤ ਨੁਕਸਾਨ ਹੋਇਆ ਹੈ। ਲੇਕਿਨ ਸਰਕਾਰ ਨੇ ਪਹਿਲਾਂ ਪੰਜਾਬ ਦੇ ਟਰਾਂਸਪੋਰਟਰਜ਼ ਉੱਤੇ ਟੈਕਸ ਲਾਇਆ ਹੈ। ਡਿਪਟੀ ਸਪੀਕਰ ਸਾਹਿਬਾ, ਆਪ ਨੂੰ ਪਤਾ ਹੀ ਹੈ ਕਿ ਟਰੱਕਾਂ ਵਾਲਿਆਂ ਨੇ ਕਿਸ ਤਰ੍ਹਾਂ ਫੌਜ ਦੇ ਨਾਲ ਕੰਧੇ ਨਾਲ ਕੰਧਾ ਮਿਲਾ ਕੇ ਦੇਸ਼ ਦੀ ਸੇਵਾ ਕੀਤੀ । ਲੇਕਿਨ ਉਸ ਕੁਰਬਾਨੀ ਦਾ ਸਿਲਾ ਸਰਕਾਰ ਨੇ ਜਿਹੜਾ ਉਨ੍ਹਾਂ ਨੂੰ ਦਿੱਤਾ ਉਹ ਕਿਸੇ ਤੋਂ ਭੀ ਭੁਲਿਆ ਹੋਇਆ ਨਹੀਂ ਹੈ । ਇਸ ਦੇ ਬਾਅਦ ਕਿਸਾਨਾਂ ਨੇ ਸਰਕਾਰ ਦੀ ਮਨ ਲਾ ਕੇ ਸੇਵਾ ਕੀਤੀ । ਦੇਸ਼ ਲਈ ਖੇਤੀ ਦੀ ਪੈਦਾਵਾਰ ਵਿੱਚ ਇਜ਼ਾਫਾ ਕਰਦੇ ਹਨ ਅਤੇ ਆਪਣੇ ਬੱਚੇ ਦੇਸ਼ ਦੀ ਰਖਿਆ ਲਈ ਫੌਜ ਵਿੱਚ ਭਰਤੀ ਕਰਾਂਦੇ ਹਨ। ਪੰਜਾਬ ਦੇ ਕਿਸਾਨ ਨੇ ਦੇਸ਼ ਦੀ ਤਨ, ਮਨ ਅਤੇ ਧਨ ਦੇ ਨਾਲ ਸੇਵਾ ਕੀਤੀ ਹੈ। ਲੇਕਿਨ ਇਸ ਦੇ ਇਵਜ਼ ਸਰਕਾਰ ਇਨ੍ਹਾਂ ਕਿਸਾਨਾਂ ਉੱਤੇ ਟੈਕਸ ਲਾ ਰਹੀ

[ਸਰਦਾਰ ਤਾਰਾ ਸਿੰਘ ਲਾਇਲਪੁਰੀ]

ਹੈ। ਇਹ ਮੈਂ ਮੰਨਦਾ ਹਾਂ ਕਿ ਸਰਕਾਰ ਨੂੰ ਡਿਵੈਲਪਮੈਂਟ ਲਈ ਰੁਪਏ ਦੀ ਲੋੜ ਹੁੰਦੀ ਹੈ। ਲੇਕਿਨ ਜਿਸ ਢੰਗ ਦੇ ਨਾਲ ਸਰਕਾਰ ਟੈਕਸ ਲਾ ਰਹੀ ਹੈ ਉਹ ਅਨਡੈਮੋਕਰੇਟਿਕ ਢੰਗ ਹੈ। ਕਿਸਾਨ ਦੀ ਹਾਲਤ ਪਹਿਲਾਂ ਹੀ ਬਹੁਤ ਖਰਾਬ ਹੋ ਚੁੱਕੀ ਹੈ। ਉਸ ਨੂੰ ਹੋਰ ਤੰਗ ਨਾ ਕਰੋ। ਉਸ ਨੂੰ ਕੁਰਬਾਨੀ ਦਾ ਬਕਰਾ ਨਾ ਬਣਾਇਆ ਜਾਵੇ। ਕਿਸਾਨਾਂ ਨੂੰ ਵਕਤ ਉੱਤੇ ਨਾ ਪਾਣੀ ਅਤੇ ਨਾ ਹੀ ਖਾਦ ਮਿਲਦਾ ਹੈ। ਉਨ੍ਹਾਂ ਨੂੰ ਬੀਜਾਈ ਦੇ ਮੌਕੇ ਬੀਜ ਨਹੀਂ ਮਿਲਦਾ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਿਸਾਨਾਂ ਉੱਤੇ ਪਹਿਲਾਂ ਹੀ ਕਾਫੀ ਟੈਕਸ ਲੱਗੇ ਹੋਏ ਹਨ। ਉਹ ਆਪਣਾ ਗੁਜ਼ਾਰਾ ਬਹੁਤ ਮੁਸ਼ਕਲ ਦੇ ਨਾਲ ਕਰਦੇ ਹਨ।

ਡਿਪਟੀ ਸਪੀਕਰ ਸਾਹਿਬਾ, ਇਸ ਲੜਾਈ ਦੇ ਮੌਕੇ ਕਿਸਾਨਾਂ ਨੇ ਦੇਸ਼ ਦੀ ਬੜੀ ਸੇਵਾ ਕੀਤੀ। ਪਿੰਡਾਂ ਵਿੱਚ ਕਿਸਾਨਾਂ ਨੇ ਕਾਫੀ ਤਾਦਾਦ ਵਿੱਚ ਛਾਤਾ ਬਰਦਾਰ ਪਕੜ ਕੇ ਸਰਕਾਰ ਦੇ ਹਵਾਲੇ ਕੀਤੇ। ਲੇਕਿਨ ਮੈਨੂੰ ਬਹੁਤ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਸਰਕਾਰ ਦੇ ਉਸ ਕੁਰਬਾਨੀ ਦਾ ਸਿਲਾ ਕਿਸਾਨਾਂ ਨੂੰ ਇਹ ਟੈਕਸ ਦਿੱਤਾ ਹੈ।

ਡਿਪਟੀ ਸਪੀਕਰ ਸਾਹਿਬਾ, ਪੰਜਾਬ ਦੀ ਜਨਤਾ ਨੇ ਸਾਰੇ ਦੇਸ਼ ਦੀ ਰਖਿਆ ਕੀਤੀ ਹੈ। ਇਸ ਲੜਾਈ ਵਿੱਚ ਪੰਜਾਬ ਦਾ ਬਹੁਤ ਨੁਕਸਾਨ ਹੋਇਆ ਹੈ। ਇਸ ਵੇਲੇ ਪੰਜਾਬ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ। ਇਸ ਲਈ ਪੰਜਾਬ ਦਾ ਸਾਰਾ ਖਰਚ ਸੈਂਟਰ ਗੌਰਮਿੰਟ ਨੂੰ ਬਰਦਾਸ਼ਤ ਕਰਨਾ ਚਾਹੀਦਾ ਹੈ। ਇਸ ਬਾਰੇ ਸਾਡੀ ਸਰਕਾਰ ਨੂੰ ਪਲੈਨਿੰਗ ਕਮੀਸ਼ਨ ਦੇ ਮੈਂਬਰਾਂ ਨੂੰ ਕਨਵਿੰਸ ਕਰਾਉਣਾ ਚਾਹੀਦਾ ਹੈ ਤਾਕਿ ਪੰਜਾਬ ਦੀ ਮਦਦ ਲਈ ਰੁਪਿਆ ਮਿਲ ਸਕੇ ਜਿਸ ਦੇ ਨਾਲ ਪੰਜਾਬ ਵਿੱਚ ਡਿਵਲਪਮੈਂਟ ਹੋ ਸਕੇ।

ਡਿਪਟੀ ਸਪੀਕਰ ਸਾਹਿਬਾ, ਸਰਕਾਰ industrialist ਦੀ ਬਹੁਤ ਮਦਦ ਕਰਦੀ ਹੈ। ਇਨ੍ਹਾਂ ਨੂੰ ਕਰਜ਼ਾ 3 ਪਰ ਸੈਂਟ ਦੇ ਹਿਸਾਬ ਨਾਲ ਦਿੱਤਾ ਜਾਂਦਾ ਹੈ ਅਤੇ ਕਿਸਾਨਾਂ ਨੂੰ 9 ਪਰ ਸੈਂਟ ਦੇ ਹਿਸਾਬ ਨਾਲ ਦਿੱਤਾ ਜਾਂਦਾ ਹੈ। ਅਗਰ ਕਿਸੇ ਵੇਲੇ ਟੈਕਸ ਲਾਉਣ ਦੀ ਗੱਲ ਆਉਂਦੀ ਹੈ ਤਾਂ ਕਿਸਾਨਾਂ ਉੱਤੇ ਹੀ ਕੁਲਹਾੜਾ ਚਲਾਇਆ ਜਾਂਦਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਵੇਲੇ ਕਿਸਾਨਾਂ ਉੱਤੇ ਟੈਕਸ ਲਾਉਣ ਦਾ ਮੌਕਾ ਨਹੀਂ ਹੈ।

Deputy Speaker : Kindly wind up.

ਸਰਦਾਰ ਤਾਰਾ ਸਿੰਘ ਲਾਇਲਪੁਰੀ : ਜਿਨ੍ਹਾਂ ਕਿਸਾਨਾਂ ਨੇ ਦੇਸ਼ ਦੇ ਲਈ ਕੁਰਬਾਨੀਆਂ ਕੀਤੀਆਂ ਹਨ, ਪਾਕਿਸਤਾਨ ਬਣਨ ਦੇ ਵੇਲੇ ਆਜ਼ਾਦੀ ਦੀ ਕੀਮਤ ਅਦਾ ਕੀਤੀ ਸੀ ਉਨ੍ਹਾਂ ਤੇ ਟੈਕਸ ਨਹੀਂ ਲਗਣਾ ਚਾਹੀਦਾ। ਇਹ ਰੁਪਿਆ ਸਾਰੇ ਦਾ ਸਾਰਾ ਪੰਜਾਬ ਗੌਰਮਿੰਟ ਨੂੰ ਸੈਂਟਰਲ ਗੌਰਮਿੰਟ ਕੋਲੋਂ ਮੰਗਣਾ ਚਾਹੀਦਾ ਹੈ। ਇਹ ਕਾਲਾ ਬਿਲ ਹੈ, ਮਨਹੂਸ ਬਿਲ ਹੈ। (*Interruption*) ਇਹ ਪਾਸ ਨਹੀਂ ਕਰਨਾ ਚਾਹੀਦਾ .....

ਡਾਕਟਰ ਬਲਦੇਵ ਪ੍ਰਕਾਸ਼ : ਡਿਪਟੀ ਸਪੀਕਰ ਸਾਹਿਬਾ, ਟ੍ਰੈਯਰੀ ਬੈਂਚਾਂ ਵਾਲੇ ਸਾਨੂੰ ਬੋਲਣ ਨਹੀਂ ਦੇ ਰਹੇ। ਜਦੋਂ ਵੀ ਕੋਈ ਉਠਦਾ ਹੈ ਤਾਂ ਥੰਪਿੰਗ ਕਰਦੇ ਹਨ। ਜੇਕਰ ਇਹ ਇਸੇ ਤਰ੍ਹਾਂ ਕਰਦੇ ਰਹੇ ਤਾਂ ਹਾਊਸ ਸੁਬਹ ਤਕ ਚਲੇਗਾ, ਅਸਾਂ ਬੋਲਣਾ ਬੰਦ ਨਹੀਂ ਕਰਨਾ।

ਡਿਪਟੀ ਸਪੀਕਰ : ਡਾਕਟਰ ਬਲਦੇਵ ਪ੍ਰਕਾਸ਼ ਜੀ, ਹਾਊਸ ਤਾਂ ਮੇਰੀ ਮਰਜ਼ੀ ਨਾਲ ਚਲਣਾ ਹੈ। (*Addressing Dr. Baldev Parkash*) (I have to conduct the proceedings of the House.)

ਸਰਦਾਰ ਤਾਰਾ ਸਿੰਘ ਲਾਇਲਪੁਰੀ : ਇਹ ਗਰੀਬ ਜ਼ਿਮੀਂਦਾਰਾਂ ਤੇ ਲਾਗੂ ਹੋਣਾ ਹੈ ਉਨ੍ਹਾਂ ਦੇ ਹਾਲਾਤ ਪਹਿਲੇ ਹੀ ਦਿਗਰਗੂੰ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੇ ਭਲੇ ਦੀ ਖਾਤਿਰ ਇਹ ਬਿਲ ਵਾਪਸ ਲੈ ਲਵੇ ।

ਸਰਦਾਰ ਗੁਰਚਰਨ ਸਿੰਘ : On a point of order. ਮੈਂ ਸਿਰਫ ਅੱਧੇ ਮਿੰਟ ਲਈ ਇਕ ਗੱਲ ਕਰਨੀ ਹੈ। ਮੈਂ ਤਕਰੀਰ ਨਹੀਂ ਕਰਨੀ । ਮੈਨੂੰ ਆਗਿਆ ਦੇ ਦਿਉ ।

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ (ਨਿਹਾਲ ਸਿੰਘ ਵਾਲਾ) : ਡਿਪਟੀ ਸਪੀਕਰ ਸਾਹਿਬਾ, ਜੇਕਰ ਮੈਨੂੰ interrupt ਨਾ ਕੀਤਾ ਗਿਆ ਤਾਂ ਮੈਂ ਤਿੰਨਾਂ ਮਿੰਟਾਂ ਵਿੱਚ ਆਪਣੇ ਪੁਆਇੰਟਸ ਰਖ ਦੇਵਾਂਗਾ ।

ਪਹਿਲੀ ਰੀਡਿੰਗ ਦੇ ਵੇਲੇ ਮੇਜਰ ਹਰਿੰਦਰ ਸਿੰਘ ਹੋਰਾਂ ਨੇ ਦੋ-ਤਿੰਨ ਨੁਕਤੇ ਉਠਾਏ ਸਨ, ਉਨ੍ਹਾਂ ਦੇ ਬਾਰੇ ਅਸੀਂ ਆਪਣੇ ਵਿਚਾਰ ਰਖਣੇ ਬੜੇ ਜ਼ਰੂਰੀ ਸਮਝਦੇ ਹਾਂ। ਇਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਬੜਾ ਬਹਾਦਰ ਸੂਬਾ ਹੈ, ਇਹ ਮੰਗਤਿਆਂ ਦੀ ਤਰ੍ਹਾਂ ਸੈਂਟਰ ਵਲ ਨਹੀਂ ਵੇਖਣਾ ਚਾਹੁੰਦਾ ਕਿਉਂਕਿ ਮੈਂਬਰਾਂ ਨੇ ਕਿਹਾ ਸੀ ਕਿ ਸੈਂਟਰ ਕੋਲੋਂ ਰੁਪਿਆ ਮੰਗੋ। ਮੈਂ ਤੁਹਾਡੀ ਰਾਹੀਂ ਮੇਜਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਬਹਿਸ ਸ਼ੁਰੂ ਹੋਈ ਸੀ ਤਾਂ ਦਸਿਆ ਗਿਆ ਸੀ ਕਿ 70 ਲੱਖ ਰੁਪਏ ਵਿਚੋਂ 30 ਲੱਖ ਰੁਪਿਆ ਮਾਫ ਕਰਕੇ 40 ਲੱਖ ਰੁਪਿਆ ਬਾਕੀ ਰਹਿ ਜਾਵੇਗਾ ਜਿਹੜਾ ਵਸੂਲ ਕਰਨਾ ਹੈ । ਮੇਰੀ ਅਰਜ਼ ਹੈ ਕਿ ਪੰਜਾਬ ਵਿੱਚ ਅਜਿਹੇ ਸੋਰਸਿਜ਼ ਹਨ ਜਿਨ੍ਹਾਂ ਵਿਚੋਂ ਇਹ ਰੁਪਿਆ ਹਾਸਲ ਕੀਤਾ ਜਾ ਸਕਦਾ ਹੈ ਅਤੇ ਉਸ ਹਾਲਤ ਵਿੱਚ ਸੈਂਟਰ ਕੋਲੋਂ ਮਗਣ ਦੀ ਲੋੜ ਨਹੀਂ ਰਹਿ ਜਾਵੇਗੀ । ਫਾਈਨੈਂਸ ਮਨਿਸਟਰ ਸਾਹਿਬ ਨੇ ਵੀ ਇਹ ਕਿਹਾ ਸੀ ਕਿ ਜੇਕਰ ਸਟੇਟ ਟ੍ਰੇਡਿੰਗ ਕਰ ਲਈ ਜਾਵੇ ਤਾਂ 8 ਕਰੋੜ ਰੁਪਏ ਦੀ ਇਨਕਮ ਹੋ ਸਕਦੀ ਹੈ । ਇਹ ਇਨ੍ਹਾਂ ਦੇ ਆਪਣੇ ਵਜ਼ੀਰ ਦੀ ਰਾਏ ਹੈ। ਇਨ੍ਹਾਂ ਨੂੰ ਸਟੇਟ ਟ੍ਰੇਡਿੰਗ ਕਰ ਲੈਣੀ ਚਾਹੀਦੀ ਹੈ ।

ਦੂਸਰੀ ਗੱਲ ਇਹ ਹੈ ਕਿ ਹਰ ਸਾਲ ਇਥੇ ਪੈਪਸੂ ਅਤੇ ਪੰਜਾਬ ਟਰਾਂਸਪੋਰਟ ਦੀ ਰਿਪੋਰਟ ਪੇਸ਼ ਹੁੰਦੀ ਹੈ । ਉਸ ਵਿੱਚ ਦਸਿਆ ਜਾਂਦਾ ਹੈ ਕਿ ਤਿੰਨ-ਚਾਰ ਕਰੋੜ ਰੁਪਿਆ ਹਰ ਸਾਲ ਗੌਰਮਿੰਟ ਨੂੰ ਬਚਦਾ ਹੈ । ਅਜੇ ਅੱਧੀ ਨੈਸ਼ਨਲਾਈਜ਼ੇਸ਼ਨ ਹੋਈ ਹੈ। ਜੇਕਰ ਕੰਪਲੀਟ ਨੈਸ਼ਨਲਾਈਜ਼ੇਸ਼ਨ ਕਰ ਲਈ ਜਾਵੇ ਤਾਂ ਤਿੰਨ-ਚਾਰ ਕਰੋੜ ਰਪਏ ਦੀ ਹੋਰ ਆਮਦਨੀ ਹੋ ਸਕਦੀ ਹੈ

ਤੀਸਰੀ ਗੱਲ ਮੈਂ ਕਹਾਂਗਾ ਕਿ ਇਥੇ ਟੰਡਨ ਜੀ ਨੇ ਵੀ ਪਹਿਲੇ ਜ਼ਿਕਰ ਕੀਤਾ ਹੈ ਕਿ ਪੰਜਾਬ ਵਿੱਚ ਟਾਪ-ਹੈਵੀ ਐਡਮਨਿਸਟਰੇਸ਼ਨ ਹੈ ਜੇਕਰ ਉਹਦੇ ਵਿੱਚ ਵੀ ਕਟੌਤੀ ਹੋ ਜਾਵੇ ਤਾਂ ਅਵਲ ਤਾਂ ਜ਼ਿਆਦਾ ਨਹੀਂ ਤਾਂ ਇਕ ਕਰੋੜ ਰੁਪਏ ਦੇ ਕਰੀਬ ਬਚਤ ਹੋ ਸਕਦੀ ਹੈ। ਹੋਰ ਵੀ ਕਈ ਫਜ਼ੂਲ ਖਰਚ ਹਨ ਜਿਨ੍ਹਾਂ ਨੂੰ ਬੰਦ ਕਰਕੇ ਰੁਪਿਆ ਬਚਾਇਆ ਜਾ ਸਕਦਾ ਹੈ। ਕਈਆਂ ਪਾਰਟੀਆਂ ਨੂੰ ਅਜੇ ਤਕ ਜਗੀਰਾਂ ਦਿੱਤੀਆਂ ਜਾਂਦੀਆਂ ਹਨ। ਕਾਂਗੜੇ ਦੇ ਰਾਜੇ ਕੁਠਿਆਲ ਨੂੰ ਜਗੀਰ ਦਿੱਤੀ ਜਾਂਦੀ ਹੈ ਉਸਨੂੰ ਬੰਦ ਕਰਕੇ ਰੁਪਿਆ ਬਚਾਇਆ ਜਾ ਸਕਦਾ ਹੈ ਫਿਰ ਸੈਂਟਰ ਵਲ। ਵੇਖਣ ਦੀ ਲੋੜ ਨਹੀਂ ਰਹੇਗੀ। ਲੱਖਾਂ ਨਹੀਂ ਬਲਕਿ ਕਰੋੜਾਂ ਰੁਪਏ ਸਾਡੀ ਗੌਰਮਿੰਟ ਨੂੰ ਮਿਲ ਜਾਣਗੇ। ਜੇਕਰ ਇਹ ਕਰ ਲੈਣ ਤਾਂ ਘਾਟੇ ਦਾ ਬਜਟ ਨਹੀਂ ਰਹੇਗਾ।

ਇਨ੍ਹਾਂ ਨੇ ਕਿਹਾ ਹੈ ਕਿ ਫਸਲਾਂ ਮੈਚਿਉਰ ਹੋਣਗੀਆਂ ਤਾਂ ਉਨ੍ਹਾਂ ਤੇ ਸੈਸੱ ਲਗਾਇਆ ਜਾਵੇਗਾ। ਮੈਂ ਅਰਜ਼ ਕਰਦਾ ਹਾਂ ਕਿ ਨਹਿਰੀ ਪਟਵਾਰੀਆਂ ਨੇ ਕਦੇ ਵੀ ਠੀਕ ਗਿਰਦਾਵਰੀ ਕਰਕੇ ਰਿਪੋਰਟ ਨਹੀਂ ਦੇਣੀ । ਉਹ ਮਾਲੀਏ ਦੀ ਮਾਫੀ ਦਾ ਐਲਾਨ ਤਾਂ ਕਰਦੇ ਹਨ ਪਰ ਆਬਿਆਨੇ ਦੀ ਮਾਫੀ

[ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ]

ਦਾ ਐਲਾਨ ਕਦੇ ਨਹੀਂ ਕਰਦੇ। ਉਨ੍ਹਾਂ ਨੇ ਕਦੇ ਨਹੀਂ ਕਹਿਣਾ ਕਿ ਫਸਲਾਂ ਮੈਚਿਉਰ ਨਹੀਂ ਹੋਈਆਂ, ਤਬਾਹ ਹੋ ਗਈਆਂ ਹਨ, ਇਨ੍ਹਾਂ ਨੂੰ ਪਾਣੀ ਨਹੀਂ ਮਿਲਿਆ(*Interruption*) ਇਸ ਵਾਰੀ ਕਪਾਹ ਦਾ ਨੁਕਸਾਨ ਹੋਇਆ ਹੈ, ਕਮਾਦ ਦਾ ਨੁਕਸਾਨ ਹੋਇਆ ਹੈ ਇਸੇ ਤਰ੍ਹਾਂ ਪਾਣੀ ਨਾ ਮਿਲਣ ਕਰਕੇ ਮਿਰਚਾਂ ਦਾ ਵੀ ਨੁਕਸਾਨ ਹੋਇਆ ਹੈ, ਕੀ ਕਦੀ ਪਟਵਾਰੀਆਂ ਨੇ ਖਰਾਬੇ ਦੀ ਰਿਪੋਰਟ ਕੀਤੀ ਹੈ ? ਰੀਕਾਰਡ ਵਿੱਚ ਤਾਂ ਫਸਲਾਂ ਅਜੇ ਵੀ ਬੜੀਆਂ ਚੰਗੀਆਂ ਵਿਖਾਈਆਂ ਗਈਆਂ ਹਨ। ਜਦੋਂ ਜ਼ਮੀਨ ਵਿੱਚ ਬੀ ਸੁਟ ਦਿੱਤਾ ਜਾਵੇ ਤਾਂ ਪਟਵਾਰੀ ਤਾਂ ਉਸੇ ਵੇਲੇ ਫਸਲ ਦੀ ਮੈਚਿਉਰਿਟੀ ਦੀ ਰਿਪੋਰਟ ਦੇ ਦਿੰਦੇ ਹਨ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਕੋਈ ਅਜਿਹੀ agency ਮੁਕੱਰਰ ਕਰ ਦੇਵੇ ਜਿਹੜੀ ਕਿ ਫਸਲਾਂ ਦੀ ਮੈਚਿਉਰਿਟੀ ਦੀ ਠੀਕ ਰਿਪੋਰਟ ਭੇਜੇ। ਪੁਰਾਣੇ ਢਾਂਚੇ ਦਾ ਸਾਨੂੰ ਤਜਰਬਾ ਹੈ ਕਿ ਰਿਪੋਰਟ ਉਹੋ ਹੋਵੇਗੀ।

ਆਖਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਬਿਲ ਤਾਂ ਇਨ੍ਹਾਂ ਨੇ ਪਾਸ ਕਰਵਾ ਲੈਣਾ ਹੈ ਪਰ ਜਵਾਬੀ ਤਕਰੀਰ ਵਿੱਚ ਵਜ਼ੀਰ ਸਾਹਿਬ ਇਕ ਗੱਲ ਜ਼ਰੂਰ ਮੰਨ ਲੈਣ। ਇਨ੍ਹਾਂ ਨੇ ਸੇਲਜ਼ ਟੈਕਸ ਵਿੱਚ ਕਿੰਨੀਆਂ ਹੀ amendments ਮੰਨ ਲਈਆਂ ਹਨ। ਜੇਕਰ ਮੇਜਰ ਸਾਹਿਬ ਵੀ ਉਸੇ ਫਰਾਖ ਦਿਲੀ ਦਾ ਸਬੂਤ ਦੇਣ ਜਿਹੜੀ ਕਿ ਸਰਦਾਰ ਕਪੂਰ ਸਿੰਘ ਹੋਰਾਂ ਨੇ ਵਿਖਾਈ ਹੈ ਤਾਂ ਇਨ੍ਹਾਂ ਨੂੰ ਵੀ ਵਧਾਈਆਂ ਮਿਲਣਗੀਆਂ। ਇਨ੍ਹਾਂ ਨੇ ਮੰਨਿਆ ਹੈ ਕਿ ਪੰਜਾਬ ਵਿੱਚ ਇਕਾਨੌਮਿਕ ਹੋਲਡਿੰਗ $4\frac{1}{2}$ ਏਕੜ ਹੈ, ਜੇਕਰ, ਇਨ੍ਹਾਂ ਨੇ 5 ਏਕੜ ਵਾਲੇ ਨੂੰ ਮਾਫੀ ਨਹੀਂ ਦੇਣੀ ਤਾਂ $4\frac{1}{2}$ ਏਕੜ ਦੇ ਮਾਲਕ ਨੂੰ ਮਾਫ ਕਰ ਦੇਣ ਜੇਕਰ ਇਹ ਇਸ ਤਰ੍ਹਾਂ ਕਰ ਦੇਣ ਤਾਂ ਫਿਰ ਵੀ ਇਨ੍ਹਾਂ ਨੂੰ ਸ਼ਲਾਘਾ ਮਿਲੇਗੀ। ਜਾਂਦੇ ਵੇਲੇ ਸਾਰਾ ਹਾਊਸ ਇਨ੍ਹਾਂ ਨੂੰ ਵਧਾਈ ਦੇਵੇਗਾ।

ਸਰਦਾਰ ਗੁਰਚਰਨ ਸਿੰਘ (ਮੋਗਾ) : ਮੈਂ ਪਹਿਲੇ ਵੀ ਕੁਝ ਸਜੈਸ਼ਨਾਂ ਦਿਤੀਆਂ ਹਨ, ਹੁਣ ਕੁਝ ਹੋਰ ਦੇਣਾ ਚਾਹੁੰਦਾ ਹਾਂ। ਉਹ ਇਹ ਹੈ ਕਿ ਸਾਡੀ ਸਰਕਾਰ ਨੇ 50/50 ਬੇਸਿਜ਼ ਤੇ ਟ੍ਰਾਂਸਪੋਰਟ ਨੂੰ ਨੈਸ਼ਨਲਾਈਜ਼ ਕਰਨ ਦਾ ਫੈਸਲਾ ਕੀਤਾ ਹੈ। ਅਸੀਂ ਇਸ ਫੈਸਲੇ ਨੂੰ ਵੈਲਕਮ ਕਰਦੇ ਹਾਂ ਕਿਉਂ ਜੋ ਸਾਡੀ ਸਟੇਟ ਨੂੰ ਪੈਸੇ ਦੀ ਲੋੜ ਹੈ। ਇਹ ਸਟੈਂਪ ਸੋਸ਼ਲਿਜ਼ਮ ਵਲ ਵੀ ਜਾਂਦਾ ਹੈ। ਪਰ ਮੈਂ ਸਮਝਦਾ ਹਾਂ ਕਿ ਸਰਕਾਰ ਕਰਦੀ ਕੁਝ ਹੋਰ ਹੈ ਤੇ ਦਸਦੀ ਕੁਝ ਹੋਰ ਹੈ। 50:50 ਸਕੀਮ ਦੇ ਮਾਤਹਿਤ ਜਿੰਨੀ ਮਾਈਲੇਜ ਕਿਸੇ ਟ੍ਰਾਂਸਪੋਰਟਰ ਕੋਲੋਂ ਇਨ੍ਹਾਂ ਨੇ ਸਕੈਟਰਡ ਰੂਟ ਤੇ ਲਈ ਦੂਸਰੀ ਤਰਫ ਕੰਸਾਲੀਡੇਟਿਡ ਰੂਟ ਤੇ ਦੁਗਣੀ ਮਾਈਲੇਜ ਦੇ ਦਿੱਤੀ। ਕਈਆਂ ਪ੍ਰਾਈਵੇਟ ਟ੍ਰਾਂਸਪੋਰਟਰਾਂ ਨੂੰ ਇਨ੍ਹਾਂ ਨੇ ਤਿੰਨ ਤਿੰਨ ਸੌ ਮੀਲ ਲੰਮੇ ਰੂਟ ਦੇ ਦਿੱਤੇ ਹਨ,ਨਤੀਜਾ ਇਹ ਹੋਇਆ ਹੈ ਕਿ more income lesser vehicles. ਇਕ ਇਕ ਬੱਸ ਵਿਚ ਇਕ ਮਹੀਨੇ ਵਿੱਚ ਇਕ ਰੂਟ ਤੋਂ 40, 40 ਹਜ਼ਾਰ ਰੁਪਿਆ ਕਮਾਉਂਦੀ ਹੈ। ਮੈਂ ਢਿਲੋਂ ਸਾਹਿਬ ਨੂੰ ਕਹਿੰਦਾ ਹਾਂ ਕਿ ਗੌਰਮਿੰਟ ਉਨ੍ਹਾਂ ਨੂੰ ਰੂਟ ਦੇਣ ਲਈ ਬਾਊਂਡ ਨਹੀਂ ਸੀ। ਇਹ ਰੂਟ ਉਨ੍ਹਾਂ ਨੂੰ ਰਿਸ਼ਵਤ ਦੇ ਤੌਰ ਤੇ ਦਿੱਤੇ ਗਏ ਹਨ। ਮੈਂ ਅਰਜ਼ ਕਰਦਾ ਹਾਂ ਕਿ ਜਾਂ ਤਾਂ ਸਰਕਾਰ ਨੂੰ ਇਹ ਰੂਟ ਉਨ੍ਹਾਂ ਤੋਂ ਲੈ ਕੇ ਨੈਸ਼ਨੇਲਾਈਜ਼ ਕਰ ਲੈਣੇ ਚਾਹੀਦੇ ਹਨ। ਨਹੀਂ ਤਾਂ ਲੰਮੇ ਰੂਟ ਮਸਲਨ ਅੰਬਾਲੇ ਤੋਂ ਫਿਰੋਜ਼ਪੁਰ ਅਤੇ ਅੰਮ੍ਰਿਤਸਰ ਤੋਂ ਹਿਸਾਰ ਨੀਲਾਮ ਕਰਨੇ ਚਾਹੀਦੇ ਹਨ। ਜਿਹੜਾ ਵੀ ਹਾਈ ਬਿਡ ਦੇਵੇ ਉਹ ਲੈ ਜਾਵੇ।

ਕਰੋੜਾਂ ਰੁਪਏ ਆ ਸਕਦੇ ਹਨ ਜਿਹੜੇ ਕਿ ਤੁਸੀਂ ਹੁਣ ਮੁਠੀ ਭਰ—ਪੰਜ ਸਤ ਆਦਮੀਆਂ ਨੂੰ ਖਵਾਈ ਜਾਂਦੇ ਹੋ। ਉਧਰ ਸਾਡਾ ਖੂਨ ਚੂਸਦੇ ਹੋ। ਇਹ ਕੰਮ ਕਰੋ ਜਿਹੜਾ ਮੈਂ ਦਸਿਆ ਹੈ। ਉਨ੍ਹਾਂ ਨੂੰ ਬੰਦ ਕਰੋ, ਉਨ੍ਹਾਂ ਰੂਟਾਂ ਨੂੰ ਸਰਕਾਰ ਵਾਪਸ ਲੈ ਕੇ ਆਪ ਚਲਾਵੇ ਤਾਂ ਫੇਰ ਜਿਤਨੇ ਮਰਜ਼ੀ ਨੋਟਾਂ ਦੀਆਂ ਬੋਰੀਆਂ ਭਰਨਾ ਚਾਹੋ ਭਰ ਸਕਦੇ ਹੋ।

ਸਰਦਾਰ ਗੁਰਨਾਮ ਸਿੰਘ (ਰਾਇਕਟ) : ਡਿਪਟੀ ਸਪੀਕਰ ਸਾਹਿਬਾ, ਮੈਂ ਆਪਣੇ ਫਰਜ਼ ਵਿਚ ਕੋਤਾਹੀ ਕਰਾਂਗਾ ਅਗਰ ਮੈਂ ਆਪ ਨੂੰ ਮੁਬਾਰਕਬਾਦ ਨਾ ਦੇਵਾਂ ਕਿ ਆਪ ਨੇ ਕਿਸ ਸਟੈਮਿਨੇ ਨਾਲ ਔਰ ਕਿਸ ਇੰਪਾਰਸ਼ਿਏਲਿਟੀ ਦੇ ਨਾਲ ਇਸ ਹਾਊਸ ਨੂੰ 9 ਵਜੇ ਤੋਂ ਲੈ ਕੇ ਹੁਣ ਤਕ 7.30 ਵਜਣ ਵਾਲੇ ਹਨ ਚਲਾਇਆ ਹੈ । (*Thumping of desks*)

ਡਿਪਟੀ ਸਪੀਕਰ ਸਾਹਿਬਾ, ਸਾਡਾ ਵਿਧਾਨ ਜ਼ਮਹੂਰੀਅਤ ਦਾ ਵਿਧਾਨ ਹੈ । ਇਸ ਗੱਲ ਉੱਤੇ ਅਸੀਂ ਸਾਰੇ ਫਖਰ ਕਰਦੇ ਹਾਂ—ਸਾਡੇ ਨਾਲੋਂ ਵੀ ਜ਼ਿਆਦਾ ਫਖਰ ਜਿਹੜੇ ਟਰੇਜ਼ਰੀ ਬੈਂਚਿਜ਼ ਤੇ ਬੈਠੇ ਹੋਏ ਹਨ, ਉਹ ਕਰਦੇ ਹਨ ਕਿ ਸਾਨੂੰ ਲੀਡਰਾਂ ਨੇ ਇਕ ਬੜੀ ਭਾਰੀ ਕਾਨਸਟੀਚਿਊਸ਼ਨ ਦਿੱਤਾ ਹੈ, ਔਰ ਉਨ੍ਹਾਂ ਲੀਡਰਾਂ ਦਾ ਜ਼ਿਕਰ ਮੌਕੇ ਬੇਮੌਕੇ ਜ਼ਰੂਰ ਕਰਦੇ ਹਨ ਚਾਹੇ ਕਿਸੇ ਤਰੀਕੇ ਨਾਲ ਹੀ ਕਰਨਾ ਪਵੇ । ਮੈਂ ਸਮਝਦਾ ਹਾਂ ਕਿ ਜਮਹੂਰੀਅਤ ਵਿੱਚ, ਡੈਮੋਕਰੇਟਿਕ ਰਾਜ ਦੇ ਵਿੱਚ ਗੌਰਮੈਂਟ ਹਮੇਸ਼ਾ ਰੀਜ਼ਨ ਦੇ ਨਾਲ ਪਰਸੂਏਸ਼ਨ ਦੇ ਨਾਲ ਚਲਦੀ ਹੈ । ਆਪੋਜ਼ੀਸ਼ਨ ਦਾ ਫਰਜ਼ ਵੀ ਪਰਸੂਏਡ ਕਰਨਾ ਹੀ ਹੈ—ਪਰਸੂਏਡ ਕਰਕੇ ਗੌਰਮੈਂਟ ਨੂੰ ਮਨਾ ਲੈਣਾ । ਤੁਸੀਂ ਵੇਖੋ ਕਿ ਅੱਜ ਸਵੇਰੇ 9 ਵਜੇ ਤੋਂ ਲੈ ਕੇ ਹਾਊਸ ਸ਼ੁਰੂ ਹੈ । ਮੈਡਮ, ਇਕ ਮੈਂਬਰ ਵੀ—ਨਾ ਕਾਂਗਰਸ ਦੇ ਬੈਂਚਿਜ਼ ਤੋਂ ਔਰ ਨਾ ਹੀ ਇਧਰ ਦੇ ਬੈਂਚਿਜ਼ ਤੋਂ, ਇਸ ਬਿਲ ਦੇ ਹੱਕ ਵਿੱਚ ਬੋਲਿਆ ਹੈ ।

ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤ੍ਰੀ(ਕੈਪਟਨ ਰਤਨ ਸਿੰਘ): ਇਹ ਗੱਲ ਗਲਤ ਹੈ । ਬਹੁਤ ਸਾਰੇ ਹੱਕ ਵਿੱਚ ਬੋਲੇ ਹਨ । (*Interruptions*)

ਡਿਪਟੀ ਸਪੀਕਰ : ਆਰਡਰ ਪਲੀਜ਼ । ਮੇਰਾ ਕੰਮ ਵੀ ਤੁਸੀਂ ਨਾ ਕਰੋ । ਮੈਂ ਇਥੇ ਕਿਸ ਵਾਸਤੇ ਬਠੀ ਹੋਈ ਹਾਂ (Order please. The hon. Members need not perform my duty what for I am sitting here?)

ਰਾਜ ਮੰਤਰੀ (ਕੈਪਟਨ ਰਤਨ ਸਿੰਘ) : ਡਿਪਟੀ ਸਪੀਕਰ ਸਾਹਿਬਾ, ਮੇਰਾ ਕੋਈ ਇਰਾਦਾ ਨਹੀਂ ਜਸਟਿਸ ਸਾਹਿਬ ਨੂੰ ਟੋਕਣ ਦਾ । ਪਰ ਕਿਸ ਤਰ੍ਹਾਂ ਤੁਸੀਂ ਹਰ ਵੇਲੇ ਕਰਦੇ ਹੋ ਇਹ ਠੀਕ ਨਹੀਂ । ਗਲਤ ਗੱਲ ਉੱਤੇ ਤਾਂ ਬੇਸ਼ਕ ਤੁਸੀਂ ਕਿਸੇ ਨੂੰ ਰੋਕੋ ਤਾਂ ਠੀਕ ਹੈ ਲੇਕਿਨ ਸਾਨੂੰ ਜੋ ਪਾਰਲੀ-ਮੈਂਟਰੀ ਪ੍ਰੈਕਟਿਸ ਦੇ ਮੁਤਾਬਿਕ ਜਾਇਜ਼ ਗੱਲ ਕਹਿਣ ਦਾ ਹੱਕ ਹੈ ਉਸ ਬਾਰੇ ਰੋਕਣਾ ਮੁਨਾਸਬ ਨਹੀਂ । ਮੇਰਾ ਵਿੱਚ ਬੋਲਣ ਦਾ ਕੋਈ ਇਰਾਦਾ ਨਹੀਂ ਔਰ ਨਾ ਹੀ ਜਸਟਿਸ ਸਾਹਿਬ ਨੂੰ ਰੋਕਣ ਦਾ ਉਨ੍ਹਾਂ ਨੇ ਕਿਹਾ ਹੈ ਕਿ ਇਕ ਵੀ ਮੈਂਬਰ ਹੱਕ ਵਿੱਚ ਨਹੀਂ ਬੋਲਿਆ । ਮੈਂ ਕਿਹਾ ਹੈ ਕਿ ਇਹ ਗੱਲ ਗਲਤ ਹੈ; ਬਹੁਤੇ ਬੋਲੇ ਹਨ ।

ਡਿਪਟੀ ਸਪੀਕਰ : ਪੰਡਿਤ ਰਲਾ ਰਾਮ ਇਸ ਦੇ ਹੱਕ ਵਿੱਚ ਬੋਲੇ ਹਨ । (Pandit Rala Ram has supported it.)

ਸਰਦਾਰ ਗੁਰਨਾਮ ਸਿੰਘ : ਮੈਂ ਪ੍ਰੋਫੈਸਰ ਰਲਾ ਰਾਮ ਨੂੰ ਸੁਣਿਆ ਨਹੀਂ, ਮੇਰੀ ਗ਼ੈਰ ਹਾਜ਼ਰੀ ਵਿਚ ਬੋਲੇ ਹਨ । ਪਰ ਮੈਂ ਉਨ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ । ਉਨ੍ਹਾਂ ਦੀ ਤਾਂ ਉਹੀ ਮਿਸਾਲ ਹੈ—"ਨੀਮ ਦਰੂੰ ਨੀਮ ਬਰੂੰ" ਨਾ ਉਹ ਇਸ ਦੇ ਹੱਕ ਵਿੱਚ ਬੋਲੇ ਹਨ ਨਾ ਬਰਖਿਲਾਫ । ਉਨ੍ਹਾਂ ਨੇ ਕਿਹਾ ਹੈ ਕਿ ਜਿਹੜਾ ਰੁਪਿਆ ਇਕੱਠਾ ਕਰੋਗੇ ਉਹ ਕਿਸਾਨਾਂ ਨੂੰ ਦੇ ਦਿਉ । ਇਹੋ ਚੀਜ਼ ਜਿਵੇਂ ਮੈਨੂੰ ਪਤਾ ਲੱਗਾ ਹੈ, ਉਨ੍ਹਾਂ ਨੇ ਕਹੀ ਹੈ । ਸੋ, ਮੈਂ ਸਮਝਦਾ ਹਾਂ, ਕਿ ਉਹ ਵੀ ਇਸ ਬਿਲ ਦੇ ਹੱਕ ਵਿੱਚ ਨਹੀਂ ਬੋਲੇ । ਫੇਰ ਕੀ ਨਤੀਜਾ ਨਿਕਲਿਆ ? 9 ਵਜੇ ਤੋਂ ਲੈ ਕੇ ਹੁਣ ਤਕ ਹਾਊਸ ਮਜਬੂਰ ਹੋਕੇ ਬੈਠਿਆ ਹੋਇਆ ਹੈ ਔਰ ਇਸ ਵਕਤ ਦੇ ਦੌਰਾਨ ਸਾਰੇ ਮੈਂਬਰ ਇਸ ਦੇ ਬਰਖਿਲਾਫ ਬੋਲੇ ਹਨ । ਇਸ ਸਾਰੀ

[ਸਰਦਾਰ ਗੁਰਨਾਮ ਸਿੰਘ]

ਚੀਜ਼ ਨੂੰ ਸਾਹਮਣੇ ਰਖਕੇ, ਮੈਂ ਸਮਝਦਾ ਹਾਂ, ਕਿ ਕੀ ਸਰਕਾਰ ਨੂੰ ਇਸ ਗੱਲ ਤੇ ਗ਼ੌਰ ਨਹੀਂ ਕਰਨਾ ਚਾਹੀਦਾ ਕਿ ਆਇਆ ਇਹ ਡੈਮੋਕਰੇਟਿਕ ਸਰਕਾਰ ਹੈ ਜਾਂ ਆਟੋਕਰੈਟਿਕ ? ਅਗਰ ਇਹ ਵਾਕਈ ਡੈਮੋਕਰੇਟਿਕ ਸਰਕਾਰ ਹੈ ਤਾਂ ਲਾਜ਼ਮੀ ਤੌਰ ਤੇ ਇਸ ਨੂੰ ਡੈਮੋਕਰੈਟਿਕ ਕਨਵੈਨਸ਼ੰਜ਼ ਫਾਲੋ ਕਰਨੀਆਂ ਚਾਹੀਦੀਆਂ ਹਨ। ਮੈਂ ਸਮਝਦਾ ਹਾਂ ਕਿ ਸਰਕਾਰ ਦਾ ਫਰਜ਼ ਹੈ ਕਿ ਹਾਊਸ ਦੀ ਟੈਂਪਰ ਨੂੰ ਵੇਖਕੇ, ਮੈਂਬਰਾਂ ਦੀ ਮਜਮੂਈ ਰਾਏ ਨੂੰ ਵੇਖ ਕੇ ਹੁਣ ਵੀ ਇਸ ਬਿਲ ਨੂੰ ਵਿਦਡਰਾ ਕਰ ਲਏ। (*Interruptions*) ਅਸੀਂ ਸਾਰੀ ਰਾਤ ਬੈਠਣ ਨੂੰ ਤਿਆਰ ਹਾਂ। ਅਸੀਂ ਇਸ ਦੀ ਇਤਨੀ ਮੁਖਾਲਫਤ ਕਰਨਾਂ ਚਾਹੁੰਦੇ ਹਾਂ ਪਰ, ਮੈਂ ਕਹਾਂਗਾ ਕਿ ਇਸ ਸਰਕਾਰ ਨੂੰ ਆਟੋਕਰੈਟਿਕ ਨਹੀਂ ਬਨਣਾ ਚਾਹੀਦਾ। ਔਰ ਮਿਸਟਰ ਗਰਗ ਨੂੰ ਆਪਣੀ ਸੀਟ ਉੱਤੇ ਬੈਠਕੇ ਬੋਲਣਾ ਚਾਹੀਦਾ ਹੈ। ਅਗਰ ਚੀਫ ਪਾਰਲੀਮੈਂਟਰੀ ਸੈਕਟਰੀ ਦਾ ਕੰਮ ਡਿਸਟਰਬ ਕਰਨਾ ਹੀ ਹੈ,ਤਾਂ ਮੈਂ ਸਮਝਦਾ ਹਾਂ ਕਿ ਗੌਰਮੈਂਟ ਨੇ ਇਸ ਨੂੰ ਬੜੀ ਅੱਛੀ ਡਿਊਟੀ ਦਿੱਤੀ ਹੈ ਔਰ ਉਸ ਨੂੰ ਕੈਬਨਿਟ ਵਿੱਚ ਜਗ੍ਹਾ ਨਹੀਂ ਦਿੱਤੀ। ਇਸ ਬਿਲ ਬਾਰੇ, ਸਰਕਾਰ ਦਾ ਫਰਜ਼ ਹੈ ਕਿ ਹਾਊਸ ਦੀ ਟੈਂਪਰ ਨੂੰ ਜਾਂਚੇ, ਵੇਖੇ ਕਿ ਮੈਂਬਰਾਂ ਦੀ ਰਾਏ ਕੀ ਹੈ। ਆਖਿਰ ਜਮਹੂਰੀ—ਡੈਮਾਕਰੈਟਿਕ ਕਾਂਸਟੀਚਿਊਸ਼ਨ ਚਾਹੁੰਦਾ ਕੀ ਹੈ ? ਇਹੀ ਚਾਹੀਦਾ ਹੈ ਕਿ ਰਾਏ ਆਮਾ ਨੂੰ ਮੰਨੋ। (*Thumping from the opposition*) ਮਨਿਸਟਰ ਸਾਹਿਬ ਸਮਝਦੇ ਹਨ ਕਿ ਉਹ ਬੜੇ ਤਕੜੇ ਹਨ। ਠੀਕ ਹੈ ਉਹ ਬੜੇ ਤਕੜੇ ਹਨ ਮੈਂ ਉਨ੍ਹਾਂ ਦੀ ਇਜ਼ਤ ਵੀ ਕਰਦਾ ਹਾਂ। ਮਗਰ ਤਕੜੇ ਹੋਣ ਦੀ ਦਲੀਲ ਹੋਰ ਵੀ ਜ਼ਿਆਦਾ ਵਜ਼ਨਦਾਰ ਹੋਵੇ, ਜੇਕਰ ਉਹ ਲੋਕਾਂ ਦੀ ਰਾਏ ਨੂੰ ਮੰਨ ਲੈਣ। ਡੈਮੋਕਰੈਟਿਕ ਤਰੀਕਾ, ਜਮਹੂਰੀਅਤ ਦਾ ਤਰੀਕਾ ਲੋਕਾਂ ਦੀ ਰਾਏ ਨੂੰ ਮੰਨਣਾ ਹੀ ਹੁੰਦਾ ਹੈ। ਇਹ ਨਹੀਂ ਕਿ ਸੈਂਟਰ ਨੇ ਕਹਿ ਦਿੱਤਾ ਜਾਂ ਪਲੈਨਿੰਗ ਕਮੀਸ਼ਨ ਨੇ ਕਹਿ ਦਿੱਤਾ ਤਾਂ ਇਸ ਲਈ ਜ਼ਰੂਰ ਹੀ ਲੋਕਾਂ ਦੀ ਰਾਏ ਨੂੰ ਨਜ਼ਰ ਅੰਦਾਜ਼ ਕਰਕੇ ਟੈਕਸ ਲਗਾਉਣਾ ਹੈ। ਕੀ ਮੈਂ ਹਾਊਸ ਵਿੱਚ ਉਹੀ ਮਿਸਾਲ ਦੇਵਾਂ ਕਿ "ਅੰਨ੍ਹੇ ਅੱਗੇ ਰੋਣਾ, ਤੇ ਅੱਖੀਆਂ ਦਾ ਖੋਣਾ" ? ਕੀ ਇਹ ਗੱਲ, ਇਹ ਤਰੀਕਾ ਗ਼ਲਤ ਹੈ ਜਿਹੜਾ ਤੁਸਾਂ ਅਪਣਾਇਆ ਹੈ।

ਇਕ ਗੱਲ ਮੈਂ ਹੋਰ ਪੁੱਛਦਾ ਹਾਂ। 18 ਸਾਲ ਹੋ ਗਏ ਹਨ ਹਿੰਦੁਸਤਾਨ ਵਿੱਚ ਆਜ਼ਾਦੀ ਆਏ। 18 ਸਾਲਾਂ ਤੋਂ ਹਕੂਮਤ ਦੀ ਬਾਗਡੋਰ ਇਸੇ ਕਾਂਗਰਸ ਪਾਰਟੀ ਦੇ ਹੱਥ ਵਿੱਚ ਹੈ। ਮੈਂ ਇਨ੍ਹਾਂ ਕੋਲੋਂ ਪੁੱਛਦਾ ਹਾਂ ਕਿ ਉਸ ਸ਼ਖਸ ਦੀ ਜਿਹੜਾ ਪਿੰਡ ਵਿੱਚ ਰਹਿੰਦਾ ਹੈ, ਕੀ ਹਾਲਤ ਹੈ ? ਉਸ ਸ਼ਖਸ ਦੀ ਜਿਹੜਾ ਪਿੰਡ ਵਿੱਚ ਰਹਿੰਦਾ ਹੈ, ਜਿੱਥੇ ਪੰਜਾਬ ਦੀ ਆਬਾਦੀ ਦਾ 75 ਫੀ ਸਦੀ ਹਿੱਸਾ....

ਕਾਮਰੇਡ ਬਾਬੂ ਸਿੰਘ ਮਾਸਟਰ : ਆਨ ਏ ਪੁਆਇੰਟ ਆਫ ਇਨਫਰਮੇਸ਼ਨ। ਮੈਂ ਜਜ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਮੁਗ਼ਾਲਤੇ ਵਿੱਚ ਹਨ। ਇਹ ਅੰਨ੍ਹੇ ਨਹੀਂ ਬਲਕਿ ਇਹ ਕੈਬੀਨਿਟ ਮਨਿਸਟਰ ਸੈਂਟਰਲ ਗੌਰਮੰਟ ਦੇ ਕਾਣੇ ਕੀਤੇ ਹੋਏ ਹਨ।

ਡਿਪਟੀ ਸਪੀਕਰ : ਜ਼ਬਾਨ ਤਾਂ ਚੰਗੀ ਵਰਤਿਆ ਕਰੋ। (The hon. member should at least, use some dignified language.)

ਸਰਦਾਰ ਗੁਰਨਾਮ ਸਿੰਘ : ਮੈਂ ਤਾਂ, ਡਿਪਟੀ ਸਪੀਕਰ ਸਾਹਿਬਾ, ਇਕ ਮਿਸਾਲ ਦਿਤੀ ਸੀ। ਮੈਂ ਤਾਂ ਆਖਿਰ ਤਕ ਇਨ੍ਹਾਂ ਨੂੰ ਪਰਸੂਏਡ ਕਰਾਂਗਾ ਕਿ ਲੋਕਾਂ ਦੀ ਰਾਏ ਨੂੰ ਮੰਨੋ। ਉਨ੍ਹਾਂ ਦੀ ਰਾਏ ਦੀ ਕਦਰ ਕਰੋ। ਅਗਰ ਨਹੀਂ ਕਰੋਗੇ ਤਾਂ ਤੁਹਾਡੀ ਮਰਜ਼ੀ। ਸਭ ਨੂੰ ਪਤਾ ਲੱਗ ਜਾਏਗਾ ਕਿ ਤੁਸੀਂ ਡੈਮੋਕਰੈਟਿਕ ਹੋ ਜਾਂ ਆਟੋਕਰੈਟਿਕ। ਸੋ,ਮੈਂ ਇਹ ਕਹਿ ਰਿਹਾ ਸੀ ਕਿ ਤੁਸੀਂ ਦਸੋ ਕਿ ਇਨ੍ਹਾਂ 18 ਸਾਲਾਂ ਵਿੱਚ ਪਿੰਡਾਂ ਦੀ ਹਾਲਤ ਕੀ ਸੁਧਰੀ ਹੈ ? (Interruptions)

ਡਿਪਟੀ ਸਪੀਕਰ : ਮਿਹਰਬਾਨੀ ਕਰਕੇ ਹੁਣ ਇੰਟਰਪਟ ਨਾ ਕਰੋ । (*No interruption, please*).

ਸਰਦਾਰ ਗੁਰਨਾਮ ਸਿੰਘ : ਇਥੇ ਟਰੈਜ਼ਰੀ ਬੈਂਚਿਜ਼ ਉੱਤੇ ਚੌਧਰੀ ਰਿਜ਼ਕ ਰਾਮ ਬੈਠੇ ਹਨ, ਮੇਜਰ ਸਾਹਿਬ ਹਨ, ਸਰਦਾਰ ਅਜਮੇਰ ਸਿੰਘ, ਢਿਲੋਂ ਸਾਹਿਬ, ਸਰਦਾਰ ਦਰਬਾਰਾ ਸਿੰਘ, ਸਾਰੇ ਪਿੰਡਾਂ ਦੇ ਹੀ ਨੁਮਾਇੰਦੇ ਹਨ । ਇਨ੍ਹਾਂ ਤੋਂ ਪਿਛੇ ਸਰਦਾਰ ਗੁਰਮੀਤ ਸਿੰਘ, ਕੈਪਟਨ ਰਤਨ ਸਿੰਘ, ਸ੍ਰ. ਪ੍ਰੇਮ ਸਿੰਘ ਪ੍ਰੇਮ, ਸਾਰੇ ਪੇਂਡੂ ਲੋਕਾਂ ਦੇ ਰੀਟਰਨ ਕੀਤੇ ਹੋਏ ਹਨ । (*Interruptions*) ਸੋ ਮੈਂ ਇਨ੍ਹਾਂ ਪੇਂਡੂਆਂ ਦੇ ਨੁਮਾਇੰਦਿਆਂ ਕੋਲੋਂ ਪੁੱਛਦਾ ਹਾਂ ਕਿ ਪਿੰਡਾਂ ਦੀ ਕੀ ਹਾਲਤ ਹੈ ? ਇਹ ਸਾਰੇ ਅੱਛੀ ਤਰ੍ਹਾਂ ਜਾਣਦੇ ਹਨ ਕਿ ਪਿੰਡਾਂ ਦੀ ਕੀ ਹਾਲਤ ਹੈ । ਕੀ ਇਹ ਦਰੁਸਤ ਨਹੀਂ ਕਿ ਪਿੰਡਾਂ ਵਿੱਚ ਜਿਹੜਾ ਤਬਕਾ ਵਸਦਾ ਹੈ, ਇਹ ਗਰੀਬੀ ਦੇ ਹੇਠ ਬੁਰੀ ਤਰ੍ਹਾਂ ਦਬਿਆ ਹੋਇਆ ਹੈ? ਖੁਦ ਰੀਜ਼ਰਵ ਬੈਂਕ ਦੀ ਇਹ ਰਿਪੋਰਟ ਹੈ ਕਿ 75 ਫੀਸਦੀ ਪੇਂਡੂ ਤਬਕਾ ਕਰਜ਼ਿਆਂ ਨਾਲ ਦਬਿਆ ਪਿਆ ਹੈ । ਖੁਦ ਸਰਦਾਰ ਦਰਬਾਰਾ ਸਿੰਘ ਨੇ, ਜਿਸ ਵੇਲੇ ਬਿਰਲਿਆਂ ਨੂੰ ਦਿੱਤੀ ਗਈ ਜ਼ਮੀਨ ਬਾਰੇ ਬਹਿਸ ਵਿੱਚ ਹਿੱਸਾ ਲਿਆ ਤਾਂ ਉਸ ਵਕਤ ਇਸ ਗੱਲ ਨੂੰ ਕਬੂਲ ਕੀਤਾ ਕਿ ਪਿੰਡਾ ਵਿੱਚ ਅਨਇਕਾਨਿਮਕ ਹੋਲਡਿੰਗਜ਼ ਬਹੁਤ ਜ਼ਿਆਦਾ ਹਨ । ਇਸ ਵਿੱਚ ਕੋਈ ਸ਼ਕ ਨਹੀਂ ਕਿ ਇਸ ਸਟੇਟ ਵਿੱਚ 80 ਫੀਸਦੀ ਹੋਲਡਿੰਗਜ਼ ਅਨਇਕਨਾਮਿਕ ਹਨ । ਅਨਇਕਨਾਮਿਕ ਹੋਲਡਿੰਗਜ਼ ਹੋਣ, ਪਿੰਡਾਂ ਵਿੱਚ ਅੱਤ ਦੀ ਪਾਵਰਟੀ ਹੋਵੇ, ਉਥੋਂ ਦੇ ਲੋਕ ਕਰਜ਼ੇ ਦੇ ਥੱਲੇ ਦੱਬੇ ਹੋਏ ਹੋਣ, ਚਾਰ-ਚਾਰ ਪੰਜ-ਪੰਜ ਏਕੜ ਦੇ ਫਾਰਮ ਹੋਣ, ਉਨ੍ਹਾਂ ਨੂੰ ਕਰਜ਼ਾ ਵੀ ਕੋਆਪਰੇਟਿਵ ਬੈਂਕ ਤੋਂ 9 ਫੀ ਸਦੀ ਸੂਦ ਉੱਤੇ ਮਿਲੇ ਜਦਕਿ ਸ਼ਹਿਰਾਂ ਵਿੱਚ ਇੰਡਸਟਰੀਜ਼ ਵਾਸਤੇ 4 ਫੀ ਸਦੀ ਇੰਟਰੈਸਟ ਉੱਤੇ ਮਿਲਦਾ ਹੈ, ਤਾਂ ਇਨ੍ਹਾਂ ਹਾਲਾਤ ਵਿੱਚ ਅਜਿਹੇ ਬਿਲ ਲਿਆਂਦੇ ਜਾਣ ਤਾਂ ਇਸ ਤੋਂ ਪਤਾ ਲੱਗਦਾ ਹੈ ਕਿ ਸਾਡੀ ਇਹ ਸਰਕਾਰ ਪੇਂਡੂਆਂ ਦੀ ਕਿਤਨੀ ਕੁ ਹਮਦਰਦ ਹੈ, ਇਹ ਸਰਕਾਰ ਕਿਤਨਾ ਕੁ ਸੋਸ਼ਲਿਜ਼ਮ ਵਲ ਜਾ ਰਹੀ ਹੈ । ਕੀ ਸੋਸ਼ਲਿਜ਼ਮ ਦਾ ਮਤਲਬ ਗਰੀਬੀ ਵੰਡਣਾ ਹੀ ਹੈ । ਮੈਂ ਸਮਝਦਾ ਹਾਂ ਕਿ ਸੋਸ਼ਲਿਜ਼ਮ ਦਾ ਮਤਲਬ ਇਹ ਹੈ ਕਿ ਸਾਰੇ ਮੀਨਜ਼ ਆਫ ਪ੍ਰੋਡਕਸ਼ਨ ਐਂਡ ਡਿਸਟਰੀਬੀਊਸ਼ਨ ਸਰਕਾਰ ਦੇ ਕੋਲ ਹੋਣ ਔਰ ਸਰਕਾਰ ਇਹ ਵੇਖੇ ਕਿ ਕੋਈ ਇਕ ਤਬਕਾ ਦੂਜੇ ਤਬਕੇ ਉਪਰ ਡਾਮੀਨੇਟ ਤਾਂ ਨਹੀਂ ਕਰਦਾ ।

Deputy Speaker : Kindly wind up.

ਸਰਦਾਰ ਗੁਰਨਾਮ ਸਿੰਘ : ਮੈਨੂੰ ਤਾਂ ਜਿਸ ਵਕਤ ਤੁਸੀਂ ਹੁਕਮ ਕਰੋਗੇ ਬੈਠ ਜਾਵਾਂਗਾ । ਮੈਂ ਜਲਦੀ ਹੀ ਖਤਮ ਕਰ ਦਿੰਦਾ ਹਾਂ । ਸੋ ਮੈਂ ਇਹ ਕਹਿ ਰਿਹਾ ਸੀ ਕਿ ਇਸ ਸਰਕਾਰ ਨੇ ਆਪਣੀ ਸਟੇਟ ਵਿੱਚ ਇਸ ਕਦਰ ਗਰੀਬੀ ਵੰਡੀ ਕਿ ਪੰਜਾਬ ਵਿੱਚ ਗਰੀਬੀ ਦਾ ਕੰਪਲੀਟ ਸੋਸਲਿਜ਼ਮ ਆ ਗਿਆ ਸਿਵਾਏ ਇਕ ਛੋਟੇ ਜਿਹੇ ਤਬਕੇ ਦੇ ਜਿਸ ਨੂੰ ਇਨ੍ਹਾਂ ਨੇ ਪ੍ਰੀਜ਼ਰਵ ਕਰ ਲਿਆ । ਉਹ ਤਬਕਾ ਕਿਉਂ ਪ੍ਰੀਜ਼ਰਵ ਕੀਤਾ ? ਇਸ ਵਾਸਤੇ ਕਿ ਇਸ ਤਬਕੇ ਦੇ ਜ਼ਰੀਏ ਫੰਡਜ਼ ਇਕੱਠੇ ਕਰਕੇ ਆਪਣੇ ਆਪ ਨੂੰ ਤਾਕਤ ਵਿੱਚ ਰਖਿਆ ਜਾਵੇ । ਇਸ ਦੇ ਉਲਟ ਜਿਸ ਤਬਕੇ ਨੂੰ ਉਪਰ ਚੁਕਣਾ ਚਾਹੀਦਾ ਸੀ, ਉਸ ਨੂੰ ਤਬਾਹੀ ਦੇ ਰਸਤੇ ਤੇ ਤੋਰ ਦਿੱਤਾ ।

ਮਿਸਾਲ ਦਿੰਦੇ ਹਨ ਕਿ ਯੂ. ਪੀ. ਨੇ ਬਹੁਤੇ ਟੈਕਸ ਲਗਾਏ ਹੋਏ ਹਨ, ਪਰ ਇਹ ਨਹੀਂ ਸੋਚਦੇ ਕਿ ਯੂ. ਪੀ. ਵਿੱਚ ਕਣਕ 42 ਰੁਪਏ ਮਨ ਵਿਕਦੀ ਹੈ ਜਿਹੜੀ ਸਾਡੇ ਪੰਜਾਬ ਵਿੱਚ 20 ਰੁਪਏ ਵਿਕਦੀ ਹੈ । ਇਸ ਲਈ ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਇਹ ਜ਼ੋਨਜ਼ ਤੋੜ ਦੇਣ ਲਈ ਸੈਂਟਰਲ ਗੌਰਮਿੰਟ ਨਾਲ ਲੜੇ ਔਰ ਕਹੇ ਕਿ ਸਾਡੀ ਜਿਨਸ ਨੂੰ ਉਹ ਬਾਹਰ ਜਾਣ ਦੇਣ । ਜੇ ਸਾਡੀ ਕਣਕ ਵੀ 40 ਜਾਂ 45 ਰੁਪਏ ਮਣ ਵਿਕੇਗੀ ਤਾਂ ਅਸੀਂ ਵੀ ਇਸ ਨੂੰ ਕਹਾਂਗੇ ਕਿ ਬੇਸ਼ਕ ਸੈੱਸ ਲਗਾ ਲਓ । ਜੋ ਜ਼ਿਮੀਂਦਾਰ ਸ੍ਰੀ ਰਾਮ ਪ੍ਰਤਾਪ ਗਰਗ ਵਰਗੇ ਬੈਠੇ ਨੇ......

ਚੀਫ ਪਾਰਲੀਮੈਂਟਰੀ ਸੈਕਰੇਟਰੀ : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਸੈੱਸ ਤਾਂ ਗੰਨੇ ਮਰਚਾਂ ਤੇ ਕਪਾਹ ਤੇ ਲਗਾਇਆ ਜਾ ਰਿਹਾ ਹੈ ਪਰ ਸਰਦਾਰ ਗੁਰਨਾਮ ਸਿੰਘ ਕਣਕ ਦੀਆਂ ਗੱਲਾਂ ਪਏ ਕਰਦੇ ਹਨ। ਕੀ ਇਹ ਇਸ ਤਰ੍ਹਾਂ ਕਰ ਸਕਦੇ ਹਨ ?

श्री सुरेन्द्र नाथ गौतम : ग्रान ए प्वायंट ग्राफ ग्रार्डर, मैडम। सरदार गुरनाम सिंह के साथ लिहाज़ हो रहा है। उन को इस बिल पर पहले एक बार ग्राप ने टाईम दिया था, फिर दूसरी बार दिया। फिर एक घंटा भर फिर दिया ग्रौर ग्रब वह फिर बोल रहे हैं। ग्रौर दूसरी तरफ हालत यह है कि हम बार बार खड़े होते ग्रौर ग्राप हमें वक्त नहीं दे रहीं। हम सारा दिन यहां पर भूखे बैठे हुए हैं।

Deputy Speaker : Order, Order. Will you take your seat please?

ਸਰਦਾਰ ਗੁਰਨਾਮ ਸਿੰਘ : ਡਿਪਟੀ ਸਪੀਕਰ ਸਾਹਿਬਾ, ਜਿਹੜੇ ਆਨਰੇਬਲ ਮੈਂਬਰਾਂ ਨੂੰ ਭੁਖ ਲੱਗੀ ਹੋਵੇ ਉਹ ਘਰ ਚਲੇ ਜਾਣ, ਉਨ੍ਹਾਂ ਨੂੰ ਕੋਈ ਮਜਬੂਰ ਨਹੀਂ ਕਰ ਰਿਹਾ। ਉਨ੍ਹਾਂ ਨੂੰ ਇਹ ਗੱਲ ਦਿਲੋਂ ਕੱਢ ਦੇਣੀ ਚਾਹੀਦੀ ਹੈ ਕਿ ਡਿਪਟੀ ਸਪੀਕਰ ਸਾਹਿਬਾ ਨੇ ਜੇ ਅੱਗੇ ਚਾਹ ਦਿੱਤੀ ਹੈ ਤਾਂ ਖਾਣਾ ਵੀ ਉਨ੍ਹਾਂ ਨੇ ਦੇਣਾ ਹੈ। (ਹਾਸਾ) ਮੈਂ ਅਰਜ਼ ਕਰ ਰਿਹਾ ਸੀ ਕਿ ਜ਼ੋਨਲ ਸਿਸਟਮ ਨੂੰ ਖਤਮ ਕਰਨਾ ਚਾਹੀਦਾ ਹੈ। ਇਨ੍ਹਾਂ ਇਕੋਨਾਮਿਕ ਜ਼ੋਨਾ ਨੂੰ ਖਤਮ ਕਰ ਕੇ ਕੁਝ ਤਾਂ ਕਿਸਾਨਾਂ ਨੂੰ ਫਾਇਦਾ ਪਹੁੰਚਣ ਦਿਓ। ਇਹ ਠੀਕ ਹੈ ਕਿ ਜਿਹੜਾ ਗਰੀਬ ਤਬਕਾ ਹੈ ਉਹ ਅਨਾਜ ਦੀਆਂ ਵਾਧੂ ਕੀਮਤਾਂ ਬਰਦਾਸ਼ਤ ਨਹੀਂ ਕਰ ਸਕਦਾ। ਇਸ ਲਈ ਜਿਹੜੇ ਇਤਨੀਆਂ ਕੀਮਤਾਂ ਬਰਦਾਸ਼ਤ ਨਹੀਂ ਕਰ ਸਕਦੇ ਉਨ੍ਹਾਂ ਨੂੰ ਸਰਕਾਰ ਸਬਸੀਡਾਈਜ਼ ਕਰ ਕੇ ਦੇਵੇ।

ਦੂਜੀ ਚੀਜ਼ ਸਰਕਾਰ ਨੂੰ ਮੈਂ ਇਹ ਕਹਿੰਦਾ ਹਾਂ ਕਿ ਜੋ ਇਸ ਦਾ ਵੇਸਟਫੁਲ ਐਕਸਪੈਂਡੀਚਰ ਹੈ ਉਸ ਨੂੰ ਘਟ ਕਰਨਾ ਚਾਹੀਦਾ ਹੈ। ਇਸ ਦੇ ਮੁਤੱਲਿਕ ਸਾਡੀ ਸਰਵਿਸਿਜ਼ ਵਿੱਚ ਜਿਹੜੇ ਆਈ. ਸੀ. ਐਸ. ਔਰ ਆਈ. ਏ. ਐਸ. ਅਫਸਰ ਹਨ, ਉਨ੍ਹਾਂ ਨੇ ਇਕ ਸਟੇਟਮੈਂਟ ਵੀ ਦਿੱਤਾ ਹੈ। ਔਰ ਉਸ ਵਿੱਚ ਉਨ੍ਹਾਂ ਦਸਿਆ ਹੈ ਕਿ ਬਹੁਤ ਸਾਰੇ ਕਾਡਰਜ਼ ਵਿੱਚ ਰੀਡਕਸ਼ਨ ਕਰਕੇ ਰੁਪਿਆ ਬਚਾਇਆ ਜਾ ਸਕਦਾ ਹੈ। ਇਹ ਤਾਂ ਮੇਜਰ ਸਾਹਿਬ ਵਾਲੀ ਗੱਲ ਹੋ ਰਹੀ ਹੈ। ਜਿਸ ਤਰ੍ਹਾਂ ਉਨ੍ਹਾਂ ਦਸਿਆ ਸੀ ਕਿ ਸੌ ਰੁਪਏ ਦਾ ਬੈਲ ਸੀ ਤੇ ਉਸ ਦੇ ਲਭਣ ਲਈ ਸਵਾ ਸੌ ਰੁਪਏ ਦੀ ਸੁਖਣਾ ਸੁਖੀ ਸੀ। ਔਰ 73 ਲੱਖ ਵਸੂਲ ਕਰਦੇ ਕਰਦੇ ਇਹ ਹੁਣ 40 ਲੱਖ ਤੇ ਆ ਗਏ ਹਨ। ਇਹ ਗ਼ਲਤ ਚੀਜ਼ ਹੈ। ਮੈਂ ਲੀਡਰ ਆਫ ਦੀ ਹਾਊਸ ਨੂੰ ਅਪੀਲ ਕਰਾਂਗਾ ਕਿਉਂਕਿ ਇਨ੍ਹਾਂ ਆਪਣੀ ਪਾਰਟੀ ਤੇ ਵਿਪ ਲਾਇਆ ਸੀ, ਸ਼ਾਇਦ ਇਸ ਕਿਸਮ ਦਾ ਵਿਪ ਸੀ ਕਿ ਜੋ ਜੀ ਕਰਦਾ ਹੈ ਬੋਲੀ ਜਾਓ ਪਰ ਵੋਟ ਇਸ ਬਿਲ ਦੇ ਹੱਕ ਵਿੱਚ ਦਿਓ, ਕਿ ਉਨ੍ਹਾਂ ਨੂੰ ਕਮ-ਅਜ਼-ਕਮ ਆਪਣੀ ਪਾਰਟੀ ਦੇ ਮੈਂਬਰਾਂ ਦੀ ਰਾਏ ਦਾ ਤਾਂ ਪਤਾ ਲਗ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਚੰਗੀ ਗੱਲ ਹੋਈ ਹੈ। ਮੈਂ ਉਨ੍ਹਾਂ ਨੂੰ ਦਸਦਾ ਹਾਂ ਕਿ ਇਹ ਭਾਵ ਸਾਰੇ ਹਾਊਸ ਦੇ ਹਨ......(ਚੌਧਰੀ ਨੇਤ ਰਾਮ ਦੀ ਤਰਫੋਂ ਵਿਘਨ) ਮੈਂ ਅਰਜ਼ ਕਰ ਰਿਹਾ ਹਾਂ ਕਿ ਇਹ ਮੰਗ ਸਾਰੇ ਹਾਊਸ ਦੀ ਹੈ ਕਿ ਇਸ ਬਿਲ ਨੂੰ ਵਾਪਸ ਲੈ ਲਓ। ਇਸ ਲਈ ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਜੇਕਰ ਉਨ੍ਹਾਂ ਦੇ ਮਨ ਵਿੱਚ ਹਾਊਸ ਲਈ ਕੋਈ ਇਜ਼ਤ ਹੈ, ਜਾਂ ਮੈਂਬਰਾਂ ਦੀ ਕੋਈ ਇਜ਼ਤ ਹੈ, ਤਾਂ ਉਹ ਹੁਣ ਵੀ ਇਸ ਬਿਲ ਨੂੰ ਵਾਪਸ ਲੈ ਲੈਣ।

PERSONAL EXPLANATION BY THE CHIEF PARLIAMENTARY SECRETARY

ਸ਼੍ਰੀ ਰਾਮ ਪਰਤਾਪ ਗਰਗ (ਚੀਫ ਪਾਰਲੀਮੈਂਟਰੀ ਸੈਕਰੇਟਰੀ) : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਮੈਡਮ। ਡਿਪਟੀ ਸਪੀਕਰ ਸਾਹਿਬਾ, ਮੇਰਾ ਇਸ ਬਿਲ ਤੇ ਬੋਲਣ ਦਾ

ਇਰਾਦਾ ਬਿਲਕੁਲ ਨਹੀਂ ਸੀ ਲੇਕਿਨ ਜਦੋਂ ਮੈਂ ਜਜ ਸਾਹਿਬ, ਚੌਧਰੀ ਦੇਵੀ ਲਾਲ ਔਰ ਬਾਬੂ ਬਚਨ ਸਿੰਘ ਦੀਆਂ ਸਪੀਚਾਂ ਨੂੰ ਸੁਣਿਆ ਤਾਂ ਮੈਨੂੰ ਪਾਰਟੀਸ਼ਨ ਤੋਂ ਪਹਿਲੇ ਦੀ ਮਨਿਸਟਰੀ ਦਾ ਮਾਹੌਲ ਯਾਦ ਆ ਗਿਆ ਜਦੋਂ ਸਰ ਛੋਟੂ ਰਾਮ ਤੇ ਸਰ ਸਿਕੰਦਰ ਹਯਾਤ ਦੀ ਮਨਿਸਟਰੀ ਸੀ ਜਦੋਂ ਪੇਂਡੂਆਂ ਦਾ ਨਾਂ ਲੈ ਲੈ ਕੇ ਗੱਲਾਂ ਕੀਤੀਆਂ ਜਾਂਦੀਆਂ ਸਨ । ਉਸੇ ਤਰ੍ਹਾਂ ਅੱਜ ਜਜ ਸਾਹਿਬ ਨੇ ਜੋ ਤਕਰੀਰ ਕੀਤੀ ਹੈ ਉਹ ਇਨ੍ਹਾਂ ਦੀ ਬੜੀ ਤੰਗਦਿਲੀ ਦੀ ਔਰ ਸੈਕਰੇਟੇਰੀਅਨ ਸਪੀਚ ਸੀ । ਇਸ ਤਰ੍ਹਾਂ ਦੀ ਤੰਗਦਿਲੀ ਦੀ ਔਰ ਸੈਕਰੇਟੇਰੀਅਨ ਸਪੀਚ ਮੈਂ ਇਨ੍ਹਾਂ ਕੋਲੋਂ ਅੱਜ ਤਕ ਨਹੀਂ ਸੁਣੀ ਸੀ ਜਿਤਨੀ ਕਿ ਇਨ੍ਹਾਂ ਅੱਜ ਇਸ ਬਿਲ ਤੇ ਕੀਤੀ ਹੈ। ਮੈਂ ਇਨ੍ਹਾਂ ਦੀ ਪੇਂਡੂ ਦੀ ਡੈਫੀਨੀਸ਼ਨ ਸੁਣ ਕੇ ਹੈਰਾਨ ਹੋਇਆ ਹਾਂ। ਇਹ ਗਰੀਬ ਹਰੀਜਨਾਂ ਨੂੰ ਪੇਂਡੂ ਨਹੀਂ ਸਮਝਦੇ ਔਰ ਨਾ ਹੀ ਪਿੰਡਾਂ ਵਿੱਚ ਰਹਿਣ ਵਾਲੇ ਹਿੰਦੂਆਂ ਨੂੰ ਜਿਹੜੇ ਆਪ ਖੇਤੀ ਕਰਦੇ ਹਨ ਉਨ੍ਹਾਂ ਨੂੰ ਹੀ ਪੇਂਡੂ ਸਮਝਦੇ ਹਨ । ਇਹ ਤਾਂ ਸਿਰਫ ਉਸ ਨੂੰ ਹੀ ਪੇਂਡੂ ਸਮਝਦੇ ਹਨ ਜਿਹੜਾ ਜਟ ਬਿਸਵੇਦਾਰ ਹੋਵੇ ਔਰ ਗਰੀਬ ਜਟ ਨੂੰ ਵੀ ਪੇਂਡੂ ਨਹੀਂ ਸਮਝਦੇ । (ਚੌਧਰੀ ਨੇਤ ਰਾਮ ਦੀ ਤਰਫੋਂ ਵਿਘਨ) ਸਵਾਲ ਤਾਂ ਹਾਊਸ ਦੇ ਸਾਹਮਣੇ ਸੈੱਸ ਟੈਕਸ ਦਾ ਸੀ ਪਰ ਜਜ ਸਾਹਿਬ ਨੇ......

ਡਿਪਟੀ ਸਪੀਕਰ : ਤੁਸੀਂ ਕੀ ਪਰਸਨਲ ਐਕਸਪਲੇਨੇਸ਼ਨ ਦੇਣ ਵਾਸਤੇ ਖੜ੍ਹੇ ਹੋਏ ਹੋ ਜਾਂ ਜੋ ਜਜ ਸਾਹਿਬ ਨੇ ਕਿਹਾ ਹੈ ਉਸ ਦਾ ਜਵਾਬ ਦੇਣ ਵਾਸਤੇ ਖੜ੍ਹੇ ਹੋਏ ਹੋ ? (Has the Chief Parliamentary Secretary risen to give his personal explanation or to reply to what the hon. Member, Sardar Gurnam Singh, has said?)

ਚੀਫ ਪਾਰਲੀਮੈਂਟਰੀ ਸੈਕਰੇਟਰੀ : ਇਨ੍ਹਾਂ ਨੇ ਕਿਹਾ ਹੈ ਕਿ ਯੂ. ਪੀ. ਵਿੱਚ ਕਣਕ 42 ਰੁਪਏ ਮਣ ਹੈ ......

ਸਰਦਾਰ ਗੁਰਨਾਮ ਸਿੰਘ : ਡਿਪਟੀ ਸਪੀਕਰ ਸਾਹਿਬਾ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੀ ਯੂ.ਪੀ. ਵਿੱਚ ਦੁਕਾਨ ਹੈ ਜੋ ਇਹ ਇਸ ਬਾਰੇ ਪਰਸਨਲ ਐਕਸਪਲੇਨੇਸ਼ਨ ਦੇਣ ਲਈ ਖੜ੍ਹੇ ਹੋਏ ਹਨ ?

Deputy Speaker : Please let him say.

